# ਢਾਹਵਾਂ ਦਿੱਲੀ ਦੇ ਕਿੰਗਰੇ..

(ਸਾਹਿਤ ਅਕਾਦਮੀ ਐਵਾਰਡ ਜੇਤੂ ਨਾਵਲ)

## ਲੇਖਕ ਦੀਆਂ ਹੋਰ ਰਚਨਾਵਾਂ

**ਕਹਾਣੀ ਸੰਗ੍ਰਿਹ:**
ਗਿੱਲੀਆਂ ਛਿਟੀਆਂ ਦੀ ਅੱਗ (1977)
ਚਿੜੀਆਂ ਖਾਨਾ (1979)
ਹਵੇਲੀ ਛਾਵੇਂ ਖੜ੍ਹਾ ਰੱਬ (1982)
ਸਵੇਰੇ ਦੀ ਲੋਅ (1989)
ਝੱਖੜ ਤੇ ਪਰਿੰਦੇ (1993)
ਸ਼੍ਰੇਸ਼ਟ ਕਹਾਣੀਆਂ (ਟੀ. ਆਰ. ਵਿਨੋਦ) (1995)
ਪਲੇਟਫਾਰਮ ਨੰ: 11 (ਹਿੰਦੀ) (1996)
ਮਿੱਟੀ ਰੁਦਨ ਕਰੇ (1998)
ਨਾਗਵਲ (ਸੰਪਾ: ਵਿਰਸਾ ਸਿੰਘ) (1998)
ਹਨੇਰੇ-ਸਵੇਰੇ (2001)
ਦਿੱਸਹੱਦਿਆਂ ਤੋਂ ਪਾਰ (2005)
ਜਿੰਦਗੀ ਦੇ ਰੰਗ (ਚੋਣਵੀਆਂ ਕਹਾਣੀਆਂ) (2006)

**ਨਾਵਲ:**
ਦੂਸਰਾ ਹੀਰੋਸ਼ੀਮਾ (1977/87/93/96 )
ਕੱਲਰੀ ਧਰਤੀ (1980/90)
ਸੂਲੀ ਟੰਗੇ ਪਹਿਰ (1986
ਕੱਚੀਆਂ ਕੰਧਾਂ (1991
ਜੀ. ਟੀ. ਰੋਡ (1992
ਲਾਲ ਬੱਤੀ (1998, 1998, 1999)
ਲਾਲ ਬੱਤੀ (ਹਿੰਦੀ) 2006
ਲਾਲ ਬੱਤੀ (ਸ਼ਾਹ ਮੁਖੀ) 2007
ਅੰਨਦਾਤਾ (2002)
ਪੰਜਵਾਂ ਸਾਹਿਬਜ਼ਾਦਾ (2005)
ਸਤਲੁਜ ਵਹਿੰਦਾ ਰਿਹਾ (2007)

**ਵਿਸ਼ੇਸ਼ ਕਥਾ ਲੇਖ** :
ਸੜਕਨਾਮਾ-1 (1986-1990)
ਸੜਕਾਂ ਦੇ ਜਾਏ (ਸੜਕਨਾਮਾ-2) 1991
ਸੜਕਾਂ ਤੇ ਸਲੀਬਾਂ (ਸੜਕਨਾਮਾ-3) 1999
ਸੜਕਨਾਮਾ (ਤਿੰਨੋ ਭਾਗ ਇੱਕ ਸਾਥ)

**ਨਾਟਕ:**
ਸੋਨੇ ਦਾ ਹਿਰਨ (1991)
ਧੀਆਂ ਵਾਲੇ ਪੁੱਤਾਂ ਵਾਲੇ (1992)
ਮਿੱਟੀ ਰੁਦਨ ਕਰੇ (1999)
ਇਹ ਸਿਲਸਲਾ ਚਲਦਾ ਰਹੇਗਾ (2003)
ਬਿਨਸੈ ਉਪਜੈ ਤੇਰਾ ਭਾਣਾ (2003)
ਕੀ ਕੀ ਰੰਗ ਵਿਖਾਵੇ ਮਿੱਟੀ (2003)
ਕੱਠਪੁਤਲੀਆਂ (ਪ੍ਰੈਸ ਵਿਚ)
ਸਾਵਧਾਨ! ਅੱਗੇ ਖਤਰਾ ਹੈ (2006)
ਪਰਖ ਦੀ ਘੜੀ (ਪ੍ਰੈਸ ਵਿਚ)

**ਬਾਲ ਸਾਹਿਤ :**
ਕਲਕੱਤਾ ਦੀ ਸੈਰ (1980)
ਇਕ ਸੀ ਪਰੀ (1990)
ਰੇਲ ਗੱਡੀ(1991)
ਤਾਏ ਦੀਆਂ ਭੂਤਾਂ (2004)
ਮੋਠੂ ਦੇ ਘੁੰਗਰੂ (ਨਾਵਲ)(ਪ੍ਰੈਸ ਵਿਚ)

**ਸੰਪਾਦਨਾ :**
ਪੂਰਬ ਦੀਆਂ ਕਿਰਨਾਂ (1977)
ਵਾਰਤਾਲਾਪ (ਮੁਲਾਕਾਤਾਂ) 2001
ਮੋਗਾ ਜ਼ਿਲ੍ਹਾ ਦਾ ਸਾਹਿਤਕ ਮੁਹਾਂਦਰਾ (2002)

**ਸਾਹਿਤਕ ਸਵੈ-ਜੀਵਨੀ :**
ਹਮ ਹੈਂ ਗਿਆਨਹੀਨ ਅਗਿਆਨੀ 2001

**ਸਫਰਨਾਮਾ:**
ਇਹ ਸੜਕਨਾਮਾ ਨਹੀਂ
ਮੋਗਾ ਸਿੰਘਾਪੁਰ ਵਾਇਆ ਚੀਨ (2005)
ਮੈਂ ਏਵੇਂ ਵੇਖਿਆ ਪਾਕਿਸਤਾਨ (2007)

**ਪ੍ਰੈਸ ਵਿਚ:**
ਸੰਪਰਦਾਇਕ ਸਮੱਸਿਆ (ਅਨੁਵਾਦ) ਨੈਸ਼ਨਲ ਬੁੱਕ ਟਰੱਸਟ ਇੰਡੀਆ
ਕੱਚੇ ਰਾਹ ਪੱਕੀ ਮਹਿਕ (ਸਾਹਿਤਕ ਸਵੈ-ਜੀਵਨੀ) ਪੰਜਾਬੀ ਯੂਨੀਵਰਸਿਟੀ, ਪਟਿਆਲਾ
ਅੰਨਦਾਤਾ (ਹਿੰਦੀ) ਗਿਆਨ ਪੀਠ ਸੰਸਥਾ ਦਿੱਲੀ
ਅੰਨਦਾਤਾ (ਅੰਗਰੇਜ਼ੀ)ਪੰਜਾਬੀ ਯੂਨੀ: ਪਟਿਆਲਾ

# ਢਾਹਵਾਂ ਦਿੱਲੀ ਦੇ ਕਿੰਗਰੇ..

– ਨਾਵਲ –

**ਬਲਦੇਵ ਸਿੰਘ**

*Fiction / Novel / Punjab Legends / Punjab during Mughals*

**Dhaawaan Dilli De Kingrey**

*A novel on Dulla Bhatti*

*By*

**Baldev Singh**
19/374 Krishna Nagar, Moga-142001 (Pb)
Ph. 01636-222686, Mob.98147-83069
Email: sadaknama@gmail.com

2009
Second Edition: 2012

Published by Lokgeet Parkashan
S.C.O. 26-27, Sector 34 A, Chandigarh-160022
India
Ph.0172-5077427, 5077428
Punjabi Bhawan Ludhiana, 98154-71219
Type Setting & Design PCIS
Printed & bound at Unistar Books (Printing Unit)
11-A, Industrial Area, Phase-2, Chandigarh (India)
98154-71219

*© 2009*
*Produced and bound in India*

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

## ਸਮਰਪਣ

ਡਾ. ਟੀ. ਆਰ. ਵਿਨੋਦ

ਅਤੇ

ਕਾ. ਸੁਰਜੀਤ ਗਿੱਲ (ਘੋਲੀਆ) ਨੂੰ

ਜਿਨ੍ਹਾਂ ਨੇ ਸਦਾ ਸਾਹਿਤਕ ਕਾਰਜ ਵਿਚ

ਮੇਰੀ ਅਗਵਾਈ ਕੀਤੀ।

...........

ਅਮਰੀਕਾ ਵਸਦੇ, ਦੁੱਲਾ ਭੱਟੀ ਦੇ ਸੁਭਾਅ ਵਰਗੇ ਮਿੱਤਰ

ਅਤੇ ਮੇਰੀਆਂ ਰਚਨਾਵਾਂ ਦੇ ਪ੍ਰਸੰਸਕ,

ਕੁਲਦੀਪ ਤੱਖਰ ਨੂੰ।

ਲੋਕ ਨਾਇਕ, ਦੁੱਲਾ ਭੱਟੀ ਦੇ ਨਾਇਕਤਵ ਨੂੰ ਉਭਾਰਦੀ ਇਕ ਅਮਰ ਦੰਦ ਕਥਾ/ ਇਤਿਹਾਸਕ ਗਾਥਾ :—

ਸੁੰਦਰ ਮੁੰਦਰੀਏ, ਹੋ
ਤੇਰਾ ਕੌਣ ਵਿਚਾਰਾ, ਹੋ
ਦੁੱਲਾ ਭੱਟੀ ਵਾਲਾ, ਹੋ
ਦੁੱਲੇ ਦੀ ਧੀ ਵਿਆਹੀ, ਹੋ
ਸੇਰ ਸ਼ੱਕਰ ਪਾਈ, ਹੋ
ਕੁੜੀ ਦੇ ਬੋਝੇ ਪਾਈ, ਹੋ
ਕੁੜੀ ਦਾ ਲਾਲ ਪਟਾਕਾ, ਹੋ
ਕੁੜੀ ਦਾ ਸਾਲੂ ਪਾਟਾ, ਹੋ
ਸਾਲੂ ਕੌਣ ਸਮੇਟੇ, ਹੋ
ਚਾਚਾ ਗਾਲੀ ਦੇਸੇ, ਹੋ
ਚਾਚੇ ਚੂਰੀ ਕੁੱਟੀ, ਹੋ
ਜ਼ਿਮੀਂਦਾਰਾਂ ਲੁੱਟੀ, ਹੋ
ਜ਼ਿਮੀਦਾਰ ਸਦਾਏ, ਹੋ
ਗਿਣ ਗਿਣ ਪੌਲੇ ਲਾਏ, ਹੋ।

(ਲੋਕ-ਗੀਤ)

## ਲੋਕ-ਵਾਰ

ਸੰਨ 1973 ਵਿਚ ਪਾਕਿਸਤਾਨ ਦੇ ਅਦੀਬ ਅਹਿਮਦ ਸਲੀਮ ਹੋਰਾਂ, ਗਮੰਤਰੀ ਗ਼ੁਲਾਮ ਮੁਹੰਮਦ ਰੁਲੀਆਂ ਪਾਸੋਂ, ਮੂੰਹੋਂ ਮੂੰਹ ਤੁਰੀ ਆਉਂਦੀ, ਦੁੱਲੇ ਭੱਟੀ ਦੀ ਵਾਰ ਨੂੰ, ਪਹਿਲੀ ਵਾਰ ਰੀਕਾਰਡ ਕੀਤਾ।

**ਵਾਰ ਦੇ ਕੁਝ ਅੰਸ਼:**

ਉਠ ਓ ਦਾਦੂ ਡੋਗਰਾ, ਮਾਂ ਲੱਧੀ ਨੂੰ ਘਰ ਘੱਲ।
ਮੈਨੂੰ ਕੋਈ ਨੀ ਦਿਸਦਾ ਸੂਰਮਾ, ਆਵੇ ਦੁੱਲੇ ਜਵਾਨ ਤੇ ਚੱਲ।
ਵਲ ਵਲ ਮਾਰਾਂ ਮੁਗਲਾਂ ਦੀਆਂ ਢਾਣੀਆਂ, ਦੇਵਾਂ ਪੂਰਾਂ ਦੇ ਪੂਰ ਉਥੱਲ।
ਮੈਂ ਬੱਦਲ ਬਣਾ ਦਿਆਂ ਧੂੜ ਦੇ, ਕੂਟੀਂ ਅਮਰ ਤਰਥੱਲ।
ਮੈਂ ਮਾਰ ਦਿਆਂ ਬੱਗੇ ਸ਼ੇਰ ਨੂੰ, ਉਹਦੀ ਹੇਠ ਵਿਛਾਵਾਂ ਖੱਲ।
ਮੈਂ ਚੜ੍ਹਕੇ ਘੋੜਾ ਫੇਰ ਲਾਂ, ਮੇਰੀ ਜੱਗ ਤੇ ਰਹਿ ਜਾਊ ਗੱਲ।
ਕੌਣ ਕਮੀਨਾ ਬਾਦਸ਼ਾਹ, ਆਵੇ ਦੁੱਲੇ ਜਵਾਨ ਤੇ ਚੱਲ।

* * * *

ਦੁੱਲਾ ਮੁੱਖ ਤੋਂ ਬੋਲਦਾ, ਮਾਤਾ ਨੂੰ ਕਹਿ ਠਕੋਰ।
ਮੇਰਾ ਦੁੱਲਾ ਨਾਂ ਨਾ ਰੱਖਦੀਓਂ, ਰੱਖਦੀਓਂ ਕੁਝ ਹੋਰ।
ਚਾਰ ਚੱਕ ਮੈਂ ਭੱਟੀ ਨੇ ਖਾਵਣੇ, ਦੇਣੇ ਸ਼ੱਕਰ ਵਾਂਗਰ ਭੋਰ।
ਮਾਰਾਂ ਅਕਬਰ ਵਾਲੀਆਂ ਡਾਲੀਆਂ, ਤਦੋਂ ਜਾਣੀ ਦੁੱਲਾ ਰਠੋਰ।
ਮੇਰੇ ਹੇਠਾਂ ਬੱਕੀ ਲੱਖੀ, ਜਿਹੜੀ ਟੁਰਦੀ ਸੁੰਬ ਟਕੋਰ।
ਮੈਂ ਪੁੱਤ ਆਂ ਬੱਗੇ ਸ਼ੇਰ ਦਾ, ਮੇਰੇ ਸ਼ੇਰਾਂ ਵਰਗੇ ਤੌਰ।
ਮੈਂ ਢਾਹਵਾਂ ਦਿੱਲੀ ਦੇ ਕਿੰਗਰੇ, ਪਾਵਾਂ ਭਾਜੜ ਤਖ਼ਤ ਲਾਹੌਰ।
ਜੰਮਣਾ ਤੇ ਮਰ ਜਾਵਣਾ, ਓੜਕ ਉੱਡਣਾ ਪਿੰਜਰੇ 'ਚੋਂ ਭੌਰ।

ਚੜ੍ਹ ਪਿਆ ਦੁੱਲਾ ਸੂਰਮਾ, ਰੱਬ ਦਾ ਨਾਓਂ ਧਿਆ।
ਦੁੱਲੇ ਘੋੜੀ ਭਜਾਈ ਜ਼ੋਰ ਨਾਲ, ਵਿਚ ਜੰਗ ਦੇ ਵੜਿਆ ਆ।
ਦੁੱਲੇ ਵਾਹੀ ਤਲਵਾਰ ਸੱਜੇ ਹੱਥ ਨਾਲ,
ਦਿੱਤੀਆਂ ਦਲਾਂ 'ਚ ਕਲੀਰੀਆਂ ਪਾ।

ਆਉਂਦੀ ਘੋੜੀ ਦੁੱਲੇ ਦੀ ਵੇਖ ਕੇ,
ਮਿਰਜ਼ੇ ਨੇ ਹਾਥੀ ਦਿੱਤਾ ਬਿਠਾ।
ਭੱਜ ਕੇ ਲੱਧੀ ਦੇ ਪੈਰੀਂ ਬਹਿ ਗਿਆ,
ਦੁੱਲੇ ਦਾ ਬਣ ਗਿਆ ਧਰਮ ਭਰਾ।
ਅੱਗੇ ਪਏ ਨੂੰ ਸ਼ੇਰ ਨਹੀਂ ਖਾਂਵਦਾ,
ਲੱਧੀ ਦੁੱਲੇ ਨੂੰ ਦਿੱਤਾ ਸਮਝਾ,
ਦੁੱਲੇ ਨੇ ਤੇਗਾਂ ਮਾਰੀਆਂ, ਬਾਂਧਾਂ ਲਈਆਂ ਛੁੜਾ।



# ਧੰਨਵਾਦ

ਪਾਕਿਸਤਾਨ ਵਸਦੇ ਉਹਨਾਂ ਸਾਰੇ ਅਦੀਬਾਂ ਦਾ ਮੈਂ ਰਿਣੀ ਹਾਂ, ਜਿਨ੍ਹਾਂ ਦੇ ਸਹਿਯੋਗ ਤੋਂ ਬਿਨਾਂ ਇਹ ਨਾਵਲ ਮੁਕੰਮਲ ਨਹੀਂ ਸੀ ਹੋਣਾ। ਖ਼ਾਸ ਤੌਰ ਤੇ ਮੈਡਮ ਨਸਰੀਨ ਅੰਜੁਮ ਭੱਟੀ, ਜਨਾਬ ਇਕਬਾਲ ਕੈਸਰ, ਜਨਾਬ ਅਸਦ ਸਲੀਮ ਸ਼ੇਖ (ਪ੍ਰਿੰਸੀਪਲ ਸਰਕਾਰੀ ਡਿਗਰੀ ਕਾਲਜ ਪਿੰਡੀ ਭੱਟੀਆਂ), ਜਨਾਬ ਤਨਵੀਰ ਭੱਟੀ ਅਤੇ ਪ੍ਰੋ. ਸਾਈਦ ਭੁੱਟਾ (ਪੰਜਾਬ ਯੂਨੀਵਰਸਿਟੀ ਲਾਹੌਰ) ਹੋਰਾਂ ਦਾ ਮੈਂ ਸ਼ੁਕਰ ਗੁਜ਼ਾਰ ਹਾਂ, ਜਿਨ੍ਹਾਂ ਨੇ ਦੁੱਲਾ ਭੱਟੀ ਨਾਲ ਤਾਅਲੁਕ ਰੱਖਦੀ ਹਰ ਤਰ੍ਹਾਂ ਦੀ ਜਾਣਕਾਰੀ ਮੁਹੱਈਆ ਕਰਾਈ। ਨਸਰੀਨ ਅੰਜੁਮ ਭੱਟੀ ਨੇ ਤਾਂ ਪਿੰਡੀ ਭੱਟੀਆਂ ਜਾਣ ਵਿਚ ਮੇਰੀ ਵਿਸ਼ੇਸ਼ ਸਹਾਇਤਾ ਕੀਤੀ।

ਮੈਂ, ਅਦੀਬ ਇਸਹਾਕ ਮੁਹੰਮਦ (ਕੁਕਨੂਸ) ਲਾਰੰਸ ਬਿਨੀਅਨ (ਅਕਬਰ) ਜਨਾਬ ਨਜ਼ਮ ਹੁਸੈਨ ਸੱਯਦ (ਤਖ਼ਤ ਲਾਹੌਰ), ਡਾ. ਗੁਰਮੁਖ ਸਿੰਘ, ਡਾ. ਹਰਿਭਜਨ ਸਿੰਘ, ਡਾ. ਬਿਕਰਮ ਸਿੰਘ ਘੁੰਮਣ, ਚਰਨਜੀਤ ਸਿੰਘ, ਸੋਹਿੰਦਰ ਸਿੰਘ ਬੇਦੀ, ਡਾ. ਵਣਜਾਰਾ ਬੇਦੀ, ਗੁਰਸ਼ਰਨ ਸਿੰਘ, ਭਾਈ ਕਾਨ੍ਹ ਸਿੰਘ ਨਾਭਾ, ਕਿੱਸਾਕਾਰ ਕਿਸ਼ਨ ਸਿੰਘ ਤੇ ਹਰਨੇਕ ਸਿੰਘ ਘੜੂੰਆਂ ਆਦਿ ਲੇਖਕਾਂ ਦਾ ਵੀ ਸ਼ੁਕਰ ਗੁਜ਼ਾਰ ਹਾਂ, ਜਿਨ੍ਹਾਂ ਦੀਆਂ ਖੋਜ ਪੁਸਤਕਾਂ, ਰਚਨਾਵਾਂ, ਕਿੱਸੇ ਅਤੇ ਹੋਰ ਲਿਖਤਾਂ ਵਿਚੋਂ ਹਾਸਲ ਕੀਤੀ ਜਾਣਕਾਰੀ, ਦੁੱਲਾ ਭੱਟੀ ਬਾਰੇ ਨਾਵਲ ਲਿਖਣ ਦਾ ਸਬੱਬ ਬਣੀ।

ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੀ ਰੈਫਰੈਂਸ ਲਾਇਬਰੇਰੀ ਦੇ ਇੰਚਾਰਜ ਡਾ. ਪ੍ਰੇਮ ਸਿੰਘ ਬਜਾਜ ਅਤੇ ਬੁਧ ਸਿੰਘ ਨੀਲੋਂ ਦਾ ਵੀ ਮੈਂ ਰਿਣੀ ਹਾਂ ਜਿਨ੍ਹਾਂ ਨੇ ਹਰ ਲੋੜਵੰਦ ਪੁਸਤਕ ਮੁਹੱਈਆ ਕਰਵਾਈ।

ਮੈਂ ਹਾਜੀ ਫਜ਼ਲਦੀਨ (ਮੋਗਾ), ਜਮਾਅਤ ਇਸਲਾਮੀ ਹਿੰਦ, ਪੰਜਾਬ ਮਲੇਰਕੋਟਲਾ ਦੇ ਪ੍ਰਬੰਧਕਾਂ, ਸੰਚਾਲਕਾਂ, ਮੁਹੰਮਦ ਜਮੀਲ, ਅਬਦੁਲ ਸ਼ਕੂਰ ਰਮਜ਼ਾਨ ਸਈਦ ਅਤੇ ਉਹਨਾਂ ਦੇ ਸਹਿਯੋਗੀਆਂ ਤੇ ਪੰਜਾਬੀ ਇਸਲਾਮਿਕ ਪਬਲੀਕੇਸ਼ਨਜ਼ ਦਾ ਅਹਿਸਾਨਮੰਦ ਹਾਂ, ਜਿਨ੍ਹਾਂ ਨੇ ਇਸਲਾਮ ਮਜ਼ਹਬ ਬਾਰੇ, ਇਸਲਾਮੀ ਸਮਾਜ ਦੀ ਰਹਿਤ-ਮਰਯਾਦਾ ਬਾਰੇ ਅਤੇ ਰਸਮਾਂ ਰਿਵਾਜ਼ਾਂ, ਨਮਾਜ਼, ਤੱਯਬ ਕਲਮਾਂ ਬਾਰੇ ਭਰਪੂਰ ਜਾਣਕਾਰੀ ਤਾਂ ਦਿੱਤੀ ਹੀ, ਮੁੱਲਵਾਨ ਪੈਂਫਲਿਟ ਵੀ ਤੋਹਫੇ ਵਜੋਂ ਭੇਂਟ ਕੀਤੇ। ਪਹੁ-ਫੁਟਾਲਾ ਮੈਗਜ਼ੀਨ ਦੇ ਅੰਕ ਵੀ ਦਿੱਤੇ।

ਮੈਂ, ਸੁਰਿੰਦਰ ਸ਼ਰਮਾ (ਪਟਿਆਲਾ) ਡਾ. ਸੁਰਜੀਤ ਬਰਾੜ (ਘੋਲੀਆ) ਅਤੇ ਵਿਰਸਾ ਸਿੰਘ ਕਸੂਰੀ ਜਿਹੇ ਸੁਹਿਰਦ ਮਿੱਤਰਾਂ ਦਾ ਵੀ ਧੰਨਵਾਦੀ ਹਾਂ, ਜਿਹੜੇ ਮੈਨੂੰ ਲਿਖਣ ਕਾਰਜ ਵਿਚ ਸਰਗਰਮ ਰੱਖਣ ਲਈ ਹਰ ਸਮੇਂ ਪ੍ਰੇਰਦੇ ਰਹਿੰਦੇ ਹਨ।

ਮੈਂ ਆਪਣੇ ਛੋਟੇ ਵੀਰ ਗੁਰਮੇਲ ਸਿੰਘ ਦਾ ਧੰਨਵਾਦ ਕਰਨੋਂ ਨਹੀਂ ਰਹਿ ਸਕਦਾ, ਜਿਸਨੇ ਇਹ ਨਾਵਲ ਦੋ ਵਾਰ ਪੜ੍ਹਿਆ ਅਤੇ ਮੈਨੂੰ ਉਕਤਾਈਆਂ ਤੋਂ ਜਾਣੂ ਕਰਵਾਇਆ। ਮੇਰੀ ਹਰ ਰਚਨਾ ਦਾ ਉਹ ਪਹਿਲਾ ਪਾਠਕ ਹੁੰਦਾ ਹੈ।

ਆਖਰ ਵਿਚ ਮੈਂ ਆਪਣੇ ਪਰਿਵਾਰ ਦਾ, ਖ਼ਾਸ ਕਰਕੇ ਧਰਮ ਪਤਨੀ ਕੁਲਜੀਤ ਕੌਰ ਦਾ ਵੀ ਬੇਹੱਦ ਕਰਜ਼ਦਾਰ ਹਾਂ, ਜਿਨ੍ਹਾਂ ਦੇ ਹਰ ਦੁੱਖ ਸੁੱਖ ਨੂੰ ਅੱਖੋਂ ਪਰੋਖੇ ਕਰਦਿਆਂ ਮੈਂ ਨਾਵਲ ਲਿਖਣ ਵਿਚ ਰੁੱਝਿਆ ਰਿਹਾ।

ਜੇ ਮੈਂ ਲੋਕ-ਗੀਤ ਪ੍ਰਕਾਸ਼ਨ ਦਾ ਧੰਨਵਾਦ ਨਾ ਕਰਾਂ ਤਾਂ ਇਹ ਵੀ ਅਹਿਸਾਨ-ਫਰਾਮੋਸ਼ੀ ਹੋਵੇਗੀ, ਜਿਨ੍ਹਾਂ ਨੇ ਮੇਰੀ ਰਚਨਾ ਨੂੰ ਪੁਸਤਕ-ਰੂਪ ਦੇ ਕੇ ਤੁਹਾਡੇ ਹੱਥਾਂ ਵਿਚ ਪਹੁੰਚਾਇਆ ਹੈ।

**ਬਲਦੇਵ ਸਿੰਘ**



## ਬਹੁਤ ਔਖਾ ਕਾਰਜ ਹੈ ਬੀਤੇ ਸਮੇਂ ਨੂੰ ਫੜਨਾ

ਦੁੱਲਾ ਭੱਟੀ, ਸੋਲ੍ਹਵੀਂ ਸਦੀ ਦਾ ਮਹਾਨ ਲੋਕ ਨਾਇਕ ਹੈ। ਪਰ ਇਤਿਹਾਸ ਦੁੱਲੇ ਦੀ ਹੋਂਦ ਬਾਰੇ ਚੁੱਪ ਹੈ। ਇਤਿਹਾਸ, ਬਾਦਸ਼ਾਹਾਂ, ਸ਼ਹਿਨਸ਼ਾਹ ਦੇ ਚਾਪਲੂਸੀਆਂ ਨੇ ਲਿਖਣਾ ਹੁੰਦਾ ਹੈ। ਹਾਕਮਾਂ ਦੀਆਂ ਹਦਾਇਤਾਂ ਅਨੁਸਾਰ, ਰੋਜ਼ਨਾਮਚਿਆਂ ਅਤੇ ਤਵਾਰੀਖ਼ ਵਿਚ ਉਹਨਾਂ ਘਟਨਾਵਾਂ ਜਾਂ ਜੰਗਾਂ ਦਾ ਹੀ ਵਧੇਰੇ ਜ਼ਿਕਰ ਹੁੰਦਾ ਹੈ, ਜਿਹੜੀਆਂ ਬਾਦਸ਼ਾਹਾਂ ਦੇ ਗੌਰਵ ਨੂੰ ਚਾਰ-ਚੰਨ ਲਾਉਂਦੀਆਂ ਹਨ। ਦੁੱਲਾ ਭੱਟੀ ਦੰਦ-ਕਥਾਵਾਂ ਜਾਂ ਲੋਕ ਗਾਥਾਵਾਂ ਦਾ ਨਾਇਕ ਹੈ। ਇਹ ਗਥਾਵਾਂ ਮੂੰਹੋਂ-ਮੂੰਹ ਸਫ਼ਰ ਕਰਦੀਆਂ ਹਨ। ਇਹਨਾਂ ਵਿਚ ਵੇਲੇ ਅਨੁਸਾਰ ਲੋਕ ਆਪਣੇ ਹਿੱਤਾਂ ਲਈ ਵਾਧੇ ਘਾਟੇ ਕਰਦੇ ਰਹਿੰਦੇ ਹਨ। ਸਾਂਦਲ ਬਾਰ ਦਾ ਦੁੱਲਾ ਭੱਟੀ ਸੂਰਮਾ, ਸਾਡਾ ਅਜਿਹਾ ਹੀ ਲੋਕ ਨਾਇਕ ਹੈ।

ਜਦੋਂ ਮੈਂ ਦੁੱਲਾ ਭੱਟੀ ਉਪਰ ਨਾਵਲ ਲਿਖਣ ਲਈ ਮਨ ਬਣਾਇਆ, ਉਦੋਂ ਸੋਚਿਆ ਸੀ, ਦੰਦ ਕਥਾਵਾਂ ਦੇ ਲੋਕ-ਨਾਇਕਾਂ ਨੂੰ ਚਿਤਰਨਾ ਕੋਈ ਖ਼ਾਸ ਜ਼ੋਖ਼ਮ ਵਾਲਾ ਕਾਰਜ ਨਹੀਂ ਹੈ। ਅਜਿਹੀ ਰਚਨਾ ਦੇ ਵਿਰੋਧ ਦੀ ਗੁੰਜਾਇਸ਼ ਘੱਟ ਹੁੰਦੀ ਹੈ। "ਪੰਜਵਾਂ ਸਾਹਿਬਜ਼ਾਦਾ" ਅਤੇ "ਸਤਲੁਜ ਵਹਿੰਦਾ ਰਿਹਾ" ਰਚਣ ਵੇਲੇ ਮੈਨੂੰ ਲੋੜੋਂ ਵੱਧ ਇਹਤਿਆਤ ਰੱਖਣੀ ਪਈ। ਲੋਕਾਂ ਦੀ ਆਸਥਾ ਪ੍ਰਤੀ ਕੀਤੀ ਜ਼ਰਾ ਕੁ ਕੁਤਾਹੀ ਵੀ ਕਈ ਵੇਰ ਵੱਡੇ ਸੰਕਟ ਖੜ੍ਹੇ ਕਰ ਦਿੰਦੀ ਹੈ। ਦੁੱਲਾ ਭੱਟੀ ਲਿਖਦਿਆਂ ਮਨ ਵਿਚ ਅਜਿਹਾ ਭੈਅ ਨਹੀਂ ਸੀ।

ਹਰ ਪਾਸਿਉਂ ਮੈਂ ਦੁੱਲਾ ਭੱਟੀ ਬਾਰੇ ਸਮੱਗਰੀ ਇਕੱਠੀ ਕਰਦਾ ਰਿਹਾ। ਕਿੱਸਾਕਾਰਾਂ ਨੇ ਫਿਲਮਾਂ ਵਾਲਿਆਂ ਵਾਂਗ, ਹਰ ਘਟਨਾ ਸਨਸਨੀ ਬਣਾ ਕੇ ਪੇਸ਼ ਕਰਨੀ ਹੁੰਦੀ ਹੈ। ਸੱਥਾਂ ਅਤੇ ਪਰ੍ਹਿਆਂ ਵਿਚ ਬੈਠੇ ਲੋਕਾਂ ਨੂੰ ਗਮੰਤਰੀਆਂ ਨੇ ਆਪਣੇ ਅਲੌਕਿਕ ਵਿਖਿਆਨਾਂ ਅਤੇ ਗਾਇਕੀ ਦੇ ਜਲੌਅ ਨਾਲ ਝੂਮਣ ਲਾਉਣਾ ਹੁੰਦਾ ਹੈ, ਜਾਂ ਸ੍ਰੋਤਿਆਂ ਅੰਦਰ ਜੋਸ਼ ਭਰਨਾ ਹੁੰਦਾ ਹੈ।

ਸਾਹਿਤ ਅਜਿਹਾ ਨਹੀਂ ਕਰਦਾ। ਚੰਗੇ ਸਾਹਿਤ ਦਾ ਮਨੋਰਥ ਵੱਖਰਾ ਹੁੰਦਾ ਹੈ। ਉਸਨੇ ਪਾਠਕਾਂ ਨੂੰ ਝੂਮਣ ਨਹੀਂ, ਸੋਚਣ ਲਾਉਣਾ ਹੁੰਦਾ ਹੈ। ਕੁਝ ਪ੍ਰਾਪਤ ਜਾਣਕਾਰੀ ਰਾਹੀਂ, ਕੁਝ ਕਲਪਨਾ ਰਾਹੀਂ ਮੈਂ ਇਕ ਲਿਖਤ ਪੂਰੀ ਕਰ ਲਈ ਸੀ। ਮੈਨੂੰ ਪਾਕਿਸਤਾਨ ਜਾਣ ਦਾ ਮੌਕਾ ਮਿਲਿਆ। ਮੈਂ ਦੁੱਲਾ ਭੱਟੀ ਦੇ ਪਿੰਡ, ਪਿੰਡੀ ਗਿਆ। ਉਹ ਥਾਂਵਾਂ ਵੇਖੀਆਂ। ਭੂਗੋਲਿਕ ਆਲਾ ਦੁਆਲਾ ਸਮਝਿਆ। ਨਸਰੀਨ ਅੰਜੁਮ ਭੱਟੀ ਮੇਰੇ ਨਾਲ ਸੀ। ਉਥੇ ਤਨਵੀਰ ਭੱਟੀ ਅਤੇ ਡਿਗਰੀ ਕਾਲਜ ਦੇ ਪ੍ਰਿੰਸੀਪਲ ਅਸਦ ਸਲੀਮ ਸ਼ੇਖ ਹੋਰਾਂ, ਦੁੱਲੇ ਭੱਟੀ ਬਾਰੇ ਕਮਾਲ ਦੀਆਂ ਨਵੀਆਂ ਗੱਲਾਂ ਦੱਸੀਆਂ। ਅਸਦ ਸਲੀਮ ਸ਼ੇਖ ਨੇ ਤਾਂ ਦੁੱਲਾ ਭੱਟੀ ਬਾਰੇ ਇਕ ਖੋਜ ਪੁਸਤਕ ਵੀ ਲਿਖੀ ਹੋਈ ਸੀ। ਇਹ ਪੁਸਤਕ ਮੇਰੇ ਲਈ ਬੜੀ ਮੁੱਲਵਾਨ ਸਾਬਤ ਹੋਈ। ਜਾਣਕਾਰੀਆਂ ਏਨੀਆਂ ਨਵੀਆਂ ਅਤੇ ਵੱਖਰੀਆਂ ਸਨ, ਪਹਿਲਾਂ ਲਿਖਿਆ ਸਾਰੇ ਦਾ ਸਾਰਾ ਮਿੱਟੀ ਹੋ ਗਿਆ।

ਵਾਪਸ ਆ ਕੇ ਦੁਬਾਰਾ ਲਿਖਣ ਲੱਗਾ। ਮੁਸਲਮਾਨ ਭਾਈਚਾਰੇ ਅਤੇ ਵਸੇਬੇ ਬਾਰੇ ਕੁਝ ਗੱਲਾਂ ਫੇਰ ਅੜਿਕਾ ਬਣ ਗਈਆਂ। ਮਲੇਰ ਕੋਟਲੇ ਗਿਆ। ਜਮਾਅਤ ਇਸਲਾਮੀ ਹਿੰਦ ਦੇ ਅਹੁਦੇਦਾਰਾਂ ਨੂੰ ਮਿਲਿਆ। ਨਾਵਲ ਵਿਚ ਫੇਰ ਵੱਡੇ, ਬਦਲ ਕਰਨੇ ਪਏ। ਜਦ ਵੀ ਕੋਈ ਨਵੀਂ ਜਾਣਕਾਰੀ ਮਿਲਦੀ, ਮੈਨੂੰ ਕੁਝ ਹਿੱਸੇ ਬਦਲਣੇ ਪੈਂਦੇ। ਇਸ ਤਰ੍ਹਾਂ ਵਾਰ ਵਾਰ ਤਬਦੀਲੀਆਂ ਹੋਈਆਂ। ਇਹ ਨਾਵਲ ਮੈਨੂੰ ਪੰਜ ਵਾਰ ਲਿਖਣਾ ਪਿਆ।

ਲੋਕ ਨਾਇਕ ਲੋਕਾਈ ਦੇ ਹਿਰਦਿਆਂ ਵਿਚ ਵਸਦੇ ਹਨ। ਪਰ ਕਿੰਨੀ ਵਿਡੰਬਨਾ ਹੈ, ਇਹਨਾਂ ਬਾਰੇ ਲਿਖਤੀ ਪ੍ਰਮਾਣਿਕ ਤੱਥਾਂ ਦੀ ਘਾਟ ਸਦਾ ਹੀ ਰੜਕਦੀ ਆਈ ਹੈ। ਮੌਖਿਕ ਇਤਿਹਾਸ ਤੁਰਦਾ ਸਮੇਂ ਦੇ ਨਾਲ ਕਈ ਰੂਪ ਵਟਾ ਲੈਂਦਾ ਹੈ। ਸੁੰਦਰੀ ਵਾਲੀ ਲੋਕ ਗਾਥਾ ਨੂੰ ਹੀ ਕਿੱਸਾਕਾਰਾਂ ਨੇ ਕਦੇ ਦੇਬੂ ਬ੍ਰਾਹਮਣ ਦੀ ਧੀ, ਕਦੇ ਮੂਲ ਚੰਦ ਦੀ ਧੀ ਅਤੇ ਕਦੇ ਇਕ ਹਿੰਦੂ ਕਿਸਾਨ ਦੀ ਲੜਕੀ ਦੱਸਿਆ ਹੈ। ਕਈ ਤਾਂ ਸੁੰਦਰੀ ਮੁੰਦਰੀ ਦੋ ਧੀਆਂ ਦੀ ਗੱਲ ਕਰਦੇ ਹਨ। ਏਨਾ ਤਾਂ ਜ਼ਰੂਰ ਸੱਚ ਹੈ, ਦੁੱਲਾ ਭੱਟੀ ਨੇ ਇਕ ਗਰੀਬ ਪਰਿਵਾਰ ਦੀ ਧੀ ਨੂੰ ਆਪਣੀ ਧੀ ਬਣਾ ਕੇ ਚੁੰਗਤਿਆਂ ਦੇ ਜ਼ੁਲਮ ਤੋਂ ਬਚਾਕੇ ਉਸਦਾ ਨਿਕਾਹ ਕੀਤਾ ਸੀ। ਲੋਕ-ਕਥਾਵਾਂ, ਦੰਦ-ਕਥਾਵਾਂ ਅਤੇ ਮੌਖਿਕ ਇਤਿਹਾਸ ਦੇ ਨੇੜੇ ਨੇੜੇ ਰਹਿਣ ਦਾ ਮੈਂ ਯਤਨ ਕੀਤਾ ਹੈ।

ਦੁੱਲਾ ਭੱਟੀ ਬਾਰੇ ਇਹ ਲਿਖਤ ਹਰਫ਼ੇ-ਆਖ਼ਰ ਨਹੀਂ ਹੈ। ਕਲਾ, ਸੰਗੀਤ ਅਤੇ ਸਾਹਿਤ ਵਿਚ ਕੁਝ ਵੀ ਆਖ਼ਰ ਨਹੀਂ ਹੁੰਦਾ। ਦੁੱਲਾ ਭੱਟੀ ਬਾਰੇ ਕਿੱਸਿਆਂ ਜਾਂ ਨਾਟਕਾਂ ਤੋਂ ਸਿਵਾ ਹੋਰ ਕੁਝ ਨਹੀਂ ਮਿਲਦਾ। ਮੇਰੀ ਸਮਝ ਵਿਚ ਦੁੱਲਾ-ਭੱਟੀ ਦੇ ਜੀਵਨ ਉਪਰ ਇਹ ਪਹਿਲਾ ਪੰਜਾਬੀ ਨਾਵਲ ਹੈ। ਮੈਂ ਉਹਨਾਂ ਪਾਠਕਾਂ, ਵਿਦਵਾਨਾਂ, ਇਤਿਹਾਸਕਾਰਾਂ ਅਤੇ ਖੋਜਕਾਰਾਂ ਦਾ ਧੰਨਵਾਦੀ ਹੋਵਾਂਗਾ ਜੇ ਉਹ ਇਹ ਨਾਵਲ ਪੜ੍ਹਕੇ, ਦੁੱਲਾ-ਭੱਟੀ ਬਾਰੇ ਨਵੀਆਂ ਜਾਣਕਾਰੀਆਂ ਤੋਂ ਮੈਨੂੰ ਜਾਣੂ ਕਰਵਾਉਣਗੇ।

ਦੁੱਲਾ-ਭੱਟੀ ਦੇ ਸਮੇਂ ਨੂੰ, ਸੰਪੂਰਨ ਰੂਪ ਵਿਚ ਮੈਂ ਬਿਆਨ ਕਰਨ ਦਾ ਯਤਨ ਕੀਤਾ ਹੈ, ਫਿਰ ਵੀ ਹੂ-ਬਹੂ ਉਹਨਾਂ ਸਮਿਆਂ ਵਿਚ ਜਾਣਾ ਬਹੁਤ ਔਖਾ ਕਾਰਜ ਹੈ। ਦੁੱਲਾ ਭੱਟੀ ਸਾਡੇ ਦੋਹਾਂ ਮੁਲਕਾਂ ਦਾ ਸਾਂਝਾ ਵੱਡਾ ਲੋਕ ਨਾਇਕ ਹੈ। ਮੈਂ ਉਸਦੇ ਜੀਵਨ ਨਾਲ ਕਿੰਨਾ ਕੁ ਇਨਸਾਫ਼ ਕਰ ਸਕਿਆ ਹਾਂ, ਇਹ ਪਾਠਕਾਂ ਨੇ ਦੱਸਣਾ ਹੈ।

ਬਲਦੇਵ ਸਿੰਘ

ਮੋਗਾ, ਜਨਵਰੀ 2009



# 1.

## ਪੂਰਵ ਕਥਾ/ ਸਾਂਦਲ ਬਾਰ ਦੀ ਮਿੱਟੀ

ਕਿਸੇ ਮਿੱਟੀ ਦੀ ਤਾਸੀਰ ਅਜਿਹੀ ਹੁੰਦੀ ਹੈ, ਉਸ ਮਿੱਟੀ ਦੇ ਜੰਮੇ ਜਾਏ ਜਿਉਂਦੇ ਵੀ ਅਣਖ ਨਾਲ ਹਨ ਤੇ ਮਰਦੇ ਵੀ ਅਣਖ ਨਾਲ ਹਨ। ਉਹਨਾਂ ਸੂਰਮਿਆਂ ਦੀ ਹਾਰ ਵਿਚ ਵੀ ਜਿੱਤ ਪਈ ਹੁੰਦੀ ਹੈ ਤੇ ਉਹਨਾਂ ਦੇ ਨਾਂਅ ਲੋਕ-ਮਨਾਂ ਅੰਦਰ ਸਦੀਆਂ ਤੱਕ ਜਿਉਂਦੇ ਰਹਿੰਦੇ ਹਨ।

ਅਜਿਹੀ ਤਾਸੀਰ ਦੀ ਹੀ ਮਿੱਟੀ ਹੈ—ਸਾਂਦਲ ਬਾਰ ਦੀ ਧਰਤੀ। ਇਸ ਮਿੱਟੀ ਦੇ ਜਾਇਆਂ ਨੇ ਸਦੀਆਂ ਪਹਿਲਾਂ ਮਹਾਨ ਸਿਕੰਦਰ ਨੂੰ ਵਖ਼ਤ ਪਾਈ ਰੱਖਿਆ ਸੀ। ਭਾਵੇਂ ਉਹ ਜੇਹਲਮ ਦੇ ਉੱਤਰ-ਪੂਰਬੀ ਖੇਤਰ ਵਿਚ ਰਾਜਾ ਪੋਰਸ ਨੂੰ ਆਪਣੇ ਅਧੀਨ ਕਰਕੇ ਤੇ ਉਸ ਨਾਲ ਆਪਣੇ ਪੱਖ ਵਿਚ ਜਾਂਦੀਆਂ ਸਾਰੀਆਂ ਸ਼ਰਤਾਂ ਅਨੁਸਾਰ ਸੰਧੀ ਕਰਕੇ ਰੁਕਿਆ ਨਹੀਂ ਸੀ। ਉਹ ਚਨਾਬ ਦਰਿਆ ਵਿਚ ਬੇੜੀਆਂ ਰਾਹੀਂ ਵਹਿਣ ਦੇ ਨਾਲ ਨਾਲ ਅੱਗੇ ਵੱਧਣ ਲੱਗਾ। ਉਸਦਾ ਇਰਾਦਾ ਅੱਗੇ ਦਾ ਸਾਰਾ ਖੇਤਰ ਅਤੇ ਜਨਪਦਾਂ ਨੂੰ ਤਬਾਹ ਕਰਕੇ ਰਾਵੀ ਪਾਰ ਹਮਲੇ ਕਰਨ ਦਾ ਸੀ। ਉਹ ਮਗਧ ਰਾਜ ਉਪਰ ਕਾਬਜ਼ ਹੋਕੇ ਸੰਸਾਰ ਦੀ ਆਖ਼ਰੀ ਹੱਦ ਵੀ ਆਪਣੇ ਨਾਮ ਕਰਨੀ ਚਾਹੁੰਦਾ ਸੀ।

ਹਨੇਰੀ ਰਾਤ ਸੀ। ਅਸਮਾਨ ਉਪਰ ਟਾਵੇਂ ਟਾਵੇਂ ਖਿੱਲਰਵੇਂ ਬੱਦਲ ਕਦੇ ਕਦੇ ਭਿਆਨਕ ਗੜਗੜਾਹਟ ਨਾਲ ਗਰਜਦੇ ਤਾਂ ਸਿਕੰਦਰ ਦੀ ਸੈਨਾ ਦੇ ਸਿਪਾਹੀ ਡਰ ਨਾਲ ਕੰਬਣ ਲਗਦੇ। ਬਰਸਾਤੀ ਨਾਲਿਆਂ ਕਾਰਨ ਉਫ਼ਨਿਆਂ ਸ਼ੂਕਦਾ ਚਨਾਬ ਦਰਿਆ, ਓਪਰਾ ਇਲਾਕਾ, ਚੁਫੇਰੇ ਸੰਘਣਾ ਜੰਗਲ। ਕੀ ਪਤਾ ਕਿਹੜੇ ਪਾਸਿਉਂ ਤੀਰਾਂ ਦੀ ਬਰਖਾ ਹੋਣ ਲੱਗ ਪਵੇ। ਹਨੇਰੇ ਵਿਚ ਆਪਣੀਆਂ ਬੇੜੀਆਂ ਹੀ ਭਾਰੇ ਮੱਗਰਮੱਛ ਬਣੀਆਂ ਡਰਾ ਰਹੀਆਂ ਸਨ। ਇਕ ਜਗ੍ਹਾ ਪੱਤਣ ਵੇਖਕੇ ਉਹਨਾਂ, ਤੇਜ਼ ਝੱਖੜ ਵਿਚ ਡੋਲਦੀਆਂ ਬੇੜੀਆਂ ਕੰਢੇ ਲਾਈਆਂ। ਪਹਿਲਾਂ ਉਹ ਬਹੁਤ ਸਮਾਂ ਬੇੜੀਆਂ ਵਿਚ ਬੈਠੇ, ਸਾਹ ਰੋਕੀ ਸਥਿਤੀ ਦਾ ਜਾਇਜ਼ਾ ਲੈਂਦੇ ਰਹੇ। ਫਿਰ ਇਸ਼ਾਰਾ ਪਾ ਕੇ ਇਕ ਇਕ ਦੋ ਦੋ ਕਰਕੇ ਸਿਕੰਦਰ ਦੀ ਸਾਰੀ ਫੌਜ ਕੰਢੇ ਉਪਰ ਉੱਤਰ ਆਈ।

ਨਾ ਥਾਂ ਦਾ ਪਤਾ, ਨਾ ਦਿਸ਼ਾ ਦਾ ਪਤਾ। ਭਾਵੇਂ ਰਾਜਾ ਅੰਭੀ ਦੇ ਕੁਝ ਮਾਰਗ ਦਰਸਾਊ ਸੂਹੀਏ ਸਿਕੰਦਰ ਦੀ ਮਦਦ ਲਈ ਨਾਲ ਆਏ ਸਨ। ਪਰ ਹੁਣ ਰਾਤ ਦੇ ਹਨੇਰੇ ਵਿਚ ਤੇ ਬੇਹੱਦ ਥਕਾਵਟ ਕਾਰਨ ਉਹ ਵੀ ਸਹੀ ਅਨੁਮਾਨ ਲਾਉਣ ਤੋਂ ਅਸਮਰਥ ਸਨ। ਸਾਰੇ ਏਨਾ ਹੀ ਜਾਣਦੇ ਸਨ; ਸ਼ਾਇਦ ਅੱਗੇ ਵਧ ਰਹੇ ਹਾਂ।

ਹੱਥ ਨੂੰ ਹੱਥ ਨਹੀਂ ਸੀ ਦਿੱਸਦਾ। ਸੈਨਾਪਤੀਆਂ ਰਾਹੀਂ ਸਿਕੰਦਰ ਦਾ ਹੁਕਮ ਮਿਲਿਆ; "ਅੱਗੇ ਵਧੋ।" ਬਿਨਾਂ ਜਾਣਿਆਂ, ਅੱਗੇ ਖੂਹ ਹੈ, ਖਾਤਾ ਹੈ, ਸਿਪਾਹੀ ਅੱਗੇ ਵਧਣ ਲੱਗੇ। 'ਲੰਮੇ ਕਦਮਾਂ ਅਤੇ ਵੱਡੀਆਂ ਪੁਲਾਂਘਾਂ ਨਾਲ, ਅੱਖਾਂ ਬੰਦ ਕਰਕੇ ਸਿਪਾਹੀ ਸਦਾ ਤੋਂ ਹੀ ਮੁਲਕਾਂ ਦੀਆਂ ਤਕਦੀਰਾਂ ਬਦਲਦੇ ਆਏ ਹਨ।'......ਅਜਿਹਾ ਕਹਿਕੇ ਸਿਕੰਦਰ ਸਿਪਾਹੀਆਂ ਨੂੰ ਵਡਿਆਉਂਦਾ ਰਹਿੰਦਾ ਸੀ।

ਅੱਗੇ ਸੰਘਣੀਆਂ ਕੰਡਿਆਲੀਆਂ ਝਾੜੀਆਂ ਸਨ। ਉਹ ਹਨੇਰੇ ਵਿਚ ਸੱਪਾਂ ਵਾਂਗ ਵਿੰਗੇ ਟੇਢੇ ਹੋ ਕੇ ਅੱਗੇ ਵਧਦੇ ਰਹੇ। ਸੈਨਿਕ ਪਰੇਸ਼ਾਨ ਹੋ ਗਏ। ਕਿਧਰੇ ਅਸੀਂ ਪੁੱਠੇ ਤਾਂ ਨਹੀਂ ਤੁਰ ਪਏ ? ਇਕ ਥਾਂ ਖੁਲ੍ਹਾ ਮੈਦਾਨ ਵੇਖਕੇ ਸੈਨਾ ਨੇ ਪੜਾਅ* ਕਰ ਲਿਆ।

ਸਿਕੰਦਰ ਦੇ ਸਿਪਾਹੀ ਥੱਕੇ ਹੋਏ ਸਨ, ਜ਼ਖ਼ਮੀ ਵੀ ਸਨ। ਏਧਰ ਸਥਾਨਕ ਲੋਕ ਜਾਟ, ਅਹੀਰ, ਹਿੰਜਰਾ ਅਵੇਸਲੇ ਸਨ। ਦਿਨ ਚੜ੍ਹੇ ਲੜਾਈ ਤਾਂ ਹੋਈ, ਪਰ ਅਸਾਵੀਂ ਸੀ। ਇਕ ਪਾਸੇ ਸਿਖਿਅਤ ਸੈਨਾ, ਦੂਸਰੇ ਪਾਸੇ ਡਾਂਗਾਂ, ਨੇਜ਼ੇ, ਜਾਤੂ, ਟਕੂਏ, ਗੰਡਾਸੇ ਤੇ ਮੁਤਿਹਰਿਆਂ ਵਾਲੇ। ਦੋਹਾਂ ਧਿਰਾਂ ਦਾ ਲਹੂ ਵੀ ਡੁਲ੍ਹਿਆ। ਸਿਕੰਦਰ ਦਾ ਮਮੂਲੀ ਜਿਹੀ ਝੜਪ ਪਿਛੋਂ ਸਾਂਗਲਾ** ਉਪਰ ਕਬਜ਼ਾ ਹੋ ਗਿਆ। ਇਹੀ ਨਾਮ ਉਹਨਾਂ ਨੇ ਸਥਾਨਕ ਲੋਕਾਂ ਪਾਸੋਂ ਸੁਣਿਆ ਸੀ।

ਥੱਕਿਆ ਹੋਇਆ ਤਾਂ ਸਿਕੰਦਰ ਵੀ ਸੀ। ਹਨੇਰਾ ਹੋਣ ਤੱਕ ਜ਼ਖ਼ਮੀ ਸੈਨਿਕਾਂ ਦੀ ਮੱਲ੍ਹਮ ਪੱਟੀ ਹੁੰਦੀ ਰਹੀ। ਤਿੱਖੀ ਸ਼ਰਾਬ ਦੇ ਕੁਝ ਪਿਆਲੇ ਚਾੜ੍ਹ ਕੇ ਸਿਕੰਦਰ ਆਪਣੇ ਸ਼ਿਵਰ ਵਿਚ ਅਰਾਮ ਕਰ ਰਿਹਾ ਸੀ। ਚੁਫੇਰੇ ਸਖ਼ਤ ਪਹਿਰਾ ਸੀ। ਜਾਂਬਾਜ਼ ਘੋੜ ਸਵਾਰ ਤਿਆਰ-ਬਰ-ਤਿਆਰ ਗਸ਼ਤ ਉਪਰ ਸਨ। ਸੈਨਾ ਦੇ ਰਸੋਈਏ ਸਿਪਾਹੀਆਂ ਲਈ ਰਾਤਰੀ ਭੋਜਨ ਤਿਆਰ ਕਰਨ ਵਿਚ ਰੁੱਝੇ ਹੋਏ ਸਨ। ਅਚਾਨਕ ਇਕ ਤੀਰ ਸਿਕੰਦਰ ਦੇ ਚਿੱਟੇ ਤੰਬੂ ਨੂੰ ਪਾੜਕੇ ਉਸਦੇ ਨੇੜੇ ਆ ਡਿੱਗਾ। ਝੱਟ ਭੱਠੀਆਂ ਦੀ ਅੱਗ ਬੁਝਾ ਦਿੱਤੀ ਗਈ। ਅੰਗ ਰਖਿਅਕ ਤੰਬੂ ਦੇ ਅੰਦਰ ਵਲ ਦੌੜ ਕੇ ਗਏ। ਤੀਰ ਨਾਲ ਇਕ ਚੇਤਾਵਨੀ ਬੱਧੀ ਹੋਈ ਸੀ।

"ਤੇਰੇ ਲਈ ਇਹੀ ਚੰਗਾ ਸੀ, ਵਾਪਸ ਪਰਤ ਜਾਵੇਂ।"—ਵੀਰੋ ਰਸਾਲ

ਸਿਕੰਦਰ ਹੈਰਾਨ ਹੋਇਆ, ਇਹ ਲੋਕ ਕਿਸ ਤਰ੍ਹਾਂ ਦੇ ਨੇ ? ਕਿਸ ਮਿੱਟੀ ਦੇ ਬਣੇ ਹੋਏ ਨੇ। ਹਾਰ ਵੀ ਗਏ ਨੇ, ਫਿਰ ਵੀ ਧੌਂਸ ਦੇਂਦੇ ਨੇ, ਧੌਂਸ ਦੇਣ ਨੂੰ ਇਹਨਾਂ ਦੇ ਪਾਸ ਹੈ ਕੀ। ਨਾ ਘੋੜੇ, ਨਾ ਹਾਥੀ, ਨਾ ਹਥਿਆਰ ਤੇ ਨਾ ਸਾਡੇ ਨਾਲ ਲੜਨ ਜੋਗੀ ਸੈਨਾ। ਪਰ ਸਿਕੰਦਰ ਜਾਣਦਾ ਸੀ,....ਬਹਾਦਰ ਆਦਮੀ ਆਪਣੀ ਤਲਵਾਰ ਵਿਚੋਂ ਬਿਜਲੀਆਂ ਲਿਸ਼ਕਦੀਆਂ ਵੇਖਦਾ ਹੈ ਤੇ ਕਮਜ਼ੋਰ ਸਿਪਾਹੀ ਤਲਵਾਰ ਉਪਰ ਲੱਗੇ ਜੰਗ ਦੇ ਬਹਾਨੇ ਘੜਦਾ ਹੈ। ਉਸਨੂੰ ਤਜਰਬਾ ਸੀ,....ਹਾਰਾਂ ਦੀਆਂ ਨੀਹਾਂ ਉੱਪਰ ਜਿੱਤ ਉੱਸਰਦੀ ਹੈ। ਉਹ ਅੰਦਰੋਂ ਭੈ-ਭੀਤ ਹੋਇਆ ਫ਼ਿਕਰ ਨਾਲ ਸੋਚਣ ਲੱਗਾ, ਇਸ ਤਰ੍ਹਾਂ ਤਾਂ ਇਹ ਲੋਕ ਮੇਰੀ ਛਾਤੀ ਉੱਪਰ ਆ ਚੜ੍ਹਨਗੇ ਤੇ ਛਾਤੀ ਉਪਰ ਬੈਠਾ ਸੱਪ ਮਾਰਨਾ ਬੜਾ ਔਖਾ ਹੁੰਦਾ ਹੈ।

ਸਿਕੰਦਰ ਲਈ ਇਹ ਸੱਪ ਸ਼ਾਹ ਕੋਟ ਦਾ ਰਾਜਾ ਵੀਰੋ ਰਸਾਲ ਸੀ। ਉਹ ਆਪਣੇ ਬਹਾਦਰ ਸਿਪਾਹੀਆਂ ਨਾਲ ਪਹਾੜੀ ਦੇ ਸਿਖਰ ਉਪਰ ਉਸਾਰੇ ਦੁਰਗ ਵਿਚ ਸੀ। ਜਿਸ ਨੂੰ ਜੰਗੀ ਪੈਂਤੜੇ ਤੋਂ ਤਿਆਰ ਕੀਤਾ ਗਿਆ ਸੀ। ਪਹਾੜੀ ਦੇ ਪੈਰਾਂ ਵਿਚ ਡੂੰਘੀ ਝੀਲ ਸੀ। ਦੁਰਗ ਦੀਆਂ ਕੱਚੀਆਂ ਕੰਧਾਂ ਦੋ ਦੋ ਗਜ਼ ਚੌੜੀਆਂ ਸਨ। ਦੁਸ਼ਮਣ ਦੀਆਂ ਹਰਕਤਾਂ ਉਪਰ ਦੂਰ ਤੱਕ ਨਿਗਾਹ ਰੱਖੀ ਜਾ ਸਕਦੀ ਸੀ। ਵੀਰੋ ਰਸਾਲ ਪੂਰੀ ਤਰ੍ਹਾਂ ਕੁਦਰਤੀ ਸੁਰੱਖਿਆ ਵਿਚ ਸੀ।

ਦੂਜੇ ਪਾਸੇ ਸਿਕੰਦਰ ਦੇ ਮੂੰਹ ਨੂੰ ਲਹੂ ਲੱਗ ਚੁੱਕਾ ਸੀ। ਰਾਜੇ ਅੰਭੀ ਦੀ ਸੈਨਾ ਵੀ ਉਸਦੇ

---

* ਪੜਾਅ ਵਾਲਾ ਇਹ ਇਲਾਕਾ ਅੱਜ ਦੀ ਪਿੰਡੀ ਭੱਟੀਆਂ ਅਤੇ ਸੁੱਖੇ ਕੀ ਦੇ ਵਿਚਕਾਰਲਾ ਸਾਂਦਲ ਬਾਰ ਦਾ ਇਲਾਕਾ ਸੀ।

** ਸਥਾਨਕ ਲੋਕ ਇਸਨੂੰ 'ਸਾਕਲਾ' ਵੀ ਆਖਦੇ ਹਨ।



ਨਾਲ ਸੀ। ਉਸਨੇ ਚੰਗੀ ਤਰ੍ਹਾਂ ਦਿਨ ਵੀ ਨਾ ਚੜ੍ਹਨ ਦਿੱਤਾ, ਵੀਰੋ ਰਸਾਲ ਦੇ ਅੱਧ-ਸੁੱਤੇ ਜਾਗਦੇ ਸਿਪਾਹੀਆਂ ਨੂੰ ਜਾ ਪਏ। ਘੱਟ ਤਾਂ ਅੱਗੋਂ ਵੀ ਨਹੀਂ ਹੋਈ। ਜਿੰਨੀ ਜੋਗੇ ਸਨ, ਉਹ ਮੂਹਰੇ ਅੜੇ। ਤਲਵਾਰਾਂ ਭਿੜੀਆਂ, ਨੇਜ਼ੇ ਚੱਲੇ, ਖੰਡੇ ਖੜਕੇ, ਤੀਰਾਂ ਦੀ ਬਾਰਸ਼ ਹੋਈ। ਸਥਾਨਕ ਸਿਪਾਹੀ ਹੈਰਾਨ ਸਨ, ਅਜੀਬ ਹੈ ਯੂਨਾਨ ਵਲੋਂ ਆਈ ਸੈਨਾ, ਆਪਣੇ ਕੱਦਾਂ ਨਾਲੋਂ ਉੱਚੀਆਂ ਢਾਲਾਂ ਚੁੱਕ ਕੇ ਲੜਨ ਆਏ ਹਨ। ਉਹਨਾਂ ਨੂੰ ਤਾਂ ਸੈਨਿਕਾਂ ਦੀਆਂ ਸ਼ਕਲਾਂ ਵੀ ਨਹੀਂ ਸਨ ਦਿਸਦੀਆਂ। ਹਰ ਕੋਲ ਦਸ ਦਸ, ਬਾਰਾਂ ਬਾਰਾਂ ਹੱਥ ਲੰਮੇ ਬਰਛੇ, ਭਾਰੇ ਤੀਰ ਕਮਾਨ ਤੇ ਉਹ ਪੱਥਰ ਏਨੇ ਜ਼ੋਰ ਨਾਲ ਕਿਵੇਂ ਏਨੀ ਦੂਰ ਸੁੱਟਦੇ ਹਨ ? ਫਿਰ ਵੀ ਉਹਨਾਂ ਹੌਸਲੇ ਨਹੀਂ ਛੱਡੇ। ਸਿਪਾਹੀਆਂ ਦਾ ਏਨਾ ਖ਼ੂਨ ਡੁਲ੍ਹਿਆ, ਝੀਲ ਦਾ ਪਾਣੀ ਲਾਲ ਹੋ ਗਿਆ।

ਜਦੋਂ ਜਿੱਤ ਦੇ ਅਹਿਸਾਸ ਅਤੇ ਗਰੂਰ ਨਾਲ ਸਿਕੰਦਰ, ਪਹਾੜੀ ਉਪਰ ਥੇਹ ਬਣੇ ਦੁਰਗ ਅੰਦਰ ਗਿਆ। ਚੁਫੇਰੇ ਮਾਰੇ ਗਏ ਸੈਨਿਕਾਂ ਦੀਆਂ ਲਾਸ਼ਾਂ ਖਿੱਲਰੀਆਂ ਪਈਆਂ ਸਨ। ਜ਼ਖਮੀਆਂ ਦਾ ਵਿਰਲਾਪ ਸੁਣਦਾ ਸੀ। ਉਸ ਵੇਲੇ ਇਕ ਹੋਰ ਤੀਰ ਚੇਤਾਵਨੀ ਲੈ ਕੇ ਉਸਦੇ ਪੈਰਾਂ ਵਿਚ ਆਣ ਡਿੱਗਾ:

"ਤੇਰੇ ਲਈ ਇਹੀ ਚੰਗਾ ਹੈ, ਵਾਪਸ ਪਰਤ ਜਾਵੇਂ।"—ਸਾਂਗਲਾ ਦੇ ਲੋਕ। ਸਿਕੰਦਰ ਸਮਝ ਗਿਆ, ਇਹ ਲੋਕ ਮਨੋਂ ਈਨ ਮੰਨਣ ਵਾਲੇ ਨਹੀਂ।

ਇਹ ਘਟਨਾਵਾਂ ਸਦੀਆਂ ਪਹਿਲਾਂ ਦੀਆਂ ਹਨ।

****

ਇਸਤੋਂ ਬਾਅਦ, ਧਾੜਵੀਆਂ ਦੀਆਂ, ਹਮਲਾਵਰਾਂ ਦੀਆਂ, ਰਾਜਿਆਂ ਦੀਆਂ, ਹਿੰਦੁਸਤਾਨ ਉਪਰ ਝੁੱਲੀਆਂ ਹਨੇਰੀਆਂ ਅਤੇ ਝੱਖੜਾਂ ਦਾ ਲੰਮਾ ਸਿਲਸਿਲਾ ਹੈ।

ਜਲਾਲ-ਉ-ਦੀਨ ਖਿਲਜੀ ਪਹਿਲਾ ਰਾਜਾ ਸੀ, ਜਿਹੜਾ 1290 ਈਸਵੀ ਵਿਚ ਦਿੱਲੀ ਦੇ ਤਖ਼ਤ ਉਪਰ ਬੈਠਿਆ। ਆਏ ਦਿਨ ਹਮਲਾਵਰਾਂ ਅਤੇ ਧਾੜਵੀਆਂ ਦੀ ਅੰਨ੍ਹੀਂ ਲੁਟਮਾਰ ਅਤੇ ਕਤਲੋ-ਗ਼ਾਰਤ ਤੋਂ ਹਿੰਦ ਦੇ ਲੋਕਾਂ ਨੇ ਕੁਝ ਸੁੱਖ ਦਾ ਸਾਹ ਲਿਆ। ਦੁਖੀ ਤਾਂ ਭਾਵੇਂ ਉਹ ਪਹਿਲਾਂ ਵਾਂਗ ਹੀ ਸਨ। ਪਰ ਬਹੁਤੀ ਮੁਸੀਬਤ ਵਿਚ ਥੋੜੀ ਤਕਲੀਫ਼ ਸੁੱਖ ਵਾਂਗ ਜਾਪਣ ਲੱਗ ਪੈਂਦੀ ਹੈ।

ਸਮਾਂ ਤੁਰਦਾ ਰਿਹਾ। ਰੁੱਤਾਂ ਬਦਲਦੀਆਂ ਰਹੀਆਂ। ਹਾਕਮ ਵੀ ਬਦਲਦੇ ਰਹੇ। ਇਕ ਵੇਲੇ ਹਿੰਦੁਸਤਾਨ ਉਪਰ ਮੁਹੰਮਦ ਤੁਗਲਕ ਦੀ ਹਕੂਮਤ ਸੀ। ਗ਼ੈਰ-ਮੁਸਲਮਾਨਾਂ ਉਪਰ ਜ਼ੁਲਮ ਹੋਣ ਲੱਗੇ। ਲੋਕਾਂ ਨੂੰ ਜਬਰੀ ਮੁਸਲਮਾਨ ਬਣਾਇਆ ਜਾਣ ਲੱਗਾ। ਹੋਰ ਕਈ ਪ੍ਰਾਂਤਾਂ ਵਾਂਗ ਰਾਜਸਥਾਨ ਵਿਚ ਵੀ ਬਗਾਵਤਾਂ ਹੋਣ ਲੱਗੀਆਂ। ਰਾਜਪੂਤ, ਮੁਗਲਾਂ ਵਿਚਕਾਰ ਟਕਰਾ ਦੀ ਸਥਿਤੀ ਬਣ ਗਈ। ਛੁੱਟ-ਪੁੱਟ ਝੜਪਾਂ ਵੀ ਹੋਣ ਲੱਗੀਆਂ।

ਅਜਿਹੇ ਸਮੇਂ ਇਕ ਦਿਨ ਅਚਾਨਕ ਜੈਸਲਮੇਰ ਦੇ ਭੱਟੀ ਰਾਜਪੂਤਾਂ ਵਿਚ ਇਕ ਖਬਰ ਬਿਜਲੀ ਦੇ ਡਿੱਗਣ ਵਾਂਗ ਸੁਣੀ ਗਈ।

—ਸੁਣਿਆ ਏ, ਰਾਜਾ ਭਾਟੀ ਮੁਸਲਮਾਨ ਹੋ ਗਿਆ ਈ।'

—ਇਹ ਕਿਸ ਤਰ੍ਹਾਂ ਹੋ ਸਕਦੈ ?' ਵੱਡੀਆਂ ਵੱਟਦਾਰ ਪੱਗਾਂ ਅਤੇ ਕੁੰਡਲਦਾਰ ਮੁੱਛਾਂ ਫਰਕੀਆਂ।

—ਪੱਕੀ ਸੂੰਹ ਏ, ਪੀਰ ਸ਼ੇਖ ਇਸਮਾਈਲ ਨੂੰ ਉਸਨੇ ਆਪਣਾ ਮੁਰਸ਼ਦ ਬਣਾ ਲਿਆ ਹੋਇਐ।'

—ਗੱਲ ਸਹੀ ਏ ?' ਇਕ ਹੋਰ ਵੱਡੀ ਪੱਗ ਬੋਲੀ।

—ਆਹੋ ਪੱਕੀ ਸਹੀ ਏ। ਉਹ ਕਲਮਾ ਪੜ੍ਹ ਕੇ ਮੁਸਲਮਾਨ ਹੋ ਗਿਐ।'

—ਤਸੱਲਾ ਕਰ ਲਓ ਪਹਿਲਾਂ।'

—ਕੀਤਾ ਹੋਇਆ ਵੇ। ਸੁਣੀ ਸੁਣਾਈ ਗੱਲ ਥੋੜ੍ਹਾ ਈ ਕਰਨੇ ਪਏ ਆਂ। ਅੱਖੀਂ ਵੇਖਿਆ ਏ ਤੇ ਕੰਨੀਂ ਸੁਣਿਆ ਏ।'

—ਮੈਂ ਤੇ ਉਸਨੂੰ ਫਜ਼ਰ ਦੀ ਨਮਾਜ਼ ਪੜ੍ਹਦਿਆਂ ਵੀ ਵੇਖਿਐ, ਓਕੜੂ ਹੋਇਆ ਖੜ੍ਹਾ ਸੀ ਤੇ ਫਿਰ ਦੋਵੇਂ ਕੰਨ ਫੜਦਾ ਸੀ।'

—ਬੈਠਕ ਸੱਦੋ ਫਿਰ।' ਭਾਰੀਆਂ ਤੇ ਖਿੱਲਰਵੀਆਂ ਮੁੱਛਾਂ ਵਾਲੇ ਇਕ ਬਜ਼ੁਰਗ ਨੇ ਹੁਕਮ ਦਿਤਾ।

ਉਸੇ ਦਿਨ ਦੁਪਹਿਰ ਤੋਂ ਬਾਅਦ ਬੈਠਕ ਜੁੜ ਬੈਠੀ। ਜੈਸਲਮੇਰ ਦੇ ਮੁਹਤਬਰ ਭੱਟੀ ਰਾਜਪੂਤ ਮੁੱਛਾਂ ਨਾਲ ਮੁੱਛਾਂ ਜੋੜੀ ਸਲਾਹਵੀਂ ਪਏ ਰਹੇ। ਕਦੇ ਮੱਥਿਆਂ ਉਪਰ ਤਿਊੜੀਆਂ ਉਭਰਦੀਆਂ, ਕਦੇ ਮੁੱਛਾਂ ਫਰਕਦੀਆਂ, ਕਦੇ ਡੌਲਿਆਂ ਦੀਆਂ ਬੁੱਢੀਆਂ ਮੱਛਲੀਆਂ ਭੁੜਕਦੀਆਂ, ਕਦੇ ਅੱਖਾਂ ਰੱਤੀਆਂ ਹੁੰਦੀਆਂ, ਆਖ਼ਰ ਫੈਸਲਾ ਹੋਇਆ:

"ਰਾਜਾ ਭਾਟੀ ਦਾ ਅੱਜ ਤੋਂ ਹੁੱਕਾ ਪਾਣੀ ਬੰਦ। ਰੋਟੀ ਬੇਟੀ ਦੀ ਸਾਂਝ ਖ਼ਤਮ।" ਘੁਸਰ ਮੁਸਰ ਹੋਈ ਤਾਂ ਇਕ ਭਾਰੀ ਆਵਾਜ਼ ਸੁਣੀ ਸਭਨਾਂ ਨੂੰ,

—ਰਾਜ਼ੀ ਓਂ..... ?'

ਪੱਗਾਂ ਮੁੱਛਾਂ ਇਕ ਦੂਸਰੇ ਵਲ ਝਾਕੀਆਂ।

—ਰਾਜ਼ੀ ਆਂ।' ਸਾਂਝੀ ਆਵਾਜ਼ ਗੂੰਜੀ।

—ਰਾਜਾ ਭਾਟੀ ਨੂੰ ਏਥੇ ਜੈਸਲਮੇਰ ਅੰਦਰ ਨਹੀਓਂ ਵੱਸਣ ਦੇਣਾ।' ਭੀੜ ਵਿਚੋਂ ਇਕ ਨੇ ਗੁੱਸੇ ਨਾਲ ਆਖਿਆ।

—ਜਦ ਰੋਟੀ ਬੇਟੀ ਦੀ ਸਾਂਝ ਈ ਮੁੱਕ ਗਈ, ਵਸੇ ਪਿਆ, ਸਾਨੂੰ ਕੀ।' ਇਕ ਹੋਰ ਬੋਲਿਆ।

—ਨਹੀਂ ਸਾਨੂੰ ਬੜਾ ਕੁਝ ਏ। ਜਦ ਉਹ ਮੁਸਲਮਾਨ ਹੋ ਗਿਆ ਈ ਤੇ ਰਾਜਪੂਤਾਂ ਦੇ ਮੁਲਕ ਵਿਚੋਂ ਚਲਾ ਜਾਏ।'

ਤੇ ਆਖਦੇ ਨੇ, ਰਾਜਾ ਭਾਟੀ ਆਪਣੇ ਪਰਿਵਾਰ ਅਤੇ ਲਾਮ-ਲਸ਼ਕਰ ਸਮੇਤ ਨੂਰ ਮਹਿਲ ਦੇ ਜੰਗਲਾਂ ਵਲ ਜਾ ਨਿਕਲਿਆ। ਰਾਜਪੂਤਾਂ ਨੇ ਪਿੱਛਾ ਕੀਤਾ। ਇਕ ਸੂਰਮੇ ਨੇ ਬੜ੍ਹਕ ਮਾਰੀ—'ਅਸੀਂ ਪੰਜ ਵੀਹਾਂ ਕੋਹ ਭਾਟੀ ਦਾ ਪਿੱਛਾ ਕਰਾਂਗੇ।'

ਜਦੋਂ ਰਾਜਾ ਭਾਟੀ ਨੂੰ ਸੂਹ ਮਿਲੀ, ਪਿੱਛੇ ਵਾਹਰ ਲੱਗੀ ਆਉਂਦੀ ਹੈ ਤਾਂ ਉਹ ਸਪੇਰਿਆਂ ਦੇ ਭੇਸ ਵਿਚ ਆਪਣੇ ਪਰਿਵਾਰ ਸਮੇਤ ਬਚ ਨਿਕਲਿਆ। ਭਟਿੰਡੇ (ਅੱਜ ਦਾ ਬਠਿੰਡਾ) ਆਇਆ ਤਾਂ ਏਥੋਂ ਵੀ ਨਠਾ ਦਿੱਤਾ। ਫਿਰ ਥਾਂ ਥਾਂ ਭਟਕਦਾ, ਉਹ ਟਿਕਾਣੇ ਬਦਲਦਾ ਫਿਰਦਾ ਰਿਹਾ। ਕੋਈ ਕਬੀਲਾ ਚਾਰ ਦਿਨ ਬਹਿਣ ਦਿੰਦਾ ਤਾਂ ਡੇਰਾ ਲਾ ਲੈਂਦੇ, ਗੁੱਸੇ ਹੁੰਦੇ ਤਾਂ ਉੱਠਕੇ ਅਗਾਂਹ ਤੁਰ ਪੈਂਦੇ। ਹੋਰ ਬੜਾ ਕੁਝ ਨਾਲ ਸੀ, ਮੱਝਾਂ, ਗਾਵਾਂ, ਊਠ, ਘੋੜੇ, ਬੱਕਰੀਆਂ, ਬੈਲ-ਗੱਡੀਆਂ ਤੇ ਰਾਖੀ ਲਈ ਕੁੱਤੇ। ਮੁਸਲਮਾਨ ਬਣਨ ਦਾ ਏਨਾ ਕਸ਼ਟ ਭੋਗਣਾ ਪਏਗਾ, ਇਸ ਦਾ ਭਾਟੀ ਨੂੰ ਇਲਮ ਨਹੀਂ ਸੀ।

ਉਹ ਜਿਥੇ ਵੀ ਡੇਰਾ ਲਾਉਂਦੇ, ਸਥਾਨਕ ਲੋਕ ਜਾਂ ਚੋਰ ਲੋਕ ਹਨੇਰੇ ਵਿਚ ਪਸ਼ੂ ਖੋਲ੍ਹ ਕੇ



ਲੈ ਜਾਂਦੇ। ਭਾਂਡੇ ਚੋਰੀ ਹੋ ਜਾਂਦੇ। ਕਈ ਵਾਰ ਜਾਗ ਪੈਣ ਤੇ ਆਹਮੋ ਸਾਹਮਣੇ ਡਾਂਗ ਚਲਾਵੀਂ ਲੜ੍ਹਾਈ ਹੋ ਜਾਂਦੀ, ਸੱਟਾਂ ਲਗਦੀਆਂ। ਕਦੇ ਲੱਤ ਬਾਂਹ ਵੀ ਟੁੱਟ ਜਾਂਦੀ। ਸਾਰਿਆਂ ਨੂੰ ਵਖ਼ਤ ਪੈ ਜਾਂਦਾ। ਰਾਜਾ ਭਾਟੀ ਤੇ ਉਸਦੇ ਪੁੱਤਰ ਪੋਤਰੇ ਬੜੇ ਦੁੱਖੀ ਹੁੰਦੇ। ਕਲਪਦੇ, ਖਿੱਝਦੇ, ਆਪਸ ਵਿਚ ਹੀ ਲੜਨ ਲਗਦੇ।

—ਬਾਬਾ ਇਉਂ ਡਾਂਗ 'ਤੇ ਡੇਰੇ ਨਾਲ ਤਾਂ ਆਪਣਾ ਗੁਜ਼ਾਰਾ ਨੀ ਹੋਣਾ।' ਇਕ ਦਿਨ ਡੇਰਾ ਉਖਾੜਦਿਆਂ ਭਾਟੀ ਦੇ ਪੋਤਰੇ ਦਰਾਜ ਨੇ ਕਿਹਾ।

—ਮੈਂ ਤਾਂ ਆਪ ਦੁਖੀ ਆਂ ਪੁੱਤਰਾ। ਏਸ ਉਮਰ ਵਿਚ ਵੀ ਥੋਡੇ ਨਾਲ ਬਰਾਬਰ ਭਿੜਦਾਂ। ਬਹੁਤੀ ਵੇਰ ਤਾਂ ਪਸ਼ੂ-ਡੰਗਰ ਖੋਹਲਣ ਆਏ ਵਿਰਕਾਂ ਦੇ ਟੋਲੇ ਮੈਂ ਭਜਾਏ ਨੇ। ਥੋਨੂੰ ਕਿਹੜਾ ਪਤਾ ਨੀ।' ਭਾਟੀ ਅੰਦਰ ਰਾਜਪੂਤੀ ਖ਼ੂਨ ਅਜੇ ਵੀ ਪਹਿਲਾਂ ਵਾਂਗ ਖੌਲਦਾ ਸੀ।

—ਬਾਬਾ ਕਿਸੇ ਇਕ ਥਾਂ ਮੋਹੜੀ ਗੱਡੀਏ। ਉਸਨੂੰ ਆਪਣੀ ਮਿੱਟੀ ਕਹਿਣ ਜੋਗੇ ਹੋਈਏ। ਏਦਾਂ ਤਾਂ ਨਥਾਵੇਂ ਈ ਤੁਰ ਜਾਵਾਂਗੇ। ਆਪਣਾ ਤਾਂ ਨਾਂ ਥੇਹ ਨਹੀਂ ਲੱਭਣਾ ਕਿਧਰੇ।' ਦਰਾਜ ਦੇ ਬੋਲਾਂ ਵਿਚ ਟੱਪਰੀਵਾਸ ਹੋਣ ਦਾ ਦੁੱਖ ਝਲਕਦਾ ਸੀ।

ਏਸ ਵੇਲੇ ਉਹ ਦਰਿਆ ਰਾਵੀ ਦੇ ਕੰਢੇ ਬੈਠੇ ਸਨ। ਰਾਜਾ ਭਾਟੀ ਪੋਤਰੇ ਦੇ ਉਦਾਸ ਚਿਹਰੇ ਵੱਲ ਤੱਕਣ ਲੱਗਾ। ਫਿਰ ਦੂਰ ਤੀਕਰ ਨਿਗਾਹ ਮਾਰੀ। ਕੁਝ ਪਰ੍ਹਾਂ ਉਸਦੇ ਡੰਗਰ, ਊਠ, ਘੋੜੇ, ਮੱਝਾਂ ਬੱਕਰੀਆਂ ਚਰ ਰਹੇ ਸਨ। ਚੁਫੇਰੇ ਛੋਟੀਆਂ ਝਾੜੀਆਂ, ਵਣ, ਜੰਡ, ਕਰੀਰ, ਫਰਮਾਹ ਅਤੇ ਤੂਤਾਂ ਦੇ ਰੁੱਖ ਸਨ। ਦੂਰ ਤੱਕ ਲੰਮੀਆਂ ਚਰਾਗਾਹਾਂ ਸਨ। ਸੁੰਨਾ ਬੇ ਅਬਾਦ ਇਲਾਕਾ, ਪਰ ਬੇਹੱਦ ਰਮਣੀਕ।

ਰਾਜਾ ਭਾਟੀ ਚੁਫੇਰੇ ਨਿਹਾਰਦਾ ਡੂੰਘੀਆਂ ਸੋਚਾਂ ਵਿਚ ਲਹਿ ਗਿਆ। ਧਰਮ ਤਬਦੀਲ ਕਰਨ ਨਾਲ ਇਕ ਬੰਦਾ ਏਨਾ ਅਛੂਤ ਬਣ ਜਾਂਦਾ ਹੈ। ਸਮਾਜ ਨੂੰ, ਭਾਈਚਾਰੇ ਨੂੰ, ਕਬੀਲੇ ਨੂੰ ਉਸ ਨਾਲ ਰੋਟੀ ਬੇਟੀ ਦੀ ਸਾਂਝ ਵੀ ਗਵਾਰਾ ਨਹੀਂ ਹੁੰਦੀ। ਉਹਦੇ ਆਪਣੇ ਹੀ, ਉਸਦੀ ਜਾਨ ਦੇ ਦੁਸ਼ਮਣ ਬਣ ਬਹਿੰਦੇ ਹਨ। ਉਹ ਦਰ ਦਰ ਭਟਕਣ ਲਈ ਮਜਬੂਰ ਹੋ ਜਾਂਦਾ ਹੈ।

—ਕੀ ਹੋਇਆ ਈ ਬਾਬਾ, ਏਨਾ ਚੁੱਪ ਕਿਉਂ ਹੋ ਗਿਆ, ਮੈਂ ਕੋਈ ਮਾੜੀ ਗੱਲ ਤੇ ਨਹੀਂ ਆਖ ਬੈਠਾ ?' ਦਰਾਜ ਨੂੰ ਫ਼ਿਕਰ ਹੋਇਆ।

—ਨਹੀਂ ਪੁੱਤਰ, ਤੇਰਾ ਸੰਸਾ ਤਾਂ ਸਹੀ ਏ। ਬੰਦੇ ਦੀ ਕੋਈ ਥਾਉਂ ਤਾਂ ਆਪਣੀ ਹੋਵੇ। ਮੈਂ ਤਾਂ ਆਪਣੇ ਭਾਗਾਂ ਨੂੰ ਕੋਸਦਾ ਪਿਆ ਸਾਂ। ਕਦੇ ਰਾਜੇ ਹੁੰਦੇ ਸਾਂ ਤੇ ਅੱਜ ਚਾਰ ਗਿੱਠਾਂ ਨੂੰ ਵੀ ਆਪਣੀ ਮਿੱਟੀ ਨਹੀਂ ਆਖ ਸਕਦੇ। ਪੁੱਤਰ ਇਕ ਗੱਲ ਏ, ਮੋਹੜੀ ਤਾਂ ਗੱਡ ਦੇਨੇਂ ਆਂ, ਪਰ ਤਕੜਾ ਹੋਣਾ ਪੈਣਾ ਈ। ਕਰਾਰੇ ਹੱਥ ਵਿਖਾਇਆਂ ਬਿਨਾਂ ਕਿਸੇ ਟਿੱਕਣ ਨਹੀਂ ਦੇਣਾ। ਸਾਰੀ ਬਾਰ ਵਿਹਲੀ ਪਈ ਊ, ਅੱਲਾਹ ਦਾ ਨਾਂ ਲੈ, ਥਾਂ ਚੁਣ ਲੈ, ਵੇਖੀ ਜਾਊ।'

—ਵੇਖੀ ਜਾਊ ਕੀ ਬਾਬਾ, ਜਿਹੜਾ ਅੱਗਿਓਂ ਆਊ, ਉਹ ਵੀ ਤਾਂ ਦੋ ਹੱਥਾਂ ਦੋ ਪੈਰਾਂ ਵਾਲਾ ਈ ਹੋਣਾ।' ਦਰਾਜ ਹੌਂਸਲੇ ਨਾਲ ਬੋਲਿਆ।

ਤੇ ਉਹਨਾਂ ਪਿੰਡ ਫਤਿਹ ਕੀ ਤੋਂ ਥੋੜ੍ਹਾ ਹਟਵਾਂ ਪੱਕੇ ਡੇਰੇ ਲਾਉਣ ਲਈ ਜਗ੍ਹਾ ਚੁਣ ਲਈ। ਜਦੋਂ ਛੰਨਾਂ ਪਾਉਣ ਲਈ ਟੰਬੇ ਗੱਡੇ ਜਾ ਰਹੇ ਸਨ, ਤਾਂ ਬਾਬੇ ਦੇ ਇਕ ਹੋਰ ਪੋਤਰੇ ਨੇ ਪੁੱਛਿਆ:—'ਨੀਹਾਂ ਕਿੰਨੀਆਂ ਕੁ ਡੂੰਘੀਆਂ ਪੁਟੀਏ ?'

—ਜਿੰਨੀ ਲੋੜ ਏ, ਉਸਤੋਂ ਵਧੇਰੇ ਡੂੰਘੀਆਂ ਨਹੀਂ ਪੁੱਟਣੀਆਂ ਪੁਤਰੋ। ਨੀਹਾਂ ਨੂੰ ਕੁਝ ਇਲਮ ਨਹੀਂ ਹੁੰਦਾ, ਉਹਨਾਂ ਉਪਰ ਕੀ ਉਸਰਨਾ ਹੈ।'

—ਦੋ ਛੰਨਾਂ ਵਿਚ ਭੋਰੇ ਖੋਦ ਲਈਏ ? ਦਰਾਜ ਪੋਤਰੇ ਨੇ ਪੁੱਛਿਆ।

—ਕੀ ਲੋੜ ਏ ਪੁੱਤਰਾ। ਜਿੰਨੀ ਵਾਰ ਅਸੀਂ ਦੂਸਰਿਆਂ ਨੂੰ ਧੋਖਾ ਦੇਵਾਂਗੇ, ਉਸ ਤੋਂ ਕਿਤੇ ਵੱਧ ਆਪਣੇ ਆਪ ਨਾਲ ਧੋਖਾ ਖਾਵਾਂਗੇ।' ਭਾਟੀ ਦੇ ਬੋਲ ਉਮਰ ਦੇ ਤਜਰਬੇ ਵਿਚੋਂ ਨਿਕਲੇ।

****

ਸਮਾਂ ਰੁਕਿਆ ਨਹੀਂ। ਸਮਾਂ ਰੁੱਕਦਾ ਵੀ ਨਹੀਂ। ਤਕੜੇ ਕਬੀਲੇ ਕਮਜ਼ੋਰਾਂ ਨੂੰ ਅਗਾਂਹ ਧੱਕਦੇ ਰਹੇ ਜਾਂ ਉਹਨਾਂ ਦੀ ਵੱਖਰੀ ਹੋਂਦ ਸਮਾਪਤ ਕਰਕੇ ਆਪਣੇ ਵਿਚ ਮਿਲਾਉਂਦੇ ਰਹੇ। ਜਰਖ਼ੇਜ਼ ਚਰਾਗਾਹਾਂ ਉਪਰ, ਦਰਿਆਵਾਂ ਦੇ ਰਮਣੀਕ ਕੰਢਿਆਂ ਉਪਰ, ਪੱਤਣਾਂ ਉਪਰ ਕਬਜ਼ੇ ਹੁੰਦੇ ਰਹੇ। ਬਲਹੀਣਾਂ ਦੇ ਢੋਰ-ਡੰਗਰ ਜਾਂ ਖੋਹੇ ਜਾਂਦੇ ਰਹੇ, ਚੋਰੀ ਹੁੰਦੇ ਰਹੇ ਜਾਂ ਫਿਰ ਕੰਨੀਆਂ 'ਤੇ ਚਰਨ ਲਈ ਮਜਬੂਰ ਹੁੰਦੇ ਰਹੇ।

ਹਿੰਦੂਆਂ ਤੋਂ ਮੁਸਲਮਾਨ ਬਣੇ ਭੱਟੀ ਰਾਜਪੂਤ ਫੈਲਦੇ ਗਏ। ਬੇ-ਅਬਾਦ ਚਰਾਗਾਹਾਂ ਅਬਾਦ ਹੁੰਦੀਆਂ ਗਈਆਂ। ਨਵੇਂ ਪੱਤਣ ਬਣਦੇ ਗਏ। ਰਾਜਾ ਭਾਟੀ ਦੇ ਪੁੱਤਰ, ਪੋਤਰੇ, ਪੜਪੋਤਰੇ ਆਸ ਪਾਸ ਦੇ ਖੇਤਰ ਉਪਰ, ਬੀੜਾਂ ਉਪਰ, ਝਿੜੀਆਂ ਉਪਰ ਕਾਬਜ਼ ਹੁੰਦੇ ਰਹੇ।

ਸਮਾਂ ਲੰਘਦਾ ਗਿਆ।

ਇਕ ਸਮੇਂ ਰਾਜਾ ਭਾਟੀ ਦੇ ਪੋਤਰੇ ਦਰਾਜ ਦੇ ਪੁੱਤਰ ਆਦੂ ਨੇ ਖਾਨਗਾਹ ਅਸਰੂਰ ਵਸੇਬਾ ਕਰਕੇ ਆਪਣੀ ਵੱਖਰੀ ਹੋਂਦ ਸਥਾਪਤ ਕਰ ਲਈ।

ਦਰਾਜ ਦੇ ਬਾਰ੍ਹਾਂ ਪੁੱਤਰ ਸਨ।

ਚਾਰ ਪੁੱਤਰ, ਦਾਦੂ, ਲਾਖੜ, ਅਰੀਕੂ ਮੱਲ ਅਤੇ ਤਾਜੂ ਆਪਣੇ ਪਰਿਵਾਰਾਂ ਨਾਲ ਦਰਿਆ ਚਨਾਬ ਵੱਲ ਵਧ ਗਏ ਤੇ ਇਕ ਬੇ-ਅਬਾਦ ਬੀੜ ਵੇਖਕੇ ਆਰਜ਼ੀ ਡੇਰੇ ਗੱਡ ਲਏ ਇਸਦੇ ਲਾਗੇ ਇਕ ਪਿੰਡ 'ਬਾਗ ਸੀਹੂ' ਪਹਿਲਾਂ ਹੀ ਆਬਾਦ ਸੀ। ਇਥੇ 'ਹਿੰਜਰਾ' ਕਬੀਲੇ ਦੇ ਲੋਕ ਵਸਦੇ ਸਨ ਤੇ ਉਹਨਾਂ ਦਾ ਮੁਖੀਆ ਸੀਹੂ ਸੀ। ਸੀਹੂ ਨੇ ਭੱਟੀਆਂ ਨੂੰ ਆਖ ਦਿੱਤਾ ਸੀ—ਜਿੰਨੀ ਦੇਰ ਏਸ ਪਿੰਡ ਦੇ ਵਾਸੀ ਤੁਸਾਂ ਦੇ ਡੇਰੇ ਤੋਂ ਪਰੇਸ਼ਾਨ ਨਹੀਂ ਹੋਣਗੇ, ਉਨੀਂ ਦੇਰ ਏਥੇ ਰਹਿ ਸਕਦੇ ਹੋ, "ਜੇ ਮਾਲ ਡੰਗਰ ਜਾਂ ਸਾਡੀਆਂ ਤੀਵੀਆਂ ਉਪਰ ਅੱਖ ਮੈਲੀ ਕੀਤੀ ਤਾਂ ਸਾਡੇ ਲੋਕ ਤਹਾਨੂੰ ਏਥੋਂ ਖਦੇੜ ਦੇਵਣਗੇ।

ਪਰ ਅਜਿਹੀ ਸਥਿਤੀ ਦੀ ਨੌਬਤ ਨਹੀਂ ਆਈ।

ਦਿਨ ਭਰ ਦਾ ਕੰਮ ਤਾਂ ਏਨਾ ਹੀ ਹੁੰਦਾ ਸੀ, ਪਸ਼ੂ ਚਾਰਨੇ, ਸ਼ਿਕਾਰ ਖੇਡਣਾ ਜਾਂ ਅਗਰ ਕੋਈ ਕਬੀਲਾ ਹੱਲਾ ਕਰਕੇ, ਲੁੱਟਣਾ ਜਾਂ ਖਦੇੜਣਾ ਚਾਹੁੰਦਾ ਹੈ, ਉਸ ਨਾਲ ਦੋ ਹੱਥ ਕਰਨੇ। ਜਿਉਂਦੇ ਹਨ ਤਾਂ ਆਪਣੀਆਂ ਤੀਵੀਆਂ ਨਾਲ ਸੌਣਾ ਤੇ ਕਬੀਲੇ ਦੀ ਸੰਖਿਆ ਵਧਾਉਣੀ। ਰਾਤ ਦੇ ਹਨੇਰੇ ਵਿਚ ਇਕ ਹੋਰ ਵੀ ਕੰਮ ਹੁੰਦਾ ਸੀ, ਪੂਰੀ ਮੁਸਤੈਦੀ ਨਾਲ ਜਾਗਦਿਆਂ ਆਪਣੇ ਡੰਗਰ ਚੋਰੀ ਹੋਣ ਤੋਂ ਬਚਾਉਣੇ ਤੇ ਜੇ ਦਾਅ ਲੱਗ ਜਾਵੇ ਤਾਂ ਦੂਸਰਿਆਂ ਦੇ ਪਸ਼ੂ ਖੋਲ੍ਹ ਕੇ ਦਰਿਆ ਪਾਰ ਕਰਕੇ ਖੁਰਾ ਖੋਜ ਮਿਟਾਉਣਾ। ਅਜਿਹੇ ਕੰਮ ਨੂੰ ਵੀ ਸੂਰਮਗਤੀ ਦਾ ਕੰਮ ਸਮਝਿਆ ਜਾਂਦਾ ਸੀ।

ਇਕ ਦਿਨ ਭੱਟੀ ਕਬੀਲੇ ਦੇ ਦੋ ਨੌਜਵਾਨ ਜੰਗਲ ਵੱਲ ਸ਼ਿਕਾਰ ਕਰਨ ਨਿਕਲੇ ਤੇ ਘੁੰਮਦੇ ਘੁੰਮਾਉਂਦੇ ਇਕ ਜਗ੍ਹਾ ਅਜੀਬ ਵਰਤਾਰਾ ਦੇਖ ਕੇ ਹੈਰਾਨ ਰਹਿ ਗਏ। ਦੋਵੇਂ ਝਾੜੀਆਂ



ਦੀ ਓਟ ਵਿਚ ਹੋ ਗਏ। ਵੇਖਦੇ ਹਨ, ਇਕ ਭੇਡ ਆਪਣੇ ਲੇਲਿਆਂ ਨੂੰ ਬਚਾਉਣ ਲਈ ਦੋ ਭੇੜੀਆਂ ਨੂੰ ਰੋਕੀ ਖੜ੍ਹੀ ਹੈ ਤੇ ਉਹਨਾਂ ਉਪਰ ਬਾਰ ਬਾਰ ਹਮਲਾ ਕਰ ਰਹੀ ਹੈ। ਭੇੜੀਏ ਲੇਲਿਆਂ ਨੂੰ ਚੁੱਕਣ ਦੀ ਤਾਕ ਵਿਚ ਹਨ। ਕੁਝ ਦੇਰ ਤੱਕ ਨੌਜਵਾਨ ਇਹ ਅਜੀਬ ਤਮਾਸ਼ਾ ਵੇਖਦੇ ਰਹੇ। ਫਿਰ ਨੌਜਵਾਨਾਂ ਨੇ ਭੇੜੀਆਂ ਨੂੰ ਨਠਾ ਦਿੱਤਾ ਤੇ ਲੇਲੇ ਭੇਡ ਸਮੇਤ ਆਪਣੇ ਨਾਲ ਲੈ ਆਏ।

ਰਾਤ ਨੂੰ ਭੱਟੀਆਂ ਸੰਗਤ ਕੀਤੀ। ਨੌਜਵਾਨ ਸ਼ਿਕਾਰੀਆਂ ਨੇ ਭੇਡ ਅਤੇ ਭੇੜੀਆਂ ਵਾਲੀ ਵਿਥਿਆ ਸੁਣਾਈ। ਹੈਰਾਨ ਹੋਏ ਵਡੇਰਿਆਂ ਨੇ ਦਿਨ ਚੜ੍ਹਨ ਤੇ ਉਹ ਥਾਂ ਵੇਖਣ ਦਾ ਫੈਸਲਾ ਕੀਤਾ।

ਦੂਸਰੇ ਦਿਨ ਜਦੋਂ ਸਭਨਾਂ ਨੇ ਉਹ ਥਾਂ ਵੇਖੀ, ਚੁਫੇਰੇ ਸੰਘਣੀਆਂ ਕੰਡੇਦਾਰ ਝਾੜੀਆਂ, ਜੰਗਲ, ਕੋਲੋਂ ਦੀ ਖਹਿ ਕੇ ਵਗਦਾ ਝਨਾ ਦਰਿਆ। ਹਰ ਪੱਖੋਂ ਇਹ ਥਾਂ ਲਾਹੇਵੰਦ ਸੀ। ਵੱਡੇ ਸਿਰ ਜੁੜੇ। ਸਲਾਹ ਮਸ਼ਵਰਾ ਹੋਇਆ ਤੇ ਸਾਰੇ ਦੇ ਸਾਰੇ ਏਥੇ ਆ ਵਸੇ।*

****

ਸਮਾਂ ਤੁਰਦਾ ਰਿਹਾ।

ਭੱਟੀ ਕਬੀਲੇ ਦੇ ਬਜ਼ੁਰਗ ਜੁੜਦੇ। ਭਵਿੱਖ ਬਾਰੇ ਵਿਚਾਰਾਂ ਹੁੰਦੀਆਂ। ਸਿਆਣੇ ਗੱਭਰੂਆਂ ਨੂੰ ਸਮਝਾਉਂਦੇ:

—'ਕੁਦਰਤ ਦਾ ਹਰ ਕਦਮ ਸਾਡਾ ਮਿੱਤਰ ਬਣ ਸਕਦਾ ਹੈ ਤੇ ਹਰ ਕਦਮ ਵੈਰੀ ਵੀ ਬਣ ਸਕਦਾ ਹੈ। ਦਰਿਆ ਝਨਾ ਦਾ ਪਾਣੀ ਹਯਾਤੀ ਵੀ ਦਿੰਦਾ ਹੈ ਤੇ ਮੌਤ ਵੀ। ਕੁਝ ਚੀਜ਼ਾਂ ਅੱਲਾਹ ਨੇ ਆਪਣੇ ਹੱਥ ਰੱਖੀਆਂ ਹੋਈਆਂ ਨੇ। ਉਹਦੀ ਰਜ਼ਾ ਬਿਨਾਂ ਪੱਤਾ ਵੀ ਨਹੀਂ ਹਿੱਲ ਸਕਦਾ। ਹਯਾਤੀ, ਮੌਤ, ਜਿੱਤਾਂ, ਹਾਰਾਂ ਦੁੱਖ ਔਰ ਸੁੱਖ ਸਭ ਅੱਲਾਹ ਦੇ ਹੱਥਾਂ ਵਿਚ ਨੇ। ਸਾਡੇ ਵਡੇਰੇ ਬੜੇ ਵੱਡੇ ਬੰਦੇ ਹੈ ਸਨ। ਹਕੂਮਤਾਂ ਕਰਨ ਵਾਲੇ। ਜਿੰਨਾ ਚਿਰ ਸਾਡੇ ਵਿਚ ਏਕਾ ਏ, ਜਿੰਨਾ ਚਿਰ ਸਾਡੇ ਵਿਚ ਕੋਈ ਕੰਧ ਨਹੀਂ ਉਸਰਦੀ, ਸਾਡੇ ਉਪਰ ਕਾਬਜ਼ ਹੋਣਾ ਡਾਹਢਾ ਔਖਾ ਏ।' ਉਹ ਬੀਤੇ ਸਮੇਂ ਅਤੇ ਆਪਣੇ ਪੁਰਖਿਆਂ ਲਈ ਝੂਰਦੇ ਤੇ ਜਿਉਂਦਿਆਂ ਦੀ ਹਿਫਾਜ਼ਤ ਲਈ ਵਿਉਂਤਾਂ ਘੜਦੇ।

ਸਮਾਂ ਆਪਣੀ ਤੋਰ ਤੁਰਦਾ ਰਿਹਾ।

ਰੁੱਤਾਂ ਅਤੇ ਮੌਸਮਾਂ ਵਾਂਗ ਧਾੜਵੀ ਅਤੇ ਹਾਕਮ ਬਦਲਦੇ ਰਹੇ। ਕਬੀਲੇ, ਭਾਈਚਾਰੇ ਅਤੇ ਲੋਕ, ਥਾਵਾਂ ਅਤੇ ਵਫਾਦਾਰੀਆਂ ਤਬਦੀਲ ਕਰਦੇ ਰਹੇ। ਬਜ਼ੁਰਗ ਆਪਣੇ ਸੁਭਾਅ ਅਨੁਸਾਰ ਚੋਬਰਾਂ ਨੂੰ ਸਿੱਖਿਆ ਦਿੰਦੇ ਰਹੇ। ਤਬਦੀਲੀ ਦਾ ਸਮਾਂ, ਜਲੇਬੀ ਸੱਪ ਵਾਂਗ ਬੜਾ ਔਂਤਰਾ ਹੁੰਦਾ ਏ। ਜਿਥੇ ਇਸਦੀ ਪੂਛ ਹੁੰਦੀ ਹੈ, ਉਥੇ ਈ ਇਸਦਾ ਮੂੰਹ ਛੁਪਾਇਆ ਹੁੰਦਾ ਏ। ਤੁਸੀਂ ਪੂਛ ਫੜਨੀ ਚਾਹੁੰਦੇ ਹੋ, ਉਹ ਧਾਅਡੇ ਮੱਥੇ ਉਪਰ ਡੰਗ ਮਾਰਦਾ ਏ। ਤੁਸਾਂ ਸੱਪ ਵੀ ਫੜਨਾ ਏ ਤੇ ਆਪਣੇ ਮੱਥੇ ਦੀ ਹਿਫਾਜ਼ਤ ਵੀ ਕਰਨੀ ਏ।

****

* ਇਹ ਉਹ ਇਲਾਕਾ ਸੀ, ਜਿਥੇ ਸਦੀਆਂ ਪਹਿਲਾਂ ਸਿਕੰਦਰ ਦੇ ਤੰਬੂ ਵਿਚ ਤੀਰ ਵੱਜਿਆ ਸੀ ਤੇ ਉਸਨੂੰ ਚੇਤਾਵਨੀ ਦਿੱਤੀ ਸੀ—'ਤੇਰੇ ਲਈ ਇਹੀ ਚੰਗਾ ਹੈ, ਵਾਪਸ ਪਰਤ ਜਾਵੇਂ। ਇਹੀ ਇਲਾਕਾ ਅੱਜ ਪਿੰਡੀ ਭੱਟੀਆਂ ਦੇ ਨਾਮ ਨਾਲ ਪ੍ਰਸਿੱਧ ਹੈ

ਮੁਗਲ ਧਾੜਵੀ, ਹਿੰਦੁਸਤਾਨ ਉਪਰ ਕਾਬਜ਼ ਹੋਣ ਲਈ, ਇਸਨੂੰ ਲੁੱਟਣ ਲਈ ਬਾਰ ਬਾਰ ਹਮਲੇ ਕਰਦੇ ਰਹੇ। ਉਹ ਜਿਧਰੋਂ ਵੀ ਲੰਘਦੇ ਸਨ, ਤਬਾਹੀ ਮਚਾ ਦਿੰਦੇ ਸਨ। ਸਬੱਬ ਨਾਲ ਧਾੜਵੀਆਂ ਦਾ ਮਾਰਗ ਭੱਟੀਆਂ ਦੀ ਪਿੰਡੀ ਵਿਚੋਂ ਦੀ ਲੰਘਦਾ ਸੀ। ਇਥੋਂ ਦੇ ਪੱਤਣ ਤੋਂ ਹੀ ਉਹ ਦਰਿਆ ਝਨਾਂ (ਚਨਾਬ) ਪਾਰ ਕਰਦੇ ਸਨ। ਧਾੜਵੀਆਂ ਦੇ ਘੋੜੇ, ਊਠ, ਹਾਥੀ, ਸੁੱਖ ਸ਼ਾਂਤੀ ਨਾਲ ਵਸਦੇ ਇਹਨਾਂ ਪਿੰਡਾਂ ਦੇ ਲੋਕਾਂ ਦੀਆਂ ਫਸਲਾਂ ਉਜਾੜ ਦਿੰਦੇ ਸਨ। ਸਿਪਾਹੀ ਘਰ ਦਾਖਲ ਹੋ ਕੇ ਮਾਲ ਅਸਬਾਬ ਲੁੱਟ ਲੈਂਦੇ ਸਨ। ਔਰਤਾਂ ਅਤੇ ਲੜਕੀਆਂ ਦੀ ਬੇਪਤੀ ਕਰਦੇ ਸਨ। ਔਖੇ ਵੇਲਿਆਂ ਲਈ ਜਮ੍ਹਾਂ ਕੀਤਾ ਅਨਾਜ ਧੱਕੇ ਨਾਲ ਚੁੱਕ ਕੇ ਲੈ ਜਾਂਦੇ ਸਨ। ਹਾਲ-ਦੁਹਾਈ ਪਾਉਂਦੇ ਲੋਕ ਧਾੜਵੀਆਂ ਦੇ ਮੁੱਖੀ ਕੋਲ ਫਰਿਆਦ ਲੈ ਕੇ ਜਾਂਦੇ ਤਾਂ ਉਲਟਾ ਉਹਨਾਂ ਦੇ ਹੀ ਕੋੜੇ ਲਾਏ ਜਾਂਦੇ। ਮੁਆਵਜ਼ਾ ਤਾਂ ਕੀ ਮਿਲਣਾ ਸੀ, ਬਹੁਤੀ ਵਾਰ ਸਿਪਾਹੀ ਵਿਰੋਧ ਕਰਨ ਵਾਲਿਆਂ ਦੇ ਘਰਾਂ ਨੂੰ ਅੱਗਾਂ ਲਾ ਦਿੰਦੇ। ਜਿਉਂਦਿਆਂ ਨੂੰ ਸਾੜ ਦਿੰਦੇ। ਧਾੜਵੀ ਅੱਗੇ ਵਧ ਜਾਂਦੇ। ਪਿੱਛੇ ਰਹਿ ਜਾਂਦੇ....,ਤਬਾਹ ਹੋਏ ਘਰ, ਉਜੜੀਆਂ ਫਸਲਾਂ। ਹਰ ਘਰ ਵਿਚ ਮਾਤਮ। ਲੋਕ ਹੌਲੀ ਹੌਲੀ ਸੰਭਲਦੇ। ਘਰਾਂ ਦੀ ਮੁਰੰਮਤ ਕਰਦੇ। ਖ਼ੇਤਾਂ ਵਿਚ ਫਿਰ ਹਲ ਚਲਾਉਂਦੇ। ਬੀਜਦੇ। ਏਨੇ ਵਿਚ ਕੋਈ ਹੋਰ ਧਾੜਵੀ ਆ ਹੱਲਾ ਬੋਲਦਾ। ਪਿੰਡੀ ਅਤੇ ਲਾਗੇ-ਚਾਗੇ ਦੇ ਪਿੰਡਾਂ ਵਿਚ ਫਿਰ ਪਰਲੋ ਆ ਜਾਂਦੀ।

ਅਜਿਹੇ ਹਾਲਾਤਾਂ ਵਿਚ ਵਸੇਬਾ ਕਰਦੇ ਲੋਕਾਂ ਨੂੰ ਇਹ ਨਹੀਂ ਸੀ ਪਤਾ ਹੁੰਦਾ, ਦਿਨ ਚੜ੍ਹਦੇ ਨੂੰ ਉਹਨਾਂ ਨਾਲ ਕੀ ਹੋਣੀ ਵਰਤਣੀ ਹੈ। 'ਖਾਧਾ ਪੀਤਾ ਲਾਹੇ ਦਾ' ਤਰਜ਼ 'ਤੇ ਲੋਕ ਜਿਉਣ ਲਈ ਮਜਬੂਰ ਸਨ।

ਇਤਿਹਾਸ ਦਾ ਇਹ ਉਹ ਸਮਾਂ ਸੀ, ਜਦੋਂ ਲਗਭਗ 400 ਸਾਲ ਬਾਅਦ ਮੁ਼ਗ਼ਲਾਂ ਦੇ ਭਟਕਣ ਤੋਂ ਬਾਅਦ ਬਾਬਰ ਨੇ ਦਿੱਲੀ ਦੇ ਤਖ਼ਤ ਉਪਰ ਕਬਜ਼ਾ ਕੀਤਾ। ਭਾਵੇਂ ਉਹ ਚਾਰ ਕੁ ਸਾਲ ਹੀ ਰਾਜ ਕਰ ਸਕਿਆ ਤੇ ਉਸਦਾ ਪੁੱਤਰ ਹਮਾਯੂੰ ਕੁੱਲ ਛੇ ਮਹੀਨੇ। ਪਰ ਇਸ ਸਮੇਂ ਨੇ ਹਿੰਦੁਸਤਾਨ ਦੇ ਇਤਿਹਾਸ ਦਾ ਰੁਖ਼ ਹੀ ਬਦਲ ਦਿੱਤਾ।

ਏਸ ਸਮੇਂ ਪਿੰਡੀ ਵਿਚ ਨੱਥੂ ਖ਼ਾਨ ਭੱਟੀ ਦਾ ਪੁੱਤਰ ਬਿਜਲੀ ਖ਼ਾਨ ਜਿਸਨੂੰ ਇਲਾਕੇ ਦੇ ਲੋਕ ਸਾਂਦਲ ਆਖਦੇ ਸਨ ਤੇ ਉਹਦਾ ਪੁੱਤਰ ਫ਼ਰੀਦ ਖ਼ਾਨ ਇਕ ਮੱਤ ਦੇ ਲੋਕਾਂ ਨੂੰ ਜੋੜਨ ਵਿਚ ਰੁੱਝੇ ਹੋਏ ਸਨ। ਧਾੜਵੀਆਂ ਤੋਂ ਅੱਕੇ ਅਤੇ ਦੁਖੀ ਹੋਏ ਲੋਕਾਂ ਨੂੰ ਬਿਜਲੀ ਖ਼ਾਨ ਉਰਫ਼ ਸਾਂਦਲ ਮਸੀਹਾ ਜਾਪਣ ਲੱਗਾ। ਧਾੜਵੀਆਂ ਨੂੰ ਸਾਹਮਣੇ ਹੋ ਕੇ ਟੱਕਰਣ ਦੀਆਂ ਵਿਉਂਤਾਂ ਹਰ ਰੋਜ਼ ਬਣਦੀਆਂ-ਘੜਦੀਆਂ ਰਹਿਣ ਲੱਗੀਆਂ। ਹਮਾਯੂੰ ਵੇਲੇ ਤਾਂ ਬਿਜਲੀ ਖ਼ਾਨ ਅਤੇ ਉਸਦੇ ਸਾਥੀਆਂ ਨੇ ਇਕ ਸ਼ਾਹੀ ਟੁਕੜੀ ਨੂੰ ਘੇਰਿਆ ਸੀ। ਏਸ ਟੱਕਰ ਵਿਚ ਕੁਝ ਸ਼ਾਹੀ ਸਿਪਾਹੀ ਮਾਰੇ ਗਏ ਸਨ, ਕੁਝ ਨੱਠ ਗਏ ਸਨ। ਉਦੋਂ ਬੈਰੁਮ ਖਾਂ ਉਸਦੇ ਸਿਪਾਹ-ਸਾਲਾਰ ਨੇ ਹਮਾਯੂੰ ਨੂੰ ਤੁਰੰਤ ਹਮਲਾ ਕਰਕੇ ਬਗਾਵਤ ਦਬਾਉਣ ਦੀ ਆਗਿਆ ਮੰਗੀ ਸੀ। ਹਮਾਯੂੰ, ਸ਼ਰਾਬੀ ਅਫੀਮਚੀ ਅਤੇ ਵਿਲਾਸੀ ਸੀ। ਇਸ ਤਰ੍ਹਾਂ ਦੀਆਂ ਮਾਮੂਲੀ ਬਗਾਵਤਾਂ ਦੀ ਉਹ ਘੱਟ ਹੀ ਪਰਵਾਹ ਕਰਦਾ ਸੀ। ਅਜਿਹੀਆਂ ਝੜਪਾਂ ਨਾਲੋਂ ਉਹ ਨਸ਼ਈ ਹੋ ਕੇ ਤਵਾਇਫਾਂ ਦੇ ਨਾਚ ਵੇਖਣ ਵਿਚ ਵਧੇਰੇ ਰੁਚੀ ਰਖਦਾ ਸੀ।

ਇਸ ਹਮਲੇ ਦਾ ਵਿਰੋਧ ਨਾ ਹੋਣ ਕਾਰਨ ਭੱਟੀਆਂ ਦੇ ਹੌਸਲੇ ਬੁਲੰਦ ਹੋ ਗਏ। ਬਿਜਲੀ ਖ਼ਾਨ ਅਤੇ ਫ਼ਰੀਦ ਖ਼ਾਨ ਨੇ ਸਾਰੇ ਲੋਕਾਂ ਨੂੰ ਹਥਿਆਰਬੰਦ ਹੋਣ ਲਈ ਸ਼ਰੇਆਮ ਐਲਾਨ ਕੀਤਾ। ਤਲਵਾਰਾਂ-ਨੇਜ਼ੇ ਤੇ ਹੋਰ ਵੀ ਰਵਾਇਤੀ ਹਥਿਆਰਾਂ ਦਾ ਭੰਡਾਰ ਕਰਨ ਲਈ ਕਿਹਾ।



ਪਹਿਲਾਂ ਉਹ ਧਾੜਵੀਆਂ ਤੋਂ ਡਰਦੇ ਸਨ। ਹੁਣ ਉਹ ਧਾੜਵੀਆਂ ਦਾ ਲੁੱਟਿਆ ਮਾਲ ਵੀ ਖੋਹਣ ਲੱਗੇ। ਸ਼ਾਹੀ ਕਾਫ਼ਲੇ ਲੁੱਟਣ ਲੱਗੇ। ਲੁੱਟ ਦਾ ਬਹੁਤਾ ਮਾਲ ਲੋੜਵੰਦਾਂ ਅਤੇ ਗਰੀਬਾਂ ਵਿਚ ਵੰਡਣ ਲੱਗੇ। ਸਮਾਂ ਪਾ ਕੇ ਬਿਜਲੀ ਖ਼ਾਨ ਸਾਂਦਲ ਦੀ ਰਾਵੀ ਅਤੇ ਝਨਾਂ ਦਰਿਆ ਦੇ ਵਿਚਕਾਰਲੇ ਇਲਾਕੇ ਵਿਚ ਤੂਤੀ ਬੋਲਣ ਲੱਗੀ। ਉਸਨੇ ਕਿਸਾਨਾਂ ਨੂੰ ਲਾਮਬੰਦ ਕੀਤਾ ਤੇ ਕਿਸੇ ਤਰ੍ਹਾਂ ਦੇ ਵੀ ਸ਼ਾਹੀ ਲਗਾਨ ਦੇਣ ਤੋਂ ਮਨ੍ਹਾ ਕਰ ਦਿੱਤਾ। ਪੂਰੀ ਬਾਰ ਵਿਚ ਬਿਜਲੀ ਖ਼ਾਨ ਸਾਂਦਲ ਪ੍ਰਸਿੱਧ ਹੋ ਗਿਆ। ਬਾਰ ਦੇ ਬਸ਼ਿੰਦੇ ਇਸਨੂੰ 'ਸਾਂਦਲ ਦੀ ਬਾਰ' ਆਖਣ ਲੱਗੇ।

ਉਧਰ, ਹਮਾਯੂੰ ਦੇ ਅਚਾਨਕ ਚਲਾਣੇ ਕਰ ਜਾਣ ਨਾਲ, ਬੈਰੁਮ ਖ਼ਾਂ ਨੇ ਵਫ਼ਾਦਾਰੀ ਪਾਲਦੇ ਹੋਏ 13 ਸਾਲਾਂ ਦੇ ਉਸਦੇ ਪੁੱਤਰ ਅਕਬਰ ਨੂੰ ਪੰਜਾਬ ਵਿਚ ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਕਲਾਨੌਰ ਵਿਚ 14 ਫਰਵਰੀ 1556 ਨੂੰ ਰਾਜ ਤਿਲਕ ਲਗਾ ਕੇ ਹਿੰਦੁਸਤਾਨ ਦਾ ਸ਼ਹਿਨਸ਼ਾਹ ਐਲਾਨ ਕਰ ਦਿੱਤਾ। ਏਸ ਘਟਨਾ ਵੇਲੇ ਬੈਰੁਮ ਖ਼ਾਂ ਅਕਬਰ ਨੂੰ ਨਾਲ ਲੈ ਕੇ ਸਿਕੰਦਰ ਸੂਰ ਦਾ ਪਿੱਛਾ ਕਰ ਰਿਹਾ ਸੀ।

ਸੂਹੀਆਂ ਖ਼ਬਰ ਦਿੱਤੀ ਸਾਂਦਲ ਬਾਰ ਵਿਚ ਭੱਟੀ ਰਾਜਪੂਤਾਂ ਬਗਾਵਤ ਕਰ ਦਿੱਤੀ ਹੈ। ਹਾਲਾਤ ਖ਼ਰਾਬ ਨੇ। ਕਿਸਾਨ ਲਗਾਨ ਦੇਣੋਂ ਨਾਬਰ ਹੋ ਗਏ ਨੇ। ਸ਼ਾਹੀ ਕਾਫ਼ਲੇ ਲੁੱਟੇ ਜਾ ਰਹੇ ਨੇ। ਗ਼ਸ਼ਤ ਕਰਦੀਆਂ ਸ਼ਾਹੀ ਟੁਕੜੀਆਂ ਨੂੰ ਘੇਰ ਕੇ ਬੰਦੀ ਬਣਾਇਆ ਜਾਣ ਲੱਗਾ ਹੈ। ਅਗਰ ਸਮਾਂ ਰਹਿੰਦੇ ਕੋਈ ਢੰਗ ਦੀ ਕਾਰਵਾਈ ਨਾ ਹੋਈ ਤਾਂ ਥਾਂ ਥਾਂ ਸਾਂਦਲ ਬਾਰਾਂ ਬਣ ਜਾਣਗੀਆਂ।

ਨਾਬਾਲਗ ਰਾਜਾ ਅਕਬਰ ਹੈਰਾਨ ਹੋਇਆ। ਪੁੱਛਿਆ: ਕਿਸਾਨ ਬਾਦਸ਼ਾਹ ਨੂੰ ਲਗਾਨ ਨਹੀਂ ਦਿੰਦੇ ?'

—ਜੀ ਹਜ਼ੂਰ।'

—ਕਿਉਂ।'

—ਜਹਾਂ ਪਨਾਹ ਸਾਂਦਲ ਬਾਰ ਦੇ ਕਿਸਾਨ ਆਖਦੇ ਨੇ ਜੇ ਬਿਜਲੀ ਖ਼ਾਨ ਭੱਟੀ ਲਗਾਨ ਦਏਗਾ ਤਾਂ ਅਸੀਂ ਵੀ ਦੇਵਾਂਗੇ।'

—ਇਹ ਭੱਟੀ ਕਿਥੋਂ ਆ ਗਏ ਔਰ ਸਾਂਦਲ ਬਾਰ ਕੀ ਹੋਈ ? ਕੀ ਇਹ ਇਲਾਕਾ ਅਸਾਂ ਦੀ ਹਕੂਮਤ ਵਿਚ ਨਹੀਂ ? ਇਹਨਾਂ ਲੋਕਾਂ ਨੂੰ ਹਿੰਦ ਦੇ ਬਾਦਸ਼ਾਹ ਦਾ ਭੈਅ ਨਹੀਂ ?' ਅਕਬਰ ਨੇ ਕੌਤੂਹਲ ਨਾਲ ਪੁੱਛਿਆ।

—ਆਪ ਦੇ ਅੱਬਾ ਹਜ਼ੂਰ ਵੇਲੇ ਮੈਂ ਸਲਾਹ ਦਿੱਤੀ ਸੀ, ਇਹਨਾਂ ਸਪੋਲੀਆਂ ਦੀਆਂ ਸਿਰੀਆਂ ਹੁਣੇ ਫੇਹ ਸੁੱਟੀਏ ਨਹੀਂ ਤਾਂ ਵੱਡੇ ਹੋ ਕੇ ਇਹਨਾਂ ਸਾਡੀ ਛਾਤੀ ਉਪਰ ਆ ਬੈਠਣਾ। ਹੁਣ ਵੇਖ ਲਉ, ਉਹੀਓ ਹੋਇਆ ਏ।' ਬੈਰੁਮ ਖ਼ਾਂ ਨੇ ਦੱਸਿਆ।

—ਇਹ ਭੱਟੀ ਕੀ ਹੋਏ.... ?' ਅਕਬਰ ਨੇ ਫਿਰ ਪੁੱਛਿਆ।

—ਹਜ਼ੂਰ ਏਹਨਾਂ ਦੇ ਵਡੇਰੇ ਭੱਟੀ ਰਾਜਪੂਤ ਸਨ। ਸੁਣਦੇ ਆਂ ਕਦੇ ਉਹਨਾਂ ਦੀ ਵੀ ਹਿੰਦ ਵਿਚ ਹਕੂਮਤ ਹੁੰਦੀ ਸੀ।'

—ਤੇ ਸਾਂਦਲ ਬਾਰ ਕੀ ਹੋਈ ?'

—ਬਾਰ ਦੇ ਲੋਕ ਬਿਜਲੀ ਖ਼ਾਨ ਭੱਟੀ ਨੂੰ ਮੋਹ-ਮੁਹੱਬਤ ਨਾਲ ਸਾਂਦਲ ਆਖਦੇ ਨੇ ਤੇ ਉਹ ਲੋਕਾਂ ਦੇ ਦਿਲਾਂ 'ਤੇ ਰਾਜ ਕਰਦਾ ਪਿਐ ਹਜ਼ੂਰ। ਲੋੜਵੰਦਾਂ ਦੀ ਇਮਦਾਦ ਕਰਦਾ ਏ। ਭੁੱਖਿਆਂ ਨੂੰ ਅਨਾਜ ਵੰਡਦਾ ਏ ਤੇ ਨੰਗਿਆਂ ਨੂੰ ਕੱਪੜਾ।'

—ਏਹ ਤੇ ਹਿੰਦ ਦੇ ਸ਼ਹਿਨਸ਼ਾਹ ਦੀ ਤੌਹੀਨ ਏ, ਚੜ੍ਹਾਈ ਕਰੋ। ਹਿੰਦ ਦੇ ਅਵਾਮ ਨੇ

ਤਾਂ ਸ਼ਹਿਨਸ਼ਾਹ ਦਾ ਨਾਮ ਹੀ ਭੁਲਾ ਛੱਡਣਾ। ਪਹਿਲਾਂ ਉਸਨੂੰ ਗੱਲਾਂ ਨਾਲ ਸਮਝਾਓ। ਗੱਲਾਂ ਨਾਲ ਨਹੀਂ ਮੰਨੇਗਾ ਤਾਂ ਲੱਤਾਂ ਇਸਤੇਮਾਲ ਕਰੋ। ਫਿਰ ਵੀ ਨਹੀਂ ਮੰਨੇਗਾ ਤਾਂ ਬਾਰ ਨੂੰ ਤਬਾਹ ਕਰ ਦਿਓ। ਨੇਸਤੋਨਾਬੂਦ। ਜਿਉਂਦੇ ਬੰਨ੍ਹ ਲਿਆਓ। ਫਾਂਸੀ ਲਟਕਾ ਦਿਓ। ਖੱਲਾਂ ਵਿਚ ਭੋਹ ਭਰਕੇ ਟੰਗ ਦਿਓ। ਖ਼ਲਕਤ ਨੂੰ ਇਲਮ ਰਹਵੇ ਬਗਾਵਤ ਕਰਨ ਵਾਲਿਆਂ ਦਾ ਕੀ ਹਸ਼ਰ ਹੁੰਦਾ ਏ। ਅੱਜ ਇਹ ਇਲਾਕਾ ਲਗਾਨ ਦੇਣ ਤੋਂ ਆਕੀ ਏ ਨਾਬਰ ਏ, ਕੱਲ੍ਹ ਨੂੰ ਪੂਰਾ ਪੰਜਾਬ ਤੇ ਫਿਰ ਸਾਰੀ ਹਿੰਦ ਲਗਾਨ ਦੇਣ ਤੋਂ ਆਕੀ ਹੋ ਜਾਣਗੇ। ਏਸ ਤਰ੍ਹਾਂ ਤੇ ਸ਼ਹਿਨਸ਼ਾਹੀਆਂ ਨਹੀਂ ਚੱਲਣਗੀਆਂ। ਹਿੰਦ ਦੀ ਖ਼ਲਕਤ ਨੂੰ ਇਲਮ ਹੋ ਜਾਣਾ ਚਾਹੀਦਾ ਏ, ਹੁਣ ਅੱਬਾ ਹਜ਼ੂਰ ਹਮਾਯੂੰ ਦਾ ਰਾਜ ਨਹੀਂ ਉਸਦੇ ਫਰਜ਼ੰਦ ਸ਼ਹਿਨਸ਼ਾਹ ਅਕਬਰ ਦਾ ਰਾਜ ਏ।'

................

ਫਿਰ ਸਾਂਦਲ ਦੀ ਬਾਰ ਉਪਰ ਸ਼ਾਹੀ ਫੌਜ ਚੜ੍ਹ ਆਈ। ਭੱਟੀ, ਅਹੀਰ, ਵਿਰਕ, ਖਰਲ ਤੇ ਹੋਰ ਸਾਰੇ ਏਸ ਔਖੇ ਵੇਲੇ ਜੁੜ ਗਏ। ਜਿੰਨਾ ਕੁ ਲੜ ਸਕਦੇ ਸਨ, ਲੜੇ।

ਹਜ਼ਾਰਾਂ ਦੀ ਗਿਣਤੀ ਵਿਚ ਸ਼ਾਹੀ ਸੈਨਾ ਨਾਲ, ਕੁਝ ਸੈਂਕੜੇ ਪੇਂਡੂਆਂ ਦਾ ਕੀ ਮੁਕਾਬਲਾ। ਪਿੰਡੀ ਬਰਬਾਦ ਹੋ ਗਈ। ਅਨੇਕਾਂ ਲੋਕ ਮਾਰੇ ਗਏ। ਬਿਰਧ-ਬੱਚੇ, ਔਰਤਾਂ। ਮੁਗਲ ਸਿਪਾਹੀਆਂ ਨੇ ਦਰਿੰਦਗੀ ਦਾ ਨਾਚ ਨੱਚਿਆ। ਵਸਦੇ ਰਸਦੇ ਘਰਾਂ ਨੂੰ ਅੱਗਾਂ ਲਾ ਦਿੱਤੀਆਂ।

ਫਰੀਦ ਖ਼ਾਨ ਭੱਟੀ ਦਾ ਇਕ ਮਿੱਤਰ ਚਿਰਾਗ਼ਦੀਨ ਲਹੂ ਦੇ ਹੰਝੂ ਰੋਇਆ। ਉਸਨੇ ਹਾਅ ਦਾ ਨਾਅਰਾ ਮਾਰਿਆ:

"ਅੱਲਾਹ ਲੜਾਈ ਦਿੱਤੀ ਊ ਤਾਂ ਇਸਨੂੰ ਅੱਖਾਂ ਵੀ ਦੇਂਦਾ।"

ਬਿਜਲੀ ਖ਼ਾਨ, ਉਸਦੇ ਭਰਾ ਫ਼ਤੇਹ ਖ਼ਾਨ, ਰਾਓ ਉਸਮਾਨ ਅਤੇ ਫੀਰੋਜ਼ ਖ਼ਾਨ; ਬਿਜਲੀ ਖ਼ਾਨ ਦੇ ਪੁੱਤਰ, ਫਰੀਦ ਖ਼ਾਨ, ਪੁਰਾਨਾ ਖਾਨ ਅਤੇ ਸ਼ੇਖ਼ੂ ਖ਼ਾਨ, ਫਰੀਦ ਖ਼ਾਨ ਦੇ ਪੁੱਤਰ, ਮਾਮੂਦ, ਬੁੱਧਾ, ਬਹਿਲੋਲ, ਸਾਲਾਰ ਜਿਥੇ ਜਿਥੇ ਜਾ ਵਸੇ ਸਨ ਏਸ ਔਖੇ ਵੇਲੇ ਸਿਰ ਨਾਲ ਸਿਰ ਜੋੜ ਕੇ ਲੜੇ। ਉਹ ਇਕੱਲੇ ਹੀ ਨਹੀਂ ਲੜੇ, ਨਾਲ ਆਪਣੇ ਆਪਣੇ ਪਿੰਡਾਂ ਤੋਂ ਗੱਭਰੂਆਂ ਨੂੰ ਲੈ ਕੇ ਆਏ। ਉਹ ਆਪਣੀ ਮਿੱਟੀ ਲਈ, ਆਪਣੇ ਭੋਇੰ ਲਈ ਆਪਣੀ ਬਾਰ ਲਈ ਤੇ ਆਪਣੇ ਲੋਕਾਂ ਲਈ ਲੜੇ। ਲੜਾਈ ਦੇ ਪੈਂਤੜੇ ਤੋਂ ਫ਼ਰੀਦ ਖ਼ਾਨ ਭੱਟੀ ਦੀ ਉਸਾਰੀ ਗੜ੍ਹੀ (ਕਿਲ੍ਹਾ) ਢਹਿ ਢੇਰੀ ਹੋ ਗਈ। ਬਿਜਲੀ ਖ਼ਾਨ ਸਾਂਦਲ ਅਤੇ ਫ਼ਰੀਦ ਖ਼ਾਨ ਬੰਦੀ ਬਣਾ ਲਏ ਗਏ, ਉਹਨਾਂ ਨਾਲ ਹੋਰ ਵੀ ਬਥੇਰੇ ਸਨ। ਬਾਕੀ ਮਾਰੇ ਗਏ ਕੁਝ ਜ਼ਖ਼ਮੀ ਹੋ ਗਏ, ਕੁਝ ਹਮੇਸ਼ਾਂ ਲਈ ਨਕਾਰਾ ਹੋ ਗਏ। ਸ਼ਾਹੀ ਫੌਜ ਨੇ ਪਿੰਡੀ ਅਤੇ ਇਸਦੇ ਲਾਗੇ ਚਾਗੇ ਦੇ ਪਿੰਡ ਥੇਹ ਬਣਾ ਦਿੱਤੇ।

ਘੁੱਗ ਵਸਦੀ ਪਿੰਡੀ ਵਿਚ ਉੱਲੂ ਬੋਲਣ ਲੱਗੇ।

****

ਅਗਲੀ ਕਥਾ ਦਾ ਲੋਕਾਂ ਨੂੰ ਕੁਝ ਕੁਝ ਪਤਾ ਹੈ।

ਲਾਹੌਰ ਦੀ ਸ਼ਾਹੀ ਅਦਾਲਤ ਵਿਚ ਮੁਕੱਦਮਾ ਚੱਲਿਆ। ਦੋਸ਼ ਤੈਹ ਕਰਨ ਵਾਲੇ ਵੀ ਹਾਕਮ ਤੇ ਸਜ਼ਾ ਦੇਣ ਵਾਲੇ ਵੀ ਹਾਕਮ। ਗਵਾਹ ਵੀ ਆਪ ਤੇ ਮੁਨਸਫ਼ ਵੀ ਆਪ। ਬਿਜਲੀ ਖ਼ਾਨ ਸਾਂਦਲ ਅਤੇ ਉਸਦੇ ਪੁੱਤਰ ਫ਼ਰੀਦ ਖ਼ਾਨ ਨੂੰ ਫਾਂਸੀ ਦੇ ਦਿੱਤੀ ਗਈ। ਉਹਨਾਂ ਦੀਆਂ ਖੱਲਾਂ ਵਿਚ ਤੂੜੀ ਭਰਕੇ ਲਾਹੌਰ ਸ਼ਹਿਰ ਦੇ ਦਰਵਾਜ਼ਿਆਂ ਵਿਚ ਲਟਕਾ ਦਿੱਤੀਆਂ।



ਏਡਾ ਵੱਡਾ ਰਾਠ ਕਬੀਲਾ ਖੇਰੂੰ ਖੇਰੂੰ ਹੋ ਗਿਆ।

................

ਜਿਊਂਦਿਆਂ ਨੇ ਮੋਇਆਂ ਦੀਆਂ ਲਾਸ਼ਾਂ ਸਾਂਭੀਆਂ। ਜ਼ਖਮੀਆਂ ਦੇ ਜ਼ਖ਼ਮ ਆਠਰਨ ਲੱਗੇ। ਢੱਠੇ ਘਰਾਂ ਦਾ ਮਲਬਾ ਟਿਕਾਣੇ ਲਾਇਆ ਜਾਣ ਲੱਗਾ। ਇਕ ਉੱਚੇ ਟਿੱਲੇ ਉਪਰ ਖੜ੍ਹਾ ਦੁੱਖੀ ਹੋਇਆ, ਫਰੀਦ ਖ਼ਾਨ ਦਾ ਮਿੱਤਰ ਚਿਰਾਗ਼ ਦੀਨ ਥੇਹ ਹੋਈ ਪਿੰਡੀ ਭੱਟੀਆਂ ਵੱਲ ਵੇਖ ਰਿਹਾ ਸੀ। ਫਰੀਦ ਖ਼ਾਨ ਦੀ ਅੱਧ-ਢੱਠੀ ਹਵੇਲੀ ਦੇ ਵਿਹੜੇ ਵਿਚੋਂ ਉਠਦਾ ਧੂੰਆਂ ਇਹ ਦੱਸ ਰਿਹਾ ਸੀ, ਪਿੰਡੀ ਅਜੇ ਸਾਹ ਲੈਂਦੀ ਪਈ ਐ। ਡੁਬਦਾ ਸੂਰਜ ਝਨਾਂ ਦਰਿਆ ਦੇ ਪਾਣੀਆਂ ਵਿਚ ਇਸ ਤਰ੍ਹਾਂ ਦਿੱਸਦਾ ਸੀ ਜਿਵੇਂ ਪਾਣੀਆਂ ਨੂੰ ਅੱਗ ਲੱਗੀ ਹੋਵੇ।

ਮੀਆਂ ਚਿਰਾਗ਼ ਦੀਨ ਨੇ ਹਾਉਕਾ ਲਿਆ। ਝਨਾਂ ਦੇ ਪਾਣੀ ਵਲੋਂ ਨਿਗਾਹ ਫੇਰ ਕੇ ਉਹ ਡੁੱਬਦੇ ਜਾ ਰਹੇ ਸੂਰਜ ਵੱਲ ਤੱਕਣ ਲੱਗਾ। ਫਜ਼ਰ ਵੇਲੇ ਇਹ ਫੇਰ ਆਵੇਗਾ ਤੇ ਅਸਰ ਦੀ ਨਮਾਜ਼ ਵੇਲੇ ਏਦਾਂ ਹੀ ਹੇਠਾਂ ਲਹਿ ਜਾਏਗਾ। ਚੰਦ ਵੀ ਏਸ ਤਰ੍ਹਾਂ ਦੀ ਖੇਡ ਖੇਡਦਾ ਹੈ। ਮੈਨੂੰ ਤਾਂ ਇਹ ਦੋਵੇਂ ਚੰਦ ਸੂਰਜ ਖਿਡਾਰੀ ਜਾਪਦੇ ਨੇ।....ਹਰ ਰੋਜ਼ ਆਉਂਦੇ ਨੇ ਤੇ ਆਪਣੀ ਖੇਡ ਪਾ ਕੇ ਚਲੇ ਜਾਂਦੇ ਨੇ। ਅਗਲੇ ਦਿਨ ਫਿਰ ਆ ਹਾਜ਼ਰ ਹੋਂਦੇ ਨੇ। ਅੱਲਾਹ ਦਾ ਅਸੂਲ ਵੀ ਕੁਝ ਏਦਾਂ ਦਾ ਹੀ ਏ। ਜਿਹੜੇ ਚੰਗੇ ਖੇਡ ਪਾਂਦੇ ਨੇ, ਆਪਣੇ ਫਰਜ਼ ਸਹੀ ਪੂਰਾ ਕਰਦੇ ਅਲਾਹ ਉਹਨਾਂ ਨੂੰ ਮੁੜ ਮੁੜ ਹਯਾਤੀ ਬਖਸ਼ਦਾ ਏ। ਮੈਨੂੰ ਤੇ ਲਗਦਾ ਏ, ਬਿਜਲੀ ਖ਼ਾਨ ਅਰ ਫ਼ਰੀਦ ਖ਼ਾਨ ਸਾਂਦਲ ਬਾਰ ਦੇ ਲੋਕਾਂ ਲਈ ਚੰਦ ਸੂਰਜ ਬਣ ਗਏ ਨੀ। ਅੱਲਾਹ ਜਾਣੇ ਉਹ ਇਹਨਾਂ ਨੂੰ ਕਿਹੜੀ ਸ਼ਕਲ ਸੂਰਤ ਵਿਚ ਮੋੜਦਾ ਏ।

.....ਚੁਗੱਤੇ ਹਾਕਮ ਇਹ ਨਹੀਂ ਜਾਣਦੇ, ਤੋਪਾਂ ਦੇ ਗੋਲੇ ਤੇ ਫੌਜਾਂ ਦੁਰਗ ਤਾਂ ਢਾਹ ਸਕਦੇ ਹਨ। ਗੜ੍ਹੀਆਂ ਨੂੰ ਥੇਹ ਕਰ ਸਕਦੇ ਹਨ। ਪਰ ਖ਼ਿਆਲਾਂ ਨੂੰ ਤਬਾਹ ਨਹੀਂ ਕਰ ਸਕਦੇ।

ਸੋਚਦਿਆਂ ਚਿਰਾਗ਼ ਦੀਨ ਨੇ ਲੰਮਾ ਸਾਹ ਲਿਆ। ਉਸਨੇ ਵੇਖਿਆ, ਅਗਲੇ ਦਿਨ ਫਿਰ ਚੜ੍ਹਨ ਲਈ ਸੂਰਜ ਇਕਦਮ ਹੇਠਾਂ ਲਹਿ ਗਿਆ ਸੀ।

ਇਹਨਾਂ ਦਿਨਾਂ ਵਿਚ ਦੁੱਲਾ, ਲੱਧੀ ਦੇ ਗਰਭ ਵਿਚ ਪਲ ਰਿਹਾ ਸੀ।

## 2.

ਹਵੇਲੀ ਅੰਦਰ ਵੜਦਿਆਂ ਹੀ ਦੁੱਲੇ ਨੇ ਵਿਹੜੇ ਵਿਚ ਪਲੰਘ ਲਾਗੇ ਪਏ ਵੱਡੇ ਪਤੀਲੇ ਨੂੰ ਠੁੱਡਾ ਮਾਰਦਿਆਂ ਲਲਕਾਰਾ ਮਾਰਨ ਵਾਂਗ ਪੁੱਛਿਆ;

—ਕਿਥੇ ਉ ਮਾਂ ?'

ਅੰਦਰਲੇ ਬਰ੍ਹਾਂਮਦਿਆਂ ਵਲ ਰੁੜ੍ਹਿਆ ਜਾਂਦਾ ਪਤੀਲਾ ਵੀ ਡਰ ਨਾਲ ਮਾਂ....ਮਾਂ ....ਮਾਂ ਅ....,ਪੁਕਾਰਦਾ ਲੱਗਿਆ।

ਫੁੱਲਰਾਂ ਅੰਦਰੋਂ ਜ਼ਰਾ ਕੁ ਚਿੱਕ ਦਾ ਪਰਦਾ ਹਟਾ ਕੇ ਝਾਕੀ। ਬਖ਼ਤੋ ਤੇ ਸਲੇਮੋ ਅੰਦਰ ਹੀ ਸ਼ਹਿ ਗਈਆਂ। ਨੂਰਾ ਆਪਣੀ ਸੱਜ ਵਿਆਹੀ ਦੁਲਹਨ ਨਾਲ ਹਵੇਲੀ ਦੇ ਪਿਛਲੇ ਕਮਰੇ ਵਿਚ ਸੀ। ਮੇਹਰੂ ਪਤਾ ਨਹੀਂ ਕਿਥੇ ਨਸ਼ੱਈ ਹੋਇਆ ਪਿਆ ਸੀ।

ਕਿਸੇ ਪਾਸਿਉਂ ਹੁੰਗਾਰਾ ਨਾ ਆਇਆ ਵੇਖ ਕੇ ਦੁੱਲਾ ਗੁੱਸੇ ਨਾਲ ਪਾਣੀ ਵਾਲੇ ਘੜੇ ਵਿਚ ਲੱਤ ਮਾਰਨ ਲੱਗਿਆ ਹੀ ਸੀ, ਅੰਦਰੋਂ ਲੱਧੀ ਸਿਰ ਦੇ ਸਾਲੂ ਨੂੰ ਠੀਕ ਕਰਦੀ ਹੜਬੜਾਈ ਬਾਹਰ ਆਈ,—'ਹਾਏ ਅੱਲਾਹ, ਵੇ ਧਾਅਡੇ ਜਣੇਂਦਿਆਂ ਨੂੰ ਮਾਰਾਂ ਵੱਗਣ, ਇਹ ਤੇ ਅੱਜ ਫੇਰ ਭੂਏ ਚੜ੍ਹਿਆ ਈ। ਹੁਣ ਲੱਧੀਏ ਕਿਹੜੀ ਕੋਠੀ ਵਿਚ ਮੂੰਹ ਦਏਂਗੀ ?'

ਅੰਦਰੋਂ-ਅੰਦਰ ਤਬ੍ਰਕਦੀ ਲੱਧੀ ਮੂੰਹ ਵਿਚ ਹੀ ਬੁੜ ਬੁੜ ਕਰਦੀ ਦੁੱਲੇ ਦੇ ਸਾਹਮਣੇ ਆ ਖੜ੍ਹੀ। ਸਿੱਧਾ ਝਾਕੀ ਉਸਦੀਆਂ ਅੱਖਾਂ ਵਿਚ। ਏਨੀਆਂ ਲਾਲ ਅੱਖਾਂ ਤਾਂ ਉਸ ਕਦੀ ਨਹੀਂ ਸੀ ਵੇਖੀਆਂ। ਲੱਧੀ ਨੂੰ ਦੁੱਲੇ ਦੀਆਂ ਅੱਖਾਂ ਵਿਚ ਅੱਗ ਬਲਦੀ ਦਿਸੀ। ਉਸਨੇ ਆਪਣੇ ਕਾਲਜੇ ਉਪਰ ਹੱਥ ਰੱਖਿਆ। ਉਹ ਸੱਚ ਹੀ ਡਰ ਗਈ।—'ਵੇ ਪੁੱਤਾ ਅੰਗਿਆਰ ਕਿਥੋਂ ਖਾ ਆਇਐਂ ?'

—ਮਾਂ ਅੱਜ ਤੂੰ ਨਹੀਓਂ ਜਾਂ ਤੇਰਾ ਦੁੱਲਾ ਨਹੀਓਂ।' ਦੁੱਲਾ ਪਹਿਲੇ ਰੌਂਅ ਵਿਚ ਹੀ ਬੋਲਿਆ।

ਲੱਧੀ ਨੂੰ ਦੁੱਲੇ ਕੋਲੋਂ ਸ਼ਰਾਬ ਦੀ ਤਿੱਖੀ ਬੂਅ ਆਈ। ਉਸਨੇ ਮੂੰਹ ਉਪਰ ਚੁੰਨੀ ਦਾ ਪੱਲੂ ਕਰਦਿਆਂ ਮਮਤਾ ਭਰੇ ਬੋਲਾਂ ਨਾਲ ਕਿਹਾ—'ਪੁੱਤਰ ਕਦੇ ਤਾਂ ਰਮਾਨ ਨਾਲ ਗੱਲ ਕਰਿਆ ਕਰ। ਹਰ ਵੇਲੇ ਚੜ੍ਹੇ ਘੋੜੇ ਸਵਾਰ ਰਹਿੰਨਾ ਏ। ਹੁਣ ਤੂੰ ....।'

—ਬੱਸ ਮਾਂ।' ਦੁੱਲੇ ਨੇ ਟੋਕਿਆ—'ਏਨੇ ਵਰ੍ਹੇ ਤੇਰੇ ਨਾਲ ਰਮਾਨ ਨਾਲ ਈ ਗੱਲਾਂ ਕਰਦਾ ਰਿਹਾਂ। ਏਨੇ ਵਰ੍ਹੇ ਤੂੰ ਆਪਣੇ ਪੁੱਤ ਨਾਲ ਠੱਗੀ ਮਾਰਦੀ ਰਹੀ ਏਂ ਮਾਂ। ਏਨੇ ਵਰ੍ਹੇ ....।' ਗੱਲ ਕਰਦਾ ਸ਼ਰਾਬੀ ਦੁੱਲਾ ਰੋਣਹਾਕਾ ਹੋ ਗਿਆ। ਉਸਦੀ ਆਵਾਜ਼ ਗਲੇ ਵਿਚ ਹੀ ਫਸ ਗਈ।

ਬਦਹਵਾਸ ਹੋਈ ਲੱਧੀ ਨੇ ਪੁੱਛਿਆ—'ਮਾਂ ਆਪਣੇ ਪੁੱਤਰ ਨਾਲ ਠੱਗੀ ਮਾਰੇਗੀ ਦੁੱਲਿਆ ? ਠੱਗੀ ਤਾਂ ਮੇਰੇ ਨਾਲ ਮਾਰੀ ਉ ਨਸੀਬਾਂ ਨੇ। ਜਦੋਂ ਦਾਰੂ ਚਾੜ੍ਹ ਲੈਨਾ ਏਂ, ਤੈਨੂੰ ਹੋਸ਼ ਈ ਕੋਈ ਨੀ ਰਹਿੰਦੀ। ਊਲ-ਜਲੂਲ ਬਕਦਾ ਮਾਂ ਦਾ ਲਿਹਾਜ ਵੀ ਨਹੀਂ ਰੱਖਦਾ। ਹੋਸ਼ ਕਰਿਆ ਕਰ। ਹੁਣ ਤੂੰ ਬਾਲ ਨਹੀਂ ਏਂ। ਪੁੱਤਰਾਂ ਧੀਆਂ ਵਾਲਾ ਏਂ।'



—ਮੈਨੂੰ ਪੂਰੀ ਸੁਰਤ ਏ ਮਾਂ। ਮੈਨੂੰ ਤੇ ਨਸ਼ਾ ਹੁੰਦਾ ਈ ਨਈ੍ਹੀਂ ਅੱਜ ਕੱਲ੍ਹ। ਨੰਦੀ ਮਰਾਸਣ ਆਏ ਰੋਜ਼ ਮੇਹਣੇ ਕਿਉਂ ਮਾਰਦੀ ਏ ? ਮੈਂ ਤੇ ਆਪਣੇ ਬੇਲੀਆਂ 'ਚ ਮਿੱਟੀ ਹੋ ਜਾਨਾ।'

—ਵੇ ਮਰਾਸਣ ਨੂੰ ਤਾਂ ਮੂੰਹ ਦੀ ਭਕਾਈ ਮਾਰਨ ਦੀ ਬਾਣ ਏ, ਉਹ......।'

—ਤੇ ਚਾਚਾ ਜਲਾਲਦੀਨ ਮੇਰਾ ਲਹੂ ਪਰਖਦਾ ਏ। ਫਿਰ ਮਾਂ ਬੰਦਾ ਭਲਾ......।'

—ਕੀ ਬਕਨਾ ਏਂ ਦੁੱਲਿਆ।' ਲੱਧੀ ਨੇ ਟੋਕਿਆ—'ਕੌਣ ਜੰਮਿਆ ਏ ਮੇਰੇ ਦੁੱਲੇ ਦਾ ਲਹੂ ਪਰਖਣ ਵਾਲਾ ?'

—ਏਹੀਓ ਤੇ ਮੈਂ ਪੁੱਛਨਾ ਪਿਆ ਮਾਂ ?' ਦੁੱਲਾ ਖਿੱਝ ਨਾਲ ਬੋਲਿਆ।

—ਸ਼ਰੀਕਾਂ ਤਾਂ ਜਲਣਾ ਹੀ ਹੋਇਆ। ਉਹਨਾਂ ਦੀਆਂ ਹਿੱਕਾਂ ਵਿਚ ਤਾਂ ਮੁਆਤੇ ਬਲਦੇ ਹੋਣੇ ਨੇ। ਸੋਚਦੇ ਹੋਣੇ ਨੇ ਸਿਰ 'ਤੇ ਤੇਰੇ ਅੱਬਾ ਦਾ ਸਾਇਆ ਨਈ੍ਹੀਂ, ਫਿਰ ਵੀ ਲੱਧੀ ਦਾ ਟੱਬਰ ਰੱਬ ਦਾ ਰਿਜ਼ਕ ਕਿਉਂ ਖਾਂਦਾ ਪਿਐ ਤੇ ਦੁੱਲੇ ਦੀਆਂ ਘਰ ਘਰ ਗੱਲਾਂ ਕਿਉਂ ਹੋਣ ਡਹੀਆਂ।' ਮਾਂ ਨੇ ਪੁੱਤ ਨੂੰ ਠੰਡਾ ਕਰਨਾ ਚਾਹਿਆ।

—ਰੱਬ ਦਾ ਰਿਜ਼ਕ ਨਹੀਂ ਮਾਂ ਜੋ ਲੋਕ ਆਖਦੇ ਨੀ, ਉਹ ਦੱਸ। ਜਿਸਨੂੰ ਸੁਣ ਸੁਣ ਕੇ ਮੇਰਾ ਲਹੂ ਉਬਾਲੇ ਮਾਰਨ ਲਗਦਾ।' ਦੁੱਲਾ ਫੇਰ ਭੜਕ ਉਠਿਆ।

—ਕੀ ਆਖਦੇ ਨੇ ਲੋਕ ? ਲੋਕਾਂ ਦੀ ਜੀਭ ਤਾਂ ਫੜੀ ਜਾਣੀ ਨੀ ਪੁੱਤਰਾ। ਉਹਨਾਂ ਨੂੰ ਪਿੰਡੀ ਦੇ ਲੋਕਾਂ ਦਾ ਸੁੱਖ ਨਈ੍ਹੀਂ ਪੋਂਹਦਾ।'

—ਸੁੱਖ ਦੀ ਗਲ ਨਹੀਂ ਮਾਂ। ਤੂੰ ਗੱਲਾਂ ਨੂੰ ਹੋਰ ਪਾਸੇ ਪਾਂਦੀ ਪਈ ਏਂ। ਮੈਂ ਦੱਸਾਂ ਕੀ ਆਖਦੇ ਨੇ ਲੋਕ ?'

—ਕੀ ਆਖਦੇ ਨੇ ?' ਪੁੱਛਣ ਲੱਗੀ ਲੱਧੀ ਅੰਦਰੋਂ ਕੰਬ ਗਈ।

—ਆਖਦੇ ਨੇ, ਦੁੱਲਾ ਤੇ ਉਹਦਾ ਟੱਬਰ ਅਕਬਰ ਦੇ ਰਿਜ਼ਕ ਤੇ ਪਲਦਾ ਏ।'

—ਲੱਧੀ ਥੁੱਕਦੀ ਏ ਬਾਦਸ਼ਾਹ ਦੇ ਰਿਜ਼ਕ 'ਤੇ। ਤੈਨੂੰ ਕੀ ਪਤਾ ਮੈਂ ਕਿਵੇਂ ਵਖ਼ਤਾਂ ਨਾਲ ਵੇਲਾ ਕੱਢਿਐ। ਦੁੱਖਾਂ ਵਾਲਿਆਂ ਕੋਲ ਤਾਂ ਵੇਲਾ ਵੀ ਚੰਦਰਾ ਘਸੁਟਣੀਆਂ ਲੈਣ ਲਗਦੈ। ਇਕ ਇਕ ਰਾਤ ਵਰ੍ਹਿਆਂ ਜੇਡੀ ਲੰਘਦੀ ਏ। ਤੈਨੂੰ ਇਹਦਾ ਇਲਮ ਈ ਨਈ੍ਹੀਂ ਪੁੱਤਰਾ। ਬੱਚਿਆਂ ਨੂੰ ਕਾਈ ਸੁਰਤ ਹੁੰਦੀ ਏ ?'

—ਬੱਚਿਆਂ ਨੂੰ ਹੁਣ ਤੇ ਸੁਰਤ ਆ ਗਈ ਏ ਮਾਂ। ਇੱਕ ਗੱਲ ਦੱਸ, ਭਲਾ ਮੈਂ ਤੇਰਾ ਪੁੱਤਰ ਨਹੀਓਂ ?' ਦੁੱਲਾ ਫੇਰ ਮਾਂ ਦੀਆਂ ਅੱਖਾਂ ਵਿਚ ਸਿੱਧਾ ਝਾਕਿਆ।

—ਵੇ ਕੌਣ ਆਖਦਾ ਈ ਤੂੰ ਮੇਰਾ ਪੁੱਤਰ ਨਹੀਂ ?' ਲੱਧੀ ਦੇ ਬੋਲਾਂ ਵਿਚ ਕੁੜੱਤਣ ਤਾਂ ਸੀ ਪਰ ਉਸਦੀਆਂ ਅੱਖਾਂ ਭਰ ਆਈਆਂ।

ਦੁੱਲਾ ਮਾਂ ਵਲ ਉਵੇਂ ਤੱਕਦਾ ਰਿਹਾ, ਇਕ ਟੱਕ। ਸੋਚ ਆਈ: ਇਹ ਮੇਰੀ ਮਾਂ ਹੈ। ਮੈਨੂੰ ਜਨਮ ਦਿੱਤਾ ਹੈ। ਦੁੱਲੇ ਨੂੰ ਉਹ ਵਾਲ ਵਾਲ ਦੁੱਖੀ ਦਿਸੀ। ਅੰਦਰ ਕੁਝ ਪਿਘਲਿਆ। ਜਦੋਂ ਤੋਂ ਹੋਸ਼ ਸੰਭਾਲੀ ਹੈ, ਉਸਨੇ ਆਪਣਾ ਅੱਬਾ ਨਹੀਂ ਵੇਖਿਆ। ਲੋਕ ਬਾਬੇ ਦੀਆਂ ਗੱਲਾਂ ਕਰਦੇ ਸੁਣੇ ਹਨ। ਪੂਰੀ ਬਾਰ ਨੂੰ ਲੋਕ ਸਾਂਦਲ ਦੀ ਬਾਰ ਆਖਦੇ ਨੇ। ਕੁਝ ਤੇ ਵੱਖਰੀ ਗੱਲ ਹੋਵੇਗੀ। ਜਿਹੜੀਆਂ ਗੱਲਾਂ ਲੋਕ ਜਾਣਦੇ ਨੇ, ਮੈਨੂੰ ਕਿਉਂ ਨੀ ਦੱਸਦੇ ਪਏ। ਮਾਂ ਮੇਰੇ ਕੋਲੋਂ ਓਹਲਾ ਕਿਉਂ ਰੱਖਦੀ ਏ ?....ਪੁੱਛਿਆ;

—ਪਹਿਲੋਂ ਇਹ ਦੱਸ ਮਾਂ, ਪੁੱਤਰ ਤੇ ਮਾਂ ਵਿਚ ਭੇਦ ਹੁੰਦਾ ਏ ਕੋਈ ?'

—ਵੇ ਕੌਣ ਪਾਣੀ ਨੂੰ ਡਾਂਗਾਂ ਮਾਰਦਾ ਏ ਪੁੱਤਰਾ ? ' ਲੱਧੀ ਨੇ ਦੁਹਾਈ ਦਿੱਤੀ।

—ਮੇਰਾ ਨਾਂ ਦੁੱਲਾ ਕਿੰਨ ਰੱਖਿਆ ਮਾਂ ?'

—ਮੈਂ ਰੱਖਿਐ, ਲੱਧੀ ਨੇ, ਤੇਰੀ ਮਾਂ ਨੇ।' ਲੱਧੀ ਨੇ ਪੂਰੇ ਮਾਣ ਨਾਲ ਆਪਣੀ ਛਾਤੀ ਉਪਰ ਹੱਥ ਰਖਦਿਆਂ ਕਿਹਾ।

—ਮੈਨੂੰ ਜੰਮਿਆਂ ਵੀ ਤੂੰ ਈ ਹੋਸੀ।'

—ਤੈਨੂੰ ਲੱਜ ਨਹੀਂ ਆਂਵਦੀ ਇਹ ਪੁੱਛਦਿਆਂ।' ਲੱਧੀ ਨੇ ਮੋਹ ਨਾਲ ਘੂਰੀ ਵੱਟੀ।

—ਆਂਵਦੀ ਏ ਮਾਂ, ਤਾਹੀਓਂ ਤੇ ਪੁੱਛਣ ਡਿਹਾਂ। ਲੋਕ ਬੋਲੀਆਂ ਮਾਰਦੇ ਨੇ। ਮਰਾਸਣ ਨੰਦੀ ਮੇਹਣੇ ਦਿੰਦੀ ਏ। ਯਾਰਾਂ ਬੇਲੀਆਂ ਵਿਚ ਤਾਂ ਮਿੱਟੀ 'ਚ ਗ਼ਰਕ ਜਾਨਾਂ। ਮਾਂ ਕੀ ਭੇਦ ਏ ਜੋ ਤੂੰ ਮੈਨੂੰ ਦੱਸਣਾ ਨਹੀਂ ਚਾਹੁੰਦੀ ?'

—ਕੋਈ ਭੇਦ ਹੋਵੇ ਤਾਂ ਦੱਸਾਂ ਪੁੱਤਰ।' ਲੱਧੀ ਦੇ ਬੋਲ ਥਿੜਕੇ।

—ਠੀਕ ਏ ਨਾ ਦੱਸ ਮਾਂ। ਤਾਅਨੇ, ਮਿਹਣੇ, ਬੋਲੀਆਂ ਸੁਣ ਸੁਣ ਮੈਂ ਭਲਾ ਕਿੰਨਾ ਕੁ ਜਿਉਣਾ ਈ ਮਾਂ ?' ਦੁੱਲੇ ਦਾ ਨਸ਼ਾ ਉੱਤਰ ਰਿਹਾ ਸੀ ਤੇ ਉਸਦੇ ਚਿਹਰੇ ਉਪਰ ਬੇਬਸੀ ਝਲਕਣ ਲੱਗੀ।

—ਵੇ ਕੌਣ ਮਾਰਦੇ ਨੇ ਬੋਲੀਆਂ, ਕੌਣ ਦਿੰਦੇ ਨੇ ਮਿਹਣੇ ? ਆਹੀ ਹੋਣੇ ਨੇ ਜਿਹੜੇ ਤੇਰੇ ਨਾਲ ਸਾਰਾ ਦਿਨ ਤੂਤ ਚੁੱਗਦੇ ਫਿਰਦੇ ਨੇ। ਵਿਹਲੇ, ਲਫੰਗੇ, ਨਾ ਕੰਮ ਦੇ ਨਾ ਕਾਜ ਦੇ, ਦੁਸ਼ਮਣ ਅਨਾਜ ਦੇ।' ਲੱਧੀ ਨਫ਼ਰਤ ਨਾਲ ਪਰ੍ਹਾਂ ਬਾਹਰਲੇ ਦਰਵਾਜ਼ੇ ਕੋਲ ਖੜ੍ਹੇ ਦੁੱਲੇ ਨੂੰ ਉਡੀਕਦੇ ਉਸਦੇ ਬੇਲੀਆਂ ਵੱਲ ਝਾਕੀ।

ਲੱਧੀ ਤੋਂ ਡਰਦੇ, ਸਾਰੇ ਜਣੇ ਦਰਵਾਜ਼ੇ ਦੀ ਓਟ ਵਿਚ ਹੋ ਗਏ।

ਦੁੱਲਾ ਉਹਨਾਂ ਵਲ ਝਾਕਿਆ—'ਇਹਨਾਂ ਕੀ ਆਖਣਾ ਹੋਇਆ ਮਾਂ ? ਇਹਨਾਂ ਨੂੰ ਸਾਹ ਨਹੀਂ ਲੋੜੀਂਦੇ ? ਇਹ ਤਾਂ ਜੇਹਾ ਦੁੱਲਾ, ਤੇਹੇ ਇਹ।'

—ਤੇ ਹੋਰ ਕਿਹੜੇ ਨੀ, ਮੇਰੇ ਪਿਉ ਦੇ.....।' ਲੱਧੀ ਗਾਲ੍ਹ ਕੱਢਦੀ ਕੱਢਦੀ ਰੁੱਕ ਗਈ। ਫਿਰ ਬੋਲੀ—'ਕੌਣ ਮੇਰੇ ਸ਼ੇਰ ਪੁੱਤਰ ਦੀ ਅਣਸ ਪਰਖਦਾ ਏ ?'

—ਥੋੜ੍ਹੇ ਨੇ ਪਿੰਡੀ 'ਚ ਮਾਂ।'

—ਵੇ ਕੌਣ ਮੌਤ ਨੂੰ 'ਵਾਜਾਂ ਪਿਆ ਦਿੰਦੈ ? ਉਹ ਲੱਧੀ ਨੂੰ ਨਈਊਂ ਜਾਣਦੇ ਕਿ ਉਸਦੇ ਖੌਂਦ ਨੂੰ ਨਹੀਂ ਜਾਣਦੇ ?'

ਦੁੱਲੇ ਨੂੰ ਮਾਂ ਦੀਆਂ ਅੱਖਾਂ ਵਿਚ ਵੰਗਾਰ ਦਿਸੀ।

—ਜਾਣਦੇ ਨੇ ਮਾਂ। ਮੇਰੇ ਅੱਬਾ ਨੂੰ ਵੀ ਜਾਣਦੇ ਨੇ ਤੇ ਮੇਰੇ ਬਾਬੇ ਨੂੰ ਵੀ ਜਾਣਦੇ ਨੇ, ਤਾਹੀਓਂ ਤਾਂ ਆਖਦੇ ਨੇ। ਨਹੀਂ ਤਾਂ ਦੁੱਲੇ ਨੂੰ ਤੂੰ ਜਾਣਦੀ ਏ ਮਾਂ, ਮੈਂ ਗੱਲ ਪਿੱਛੋਂ ਕਰਦਾ ਹੁੰਨਾ ਤੇ ਜਣੇ ਦੀਆਂ ਰਗ਼ਾਂ ਨੂੰ ਹੱਥ ਪਹਿਲਾਂ ਪੌਨੈਂ। ਮੇਰੇ ਤਾਂ ਬੇਲੀ ਹੁਣ ਮਰਨ ਨੂੰ ਫਿਰਦੇ ਨੇ ਜਾਂ ਮਾਰਨ ਨੂੰ ਫਿਰਦੇ ਨੇ। ਆਖਦੇ ਨੇ, ਦੁੱਲਿਆ ਬੋਲੀਆਂ ਉਹ ਤੈਨੂੰ ਮਾਰਦੇ ਨੇ ਤੇ ਅੱਗ, ਸਾਡੀਆਂ ਹਿੱਕਾਂ 'ਚ ਬਲਦੀ ਏ। ਮਾਂ ਮੈਨੂੰ ਆਪਣੇ ਆੜੀਆਂ 'ਚ ਸਿਰ ਉੱਚਾ ਕਰਕੇ ਜੀਣ ਦੇ, ਨਹੀਂ ਤੇ....।'

—ਵੇ ਪੁੱਤ, ਦੋ ਵੀਹਾਂ ਵਰ੍ਹੇ ਹੋ ਚੱਲੇ ਨੇ ਪਿੰਡੀ ਨੂੰ ਉਜੜਿਆਂ।'—ਲੱਧੀ ਨੇ ਦੁੱਲੇ ਦੇ ਮੂੰਹ ਉਪਰ ਹੱਥ ਰੱਖਦਿਆਂ ਕਿਹਾ।—'ਅੱਲਾਹ ਦੀ ਖ਼ੈਰ ਮੇਹਰ ਨਾਲ ਹੁਣ ਪਿੰਡੀ ਸੁੱਖੀ ਵੱਸਣ ਲੱਗੀ ਏ। ਮੈਨੂੰ ਤੇ ਲਗਦਾ ਏ ਹੋਣੀ ਟਲੀ ਨਹੀਓਂ, ਅਜੇ ਵੀ ਹੱਸਦੀ ਏ ਏਸ ਟੱਬਰ 'ਤੇ, ਪਿੰਡੀ ਉੱਤੇ। ਹੋਣੀ ਨੂੰ ਮਨੁੱਖ ਨਹੀਂ ਜਾਣਦਾ ਪੁੱਤਰ। ਜਿਵੇਂ ਅਸੀਂ ਇਹ ਨਹੀਂ ਜਾਣਦੇ, ਮਨ



ਵਿਚ ਕੀ ਭੂਚਾਲ ਆਂਦੇ ਪਏ ਨੇ।' ਲੱਧੀ ਦੁੱਲੇ ਵਲ ਤੇ ਫਿਰ ਪਰ੍ਹੇ ਦਰਵਾਜ਼ੇ ਦੀ ਓਟ ਵਿਚ ਖੜ੍ਹੇ ਉਸਦੇ ਸਾਥੀਆਂ ਵਲ ਝਾਕੀ। ਪੁੱਛਿਆ,—'ਕੱਲੇ ਨੇ ਈ ਭੇਦ ਜਾਨਣਾ ਈ ਕਿ ਆਪਣੇ.....।' ਉਸਨੇ ਦਰਵਾਜ਼ੇ ਓਹਲੇ ਖੜ੍ਹੇ ਸਾਥੀਆਂ ਵਲ ਇਸ਼ਾਰਾ ਕੀਤਾ।

—ਮਾਂ ਤੈਨੂੰ ਆਖਿਆ ਤਾਂ ਹੈ, ਜਿਹਾ ਦੁੱਲਾ, ਤੇਰੇ ਏਹ।'

—ਸੱਦ ਲੈ ਉਹਨਾਂ ਨੂੰ ਵੀ।' ਲੱਧੀ ਦੇ ਚਿਹਰੇ ਉਪਰ ਦੁੱਲੇ ਨੂੰ ਅਨੋਖੀ ਕਠੋਰਤਾ ਦਿਸੀ, ਜਿਹੜੀ ਉਸ ਪਹਿਲਾਂ ਕਦੀ ਨਹੀਂ ਸੀ ਵੇਖੀ।

ਸਾਰੇ ਝਕਦੇ ਝਕਦੇ ਅੰਦਰ ਲੰਘ ਆਏ।

—ਸਲਾਮ ਆਖਨੇ ਆਂ ਅੰਮਾਂ।' ਤਿੰਨ ਕੁ ਜਣੇ ਸਾਰਿਆਂ ਵਲੋਂ ਬੋਲੇ ਤੇ ਲੱਧੀ ਦੀਆਂ ਅੱਖਾਂ ਦੀ ਘੂਰ ਤੋਂ ਡਰਦੇ ਥੋੜ੍ਹਾ ਪਿਛਾਂਹ ਹੀ ਖੜ੍ਹ ਗਏ।

—'ਗਾਂਹ ਆ ਜਾਓ ਮੋਇਓ, ਅੰਮਾਂ ਦੇ ਸੱਪ ਤਾਂ ਨਈਊਂ ਛੱਡੇ ਹੋਏ।' ਲੱਧੀ ਨੇ ਝਿੜਕਿਆ ਤਾਂ ਸਾਰੇ ਕੱਛਾਂ ਵਿਚ ਮੂੰਹ ਛੁਪਾਉਂਦੇ ਕੁਝ ਨੇੜੇ ਹੋ ਗਏ।

—ਬਹਿ ਜਾਓ ਏਥੇ ਈ।' ਫਿਰ ਦੁੱਲੇ ਵਲ ਝਾਕੀ—'ਹੁਣ ਪੁੱਛ ਕੀ ਪੁੱਛਨਾ ਏਂ, ਲਹੂ ਤੱਤਾ ਕੀਤਿਆਂ ਤਾਂ ਮਸਲੇ ਹੱਲ ਨਹੀਂ ਹੋਂਦੇ ਪੁੱਤਰੋ। ਆਖਦਾ ਸੀ ਮਾਂ ਨੇ ਠੱਗੀ ਮਾਰੀ ਊ ਤੇਰੇ ਨਾਲ। ਏਵੇਂ ਈ ਆਖਦਾ ਸੀ ਨ੍ਹਾ ?'

ਦੁੱਲਾ ਨੀਵੀਂ ਪਾਈ ਬੈਠਾ ਸੀ। ਉਸਦੇ ਬੇਲੀ ਅਜੇ ਵੀ ਖੜ੍ਹੇ ਸਨ।

—ਵੇ ਬਹਿੰਦੇ ਕਿਉਂ ਨਈਊਂ ? ਖੜ੍ਹੇ ਪਿੰਡੋਂ ਆਏ ਜੇ ?' ਲੱਧੀ ਨੇ ਦਬਕੇ ਨਾਲ ਪੁਛਿਆ ਤਾਂ ਸਾਰੇ ਕੋਈ ਪਲੰਘ ਦੀ ਦੌਣ 'ਤੇ, ਕੋਈ ਪੀੜ੍ਹੀ ਉੱਤੇ, ਕੋਈ ਮੂੜ੍ਹੇ ਉੱਤੇ, ਇਕ ਨੇ ਤਾਂ ਡੋਲ ਮੂਧਾ ਮਾਰ ਕੇ ਉਪਰ ਆਸਣ ਕਰ ਲਿਆ। ਬਾਕੀਆ ਨੇ ਭੁੰਜੇ ਚੌਕੜੀਆਂ ਮਾਰ ਲਈਆਂ।

ਅੰਦਰੋਂ ਨਿਕਲ ਕੇ ਫੁੱਲਰਾਂ ਵੀ ਹੈਰਾਨ ਹੋਈ ਉਹਲੇ ਵਿਚ ਆਣ ਖੜ੍ਹੀ। ਬਖ਼ਤੋ ਤੇ ਸਲੇਮੋ ਵੀ ਆ ਕੇ ਕੰਡ ਕਰਕੇ ਬੈਠ ਗਈਆਂ। ਸਾਰੇ ਹੈਰਾਨ ਸਨ, ਅੰਮਾਂ ਲੱਧੀ ਅੱਜ ਕਿਹੜੀ ਹਾਂਡੀ ਦਾ ਢੱਕਣ ਚੁੱਕਣ ਲੱਗੀ ਏ। ਪਹਿਲਾਂ ਤਾਂ ਉਹ ਮੱਤਾਂ ਦਿੰਦੀ ਹੁੰਦੀ ਸੀ—'ਢਕੀ ਰਿੱਝੇ ਤੇ ਕੋਈ ਨਾ ਬੁੱਝੇ।'

—ਨੂਰਾ ਕਿਥੇ ਈ ? ਆਪਣੇ ਪੁੱਤਰ ਨੂੰ ਵੀ ਹਾਕ ਮਾਰ ਦੁੱਲਿਆ ਤੇ ਮੇਹਰੂ ? ਨਿੱਤ ਨਿੱਤ ਇਹ ਕਿੱਸੇ ਮੂੰਹ 'ਤੇ ਥੋੜ੍ਹਾ ਈ ਆਵਣੇ ਨੇ। ਮੈਨੂੰ ਜਹਾਨ ਤੇ ਕਮਾਲ ਖ਼ਾਨ ਵੀ ਨਹੀਂ ਦਿੱਸਦੇ ਪਏ ?' ਲੱਧੀ ਨੇ ਦੁੱਲੇ ਦੇ ਦੂਸਰੇ ਮੁੰਡਿਆਂ ਬਾਰੇ ਪੁੱਛਿਆ।

—ਮਾਂ ਤੂੰ ਵੀ ਹੱਦ ਕਰਨੀ ਏਂ, ਅਜੇ ਪਰਸੋਂ ਤੇ ਉਹਨਾਂ ਦਾ ਮਾਮੂ ਆ ਕੇ ਲੈ ਗਿਆ ਈ ਆਪਣੇ ਨਾਲ। ਆਖ ਤੇ ਗਿਆ, ਹੁਣ ਇਹ ਦੋਵੇਂ ਓਥੇ ਈ ਰਹਿਣਗੇ।' ਦੁੱਲਾ ਖਿੱਝਿਆ ਹੋਇਆ ਸੀ। ਉਹ ਚਾਹੁੰਦਾ ਸੀ, ਮਾਂ ਜੋ ਦੱਸਣਾ ਈ ਦੱਸੇ ਪਰ੍ਹੇ, ਐਵੇਂ ਕਹਾਣੀਆਂ ਜਿਹੀਆਂ ਨਾ ਪਾਈ ਜਾਵੇ।

— ਤੇ ਨੂਰਾ ?' ਲੱਧੀ ਨੇ ਫਿਰ ਪੁੱਛਿਆ।

—ਬਖ਼ਤੋ, ਜਾਹ ਕੁੜੇ ਆਪਣੇ ਵੀਰ ਨੂੰ ਹਾਕ ਦੇ। ਮਾਂ ਪਾੜ ਵੱਡਾ ਪੁੱਟ ਲੈਂਦੀ ਏ ਤੇ ਕੰਮ ਥੋੜ੍ਹਾ ਹੁੰਦਾ ਹੈ।' ਦੁੱਲੇ ਦਾ ਜਿਵੇਂ ਜਿਵੇਂ ਨਸ਼ਾ ਉਤਰਦਾ ਜਾਂਦਾ ਸੀ, ਉਵੇਂ ਉਵੇਂ ਏਥੋਂ ਛੇਤੀ ਜਾਣ ਦੀ ਕਾਹਲ ਕਰਦਾ ਸੀ।

ਨੂਰਾ ਵੀ ਆ ਗਿਆ। ਲੱਧੀ ਵਾਰੀ ਵਾਰੀ ਸਾਰਿਆਂ ਵਲ ਝਾਕੀ।

—ਸਿਰ ਠੰਡਾ ਰੱਖ ਕੇ ਸੁਣਨੀ ਏ ਮੇਰੀ ਗੱਲ। ਠਰ੍ਹੰਮੇ ਨਾਲ। ਕਾਹਲੇ ਨਹੀਓਂ ਪੈਣਾ ਤੇ

ਬੋਲਣਾ ਨਹੀਓਂ ਵਿਚੋਂ। ਹਯਾਤੀ ਦੀਆਂ ਬੜੀਆਂ ਥੋੜ੍ਹੀਆਂ ਬਾਰੀਆਂ ਹੁੰਦੀਆਂ ਨੇ ਤੇ ਇਹ ਕਦੇ ਕਦਾਈਂ ਖੁਲ੍ਹਦੀਆਂ ਨੇ ਪੁੱਤਰੋ।'

—ਅੰਮਾਂ ਮੈਨੂੰ ਮੇਹਰੂ ਨਈਂ ਦਿੱਸਦਾ ਪਿਆ। ਫੇਰ ਤੂੰ ਵਿਚ ਬੋਲਣ ਨਈਂ ਦੇਣਾ।' ਫੱਤੂ ਮਿਰਾਸੀ ਨੇ ਲੱਧੀ ਨੂੰ ਪੁੱਛਿਆ।

—ਤੂੰ ਤੇ ਆਪਣੀ ਆਦਤ ਛੱਡਣੀ ਨਈਂ ਪਾਟੀ ਲੁਤਰੋ ਵਾਲਿਆ। ਉਹ ਆਪਣੀ ਢਾਣੀ 'ਚ ਬੈਠਾ ਕਿਧਰੇ ਪੋਸਤ ਪੀਣ ਡਿਹਾ ਹੋਣੈ ਜਾਂ ਕਿਸੇ ਖੱਲ-ਖੂੰਜੇ 'ਚ ਸੁੱਤਾ ਪਿਐ ਹੋਣੈ। ਹੋਰ ਉਹਨਾਂ ਲਾਹੌਰ ਦੇ ਤਖ਼ਤ ਨਾਲ ਮੱਥਾ ਲਾਉਣੈ ?'

ਲੱਧੀ ਦੀ ਗੱਲ ਉੱਤੇ ਸਾਰੇ ਹੱਸ ਪਏ।

—ਇਹ ਹੱਸਣ ਦੀਆਂ ਗੱਲਾਂ ਨਹੀਂ ਪੁੱਤਰੋ। ਦੁੱਲੇ ਦਾ ਪਿਉ ਅਤੇ ਚਾਚਾ ਬੜੇ ਭਾਰੀ ਰਾਠ ਹੁੰਦੇ ਸਨ, ਸੂਰਮੇ, ਦਲੇਰ। ਗਿੱਲੀ ਭੋਏਂ 'ਚ ਲੱਤ ਮਾਰਨ ਤੇ ਪਾਣੀ ਕੱਢ ਦੇਣ। ਇਹ ਮੈਂ ਨਈਂ ਆਖਦੀ ਸੁਹਣਿਓਂ, ਜੱਗ ਆਖਦਾ ਏ। ਉਹਨਾਂ ਪੂਰੀ ਹਯਾਤੀ ਅਕਬਰ ਦੀ ਈਨ ਨਹੀਓਂ ਮੰਨੀ। ਅਕਬਰ ਬਾਰ ਦੇ ਲੋਕਾਂ ਤੋਂ ਖਰਾਜ ਲੈਂਦਾ ਸੀ ਧੌਂਸ ਨਾਲ। ਹੁਣ ਵੀ ਲੈਂਦਾ ਏ। ਲਾਹੌਰ ਤੇ ਦਿੱਲੀ ਦਾ ਤਖ਼ਤ ਮਾੜਿਆਂ ਤੇ ਹੀਣਿਆਂ ਦਾ ਵੈਰੀ ਰਿਹਾ ਏ ਪੁੱਤਰੋ। ਦੁੱਲੇ ਦੇ ਅੱਬਾ ਤੇ ਦਾਦੇ ਬਾਰ ਦੇ ਲੋਕ ਜੋੜੇ, ਆਪਣੇ ਭਰਾਵਾਂ ਨੂੰ ਨਾਲ ਲਿਆ, ਪੁੱਤਰਾਂ ਨੂੰ ਨਾਲ ਲਿਆ। ਸਲਾਹ ਕੀਤੀ ਚੁਗੱਤਾਸ਼ਾਹੀ ਦਾ ਹੱਥ ਡੱਕਣਾ ਈ ਪੋਸੀ। ਪਰ ਉਹ ਡਾਹਢੇ ਸਨ, ਫੌਜਾਂ ਵਾਲੇ ਸਨ ਤੇ ਫਿਰ ਮੁਗ਼ਲਾਂ ਦੇ ਰਾਜ ਤੋਂ ਨਾਬਰ ਹੋਣਾ ਕੋਈ ਸੌਖੀ ਗੱਲ ਸੀ ? ਏਥੇ ਬਾਰ ਵਿਚ, ਵਾਹਕ, ਰਾਹਕ, ਕੰਮੀ, ਸੇਪੀ, ਇਆਣੇ ਸਿਆਣੇ, ਨਾ ਕਦੀ ਜੰਗ ਵੇਖੀ ਨਾ ਲੜੀ। ਸਾਰੇ ਅੱਲਾਹ ਦਾ ਨਾਮ ਲੈਣ ਵਾਲੇ ਤੇ ਉਹ ਚੁਗੱਤੇ, ਹਥਿਆਰਾਂ ਵਾਲੇ। ਫੇਰ ਵੀ ਪੁੱਤਰੋ, ਬਾਰ ਦੇ ਲੋਕਾਂ ਸ਼ੀਹਾਂ ਹਾਰ ਜੰਗਲ ਵਿਚੋਂ ਛਿੜਨਾ ਤੇ ਸ਼ਾਹੀ ਫੌਜ ਨੂੰ ਅਚੇਤੀ ਜਾ ਪੈਣਾ। ਕਦੇ ਸ਼ਾਹੀ ਖਜ਼ਾਨਾ ਲੁੱਟ ਲੈਣਾ, ਕਦੇ ਰਸਦ ਲੁੱਟ ਲੈਣੀ, ਕਦੇ ਡਾਲੀਆਂ ਲੁੱਟ ਲੈਣੀਆਂ।'.....

ਅੰਮਾਂ ਲੱਧੀ ਦੀਆਂ ਗੱਲਾਂ ਸੁਣਦੇ ਦੁੱਲੇ ਦੇ ਬੇਲੀ, ਜੋਸ਼ ਵਿਚ ਆਏ ਚੌਕੜੀਆਂ ਛੱਡ ਕੇ ਪੈਰਾਂ ਭਾਰ ਹੋ ਗਏ।

.......ਦੁੱਲੇ ਦੇ ਪਿਉ ਦਾਦੇ ਆਖਿਆ, ਅਸੀਂ ਬਾਰ ਦੇ ਲੋਕਾਂ ਨੇ ਖਰਾਜ ਨਹੀਂ ਦੇਣੀ। ਪੈਲੀਆਂ ਸਾਡੀਆਂ, ਖੇਤ ਬੰਨੇ ਸਾਡੇ, ਮਿਹਨਤਾਂ ਸਾਡੀਆਂ, ਇਹ ਅਕਬਰ ਕੌਣ ਹੁੰਦਾ ਵੇ ਲਗਾਨ ਲੈਣ ਵਾਲਾ ? ਉਹਨਾਂ ਬਾਰ ਦੇ ਸਾਰੇ ਕਿਸਾਨਾਂ ਨੂੰ ਰਾਜ਼ੀ ਕਰ ਲਿਆ ਤੇ ਬਾਰ ਵਿਚ ਨਾਬਰੀ ਦਾ ਡੱਗਾ ਵਜਾ ਦਿੱਤਾ। ਬਾਤਸ਼ਾਹ ਦੇ ਮੁੱਲਾਂ ਮਲਾਣਿਆਂ, ਪੱਤੀਦਾਰਾਂ ਨੇ ਲਾਹੌਰ ਦਰਬਾਰ ਵਿਚ ਜਾ ਕੇ, ਗੱਲਾਂ ਵਧਾ ਚੜ੍ਹਾ ਕੇ ਜਾ ਦੱਸੀਆਂ। ਉਹਨਾਂ ਵਿਚ ਸਾਡਾ ਸ਼ਰੀਕ ਜਲਾਲਦੀਨ ਵੀ ਹੈਗਾ ਸੀ। ਇਹਦਾ ਤਾਂ ਮੂੰਹ ਕਦੇ ਦਿੱਲੀ ਵਲ ਤੇ ਕਦੇ ਲਾਹੌਰ ਵਲ ਰਹਿੰਦਾ ਏ। ਬਾਤਸ਼ਾਹ ਜਾਣਿਆ ਇਹ ਤਾਂ ਮੇਰੀ ਹੱਤਕ ਏ। ਅੱਜ ਬਾਰ ਨਾਬਰ ਹੋਈ ਏ ਭੱਟੀਆਂ ਦੀ, ਕੱਲ੍ਹ ਨੂੰ ਹੋਰ ਬਾਰਾਂ ਸਿਰ ਚੁੱਕ ਲੈਣਾ। ਪਿਉ ਮੋਏ ਤੋਂ ਨਵਾਂ ਨਵਾਂ ਬਾਤਸ਼ਾਹ ਬਣਿਆ ਸੀ। ਛੋਹਰ ਮੱਤ, ਆਪਣੇ ਨੂਰੇ ਨਾਲੋਂ ਪੰਜ-ਛੇ ਵਰ੍ਹੇ ਛੋਟਾ ਹੋਣਾ। ਸਲਾਮਾਂ ਤਾਂ ਬੰਦੇ ਦਾ ਡਮਾਕ (ਦਿਮਾਗ਼) 'ਸਮਾਨੇ ਚਾੜ੍ਹ ਛੱਡਦੀਆਂ। ਉਸਨੇ ਪਿੰਡੀ ਉਪਰ ਫੌਜਾਂ ਚਾੜ੍ਹ ਦਿੱਤੀਆਂ। ਬੜਾ ਖ਼ੂਨੋ-ਖ਼ੂਨ ਹੋਇਆ ਪੁੱਤਰੋ। ਪਿੰਡੀ ਦੇ ਲੋਕ ਜਾਣਦੇ ਨੇ ਜਾਂ ਅੱਲਾਹ। ਦੁੱਲੇ ਦਾ ਦਾਦਾ, ਉਹਦੇ ਭਾਈ, ਦੁੱਲੇ ਦਾ ਅੱਬਾ, ਉਹਦੇ ਭਰਾ, ਕੀਹਦਾ ਕੀਹਦਾ ਨਾਂ ਲਵਾਂ, ਪੁਰਾਣਾ ਖ਼ਾਂ, ਸ਼ੇਖੂ



ਖ਼ਾਂ, ਉਹਨਾਂ ਦੇ ਬੱਚੇ, ਦੁੱਲੇ ਦੇ ਸਾਰੇ ਭਰਾ ਮੇਰੇ ਪੁੱਤਰ.....ਹਾਏ....।' ਲੱਧੀ ਨੇ ਹਾਉਕਾ ਲੈ ਕੇ ਕਾਲਜਾ ਨੱਪਿਆ.... 'ਮੇਰਾ ਮਾਮੂਦ, ਮੇਰਾ ਬੁੱਧਾ, ਬਹਿਲੋਲ, ਸਾਲਾਰ....।' ਉਸਦਾ ਗਲਾ ਭਰ ਆਇਆ,........'ਸਭ ਦੇ ਸਭ ਅੱਲਾਹ ਨੂੰ ਪਿਆਰੇ ਹੋ ਗਏ। ਮੇਰੇ ਤਾਂ ਢਿੱਡ 'ਚ ਗੰਢਾਂ ਬਣੀਆਂ ਪਈਆਂ ਨੇ ਪੁੱਤਰੋ।....ਇਕ ਮੇਹਰੂ ਜੀਂਦਾ ਏ, ਪੋਸਤੀ ਨਾ ਹੋਇਆਂ ਵਰਗਾ, ਤੇ ਇਕ ਆਹ ਬੈਠਾ ਈ....' ਉਸਨੇ ਦੁੱਲੇ ਵਲ ਇਸ਼ਾਰਾ ਕੀਤਾ।—'ਪੁੱਛਦਾ ਈ ਮੈਨੂੰ ਤੂੰ ਹੀ ਜੰਮਿਆਂ ਸੀ ਨਾ ਮਾਂ ? ਤੇ ਆਖਦਾ ਈ ਤੂੰ ਮੇਰੇ ਨਾਲ ਠੱਗੀ ਮਾਰੀ ਊ.....।' ਆਖਦਿਆਂ ਲੱਧੀ ਰੋਣ ਲੱਗ ਪਈ।

ਸਾਰੇ ਜਣੇ ਉਸ ਦੁਆਲੇ ਸੁੰਨ ਹੋਏ ਬੈਠੇ ਸਨ।

ਲੱਧੀ ਨੇ ਕੁਝ ਦੇਰ ਬਾਅਦ ਚੁੰਨੀ ਦੇ ਲੜ ਨਾਲ ਨੱਕ ਪੂੰਝਿਆ। ਅੱਥਰੂ ਪੂੰਝੇ ਤੇ ਗਲਾ ਸਾਫ਼ ਕਰਦਿਆਂ ਬੋਲੀ—'ਬੱਚਿਓ ! ਤੁਸੀਂ ਕੀ ਜਾਣੋ ਪਿੰਡੀ ਤੇ ਕੀ ਵਗੀਆਂ। ਅਕਬਰ ਦੀਆਂ ਫੌਜਾਂ ਪਿੰਡੀ ਘੇਰ ਲਈ। ਦੁੱਲੇ ਦੇ ਪਿਉ ਦਾਦੇ, ਚਾਚੇ, ਤਾਏ, ਭਰਾ, ਪਿੰਡੀ ਦੇ ਲੋਕ, ਲੜੇ ਜਿੰਨਾ ਚਿਰ ਸਾਹ ਵਗਦੇ ਰਹੇ। ਗੁਆਂਢੀ ਪਿੰਡਾਂ ਦੇ ਲੋਕ ਵੀ ਆਕੇ ਲੜੇ। ਜਦੋਂ ਲੋਕ ਲੜਦੇ ਨੀ ਪੁੱਤਰ ਆਪਣੀ ਭੋਇੰ ਲਈ, ਆਪਣੇ ਲੋਕਾਂ ਲਈ, ਆਪਣੇ ਘਰਾਂ ਲਈ ਤਾਂ ਜੰਗ ਆਪਣੀ ਨ੍ਹਈਂ ਰਹਿੰਦੀ, ਇਹ ਜੰਗ ਭੋਏਂ ਜੰਮਿਆਂ ਦੀ ਹੋ ਵਹਿੰਦੀ ਏ। ਪੁੱਤਰੋ, ਇਕ ਪਾਸੇ ਸ਼ਾਹੀ ਫੌਜਾਂ, ਹਥਿਆਰ, ਘੋੜੇ, ਹਾਥੀ ਦੇ ਦੂਏ ਬੰਨੇ ਤੁਸਾਂ ਜੇਹੇ ਲੋਕ, ਨਾ ਢੰਗ ਦੇ ਹਥਿਆਰ ਕੋਲ ਨਾ ਲੜਨ ਦਾ ਚੱਜ ਤੇ ਜਦੋਂ ਦੁੱਲੇ ਦਾ ਅੱਬਾ, ਦਾਦਾ ਤੇ ਹੋਰ ਭਾਈ ਡਾਹਢੇ ਜ਼ਖ਼ਮੀ ਹੋ ਗਏ, ਢਹਿ ਪਏ, ਉਹਨਾਂ ਕੁੱਤੇ ਚੁਗੱਤਿਆਂ ਇਹਨਾਂ ਨੂੰ ਸੰਗਲਾਂ ਨਾਲ ਨੂੜ ਲਿਆ ਪਿੰਡੀ ਲੁੱਟੀ ਗਈ। ਬਹੂਆਂ ਧੀਆਂ ਦੀ ਇਜ਼ਤ ਰੋਲੀ ਗਈ। ਸਾਰੀ ਪਿੰਡੀ ਥੇਹ ਬਣਾ ਘੱਤੀ....।'

ਲੱਧੀ ਚੁੱਪ ਹੋ ਗਈ। ਇਕ ਵਾਰ ਫੇਰ ਅੱਖਾਂ ਪੂੰਝੀਆਂ। ਹਾਉਕਾ ਭਰਕੇ ਸਾਰਿਆਂ ਵਲ ਝਾਕੀ। ਉਹ ਨੀਵੀਆਂ ਪਾਈ ਬੈਠੇ ਪੈਰਾਂ ਦੇ ਅੰਗੂਠਿਆਂ ਨਾਲ ਮਿੱਟੀ ਖੁਰਚ ਰਹੇ ਸਨ।

—ਫੇਰ ਕੀ ਹੋਇਆ ਅੰਮਾਂ ?' ਸਹਿਮੇ ਬੈਠੇ ਨੂਰੇ ਨੇ ਹੌਲੀ ਜਿਹੀ ਪੁੱਛਿਆ।

—ਹੋਣਾ ਕੀ ਏ ਪੁੱਤਰ। ਮੈਂ ਸਭ ਕੁਝ ਗੁਆ ਕੇ ਪੇਕੇ ਵੰਞ ਗਈ। ਤੇਰਾ ਅੱਬਾ ਮੇਰੇ ਢਿੱਡ ਵਿਚ ਸੀ ਉਦੋਂ।' ਆਖਦਿਆਂ ਲੱਧੀ ਨੇ ਨੀਵੀਂ ਪਾ ਲਈ।

ਪਰ੍ਹਾਂ ਓਟ ਵਿਚ ਬੈਠੀਆਂ ਕੁੜੀਆਂ ਬਖ਼ਤੋ, ਸਲੇਮੋ ਅਤੇ ਫੁੱਲਰਾਂ ਦੇ ਹਾਉਕੇ ਸੁਣੇ।

—ਅੰਮਾਂ ਅਕਬਰ ਬਾਦਸ਼ਾਹ ਹੁਣ ਕਿਥੇ ਵੇ ?' ਰੂੜੇ ਜੱਟ ਡਾਹਢੇ ਰੰਜ ਨਾਲ ਪੁੱਛਿਆ।

—ਕੀ ਪਤਾ ਸ਼ੇਰਾ, ਲਾਹੌਰ ਹੋਣੈ ਜਾਂ ਦਿੱਲੀ-ਦੱਖਣ ਹੋਣੈ। ਬਾਤਸ਼ਾਹਾਂ ਕਿਸੇ ਤੋਂ ਪੁੱਛ ਕੇ ਜਾਣਾ ਈ ਕਿਧਰੇ।'

—ਅੱਬਾ ਔਰ ਬਾਬੇ ਵਾਂਗ ਅਸੀਂ ਵੀ ਤੇ ਲੋਕ 'ਕੱਠੇ ਕਰ ਸਕਨੇ ਆਂ ਮਾਂ ?' ਬੈਠਾ ਦੁੱਲਾ ਅਚਾਨਕ ਉੱਠ ਖੜ੍ਹਾ।

—ਨਾ ਪੁੱਤਰਾ।' ਲੱਧੀ ਨੇ ਦੁਹਾਈ ਦਿੱਤੀ ਜਿਵੇਂ। ਉਸਦੇ ਹੱਥ ਜੁੜ ਗਏ।

—ਇਕ ਵੇਰ ਤਾਂ ਅਕਬਰੇ ਨੂੰ ਫੇਰ ਟੱਕਰਾਂਗੇ ਮਾਂ। ਹਿਸਾਬ ਕਿਤਾਬ ਤਾਂ ਲਵਾਂਗੇ ਨਾ।'

—ਵੇ ਪੁੱਤਰੋ ! ਮੈਂ ਤਾਂ ਪਹਿਲਾਂ ਹੀ ਵਰ੍ਹਿਆਂ ਵਰਗੇ ਦਿਹੁੰ ਕੱਟੇ ਨੇ। ਅੱਲਾਹ ਤੋਂ ਰਹਿਮਤਾਂ ਮੰਗਦੀ ਨੇ ਮਸੀਂ ਏਨਾ ਕੁ ਟੱਬਰ ਸਾਂਭਿਆ ਊ। ਏਥੇ ਥਾਂ ਥਾਂ ਰਾਜੇ ਦੇ ਬੰਦੇ ਭੇਸ ਬਦਲੀ ਫਿਰਦੇ ਨੇ ਪੁੱਤਰੋ। ਬਾਤਸ਼ਾਹਾਂ ਦੇ ਕੰਨ ਬੜੇ ਵੱਡੇ ਹੁੰਦੇ ਨੀ।' ਲੱਧੀ ਅਜੇ ਵੀ ਪੁਰਾਣੇ ਵੇਲਿਆਂ ਤੋਂ ਤ੍ਰਹਿੰਦੀ ਸੀ।

—ਇੱਕ ਵਾਰ ਤਾਂ ਤਖ਼ਤ ਨਾਲ ਮੱਥਾ ਲਾਉਣਾ ਈ ਪੈਣਾ ਮਾਂ।' ਦੁੱਲੇ ਦਾ ਨਸ਼ਾ ਭਾਵੇਂ ਪੂਰਾ ਲਹਿ ਗਿਆ ਸੀ, ਪਰ ਹੁਣ ਲਹੂ ਤੱਤਾ ਹੋਣ ਲੱਗ ਪਿਆ।

—ਨਾ ਵੇ ਪੁੱਤਾ, ਹੁਣ ਤਾਂ ਤੂੰ ਈ ਰਹਿ ਗਿਐਂ ਮੇਰੇ ਕੋਲ। ਬਾਕੀ ਤਾਂ.....।'

—ਦੁੱਲੇ ਨੇ ਰੋਜ਼ ਰੋਜ਼ ਨਈ੍ਹੀਂ ਜੰਮਣਾ ਮਾਂ, ਤੇ ਆਹ ਵੀ ਜਿਹੜੇ ਸਾਰੇ ਬੈਠੇ ਨੀ, ਇਹ ਵੀ ਦੁੱਲੇ ਨੀ।'

—ਨਾ ਵੇ ਪੁੱਤਰੋ, ਲਾਹੌਰ ਤੇ ਦਿੱਲੀ ਵੱਲ ਮੂੰਹ ਨਹੀਂ ਕਰਨਾ। ਓਧਰ ਜਾਂਦੇ ਸਾਰੇ ਰਾਹ, ਮੌਤ ਦੇ ਰਾਹ ਨੇ। ਏਸ ਕਰਕੇ ਮੈਂ ਟੰਮਕ ਅੰਦਰ ਛੁਪਾਈ ਰੱਖੀ ਏਨੇ ਵਰ੍ਹੇ ਦੁੱਲਿਆ।'

—ਜਿਹੜੀ ਟੰਮਕ ਕੱਲ੍ਹ ਨੂਰਾ ਬਾਹਰ ਖਿੱਚ ਲਿਆਇਆ ਸੀ ?' ਦੁੱਲੇ ਪੁੱਛਿਆ।

—ਆਹੋ ਪੁੱਤ।' ਲੱਧੀ ਨੇ ਡਾਹਢੇ ਦੁੱਖ ਨਾਲ ਕਿਹਾ।

—ਮਾਂ, ਏਨੇ ਵਰ੍ਹੇ, ਜਿਥੇ ਤੂੰ ਬਹਿਣ ਲਈ ਕਿਹਾ, ਬਹਿ ਗਿਆ। ਜਿਥੇ ਤੂੰ ਖਲੋਵਣ ਲਈ ਕਿਹਾ, ਖਲੋ ਗਿਆ। ਮੈਂ ਕਦੀ ਤੇਰੇ ਤੋਂ ਨਾਬਰ ਨਹੀਂ ਹੋਇਆ। ਤੂੰ ਆਖਿਆ, ਤੇਰਾ ਅੱਬਾ ਮੇਰਾ ਨਿਕਾਹ ਤੈਅ ਕਰ ਗਿਆ ਸੀ, ਮੈਂ ਸਿਰ ਨੀਵਾਂ ਕਰਕੇ ਮੰਨ ਲਿਆ। ਅੱਜ ਤੀਕਰ ਹਵੇਲੀ ਦੇ ਕਿਸੇ ਅੰਦਰ ਵੀ, ਜਿਥੇ ਤੂੰ ਜੰਦਰੇ ਮਾਰੇ ਨੇ, ਮੈਂ ਕਦੀ ਝਾਤ ਨਹੀਂ ਪਾਈ, ਨਾ ਕਦੀ ਖੋਹਲਣ ਲਈ ਕਿਹਾ। ਮੈਨੂੰ ਕੀ ਪਤਾ ਸੀ ਮਾਂ, ਤੂੰ ਅੰਦਰ ਅੱਬਾ ਦਾਦੇ ਦੀ ਟੰਮਕ ਛੁਪਾਈ ਬੈਠੀ ਏਂ। ਮੈਨੂੰ ਅਸੀਸ ਦੇਹ ਮਾਂ ਤੇ ਮੇਰੇ ਬੇਲੀਆਂ ਦੇ ਸਿਰਾਂ ਉੱਪਰ ਵੀ ਹੱਥ ਰੱਖ। ਦੁੱਲਾ ਤੇ ਉਹਦੇ ਬੇਲੀ ਹੁਣ ਜੀਣਗੇ ਤਾਂ ਪਿੰਡੀ ਦੇ ਲੋਕਾਂ ਲਈ, ਮਰਨਗੇ ਤਾਂ ਪਿੰਡੀ ਦੇ ਲੋਕਾਂ ਲਈ। ਅਸੀਂ ਤਾਂ ਸਾਰੇ ਈ ਔਂਟਲੇ ਫਿਰਦੇ ਸਾਂ ਮਾਂ। ਤੂੰ ਤੇ ਸਾਨੂੰ ਜੀਣ ਜੋਗੇ ਕਰ ਦਿੱਤਾ।' ਫਿਰ ਦੁੱਲਾ ਆਪਣੇ ਬੇਲੀਆਂ ਵਲ ਝਾਕਿਆ—'ਮਿੱਤਰੋ, ਅੱਜ ਤੋਂ ਚੁਗੱਤਾ ਸ਼ਾਹੀ ਨੂੰ ਮਾਮਲਾ ਕੋਈ ਨਹੀਂ ਜੇ ਤਾਰਨਾ ਤੇ ਨਾ ਹੀ ਬਾਦਸ਼ਾਹ ਦੇ ਨੌਕਰਾਂ ਚਾਕਰਾਂ ਨੂੰ ਬਾਰ 'ਚ ਵੜਨ ਦੇਣਾ ਈ।'

—ਵੇ ਨਾ ਵੇ ਪੁੱਤਰੋ, ਉਹ ਡਾਹਢੇ ਨੇ। ਲੱਧੀ ਸਿਰੋਂ ਨੰਗੀ ਤਾਂ ਹੋਈ ਹੋਈ ਏ, ਹੁਣ ਜਹਾਨੋਂ ਖ਼ਾਲੀ ਨਾ ਤੋਰੋ। ਮੈਂ ਹੱਥ ਜੋੜਨੀ ਆਂ।' ਸੱਚ ਹੀ ਮਾਂ ਦੇ ਹੱਥ ਜੁੜ ਗਏ।

—ਮਾਂ।' ਦੁੱਲਾ ਦਹਾੜਿਆ।

ਲੱਧੀ ਪੈਰਾਂ ਤੱਕ ਕੰਬ ਗਈ। ਉਹਲੇ ਵਿਚ ਬੈਠੀ ਦੁੱਲੇ ਦੀ ਬੀਵੀ ਫੁੱਲਰਾਂ ਅਤੇ ਕੁੜੀਆਂ ਵੀ ਤਰਹਿ ਗਈਆਂ। ਉਹ ਹੈਰਾਨ ਸਨ—'ਅੱਬਾ ਏਨਾ ਉੱਚਾ ਤਾਂ ਕਦੀ ਨਹੀਂ ਬੋਲਿਆ।'

—ਮਾਂ, ਹਾਜੀ ਚਿਰਾਗਦੀਨ ਆਖਦਾ ਹੁੰਦਾ, ਜੱਗ ਵਿਚ ਜਿਉਂਣਾ ਏ ਤਾਂ ਬੰਦੇ ਨੂੰ ਆਪਣੀ ਥਾਂ ਭਾਲਣੀ ਪੈਂਦੀ ਊ। ਮੈਨੂੰ ਓਹਦੀ ਗੱਲ ਸਮਝ ਨਹੀਂ ਸੀ ਪੈਂਦੀ ਹੁੰਦੀ। ਅੱਜ ਸਮਝ ਪਈ ਏ। ਹੁਣ ਮੈਨੂੰ ਆਪਣੀ ਥਾਂ ਲੱਭ ਪਈ ਏ। ਪਹਿਲੋਂ ਤਾਂ ਮੈਂ ਐਵੇਂ ਅੱਕੀਂ-ਪਲਾਹੀਂ ਹੱਥ ਮਾਰਦਾ ਫਿਰਦਾ ਸਾਂ। ਹੁਣ ਮੈਨੂੰ ਇਲਮ ਹੋ ਗਿਆ ਏ, ਦੁੱਲੇ ਨੇ ਆਪਣੇ ਬਾਪ ਦਾਦੇ ਦਾ ਕਰਜ਼ ਲਾਹਣਾ ਏ। ਹੁਣ ਦੁੱਲੇ ਦਾ ਵੈਰ ਅਕਬਰ ਰਾਜ ਦੀਆਂ ਨੀਹਾਂ ਨਾਲ ਏ।'

—ਵੇ ਸਹੁਣਿਆਂ ਅੱਗੇ ਤੇਰੇ ਪਿਉ, ਦਾਦੇ, ਚਾਚਿਆਂ.....।'

—ਮਾਂ।' ਟੋਕਿਆ ਦੁੱਲੇ ਨੇ, —'ਜਦ ਮੈਂ ਤੇਰੇ ਢਿੱਡ ਵਿਚ ਸਾਂ, ਕੀ ਖਾਂਦੀ ਰਹੀ ਸੈਂ ?' ਗੁੱਸੇ ਅਤੇ ਰੋਹ ਨਾਲ ਦੁੱਲੇ ਦੀਆਂ ਅੱਖਾਂ ਨੀਲੀਆਂ ਹੋਣ ਲੱਗੀਆਂ।

ਫੁੱਲਰਾਂ ਨੇ 'ਹਾਏ ਅੱਲਾਹ' ਕਹਿੰਦਿਆਂ ਮੂੰਹ ਅੱਡ ਲਿਆ।

ਮਾਂ ਪਹਿਲਾਂ ਆਪਣੇ ਪੁੱਤਰ ਵੱਲ ਝਾਕੀ ਫੇਰ ਬਾਕੀ ਸਾਰਿਆਂ ਵਲ। ਚਿਹਰੇ ਉਪਰ



ਵਿਅੰਗ-ਮਈ ਮੁਸਕਾਣ ਫੈਲ ਗਈ ਜਿਵੇਂ ਬੀਤੇ ਵਰ੍ਹਿਆਂ ਉਪਰ ਹੱਸੀ ਹੋਵੇ। ਬੋਲੀ,—'ਇਹ ਘਰ ਏਨਾ ਗਿਆ ਗੁਜ਼ਰਿਆ ਨਹੀਂ ਸੀ। ਤੇਰਾ ਅੱਬਾ ਤੇ ਬਾਬਾ ਚੁਗੱਤਿਆਂ ਨੂੰ ਤੰਗ ਕਰਨ ਲਈ ਧਾੜੇ ਮਾਰਦੇ ਸਨ। ਡਾਲੀਆਂ ਲੁੱਟਦੇ ਸਨ। ਘਰ ਸੁੱਕੇ ਮੇਵਿਆਂ ਅਤੇ ਨਿਆਮਤਾਂ ਨਾਲ ਭਰਿਆ ਰਹਿੰਦਾ ਸੀ। ਕਿਸੇ ਦੀ ਮਜਾਲ ਸੀ, ਤੇਰੇ ਅੱਬਾ ਦੇ ਹੁੰਦਿਆਂ ਕੋਈ ਬਾਰ ਦੇ ਵਾਹਕਾਂ ਤੋਂ ਲਗਾਨ ਲੈ ਜਾਏ।'

—ਸਾਨੂੰ ਦਿੱਲੀ ਲਾਹੌਰ ਦੇ ਰਾਹ ਪੈਣੋਂ ਵੀ ਡਕਨੀ ਏਂ, ਤੇ ਪਿਉ-ਦਾਦੇ ਦੀਆਂ ਲੁੱਟਾਂ ਮਾਰਾਂ ਦੇ ਕਾਰਨਾਮੇ ਵੀ ਦੱਸਨੀ ਏਂ। ਮਾਂ ਮੈਨੂੰ ਇਹ ਦੱਸ, ਜਦ ਮੈਂ ਜੰਮਿਆ ਸਾਈ ਮੈਨੂੰ ਗੁੜ੍ਹਤੀ ਕਿਸ ਸ਼ੈਅ ਦੀ ਦਿੱਤੀ ਸਾਈ ?' ਦੁੱਲਾ ਫੇਰ ਖਿੱਝਣ ਲੱਗਾ।

—ਮੈਂ ਉਦੋਂ ਝਨਾਂ ਪਾਰ ਕਰਦੀ ਪਈ ਸਾਂ ਪੁੱਤਰ। ਬੇੜੀ ਵਿਚ ਸਾਂ, ਜਦੋਂ ਤੂੰ ਜੰਮਿਆ ਸਾਈ। ਤੈਨੂੰ ਸ਼ਰਾਬ 'ਤੇ 'ਫੀਮ ਮਿਲਾਕੇ ਗੁੜ੍ਹਤੀ ਦਿੱਤੀ ਤੇ ਤੇਰੇ ਮਾਮਿਆਂ ਸਾਣ ਚੜ੍ਹੀ ਤਲਵਾਰ ਦਾ ਪਾਣੀ ਧੋਕੇ ਤੇਰੇ ਬੁੱਲ੍ਹਾਂ ਨੂੰ ਲਾਇਆ।'

—ਮੇਰਾ ਨਾਂ ਦੁੱਲਾ ਤੂੰ ਰੱਖਿਆ ਸਾਈ ਕਿ ਦਾਈ ਨੇ ?'

—ਤੇਰਾ ਨਾ ਦੁੱਲਾ ਵੀ ਮੈਂ ਰੱਖਿਆ ਸੀ ਪੁੱਤਰ।' ਲੱਧੀ ਦੀਆਂ ਅੱਖਾਂ ਵਿਚ ਆਉਣ ਵਾਲੇ ਫ਼ਿਕਰਾਂ ਦੇ ਡਰ ਝਲਕਣ ਲੱਗੇ।

—ਇਹ ਸਾਰੀਆਂ ਨਿਸ਼ਾਨੀਆਂ ਤੇ ਮੌਤ ਦੇ ਰਾਹ ਵੱਲ ਜਾਂਦੀਆਂ ਨੇ ਮਾਂ, ਤੇ ਤੂੰ ਆਖਦੀ ਏਂ ਦਿੱਲੀ ਲਾਹੌਰ ਵੱਲ ਮੂੰਹ ਨਾ ਕਰਾਂ। ਹੁਣ ਅੰਦਰ ਵੜਕੇ ਕਿਵੇਂ ਰਹਾਂ ਮਾਂ ? ਜਾਂ ਤੇ ਮੈਨੂੰ ਇਹ ਗੱਲਾਂ ਨਾ ਦਸਦੀ, ਤੇ ਜੇ ਮੈਨੂੰ ਅੰਦਰ ਡੱਕ ਕੇ ਰੱਖਣਾ ਸਾਈ ਤਾਂ ਜਦੋਂ ਮੈਂ ਜੰਮਣ ਵਾਲਾ ਸਾਂ, ਉਦੋਂ ਨਿੱਕ-ਸੁੱਕ ਦਾ ਸਾਗ ਤੋੜ ਕੇ ਖਾਇਆ ਕਰਦੀ। ਬਾਥੂ, ਤਾਂਦਲਾ, ਚਲਾਈ, ਭੱਖੜਾ ਹੋਰ ਥੋੜੀ ਖੇਹ-ਸੁਆਹ ਸੀ ਖਾਣ ਲਈ ? ਚੁੱਲ੍ਹੇ ਦੀ ਮਿੱਟੀ, ਰੋੜ, ਗਾਚਨੀ, ਕੋਲੇ ਖਾਇਆ ਕਰਦੀ ਤੇ ਮੇਰਾ ਨਾਂਉਂ ਰਖਦੀ ਘਸੀਟਾ, ਨੱਥੂ, ਭੌਂਦੂ, ਕੋਈ ਹੋਰ ਐਰਾ ਗੈਰਾ ਧਰ ਦਿੰਦੀ। ਹੁਣ ਤੂੰ ਨਿਆਮਤਾਂ ਖਾ ਕੇ ਮੈਨੂੰ ਸਾਣ ਚੜ੍ਹੀ ਤਲਵਾਰ ਦੀ ਧਾਰ ਦਾ ਪਾਣੀ ਪਿਲਾ ਕੇ ਆਖਨੀ ਏਂ,—ਲਾਹੌਰ ਦੇ ਤਖ਼ਤ ਨਾਲ ਟੱਕਰ ਨਾ ਲਵਾਂ। ਤੂੰ ਮੈਨੂੰ ਏਨੇ ਵਰ੍ਹੇ ਉਹਲੇ ਵਿਚ ਕਿਉਂ ਰੱਖਿਆ ਮਾਂ ? ਅਜੇ ਆਖਨੀਂ ਏਂ ਤੂੰ ਮੇਰੇ ਨਾਲ ਠੱਗੀ ਕੋਈ ਨਹੀਂ ਮਾਰੀ ?' ਦੁੱਲਾ ਮਾਂ ਦੇ ਹੋਰ ਨੇੜੇ ਜਾ ਖੜ੍ਹਾ।

—ਡਰਦੀ ਸਾਂ ਪੁੱਤਰ, ਦੂਜਿਆਂ ਵਾਂਗ ਤੈਨੂੰ ਵੀ ਗੁਆ ਲਵਾਂਗੀ। ਲਾਹੌਰ ਵਲ, ਦਿੱਲੀ ਵੱਲ ਜਾਂਦੇ ਸਾਰੇ ਰਾਹ ਮੌਤ ਦੇ ਰਾਹ ਨੇ। ਏਸੇ ਕਰਕੇ ਤੇਰੇ ਵਡੇਰਿਆਂ ਦੀ ਟੰਮਕ ਅੰਦਰ ਛੁਪਾ ਰੱਖੀ ਸੀ।' ਲੱਧੀ ਚੁੱਪ ਕਰ ਗਈ।

—ਟੰਮਕ ਤਾਂ ਨੂਰਾ ਦੂਸਰੇ ਕਮਰੇ ਵਿਚੋਂ ਕੱਢ ਕੇ ਲਿਆਇਆ ਸੀ। ਜਿੰਦਾ ਤੂੰ ਇਕ ਹੋਰ ਕੋਠੜੀ ਨੂੰ ਵੀ ਲਾਈ ਬੈਠੀ ਏਂ। ਉਹਦੇ ਵਿਚ ਕੀ ਲੁਕਾਇਆ ਈ ?'

—ਦੁੱਲਿਆ, ਏਸ ਤੋਂ ਅੱਗੇ ਹੋਰ ਕੁਝ ਨਾ ਬੋਲੀਂ, ਨਾ ਪੁੱਛੀਂ। ਆਪਣੇ ਬੇਲੀਆਂ ਨੂੰ ਆਖ, ਜਾਕੇ ਅਰਾਮ ਕਰਨ, ਨਹੀਂ ਤੇ ਦੀਵਾਨ-ਖ਼ਾਨੇ 'ਚ ਪੈ ਰਹਿਣ। ਜਾਹ ਤੂੰ ਵੀ ਹੁਣ ਚਲਾ ਜਾਹ ਏਥੋਂ।' ਲੱਧੀ ਦੇ ਤੇਵਰ ਇਕਦਮ ਬਦਲ ਗਏ। ਉਸਨੇ ਬਹਾਨੇ ਨਾਲ ਸਭਨਾਂ ਨੂੰ ਟਾਲਣਾ ਚਾਹਿਆ।....'ਮੇਰੇ ਮੱਥੇ ਵਿਚ ਤਾਂ ਜਾਣੀ ਸੱਪ ਤੁਰੇ ਫਿਰਦੇ ਨੀ।' ਉਹ ਆਪਣਾ ਸਿਰ ਘੁੱਟਣ ਲੱਗੀ।

—ਗੱਲ ਵਿਚਕਾਰੋਂ ਨਈ੍ਹੀਂ ਛੱਡਣ ਦੇਣੀ ਮਾਂ। ਨਾ ਅੱਜ ਕੋਈ ਓਹਲਾ ਰੱਖਣ ਦੇਣਾ

ਈ। 'ਘਾਣੀ ਇਕ ਬੰਨੇ ਕਰ ਨਣ੍ਹੀਂ ਤੇ ਅਸਾਂ ਨੂੰ ਨੀਂਦਰ ਨਹੀਂ ਪੈਣੀ। ਦੱਸ ਜਦੋਂ ਅੱਬਾ ਤੇ ਦਾਦੇ ਨੂੰ ਨੂੜ ਕੇ ਲੈ ਗਏ, ਫੇਰ ਕੀ ਹੋਇਆ ?'

—ਮੇਰੇ ਕੋਲੋਂ ਕੁਝ ਨਹੀਂ ਦੱਸਿਆ ਜਾਣਾ ਪੁੱਤਰਾ, ਨਾ ਤੈਥੋਂ ਸੁਣਿਆ ਜਾਣਾ ਈ।' ਲੱਧੀ ਫੇਰ ਰੋਣਹਾਕੀ ਹੋ ਗਈ।

—ਮੇਰਾ ਨਾਂ ਦੁੱਲਾ ਰੱਖਨੀ ਏਂ। ਤਲਵਾਰ ਦੇ ਪਾਣੀ ਦੀ ਗੁੜ੍ਹਤੀ ਦੇਨੀਂ ਏਂ ਤੇ ਫੇਰ ਵੀ ਆਖਨੀਂ ਏਂ, ਮੇਰੇ ਕੋਲੋਂ ਕੁਝ ਸੁਣਿਆ ਨੀ ਜਾਣਾ। ਮੇਰੀ ਜਵਾਨੀ ਨਾਲ ਪਹਿਲਾਂ ਈ ਬੜੀ ਵੱਡੀ ਠੱਗੀ ਮਾਰੀ ਊ ਮਾਂ। ਹੁਣ ਕੁਝ ਨਾ ਲੁਕਾ। ਮੇਰੇ ਬੇਲੀਆਂ ਨੂੰ ਵੀ ਪਤਾ ਲੱਗੇ, ਦੁੱਲੇ ਦੇ ਪਿਉ ਦਾਦੇ ਨਾਲ ਕੀ ਬਣੀਆਂ।'

ਲੱਧੀ ਨੀਵੀਂ ਪਾ ਕੇ ਰੋਣ ਲੱਗ ਪਈ।

ਪਿਰਥੇ ਨੇ ਦੁੱਲੇ ਦੀ ਬਾਂਹ ਖਿੱਚ ਕੇ ਉਥੋਂ ਲੈ ਜਾਣਾ ਚਾਹਿਆ ਤਾਂ ਦੁੱਲੇ ਨੇ ਝਟਕੇ ਨਾਲ ਬਾਂਹ ਛਡਾਉਂਦਿਆਂ ਕਿਹਾ—'ਠਹਿਰ ਯਾਰ।'

—ਮਾਂ ਇਹ ਰੋਣਾ ਧੋਣਾ ਤਾਂ ਤੂੰ ਅੰਦਰ ਵੜਕੇ ਵੀ ਕਰ ਸਕਨੀ ਏਂ। ਸਾਨੂੰ ਕਿਸੇ ਬੰਨੇ ਲਾ।' ਦੁੱਲੇ ਨੇ ਮਾਂ ਨੂੰ ਮੋਢਿਆਂ ਤੋਂ ਫੜਕੇ ਝੰਜੋੜਿਆ।

—ਪੁੱਤਰਾ।' ਅੱਖਾਂ ਪੂੰਝਦਿਆਂ ਲੱਧੀ ਨੇ ਹਾਉਕਾ ਲਿਆ,—'ਮੈਂ ਡਰ ਰਹੀ ਆਂ, ਏਸ ਕਰਕੇ ਨਹੀਂ, ਮੈਂ ਤੈਨੂੰ ਨਰਾਜ਼ ਕਰੀ ਬੈਠੀ ਆਂ। ਨਾ ਮੈਨੂੰ ਆਪਣੀ ਮੌਤ ਦਾ ਡਰ ਏ। ਮੈਂ ਤਾਂ ਮਾਂ ਹੋਣ ਕਰਕੇ ਡਰਦੀ ਆਂ। ਜੇ ਤੁਸੀਂ ਅੱਬਾ ਵਾਲੇ ਰਾਹ ਤੁਰ ਪਏ....।'

ਸਾਰੇ ਜਣਿਆਂ ਨੇ ਫਿਰ ਸਾਹ ਰੋਕ ਲਏ।

—ਪੁੱਤਰ ਲਾਹੌਰ ਲੈ ਜਾ ਕੇ ਤੇਰੇ ਅੱਬਾ ਨੂੰ, ਦਾਦੇ ਨੂੰ, ਹੋਰ ਵੀ ਹੋਣੇ ਨੇ ਤੇਰੇ ਤਾਏ, ਚਾਚੇ, ਭਰਾ, ਸਭਨਾਂ ਨੂੰ ਫਾਂਸੀ ਚਾੜ੍ਹ ਦਿੱਤਾ। ਉਹਨਾਂ ਦੇ ਸਿਰ ਲਾਹ ਕੇ ਲਾਹੌਰ ਦੇ ਦਰਵਾਜ਼ਿਆਂ ਵਿਚ ਟੰਗ ਦਿੱਤੇ। ਲੋਥਾਂ ਦੀਆਂ ਖੱਲਾਂ ਲੁਹਾਕੇ ਵਿਚ ਘਾਹ ਫੂਸ ਭਰ ਕੇ, ਦੱਸਦੇ ਨੇ ਕਿਲ੍ਹੇ ਦੇ ਬਾਹਰ ਲਟਕਾ ਦਿੱਤੀਆਂ।' ਲੱਧੀ ਦੀਆਂ ਪਹਿਲਾਂ ਅੱਖਾਂ ਭਰੀਆਂ, ਫਿਰ ਗਲਾ ਰੁੰਦ ਗਿਆ,— 'ਤੂੰ ਪੁਰਾਣੇ ਜ਼ਖ਼ਮਾਂ ਨੂੰ ਫੇਰ ਉਚੇੜ ਦਿੱਤਾ ਪੁੱਤਰਾ।' ਤੇ ਉਹ ਭੁਬੀਂ ਰੋਣ ਲੱਗ ਪਈ, ਜਿਵੇਂ ਹੜ੍ਹ ਦਾ ਪਾਣੀ ਬੰਨ੍ਹ ਤੋੜ ਕੇ ਵਹਿ ਤੁਰਿਆ ਹੋਵੇ।

ਸਾਰੇ ਸੁੰਨ ਹੋ ਗਏ। ਉਹ ਬੁੱਤ ਬਣੇ ਬੈਠੇ ਸਨ। ਕੁਝ ਦੇਰ ਪਿੱਛੋਂ ਆਪਣੇ ਆਪ ਉੱਤੇ ਕਾਬੂ ਪਾਉਂਦਿਆਂ ਦੁੱਲੇ ਨੇ ਪੁੱਛਿਆ;

—ਏਨੇ ਵਰ੍ਹੇ ਬੀਤ ਗਏ ਪਿੰਡੀ ਉਪਰ ਤੇ ਭੱਟੀਆਂ ਉਪਰ ਹੋਏ ਜ਼ੁਲਮਾਂ ਦਾ ਬਦਲਾ ਲੈਣ ਲਈ ਕੋਈ ਰਾਠ ਨਹੀਂ ਜੰਮਿਆ ਪਿੰਡੀ ਨੇ ?' ਉਸਦੀਆਂ ਅੱਖਾਂ ਵਿਚ ਫੇਰ ਲਹੂ ਉਤਰਨ ਲੱਗਾ।

—ਪਰਾਈ ਅੱਗ ਵਿਚ ਕੌਣ ਹੱਥ ਲੂੰਹਦਾ ਏ ਪੁੱਤਰਾ।'

—ਇਹ ਤੇ ਲੋਕਾਂ ਦੀ ਆਪਣੀ ਅੱਗ ਸੀ ਮਾਂ, ਸਾਰੀ ਬਾਰ ਨੂੰ ਲੂਹ ਗਈ ਸੀ।'

—ਕੀ ਜਾਣਾ ਪੁੱਤਰਾ, ਜਿਹੜਾ ਵੀ ਲਾਹੌਰੋਂ ਹੋ ਕੇ ਆਉਂਦਾ, ਉਹ ਪਿੰਡੀ ਦੇ ਲੋਕਾਂ ਨੂੰ ਡਰਾ ਦਿੰਦਾ। ਆਖਦਾ,—'ਪਿਉ-ਪੁੱਤਰ ਦੀਆਂ ਲੋਥਾਂ ਲਾਹੌਰ ਦੇ ਦਰਵਾਜ਼ਿਆਂ ਵਿਚ ਲਟਕਦੀਆਂ ਪਈਆਂ ਨੇ ਤੇ ਹਰ ਆਉਂਦੇ ਜਾਂਦੇ ਨੂੰ ਬਾਤਸ਼ਾਹ ਦੇ ਬੰਦੇ ਆਂਹਦੇ ਨੇ,— ਇਹਨਾਂ ਭੱਟੀਆਂ ਨੇ ਬਾਤਸ਼ਾਹ ਦੇ ਗਰੂਰ ਨੂੰ ਵੰਗਾਰਿਆ ਸਾਈ। ਜਿਹੜੇ ਲੋਕ ਸ਼ਾਹੀ ਧੌਂਸ ਅੱਗੇ ਨਹੀਂ ਝੁਕਣਗੇ, ਉਹਨਾਂ ਦਾ ਹਸ਼ਰ ਵੀ ਇਹੀਓ ਹੋਵੇਗਾ। ਐਸਾ ਸੁਣ-ਵੇਖ ਕੇ ਸਭ



ਦਹਿਲ ਜਾਂਦੇ ਨੇ ਪੁੱਤਰੋ। ਸੋਚਦੇ, ਹੋਸਣ, ਜੇ ਤਖ਼ਤ ਤੋਂ ਨਾਬਰ ਹੋਏ ਤਾਂ ਸਾਡੀਆਂ ਲੋਥਾਂ ਵੀ ਏਵੇਂ ਲਟਕੀਣਗੀਆਂ। ਫੇਰ ਬਾਤਸ਼ਾਹ ਦੀ ਤਾਕਤ ਵੱਲ ਅੱਖ ਚੁੱਕ ਕੇ ਵੇਖਣ ਦਾ ਹੌਸਲਾ ਕੀਹਨੇ ਕਰਨਾ ਏ ਪੁੱਤਰਾ।' ਲੱਧੀ ਨੇ ਅੱਖਾਂ ਪੂੰਝੀਆਂ। ਚੁੰਨੀ ਦੇ ਲੜ ਨਾਲ ਨੱਕ ਮਲਿਆ ਤੇ ਉਪਰ ਅਸਮਾਨ ਵਲ ਤੱਕ ਕੇ ਨੀਵੀਂ ਪਾ ਲਈ।

—ਇਹ ਹੌਸਲਾ ਹੁਣ ਤੇਰਾ ਦੁੱਲਾ ਕਰੇਗਾ ਮਾਂ ਤੇ ਦੁੱਲੇ ਦੇ ਯਾਰ-ਬੇਲੀ ਕਰਨਗੇ। ਸਾਂਦਲ ਬਾਰ ਦੇ ਲੋਕ ਕਰਨਗੇ। ਬਾਦਸ਼ਾਹ ਸੋਚਦਾ ਹੋਏਗਾ, ਸਾਂਦਲ ਬਾਰ ਦੇ ਲੋਕ ਹੁਣ ਤਖ਼ਤ ਲਾਹੌਰ ਵੱਲ ਅੱਖਾਂ ਪੁੱਟ ਕੇ ਨਹੀਂ ਵੇਖਣਗੇ। ਉਹ ਨਹੀਂ ਜਾਣਦਾ ਮਾਂ, ਸਜਾਵਾਂ ਬੰਦੇ ਦੇ ਜ਼ਮੀਰ ਨੂੰ ਨਹੀਂ ਬਦਲ ਸਕਦੀਆਂ। ਅੱਜ ਤੋਂ ਅੱਬਾ ਦਾ ਰਾਹ, ਸਾਡਾ ਰਾਹ। ਅਸੀਂ ਦਿੱਲੀ ਦੇ ਕਿੰਗਰੇ ਢਾਹ ਦਿਆਂਗੇ ਮਾਂ, ਤਖ਼ਤ ਲਾਹੌਰ ਨੂੰ ਭਾਜੜ ਪਾ ਦਿਆਂਗੇ। ਅਸੀਂ ਉਸ ਹਰ ਸ਼ੈਅ ਨੂੰ ਚੋਟ ਮਾਰਾਂਗੇ ਜਿਹੜੀ ਕਿਸੇ ਨਾ ਕਿਸੇ ਸਿਰੇ ਤੋਂ ਅਕਬਰ ਨਾਲ ਜਾ ਜੁੜਦੀ ਏ। ਦੁੱਲੇ ਨੂੰ ਤੂੰ ਮਿੱਠੇ ਸ਼ਕਰਪਾਰੇ ਈ ਖੁਆਂਦੀ ਰਹੀ ਏਨੇ ਵਰ੍ਹੇ। ਏਨੇ ਵਰ੍ਹਿਆਂ ਵਿਚ ਤਾਂ ਇਕ ਜੁੱਗ ਬੀਤ ਗਿਆ ਮਾਂ। ਅਸੀਂ ਬਿਨ ਮਤਲਬ, ਸ਼ਰਾਬਾਂ ਪੀਂਦਿਆਂ, ਸ਼ਿਕਾਰ ਖੇਡਦਿਆਂ 'ਤੇ ਲੋਕਾਂ ਦੇ ਪਸ਼ੂ ਚੁਰਾਂਦਿਆਂ ਜੁਆਨੀ ਭੰਗ ਦੇ ਭਾਅ ਗੁਆ ਲਈ। ਹੁਣ ਨਹੀਂ ਮਾਂ, ਸ਼ਿਕਾਰ ਤਾਂ ਅਸੀਂ ਹੁਣ ਵੀ ਖੇਡਾਂਗੇ। ਪਰ ਖੇਡਣਾ ਕਿਸ ਨਾਲ ਏ, ਏਹ ਵੇਖਾਂਗੇ ਪਹਿਲਾਂ। ਤੂੰ ਤੇ ਸਾਡੀ ਖੇਡ ਈ ਬਦਲ ਦਿੱਤੀ ਊ ਮਾਂ। ਜੱਗ ਤੇ ਰਹਿਣ ਦਾ ਕੋਈ ਬਹਾਨਾ ਤਾਂ ਹੋਵੇ ਤੇ ਹੁਣ ਤੇਰੇ ਪੁੱਤਰ ਕੋਲ ਤੇ ਉਹਦੇ ਬੇਲੀਆਂ ਕੋਲ ਬੜੇ ਬਹਾਨੇ ਨੇ ਮਾਂ। ਚਲੋ ਬਈ....।' ਆਪਣੇ ਬੇਲੀਆਂ ਵਲ ਝਾਕ ਕੇ ਉਸਨੇ ਲਲਕਾਰਾ ਮਾਰਿਆ।

ਸਾਰੇ ਝੱਟ ਉੱਠ ਖੜ੍ਹੇ।

ਲੱਧੀ ਨੇ ਫੁਰਤੀ ਨਾਲ ਉੱਠ ਕੇ ਸਾਰੇ ਅੱਗਿਉਂ ਵਲ ਲਏ—'ਵੇ ਨਾ ਪੁੱਤਰੋ, ਅੱਗੇ ਮੈਂ ਦੁੱਲੇ ਦਾ ਦਾਦਾ ਅਤੇ ਅੱਬਾ ਗੁਆ ਬੈਠੀ ਆਂ। ਹੁਣ ਤੁਸੀਂ ਓਸ ਰਾਹ ਨਾ ਤੁਰੋ।' ਲੱਧੀ ਨੇ ਤਰਲਾ ਲਿਆ।

—ਮਾਂ, ਸਾਡੇ ਨਾਲ ਪਹਿਲਾਂ ਹੀ ਸਮੇਂ ਨੇ ਬੜੇ ਹੇਰ ਫੇਰ ਕੀਤੇ ਨੇ। ਹੁਣ ਅੜਿੱਕਾ ਨਾ ਬਣ ਮਾਂ। ਹੁਣ ਅਸਾਂ ਨੂੰ ਇਹ ਪ੍ਰਵਾਹ ਨਹੀਂ ਕੌਣ ਜਿੱਤਦਾ ਏ, ਜਾਂ ਕੌਣ ਹਾਰਦਾ ਏ। ਹੁਣ ਤਾਂ ਤੇਰਾ ਦੁੱਲਾ ਤੇ ਉਹਦੇ ਬੰਦੇ ਦੱਸਣਗੇ, ਬਾਰ ਵਿਚ ਭੱਟੀਆਂ ਦਾ ਲਹੂ ਅਜੇ ਏਨਾ ਠੰਡਾ ਨਹੀਂ ਹੋਇਆ। ਅਜੇ ਉਹਨਾਂ ਵਿਚ ਲਾਹੌਰ ਤਖ਼ਤ ਨੂੰ ਅੱਖਾਂ ਵਖਾਣ ਦੀ ਜੁਅਰਤ ਹੈ। ਨੂਰਿਆ, ਨਗਾਰਾ ਖਿੱਚ ਬਾਹਰ ਤੇ ਚੋਟ ਲਾ ਓਹਦੇ ਉੱਪਰ। ਅਕਬਰ ਨੂੰ ਦੱਸੀਏ, ਫਰੀਦ ਭੱਟੀ ਦਾ ਪੁੱਤਰ ਤੇ ਸਾਂਦਲ ਦਾ ਪੋਤਰਾ ਦੁੱਲਾ ਜੰਗ ਦਾ ਐਲਾਨ ਕਰਦਾ ਏ। ਅਕਬਰਾ.....ਆ....।' ਦੁੱਲੇ ਨੇ ਵੰਗਾਰਿਆ—'ਹੁਣ ਅਸੀਂ ਟੱਕਰਾਂਗੇ ਤੈਨੂੰ, ਜਿਹੜੀਆਂ ਤੂੰ ਹੱਥਾਂ ਨਾਲ ਗੰਢਾਂ ਪਾਈਆਂ ਸਾਈ, ਹੁਣ ਤੇਰੇ ਕੋਲੋਂ ਦੰਦਾਂ ਨਾਲ ਵੀ ਨਹੀਂ ਖੋਹਲੀਆਂ ਜਾਣੀਆਂ।' ਦੁੱਲੇ ਦਾ ਚਿਹਰਾ ਤਾਂਬੇ ਵਾਂਗ ਦਗ਼ਦਾ ਵੇਖ ਕੇ ਲੱਧੀ ਡਰ ਗਈ।

—ਪੁੱਤ ਵੇ, ਪਿੰਡੀ ਹੁਣ ਸੁਖੀ ਵਸਦੀ ਪਈ ਏ।'

—ਕਿਥੇ ਸੁਖੀ ਵਸਦੀ ਏ ਮਾਂ। ਅਸਾਂ ਨੂੰ ਪਤਾ ਏ, ਲੋਕਾਂ ਨੂੰ ਤਾਂ ਬੰਦੇ ਦੀ ਜੂਨੇ ਜਿਉਣ ਦਾ ਹੱਕ ਈ ਨਹੀਓਂ ਦਿੱਤਾ ਚੁੱਗਤਿਆਂ। ਇਹ ਹੱਕ ਹੁਣ ਅਸੀਂ ਲੈਣੇ ਨੀ ਹਿੱਕ ਦੇ ਜ਼ੋਰ 'ਤੇ। ਤੂੰ ਆਪੀ ਈ ਤੇ ਦੱਸਦੀ ਹੁੰਨੀ ਸੈਂ, ਸਾਡੇ ਵਡੇਰੇ ਵੀ ਰਾਜੇ ਹੁੰਦੇ ਸਨ ਕਦੀ। ਅਸੀਂ ਤੇ ਨਿੱਤ ਖੂਹ ਪੁੱਟ ਕੇ ਪਾਣੀ ਪੀਣ ਵਾਲੇ ਬਣ ਗਏ ਮਾਂ। ਬਹੁਤ ਹੋ ਗਿਆ, ਹੁਣ ਸ਼ਾਹੀ ਧੌਂਸ ਦਾ

ਟਾਕਰਾ ਨਾਬਰੀ ਨਾਲ ਹੋਣਾ ਈ ਮਾਂ। ਅਕਬਰੇ ਨੇ ਪਿੰਡੀ ਦੇ ਰਾਜਪੂਤਾਂ ਨੂੰ ਜਿਹੜੀ ਭਾਜੀ ਪਾਈ ਏ ਉਹ ਭਾਜੀ ਮੋੜਨ ਦਾ ਵੇਲਾ ਢੁੱਕ ਖਲੋਤਾ ਏ।'

—ਵੇ ਪੁੱਤਰੋ, ਉਹ ਡਾਹਢੇ ਨੇ, ਹਥਿਆਰਾਂ ਵਾਲੇ, ਫੌਜਾਂ ਵਾਲੇ....।' ਲੱਧੀ ਵਿਰਲਾਪ ਕਰਨ ਲੱਗੀ।

—ਹੋਣ ਪਏ ਡਾਹਢੇ। ਅਸੀਂ ਵੀ ਕੋਈ ਭੇਡਾਂ ਬੱਕਰੀਆਂ ਨਹੀਂ ਹੈਗੇ।'

—ਵੇ ਪੁੱਤ ਨੂਰਾ ਸਾਹੇ ਬੰਨ੍ਹਿਆ ਈ। ਨਿਕਾਹ ਸਿਰੇ ਚੜ੍ਹ ਜਾਵੇ ਸੁੱਖੀ ਸਾਂਦੀ। ਅੱਲਾਹ ਦੀ ਮੇਹਰ ਨਾਲ ਵਰ੍ਹਿਆਂ ਪਿਛੋਂ ਏਸ ਘਰ ਨੇ ਖੁਸ਼ੀਆਂ ਵੇਖਣੀਆਂ ਨੇ।'

—ਨਿਕਾਹ ਗਾਜੇ ਵਾਜੇ ਨਾਲ ਹੋਏਗਾ ਮਾਂ। ਸਾਂਦਲ ਬਾਰ ਦੇ ਭੱਟੀ ਰਾਜਪੂਤਾਂ ਦਾ ਨਿਕਾਹ ਏ, ਲੋਕ ਵੇਖਣਗੇ।'

—ਦੁੱਲਿਆ, ਦਿਨ ਕਿਹੜੇ ਰਹਿ ਗਏ ਆਉਂਦੀ ਪੁੰਨਿਆਂ 'ਚ? ਅਜੇ ਤਾਂ ਸੌਦਾ-ਸੀਧਾ ਨੀ ਖਰੀਦਿਆ ਕੋਈ।' ਲੱਧੀ ਨੇ ਫਿਕਰ ਨਾਲ ਕਿਹਾ।

—ਸੰਸਾ ਨਾ ਕਰ ਮਾਂ, ਮੇਰੇ ਯਾਰ ਬੇਲੀਆਂ ਨੂੰ ਜਾਣਦੀ ਏ ਤੂੰ। ਜਦੋਂ ਤਿਆਰੀ ਕਰਨ ਡਹਿ ਪਏ.....।'

—ਜਾਣਦੀ ਆਂ ਤੇਰੇ ਲੰਡਿਆਂ-ਮੀਣਿਆਂ ਨੂੰ ਦੋ ਪਿਆਲੇ ਦਾਰੂ ਵੱਧ ਪੀ ਲੈਣ ਤਾਂ ਫੇਰ ਭਾਵੇਂ ਘਿਉ ਦੇ ਘੜੇ ਰੁੜ੍ਹੀ ਜਾਣ। ਏਹੋ ਜੀਹ ਭੱਦਰਕਾਰੀ ਇਹ ਨਿਕਾਹ 'ਚ ਕਰਨਗੇ।'

—ਅੰਮਾਂ ਸਾਨੂੰ ਤਾਂ ਊਂ ਈ ਭੁੰਜੇ ਲਾਹੀ ਜਾਨੀ ਏਂ। ਲੰਡੇ ਮੀਣੇ ਤਾਂ ਬਣਾ ਦਿੱਤਾ ਹੁਣ ਪੂਛਾਂ ਵੀ ਲਾ ਛੱਡ।' ਫੱਤੂ ਬੋਲਿਆ।

—ਚੁੱਪ ਵੇ ਮੀਰ ਜਾਦਿਆ, ਅੱਗ ਲਾਣ ਨੂੰ ਤੀਲੀ ਹੱਥ 'ਚ ਈ ਰੱਖਨਾਂ ਏਂ।' ਲੱਧੀ ਨੇ ਮਰਾਸੀ ਨੂੰ ਝਿੜਕਿਆ।

—ਵੇਲਾ ਆਉਣ ਦੇ ਅੰਮਾਂ ਸਾਡੀਆਂ ਕਲਾਬਾਜ਼ੀਆਂ ਵੇਖੀਂ।' ਸ਼ੱਲਾ ਟੁੰਡਾ ਹੱਸਿਆ।

—ਬੱਸ ਵੇ ਬੱਸ ਦੋਹੇ ਵੇਲਿਆਂ ਦਾ ਵੇਲਾ ਈ, ਸਾਰੇ ਕੁਫ਼ਰ ਨਾ ਤੋਲੋ ਹੁਣ, ਜਾਓ ਘਰੋ-ਘਰੀ।' ਲੱਧੀ ਉੱਠ ਕੇ ਖੜ੍ਹ ਗਈ।

ਸੂਰਜ ਘਰਾਂ ਦੀਆਂ ਛੱਤਾਂ ਤੋਂ ਹੇਠਾਂ ਲਹਿਣ ਲੱਗਾ। ਕਾਂ ਚਿੜੀਆਂ ਤੇ ਹੋਰ ਪੰਛੀ ਆਪਣੇ ਆਲ੍ਹਣਿਆਂ ਵੱਲ ਮੁੜੇ ਜਾਂਦੇ ਦਿਸੇ। ਅੱਸੂ ਦਾ ਮਹੀਨਾ ਸੀ। ਹਵਾ ਵਿਚ ਥੋੜ੍ਹੀ ਥੋੜ੍ਹੀ ਠੰਡ ਹੋਣ ਲੱਗ ਪਈ। ਦਿਨ ਵੇਲੇ ਅਜੇ ਵੀ ਭਾਵੇਂ ਪੂਰੀ ਤਪਸ਼ ਰਹਿੰਦੀ ਸੀ।

ਫੁੱਲਰਾਂ ਅਤੇ ਉਸਦੀਆਂ ਧੀਆਂ ਅਛੋਪਲੇ ਜਿਹੇ ਉਠਕੇ ਰਾਤ ਦੀ ਰੋਟੀ ਦੇ ਆਹਰ ਜਾ ਲੱਗੀਆਂ ਸਨ।

ਮੇਹਰੂ ਅਜੇ ਵੀ ਘਰ ਨਹੀਂ ਸੀ ਆਇਆ।

ਦੁੱਲੇ ਦੇ ਸਾਥੀਆਂ ਦਾ ਨਸ਼ਾ ਉੱਤਰ ਚੁਕਿਆ ਸੀ। ਉਹ ਬਾਹਰ ਜਾਣ ਲਈ ਕਾਹਲੇ ਸਨ। ਲੱਧੀ ਨੇ ਵੀ ਉਹਨਾਂ ਨੂੰ ਹੁਣ ਘਰੀਂ ਜਾਣ ਲਈ ਆਖ ਦਿੱਤਾ ਸੀ। ਉਹ ਦੁੱਲੇ ਵੱਲ ਝਾਕੇ ਤਾਂ ਉਸਨੇ ਅੱਖ ਦੇ ਇਸ਼ਾਰੇ ਨਾਲ ਰੁਕਣ ਦਾ ਸੰਕੇਤ ਦਿੱਤਾ ਤੇ ਨਾਲ ਹੀ ਨੂਰੇ ਨੂੰ ਆਖਿਆ—'ਨੂਰਿਆ, ਚਿਰਾਗ਼ ਜਗਾ ਤਾਂ ਪੁੱਤਰ, ਵੇਖੀਏ ਮਾਂ ਨੇ ਹਨੇਰ ਕੋਠੜੀ ਵਿਚ ਕੀ ਕੀ ਸ਼ੈਆਂ ਲੁਕਾਈਆਂ ਨੇ।'

ਨੂਰਾ ਚਿਰਾਗ਼ ਲੈਣ ਉਠਿਆ ਤਾਂ ਲੱਧੀ ਪਹਿਲਾਂ ਹੀ ਘਬਰਾਈ ਹੋਈ ਦੌੜ ਕੇ ਕੋਠੜੀ ਦੇ ਦਰਵਾਜ਼ੇ ਮੂਹਰੇ ਆ ਖੜ੍ਹੀ।



—ਮਾਂ, ਅੱਜ ਕੋਈ ਭੇਤ ਮੈਂ ਰਹਿਣ ਨਹੀਓਂ ਦੇਣਾ। ਪਿਰਥਿਆ, ਰੁੜਿਆ, ਫੱਤੂ, ਸਦੀਕਾ, ਆਓ ਸਾਰੇ ਵੇਖੀਏ, ਤੁਸਾਂ ਦੀ ਬੇਬੇ ਨੇ ਕਿਹੜੀਆਂ ਸ਼ੈਆਂ ਨੂੰ ਏਨੇ ਵਰ੍ਹਿਆਂ ਤੋਂ ਤਾਲਾ ਮਾਰਿਆ ਹੋਇਐ।'

ਨੂਰਾ ਚਿਰਾਗ਼ ਜਗਾ ਕੇ ਲੈ ਆਇਆ।

ਸਾਰੇ ਕੋਠੜੀ ਵੱਲ ਵਧੇ।

ਬੰਦ ਕੋਠੜੀ ਦੇ ਬੂਹੇ ਅੱਗੇ ਅੜੀ ਖੜ੍ਹੀ ਲੱਧੀ ਨੇ ਦੁਹਾਈ ਦਿੱਤੀ;

—ਦੁੱਲਿਆ, ਮੇਰਿਆ ਪੁੱਤਰਾ, ਤੂੰ ਜੋ ਪੁੱਛੀ ਗਿਆ, ਮੈਂ ਦੱਸਦੀ ਗਈ। ਹੁਣ ਕੋਠੜੀ ਦੇ ਬੰਦ ਬੂਹੇ ਨਾ ਖੁਲਾ। ਪਿਛਲੇ ਪੈਂਤੀਆਂ-ਚਾਲ੍ਹੀਆਂ ਵਰ੍ਹਿਆਂ ਤੋਂ ਮੈਂ ਏਹਦੇ ਅੰਦਰ ਨਹੀਂ ਝਾਕਿਆ। ਇਕ ਮਾਂ ਦਾ ਸਬਰ ਤਾਂ ਵੇਖ।'

—ਮਾਂ ਤਾਲਾ ਖੋਹਲਣ ਦੇਹ।' ਸਖ਼ਤ ਬੋਲਣ ਤੇ ਵੀ ਦੁੱਲੇ ਦੇ ਲਹਿਜ਼ੇ ਵਿਚ ਤਰਲਾ ਸੀ।

—ਅੰਦਰ ਸੌ ਸੱਪ-ਸਲੂਤੇ ਪੁੱਤ ਵੇ-।'

—ਤੇਰਾ ਦੁੱਲਾ ਹੁਣ ਸੱਪਾਂ ਸਲੂਤਿਆਂ ਤੋਂ ਨਹੀਂ ਡਰਨ ਵਾਲਾ। ਹੁਣ ਤੇ ਇਹਨਾਂ ਦੀਆਂ ਸਿਰੀਆਂ ਫੇਹਣ ਦਾ ਵੇਲਾ ਆਇਐ ਮਾਂ, ਪਰ੍ਹੇ ਇਕ ਪਾਸੇ ਹੋ।' ਦੁੱਲੇ ਨੇ ਮਾਂ ਦੀ ਬਾਂਹ ਫੜ ਕੇ ਪਾਸੇ ਕਰਨਾ ਚਾਹਿਆ।

—ਦਿੰਹੁ ਚੜ੍ਹ ਲੈਣ ਦੇ ਪੁੱਤਰ। ਮੇਹਰੂ ਵੀ ਆ ਜਾਊ। ਮੈਂ ਆਪ ਵਿਖਾ ਦਊਂ ਸਭ ਸ਼ੈਆਂ। ਨੂਰੇ ਪੁੱਤਰ ਦਾ ਨਿਕਾਹ ਹੋ ਲੈਣ ਦੇ ਪੁੱਤਰਾ।'

—ਮੇਰੇ ਸਿਰ ਵਿਚ ਖ਼ੂਨ ਚੜ੍ਹਨ ਲੱਗਾ ਈ ਮਾਂ। ਹੁਣ ਬਹਾਨੇ ਨਾ ਮਾਰ। ਇਕ ਪਾਸੇ ਹੋ ਜਾ ਨਹੀਂ ਤਾਂ ਮੈਂ ਰਿਸ਼ਤੇ ਦਾ ਲਿਹਾਜ਼ ਕੋਈ ਨਹੀਓਂ ਕਰਨਾ। ਬਦਸਲੂਕੀ ਹੋ ਗਈ ਤਾਂ ਮੇਰਾ ਕੋਈ ਕਸੂਰ ਨਹੀਂ ਹੋਣਾ।' ਅਗਾਂਹ ਵਧ ਕੇ ਦੁੱਲਾ ਮਾਂ ਦੀ ਗਰਦਨ ਨੂੰ ਹੱਥ ਪਾਉਣ ਲੱਗਿਆ ਤਾਂ ਲੱਧੀ ਨੇ ਆਖ਼ਰੀ ਤਰਲਾ ਮਾਰਿਆ;

—ਪੁੱਤ ਵੇ, ਤਾਲਾ ਖੋਹਲਣਾ ਈ ਤਾਂ ਮੇਰੇ ਮਰੀ ਉਪਰੋਂ ਦੀ ਲੰਘ ਕੇ ਖੋਹਲ ਲੈ।'

—ਮੈਨੂੰ ਇਮਤਿਹਾਨਾਂ ਵਿਚ ਨਾ ਪਾ ਮਾਂ। ਅੱਜ ਮੈਨੂੰ ਕੁਝ ਨਹੀਂ ਦਿੱਸਦਾ ਪਿਆ।' ਦੁੱਲੇ ਨੇ ਮਾਂ ਨੂੰ ਫੜ ਕੇ ਇਕ ਪਾਸੇ ਧੱਕ ਦਿੱਤਾ ਤੇ ਚੀਕਿਆ;

—ਰੁੜਿਆ ਹੁਣ ਕੀ ਸੋਚਦਾ ਪਿਐਂ?'

ਰੁੜੇ ਨੇ ਗੰਡਾਸੇ ਦਾ ਭਰਵਾਂ ਵਾਰ ਤਾਲੇ ਉਪਰ ਕੀਤਾ ਤਾਂ ਤਾਲਾ ਡੱਡੂ ਵਾਂਗ ਬੁੜ੍ਹਕ ਕੇ ਇਕ ਪਾਸੇ ਜਾ ਡਿੱਗਿਆ।

ਕੋਠੜੀ ਦੇ ਭਿੱਤ ਭਿਆਨਕ ਚੀਂ ਚੀਂ ਦੀ ਆਵਾਜ਼ ਕਰਦਿਆਂ ਖੁਲ੍ਹੇ ਤੇ ਉਪਰੋਂ ਗਰਦ, ਮਿੱਟੀ, ਕੱਖਕਾਨ ਦੁੱਲੇ ਦੇ ਮੂੰਹ ਉੱਤੇ ਆਣ ਪਿਆ। ਹੱਥਾਂ ਨਾਲ ਜਾਲੇ ਪਾਸੇ ਕਰਦਿਆਂ ਉਸਨੇ ਹਰਖ਼ ਕੇ ਆਵਾਜ਼ ਦਿੱਤੀ—'ਨੂਰਿਆ ਕਿਥੇ ਵੇਂ?'

ਨੂਰਾ ਸਹਿਮਿਆ ਸਹਿਮਿਆ, ਹੱਥ ਵਿਚ ਬਲਦਾ ਚਿਰਾਗ਼ ਲਈ ਕੋਠੜੀ ਵਿਚ ਅੱਗੇ ਹੋ ਕੇ ਤੁਰਨ ਲੱਗਾ। ਅੰਦਰ ਲੰਘਦਿਆਂ ਹੀ ਸਾਰਿਆਂ ਦੇ ਹੱਥ ਪੈਰ ਮੂੰਹ ਜਾਲਿਆਂ ਨਾਲ ਭਰ ਗਏ। ਅਜੀਬ ਜਿਹੀ ਸਾਹ ਰੋਕੂ ਹੁੰਮਸ ਵਿਚ ਸਭਨਾਂ ਨੂੰ ਸਾਹ ਲੈਣਾ ਔਖਾ ਹੋ ਗਿਆ। ਅੰਦਰੋਂ ਇਸ ਤਰ੍ਹਾਂ ਦੀ ਦੁਰਗੰਧ ਆ ਰਹੀ ਸੀ, ਜਿਵੇਂ ਥਾਂ ਥਾਂ ਚੂਹੇ ਮਰੇ ਪਏ ਹੋਣ।

ਬਾਹਰ ਖੜ੍ਹੀ ਲੱਧੀ, ਕੁਝ ਦੇਰ ਤਾਂ ਡਰ ਨਾਲ ਕੰਬਦੀ ਰਹੀ ਫਿਰ ਹੌਸਲਾ ਕਰਕੇ, ਝਿਜਕਦੀ, ਥਿੜਕਦੀ ਸਭਨਾਂ ਤੋਂ ਪਿੱਛੇ ਜਾ ਖੜ੍ਹੀ।

—ਅੰਮਾਂ ਨੇ ਤਾਂ ਕੋਠੜੀ ਵਿਚ ਈ ਨਰਕ ਪਾਲ ਰੱਖਿਆ ਸੂ।' ਪਿਰਥੇ ਨੇ ਨੱਕ ਮੂੰਹ ਢਕਦਿਆਂ ਕਿਹਾ।

—ਹੋਰ ਤੂੰ ਕੋਠੜੀ ਵਿਚ ਜੱਨਤ ਵੇਖਣ ਵੜਿਆ ਸੈਂ ?' ਮਰਾਸੀ ਨੇ ਛੇੜਿਆ।

—ਮੈਨੂੰ ਤਾਂ ਵੱਤ ਆਉਣ ਲੱਗੇ ਨੀ।' ਸ਼ੱਲਾ ਟੁੰਡਾ ਬਾਹਰ ਵੱਲ ਭੱਜਿਆ।

ਦੀਵੇ ਦੀ ਮੱਧਮ ਜਿਹੀ ਲੋਅ ਵਿਚ ਅੰਦਰ ਦੀਆਂ ਚੀਜ਼ਾਂ ਹੌਲੀ ਹੌਲੀ ਸਪੱਸ਼ਟ ਦਿੱਸਣ ਲੱਗੀਆਂ। ਹਰ ਵਸਤੂ ਉਪਰ ਮੋਟੀ ਧੂੜ ਚੜ੍ਹੀ ਪਈ ਸੀ। ਕੋਠੜੀ ਅੰਦਰਲਾ ਦ੍ਰਿਸ਼ ਵੇਖਕੇ ਦੁੱਲੇ ਅਤੇ ਉਸਦੇ ਸਾਥੀਆਂ ਦੀਆਂ ਅੱਖਾਂ ਫ਼ਟੀਆਂ ਰਹਿ ਗਈਆਂ।

ਕੋਠੜੀ ਦੀ ਇਕ ਨੁੱਕਰ ਵਿਚ ਤਲਵਾਰਾਂ ਦਾ ਢੇਰ ਲੱਗਿਆ ਹੋਇਆ ਸੀ। ਨਾਲ ਹੀ ਢਾਲਾਂ ਅਤੇ ਬਰਛੇ ਪਏ ਸਨ। ਦੂਸਰੀ ਨੁੱਕਰ ਵਿਚ ਖੰਜਰ ਪਏ ਸਨ। ਦੁੱਲਾ ਹੈਰਾਨ ਹੋਇਆ। ਕਦੇ ਤਲਵਾਰਾਂ ਵੱਲ, ਕਦੇ ਢਾਲਾਂ ਵੱਲ ਤੇ ਕਦੇ ਖੰਜਰਾਂ ਵੱਲ ਤੱਕਣ ਲੱਗਾ। ਉਸਨੂੰ ਜਾਪਿਆ, ਕੋਠੜੀ ਦੀ ਕੰਧ ਨਾਲ ਉਸਦੇ ਅੱਬਾ ਅਤੇ ਦਾਦਾ ਖੜ੍ਹੇ ਉਸ ਵੱਲ ਘ੍ਰਿਣਾ ਨਾਲ ਤੱਕਦੇ ਲਾਹਣਤਾਂ ਪਾ ਰਹੇ ਹਨ। —'ਦੁੱਲਿਆ, ਇਹ ਹਥਿਆਰ ਅਸੀਂ, ਏਸ ਤਰ੍ਹਾਂ ਤਬਾਹ ਹੋਣ ਲਈ ਨਹੀਂ ਸਨ ਸਾਂਭੇ ਏਥੇ। ਤੂੰ ਇਹਨਾਂ ਵੱਲ ਏਨੇ ਵਰ੍ਹੇ ਕੰਡ ਕਰੀ ਰੱਖੀ। ਅਸੀਂ ਤਾਂ ਇਹ ਹਰ ਰੋਜ਼ ਲਿਸ਼ਕਦੇ ਪਰਖਦੇ ਰੱਖਣ ਲਈ ਸਾਂਭ ਗਏ ਸਾਂ। ਤੇਰੇ ਮਰਦ ਹੋਣ ਨੂੰ ਮੇਹਣਾ ਏ ਦੁੱਲਿਆ। ਇਹ ਤਾਂ ਸਾਡੇ ਲਹੂ ਨੂੰ ਮਿਹਣਾ ਏ। ਤੇਰੀਆਂ ਰਗ਼ਾਂ ਵਿਚ ਅਸਾਂ ਦਾ ਲਹੂ ਏ ਤਾਂ ਚੁੱਕ ਹਥਿਆਰ ਲਾਹੌਰ ਦੇ ਰਾਹ ਪੈ। ਲਾਹੌਰ ਦੇ ਦਰਵਾਜ਼ਿਆਂ ਵਿਚ ਲਟਕਦੀਆਂ ਅਸਾਂ ਦੀਆਂ ਲੋਥਾਂ ਤੈਨੂੰ ਵੰਗਾਰ ਦੀਆਂ ਨੇ ਸੂਰਮਿਆਂ।.....'

ਸੁਪਨੇ ਦੀ ਨਿਆਈਂ ਦੁੱਲੇ ਨੇ ਇਕ ਮਿੱਟੀ ਘੱਟੇ ਨਾਲ ਭਰੀ ਅਤੇ ਜੰਗਾਲੀ ਤਲਵਾਰ ਦੇ ਦਸਤੇ ਨੂੰ ਹੱਥ ਪਾ ਲਿਆ। ਕੁਝ ਪਲ ਉਵੇਂ ਖੜ੍ਹਾ ਰਿਹਾ। ਫਿਰ ਉਸਦੀ ਬਾਂਹ ਛੱਤ ਵੱਲ ਤਣ ਗਈ। ਉਸਨੇ ਆਪਣੇ ਸਾਥੀਆਂ ਨੂੰ ਲਲਕਾਰਿਆ;

—ਵੇਖਨੇ ਕੀ ਪਏ ਓਂ, ਹਥਿਆਰ ਹੱਥਾਂ ਹੇਠ ਕਰੋ। ਅੱਜ ਤੋਂ ਅੱਬਾ ਦਾ ਰਾਹ ਸਾਡਾ ਰਾਹ।'

ਤਲਵਾਰ ਹੱਥ ਵਿਚ ਲਈ ਦੁੱਲਾ ਮਾਂ ਕੋਲ ਆਇਆ। ਸਾਹਮਣੇ ਖੜ੍ਹਕੇ ਕੁਝ ਪਲ ਉਸਦੀਆਂ ਅੱਖਾਂ ਵਿਚ ਸਿੱਧਾ ਝਾਕਦਾ ਰਿਹਾ, ਫਿਰ ਕਿਹਾ,—'ਮਾਂ ਹੁਣ ਏਸ ਕੋਠੜੀ ਦੇ ਬੂਹੇ ਬੰਦ ਨਹੀਂ ਕਰਨੇ।'

—ਪੁੱਤ ਵੇ, ਨਾ ਪਉ ਏਸ ਰਾਹ। ਅੱਲਾਹ 'ਤੇ ਭਰੋਸਾ ਰੱਖ।'

—ਕਿਉਂ ਰੱਖਾਂ ਅੱਲਾਹ 'ਤੇ ਭਰੋਸਾ ? ਮੇਰਾ ਅੱਬਾ ਮਾਰਿਆ ਗਿਆ, ਮੇਰਾ ਦਾਦਾ ਮਾਰਿਆ ਗਿਆ, ਮੇਰੇ ਤਾਏ, ਚਾਚੇ ਮੇਰਾ ਭਰਾ, ਪਿੰਡੀ ਦੇ ਲੋਕ ਮਾਰੇ ਗਏ। ਪਿੰਡੀ ਥੇਹ ਹੋ ਗਈ, ਕਿਥੇ ਸੀ ਤੇਰਾ ਅੱਲਾਹ ? ਕੀ ਕੀਤਾ ਹੈ ਤੇਰੇ ਅੱਲਾਹ ਨੇ ਸਾਡੇ ਲਈ ? ਕਦੀ ਤਰਸ ਖਾਧਾ ਹੈ ਸਾਡੇ ਉੱਪਰ ਤੇਰੇ ਅੱਲਾਹ ਨੇ ?'

—ਪੁੱਤਰਾ ਕਰਨ ਕਰਾਵਣ ਵਾਲਾ ਓਹੀ ਅੱਲਾਹ ਏ, ਤੂੰ ਯਕੀਨ ਕਿਉਂ ਨਹੀਂ ਕਰਦਾ ?'

—ਕਿਉਂ ਕਰਾਂ ਯਕੀਨ ? ਬੜੀ ਚੰਗੀ ਸ਼ੈਅ ਵੇ ਤੇਰਾ ਯਕੀਨ। ਯਕੀਨ ਅੱਖਾਂ ਮੀਟਣ ਤੇ ਬੱਝਦੇ ਨੇ ਤੇ ਅੱਖਾਂ ਉਘਾੜਨ ਤੇ ਢਹਿ ਪੈਂਦੇ ਨੇ। ਤੂੰ ਸਾਨੂੰ ਅਸੀਸ ਦੇ ਮਾਂ, ਤੇਰੀਆਂ ਅਸੀਸਾਂ ਵਿਚ ਈ ਸਾਡਾ ਅੱਲਾਹ ਏ।'



—ਪੁੱਤਰੋ, ਮਾਵਾਂ ਦੇ ਢਿੱਡੋਂ ਤਾਂ ਅਸੀਸਾਂ ਈ ਫੁੱਟਦੀਆਂ ਨੇ। ਮਾਂਵਾਂ ਦੇ ਵਸੇਬ ਦਾ ਹਰ ਕੋਨਾ ਬੱਚਿਆਂ ਦੀਆਂ ਖੁਸ਼ੀਆਂ ਨਾਲ ਭਰਿਆ ਹੁੰਦਾ ਏ ਪੁੱਤਰੋ। ਤੁਸੀਂ ਕੀ ਜਾਣੋ, ਮਾਂਵਾਂ ਨੂੰ ਚੀਰਨ ਨਾਲ ਲਹੂ ਦੇ ਤੁਪਕੇ ਘੱਟ ਡਿੱਗਦੇ ਨੇ, ਅਸੀਸਾਂ ਬਹੁਤੀਆਂ।' ਲੱਧੀ ਸਿਰ ਫੜ੍ਹਕੇ ਭੁੰਜੇ ਬੈਠ ਕੇ ਫਿਰ ਰੋਣ ਲੱਗ ਪਈ।

ਦੁੱਲਾ ਮਾਂ ਵਲੋਂ ਬੇਪਰਵਾਹ ਕੁਝ ਦੇਰ ਆਪਣੇ ਸਾਥੀਆਂ ਨੂੰ ਸਮਝਾਉਂਦਾ ਰਿਹਾ। ਫਿਰ ਆਖਿਆ,—'ਅੰਬਾਂ ਵਾਲੇ ਖੂਹ 'ਤੇ ਚੱਲੋ, ਝਿੜੀ 'ਚ।'

—ਉਪਰੋਂ ਰਾਤ ਪੈਣ ਡਹੀ ਏ ਸੁਹਣਿਓਂ, ਦਿੰਹੁ ਤਾਂ ਚੜ੍ਹ ਲੈਣ ਦੇਂਦੇ।' ਲੱਧੀ ਵੈਣ ਪਾਉਂਦਿਆਂ ਵਾਂਗ ਰੋਂਦੀ ਰੋਂਦੀ ਬੋਲੀ।

—ਰਾਤ ਪਿੱਛੋਂ ਦਿੰਹੁ ਆਪ ਹੀ ਚੜ੍ਹ ਪੈਣਾ ਮਾਂ।' ਫੇਰ ਉਹ ਨੂਰੇ ਵੱਲ ਆਇਆ।

—ਨੂਰਿਆ, ਮਾਲ-ਡੰਗਰ ਦਾ ਖ਼ਿਆਲ ਰੱਖੀਂ ਤੇ ਛੋਹਰੀਆਂ ਬਾਹਰ ਨਾ ਤੁਰਨ ਫਿਰਨ ਬਹੁਤਾ। ਤੂੰ ਵੀ ਘਰੇ ਰਹਿਣਾ ਈ, ਸਾਹੇ ਬੰਨ੍ਹਿਆਂ ਏ ਤੂੰ, ਇਧਰ ਓਧਰ ਉੱਕਾ ਹੀ ਨਹੀਂ ਜਾਣਾ। ਪੈ ਗਈ ਊ ਖ਼ਾਨੇ ਗੱਲ ?'

—ਪੈ ਗਈ ਊ।' ਗਲੇ 'ਚ ਅਟਕਿਆ ਥੁੱਕ ਲੰਘਾਉਂਦਿਆਂ ਨੂਰਾ ਬੋਲਿਆ।

—ਤੇ ਮਾਂ ਸੰਸਾ ਨਾ ਕਰ ਬਹੁਤਾ। ਨਿਕਾਹ ਲਈ ਜੋ ਕੁਝ ਲੋੜੀਂਦਾ ਏ, ਕੱਲ੍ਹ ਦੱਸਣਾ ਮੈਨੂੰ। ਫੇਰ ਤੈਨੂੰ ਪਤਾ ਈ ਅਸੀਂ ਇਕ ਹੋਰ ਵੱਡੇ ਨਿਕਾਹ 'ਚ ਰੁੱਝ ਜਾਣਾ ਈ।'

ਫੇਰ ਦੁੱਲਾ ਪਰ੍ਹਾਂ ਖੜ੍ਹੀਆਂ ਆਪਣੀ ਬੀਵੀ ਅਤੇ ਧੀਆਂ ਵੱਲ ਗਿਆ। ਮੋਹ ਨਾਲ ਉਹਨਾਂ ਦੇ ਸਿਰਾਂ ਉੱਪਰ ਹੱਥ ਰੱਖਿਆ। ਫੁੱਲਰਾਂ ਨੂੰ ਆਖਿਆ,—'ਖ਼ਿਆਲ ਰੱਖਣਾ ਈ ਏਹਨਾਂ ਦਾ।'

ਫੁੱਲਰਾਂ ਨੇ ਕੁਝ ਕਹਿਣ ਲਈ ਮੂੰਹ ਖੋਹਲਿਆ ਹੀ ਸੀ, ਇਕਦਮ ਘੁੰਮ ਕੇ ਦੁੱਲੇ ਨੇ ਆਪਣੇ ਸਾਥੀਆਂ ਨੂੰ ਕਿਹਾ—'ਚਲੋ ਬਈ।'

ਲੱਧੀ ਦੋਵੇਂ ਬਾਹਾਂ ਖਿਲਾਰ ਕੇ ਫੇਰ ਮੂਹਰੇ ਆ ਖੜ੍ਹੀ।

—ਹੁਣ ਕੀ ਹੋਇਆ ਈ ਮਾਂ ?' ਦੁੱਲਾ ਹਰਖਿਆ।

—ਇਕ ਜ਼ਬਾਨ ਦਿਉ ਮੈਨੂੰ ਸਾਰੇ।' ਲੱਧੀ ਚਣੌਤੀ ਦੇਣ ਵਾਂਗ ਬੋਲੀ।

—ਬੋਲ, ਕੀ ਮੰਗਨੀ ਏਂ।'

—ਜਿੱਚਰ ਤੀਕ ਨੂਰੇ ਦਾ ਨਿਕਾਹ ਨਹੀਂ ਹੁੰਦਾ, ਤੁਸਾਂ ਕੋਈ ਹਰਕਤ ਨਹੀਂ ਕਰਨੀ।'

ਸਾਰੇ ਇਕ ਦੂਸਰੇ ਵੱਲ ਝਾਕੇ, ਫਿਰ ਦੁੱਲੇ ਵੱਲ ਝਾਕਣ ਲੱਗੇ।

—ਠੀਕ ਐ ਮਾਂ। ਤੂੰ ਨੂਰੇ ਦਾ ਨਿਕਾਹ ਕਰ ਲੈ, ਫੇਰ ਅਸੀਂ ਅਕਬਰ ਨੂੰ ਭਾਜੀ ਮੋੜਨੀ ਏ।' ਆਖਿਆ ਦੁੱਲੇ ਨੇ ਤੇ ਫਿਰ ਸਾਰੇ ਹਵੇਲੀ ਵਿਚੋਂ ਬਾਹਰ ਨਿਕਲ ਗਏ।

ਲੱਧੀ ਦੁਹੱਥੜ ਪਿੱਟਦੀ ਓਸ ਘੜੀ ਨੂੰ ਕੋਸਣ ਲੱਗੀ, ਜਿਸ ਘੜੀ ਇਹ ਸਾਰੀ ਹੋਈ ਬੀਤੀ ਉਸਨੂੰ ਦੱਸਣੀ ਪਈ। ਉਹ ਆਪਣੇ ਸ਼ਰੀਕ ਜਲਾਲਦੀਨ ਨੂੰ ਬਦ-ਦੁਆਵਾਂ ਦੇਣ ਲੱਗੀ। ਫੁੱਲਰਾਂ, ਬਖ਼ਤੋ ਅਤੇ ਸਲੇਮੋ ਭੈ-ਭੀਤ ਹੋਈਆਂ ਅੰਮਾਂ ਲੱਧੀ ਦੇ ਦੁਆਲੇ ਆਣ ਖੜ੍ਹੀਆਂ।

—ਕਿਉਂ ਕਲਪਦੀ ਏ ਅੰਮਾਂ। ਨੂਰੇ ਦੇ ਅੱਬਾ ਆਪਣੀ ਮਨ ਆਈ ਕਰਨੀ ਊ, ਕਰੀ ਜਾਣ ਦੇਹ।' ਫੁੱਲਰਾਂ ਦੇ ਬੋਲਾਂ ਵਿਚ ਬੇਬਸੀ ਝਲਕਦੀ ਸੀ।

—ਕਿਵੇਂ ਕਰੀ ਜਾਣ ਦੇਵਾਂ ਮਨ ਆਈਆਂ ?' ਲੱਧੀ ਝਈ ਲੈ ਕੇ ਪਈ।—'ਤੂੰ ਜਾਣਦੀ

ਨੀ ਧੀਏ, ਬੜਾ ਮਾੜਾ ਵੇਲਾ ਆਵਣ ਵਾਲਾ ਈ। ਭਲਾ ਤਖ਼ਤਾਂ ਨਾਲ ਮੱਥਾ ਲਾਕੇ ਵੀ ਕੋਈ ਜਿੱਤਿਐ ? ਅੱਲਾਹ ਬਖਸ਼ੇ, ਮੈਨੂੰ ਤੇ ਦਿੱਸਦਾ ਏ, ਇਹਨਾਂ ਬੱਚਿਆਂ ਪਿਉ ਵਾਹਰੇ ਹੋ ਜਾਣਾ ਈ।' ਦੋਵੇਂ ਧੀਆਂ ਨੂੰ ਬੁੱਕਲ ਵਿਚ ਲੈ ਕੇ ਲੱਧੀ ਫੇਰ ਰੋਣ ਲੱਗ ਪਈ। ਫੁੱਲਰਾਂ ਵੱਲ ਝਾਕੀ— 'ਤੂੰ ਮੈਨੂੰ ਸਿਰੋਂ ਨੰਗੀ ਦਿੱਸਦੀ ਏਂ ਧੀਏ, ਮੈਂ ਐਵੇਂ ਨਈ੍ਹੀਂ ਕਲਪਣ ਡਹੀ।'

ਪਿੰਡੀ ਉੱਪਰੋਂ ਅਸਮਾਨ ਰੱਤਾ ਰੱਤਾ ਦਿੱਸਣ ਲੱਗਾ। ਲਾਹੌਰ ਵੰਨੀਓਂ ਲਾਲ ਹਨੇਰੀ ਵਰਗੀ ਘਟਾ, ਹੌਲੀ ਹੌਲੀ ਉੱਪਰ ਵੱਲ ਚੜ੍ਹਨ ਲੱਗੀ ਤੇ ਵੇਖਦਿਆਂ ਵੇਖਦਿਆਂ ਪਿੰਡੀ ਉੱਪਰ ਫੈਲ ਗਈ।

—ਨੀ ਕੁੜੀਓ, ਨੀ ਫੁੱਲਰਾਂ, ਆਹ ਵੇਖੋ ਉਪਰ ਕਲਜੁੱਗ ਦਿੱਸਣ ਡਿਹਾ। ਕਲੇਸ਼ ਦਾ ਹਰ ਵੇਲਾ ਕਲਜੁੱਗ ਹੁੰਦਾ ਧੀਓ। ਉਹ ਹੁਣ ਹਥਿਆਰ ਲੈ ਗਏ ਨੀ। ਜਦੋਂ ਬੰਦੇ ਦੇ ਹੱਥਾਂ ਵਿਚ ਹਥਿਆਰ ਹੁੰਦੇ ਨੇ, ਉਹ ਅੱਖਾਂ ਤੋਂ ਅੰਨ੍ਹਾਂ ਤੇ ਕੰਨੋਂ ਬੋਲਾ ਹੋ ਜਾਂਦਾ ਈ। ਮੈਨੂੰ ਤੇ ਲਗਦਾ ਵਕ਼ਤਾਂ ਨੂੰ ਈ ਪੁੱਠਾ ਗੇੜਾ ਪੈ ਗਿਆ। ਜਦੋਂ ਦੁੱਲੇ ਦੇ ਅੱਬਾ ਨੂੰ ਲਾਹੌਰ ਲੈ ਵੰਞੇ ਸਨ ਫਦੀਚ ਕੇ, ਏਦਾਂ ਈ ਲਾਹੌਰ ਵਲੋਂ ਰੱਤੀ ਹਨੇਰੀ ਚੜ੍ਹ ਆਈ ਸੀ।' ਲੱਧੀ ਇਕ ਟੱਕ, ਪਲ ਪਲ ਰੱਤੇ ਤੋਂ ਕਾਲੇ ਹੋ ਰਹੇ ਅਸਮਾਨ ਵੱਲ ਤੱਕਣ ਲੱਗੀ।

ਫੁੱਲਰਾਂ ਅਤੇ ਕੁੜੀਆਂ ਨੇ ਡਰ ਨਾਲ ਕਾਲਜਿਆਂ ਉੱਪਰ ਹੱਥ ਰੱਖ ਲਏ। — 'ਆਓ ਕੁੜੇ ਭਾਂਡਾ-ਟੀਂਡਾ ਸਾਂਭੀਏ।' ਫੁੱਲਰਾਂ ਉਹਨਾਂ ਨੂੰ ਚੌਂਕੇ ਵੱਲ ਲੈ ਗਈ।

ਉਦੋਂ ਹੀ ਕੋਈ ਬਾਹਰ ਜ਼ੋਰ ਜ਼ੋਰ ਨਾਲ ਬਾਹਰਲਾ ਦਰਵਾਜ਼ਾ ਭੰਨਣ ਲੱਗਾ। ਚੌਂਕੇ ਵੱਲ ਗਈਆਂ ਫੁੱਲਰਾਂ ਅਤੇ ਕੁੜੀਆਂ, ਡਰ ਕੇ ਫੇਰ ਲੱਧੀ ਕੋਲ ਵਿਹੜੇ ਵਿਚ ਆ ਖੜ੍ਹੀਆਂ।

ਬੂਹਾ, ਕੋਈ ਅਜੇ ਵੀ ਭੰਨੀ ਜਾ ਰਿਹਾ ਸੀ।



## 3.

ਲੱਧੀ ਦੇ ਆਖਣ 'ਤੇ ਦੁੱਲੇ ਦੇ ਪੁੱਤ ਨੂਰ ਖਾਂ ਨੇ ਹਵੇਲੀ ਦਾ ਬੂਹਾ ਖੋਹਲਿਆ ਤਾਂ ਮੇਹਰੂ ਬੜੇ ਢਹਿੰਦੇ ਹਾਲੀਂ ਅੰਦਰ ਆਇਆ। ਉਸਨੂੰ ਵੇਖਦਿਆਂ ਹੀ ਲੱਧੀ ਸੜ-ਬਲ ਉੱਠੀ:

—ਵੇ ਤੈਨੂੰ ਹਯਾ ਨਹੀਂ ਆਈ, ਬੇਗ਼ਾਨਿਆਂ ਵਾਂਗੂੰ ਤਖ਼ਤੇ ਭੰਨਣ ਡਿਹੈਂ ? ਹਾਕ ਮਾਰਦਾ ਮੈਨੂੰ। ਅੱਲਾਹ ਨੇ ਜੀਭ ਨਹੀਓਂ ਦਿੱਤੀ ?"

—ਜੀਭ ਤਾਂ ਦਿੱਤੀ ਊ ਬੁਢੜੀਏ, ਤੇਰਾ ਅੱਲਾਹ, ਭੜੂਏ ਨੂੰ ਹਾਕ ਮਾਰਨ ਦੀ ਸੱਤਿਆ ਵੀ ਤਾਂ ਦੇਂਦਾ।'

—ਤੂੰ ਕੂੰਦਾਂ ਕਿੱਦਾਂ ਐਂ ਵੇ ਮੋਇਆ, ਮਾਂਵਾਂ ਨਾਲ ਐਂ ਬੋਲੀਦੈ ?'

—ਤੇਰੀ ਜੀਭ 'ਤੇ ਕਿਹੜਾ ਅੱਲਾਹ ਬੈਠਾ ਹੋਇਆ, ਤੂੰ ਵੀ ਅੰਦਰ ਵੜਦੇ ਨੂੰ, ਬਘਿਆੜੀ ਬਣਕੇ ਟੱਕਰੀ ਏਂ।' ਟੁੱਟੇ ਨਸ਼ੇ ਤੋਂ ਮੇਹਰੂ ਨੂੰ ਪਲੰਘ ਵੀ ਕੋਹਾਂ ਦੂਰ ਦਿੱਸਿਆ।

—ਮੈਂ ਤਾਂ ਤੈਨੂੰ ਏਹੀ ਆਖਿਐ, ਜੀਭ ਦਾ ਕੰਮ ਲੱਤਾਂ ਤੋਂ ਕਿਉਂ ਲੈਨਾ ਵੇ, ਹਾਕ ਮਾਰ ਲੈਂਦਾ।' ਲੱਧੀ ਕੁਝ ਨਰਮ ਪੈ ਗਈ।

—ਧੜੀ ਪੋਸਤ ਰੱਖ ਮੇਰੇ ਸਿਰਹਾਣੇ, ਨਾਲ ਹੋਵੇ 'ਅਫੀਮ ਤੇ ਦਾਰੂ, ਫੇਰ ਵੇਖੀਂ ਬੁਢੜੀਏ ਤੇਰਾ ਮੇਹਰੂ ਖ਼ਾਨ ਕਿਵੇਂ ਅੜਾਟ ਪਾਉਂਦਾ। ਫੇਰ ਲੱਤਾਂ ਨਾਲ ਨੀ ਮੇਰੇ ਲਲਕਾਰੇ ਨਾਲ ਈ ਤੇਰੀ ਹਵੇਲੀ ਦੇ ਦਰਵਾਜ਼ੇ ਖੁੱਲ੍ਹ ਜਾਣੇ।'

—ਨਾ ਤੈਨੂੰ ਦੀਨ ਦੀ ਏ, ਨਾ ਤੈਨੂੰ ਧਰਮ ਦੀ ਏ। ਰੋਜ਼ਿਆਂ ਦੇ ਦਿਨ ਹੋਵਣ ਤਾਂ ਵੀ ਢਿੱਡ ਭਰਨ ਤੋਂ ਬਿਨਾਂ ਤੈਨੂੰ ਕੁਝ ਸੁਝਦਾ ਵੀ ਏ ?'

—ਆਖਿਆ ਤਾਂ ਹੈ ਬੁਢੀਏ, ਪੋਸਤ ਪਿਆ ਹੋਵੇ ਮੇਰੇ ਸਿਰ ਵਾਲੇ ਪਾਸੇ, ਨਸ਼ੇ ਪੱਤੇ ਹੋਣ ਪੂਰੇ। ਤੇਰਾ ਮੇਹਰੂ ਤਾਂ ਚਾਰ ਦਿਨ ਰੋਜ਼ਾ ਈ ਨਾ ਖੋਹਲੇ। ਮੈਂ ਤਾਂ ਸੁਰਤ ਵਿਚ ਈ ਉਸ ਦਿਨ ਆਊਂ, ਜਿਸ ਦਿਨ ਰੋਜੜੇ ਲੰਘ ਗਏ। ਯਕੀਨ ਨੀ ਬੱਝਦਾ ਤਾਂ ਏਵੇਂ ਕਰਕੇ ਵੇਖ ਲਈਂ। ਫੇਰ ਤੈਨੂੰ ਚਾਨਣ ਹੋਊ, ਮੇਹਰੂ ਚੀਜ਼ ਕੀ ਐ।' ਆਖਦਿਆਂ ਪਹਿਲਾਂ ਖੜ੍ਹਨ ਲਈ ਉਸਨੇ ਥਮ੍ਹਲੇ ਦਾ ਆਸਰਾ ਲਿਆ, ਫਿਰ ਬਹਿੰਦਾ ਬਹਿੰਦਾ ਹੇਠਾਂ ਹੀ ਬੈਠ ਗਿਆ।

—ਪਤਾ ਨੀ ਸਾਰੇ ਟੱਬਰ ਨੂੰ ਕੀ ਹੋਈ ਜਾਂਦਾ। ਖ਼ੁਦਾ ਦਾ ਖ਼ੌਫ਼ ਈ ਨ੍ਹੀ ਇਹਨਾਂ ਨੂੰ। ਅੱਲਾਹ-ਤਾਲਾ ਨੂੰ ਤਾਂ ਏਹਨਾਂ ਮੱਝੀਆਂ ਦਾ ਛੇੜੂ ਬਣਾਇਆ ਹੋਇਆ। ਮੇਰੀ ਸੁਰਤ ਵਿਚ ਤਾਂ ਨਾ ਕਦੇ ਦੁੱਲੇ ਨੇ ਰੋਜ਼ੇ ਰੱਖੇ ਨੇ, ਨਾ ਨੂਰੇ ਨੇ। ਨੂਰਾ ਤੇ ਆਖਦਾ ਏ, ਏਹੀ ਖਾਣ ਪੀਣ ਦੀ ਉਮਰ ਏ ਅੰਮਾ, ਵੱਡਾ ਹੋ ਲਵਾਂ, ਰੋਜ਼ੇ ਈ ਰੱਖਣੇ ਨੇ। ਜਿਹੜੇ ਵੱਡੇ ਹੋਏ ਨੇ, ਉਹਨਾਂ ਨੂੰ ਕਿਹੜਾ ਮੈਂ ਜਾਣਦੀ ਨਈ੍ਹੀਂ। ਤੀਵੀਆਂ ਆਪਣੇ ਚਾਅ ਕਿਵੇਂ ਪੂਰੇ ਕਰਨ, ਉਹਨਾਂ ਦੇ ਮੌਜ ਮੇਲੇ ਵੀ ਤਾਂ ਮਰਦਾਂ ਨਾਲ ਈ ਹੁੰਦੇ ਨੇ।'

—ਏਹ ਤਰ੍ਹਾਂ ਕਿਉਂ ਆਖਨੀਂ ਏਂ ਅੰਮਾਂ। ਅੱਲਾਹ ਨੂੰ ਜਾਨ ਦੇਣੀ ਊ। ਮੈਂ ਤੇਰੇ ਕਹਿਣ ਤੋਂ ਬਾਹਰ ਹੋਈ ਆਂ ਕਦੀ। ਆਪਣੀਆਂ ਛੋਹਰੀਆਂ ਨੂੰ ਪੁੱਛਕੇ ਵੇਖ ਲੈ।' ਪੂਰੇ ਮਾਣ ਨਾਲ ਆਖਦੀ ਫੁੱਲਰਾਂ ਲੱਧੀ ਦੇ ਕੋਲ ਆਣ ਖੜ੍ਹੀ।

—ਨੀ, ਤੈਨੂੰ ਮੈਂ ਭੁੱਲੀ ਆਂ। ਰੋਜ਼ਿਆਂ ਦੇ ਦਿਨੀਂ ਤਾਂ ਅੰਦਰ ਵੜਕੇ ਸੁੱਕੇ ਮੇਵੇ ਚੱਬਦੀ ਹੁੰਦੀ ਸੈਂ। ਲੱਧੀ ਨੇ ਦੁਨੀਆਂ ਵੇਖੀ ਊ ਤੇ ਹਿੱਕ ਉਹ ਈ ਦੂਈ ਨੂਰਾਂ, ਉਹਨੂੰ ਵੀ ਜਾਣਨੀ ਆਂ ਮੈਂ। ਘੋੜਿਆਂ ਦੀ ਰੰਨ, ਰੋਜਿਆਂ ਦੇ ਦਿਨੀਂ, ਝਨਾਂ ਦਿਆਂ ਝੱਲਾਂ ਵਿਚ ਲੁੱਕ ਲੁੱਕ ਕੇ ਦੁੱਲੇ ਕੋਲੋਂ ਕਬਾਬ ਖਾਂਦੀ ਹੁੰਦੀ ਸੀ। ਗੱਲਾਂ ਕਰਦੀਆਂ ਨੇ ਲੱਧੀ ਨਾਲ।' ਲੱਧੀ ਦੇ ਤੇਵਰ ਵੇਖ ਕੇ, ਫੁੱਲਰਾਂ ਦਾਲ ਵਿਚ ਕੜਛੀ ਫੇਰਨ ਹਾਰੇ ਵੱਲ ਚਲੀ ਗਈ।

—ਤੇਰਾ ਪੁੱਤ ਘੋੜਾ ਕਦੋਂ ਬਣ ਗਿਆ ਅੰਮਾ ?' ਫੁੱਲਰਾਂ ਦੂਰੋਂ ਈ ਦਾਲ ਵਾਲੀ ਹਾਂਡੀ ਹਾਰੇ ਵਿਚੋਂ ਬਾਹਰ ਕਢਦਿਆਂ ਬੋਲੀ। —'ਨਿਕਾਹ ਤਾਂ ਮੇਰਾ ਚੰਗੇ ਭਲੇ ਬੰਦੇ ਨਾਲ ਹੋਇਆ ਸੀ।' ਉਹ ਹੱਸਣ ਲੱਗੀ।

—ਤੇਰਾ ਖ਼ਸਮ ਹਥਿਆਰ ਲੈ ਕੇ ਬਾਹਰ ਨਿਕਲਿਆ ਹੀ ਆਪਣੇ ਟੋਲੇ ਨਾਲ, ਤੂੰ ਹਿੜ ਹਿੜ ਕਰਨ ਡਹੀ ਏਂ।' ਲੱਧੀ ਨੇ ਘ੍ਰਿਣਾ ਨਾਲ ਬੁੱਲ੍ਹ ਕੱਢੇ,....ਸ਼ਰਮ ਹਯਾ ਦਾ ਘਾਟਾ। ਪਤਾ ਨ੍ਹੀਂ ਅਕਲ ਕਦੋਂ ਆਊ।'

—ਹੁਣ ਮੈਂ ਵੀ ਤੁਰ ਜਾਂ ਉਹਦੇ ਪਿਛੇ ? ਅੰਮਾਂ ਸਾਨੂੰ ਤਾਂ ਪਤਾ ਨੀ ਲਗਦਾ, ਤੈਨੂੰ ਹੋਈ ਕੀ ਜਾਂਦਾ ਵੇ ?'

—ਮੈਨੂੰ ਕੀ ਹੋਣਾ, ਮੈਨੂੰ ਬੁਰੇ ਵਿਖਾਲੀ ਦਿੰਦੇ ਪਏ ਨੇ। ਬੀਤ ਗਈਆਂ ਮੇਰੇ ਸਿਰ 'ਚੋਂ ਨਹੀਓਂ ਨਿਕਲਦੀਆਂ। ਦੁੱਲੇ ਦਾ ਅੱਬਾ, ਦਾਦਾ, ਦੁੱਲੇ ਦੇ ਭਰਾ ਮੈਨੂੰ ਹਵੇਲੀ ਅੰਦਰ ਤੁਰੇ-ਫਿਰਦੇ ਦਿੱਸਦੇ ਹੈਨ। ਉਹਨਾਂ ਦੀਆਂ ਰੂਹਾਂ ਭਟਕਦੀਆਂ ਨੇ ਏਥੇ। ਉਹਨੂੰ ਤਾਂ ਢਾਈ ਹੱਥ ਕਬਰ ਵੀ ਨਸੀਬ ਨਹੀਂ ਹੋਈ ਨਾ ਕਿਸੇ ਮਈਅਤ ਨੂੰ ਮੋਢਾ ਦਿੱਤਾ, ਨਾ ਫਾਤਿਹਾ ਪੜ੍ਹਿਆ, ਨਾ ਕਿਸੇ ਤੇਈਆ ਖ਼ਤਮ ਕੀਤਾ, ਨਾ ਕਿਸੇ ਨੌਮੀ ਕੀਤੀ, ਨਾ ਹੰਗਾਮਾ ਹੋਇਆ, ਨਾ ਤੇਰ੍ਹਵੀਂ। ਅੱਲਾਹ ਜਾਣਦਾ ਊ,ਉਹਨਾਂ ਤਾਂ ਆਪਣੇ ਲੋਕਾਂ ਲਈ, ਪਿੰਡੀ ਲਈ ਆਪਣੀਆਂ ਖੱਲਾਂ ਵਿਚ ਘਾਹ ਫੂਸ ਭਰਵਾਇਆ। ਰੱਬ ਉਹਨਾਂ ਨੂੰ ਜੱਨਤ ਨਸੀਬ ਕਰੇ.......।'

—ਓ ਮਾਂ ਲੱਧੀਏ, ਕਸੀਦੇ ਫੇਰ ਪੜ੍ਹ ਲਈਂ। ਜਦੋਂ ਜੀ ਕਰਦਾ ਐ, ਮੋਇਆਂ ਮੁੱਕਿਆਂ ਨੂੰ ਲੈ ਬਹਿੰਦੀ ਐਂ। ਮੈਂ ਇਧਰ ਜਿਉਂਦਾ ਨਰਕ 'ਚ ਭੁੱਜਣ ਡਿਹਾਂ, ਤੂੰ ਮਰਿਆਂ ਲਈ ਜੱਨਤ ਟੋਲਦੀ ਏਂ। ਨਸ਼ਾ ਦੇਹ ਕਿਤੋਂ ਭੋਰਾ ਨਹੀਂ ਤੇ ਮੇਰੀ ਜੀਂਦਿਆਂ ਈ ਨਮਾਜ਼ ਜਨਾਜ਼ਾ ਪੜ੍ਹੀ ਜਾਣੀ ਊ।' ਬੋਲਦੇ ਬੋਲਦੇ ਮੇਹਰੂ ਦੇ ਕੜੱਲਾਂ ਪਈਆਂ, ਸਰੀਰ ਟੁੱਟਣ ਲੱਗਾ। ਉਸਦੀ ਲੇਰ ਨਿਕਲ ਗਈ।

—ਬਹੁੜੀ ਉਏ ਅੱਲਾਹ, ਉਏ ਰੱਬਾ ਕਿਥੇ ਓਹਲੇ 'ਚ ਲੁੱਕ ਕੇ ਬਹਿ ਗਿਐਂ ਠੇਠਰਾ ?'

—ਕੋਹੜੀਆ ਰੱਬ ਨੂੰ ਕਿਉਂ ਗਾਲ੍ਹਾਂ ਦਿੰਨਾ ਏਂ।' ਲੱਧੀ ਕਲਪੀ।

—ਰੱਬ ਨੇ ਜਿਹੜੀ ਟੰਗ ਤੋੜਨੀ ਏ ਤੋੜ ਦਏ ਮੇਰੀ।'

—ਥੇਹ ਹੋਇਆ, ਕਾਲੀ ਜੀਭ ਆਲਿਆ, ਕਿਉਂ ਗੰਦੀ ਮੰਦੀ ਭਾਖਿਆ ਕਰਦਾਂ, ਪਤਾ ਨੀ ਕਿਹੜੇ ਵੇਲੇ ਦੀ ਸੁਣੀ ਜਾਣੀ ਏ।' ਲੱਧੀ ਦੁੱਖੀ ਹੋਕੇ ਬੋਲੀ

ਮੇਹਰ ਵਿਚ ਮਾਂ ਨਾਲ ਹੋਰ ਬਹਿਸਣ ਦੀ ਤਾਕਤ ਨਹੀਂ ਸੀ। ਉਹ ਆਪਣੇ ਵਲੋਂ ਪੂਰੀ ਹਿੰਮਤ ਕਰਕੇ ਉਠਿਆ ਤੇ ਕੋਡਾ ਕੋਡਾ ਤੁਰਦਾ ਪਰ੍ਹਾਂ ਪਏ ਪਲੰਘ ਉਪਰ ਜਾ ਡਿੱਗਾ।

ਬਖਤੋ ਅਤੇ ਸਲੇਮੋ, ਮੇਹਰੂ ਵੱਲ ਵੇਖ ਕੇ ਹੱਸ ਵੀ ਰਹੀਆਂ ਸਨ ਤੇ ਦੁੱਖੀ ਵੀ ਹੋ ਰਹੀਆਂ ਸਨ।

—ਮੈਂ ਕੀ ਕਰਾਂ ਇਹਦਾ ਨਾ ਹੋਏ ਦਾ। ਨਾ ਜਿਉਂਦਿਆਂ 'ਚ ਨਾ ਮੋਇਆਂ 'ਚ। ਇਹਦੇ ਅੱਬਾ, ਦਾਦਾ ਤਾਂ ਭਾਰੇ ਰਾਠ ਸੀਗੇ੍ ਭਾਈ ਪੂਰੇ ਰਾਜਪੂਤ ਸੂਰਮੇ। ਪਤਾ ਨੀ ਇਹਦੇ 'ਤੇ



ਕੀਹਦਾ ਪਰਛਾਵਾਂ ਪੈ ਗਿਆ। ਏਸ ਬਿੱਜ ਨੇ ਤਾਂ ਜੰਮ ਕੇ ਉਹਨਾਂ ਦਾ ਲਹੂ ਈ ਦਾਗ਼ੀ ਕੀਤਾ। ਦਿਨੋ-ਦਿਨ ਘੋਰੀ ਹੁੰਦਾ ਜਾਂਦਾ। ਫੁੱਲਰਾਂ ਤੇਰੇ ਨਿਕਾਹ ਵੇਲੇ ਤਾਂ ਇਹਦਾ ਚਾਅ ਵੇਖਣ ਦਾ ਬਣਦਾ ਸੀ ਧੀਏ, ਮਸਤ ਬਤਾਰੂ ਵਾਂਗੂ ਦੁੜੰਗੇ ਮਾਰਦਾ ਫਿਰਦਾ ਸੀ। ਇਹਦੇ ਯਾਰ-ਬੇਲੀ ਦਸਦੇ ਸੀ ਇਹਨੇ ਬਰਾਤ ਵਿਚ ਵੀ ਬਥੇਰਾ ਖਰੂਦ ਕੀਤਾ।'

—ਬਰਾਤ ਵਿਚ ਤਾਂ ਇਹਦੇ ਵਰਗੇ ਹੋਰ ਬਥੇਰੇ ਸੀਗੇ੍ ਅੰਮਾਂ ਸੇਵੀਆਂ 'ਚ ਲੂਣ ਪਾਉਣ ਵਾਲੇ। ਮੇਰੇ ਅੱਬਾ ਨੇ ਆਖ ਦਿੱਤਾ ਸਈ ਜੇ ਜੰਞ ਦੋ ਦਿਨ ਨਹੀਂ ਰੁਕਣੀ ਤਾਂ ਮੇਰੀ ਧੀ ਨੇ ਨਿਕਾਹ ਕਬੂਲ ਨਹੀਓਂ ਕਰਨਾ। ਪੰਜ ਬਛੜੇ ਮੇਰੇ ਨਿਕਾਹ ਉਪਰ ਜਿਬਾਹ ਕਰਨ ਲਈ ਖਰੀਦੇ ਸਨ ਅੰਮਾ।' ਫੁੱਲਰਾਂ ਨੇ ਪੇਕਿਆਂ ਦੀ ਵਡਿਆਈ ਕੀਤੀ।

—ਸ਼ਾਵਾ-ਸ਼ੇ ਧੀਏ। ਖ਼ੁਦਾ ਉਹਨਾਂ ਨੂੰ ਰਹਿਮਤ ਬਖਸ਼ੇ। ਉਹਨਾਂ ਦੀਆਂ ਲੰਮੀਆਂ ਉਮਰਾਂ ਹੋਣ। ਅਸਾਂ ਵੀ ਤੇ ਕੋਈ ਕਸਰ ਨਈ੍ਹਂ ਛੱਡੀ ਸੀ ਧੀਏ। ਦੁੱਲੇ ਦਾ ਅੱਬਾ ਸਿਰ ਤੇ ਨਈ੍ਹਂ ਸੀਗ੍ਹਾ। ਜਲਾਲਦੀਨ ਵਰਗੇ ਸ਼ਰੀਕਾਂ ਨੂੰ ਅੱਗੇ ਕਰਨਾ ਪਿਆ ਸੀ ਪਿਉ ਦੀ ਥਾਂਵੇਂ, ਤਾਂ ਵੀ ਧੀਏ ਪੰਜ ਵੀਹਾਂ ਮੋਹਰਾਂ ਤੇ ਸੇਰ ਪੱਕੀ ਚਾਂਦੀ ਰੱਖੀ ਸੀ ਹੱਕ ਮੇਹਰ ਲਈ। ਪੂਰੀ ਬਾਰ ਵਿਚ ਗੱਲਾਂ ਹੋਈਆਂ ਸੀ, ਭੱਟੀਆਂ ਆਪਣੇ ਬੋਲ ਰੱਖ ਵਿਖਾਏ।......ਕੱਲ੍ਹ ਦੀਆਂ ਗੱਲਾਂ ਨੇ......' ਲੱਧੀ ਨੇ ਵੇਲਾ ਯਾਦ ਕਰਦਿਆਂ ਹਾਉਕਾ ਲਿਆ—'ਤੇਰੀ ਡੋਲੀ ਏਸ ਦਰਵਾਜ਼ਿਓਂ ਅੰਦਰ ਆਈ ਸੀ। ਮੇਹਰੂ ਨੇ ਮੈਨੂੰ ਆਣ ਕੇ ਦੱਸਿਆ ਸੀ,......ਜਦੋਂ ਮੌਲਵੀ ਨੇ ਤੈਨੂੰ ਪੁੱਛਿਆ-ਦੁੱਲਾ ਖ਼ਾਨ ਭੱਟੀ ਵਲਦ ਫਰੀਦ ਖ਼ਾਨ ਭੱਟੀ ਵਲਦ ਬਿਜਲੀ ਖਾਨ ਸਾਂਦਲ ਭੱਟੀ ਸਾਕਨ ਪਿੰਡੀ ਨਾਲ ਨਿਕਾਹ ਲਈ ਰਜ਼ਾਮੰਦੀ ਏ, ਕਬੂਲ ਏ ? ਮੇਰੀਆਂ ਤਾਂ ਅੱਖਾਂ ਵਿਚੋਂ ਅੱਥਰੂ ਵਗ ਪਏ ਧੀਏ। ਚੇਤੇ ਆਇਆ ਜੇ ਅੱਜ ਦੁੱਲੇ ਦਾ ਅੱਬਾ ਜੀਂਦਾ ਹੁੰਦਾ......।' ਲੱਧੀ ਦੀ ਰੋਣ ਵਰਗੀ ਆਵਾਜ਼ ਨਿਕਲੀ ਉਸਨੇ ਸਿਰ ਝਟਕ ਕੇ ਦੁਆਲੇ ਮੰਡਰਾਉਂਦੀਆਂ ਯਾਦਾਂ ਛਿਟਕੀਆਂ, ਫਿਰ ਆਪਣੇ ਆਪ ਨੂੰ ਜ਼ਬਤ ਵਿਚ ਲਿਆ ਕੇ ਬੋਲੀ—'ਮੈਂ ਕਦੀ ਤੇਰੇ ਨਾਲ ਸੱਸਾਂ ਵਾਲਾ ਵਰਤਾਓ ਨਹੀਂ ਕੀਤਾ ਫੁੱਲਰਾਂ ਧੀਏ, ਨਾ ਓਹਦੇ ਨਾਲ ਕੀਤਾ ਏ, ਜਿਹੜੀ ਪਤਾ ਨਹੀਂ ਕੈ ਵਰ੍ਹਿਆਂ ਤੋਂ ਦੁੱਲੇ ਨੂੰ ਚੋਰੀ ਚੋਰੀ ਅੰਬਾਂ ਵਾਲੇ ਖੂਹ ਦੀ ਝਿੜੀ 'ਚ ਚੂਰੀਆਂ ਖੁਆਂਦੀ ਰਹੀ।'

ਲੱਧੀ ਅੰਮਾਂ ਦੀਆਂ ਗੱਲਾਂ ਸੁਣਦਿਆਂ ਕੁੜੀਆਂ ਦਾ ਚਿਹਰਾ ਸੰਗ ਨਾਲ ਸੁਰਖ਼ ਹੋ ਗਿਆ, ਜਿਹੜਾ ਪਲਾਤਾ ਹਨੇਰਾ ਹੋਣ ਕਾਰਨ, ਨਾ ਲੱਧੀ ਨੂੰ ਦਿੱਸਿਆ ਨਾ ਫੁੱਲਰਾਂ ਨੂੰ।

ਲੱਧੀ ਨੂੰ ਫੁੱਲਰਾਂ ਦੇ ਮੱਥੇ ਉਪਰ ਉੱਭਰ ਆਈਆਂ ਤਿਊੜੀਆਂ ਵੀ ਨਹੀਂ ਦਿੱਸੀਆਂ। ਉਹ ਆਪਣੇ ਵੇਗ ਵਿਚ ਬੋਲੀ ਗਈ:

—ਧੀਓ ਚਾਰ ਦਿਨ ਜੁਆਨੀ ਤਾਂ ਭੇਡ ਦੇ ਲੇਲੇ 'ਤੇ ਵੀ ਆਂਦੀ ਏ। ਇਹ ਉਮਰ ਈ ਏਦਾਂ ਦੀ ਹੁੰਦੀ ਏ, ਅਕਲ ਵਾਲੇ ਸਾਰੇ ਬੂਹੇ ਬੰਦ ਹੋ ਜਾਂਦੇ ਨੇ, ਤੇ......ਚੱਲ ਛੱਡੋ ਧੀਓ, ਮੈਂ ਤਾਂ ਆਖਣ ਡਹੀ ਸਾਂ, ਮੈਂ ਕਦੀ ਸੱਸ ਬਣਕੇ ਦੱਸਿਆ ਈ ਨਈ੍ਹਂ। ਕਦੀ ਅਲਫੋਂ ਬੇ ਨਹੀਂ ਆਖੀ। ਡੋਹਲੋਂ, ਸੰਵਾਰੋਂ, ਵਿਗਾੜੋਂ ਸਭ ਅੱਲਾਹ ਦੀ ਰਜ਼ਾ ਕਰਕੇ ਮੰਨਿਆ। ਹੁਣ ਤੇਰੀ ਵਾਰੀ ਆਈ ਊ ਫੁੱਲਰਾਂ ਧੀਏ, ਰੱਬ ਦੀਆਂ ਸੱਤੇ ਖ਼ੈਰਾਂ ਹੋਣ। ਏਸ ਘਰ 'ਤੇ ਅਕਬਰਾ ਕਿਤੇ ਕਰੋਪ ਨਾ ਹੁੰਦਾ ਤਾਂ ਵੇਖਦੀਓਂ ਅਸਾਂ ਤਾਂ ਜਨਮ-ਜਾਤ ਤੋਂ ਰਾਜੇ ਸਾਂ। ਮੇਰੇ ਘਰ ਵਿਚ ਬਹਿਸ਼ਤਾਂ ਸਨ। ਕੀ ਰੋਹਬ ਸੀ ਦੁੱਲੇ ਦੇ ਅੱਬਾ ਦਾ। ਪਿੰਡੀ ਦੇ ਚੌਧਰੀ ਵੀ ਸਾਹ ਨਹੀਂ ਸਨ ਕੱਢਦੇ ਉਸ ਅੱਗੇ। ਜਦੋਂ ਪਗੜੀ ਦਾ ਸ਼ਮ੍ਹਲਾ ਉਪਰ ਵੱਲ ਖੜ੍ਹਾ ਛੱਡਕੇ ਘਰੋਂ ਨਿਕਲਦਾ ਤਾਂ ਲੋਕ ਉਸਨੂੰ ਵੇਖਣ ਲਈ ਆਪਣੇ ਦਰਾਂ 'ਚ ਆ ਖੜ੍ਹਦੇ ਸਨ। ਐਹੋ ਜਾ ਰਾਠ, ਐਹੋ ਜਾ ਮਰਦ ਪੂਰੀ ਪਿੰਡੀ ਵਿਚ ਤਾਂ ਕੀ ਪੂਰੀ ਦੇਸ ਪੰਜਾਬ ਵਿਚ ਨਹੀਂਓ ਦਿੱਸਦਾ ਸੀ। ਅਕਬਰੇ ਆਖਿਆ ਸਈ ਮੇਰੀ

ਫੌਜ ਵਿਚ ਆ ਕੇ ਚਾਕਰੀ ਕਰ ਲੈ ਤੈਨੂੰ ਪੰਜ ਹਜ਼ਾਰੀ ਦਾ ਰੁਤਬਾ ਦੇਵਾਂ। ਮੇਰੀ ਰਜ਼ਾ ਵਿੱਚ ਰਹਿ ਤੇ ਮੌਜਾਂ ਮਾਣ। ਦੁੱਲੇ ਦੇ ਅੱਬਾ ਕਿਹਾ: 'ਚੁਗੱਤਿਆਂ ਨਾਲ ਮੇਰੀ ਸਾਂਝ ਈ ਕਾਈ ਨਹੀਂ। ਮੈਂ ਮੁਗਲੇਟਿਆਂ ਨੂੰ ਪੰਜਾਬ ਵਿਚੋਂ ਬਾਹਰ ਧੱਕਣ ਨੂੰ ਫਿਰਦਾਂ ਤੇ ਤੂੰ ਆਖਨਾਂ ਏਂ ਮੇਰੀ ਚਾਕਰੀ ਕਰ, ਮੇਰੀ ਰਜ਼ਾ ਵਿਚ ਰਹਿ। ਮੈਂ ਆਪਣੇ ਲੋਕਾਂ ਵਿਚ ਰਹਿਣਾ ਏਂ, ਆਪਣੀ ਪਿੰਡੀ ਵਿਚ। ਸ਼ਾਹੀ ਦਰਬਾਰ ਤੈਨੂੰ ਮੁਬਾਰਕ। ਭੱਟੀਆਂ ਨੂੰ ਗੁਲਾਮੀ ਵਿਚ ਜੀਣ ਦੀ ਆਦਤ ਨਹੀਓਂ।'......ਲੱਧੀ ਰੁੱਕ ਕੇ ਸਾਹ ਲੈਣ ਲੱਗੀ। ਫੁੱਲਰਾਂ ਅਤੇ ਕੁੜੀਆਂ ਉਸਦੇ ਹੋਰ ਨੇੜੇ ਆ ਗਈਆਂ।

—ਕੁੜੇ ਬਖ਼ਤੋ, ਦੀਵਾ ਤਾਂ ਡੰਗ ਲੈ ਧੀਏ । ਵਸਦਿਆਂ ਘਰਾਂ 'ਚ ਏਸ ਵੇਲੇ ਹਨੇਰ ਪਿਆ ਮਾੜਾ ਹੁੰਦਾ ਈ।'

ਅੰਮਾਂ ਦੀ ਗੱਲ ਸੁਣਕੇ, ਬਖਤੋ ਦੀਵਾ ਬਾਲਣ ਲਈ ਉਠ ਗਈ ਤੇ ਲੱਧੀ ਨੇ ਟੁੱਟੀ ਤੰਦ ਫਿਰ ਛੋਹ ਲਈ: 'ਪਤਾ ਈ ਫੁੱਲਰਾਂ ਬੰਦਿਆਂ ਦੀ ਜਮੀਰ ਕਿੱਦਾਂ ਮਰਦੀ ਏ ? '

—ਮੈਂ ਕੀ ਜਾਣਾ ਅੰਮਾਂ।' ਫੁੱਲਰਾਂ ਨੂੰ ਗੁੱਸਾ ਚੜ੍ਹਨ ਲੱਗ ਪਿਆ। ਉਹ ਜਾਣਦੀ ਹੈ ਅੰਮਾਂ ਜਦੋਂ ਗੱਲਾਂ ਦਾ ਖਲਾਰਾ ਪਾ ਲੈਂਦੀ ਏ ਫੇਰ.....।

—ਮੈਂ ਦੱਸਨੀ ਆਂ। ਬੰਦੇ ਨੂੰ ਰੋਟੀ ਦੇ ਟੁਕੜੇ ਸੁੱਟਦੇ ਜਾਉ, ਗੋਸ਼ਤ ਦੀਆਂ ਬੋਟੀਆਂ ਸੁੱਟਦੇ ਜਾਓ ਤੇ ਜਣੇ ਲਾਲ੍ਹਾਂ ਚੱਟਣ ਲਗਦੇ ਨੇ। ਫੁੱਲਰਾਂ ਅੱਲਾਹ ਸੁਣਦਾ ਈ, ਤੇਰੇ ਖੌਂਦ ਦੇ ਪਿਊ ਨੇ, ਦਾਦੇ ਨੇ ਲਾਹੌਰ ਦਰਬਾਰ ਦੀਆਂ ਲਾਲਾਂ ਨਹੀਂ ਚੱਟੀਆਂ। ਉਹ ਤੇ ਆਪ ਰਾਜਪੂਤ ਭੱਟੀਆਂ ਦੇ ਬਾਤਸ਼ਾਹ ਹੈਗੇ ਸਨ। ਦਿੰਹੁ ਮਗਰੋਂ ਚੜ੍ਹਦਾ ਸੀ। ਮਸਲਤਾਂ ਲੈਣ ਲੋਕ ਪਹਿਲਾਂ ਹੀ ਦੀਵਾਨ-ਖ਼ਾਨੇ ਅੱਗੇ 'ਕੱਠੇ ਹੋਣ ਲਗਦੇ ਸਨ। ਲਾਗੇ ਚਾਗੇ ਦੇ ਪਿੰਡਾਂ ਤੋਂ ਵੀ ਬੰਦੇ ਆਂਵਦੇ ਸਨ। ਆਹ, ਗਾਜੀਆਣਾ, ਜਲਾਲਪੁਰ, ਖ਼ਾਨਗਾਹ ਡੋਗਰਾਂ ਦੀ, ਵਾਣੀ ਕਿਆਂ ਦੀ ਤਾਰੜ ਕਾਲੇ ਕੀ ਮੰਡੀ ਜਿਥੇ ਸਿੱਖਾਂ ਦੇ ਬਾਬੇ ਨੇ ਸੱਚਾ ਸੌਦਾ ਕੀਤਾ ਸਾਈ। ਬੜੇ ਬੰਦੇ ਆਂਵਦੇ ਸਨ। ਹਿੱਕ ਦਰਬਾਰ ਲਾਹੌਰ ਲਗਦਾ ਹੋਣਾ ਬਾਤਸ਼ਾਹ ਅਕਬਰੇ ਦਾ, ਤੇ ਹਿੱਕ ਦਰਬਾਰ ਪਿੰਡੀ ਲਗਦਾ ਸਾਈ, ਰਾਜਪੂਤ ਭੱਟੀਆਂ ਦਾ। ਉਹ ਕੀ ਸਮਝਦੇ ਸਨ ਅਕਬਰ ਨੂੰ। ਉਹ ਤਾਂ ਪਿੰਡੀ ਦੇ ਅਕਬਰ ਹੈਗੇ ਸਨ।.........'

ਬੱਸ ਵੀ ਕਰ ਅੰਮਾਂ।' ਫੁੱਲਰਾਂ ਸੁਣਦੀ ਸੁਣਦੀ ਖਿੱਝ ਉੱਠੀ—'ਹਰ ਵੇਲੇ ਬੀਤੇ ਵਰ੍ਹਿਆਂ ਦੇ ਗਲੋਟੇ ਉਧੇੜਨ ਬਹਿ ਜਾਨੀਂ ਏਂ। ਹੁਣ ਤੇਰਾ ਪੁੱਤ ਤੁਰ ਗਿਆ ਈ ਤਲਵਾਰਾਂ ਛਵ੍ਹੀਆਂ ਲੈ ਕੇ। ਹੁਣ ਇਹ ਆਖੇਗਾ ਮੈਂ ਲਾਹੌਰ ਦਰਬਾਰ ਨੂੰ ਸਲਾਮ ਨਹੀਂ ਆਖਣੀ ਬਾਤਸ਼ਾਹ ਨੂੰ ਤਾਂ ਬਾਤਸ਼ਾਹ ਮੰਨਣਾ ਈ ਪੈਣਾਂ ਅੰਮਾ ਭੋਲੀਏ। ਤੇਰੇ ਪੁੱਤ ਦੇ ਪਿਉ ਦਾਦੇ ਨਹੀਓਂ ਮੰਨਿਆਂ ਤਾਹੀਓਂ ਤਾਂ ਲਾਹੌਰ ਦੇ ਦਰਵਾਜ਼ਿਆਂ ਵਿਚ ਲਟਕਾ ਛੱਡਿਆ ਉਹਨਾਂ ਨੂੰ। ਹੁਣ ਤੇਰੇ ਪੁੱਤ.....।'

—ਨੀ ਸੜੀ ਜੀਭ ਆਲੀਏ, ਕਲਮੂੰਹੀਏਂ.....।' ਲੱਧੀ ਭੜਕ ਉੱਠੀ—'ਮੈਂ ਤੇਰਾ ਕਦੀ ਮੂੰਹ ਨਈ੍ਹੀਂ ਫਿਟਕਾਰਿਆ। ਕਦੀ ਫਿੱਟੇ ਮੂੰਹ ਨਈ੍ਹੀਂ ਆਖੀ ਤੈਨੂੰ। ਜਦੋਂ ਘਰ ਦੇ ਜਣੇ ਈ ਏਸ ਤਰ੍ਹਾਂ ਸੋਚਣ ਡਹਿ ਪੈਣ, ਬਾਹਰ ਵਾਲਿਆਂ ਤਾਂ ਫਿਰ ਸੋਚਣਾ ਈ ਹੋਇਆ। ਨੀ ਆਪਣੇ ਬੰਦੇ ਤਾਂ, ਐਬ ਵੀ ਹੋਣ ਤਾਂ ਭਾਫ ਨਹੀਂ ਨਿਕਲਣ ਦੇਂਦੇ ਬਾਹਰ, ਘਰ ਦੀਏ ਦੁਸ਼ਮਣੇ। ਦੂਰ ਫਿੱਟੇ ਮੂੰਹ ਤੇਰੇ।'' ਲੱਧੀ ਰੋਸ ਨਾਲ ਕੰਡ ਕਰਕੇ ਬੈਠ ਗਈ।

ਫੁੱਲਰਾਂ ਉੱਠਕੇ ਲੱਧੀ ਦੇ ਸਾਹਮਣੇ ਆ ਖੜ੍ਹੀ—'ਅੰਮਾਂ ਕੰਡ ਕੀਤਿਆਂ ਹੋਣੀਆਂ ਨਹੀਓਂ ਟਲਣੀਆਂ, ਤੂੰ ਮੈਨੂੰ ਇੱਕ ਗੱਲ ਦੱਸ।'



—ਨੀ ਤੂੰ ਰਹਿਣ ਦੇ ਭਾਈ, ਚੁੱਪ ਰਹਿ, ਤਪਾ ਨਾ ਮੈਨੂੰ।' ਲੱਧੀ ਨੇ ਹੱਥ ਜੋੜੇ।

ਫੁੱਲਰਾਂ ਬਾਜ਼ ਨਹੀਂ ਆਈ। ਉਹ ਆਪਣੀ ਜ਼ਿੱਦ 'ਤੇ ਆਈ ਹੋਈ ਸੀ, ਬੋਲੀ,—'ਅੰਮਾਂ ਜਦ ਅਕਬਰ ਉਹਨਾਂ ਨੂੰ ਰੁਜ਼ਗਾਰ ਦੇਂਦਾ ਸਾਈ, ਪੰਜ ਹਜ਼ਾਰ ਘੋੜ ਸਵਾਰ ਦੇਂਦਾ ਸਾਈ। ਬਾਤਸ਼ਾਹਾਂ ਕੋਲ ਹੋਰ ਬਥੇਰੀਆਂ ਸ਼ੈਆਂ ਹੁੰਦੀਆਂ ਨੀ, ਮਾਲ ਖਜ਼ਾਨਾ, ਹਾਥੀ ਘੋੜੇ, ਊਠ ਰੁਤਬੇ। ਮੈਂ ਤਾਂ ਸਮਝਨੀ ਆਂ, ਉਹਨਾਂ ਜਿੰਨਾ ਮੂਰਖ ਕੋਈ ਨਈ੍ਹੀਂ ਹੋਣਾ।'

ਲੱਧੀ ਕਹਿਰ ਭਰੀਆਂ ਅੱਖਾਂ ਨਾਲ ਫੁੱਲਰਾਂ ਵੱਲ ਝਾਕੀ।

—ਬਾਤਸ਼ਾਹ ਉੱਚੇ ਲੋਕ ਹੁੰਦੇ ਨੀ ਅੰਮਾਂ। ਇਹਨਾਂ ਨਾਲ ਜੋੜ-ਮੇਲ ਰੱਖਣ ਵਾਲੇ ਵੀ ਉੱਚੇ ਹੋ ਵਹਿੰਦੇ ਨੇ। ਭਲਾ ਉੱਚਿਆਂ ਨੂੰ ਕੀ ਅੱਖਾਂ ਵਿਖਾਣੀਆਂ ਹੋਈਆਂ। ਜੇ ਵਿਖਾਈਆਂ ਨੇ ਤਾਂ ਵੇਖ ਲੈ ਕੀ ਹਸ਼ਰ ਹੋਇਆ ਫਿਰ। ਹੁਣ ਤੇਰਾ ਪੁੱਤਰ ਵੀ ਉਹਨਾਂ ਵਾਲਾ ਰਾਹ ਫੜਨ ਲਈ ਕਾਹਲਾ ਏ, ਰੋਕਿਆ ਜਾਂਦਾ ਈ ਤੇ ਰੋਕ ਲੈ, ਨਹੀਂ ਤੇ ਸਾਨੂੰ ਵੀ ਤੇਰੇ ਵਾਂਗਰਾਂ,.......ਸਾਰੀ ਹਯਾਤੀ.....।'

—ਮੈਂ ਤੇਰੇ ਹਲਕ 'ਚ ਬਲਦੀ ਲੱਕੜ ਤੁੰਨ ਦੇਣੀ ਐਂ, ਪਾਟੇ ਮੂੰਹ ਆਲੀਏ। ਏਧਰ ਨੂਰੇ ਦਾ ਨਿਕਾਹ ਰੱਖਿਆ ਹੋਇਆ ਈ ਤੇ ਇਹ ਕੁੱਤੀ ਰੰਨ ਮੌਤਾਂ ਦੀਆਂ ਗੱਲਾਂ ਕਰਨ ਡਹੀ ਏ।' ਲੱਧੀ ਦਾ ਫਿਰ ਰੋਣ ਨਿਕਲ ਗਿਆ।

—ਮੈਨੂੰ ਤੇ ਲਗਦਾ, ਏਸ ਹਵੇਲੀ ਨੂੰ ਸ਼ੌਹਰ ਦਾ ਸੁੱਖ ਨਾ ਭੋਗਣ ਦਾ ਸਰਾਪ ਮਿਲਿਆ ਹੋਇਆ ਈ।' ਫੁੱਲਰਾਂ ਵੀ ਅੱਜ ਬੁਰੇ ਦੇ ਘਰ ਤੱਕ ਜਾਣ ਲਈ ਬਜਿੱਦ ਸੀ।

ਲੱਧੀ ਨੇ ਕੋਲ ਪਈ ਆਪਣੀ ਜੁੱਤੀ ਉੱਘਰੀ—'ਮੇਰੇ ਪਿਉ ਦੀਏ ਰੰਨੇ.....।'

ਫੁੱਲਰਾਂ ਕਾਹਲੀ ਨਾਲ ਪਿਛਾਂਹ ਹੱਟਦੀ ਬੋਲੀ—'ਸੱਚੀਆਂ ਗੱਲਾਂ ਤੋਂ ਕਿੰਨਾ ਕੁ ਚਿਰ ਪਾਸਾ ਕਰੇਂਗੀ ਅੰਮਾਂ। ਪਹਿਲਾਂ ਈ ਜੇ ਉਹਨਾਂ ਨੂੰ ਨੱਥ ਪਾਕੇ ਰੱਖਦੀ।'

—ਨੀ ਬੈਤਲੇ ਤੂੰ ਤਾਂ ਆਪਣੀ ਜ਼ਬਾਨ ਨੂੰ ਨੱਥ ਮਾਰ ਲੈ।' ਲੱਧੀ ਗੁੱਸੇ ਵਿਚ ਉੱਠ ਖੜ੍ਹੀ।.....'ਮੈਂ ਤਾਂ ਹੋਈ ਬੇ-ਅਕਲ ਤੀਵੀਂ; ਆਪਣੇ ਖ਼ਸਮ ਨੂੰ ਨੱਥ ਨਹੀਂ ਮਾਰੀ ਗਈ। ਹੁਣ ਤੂੰ ਤੇ ਆ ਗਈ ਏਂ ਨਾ ਅਕਲਾਂ ਵਾਲੀ, ਤੂੰ ਨੱਥ ਪਾ ਲੈ ਇਹ ਨੂੰ। ਦੁੱਲਾ ਜੇ ਮੇਰਾ ਪੁੱਤਰ ਏ, ਖਸਮ ਤਾਂ ਤੇਰਾ ਵੀ ਹੈਗਾ।' ਆਖਦਿਆਂ ਲੱਧੀ ਹਵੇਲੀ ਦੇ ਬਨੇਰਿਆਂ ਵਲ ਝਾਕੀ, ਕੋਈ ਆਂਢੀ ਗੁਆਂਢੀ ਛੱਤਾਂ ਉਪਰ ਫਿਰਦਾ, ਸੁਣਦਾ ਹੀ ਨਾ ਹੋਵੇ।......

—ਮੈਂ ਤਾਂ ਕਦੋਂ ਦੀ ਨਰੜ ਲੈਂਦੀ ਅੰਮਾਂ, ਪਰ ਤੇਰਾ ਪੁੱਤ ਧੌਂਸ ਈ ਬੜੀ ਪੁੱਠੀ ਦਿੰਦਾ ਏ। ਜਦੋਂ ਕੁੱਤੇ ਕੰਮਾਂ ਤੋਂ ਵਰਜਦੀਆਂ ਤਾਂ ਆਖੂ, ਗੁੱਤੋਂ ਫੜ ਕੇ ਬੂਹਿਓਂ ਬਾਹਰ ਕਰ ਦੇਊਂ ਪਹਿਲਾਂ ਤੇ ਪਿਛੋਂ ਆਖੂੰ, ਤਲਾਕ, ਤਲਾਕ, ਤਲਾਕ। ਧਮਕੀਆਂ ਦੇਦਾਂ ਏ, ਮੇਰੇ ਕੋਲ ਹੈਗੀ ਏ ਦੂਜੀ। ਜੀਹਨੂੰ ਤੂੰ ਆਖਨੀ ਏਂ, ਝਨਾਂ ਦਿਆਂ ਝੱਲਾਂ 'ਚ ਕਬਾਬ ਖਾਂਦੀ ਏ।' ਫੁੱਲਰਾਂ ਲੱਧੀ ਵੱਲ ਤ੍ਰਿਸਕਾਰ ਨਾਲ ਝਾਕੀ, ਬੁਲ੍ਹ ਕੱਢੇ ਤੇ ਬੁੜ ਬੁੜ ਕੀਤੀ-'ਜੀਹਨੂੰ ਝਨਾਂ ਦੇ ਕੰਢੇ 'ਤੇ ਅੱਡ ਮਹਿਲ ਉਸਾਰ ਕੇ ਦਿੱਤੇ ਹੋਏ ਨੀ।'

—ਲੜਦੀ ਤੂੰ ਮੇਰੇ ਨਾਲ ਏਂ, ਦੂਈ ਨੂੰ ਕਿਉਂ ਵਿਚ ਘੜੀਸਨੀ ਏਂ, ਪੁੱਠੀਆਂ ਘਤਿੱਤਾਂ ਵਾਲੀਏ ?' ਲੱਧੀ ਗੁੱਸੇ ਨਾਲ ਬੋਲੀ।

—ਨੀ ਅੰਮਾਂ, ਓਸੇ ਕਰਕੇ ਤਾਂ ਮਸਤਿਆ ਹੋਇਆ ਤੇਰਾ ਸੂਰਮਾ, ਨਹੀਂ ਤੇ ਮੈਂ ਤੈਨੂੰ ਆਪਣੇ ਪਰਾਂਦੇ ਨਾਲ ਬੰਨ੍ਹ ਕੇ ਵਖਾਂਦੀ ਉਹਨੂੰ।'

—ਤੇ ਹੁਣ ਬੰਨ੍ਹ ਲੈ।' ਲੱਧੀ ਨੇ ਵੰਗਾਰਿਆ।

—ਹੁਣ ਕਿਵੇਂ ਬੰਨ੍ਹਾਂ ਹੁਣ ਉਹ ਸੌਂਕਣ ਦੇ ਪਰਾਂਦੇ ਨਾਲ ਬੱਝਾ ਹੋਇਆ।'

—ਨੀ ਕਿਹੜੇ ਘਰ ਸੌਂਕਣਾ ਹੈ ਨਵ੍ਹੀਂ ?' ਲੱਧੀ ਨੇ ਪੁੱਛਿਆ,— 'ਸਾਰੇ ਤੇਰੇ ਖਸਮ ਦੇ ਅੱਬਾ ਵਰਗੇ ਥੋੜ੍ਹੇ ਈ ਹੁੰਦੇ ਨੇ। ਪਰਾਈ ਜਨਾਨੀ ਵੱਲ ਤੱਕਣਾ ਹਰਾਮ ਸਾਈ। ਆਖਦੇ ਨੇ ਅਕਬਰ ਤਿੰਨ ਸੌ ਤੋਂ ਵਾਧੂ ਰੰਨਾਂ ਰੱਖੀ ਫਿਰਦਾ ਈ।'

—ਤੇਰਾ ਪੁੱਤ ਹੁਣ ਅਕਬਰ ਬਾਤਸ਼ਾਹ ਬਣਨ ਲੱਗਾ ਈ ?' ਫੁੱਲਰਾਂ ਵੀ ਲੱਸੀ ਵਿੱਚ ਪਾਣੀ ਪਾਈ ਬੈਠੀ ਸੀ।

—ਨੀ ਅਕਬਰਾ ਵੀ ਬੰਦਾ ਈ ਏ ਰੱਬ ਦਾ, ਉੱਪਰੋਂ ਤਾਂ ਨ੍ਹੀ ਡਿੱਗਿਆ। ਉਸ ਨੂੰ ਵੀ ਕਿਸੇ ਮਾਂ ਨੇ ਈ ਜਣਿਆਂ ਹੋਣਾ। ਨਾਲੇ ਮੇਰਾ ਪੁੱਤ ਕਿਹੜੀ ਗੱਲੋਂ ਘੱਟ ਏ ਅਕਬਰ ਨਾਲੋਂ ? ਬੱਸ ਏਹੀ ਏ, ਉਹ ਅਕਬਰੇ ਵਾਂਗ ਲੋਕਾਂ ਦੀ ਸੰਘੀ ਨਹੀਓਂ ਘੁੱਟਦਾ। ਸੂਰਮਾ ਜਣਿਆਂ ਈ ਲੱਧੀ ਨੇ। ਸਾਰੀ ਬਾਰ ਜਾਣਦੀ ਏ। ਦੁੱਲੇ ਘਰ ਘਰ ਨਹੀਂ ਜੰਮਦੇ ਹੁੰਦੇ। ਇਕੋ ਈ ਐਬ ਏ ਚੰਦਰੇ 'ਚ, ਮੇਰੇ ਕਹਿਣੇ ਤੋਂ ਨਾਬਰ ਏ। ਮਨ ਆਈਆਂ ਕਰਦਾ ਏ। ਪਰ ਹੁਣ ਮਨ-ਆਈਆਂ ਉਸ ਆਪਣੇ ਲਈ ਨਹੀਉਂ ਕਰਨੀਆਂ। ਮੈਂ ਜਾਣਨੀ ਸਾਂ ਭੱਟੀਆਂ ਦੇ ਲਹੂ ਨੂੰ। ਏਸ ਕਰਕੇ ਤਾਂ ਏਨੇ ਵਰ੍ਹੇ ਕੋਠੜੀ ਨੂੰ ਜਿੰਦਰਾ ਮਾਰੀ ਰੱਖਿਆ ਸਈ। ਹੁਣ ਤਾਂ ਉਸਦੇ ਤੇਵਰ ਈ ਬਦਲ ਜਾਣੇ ਨੇ। ਕਬਰ 'ਚ ਪਵੇ ਜਲਾਲਦੀਨ, ਜਿਸ ਗੁੱਝੀਆਂ ਚੋਭਾਂ ਲਾ ਲਾ ਦੁੱਲੇ ਨੂੰ ਭੜਕਾਇਆ ਈ। ਹੁਣ ਉਸ ਕਿਸੇ ਕੋਲੋਂ ਕਾਬੂ ਨਵ੍ਹੀਂ ਆਉਣਾ। ਨਾ ਦੁੱਲੇ ਦੇ ਅੱਬਾ, ਦਾਦੇ ਅਕਬਰੇ ਦੀ ਈਨ ਮੰਨੀ ਨਾ ਦੁੱਲੇ ਮੰਨਣੀ ਏਂ। ਪਿੰਡੀ ਹੁਣ ਫੇਰ ਉਜੜਸੀ। ਤੁਸਾਂ ਖਾ ਹੰਢਾ ਲਿਆ ਜੋ ਖਾਣਾ ਹੰਢਾਣਾ ਸੀ। ਲੱਧੀ ਦੇ ਢਿੱਡ ਵਿਚ ਤਾਂ ਥਾਂ ਥਾਂ ਗੋਲੇ ਬਣੇ ਪਏ ਨੀਂ, ਮੈਨੂੰ ਨਾ ਮੇਹਣੇ ਦੇਇਆ ਕਰ। ਰਿੱਝਦੀ ਦਾਲ ਉਪਰੋਂ ਚੱਪਣੀ ਨਹੀਂ ਲਾਹੀਦੀ ਹੁੰਦੀ। ਘਰੋਂ ਖਾਕੇ ਤੈਨੂੰ ਕੌਣ ਮੱਤਾਂ ਦੇਵੇ।' ਲੱਧੀ ਚੁੱਪ ਕਰ ਗਈ। ਚੁੰਨੀ ਨਾਲ ਘੁੱਟ ਕੇ ਸਿਰ ਬੰਨ੍ਹ ਲਿਆ। ਪਿੱਠ ਘੁੰਮਾ ਕੇ ਬੈਠ ਗਈ, ਜਿਵੇਂ ਇਸ਼ਾਰਾ ਕੀਤਾ ਹੋਵੇ,......ਹੁਣ ਮੈਂ ਕੁਝ ਨਹੀਂ ਆਖਣਾ।.......

ਫੁੱਲਰਾਂ, ਕੁੜੀਆਂ ਕੋਲ ਚੌਂਕੇ ਵੱਲ ਚਲੀ ਗਈ।

ਨੂਰਾ ਹਵੇਲੀ ਦੇ ਪਿਛਲੇ ਪਾਸਿਓਂ ਆਇਆ ਤੇ ਬਾਹਰ ਪਈ ਟੰਮਕ* ਨਾਲ ਛੇੜਖ਼ਾਨੀਆਂ ਕਰਨ ਲੱਗਾ।

—ਨੂਰਿਆ ਪੁੱਤਰ।' ਲੱਧੀ ਨੇ ਮੋਹ ਨਾਲ ਹਾਕ ਮਾਰੀ।

—ਆਇਆ ਅੰਮਾਂ।' ਟੰਮਕ ਇਕ ਪਾਸੇ ਖਿਸਕਾ ਕੇ ਨੂਰਾ ਲੱਧੀ ਕੋਲ ਆਣ ਖੜ੍ਹਾ।

—ਟੰਮਕ ਨਾ ਛੇੜਿਆ ਕਰ ਪੁੱਤਰ, ਇਹਦੀ 'ਵਾਜ਼ ਨਾਲ ਮੇਰੇ ਕਾਲਜੇ 'ਚ ਹੌਲ ਪੈਂਦੇ ਨੀ। ਪੁੱਤਰ ਵੇਖ ਖਾਂ ਮੇਹਰੂ ਸੌਂ ਗਿਆ ਈ। ਬਹੁੜੀਆਂ ਪਾਂਦਾ ਪਿਆ ਸੀ। ਏਹਨੂੰ ਦੇਵਾਂ ਲੱਭ ਕੇ ਕਿਤੋਂ, ਦੁੱਲਾ ਕਈ ਖੱਲਾਂ-ਖੂੰਜਿਆਂ 'ਚ ਲੁਕਾ ਰੱਖਦਾ ਈ ਦਾਰੂ ਦੀਆਂ ਮਸ਼ਕਾਂ। ਨਾਲੇ ਪੁੱਤ ਹੁਣ ਤੂੰ ਬਹੁਤਾ ਬਾਹਰ ਨਵ੍ਹੀਂ ਜਾਣਾ। ਸਾਹੇ ਬੰਨ੍ਹਿਆਂ ਏਂ ਸੁਹਣਿਆਂ।'

ਨੂਰੇ ਨੇ ਸੰਗ ਕੇ ਨੀਵੀਂ ਪਾ ਲਈ ਤੇ ਮੇਹਰੂ ਤਾਏ ਨੂੰ ਵੇਖਣ ਚਲਾ ਗਿਆ ।

ਤੁਰੇ ਜਾਂਦੇ ਨੂਰੇ ਵੱਲ ਵੇਖ ਕੇ ਲੱਧੀ ਨੇ ਹਾਉਕਾ ਲਿਆ—'ਪਤਾ ਨਈਂ ਏਸ ਘਰ ਵਿਚ ਖੁਸ਼ੀਆਂ ਦੇ ਦਿਹੁੰ ਕਿਹਤਰ੍ਹਾਂ ਦੇ ਔਣੇ ਨੇ।......'

—ਅੰਮਾਂ ਅੰਦਰ ਤੇ ਹੈ ਨਵ੍ਹੀਂਗਾ ਉਹ।' ਅੰਦਰੋਂ ਮੁੜਦਿਆਂ ਨੂਰੇ ਨੇ ਦੱਸਿਆ।

—ਵੇ ਸੋਹਣਿਆਂ, ਉਹ ਪਿਛਲੇ ਪਾਸੇ ਜਾ ਪਿਆ ਹੋਣਾ। ਕੋਹੜੀ ਨੂੰ ਮੱਝਾਂ ਗਾਈਆਂ ਦਾ ਗੋਹਾ-ਮੂਤਰ ਸੁੰਘਦੇ ਨੂੰ ਨੀਂਦਰ ਪਤਾ ਨੀ ਕਿਵੇਂ ਪੈਂਦੀ ਉ।'

---

* ਨਗਾਰਾ



ਲੱਧੀ ਅਸਮਾਨ ਦੀ ਕਾਲਖ ਵੱਲ ਝਾਕੀ। ਹੁਣ ਕਾਫੀ ਹਨੇਰਾ ਹੋ ਗਿਆ ਸੀ। ਬਰਾਮਦੇ ਦੇ ਆਲੇ ਵਿਚ ਜਗਦੇ ਦੀਵੇ ਦੀ ਮੱਧਮ ਜਿਹੀ ਲੋਅ ਵਿਚ ਪਰਛਾਵੇਂ ਭੂਤ-ਪ੍ਰੇਤਾਂ ਬਣੇ ਫਿਰਦੇ ਸਨ।......ਪਤਾ ਨਈਂ ਕਿਥੇ ਫਿਰਦੇ ਹੋਣਗੇ ਚੰਦਰੇ ਏਸ ਵੇਲੇ ? ਲੱਧੀ ਨੇ ਦੁੱਲੇ ਅਤੇ ਉਸਦੇ ਬੇਲੀਆਂ ਨੂੰ ਯਾਦ ਕਰਦਿਆਂ ਸੋਚਿਆ। ਫਿਰ ਦੁੱਲੇ ਦੀ ਬੇਗ਼ਮ ਨੂੰ ਪੁੱਛਿਆ:

—ਨੀ ਫੁੱਲਰਾਂ ਕੀ ਚਾੜ੍ਹਿਆ ਸੂ ਅੱਜ ?'

—ਚਾੜ੍ਹਨ ਨੂੰ ਕੀ ਏਥੇ ਛੱਤੀ ਪਦਾਰਥ ਭੁੰਨਣੇ ਨੀ ਬਾਤਸ਼ਾਹਾਂ ਵਾਂਗੂੰ। ਓਹੀ ਮਾਹਾਂ-ਛੋਲਿਆਂ ਦੀ ਦਾਲ ਏ, ਮਿਰਚਾਂ ਤੇ ਗੰਢਿਆਂ ਦੀ ਚੱਟਣੀ ਵੀ ਕੀਤੀ ਸੂ ਤੇ ਕੁੜੀਆਂ ਤੰਦੂਰ ਤਾਉਣ ਡਹੀਆਂ ਨੇ।'

—ਨੀ ਕਦੀ ਛੱਤੀ ਪਦਾਰਥ ਵੀ ਭੁੰਨਦੀ ਰਹੀਂ ਏਂ। ਬੰਦੇ ਨੂੰ ਸੌਖੇ ਵੇਲੇ ਨਹੀਂ ਭੁੱਲਣੇ ਚਾਹੀਦੇ।'

—ਸੌਖੇ ਵੇਲੇ ਤਾਂ ਅੱਖ ਝਮਕਿਆਂ ਲੰਘਗੇ ਅੰਮਾਂ ਮੇਰੀਏ, ਹੁਣ ਉਹਨਾਂ ਨੂੰ ਨਾਲ ਕਿਥੇ ਚੁੱਕੀ ਫਿਰੀਏ।' ਫੁੱਲਰਾਂ ਫੇਰ ਆਪਣੇ ਰੰਗ ਵਿਚ ਆਉਣ ਲੱਗੀ।

—ਚੰਗਾ ਭਾਈ ਚੰਗਾ। ਮੇਰੇ ਕੋਲੋਂ ਹੁਣ ਤੇਰੇ ਨਾਲ ਸਿਰ ਖਪਾਈ ਨੀ ਹੋਣੀ। ਕੰਮ ਵੇਲੇ ਨਾਲ ਨਬੇੜ ਲਿਆ ਕਰ। ਕੁਵੇਲੇ ਦੀਆਂ ਤਾਂ ਟੱਕਰਾਂ ਹੁੰਦੀਆਂ ਨੇ। ਤੇਰੇ ਖ਼ਸਮ ਨੇ ਆਉਂਦਿਆਂ ਹੀ ਰੋਟੀ ਮੰਗਣੀ ਏ ਤੇ ਅੱਜ ਉਹ ਆਪਣੇ ਆਪ 'ਚ ਨਹੀਂ ਹੈਗਾ। ਉਸਨੇ ਛਿੱਤਰ-ਪਤਾਣ ਤੇ ਉੱਤਰ ਆਣਾ।'

—ਛਿੱਤਰ ਪਤਾਣ ਕਰਨ ਨੂੰ ਹੋਰ ਬਥੇਰੇ ਬਹਾਨੇ ਹੈਗੇ ਨੇ ਤੇਰੇ ਪੁੱਤ ਕੋਲ ਅੰਮਾਂ।'

—ਤੰਦੂਰ ਤਾਅ ਗਿਆ ਏ ਤੇ ਤਾਂ ਰੋਟੀਆਂ ਮੈਂ ਲਾਹ ਲੈਨੀ ਆਂ।' ਲੱਧੀ ਉੱਠ ਖੜ੍ਹੀ। ਕੁਝ ਚਿਰ ਸੋਚਦੀ ਰਹੀ। ਹਵੇਲੀ ਦੇ ਬਾਹਰਲੇ ਦਰਵਾਜ਼ੇ ਵੱਲ ਝਾਕੀ। ਉਸਨੂੰ ਭਰਮ ਹੋਇਆ ਜਿਵੇਂ ਕੋਈ ਦਰਵਾਜ਼ਾ ਠੋਕਰਦਾ ਹੋਵੇ। ਫਿਰ ਵਿਹੜੇ ਦੀ ਨੁੱਕਰ ਵਿਚ ਲੱਗੇ ਤੰਦੂਰ ਵਲ ਤੁਰ ਪਈ।

ਤੰਦੂਰ ਵਿਚੋਂ ਅਜੇ ਵੀ ਅੱਗ ਦੀਆਂ ਲਾਟਾਂ ਉਪਰ ਵੱਲ ਉਠ ਰਹੀਆਂ ਸਨ ਤੇ ਇਸ ਕਾਰਨ ਵਿਹੜੇ ਵਿਚ ਚਾਨਣ ਚਾਨਣ ਹੋ ਗਿਆ ਹੋਇਆ ਸੀ।

ਏਨੇ ਵਿਚ ਬਖਤੋ ਨੇ ਆਟੇ ਵਾਲੀ ਪਰਾਂਤ ਲਿਆ ਕੇ ਤੰਦੂਰ ਲਾਗੇ ਰੱਖ ਦਿੱਤੀ।

—ਕੁੜੀਏ ਸਲੇਮੋ ਕਿਥੇ ਵੇ ਉਹ ਨ੍ਹੀ ਦਿੱਸਣ ਡਹੀ ?' ਲੱਧੀ ਨੇ ਅਚਾਨਕ ਪੁੱਛਿਆ।

—ਏਥੇ ਈ ਹੋਣੀ ਏਂ ਅੰਮਾਂ।' ਫੁੱਲਰਾਂ ਨੇ ਕੁੱਢਣ ਨਾਲ ਤੰਦੂਰ ਦੀ ਅੱਗ ਫਰੋਲਦਿਆਂ ਕਿਹਾ।

—ਨੀ ਉਹ ਕੋਈ ਸੂਈ ਏ, ਏਥੇ ਹੋਂਦੀ ਤਾਂ ਨਜ਼ਰ ਨਾ ਪੈਂਦੀ ?' ਲੱਧੀ ਨੇ ਹਵੇਲੀ ਦੇ ਪੂਰੇ ਵਿਹੜੇ ਵਿਚ ਨਜ਼ਰ ਘੁੰਮਾਂਦਿਆਂ ਕਿਹਾ।

—ਬਰਕਤਾਂ ਦੀ ਨਸੀਰਾਂ ਕੋਲ ਤੁਰ ਗਈ ਹੋਣੀ ਏਂ ਅੰਮਾ।' ਫੁੱਲਰਾਂ ਲਾਪਰਵਾਹੀ ਨਾਲ ਬੋਲੀ।

—ਛੋਹਰੀ ਨੂੰ ਏਦਾਂ ਬਾਹਰ ਨਹੀਂ ਜਾਣ ਦੇਣਾ, ਮੁਟਿਆਰ ਹੋਣ ਡਹੀ ਏ। ਤੈਨੂੰ ਪਤਾ ਦੁੱਲਾ ਕੇਡਾ ਕੱਬਾ ਈ। ਕੋਈ ਝੂਠੀ ਮੂਠੀ ਤੁਹਮਤ ਸੁਣ ਲਈ ਤਾਂ ਉਸ ਮਰਨ ਮਰਾਵਣ ਤੋਂ ਘੱਟ ਕੋਈ ਗੱਲ ਨਹੀਉਂ ਕਰਨੀ।'

—ਅੰਮਾਂ ਤੂੰ ਵੀ ਜਦ ਗੱਲ ਕਰਨ ਲਗਦੀ ਏ ਨਾ, ਰੱਬ 'ਚ ਗਲੀਆਂ ਕਰ ਦਿੰਨੀਂ ਏਂ। ਸਲੇਮੋ ਅਜੇ ਭੋਰਾ ਭਰ ਛੋਹਰੀ ਏ। ਪਿਛਲੇ ਵਰ੍ਹੇ ਸੌਣ—ਭਾਦਰੋਂ ਦੇ ਮਹੀਨੇ ਤਾਂ ਉਹ ਚੁੰਨੀ ਤੋਂ ਬਿਨਾਂ ਈ ਤੁਰੀ ਫਿਰਦੀ ਹੁੰਦੀ ਸਈ।'

—ਛੋਹਰੀਆਂ ’ਤੇ ਲੋਅ ਆਉਂਦਿਆਂ ਚਿਰ ਲਗਦਾ ਏ ਫੁੱਲਰਾਂ ? ਪਰਦਾ ਈ ਚੰਗਾ ਏ। ਕੁੜੀਆਂ ਤੇ ਆਟੇ ਦੇ ਦੀਵੇ ਹੋਂਦੀਆਂ ਨੇ। ਅੰਦਰ ਡੱਕੋ ਤਾਂ ਚੂਹੇ ਟੁੱਕਦੇ ਨੇ ਬਾਹਰ ਕੱਢੋ ਤਾਂ ਕਾਂ ਪੈਂਦੇ ਨੇ। ਬੜੇ ਮਾੜੇ ਵੇਲੇ ਨੇ ਧੀਏ। ਅਕਬਰੇ ਦੇ ਸਿਪਾਹੀ ਭੇਸ ਬਦਲ ਕੇ ਪਿੰਡਾਂ ’ਚ ਘੁੰਮਦੇ ਫਿਰਦੇ ਨੇ। ਕੁੱਤਿਆਂ ਵਾਂਗੂੰ ਥਾਂ ਥਾਂ ਸੁੰਘਦੇ ਫਿਰਦੇ ਨੇ। ਕਿਸੇ ਮੁਖ਼ਬਰੀ ਕਰ ਦਿੱਤੀ, ਪਿੰਡੀ ’ਚ ਭੱਟੀਆਂ ਦੀਆਂ ਛੋਹਰੀਆਂ ਰਾਜੇ ਦੀਆਂ ਰੰਨਾਂ ਬਣਨ ਲਾਇਕ ਨੀ, ਉਸਨੇ ਝੱਟ ਘੋੜ-ਸਵਾਰ ਚਾੜ੍ਹ ਦੇਣੇ ਨੇ। ਫੇਰ ਪਤਾ ਨਹੀਂ ਕਿੰਨਿਆਂ ਦੇ ਸਿਰ ਲੱਥਣਗੇ।’

—ਠੀਕ ਏ ਅੰਮਾਂ, ਤੂੰ ਗੱਲ ਨੂੰ ਪਿੰਡੀ ਤੋਂ ਖਿੱਚਕੇ ਲਾਹੌਰ ਤੱਕ ਲੈ ਗਈ ਏਂ। ਜਾਹ ਨੀ ਬਖ਼ਤੋ, ਹਾਕ ਮਾਰ ਲਿਆ ਉਹਨੂੰ।’ ਫੁੱਲਰਾਂ ਨੇ ਖਿੱਝ ਨਾਲ ਕਿਹਾ।

—ਬਖ਼ਤੋ ਕਿਉਂ ਜਾਵੇ ਏਸ ਵੇਲੇ ? ਮੈਂ ਜਾਨੀ ਆਂ, ਨਾਲੇ ਬਰਕਤਾਂ ਨਾਲ ਮੈਂ ਗੱਲ ਕਰਨੀ ਏ ਹਿੱਕ।’ ਲੱਧੀ ਉੱਠ ਕੇ ਬਾਹਰ ਵੱਲ ਤੁਰ ਪਈ।

—ਇਕ ਗੱਲ ਈ ਕਰੀਂ ਅੰਮਾਂ, ਗੱਲਾਂ ਦਾ ਗਿੱਲਾ ਪੀਹਣ ਨਾ ਲੈ ਕੇ ਬਹਿ ਰਹੀਂ।’ ਫੁੱਲਰਾਂ ਨੇ ਉੱਚੀ ’ਵਾਜ ’ਚ ਕਿਹਾ ਤਾਂ ਪਹਿਲਾਂ ਲੱਧੀ ਮੋੜ ਦੇਣ ਲਈ ਰੁੱਕ ਗਈ ਪਰ ਫਿਰ ਕੁਝ ਸੋਚ ਕੇ ਤੁਰ ਪਈ।

ਉਦੋਂ ਹੀ ਫੱਤੂ ਮਿਰਾਸੀ ਨੇ ਬਾਹਰੋਂ ਹੀ ਹਾਕ ਮਾਰੀ—‘ਅੰਮਾਂ ਲੱਧੀਏ, ਭਾਗ ਲੱਗੇ ਰਹਿਣ, ਬੂਹਾ ਤੇ ਖੋਹਲੋ।’

ਤੰਦੂਰ ਲਾਗੇ ਖੜ੍ਹੀਆਂ ਫੁੱਲਰਾਂ ਅਤੇ ਬਖ਼ਤੋ ਚੌਕੰਨੀਆਂ ਹੋ ਗਈਆਂ। ਕੀ ਪਤਾ ਮਿਰਾਸੀ ਦੇ ਮਗਰ ਦੁੱਲਾ ਵੀ ਹੋਵੇ।

ਜਦ ਲੱਧੀ ਨੇ ਦਰਵਾਜ਼ਾ ਖੋਹਲਿਆ, ਫੱਤੂ ਮਿਰਾਸੀ ਨੇ ਕੰਨ ਖੁਰਕਦਿਆਂ ਝਿਜਕਦਿਆਂ ਝਿਜਕਦਿਆਂ ਕਿਹਾ,—‘ਅੰਮਾਂ ਦੁੱਲੇ ਸਰਦਾਰ ਆਖਿਆ ਸੂ, ਘਰੋਂ ਦਾਰੂ ਦੀ ਇਕ ਮਸ਼ਕ ਚੁੱਕ ਲਿਆ।’

—ਵੇ ਤੁਸਾਂ ਨੂੰ ਕੋਈ ਸ਼ਰਮ-ਹਯਾ ਹੈ ਕਿ ਨਹੀਂ। ਅੱਲਾਹ ਤੋਂ ਖੌਫ਼ ਨਹੀਓਂ ਖਾਂਦੇ ਥੇਹ ਹੋਣਿਓਂ, ਮੈਥੋਂ ਕੁਵੇਲੇ ਗਾਲ੍ਹਾਂ ਸੁਣਨੇ ਓਂ। ਹੁਣ ਓਥੇ ਕੋਈ ਨਵਾਂ ਖੂਹ ਤਾਂ ਨਹੀਂ ਪੁੱਟਣ ਡਹਿ ਪਏ ?’ ਲੱਧੀ ਨੇ ਫ਼ਿਕਰ ਨਾਲ ਪੁੱਛਿਆ।

—ਦੁੱਲਾ ਸਰਦਾਰ ਈ ਜਾਣਦਾ ਅੰਮਾਂ।’ ਫੱਤੂ ਉਵੇਂ ਕੰਨ ਖੁਰਕਦਾ ਰਿਹਾ।

—ਵੇ ਸਰਦਾਰ ਦਿਆ ਹੀਜਲਿਆ, ਤੂੰ ਐਵੇਂ ਗੁੱਤ ਨਾਲ ਪਰਾਂਦਾ ਲਟਕੀਂਦਾ ਫਿਰਦੈਂ ? ਤੈਨੂੰ ਪਤਾ ਈ ਕਾਈ ਨਹੀਂ ਕੀ ਕਰਨੀ ਏ ਮਸ਼ਕ ?’

—ਅੰਮਾਂ ਕੰਮੀਆਂ-ਕਮੀਣਾ ਦੀ ਕੀ ਮਜਾਲ ਪੁੱਛ ਲੈਣ। ਜਿਧਰ ਸਕਤਿਆਂ ਹੁਕਮ ਕੀਤਾ, ਤੁਰ ਪੈਣਾ। ਅਸੀਂ ਤਾਂ ਢੱਗੇ ਹੋਏ, ਜਿਹੇ ਚੋਰਾਂ ਖੜੇ, ਜਿਹੇ ਕਿੱਲੇ ਬੱਧੇ, ਪੱਠੇ ਈ ਖਾਣੇ।’ ਫੱਤੂ ਨੇ ਸਿਰ ਦਾ ਮੰਡਾਸਾ ਰੁਖ਼ ਸਿਰ ਕਰਦਿਆਂ ਕਿਹਾ।

—ਜਿਹੜੇ ਪੱਠੇ ਤੂੰ ਖਾਣੇ ਈ, ਪਤਾ ਮੈਨੂੰ। ਹੁਣ ਮੂਤਰ ਪੀ ਕੇ ਸੌਂ ਜਾਣਾ ਈ ਘੋੜੇ ਵੇਚਕੇ। ਸੁਰਤ ਕੋਈ ਨਹੀਂ ਰਹਿਣੀ, ਭਾਵੇਂ ਕੁੱਤੇ ਮੂੰਹ ’ਚ....।’ ਲੱਧੀ ਨੇ ਫੱਤੂ ਦੀ ਗਿੱਚੀ ਵਿਚ ਪਟੋਕੀ ਮਾਰੀ ਤਾਂ ਪੱਗ ਲਹਿਕੇ ਮੋਢਿਆਂ ’ਤੇ ਆ ਡਿੱਗੀ। ਫੱਤੂ ਨੇ ਫੁਰਤੀ ਨਾਲ ਭੁੰਜੇ ਡਿਗਣੋਂ ਬੋਚ ਲਈ।

—ਅੰਮਾਂ ਮਸ਼ਕ ਦੱਸ ਕਿਥੇ ਪਈ ਊ। ਇਧਰੋਂ ਤੂੰ ਝਿੜਕਾਂ ਦੇਣ ਡਹੀ ਏਂ, ਉਧਰੋਂ ਦੁੱਲੇ ਸਰਦਾਰ ਗਾਲ੍ਹਾਂ ਦੇਣੀਆਂ। ਫੱਤੂ ਮਿਰਾਸੀ ਤਾਂ ਦੋਂਹ ਪੁੜਾਂ ’ਚ ਆਇਆ ਹੋਇਆ। ਮੇਰਾ ਤਾਂ



ਰਹਿਣਾ ਈ ਕੱਖ ਨਹੀਂ।’ ਫੱਤੂ ਲੱਧੀ ਵੱਲ ਚੋਰ ਅੱਖ ਝਾਕਦਾ ਹੱਸਿਆ। ਉਸਦੀ ਅੱਖ ਕਾਹਲੀ ਕਾਹਲੀ ਫਰਕਣ ਲੱਗੀ।

—ਏਥੇ ਬਹੁ ਝੱਟ, ਕਾਹਲਾ ਨਾ ਪਉ, ਜਰਾਂਦ ਕਰ। ਮੈਂ ਹੁਣੇ ਆਈ।’ ਲੱਧੀ ਰਵਾਂ ਰਵੀਂ ਬਰਕਤਾਂ ਦੇ ਘਰ ਵੱਲ ਤੁਰ ਪਈ।

ਫੱਤੂ ਮਿਰਾਸੀ ਹਵੇਲੀ ਦੇ ਦਰਵਾਜ਼ੇ ਵਿਚ ਹੀ ਬੈਠ ਗਿਆ।

****

ਅੰਦਰ ਹਵੇਲੀ ਦੇ ਪਿੱਛਲੇ ਹਿੱਸੇ ਵਿਚ, ਜਿਧਰ ਦੁਧਾਰੂ ਪਸ਼ੂ ਅਤੇ ਘੋੜੇ ਬੱਧੇ ਰਹਿੰਦੇ ਸਨ, ਇਕ ਮੰਜੇ ਉਪਰ ਗੁੱਛੀ-ਮੁੱਛੀ ਹੋਏ ਪਏ ਮੇਹਰੂ ਨੂੰ ਏਨੀ ਕੁ ਬਿੜਕ ਤਾਂ ਹੋਈ, ਬਾਹਰ ਕੋਈ ਆਇਆ ਹੈ। ਨੂਰਾ ਵੀ ਉਸਨੂੰ ਹਲੂਣ ਕੇ ਜਗਾ ਗਿਆ ਸੀ। ਉਸਨੇ ਟੁੱਟਦੇ ਜਾਂਦੇ ਅੰਗ ਇਕੱਠੇ ਕੀਤੇ ਤੇ ਹਿੰਮਤ ਕਰਕੇ ਉਠ ਬੈਠਾ। ਕੁਝ ਪਲ ਉਵੇਂ ਬੈਠਾ ਰਿਹਾ। ਸੋਚਿਆ, ਹਵੇਲੀ ਦੇ ਪਿੱਛਲੇ ਦਰਵਾਜ਼ਿਓਂ ਹੀ ਨਿਕਲ ਕੇ ਕਿਸੇ ਯਾਰ-ਬੇਲੀ ਕੋਲ ਜਾਵਾਂ। ਕਿਧਰੋਂ ਨਸ਼ਾ ਟੋਲਾਂ। ਹੌਲੀ ਹੌਲੀ ਉੱਠ ਕੇ ਖੜ੍ਹਾ ਹੋਇਆ। ਇਧਰ ਉਧਰ ਝਾਕਿਆ, ਫਿਰ ‘ਓਏ ਬਹੁੜੀ ਰੱਬਾ’ ਕਹਿੰਦਿਆਂ ਪੈਰ ਘੜੀਸਦਾ ਵਿਹੜੇ ਵਾਲੇ ਦਰਵਾਜ਼ੇ ਵੱਲ ਤੁਰ ਪਿਆ।

ਫੁੱਲਰਾਂ ਨੇ ਬਖ਼ਤੋ ਵੱਲ ਅੱਖ ਨਾਲ ਇਸ਼ਾਰਾ ਕਰਦਿਆਂ ਕਿਹਾ—‘ਇੱਕ ਅੰਮਾਂ ਦਾ ਸੂਰਮਾ ਆਹ ਫਿਰਦਾ ਈ।’ ਦੋਵੇਂ ਜਣੀਆਂ ਹੱਸ ਪਈਆਂ।

ਤੰਦੂਰ ਤਪ ਗਿਆ ਸੀ। ਉਹ ਕਾਹਲੀ ਨਾਲ ਪੇੜੇ ਕਰਨ ਲੱਗੀਆਂ।

ਮੇਹਰੂ ਬਾਹਰ ਬੈਠੇ ਫੱਤੂ ਮਿਰਾਸੀ ਕੋਲ ਆ ਬੈਠਾ।

ਹਨੇਰਾ ਹੋਰ ਗੂੜ੍ਹਾ ਹੋ ਗਿਆ ਸੀ।

ਬਰਕਤਾਂ ਦੇ ਘਰੋਂ ਲੱਧੀ ਮੁੜੀ ਤਾਂ ਨਾਲ ਸਲੇਮੋ ਵੀ ਸੀ। ਕੁੜੀ ਝੱਟ ਅੰਦਰ ਲੰਘ ਗਈ। ਲੱਧੀ ਬੋਲੀ—‘ਜਾਹ ਵੇ ਚੱਕ ਲਿਆ ਅੰਦਰੋਂ ਮਸ਼ਕ ! ਓਧਰ ਪਈ ਏ ਖੱਬੇ ਹੱਥ ਵਾਲੇ ਅੰਦਰ। ਠਹਿਰ ਮੈਂ ਈ ਚੁਕਵਾ ਦਿੰਨੀ ਆਂ।’ ਹਨੇਰਾ ਹੋਣ ਕਾਰਨ ਲੱਧੀ ਨੇ ਮੇਹਰੂ ਨੂੰ ਨਹੀਂ ਸੀ ਵੇਖਿਆ।

—ਤੂੰ ਮਾਂ ਏਂ ਕਿ ਡੈਣ ਏਂ।’ ਮੇਹਰੂ ਅਚਾਨਕ ਬੋਲਿਆ,—‘ਇਹਨਾਂ ਨੂੰ ਮਸ਼ਕਾਂ ਭਰ ਭਰ ਚਕਾਉਨੀ ਏਂ। ਦੁੱਲਾ ਦੋ ਵਾਰੀ ਤਾਂ ਨੀ ਜੰਮਿਆਂ। ਮੇਰੇ ਤਾਂ ਸਾਰੇ ਅੰਗ ਖਿੱਲਰੇ ਪਏ ਨੀ। ਮੈਂ ਸਵੇਰ ਦਾ ਤੜਫਣ ਡਿਹਾਂ। ਮੈਨੂੰ ਇਕ ਕੁੱਜਾ ਈ ਭਰ ਦੇਹ। ਮੈਂ ਤੇਰਾ ਪੁੱਤ ਨਹੀਂ ਹੈਗਾ ਕਿ ਮੈਨੂੰ ਰੋਹੀਆਂ ’ਚੋਂ ਚੁੱਕ ਲਿਆਈ ਸੀ ?’ ਮੇਹਰੂ ਨੇ ਦਰਵਾਜ਼ੇ ਦੇ ਥਮ੍ਹਲੇ ਨਾਲ ਢੋਅ ਲਾ ਲਿਆ।

—ਮੈਂ ਕਦੋਂ ਕਹਿੰਨੀ ਆਂ ਭੈੜਿਆ ਤੂੰ ਮੇਰਾ ਪੁੱਤ ਨੀ ਹੈਗਾ।’ ਲੱਧੀ ਅੰਦਰ ਮੋਹ ਭਰਿਆ ਤਰਸ ਉਮੱਡ ਆਇਆ।

—ਫੇਰ ਦੁੱਲੇ ਨਾਲ ਤਾਂ ਅੱਜ ਬੜੀਆਂ ਮਸਲਤਾਂ ਹੋਈਆਂ, ਮੈਂ ਕਿਸੇ ਬਗ਼ਾਨੇ ਪਿੰਡੋਂ ਆਇਆਂ ?’ ਮੇਹਰੂ ਰੋਣ ਲੱਗ ਪਿਆ।

—ਵੇ ਤੇਰੇ ਨਾਲ ਕੀ ਗੱਲਾਂ ਕਰਾਂ ਪੁੱਤਾ।’ ਮਾਂ ਦਾ ਕਾਲਜਾ ਮੱਚਿਆ।

—ਮੇਰੀ ਸੁਰਤੀ ਤਾਂ ਸਾਈਂ ਲੋਕਾਂ ਵਾਂਗਰਾਂ ਚੜ੍ਹ ਵਹਿੰਦੀ ਏ, ਜੇ ਥੱਲੇ ਨਾ ਉੱਤਰੀ ਫੇਰ ਪਿੱਟਦੀ ਫਿਰੇਂਗੀ।....‘ਨਸ਼ਿਆਂ ਨੂੰ ਤਰਸਦਾ ਤੁਰ ਗਿਆ ਵੇ ਮੇਰਾ ਸਿਉਨਿਆਂ ਪੁੱਤਾ....।’

ਜਿਉਂਦੇ ਨੂੰ ਮਿੱਟੀ ਹਾਰ ਵੀ ਨਹੀਂ ਜਾਣਦੀ।' ਟੁੱਟਦੇ ਬੋਲੀਂ ਮੇਹਰੂ ਵੈਣ ਪਾਉਣ ਲੱਗਾ ਤਾਂ ਲੱਧੀ ਨੇ ਉਸਨੂੰ ਬੁੱਕਲ ਵਿਚ ਲੈ ਲਿਆ।

—ਨਾ ਵੇ ਪੁੱਤ, ਕੁਵੇਲੇ ਐਹੋ ਜੇ ਬੋਲ ਨਾ ਕੱਢ। ਇਹ ਵੈਣ ਮੇਰੇ ਕੋਲੋਂ ਸੁਣੇ ਨਈਂ ਜਾਂਦੇ ਪੁੱਤ ਵੇ। ਆ ਅੰਦਰ ਆ। ਮੰਜੇ ਤੇ ਪੈ ਰਹੁ। ਮੈਂ ਲੈ ਕੇ ਆਉਨੀ ਆ ਤੇਰੇ ਲਈ ਦੁਆ ਬੂਟੀ।'

—ਅੰਮਾਂ ਝੱਟ ਕਰ ਨਾ, ਅੱਧੀ ਰਾਤ ਨੂੰ ਕੁੱਤਿਆਂ ਕੋਲੋਂ ਮੇਰੀਆਂ ਲੱਤਾਂ ਕਾਹਨੂੰ ਪੜਵਾਉਣੀਆਂ।' ਫੱਤੂ ਖੂਹ ਉੱਤੇ ਮੁੜਨ ਲਈ ਕਾਹਲਾ ਸੀ।

—ਚੁੱਪ ਕਰ ਵੇ, ਕੁੱਤਿਆਂ ਨੂੰ ਵੀ ਕੁੱਤੇ ਵੱਢਦੇ ਨੇ ਕਦੀ। ਆਓ ਮੇਰੇ ਪਿੱਛੇ।'

ਲੱਧੀ, ਮਿਰਾਸੀ ਨੂੰ ਝਿੜਕ ਕੇ ਤੇ ਮੇਹਰੂ ਨੂੰ ਧਰਵਾਸ ਦੇ ਕੇ ਅੰਦਰ ਲੈ ਗਈ। ਮੇਹਰੂ ਡਿੱਕ ਡੋਲੇ ਖਾਂਦਾ ਫੇਰ ਆਪਣੇ ਮੰਜੇ ਉਪਰ ਜਾ ਡਿੱਗਾ।

ਕੁਝ ਦੇਰ ਬਾਅਦ, ਫੱਤੂ ਮਿਰਾਸੀ ਦਾਰੂ ਦੀ ਮਸ਼ਕ ਮੋਢਿਆਂ ਉਪਰ ਰੱਖੀ ਘਰੋਂ ਬਾਹਰ ਨਿਕਲਿਆ। ਲੱਧੀ ਨੇ ਦਾਰੂ ਦਾ ਭਰਿਆ ਛੰਨਾ ਮੇਹਰੂ ਨੂੰ ਜਾ ਫੜਾਇਆ।

ਬਖ਼ਤੋ ਨੇ ਇਕ ਚਿਰਾਗ਼ ਹੋਰ ਬਾਲ ਕੇ ਬਰਾਮਦੇ ਦੇ ਆਲੇ ਵਿਚ ਰੱਖਿਆ ਤੇ ਦੂਸਰੇ ਨੂੰ ਤੇਲ ਨਾਲ ਭਰ ਦਿੱਤਾ। ਅੱਬਾ ਦੇ ਆਉਣ ਤੱਕ ਤਾਂ ਬਲੇ, ਉਸਨੇ ਸੋਚਿਆ।

ਉਸ ਵੇਲੇ ਫੱਤੂ ਮਿਰਾਸੀ ਮਸ਼ਕ ਚੁੱਕੀ ਹਨੇਰੇ ਵਿਚ ਖੂਹ ਵੱਲ ਵਾਹੋ-ਦਾਹੀ ਵਗਿਆ ਜਾ ਰਿਹਾ ਸੀ।



## 4.

ਪਿੰਡੀ ਦੀਆਂ ਨਿਆਈਆਂ ਵੱਲ ਚੜ੍ਹਦੇ ਪਾਸੇ ਸੰਘਣੇ ਅੰਬਾਂ ਦੀ ਝਿੜੀ। ਹੋਰ ਵੀ ਦਰੱਖਤ ਨੇ, ਟਾਹਲੀ, ਤੂਤ, ਵਣ, ਫਰਮਾਹ, ਜੰਡ, ਕੰਡਿਆਲੀਆਂ ਝਾੜੀਆਂ ਵੀ ਨੇ। ਇਹ ਦੁੱਲੇ ਅਤੇ ਉਸ ਦੇ ਸਾਥੀਆਂ ਦਾ ਪੱਕਾ ਡੇਰਾ ਬਣਾਇਆ ਹੋਇਐ। ਵਿਚਕਾਰ ਖੂਹ ਹੈ। ਇਕ ਪਾਸੇ ਜ਼ਮੀਨ ਪੁੱਟ ਕੇ ਭੱਠੀ ਬਣਾਈ ਹੋਈ ਹੈ। ਉਪਰ ਸਾਰਾ ਦਿਨ ਇਕ ਭਾਰੀ ਦੇਗਚਾ ਪਿਆ ਰਹਿੰਦੈ। ਸਾਰੇ ਜਣੇ ਏਥੇ ਝਿੜੀ ਅੰਦਰ ਹੀ ਨਹਾਉਂਦੇ ਨੇ, ਖ਼ਰਮਸਤੀਆਂ ਕਰਦੇ ਨੇ। ਵਿਹਲੇ ਹੋਣ ਤਾਂ, ਲੰਗੋਟ ਲਾ ਕੇ ਇਕ ਦੂਸਰੇ ਨੂੰ ਵੰਗਾਰਦੇ ਥਾਪੀਆਂ ਮਾਰਦੇ ਨੇ। ਕੁਸ਼ਤੀਆਂ ਲੜਦੇ ਨੇ। ਧੋਬੀ ਪਟੜੇ ਲਾਉਂਦੇ ਨੇ। ਫੱਤੂ ਮਿਰਾਸੀ ਸਾਰਾ ਦਿਨ ਟਹਿਲ ਸੇਵਾ ਵਿਚ ਲੱਗਿਆ ਰਹਿੰਦੈ। ਸ਼ਿਕਾਰ ਖੇਡਦਿਆਂ, ਕੋਈ ਜਾਨਵਰ ਅੜਿਕੇ ਆ ਗਿਆ ਜਾਂ ਕੋਲੋਂ ਦੀ ਲੰਘਦੀ ਝਨਾਂ ਵਿਚ ਮੱਛੀਆਂ ਹੱਥ ਆ ਗਈਆਂ ਤਾਂ ਏਥੇ ਝਿੜੀ ਵਿਚ ਹੀ ਭੁੰਨਦੇ ਨੇ। ਅੱਜ ਤਾਈਂ ਦੁੱਲੇ ਦੇ ਬੰਦਿਆਂ ਭਾਵੇਂ ਕੋਈ ਕੋਝੀ ਹਰਕਤ ਨਹੀਂ ਕੀਤੀ, ਫਿਰ ਵੀ, ਕੋਈ ਸਾਊ ਤੀਵੀਂ, ਕੁੜੀ ਜਾਂ ਡਰੂ ਬੰਦਾ ਏਧਰ ਝਿੜੀ ਵੱਲ ਘੱਟ ਹੀ ਆਉਣ ਦਾ ਜੇਰਾ ਕਰਦਾ ਹੈ। ਇਕ ਤਰ੍ਹਾਂ ਨਾਲ ਝਿੜੀ ਦੁੱਲੇ ਅਤੇ ਉਸਦੀ ਢਾਣੀ ਦੀ ਸਲਤਨਤ ਹੈ। ਝਿੜੀ ਨੂੰ ਇਹਨਾਂ ਦੀ ਸਲਤਨਤ ਬਨਾਉਣ ਵਿਚ ਫੱਤੂ ਦਾ ਵੱਡਾ ਹੱਥ ਸੀ।

ਇਕ ਦਿਨ ਵੱਡੇ ਪਿੱਪਲ ਹੇਠਾਂ ਬੈਠੇ ਲੋਕਾਂ ਵਿਚ ਫੱਤੂ ਝਿੜੀ ਵਲੋਂ ਰੌਲਾ ਪਾਉਂਦਾ ਆਇਆ। ਪੱਗ ਉਸਦੀ ਕੱਛ ਵਿਚ ਸੀ ਤੇ ਜੁੱਤੀਆਂ ਹੱਥਾਂ ਵਿਚ।

—ਮੀਰ ਜ਼ਾਦਿਆ ਡਾਕੂ ਪੈ ਗਏ ?' ਇਕ ਨੇ ਟਿੱਚਰ ਨਾਲ ਪੁੱਛਿਆ।

—ਅੱਲਾਹ ਭਾਗ ਲਾਈਂ ਰੱਖੇ, ਮੈਂ ਤਾਂ ਮਸਾਂ ਬਚਿਆਂ ਭੂਤਾਂ ਤੋਂ.....।' ਫੱਤੂ ਨੇ ਡਰਾਉਣਾ ਚਿਹਰਾ ਬਣਾ ਕੇ ਕਿਹਾ। ਉਸਦੀ ਅੱਖ ਫਰਕਣ ਲੱਗੀ।

—ਭੂਤਾਂ ? ਕਿਥੇ ?' ਕੁਝ ਲੋਕ ਇਕੱਠੇ ਬੋਲੇ।

—ਝਿੜੀ 'ਚ। ਮੈਂ ਥੜ੍ਹੇ ਉਪਰ ਬੈਠਾ ਸੀ, ਪਹਿਲਾਂ ਇਕ ਚੜੇਲ ਖੂਹ 'ਚੋਂ ਬੋਲੀ....ਫੇਰ ਤਾਂ ਹਰ ਰੁੱਖ ਨਾਲ ਭੂਤਾਂ ਲਟਕੀ ਜਾਣ। ਮੈਨੂੰ ਉਹਨਾਂ ਚੁੱਕ ਲਿਆ। ਮੇਰੀਆਂ ਤਾਂ ਚੀਕਾਂ ਨਿਕਲ ਗਈਆਂ। ਫੇਰ ਉਹ ਉੱਡੀਆਂ ਮੈਂ ਲਟਕੀ ਜਾਵਾਂ....ਬਥੇਰੀ ਹਾਲ ਦੁਹਾਈ ਪਾਈ, ਮੇਰੀ ਕੋਈ ਗਲ ਈ ਸੁਣੇ ਨਾ। ਮੈਨੂੰ ਲੈ ਕੇ ਉੱਡੀ ਜਾਣ। ਇਕ ਭੂਤ ਨੇ ਸੂਰਜ ਮੂੰਹ 'ਚ ਪਾ ਲਿਆ, ਰਾਤ ਪੈ ਗਈ। ਫੇਰ ਦਰਿਆ ਤੋਂ ਪਾਰ ਕਿਸੇ ਨੇ ਅੱਗ ਬਾਲੀ। ਭੂਤਾਂ ਸੋਚਿਆ ਹੋਣਾ ਦਿਨ ਚੜ੍ਹ ਗਿਆ, ਮੈਂ ਉਹਨਾਂ ਦੇ ਪੰਜਿਆਂ ਤੋਂ ਛੁੱਟ ਗਿਆ। ਸਿੱਧਾ ਹੇਠਾਂ ਆ ਡਿੱਗਾ ਦਰਿਆ 'ਚ। ਮੇਰੇ ਪਿੱਛੇ ਮਗਰਮੱਛ ਪੈ ਗਿਆ। ਦਰਿਆ 'ਚ ਨਿਕਲਿਆ ਤਾਂ ਭੂਤਾਂ ਫੇਰ ਆ ਘੇਰਿਆ। ਮੈਂ ਦਰਿਆ ਦੀ ਰੇਤਾ ਭੂਤਾਂ ਦੀਆਂ ਅੱਖਾਂ 'ਚੋਂ ਮਾਰੀ....ਉਹ ਅੱਖਾਂ ਮਲਣ ਲੱਗੀਆਂ ਤੇ ਮੈਂ ਏਧਰ ਦੌੜ ਆਇਆ।'.....ਫੱਤੂ ਡਰਕੇ ਏਸ ਤਰ੍ਹਾਂ ਪਿੱਛੇ ਝਾਕਿਆ ਜਿਵੇਂ ਭੂਤਾਂ ਅਜੇ ਵੀ ਉਸਦੇ ਮਗਰ ਲੱਗੀਆਂ ਹੋਣ।

ਕਮਜ਼ੋਰ ਦਿਲ ਵਾਲੇ ਕੁਝ ਬੱਚੇ ਤਾਂ ਉਦੋਂ ਹੀ ਆਪਣੇ ਘਰਾਂ ਨੂੰ ਦੌੜ ਗਏ। ਫੱਤੂ ਦੀ ਏਸ ਅਫਵਾਹ ਪਿਛੋਂ ਪਿੰਡੀ ਦੇ ਲੋਕਾਂ ਝਿੜੀ ਵੱਲ ਜਾਣਾ ਹੀ ਛੱਡ ਦਿੱਤਾ।

ਤੇ ਹੁਣ ਸਾਰੇ ਝਿੜੀ ਵਿਚ ਬੇ-ਖ਼ੌਫ਼ ਮੌਜਾਂ ਲੁੱਟਦੇ ਸਨ। ਅੱਜ ਹਵੇਲੀਓਂ ਆ ਕੇ ਝਿੜੀ ਅੰਦਰ ਖੂਹ ਦੇ ਲਾਗੇ ਥੜ੍ਹੇ ਉਪਰ ਸਾਰੇ ਹੀ ਬੈਠੇ ਹੋਏ ਨੇ। ਇਕ ਦੁੱਲਾ ਹੀ ਨਹੀਂ ਨਜ਼ਰ ਆਉਂਦਾ। ਜਿਸ ਵੇਲੇ ਅੰਮਾਂ ਲੱਧੀ ਨੇ ਪਰਿਵਾਰ ਨਾਲ ਹੋਈਆਂ ਬੀਤੀਆਂ ਸੁਣਾਈਆਂ ਨੇ, ਦੁੱਲਾ ਸਾਵਾਂ ਨਹੀਂ ਰਿਹਾ। ਹਵੇਲੀ ਤੋਂ ਝਿੜੀ ਵੱਲ ਆਉਂਦਿਆਂ, ਉਸਨੇ ਕਿਹਾ ਸੀ,—'ਫੱਤੂ ਨੂੰ ਹਵੇਲੀ ਭੇਜੋ, ਸ਼ਰਾਬ ਦੀ ਮਸ਼ਕ ਚੁੱਕ ਲਿਆਵੇ ਤੇ ਤੁਸੀਂ ਖੂਹ ਤੇ ਅਪੜੋ ਸਾਰੇ, ਮੈਂ ਇਕ ਕੰਮ ਕਰ ਆਵਾਂ।' ਉਹਨਾਂ ਵੇਖਿਆ, ਦੁੱਲਾ ਮੁੜਿਆ ਤਾਂ ਪਿੰਡ ਵੱਲ ਹੀ ਸੀ, ਪਰ ਉਹਨਾਂ ਨੂੰ ਇਹ ਨਹੀਂ ਪਤਾ ਲੱਗਾ, ਦੁੱਲਾ ਟੇਢਾ ਵੱਟ ਕੇ ਝਿੜੀ ਦੇ ਉਪਰੋਂ ਦੀ ਇਕ ਪਾਸੇ ਦਰਿਆ ਵਲ ਉੱਤਰ ਗਿਆ ਸੀ।

* * * *

ਦੁੱਲਾ ਡਾਹਢਾ ਪਰੇਸ਼ਾਨ ਅਤੇ ਬੇਚੈਨ ਸੀ। ਮਾਂ ਦੀਆਂ ਦੱਸੀਆਂ ਗੱਲਾਂ ਨਾਲ ਉਸ ਦਾ ਲਹੂ ਖ਼ੌਲ ਰਿਹਾ ਸੀ। ਪਰ ਉਹ ਕਰ ਕੁਝ ਨਹੀਂ ਸੀ ਸਕਦਾ। ਨੂਰੇ ਦਾ ਨਿਕਾਹ ਵੀ ਬੱਧਾ ਹੋਇਆ ਸੀ। ਨਿਕਾਹ ਦੀ ਗੰਢ ਵੀ ਆ ਗਈ ਹੋਣੀ ਏਂ। ਏਨਾ ਬੇਬਸ ਤਾਂ ਉਹ ਕਦੀ ਵੀ ਨਹੀਂ ਸੀ ਹੋਇਆ। ਦੁੱਲਾ ਵਣ ਦੇ ਇਕ ਭਾਰੇ ਝੁਕੇ ਖੜ੍ਹੇ ਰੁੱਖ ਦੇ ਤਣੇ ਨਾਲ ਢੋਹ ਲਾ ਕੇ ਬਹਿ ਗਿਆ। ਪਿੰਡੀ ਦੇ ਲੋਕ, ਚੌਧਰੀ, ਮੌਲਵੀ, ਚਾਚਾ ਤੇ ਨੰਦੀ ਮਰਾਸਣ ਉਸਨੂੰ ਕਿੰਨੇ ਵਰ੍ਹਿਆਂ ਤੋਂ ਬੋਲੀਆਂ ਮਾਰਦੇ ਆ ਰਹੇ ਨੇ, ਉਸਨੇ ਕਦੇ ਪਰਵਾਹ ਨਹੀਂ ਸੀ ਕੀਤੀ। ਜੇ ਪਤਾ ਲੱਗ ਜਾਂਦਾ, ਅੰਦਰੋਂ ਗੱਲ ਕਿਹੜੀ ਏ, ਤਾਂ ਉਹ ਬੋਲੀ ਮਾਰਨ ਵਾਲੇ ਦੀ ਜੀਭ ਖਿੱਚ ਲੈਂਦਾ। ਉਸਨੂੰ ਆਪਣੇ ਆਪ ਉੱਤੇ ਗੁੱਸਾ ਆ ਰਿਹਾ ਸੀ, ਏਨੇ ਵਰ੍ਹੇ ਅਜਾਈਂ ਗੁਆ ਦਿੱਤੇ।.....

....ਦੁੱਲਾ ਬੀਤੇ ਵਰ੍ਹੇ ਚੇਤੇ ਕਰਨ ਲੱਗਾ, ਜਦੋਂ ਉਹ ਗੱਭਰੂ ਹੋਣ ਲੱਗਾ ਸੀ। ਘੰਡੀ ਬਾਹਰ ਨਿਕਲ ਆਈ ਸੀ। ਆਵਾਜ਼ ਭਾਰੀ ਅਤੇ ਖਰ੍ਹਵੀ ਹੋ ਗਈ ਸੀ। ਉਹ ਤੇ ਉਹਦੇ ਬੇਲੀ ਗੁਲੇਲਾਂ ਲੈ ਕੇ ਰੁੱਖਾਂ 'ਤੇ ਬੈਠੀਆਂ ਚਿੜੀਆਂ ਜਨੌਰ ਫੁੰਡਦੇ ਰਹਿੰਦੇ ਸਨ। ਉਹ ਸਾਰੇ ਬੀਤੇ ਵਰ੍ਹੇ ਦੁੱਲੇ ਨੂੰ, ਵਹਿੰਦੇ ਝਨਾਂ ਦੇ ਪਾਣੀਆਂ ਉਪਰ ਤੈਰਦੇ ਫਿਰਦੇ ਦਿੱਸਣ ਲੱਗੇ।.....

......ਦੁਪਹਿਰਾਂ ਢਲ ਗਈਆਂ ਸਨ। ਪਿੰਡੀ ਦੀਆਂ ਕੁਝ ਔਰਤਾਂ ਖੂਹ ਤੋਂ ਪਾਣੀ ਭਰਨ ਲਈ ਬਾਹਰ ਨਿਕਲੀਆਂ ਸਨ। ਇਹਨਾਂ ਵਿਚ ਨੰਦੀ ਮਰਾਸਣ ਵੀ ਸੀ। ਏਡੀ ਮੂੰਹ ਫੱਟ, ਬੋਲਣ ਲੱਗੀ ਕਿਸੇ ਦਾ ਲਿਹਾਜ ਨਹੀਂ ਸੀ ਕਰਦੀ। ਉਸ ਦਿਨ ਤਾਂ ਸਾਰੀ ਢਾਣੀ ਮੇਰੇ ਨਾਲ ਸੀ, ਰੂੜਾ, ਪਿਰਥਾ, ਗਾਹਣਾ, ਸਦੀਕ, ਰਮਜ਼ਾ ਨਾਲ ਤਾਂ ਫੱਤੂ ਮਿਰਾਸੀ ਵੀ ਸੀ, ਪਰ ਨੰਦੀ ਨੂੰ ਤੀਵੀਆਂ ਵਿਚ ਵੇਖ ਕੇ ਕੇ ਉਹ ਢਾਣੀ ਵਿਚੋਂ ਖਿਸਕ ਗਿਆ ਸੀ। ਸਦੀਕ ਨੂੰ ਇਕ ਰੁੱਖ 'ਤੇ ਬੈਠਾ ਘੁੱਗੀਆਂ ਦਾ ਜੋੜਾ ਨਜ਼ਰੀਂ ਪਿਆ ਤਾਂ ਉਸਨੇ ਮੂੰਹ 'ਤੇ ਉਂਗਲੀ ਰੱਖ ਕੇ 'ਸ਼ੀਅ....ਅ' ਕਹਿੰਦਿਆਂ ਸਭ ਨੂੰ ਚੁੱਪ ਰਹਿਣ ਲਈ ਇਸ਼ਾਰਾ ਕੀਤਾ ਸੀ। ਅਸੀਂ ਤਾਂ ਸਾਹ ਵੀ ਰੋਕ ਲਏ ਸਨ। ਜਦੋਂ ਸਦੀਕ ਨੇ ਖਿੱਚ ਕੇ ਨਿਸ਼ਾਨਾ ਮਾਰਿਆ ਤਾਂ ਰੁੱਖ ਦੇ ਪੱਤੇ ਝੜ ਕੇ ਹੇਠਾਂ ਡਿੱਗ ਪਏ ਸਨ ਤੇ ਘੁੱਗੀਆਂ ਦਾ ਜੋੜਾ ਅਜੀਬ ਜਿਹੀ ਬੋਲੀ ਕੱਢਦਾ ਉੱਡ ਗਿਆ ਸੀ।

—ਨਿਸ਼ਾਨਾ ਤੇ ਠੀਕ ਈ ਫੁੰਡਿਆ ਸੀ, ਪਰਿੰਦੇ ਈ ਉਰ੍ਹਾਂ ਪਰ੍ਹਾਂ ਹੋ ਗਏ।' ਸਦੀਕ ਨੇ ਸ਼ਰਮਿੰਦਾ ਹੁੰਦਿਆਂ ਕਿਹਾ ਸੀ।



.....ਅਸੀਂ ਸਾਰੇ ਕਿੰਨੇ ਹੱਸੇ ਸਾਂ ਉਦੋਂ।....ਸੋਚਦਿਆਂ ਦੁੱਲੇ ਦੇ ਚਿਹਰੇ ਉਪਰ ਫਿੱਕੀ ਜਿਹੀ ਮੁਸਕਾਣ ਤੈਰ ਗਈ।....

.....ਏਨੇ ਵਿਚ ਹੀ ਔਰਤਾਂ ਖੂਹ ਤੋਂ ਪਾਣੀ ਭਰ ਕੇ ਮੁੜ ਪਈਆਂ ਸਨ। ਸਭ ਤੋਂ ਅੱਗੇ ਫੱਤੂ ਦੀ ਨੰਦੀ ਬੜੇ ਨਖ਼ਰਿਆਂ ਨਾਲ ਕੁਲ੍ਹੇ ਮਟਕਾ ਕੇ ਤੁਰੀ ਆਉਂਦੀ ਸਾਈ ਤੇ ਮੈਂ ਗੁਲੇਲ ਕੱਢੀ, ਘੜੇ ਦਾ ਨਿਸ਼ਾਨਾ ਲਾਇਆ, ਅਗਲੇ ਪਲ ਕੁਝ 'ਠਾਹ' ਕਰਕੇ ਨੰਦੀ ਦੇ ਘੜੇ 'ਚ ਵੱਜਾ ਤੇ ਸਾਰਾ ਪਾਣੀ ਉਸਦੇ ਸਿਰ 'ਚ ਪੈਂਦਾ, ਪੈਰਾਂ ਤੱਕ ਆ ਗਿਆ। ਨੰਦੀ ਤਾਂ ਇਉਂ ਹੋ ਗਈ, ਜਿਵੇਂ ਝਨਾਂ ਵਿਚੋਂ ਟੁੱਭੀ ਲਾ ਕੇ ਨਿਕਲੀ ਹੋਵੇ।....

.....ਸਾਨੂੰ ਵੇਂਹਦਿਆਂ ਹੀ ਨੰਦੀ ਕਿਵੇਂ ਚੀਕੀ ਸਾਈ—'ਬੜਾ ਚਾਅ ਐ ਵੇ, ਨਿਸ਼ਾਨੇ ਲਾਵਣ ਦਾ ?'

—ਇੱਕ ਹੋਰ ਲਾ ਕੇ ਵਿਖਾਵਾਂ ?' ਜਦ ਮੈਂ ਅੱਗੋਂ ਆਖਿਆ ਸੀ ਤਾਂ ਸਾਰੀ ਢਾਣੀ ਖਿੜ ਖਿੜਾ ਕੇ ਹੱਸ ਪਈ ਸੀ।

—ਅਕਬਰ ਦੇ ਮਹਿਲਾਂ ਵਿਚੋਂ ਖਾਵਣ ਪੀਵਣ ਆਂਵਦਾ ਏ ਨਾ, ਤਾਂ ਹੀ ਮਸਤੀਆਂ ਚੜ੍ਹੀਆਂ ਨੀ। ਹੱਥਾਂ ਦੀ ਕਰਕੇ ਖਾਵਣੀ ਪਏ ਤਾਂ ਪਤਾ ਲੱਗੇ। ਰੰਨਾਂ ਦੇ ਘੜੇ ਭੰਨਣ ਵਾਲਿਆ, ਅੰਮਾਂ ਲੱਧੀ ਨੂੰ ਪੁੱਛੀਂ ਜਾਕੇ, ਲਾਹੌਰ ਦੇ ਦਰਵਾਜ਼ਿਆਂ ਵਿਚ ਲਾਸ਼ਾਂ ਕਿੰਨ੍ਹਾਂ ਦੀਆਂ ਲਟਕਦੀਆਂ ਨੇ। ਘੜੇ ਭੰਨ ਕੇ ਸੂਰਮਾ ਬਣਨਾ ਏਂ, ਨਿਸ਼ਾਨੇ ਓਥੇ ਲਾ ਜਿਥੇ ਲਾਣੇ ਨੇ। ਖ਼ਸਮਾਂ ਨੂੰ ਖਾਣਿਆਂ ਜੇ ਨਿਸ਼ਾਨਾ ਖੁੰਝ ਜਾਂਦਾ, ਮੇਰੇ ਮਿਰਾਸੀ ਨੇ ਤਾਂ ਰੰਡਿਆਂ ਹੋ ਜਾਣਾ ਸੀ।'

....ਮੈਂ ਕਿਹਾ ਸੀ, ਨਿਸ਼ਾਨਾ ਕਿਵੇਂ ਖੁੰਝ ਜਾਂਦਾ ਨੰਦੋ ਮਾਸੀ, ਇਹ ਦੁੱਲੇ ਦੀ ਗੁਲੇਲ ਏ। ਅਜੇ ਤੂੰ ਮੇਰੇ ਤੀਰ ਕਮਾਨ ਦਾ ਕਮਾਲ ਨਹੀਂ ਵੇਖਿਆ, ਉਹ ਵੀ ਵਿਖਾਣਾ ਈ ਇੱਕ ਦਿਨ-। ਜਿਹੜੀ ਰੁੱਡ ਵਿਚ ਆਖੇਂਗੀ ਉਥੇ ਈ ਤੀਰ ਵੱਜੇਗਾ।'

—ਨੰਦੀ ਨੇ ਕਿਹਾ ਸੀ,—'ਵੇ ਬਹੁਤਿਆਂ ਕਮਾਲਾਂ ਵਾਲਿਆ, ਅੰਮਾਂ ਲੱਧੀ ਨੂੰ ਪੁੱਛੀਂ ਜਾਕੇ, ਇਹਨਾਂ ਰੁੱਡਾਂ ਵਿਚ ਸੱਪ ਵੀ ਹੋਂਦੇ ਨੇ।'

....ਮੈਂ ਤਾਂ ਉਸਨੂੰ ਘੇਰ ਕੇ ਖੜ੍ਹ ਗਿਆ ਸਾਂ—ਕਿਹਾ ਸੀ,—'ਮਾਂ ਕੋਲ ਤਾਂ ਨੇੜ੍ਹੇ ਹੋਏ ਜਾਸਾਂ, ਤੂੰ ਏਥੇ ਦੱਸ ਖਾਂ।'

—ਆਪਣੀ ਮਾਂ ਨੂੰ ਪੁੱਛੀਂ।' ਉਸ ਫੇਰ ਆਖਿਆ ਸੀ।

ਮੈਂ ਬੱਚਿਆਂ ਵਾਂਗ ਜਿੱਦ ਕੀਤੀ ਸੀ,—'ਪਹਿਲਾਂ ਦੱਸ ਨਹੀਂ ਤੇ ਅਸੀਂ ਜਾਣ ਨਹੀਓਂ ਦੇਣਾ।' ਸਾਰਿਆਂ ਨੇ ਨੰਦੀ ਨੂੰ ਘੇਰ ਲਿਆ ਸੀ।

—ਜਿਹੜੇ ਨਾਲ ਫਿਰਦੇ ਨੇ ਤੇਰੇ ਮੁਸ਼ਟੰਡੇ, ਇਹਨਾਂ ਦੇ ਪਿਊਆਂ ਚਾਚਿਆਂ, ਤਾਇਆਂ ਨੂੰ ਪੁੱਛੀਂ ਜਾਕੇ। ਪਰ੍ਹੇ ਹੋ, ਮੈਂ ਚੱਲੀ ਆਂ ਤੇਰੀ ਮਾਂ ਕੋਲ। ਪੁੱਤਰ ਨੂੰ ਹੋੜਦੀ ਨਹੀਂ, ਜਦੋਂ ਜਾਨੀਂ ਆਂ ਇੱਕ ਘੜਾ ਪਕੜਾ ਦਿੰਦੀ ਏ, ਜਿਵੇਂ ਘਰ 'ਚ ਆਵਾ ਤਾਅ ਕੇ ਰੱਖਿਆ ਹੋਵੇ। ਹੱਟ ਪਿੱਛੇ ਮੋਇਆ, ਰਾਹ ਦੇ ਮੈਨੂੰ—।' ਤੇ ਨੰਦੀ ਉੱਚੀ ਉੱਚੀ ਬੋਲਦੀ ਮੈਨੂੰ ਪਰ੍ਹਾਂ ਧੱਕ ਕੇ ਤੁਰ ਗਈ ਸੀ।

.....ਮੈਂ ਪਿੱਛੋਂ ਹਾਕ ਮਾਰੀ ਸੀ—'ਮਾਸੀ ਨੰਦੋ ਖੜ੍ਹੀ ਜਰਾ।' ਸਾਰੀਆਂ ਖੜ੍ਹ ਗਈਆਂ ਸਨ। ਮੈਂ ਪੁੱਛਿਆ ਸੀ—'ਮਾਸੀ ਇਹ ਤਾਂ ਦੱਸ ਜਾਹ, ਮੇਰਾ ਨਿਸ਼ਾਨਾਂ ਕਿੱਦਾਂ ਦਾ ਸੀ ?'

—ਵੇ ਏਨਾ ਈ ਚਾਅ ਚੜ੍ਹਿਆ ਊ ਨਿਸ਼ਾਨੇ ਪਰਖਣ ਦਾ ਤਾਂ ਜਾਹ ਉਹਨਾਂ ਦੇ ਸਿਰ

ਭੰਨ, ਜਿਹਨਾਂ ਨੇ ਤੇਰੇ ਪਿਉ ਦਾਦੇ....।' ਤੇ ਨੰਦੀ ਨੇ ਘਬਰਾ ਕੇ ਜੀਭ ਟੁੱਕ ਲਈ ਸੀ ਤੇ ਸਾਡੇ ਘਰ ਵੱਲ ਵਗ ਤੁਰੀ ਸੀ।

.....ਬੜੇ ਹੈਰਾਨ ਹੋਏ ਸਨ ਮੇਰੇ ਬੇਲੀ। ਅੱਜ ਵੀ ਉਹ ਕਿਹੜਾ ਘੱਟ ਹੈਰਾਨ ਹੋਏ ਨੇ। ਉਹਨਾਂ ਪੁੱਛਿਆ ਸੀ,—'ਦੁੱਲਿਆ ਇਹ ਮਰਾਸਣ ਹਰ ਵਾਰ ਤੇਰੇ ਅੱਬਾ ਦਾਦੇ ਤੱਕ ਅਪੜਦੀ ਏ, ਗੱਲ ਕੀ ਏ ਵਿਚੋਂ ?'

—ਪਤਾ ਨਈ੍ਹੀਂ ਜਦ ਪੁੱਛਨਾ, ਗੱਲ ਕੀ ਵੇ, ਆਖ ਦਿੰਦੀ ਊ ਆਪਣੀ ਮਾਂ ਨੂੰ ਪੁੱਛ ਜਾਕੇ। ਕਦੇ ਆਖਦੀ ਏ ਆਪਣੇ ਬੇਲੀਆਂ ਦੇ ਪਿਊਆਂ ਚਾਚਿਆਂ ਨੂੰ ਪੁੱਛ.....।'

ਤੇ ਉਸ ਦਿਨ ਤਾਂ ਰਾਤ ਵੇਲੇ ਮੈਂ ਖਹਿੜੇ ਈ ਪਿਆ ਰਿਹਾ ਮਾਂ ਦੇ। ਮਾਂ ਆਖਿਆ ਸਈ—'ਐਵੇਂ ਭੌਂਕਦੀ ਏ ਮਰਾਸਣ, ਆਵਣ ਦੇ ਹਵੇਲੀ, ਪੱਟਨੀ ਆਂ ਉਹਦੀ ਗੁੱਤ। ਜਦ ਉਹ ਆਉਂਦੀ ਮਾਂ ਨੇ ਉਹਦੀ ਗੁੱਤ ਤਾਂ ਕੀ ਪੁੱਟਣੀ ਸੀ, ਸਗੋਂ ਨਵਾਂ ਘੜਾ ਦੇ ਕੇ ਤੋਰ ਦੇਂਦੀ।....

ਦੂਸਰੇ ਦਿਨ ਮੈਂ ਨੰਦੀ ਨੂੰ ਖੇਤਾਂ ਵਲ ਜਾਂਦੀ ਨੂੰ ਘੇਰ ਲਿਆ ਸੀ—'ਨੰਦੋ ਮਾਸੀ ਕੱਲ੍ਹ ਕੀ ਆਖਦੀ ਸੈਂ ਦੱਸ ਨ੍ਹਾ। ਮਾਂ ਵੀ ਕੋਈ ਲੜ ਨਹੀਂ ਫੜਾਂਦੀ। ਤੂੰ ਗੁੱਝੀਆਂ ਰਮਜ਼ਾਂ ਛੱਡਦੀ ਏਂ, ਮੇਰੀ ਢਾਣੀ ਮੇਰਾ ਮੌਜੂ ਬਣਾਂਦੀ ਏ। ਮੈਨੂੰ ਰਾਤੀਂ ਨੀਂਦਰ ਨਹੀਓਂ ਪੈਂਦੀ।'

...ਨੰਦੀ ਤਾਂ ਡਰ ਕੇ ਏਧਰ ਓਧਰ ਝਾਕਣ ਲੱਗ ਪਈ ਸੀ—'ਦੁੱਲਿਆ ਰਾਹ ਛੱਡ ਮੇਰਾ। ਜੇ ਮਿਰਾਸੀ ਨੇ ਵੇਖ ਲਿਆ ਤਾਂ ਮੇਰੇ ਹੱਡ ਭੰਨਸੀ। ਉਸ ਆਖਣਾ ਈ ਤੂੰ ਛੋਹਰਾਂ ਨਾਲ ਮਸਤੀਆਂ ਮਾਰਨੀ ਏਂ। ਉਹ ਤਾਂ ਪਹਿਲੋਂ ਈ ਮੈਨੂੰ ਆਖਦਾ ਰਹਿੰਦਾ,—ਤੂੰ ਕੁੱਤੀ ਰੰਨ ਏ, ਅੱਠ ਦਸ ਕੁੱਤੇ ਮਗਰ ਲਾਈ ਰਖਨੀ ਏਂ। ਰਾਹ ਦੇਹ ਮੈਨੂੰ....।' ਤੇ ਉਹ ਟੇਢ ਵੱਟ ਕੇ ਖਿਸਕ ਗਈ ਸੀ।

...ਮੈਂ ਤੁਰੀ ਜਾਂਦੀ ਨੂੰ ਪੁੱਛਿਆ ਸੀ—'ਤੇ ਲਾਹੌਰ ਦੇ ਦਰਵਾਜ਼ਿਆਂ ਵਾਲੀ ਗੱਲ ?'

ਉਹ ਕੁਝ ਨਹੀਂ ਸੀ ਬੋਲੀ। ਇਕ ਤਰ੍ਹਾਂ ਦੌੜ ਈ ਪਈ ਸੀ।

ਸੋਚਦਿਆਂ ਦੁੱਲੇ ਨੇ ਲੰਮਾ ਸਾਹ ਲਿਆ। ਸਿਰ ਪਿੱਛੇ ਵਣ ਦੇ ਤਣੇ ਨਾਲ ਟਿਕਾ ਲਿਆ। ਅੱਖਾਂ ਬੰਦ ਕਰ ਲਈਆਂ।

ਝਨਾਂ ਦੇ ਪਾਣੀਆਂ ਉਪਰ ਦ੍ਰਿਸ਼ ਬਦਲ ਗਿਆ।

ਤ੍ਰਕਾਲਾਂ ਵੇਲੇ ਮਾਂ ਹਾਰੇ ਵਿਚੋਂ ਦੁੱਧ ਦੀ ਕਾੜ੍ਹਨੀ ਬਾਹਰ ਕੱਢ ਰਹੀ ਸੀ।

—ਦੁੱਧ ਪੀਏਂਗਾ ਪੁੱਤਰ ? ' ਮੈਨੂੰ ਵੇਂਹਦਿਆਂ ਹੀ ਮਾਂ ਨੇ ਪੁੱਛਿਆ ਸੀ।

ਮੇਰੇ ਹੱਥ ਵਿਚ ਗੁਲੇਲ ਸੀ, ਉਸਨੂੰ ਆਲੇ ਵਿਚ ਰਖਦਿਆਂ ਮੈਂ ਪੁੱਛਿਆ ਸੀ—'ਮੇਹਰੂ ਕਿਥੇ ਈ ਮਾਂ ?'

—ਕੀ ਆਖਾਂ ਪੁੱਤ। ਏਥੇ ਈ ਕਿਤੇ ਪੋਸਤ ਪੀ ਕੇ ਪਿਆ ਹੋਣੈ।' ਮੈਨੂੰ ਮਾਂ ਦੇ ਢਿੱਲੇ ਜਿਹੇ ਬੋਲ ਸੁਣੇ ਸਨ।

—ਦੁੱਧ ਨਹੀਂ ਜੇ ਪੀਣਾ ? ਕੜ੍ਹ ਕੜ੍ਹ ਕੇ ਗੁਲਾਬੀ ਹੋਇਆ ਪਿਆ ਵੇ।'

—ਮਾਂ ਨੰਦੀ ਮਰਾਸਣ ਮੈਨੂੰ ਆਏ ਦਿਨ ਮਿਹਣੇ ਦੇਂਦੀ ਏ। ਗੱਲ ਕੀ ਏ ? ਨਾ ਉਹ ਕੁਝ ਦੱਸਦੀ ਏ ਨਾ ਤੂੰ ਦੱਸਨੀ ਏਂ।' ਮੈਨੂੰ ਜਾਪਿਆ, ਏਸ ਪਾਸੇ ਤੁਰਨ ਤੋਂ ਰੋਕਣ ਲਈ ਹੀ ਮਾਂ ਮੈਨੂੰ ਕੜ੍ਹੇ ਦੁੱਧ ਦਾ ਲਾਲਚ ਦੇਂਦੀ ਪਈ ਸੀ। ਹੁਣ ਮੇਰੀ ਗੱਲ ਸੁਣ ਕੇ ਉਹ ਇਕ ਵਾਰ ਹੀ ਕੰਬ ਗਈ ਸੀ। ਫਿਰ ਨੰਦੀ ਨੂੰ ਬੁਰਾ ਭਲਾ ਆਖਦਿਆਂ ਕਿਹਾ ਸੀ: 'ਉਹਦੀ ਤਾਂ ਜੀਭ ਨੂੰ ਬਵਾਸੀਰ



ਹੋਈ ਰਹਿੰਦੀ ਏ ਪੁੱਤਰ। ਭੌਂਕਦੀ ਰਹਿੰਦੀ ਏ।'

—ਮੇਰੇ ਹੋਰ ਵੀ ਬੇਲੀ ਨੇ, ਪਿਰਥਾ, ਰੂੜਾ, ਸਦੀਕ, ਗਾਹਣਾ, ਰਮਜ਼ਾ, ਉਹਨਾਂ ਨੂੰ ਤਾਂ ਉਹ ਕੁਝ ਨਹੀਂ ਆਂਹਦੀ।'

—ਮਿਰਾਸੀਆਂ ਦੀ ਤਾਂ ਜਾਤ ਈ ਏਦਾਂ ਦੀ ਏ ਪੁੱਤਰ। ਉਹ ਪੁੱਠੀ ਰੰਨ ਏਂ, ਜਣੇ ਖਣੇ ਨਾਲ ਛੇੜਖਾਨੀਆਂ ਕਰ ਜਾਂਦੀ ਏ। ਛਿੱਤਰ ਵੀ ਖਾਂਦੀ ਏ ਮਰਾਸੀ ਕੋਲੋਂ। ਆ ਲੈਣ ਦੇ ਮੈਂ ਉਹਦੀ ਖੁੰਬ ਠਪਨੀ ਆਂ।'

—ਮਰਾਸਣ ਵਾਂਗ ਮਾਂ ਨੇ ਵੀ ਟਾਲ ਮਟੋਲ ਕਰ ਦਿੱਤੀ ਸੀ।

ਦੁੱਲੇ ਨੇ ਫਿਰ ਲੰਮਾ ਸਾਹ ਲਿਆ। ਅੱਖਾਂ ਖੋਹਲੀਆਂ। ਉਪਰ ਅਸਮਾਨ ਵੱਲ ਤੱਕਿਆ। ਸੂਰਜ ਕਦੋਂ ਦਾ ਹੇਠਾਂ ਲਹਿ ਗਿਆ ਸੀ। ਤਾਰੇ ਦਿੱਸਣ ਲੱਗੇ ਸਨ। ਉਸ ਕੋਲੋਂ ਥੋੜ੍ਹਾ ਪਰ੍ਹਾਂ ਹਿਰਨਾਂ ਦਾ ਇਕ ਜੋੜਾ ਪਹਿਲਾਂ ਪੂਰਾ ਚੌਕਸ ਹੋ ਕੇ, ਕੰਨ ਖੜ੍ਹੇ ਕਰਕੇ ਚੁਫੇਰੇ ਨੂੰ ਤਾੜਨ ਲੱਗਾ, ਫਿਰ ਬੇਫ਼ਿਕਰ ਹੋ ਕੇ ਪੂਛਾਂ ਹਿਲਾਉਂਦਾ, ਘਾਹ ਚਰਨ ਲੱਗ ਪਿਆ।

.....ਕਦੇ ਮੈਂ ਵੀ ਇਹਨਾਂ ਜਾਨਵਰਾਂ ਵਾਂਗਰ ਘੁੰਮਦਾ ਰਹਿੰਦਾ ਸਾਂ। ਨਾ ਖਾਣ ਦਾ ਫ਼ਿਕਰ, ਨਾ ਕੰਮ ਦਾ ਫ਼ਿਕਰ। ਜੁਆਨੀ ਤੇ ਅਜੇ ਚੱਜ ਨਾਲ ਆਣੀ ਸੀ, ਮਾਂ ਨੇ ਪਹਿਲੋਂ ਹੀ ਨਿਕਾਹ ਪੜ੍ਹਾ ਦਿੱਤਾ। ਮਾਂ ਨੂੰ ਚਾਅ ਵੀ ਬੜਾ ਸੀ ਮੇਰੇ ਨਿਕਾਹ ਦਾ। ਮੇਹਰੂ ਕਿਹੜਾ ਘੱਟ ਮੱਛਰਿਆ ਸੀ ਉਹਨਾਂ ਦਿਨਾਂ ਵਿਚ। ਆਨੇ-ਬਹਾਨੇ ਕੁੜੀਆਂ 'ਚ ਆ ਵੜਦਾ ਸੀ। ਮਾਂ ਉਲਟਾ ਕੁੜੀਆਂ ਨੂੰ ਝਿੜਕਦੀ ਸੀ—'ਧਾਅਨੂੰ ਖਾਂਦਾ ਐ ਨੀ,....ਵਰ੍ਹਿਆਂ ਪਿੱਛੋਂ ਹਵੇਲੀ 'ਚ ਖੁਸ਼ੀਆਂ ਆਈਆਂ ਨੇ।'

.....ਘਰ ਦੀਆਂ ਜ਼ਿੰਮੇਵਾਰੀਆਂ ਤਾਂ ਮੈਂ ਨਿਕਾਹ ਤੋਂ ਪਿੱਛੋਂ ਵੀ ਨਹੀਂ ਕਬੂਲੀਆਂ। ਯਾਰਾਂ ਬੇਲੀਆਂ ਦਾ ਸਾਥ ਨਹੀਂ ਛੱਡਿਆ। ਢਾਣੀ ਉਵੇਂ ਦੀ ਉਵੇਂ ਜੁੜੀ ਰਹੀ। ਨਾ ਆਪਣੇ ਸ਼ੌਕ ਛੱਡੇ। ਗੁਆਂਢੀ ਪਿੰਡਾਂ 'ਚ ਚੌਧਰੀਆਂ ਰਾਠਾਂ ਦੇ ਪਸ਼ੂ ਹੱਕ ਲਿਆਣੇ, ਕਦੇ ਰਾਹੀਆਂ ਨੂੰ ਲੁੱਟ ਲੈਣਾ, ਕਦੇ ਵਪਾਰੀਆਂ ਤੋਂ ਮਾਲ ਖੋਹ ਲੈਣਾ। ਹਵੇਲੀ ਦੇ ਡੰਗਰ ਕਿਹੜੇ ਵੇਲੇ ਪਾਣੀ ਪੀਂਦੇ ਨੇ ਤੇ ਕਿਹੜੇ ਵੇਲੇ ਘਾਹ ਖਾਂਦੇ ਨੇ, ਲੱਧੀ ਜਾਣੇ, ਫੁੱਲਰਾਂ ਜਾਣੇ ਤੇ ਜਾਂ ਫਿਰ ਸ਼ੱਲੇ ਟੁੰਡੇ ਦਾ ਛੋਟਾ ਭਰਾ ਜਾਣੇ। ਓਹੀਏ ਸਾਂਭਦਾ ਏ ਪਸ਼ੂ-ਢਾਂਡੇ ਨੂੰ, ਖੇਤਾਂ ਨੂੰ ਤੇ ਉਹਦੀ ਤੀਵੀਂ ਕਰਦੀ ਏ ਗੂਹਾ-ਕੂੜਾ। ਅਸੀਂ ਤੇ ਅੱਧੀ ਰਾਤੀਂ ਪਸ਼ੂ ਲਿਆ ਬੰਨ੍ਹਣੇ ਤੇ ਫਜ਼ਰ ਤੋਂ ਪਹਿਲਾਂ ਪਹਿਲਾਂ ਦਰਿਆ ਪਾਰ ਕਰਾ ਛੱਡਣੇ।....

ਪਸ਼ੂ ਹੱਕ ਲਿਆਉਣ ਤੋਂ ਹੀ ਨੂਰਾਂ ਯਾਦ ਆ ਗਈ। ਪਿੰਡੀ ਤੋਂ ਢਾਈ ਤਿੰਨ ਕੋਹ ਹੋਣਾ ਈ ਪਿੰਡ, ਸੁੱਖੇ ਕੀ ਦੇ ਲਾਗੇ। ਬੜੇ ਹੰਕਾਰੇ ਸਨ ਚੌਧਰੀ। ਐਲਾਨ ਕੀਤਾ ਹੋਇਆ ਸੂ, ਸਾਡੇ ਡੰਗਰਾਂ ਵੱਲ ਕੋਈ ਮੈਲੀ ਅੱਖ ਕਰਕੇ ਤਾਂ ਵੇਖੇ। ਉਹਨਾਂ ਕਹਿੰਦੇ ਕੁਹਾਉਂਦੇ ਰਾਠ ਕੁੱਟੇ ਸਨ। ਸ਼ੇਰਾਂ ਵਰਗੇ ਤਾਂ ਕੁੱਤੇ ਸਨ ਉਹਨਾਂ ਦੇ। ਰਾਤੀਂ ਖੋਹਲ ਛੱਡਦੇ ਸਨ।.....

...ਮੈਂ, ਪਿਰਥੇ ਅਰ ਸਦੀਕ ਨੇ ਧਾਰ ਲਈ, ਡੰਗਰ ਖੋਹਲਣੇ ਨੇ ਚੌਧਰੀਆਂ ਦੇ, ਨਹੀਂ ਤੇ ਵੱਤ ਏਸ ਰਾਹ ਨਹੀਂ ਪੈਣਾ। ਪੰਦਰਾਂ ਦਿਨ ਲਗਾਤਾਰ ਅੱਧੀ ਰਾਤੀਂ ਅਸੀਂ ਉਹਨਾਂ ਦੇ ਕੁੱਤਿਆਂ ਨੂੰ ਗੋਸ਼ਤ ਪਾਂਦੇ ਰਹੇ। ਉਹ ਤੇ ਸਾਨੂੰ ਵੇਂਹਦਿਆਂ ਪੂਛਲਾਂ ਹਿਲਾਉਣ ਲੱਗ ਪਏ।....ਫਿਰ ਮਾਘ ਦੀ ਮੱਸਿਆ ਨੂੰ, ਅਸੀਂ ਉਹਨਾਂ ਦੇ ਡੰਗਰ ਜਾ ਖੋਹਲੇ। ਠੰਡ ਵੀ ਏਨੀ, ਭੂਰਿਆਂ ਵਿਚ ਵੀ ਕਾਂਬਾ ਛਿੜਦਾ ਸੀ। ਚੌਧਰੀਆਂ ਦੇ ਕੁੱਤੇ ਗੋਸ਼ਤ ਖਾਂਦੇ ਰਹੇ ਤੇ ਅਸੀਂ ਘੋੜੀਆਂ ਤੋਂ ਲੈ ਕੇ ਭੇਡਾਂ ਬੱਕਰੀਆਂ ਤੱਕ ਸਭ ਨੂੰ ਹੱਕ ਲਿਆ। ਅਜੇ ਤੁਰੇ ਈ ਸਾਂ, ਇਕ

ਉੱਚੀ ਕੰਧ ਓਹਲਿਓਂ ਕੋਈ ਜਣਾ ਮੂੰਹ ਸਿਰ ਢਕੀ ਇਕਦਮ ਸਾਹਮਣੇ ਆਣ ਖੜ੍ਹਾ। ਪਿਰਥੇ ਨੇ ਛਵ੍ਹੀ ਉੱਗਰੀ ਤਾਂ ਮੈਂ ਵਰਜਿਆ ਸੀ—'ਵਾਰ ਨਹੀਂ ਕਰਨਾ।'

—ਭੁਲੇਖੇ ਵਿਚ ਨਾ ਰਹਿਣਾ, ਚੌਧਰੀਆਂ ਦੇ ਕਿਸੇ ਜੀਅ ਨੂੰ ਸਾਰ ਨਹੀਂ।' ਜਣਾ ਜ਼ਨਾਨੀ ਦੀ ਆਵਾਜ਼ ਵਿਚ ਬੋਲਿਆ ਸੀ।

ਮੈਂ ਅਗਾਂਹ ਹੋ ਕੇ ਪੁੱਛਿਆ ਸੀ—'ਕੌਣ ਏਂ ਤੂੰ ?'

—ਪਿੱਛੇ ਈ ਰੁਕ।' ਉਸ ਰੋਹਬ ਨਾਲ ਆਖਿਆ ਸੀ।

ਏਨਾ ਹੌਸਲਾ, ਮੈਂ ਹੈਰਾਨ ਹੋਇਆ। ਉਹ ਇਕ ਜ਼ਨਾਨੀ ਹੀ ਸੀ।

—ਮੈਂ ਦਸਾਂ ਦਿਨਾਂ ਦੀ ਤੱਕਨੀ ਪਈ ਆਂ ਧਾਅਨੂੰ।' ਉਹ ਫੇਰ ਬੋਲੀ—'ਸ਼ੱਕ ਤੇ ਮੈਨੂੰ ਪਹਿਲੋਂ ਹੀ ਸੀ, ਕੁੱਤੇ ਰਾਤ ਵੇਲੇ ਭੌਂਕਦੇ ਕਿਉਂ ਨਹੀਂ ਪਏ। ਫੇਰ ਮੈਂ ਤਾੜਦੀ ਰਹੀ। ਮੈਂ ਤਾਂ ਧਾਅਡੀ ਜੁਅਰਤ 'ਤੇ ਦੰਗ ਰਹਿ ਗਈ, ਫਿਰ ਸੋਚਿਆ, ਦੇਖਾਂ ਕਿਥੋਂ ਤੀਕਰ ਵਧਨੇ ਓਂ। ਹਾਲੀ ਤੱਕ ਤੇ ਕੋਈ ਜੰਮਿਆਂ ਨਹੀਂ ਚੌਧਰੀਆਂ ਦੇ ਡੰਗਰ-ਮਾਲ ਖੋਹਲਣ ਵਾਲਾ।'

—ਹੁਣ ਤੇ ਜੰਮ ਪਿਆ ਈ ਨਾ।' ਮੈਂ ਕਿਹਾ ਸੀ।

—ਧਾਅਡੇ 'ਚੋਂ ਦੁੱਲਾ ਕਿਹੜਾ ਈ ?' ਔਰਤ ਨੇ ਫਿਰ ਪੁੱਛਿਆ ਸੀ।

ਮੈਂ ਹੈਰਾਨ ਹੋਇਆ ਸਾਂ, ਇਹ ਤਾਂ ਮੇਰਾ ਨਾਂ ਵੀ ਜਾਣਦੀ ਏ, ਇਸਨੇ ਤੇ ਝੱਟ ਪਕੜਾ ਦੇਣਾ ਮੈਨੂੰ। ਏਨੇ ਵਿਚ ਪਿੱਛੇ ਖੜ੍ਹੇ ਸਦੀਕ ਨੇ ਆਖਿਆ ਸੀ;

—ਮੈਂ ਆਂ ਦੁੱਲਾ।'

—ਤੀਵੀਆਂ ਹਾਰ ਡਰ ਕੇ ਪਿੱਛੇ ਖੜ੍ਹਨ ਵਾਲਾ ਦੁੱਲਾ ਨਈਂ ਹੋ ਸਕਦਾ।' ਆਖਦਿਆਂ ਉਸਨੇ ਹਨੇਰੇ ਵਿਚ ਮੇਰੇ ਵਲ ਬਾਂਹ ਕਰਕੇ ਪੁੱਛਿਆ ਸੀ—'ਤੂੰ ਏਂ ਦੁੱਲਾ ?'

—ਹਾਂ, ਮੈਂ ਆਂ ਦੁੱਲਾ।' ਮੇਰੇ ਮੂੰਹੋਂ ਨਿਕਲ ਗਿਆ ਸੀ। ਮੈਨੂੰ ਤੇ ਉਸਦੀ ਦਲੇਰੀ 'ਤੇ ਹੈਰਾਨੀ ਹੋਂਦੀ ਪਈ ਸੀ। ਸਿਆਲਾਂ ਦੀ ਠੰਡੀ ਰਾਤ। ਚੁਫੇਰੇ ਹਨੇਰਾ। 'ਕੱਲੀ ਕਾਰੀ ਜ਼ਨਾਨੀ, ਤਿੰਨ ਓਪਰੇ ਬੰਦਿਆਂ ਨਾਲ ਬਹਿਸਣ ਡਹੀ ਏ। ਇਹ ਕਿਤੇ ਤੀਵੀਂ ਦੇ ਭੇਸ ਵਿਚ ਕੋਈ ਭੂਤ-ਚੁੜੇਲ ਤੇ ਨਹੀਂ, ਸਾਡੀ ਜਾਨ ਲੈਣ ਆਈ ਹੋਵੇ।

ਉਹ ਫੇਰ ਬੋਲੀ,—'ਸੁਣਦੀ ਸਾਂ, ਬਾਰ 'ਚ ਦੁੱਲਾ ਏ ਕੋਈ, ਲੱਧੀ ਜੰਮਿਆ। ਅੱਜ ਵੇਖ ਲਿਆ ਈ। ਜਾਹ ਲੈ ਜਾ ਹਿੱਕ ਕੇ ਮਾਲ ਡੰਗਰ।'

—ਹੁਣ ਨਹੀਂ ਖੜ੍ਹਨੇ ਅਸੀਂ। ਆਖੇਂ ਤਾਂ ਜਿਵੇਂ ਖੋਹਲੇ ਸੀ, ਉਵੇਂ ਬੰਨ੍ਹ ਆਉਂਦੇ ਆਂ। ਅਸਾਂ ਤੇ ਧਾਇਆ ਹੋਇਆ ਸੀ, ਚੌਧਰੀਆਂ ਨੂੰ ਕੰਨੋ-ਕੰਨ ਖ਼ਬਰ ਨਹੀਂ ਹੋਣ ਦੇਣੀ ਤੇ ਡੰਗਰ ਦਰਿਆਓਂ ਪਾਰ। ਤੂੰ ਤੇ ਅਸਾਂ ਨੂੰ ਪਾੜ ਵਿਚੋਂ ਈ ਫੜ ਲਿਆ ਈ।'

—ਚੌਧਰੀਆਂ ਨੂੰ ਹੁਣ ਵੀ ਖ਼ਬਰ ਕਾਈ ਨਹੀਂ। ਓਹ ਮੇਰੇ ਈ ਅੱਬਾ, ਚਾਚੇ ਤਾਏ ਹੈਨ। ਤੁਸੀਂ ਜਾਵੋ ਮੈਂ ਵੀ ਕੋਈ ਨਹੀਂ ਵੇਖਿਆ ਧਾਅਨੂੰ। ਡੰਗਰ ਹੁਣ ਵੀ ਦਰਿਆਓਂ ਪਾਰ ਜਾਣੇ ਨੇ। ਚੌਧਰੀਆਂ ਨੂੰ ਖ਼ਬਰ ਤਾਂ ਹੋਵੇ....।'

—ਕੀ ਹੋਵੇ ਖ਼ਬਰ ?' ਪੁੱਛਿਆ ਸੀ।

—ਖ਼ਬਰ ਹੋਵੇ, ਬਾਰ ਦਾ ਦੁੱਲਾ ਡੰਗਰ ਲੈ ਗਿਆ ਈ, ਹਿੰਮਤ ਜੇ ਤਾਂ ਮੁੜਵਾ ਲਓ।' ਮੈਨੂੰ ਜਾਪਿਆ ਉਹ ਹੱਸੀ ਸੀ ਤੇ ਮੇਰੇ ਭਾਣੇ ਸਾਡੇ ਬੌਲਦਾਂ ਦੇ ਗਲਾਂ ਦੀਆਂ ਟੱਲੀਆਂ ਟੁਣਕੀਆਂ ਸਨ।



ਮੈਂ ਪੁੱਛਿਆ ਸੀ,—'ਕੀ ਲਗਨੀ ਏਂ ਚੌਧਰੀਆਂ ਦੀ ?'

—ਆਖਿਆ ਤੇ ਹੈ, ਮੇਰੇ ਹੀ ਅੱਬਾ, ਚਾਚੇ, ਤਾਏ ਹੈਨ।'

—ਅਸੀਂ ਜਾਤਾ ਕੋਈ ਸ਼ਰੀਕ ਹੋਣੀ ਏਂ।' ਮੈਂ ਹੱਸ ਕੇ ਆਖਿਆ ਸੀ।

—ਡੰਗਰ ਅਸਾਂ ਹੁਣ ਨਹੀਂ ਖੜ੍ਹਨੇ ਦੁੱਲਿਆ।' ਪਿਰਥਾ ਬੋਲਿਆ।

—ਡੰਗਰ ਨਾ ਖੜ ਤੇ ਆਪਣਾ ਨਾਓਂ ਦੁੱਲਾ ਬਦਲ ਲੈ।' ਉਸਨੇ ਮੇਰੇ ਵਲ ਬਾਂਹ ਸਿੱਧੀ ਕਰਕੇ ਜਿਵੇਂ ਮੈਨੂੰ ਵੰਗਾਰਿਆ ਹੋਵੇ।

ਮੈਂ ਝੱਟ ਫ਼ੈਸਲਾ ਲੈਂਦਿਆਂ ਕਿਹਾ ਸੀ—'ਪਿਰਥਿਆ ਹੱਕ ਬਈ।'

ਉਹ ਮੁੜ ਚੱਲੀ ਤਾਂ ਮੈਂ ਪੁੱਛਿਆ,—'ਮੇਰਾ ਨਾਂ ਜਾਣਨੀ ਏਂ, ਆਪਣਾ ਤੇ ਦੱਸ ਜਾ।'

ਉਹ ਰੁਕ ਗਈ। ਪਿਛਾਂਹ ਮੁੜੀ ਤੇ ਬਿਲਕੁਲ ਮੇਰੇ ਕੋਲ ਆ ਕੇ ਬੋਲੀ ਸੀ,—'ਜਿਸ ਦਿਨ ਡੰਗਰ ਖੋਹਲਣ ਨਾ ਆਇਆ, ਮੇਰਾ ਨਾਂ ਈ ਪੁੱਛਣ ਆਇਆ, ਦੱਸ ਦਿਆਂਗੀ।'

—ਕੀ ਪਤਾ ਲੱਗੇ।' ਮੈਨੂੰ ਸਮਝ ਨਾ ਆਵੇ ਮੈਂ ਕੀ ਕਹਾਂ....

—ਹਰ ਮਹੀਨੇ ਮੱਸਿਆ ਦੀ ਰਾਤ ਆਂਦੀ ਏ, ਅੱਜ ਵਾਂਗਰ।' ਆਖ ਕੇ ਉਹ ਤੁਰ ਪਈ ਸੀ।

—ਪੁੰਨਿਆਂ ਵੀ ਤਾਂ ਆਂਦੀ ਏ।' ਮੈਂ ਉਸਨੂੰ ਰੌਸ਼ਨੀ ਵਿਚ ਵੇਖਣਾ ਚਾਹੁੰਦਾ ਸਾਂ, ਪਰ ਉਹ ਮੁੜੀ ਨਹੀਂ ਸੀ।

ਇਹ ਸੋਚਦਿਆਂ ਦੁੱਲੇ ਦੇ ਚਿਹਰੇ ਉਪਰੋਂ ਹਵੇਲੀ ਵਾਲੀ ਤਲ਼ਖੀ ਅਤੇ ਕੁੜੱਤਣ ਅਲੋਪ ਹੋ ਗਈ ਸੀ ਤੇ ਮਿੱਠੀ ਜਿਹੀ ਮੁਸਕਾਣ ਝਲਕਦੀ ਸੀ।

.....ਅਸੀਂ ਰਾਤੋ ਰਾਤ ਸਾਰੇ ਡੰਗਰ ਦਰਿਆ ਪਾਰ ਕਰਾ ਦਿੱਤੇ। ਪੂਰੀ ਬਾਰ ਵਿਚ ਚੌਧਰੀਆਂ ਦੇ ਡੰਗਰ ਚੋਰੀ ਹੋਣ ਦੇ ਚਰਚੇ ਹੋਣ ਲੱਗੇ। ਪਰ ਮੇਰਾ ਧਿਆਨ ਦਿਨ ਰਾਤ ਓਧਰ ਈ ਰਹੇ। ਕੌਣ ਸੀ ਉਹ ? ਏਨੀ ਦਲੇਰੀ। ਕਰਨ ਤਾਂ ਅਸੀਂ ਚੌਧਰੀਆਂ ਦੇ ਡੰਗਰ ਚੋਰੀ ਗਏ ਸਾਂ। ਪਰ ਲੱਗ ਇਹ ਰਿਹਾ ਸੀ, ਉਥੇ ਮੈਨੂੰ ਈ ਕਿਸੇ ਨੇ ਕਿੱਲੇ ਨਾਲ ਬੰਨ੍ਹ ਲਿਆ ਈ। ਬਾਰ ਬਾਰ ਮੂੰਹ ਸਿਰ ਢਕੀ ਉਹ ਮੇਰੇ ਅੱਗੇ ਆਣ ਖੜ੍ਹਦੀ, ਪੁੱਛਦੀ—'ਦੁੱਲਾ ਕੌਣ ਏ ਧਾਅਡੇ 'ਚੋਂ ?'

.....ਮੇਰੀ ਤਾਂ ਰਾਤਾਂ ਦੀ ਨੀਂਦ ਉੱਡ ਗਈ। ਮੈਨੂੰ ਇਉਂ ਲੱਗਿਆ, ਅਗਲੀ ਮੱਸਿਆ ਜਿਵੇਂ ਵਰ੍ਹਿਆਂ ਬਾਅਦ ਆਉਣੀ ਹੋਵੇ।....

...ਫੇਰ ਮੱਸਿਆ ਤਾਂ ਕੀ ਅਸੀਂ ਪੁੰਨਿਆਂ 'ਚ ਵੀ ਮਿਲਣ ਲੱਗੇ। ਅੱਲਾਹ ਦੀ ਰਹਿਮਤ ਸੀ, ਸਾਰਾ ਕੁਝ ਢਕਿਆ ਰਿੱਝੀ ਜਾ ਰਿਹਾ ਸੀ। ਨਹੀਂ ਤਾਂ ਚੌਧਰੀਆਂ ਦੀ ਨੂਰਾਂ ਤੇ ਪਿੰਡੀ ਦੇ ਦੁੱਲੇ ਦੀਆਂ ਲੋਕਾਂ ਕਹਾਣੀਆਂ ਬਣਾ ਛੱਡਣੀਆਂ ਸਨ।.....

...ਇਕ ਦਿਨ ਅਸੀਂ ਸਖੀ ਸਰਵਰ ਦੇ ਮੇਲੇ ਉਪਰ ਮਿਲਣ ਦੇ ਕਰਾਰ ਕਰ ਲਏ...ਦੁੱਲਾ ਅੱਜ ਵਹਿਣਾਂ ਵਿਚ ਵਹਿੰਦਾ ਚਲਿਆ ਗਿਆ।...ਮੇਲੇ ਵਿਚ ਦਿਨ ਵੇਲੇ ਤਿੰਨ ਚਾਰ ਵਾਰ ਸਾਡਾ ਟਾਕਰਾ ਹੋਇਆ। ਸਹੇਲੀਆਂ 'ਚ ਘਿਰੀ ਨੂਰਾਂ ਨੀਵੀਂ ਪਾਕੇ ਬੁੱਲ੍ਹਾਂ 'ਚ ਈ ਹੱਸਦੀ ਲੰਘ ਜਾਂਦੀ ਤੇ ਮੇਰੇ ਅੰਦਰ ਤਾਂ ਲੂਰ੍ਹੀਆਂ ਉਠਦੀਆਂ। ਇਕ ਫੜ੍ਹੀ 'ਤੇ ਉਹ ਟੋਲੀ ਗਾਨੀਆਂ, ਵੰਗਾਂ, ਪਰਾਂਦੀਆਂ ਤੇ ਹੋਰ ਨਿੱਕ ਸੁੱਕ ਖਰੀਦਣ ਲੱਗੀ ਹੋਈ ਸੀ। ਨੂਰਾਂ ਵੰਗਾਂ ਚੜ੍ਹਵਾ ਰਹੀ ਸੀ। ਮੈਂ ਪਿੱਛੇ ਦੀ ਅਛੋਪਲੇ ਜਿਹੇ ਜਾਕੇ, ਇਧਰ ਓਧਰ ਤਾੜਦਿਆਂ ਹੌਲੀ ਜਿਹੀ ਕਿਹਾ ਸੀ,—'ਭੀੜੀ ਵੰਗ ਬਚਾ ਕੇ ਚਾੜ੍ਹੀ ਉਏ ਵੰਗਾਂ ਵਾਲਿਆ, ਕਲਾਈ ਨਰਮ ਈ।'

—ਏਡੀ ਵੀ ਨਰਮ ਨਹੀਂ ਹੈਗੀ।' ਆਖਦਿਆਂ ਉਹ ਸੂਹੀ ਹੋ ਗਈ ਸੀ ਸੰਗ ਕੇ ਤੇ

ਉਹਦੀਆਂ ਸਹੇਲੀਆਂ ਖਿੜ ਖਿੜਾ ਕੇ ਹੱਸੀਆਂ ਸਨ। ਮੈਂ ਸਹੇਲੀਆਂ ਤੋਂ ਅੱਖ ਬਚਾ ਕੇ ਹੌਲੀ ਜਿਹੀ ਪੁੱਛਿਆ ਸੀ;

'—ਸੁਹਣਿਓ ਰਾਤ ਦਾ ਮੇਲਾ ਵੇਖਣਾ ਈ ਕਿ ਮੁੜਨਾ ਈ ?'

—ਮੁੜਨਾ ਈ।' ਬੋਲਦਿਆਂ ਉਸ ਨੀਵੀਂ ਨਹੀਂ ਸੀ ਚੁੱਕੀ।

—ਪਿੰਡੀ ਚੰਗੀ ਨਹੀਓਂ ਲੱਗੀ ?'

—ਪਿੰਡੀ ਤੇ ਚੰਗੀ ਏ।'

—ਬੰਦੇ ਨਹੀਂ ਚੰਗੇ ਏਥੋਂ ਦੇ ?' ਮੈਂ ਫੇਰ ਪੁੱਛਿਆ ਸੀ।

—ਬੰਦੇ ਵੀ ਚੰਗੇ ਨੇ।' ਉਸਦੇ ਬੋਲ ਸੁਣੇ ਸਨ।

—ਫੇਰ ਰਹਿ ਨਾ, ਰਾਤ ਦਾ ਮੇਲਾ ਵੇਖਾਂਗੇ।' ਮੈਂ ਸੱਚ ਹੀ ਤਰਲਾ ਲਿਆ ਸੀ।

—ਬੱਸ, ਇਕ ਰਾਤ ਈ ਰੱਖੇਂਗਾ।'

—ਤੂੰ ਆਖ ਜੰਞ ਲੈ ਕੇ ਆ ਢੁੱਕਾਂ ?'

ਨੂਰਾਂ ਖਿੜ ਖਿੜ ਹੱਸ ਪਈ ਸੀ।

—ਮੈਂ ਦਰਿਆ ਕੰਢੇ ਰਵ੍ਹਾਂਗਾ, ਵੱਡੇ ਵਣ ਥੱਲੇ।' ਇੰਨਾ ਈ ਆਖਿਆ ਸੀ ਤੇ ਉਥੋਂ ਤੁਰ ਆਇਆ ਸਾਂ।

.....ਬਥੇਰਾ ਚਿਰ ਮੇਲੇ 'ਚ ਘੁੰਮਦਾ ਘੁੰਮਾਉਂਦਾ ਰਿਹਾ। ਹੋਰ ਯਾਰ ਬੇਲੀ ਵੀ ਮਿਲੇ। ਪਿਰਥੇ, ਰੂੜੇ ਹੋਰਾਂ ਨਾਲ ਨਚਾਰਾਂ ਦਾ ਨਾਚ ਵੀ ਵੇਖਿਆ। ਪਰ ਮੇਰੀਆਂ ਅੱਖਾਂ ਵਿਚ ਤਾਂ ਨੂਰਾਂ ਚੜ੍ਹੀ ਹੋਈ ਸੀ।

....ਉਸ ਰਾਤ ਏਸੇ ਵਣ ਦੇ ਮੁੱਢ ਨਾਲ ਬੈਠੇ ਸਾਂ ਦੋਵੇਂ ਜਣੇ। ਫੱਗਣ ਮਹੀਨੇ ਦੀ ਮਿੱਠੀ ਮਿੱਠੀ ਠੰਡ। ਅਸਮਾਨ ਵਿਚ ਚੱਪਾ ਕੁ ਦਿੱਸਦਾ ਚੰਨ। ਠਾਠਾਂ ਮਾਰਦੇ ਝਨਾਂ ਦੀਆਂ ਛੱਲਾਂ। ਬੁੱਕਲ ਵਿਚ ਬੈਠੀ ਨੂਰਾਂ ਵਿਚੋਂ ਸੇਕ ਆ ਰਿਹਾ ਸੀ। ਕਦੇ ਉਹ ਮੇਰੇ ਨੱਕ ਦੀ ਕਰੂੰਬਲ ਛੇੜਦੀ, ਕਦੇ ਕੰਨ ਵਿਚ ਘਾਹ ਦੀ ਤਿੜ੍ਹ ਮਾਰਕੇ ਹੱਸਦੀ। ਝਨਾਂ ਦੀਆਂ ਛੱਲਾਂ ਵਾਂਗ ਹੀ ਉਹ ਮੱਛਰੀ ਹੋਈ ਸੀ।......ਝਨਾਂ ਦੇ ਪਾਰਲੇ ਬੰਨਿਓਂ ਇਕ ਬੇੜੀ ਵਹਿਣ ਦੇ ਨਾਲ ਨਾਲ ਤੁਰਦੀ ਦਿਸੀ। ਵਿਚ ਕੋਈ ਮਲਾਹ ਲੰਮੀ ਹੇਕ ਨਾਲ ਕੁਝ ਗਾਉਂਦਾ ਜਾਂਦਾ ਸੁਣਿਆ। ਝਿੜੀ ਵਲੋਂ ਮੋਰ ਕੂਕਿਆ ਤੇ ਜੰਗਲ ਵਲ ਸ਼ੇਰ ਦੇ ਗਰਜਣ ਦੀ ਆਵਾਜ਼ ਆਈ।....ਦੁੱਲਾ ਸੁਰਤ ਵਿਚ ਮੁੜਿਆ.....ਓਹ। ਮੈਂ ਵੀ ਕਿਹੜੇ ਵਿਹਣਾਂ ਵਿਚ ਵਹਿ ਤੁਰਿਆ। ਗੱਲਾਂ ਤੇ ਡੰਗਰ ਚੋਰੀ ਕਰਨ ਦੀਆਂ ਸਨ। ਹੋਰ ਵੀ ਖੋਹ-ਖਿੰਝਾਂ ਬਥੇਰੀਆਂ ਕਰਦੇ ਸਾਂ। ਕੋਈ ਮੋਟੀ ਸਾਮੀ ਵੀ ਕਦੇ ਹੱਥ ਚੜ੍ਹ ਜਾਂਦੀ। ਏਥੇ ਝਿੜੀ ਵਿਚ ਗੋਸ਼ਤ ਰਿੱਝਣੇ ਅਤੇ ਸ਼ਰਾਬਾਂ ਉੱਡਣੀਆਂ। ਮੇਰੇ ਤੇ ਢਾਣੀ ਦੇ ਰੱਬ ਯਾਦ ਨਹੀਂ ਸੀ ਹੈਗਾ।....

.....ਤੇ ਇਕ ਦਿਨ ਜਦ ਤ੍ਰਕਾਲਾਂ ਵੇਲੇ ਪਿਰਥਾ ਇਕ ਸੰਘਣੀ ਟਾਹਲੀ ਦੇ ਦੁਸਾਂਗੇ ਵਿਚ ਲੱਤਾਂ ਲਮਕਾਈ ਤਿੰਨਾਂ ਪਾਸਿਆਂ ਤੋਂ ਆਉਂਦੇ ਰਾਹਾਂ ਉਪਰ ਤਾੜਵੀਆਂ ਨਜ਼ਰਾਂ ਟਿਕਾਈ ਬੈਠਾ ਸੀ।.....ਉਹ ਦ੍ਰਿਸ਼ ਸਾਰੇ ਦਾ ਸਾਰਾ ਦੁੱਲੇ ਦੀਆਂ ਅੱਖਾਂ ਸਾਹਮਣੇ, ਹਨੇਰੇ ਕਾਰਨ ਝਨਾਂ ਦੇ ਕਾਲੇ ਦਿੱਸਦੇ ਪਾਣੀ ਉਪਰ ਤੈਰਨ ਲੱਗਾ।

......ਪਿੰਡੀ ਤੋਂ ਪੰਦਰਾਂ-ਵੀਹ ਕੋਹ ਪਰ੍ਹੇ ਖਾਨਗਾਹ ਡੋਗਰਾਂ ਲਾਗੇ ਝਾੜੀਆਂ ਔਰ ਸਰਕੜਿਆਂ ਦੇ ਉਹਲੇ ਵਿਚ ਅੱਠ ਕੁ ਜਣਿਆਂ ਦਾ ਟੋਲਾ ਛੁਪਿਆ ਬੈਠਾ ਹੈ। ਪਿਰਥਾ



ਅਚਾਨਕ ਚੌਕੰਨਾ ਹੋ ਜਾਂਦਾ ਹੈ। ਦਬਵੀਂ ਜਿਹੀ ਸੀਟੀ ਮਾਰਕੇ ਹਾਕ ਦਿੰਦਾ ਹੈ—'ਤਕੜੇ ਹੋ ਜੋ ਬਈ, ਧੂੜ ਉੱਡਣ ਡਹੀ ਏ, ਕੋਈ ਆ ਰਿਹਾ ਏ।'

ਝੱਟ ਸਾਰਿਆਂ ਨੇ ਬਰਛੇ, ਗੰਡਾਸੇ, ਡਾਗਾਂ, ਹੱਥਾਂ ਹੇਠ ਕਰ ਲਏ। ਸਾਰੇ ਜਣਿਆਂ ਮੂੰਹਾਂ ਉਪਰ ਬੰਨੇ ਮੁੰਡਾਸੇ ਜਾਂਚੇ; ਫਿਰ ਵਿਚਕਾਰਲੇ ਕੱਚੇ ਰਾਹ ਉਪਰ ਉੱਡਦੀ ਧੂੜ ਵੱਲ ਇਕ ਟੱਕ ਤੱਕਣ ਲਗਦੇ ਹਨ।

ਘੁਸਮੁਸੇ ਦਾ ਵੇਲਾ ਹੈ। ਏਸ ਵੇਲੇ ਤਾਂ ਧਾੜਵੀਆਂ ਦੀ ਹਕੂਮਤ ਲਾਗੂ ਹੋ ਜਾਂਦੀ ਏ। ਸਿਆਣੇ ਰਾਹੀ ਜਾਂ ਵਪਾਰੀ, ਏਸ ਵੇਲੇ ਕਿਸੇ ਭਰੋਸੇ ਵਾਲੀ ਥਾਂ ਪੜਾਅ ਕਰਨਾ ਈ ਠੀਕ ਸਮਝਦੇ ਨੇ। —ਦੁੱਲਾ ਹੈਰਾਨ ਹੈ ਕਿ ਇਹ ਕਿਹੜੇ ਸੂਰਮੇ ਹੋਏ ? ਏਨੇ ਵਿਚ ਪਿਰਥਾ ਟਾਹਲੀ ਤੋਂ ਹੇਠਾਂ ਛਾਲ ਮਾਰ ਦਿੰਦਾ ਹੈ।

—ਚਾਰ ਜਣੇ ਜਾਪਦੇ ਨੇ। ਇਕ ਬੈਲ ਗੱਡੀ ਏ। ਇਕ ਊਠ ਉਪਰ ਵੀ ਕੁਝ ਲੱਦਿਆ ਹੋਇਆ ਸੂ। ਕੋਲ ਹਥਿਆਰ ਵੀ ਹੋਣੇ ਨੇ।' ਪਿਰਥੇ ਨੇ ਜਾਣਕਾਰੀ ਦਿੱਤੀ।

—ਮੋਰਚੇ ਸੰਭਾਲ ਲਓ ਬਈ।' ਦੁੱਲੇ ਦਾ ਦਬਵੀਂ ਆਵਾਜ਼ ਵਿਚ ਹੁਕਮ ਸਾਰਿਆਂ ਨੂੰ ਸੁਣਦਾ ਹੈ ਤੇ ਉਹ ਕੁਝ ਅੱਗੇ, ਕੁਝ ਦੋਹੀਂ ਪਾਸੀਂ ਤੇ ਦੋ ਜਣੇ ਵਲਾ ਪਾ ਕੇ ਪਿੱਛੋਂ ਦੀ ਜਾ ਕੇ ਰਾਹੀਆਂ ਨੂੰ ਘੇਰ ਲੈਂਦੇ ਹਨ।

ਦੁੱਲਾ ਵੇਖਦਾ ਹੈ, ਥਕਾਵਟ ਅਤੇ ਸਫ਼ਰ ਕਾਰਨ ਰਾਹਗੀਰਾਂ ਦੇ ਬੁਲ੍ਹ ਤਾਂ ਪਹਿਲਾਂ ਹੀ ਸੁੱਕੇ ਹੋਏ ਸਨ, ਹੁਣ ਉਹਨਾਂ ਦੇ ਚਿਹਰੇ ਵੀ ਪੀਲੇ ਪੈ ਜਾਂਦੇ ਹਨ। ਉਹ ਡਰੇ ਸਹਿਮੇ ਇਕ ਦੂਸਰੇ ਵੱਲ ਤੱਕਣ ਲੱਗਦੇ ਹਨ।

—ਕਿਧਰ ਚੱਲੇ ਐਂ ਸਾਊਓ ?' ਦੁੱਲਾ ਅੱਗੇ ਹੋ ਕੇ ਪੁੱਛਦਾ ਹੈ।

—ਲਾਹੌਰ ਚੱਲੇ ਆਂ ਵੀਰੋ। ਸ਼ਾਹੀ ਦਰਬਾਰ ਦਾ ਮਾਲ ਈ।' ਗੱਡੇ ਵਾਲਾ ਹਿੰਮਤ ਕਰਕੇ ਬੋਲਦਾ ਹੈ।

—ਜਿਉਂਦੇ ਜਾਣਾ ਜਾਂ ਬੈਲ ਗੱਡੀ 'ਚ ਪਈ ਕੇ ਜਾਣੈ ?' ਇਸ ਵਾਰ ਦੁੱਲਾ ਖਰ੍ਹਵੀਂ ਆਵਾਜ਼ ਵਿਚ ਪੁੱਛਦਾ ਹੈ।

—ਗੱਡੀ 'ਚ ਜਿਉਂਦਿਆਂ ਕਿਵੇਂ ਪਵਾਂਗੇ ਜਣਿਆਂ। ਸੇਰ ਅੰਨ ਤਾਂ ਅਸੀਂ ਵੀ ਖਾਨੇ ਆਂ।' ਰਾਹੀਆਂ ਵਿਚੋਂ ਬਰਛੇ ਵਾਲਾ ਫੜ੍ਹ ਮਾਰਦਾ ਹੈ।

—ਘੱਟ ਤਾਂ ਅਸੀਂ ਵੀ ਨਹੀਂ ਖਾਂਦੇ, ਤਕੜੇ ਹੋਵੋ ਫਿਰ।' ਦੁੱਲੇ ਦਾ ਲਲਕਾਰਾ ਸੁਣਕੇ ਸਾਰੇ ਰਾਹੀਆਂ ਉੱਪਰ ਟੁੱਟ ਪੈਂਦੇ ਹਨ।

ਰਾਹਗੀਰ ਚਾਰ ਸਨ ਤੇ ਉਪਰੋਂ ਮਾਲ ਅਸਬਾਬ ਲੁੱਟੇ ਜਾਣ ਦਾ ਡਰ। ਇਕ ਇਕ ਨੂੰ ਦੋ ਦੋ ਜਣੇ ਘੇਰ ਲੈਂਦੇ ਹਨ। ਬਲਦ ਘਬਰਾ ਕੇ ਸਣੇ ਗੱਡੇ ਇਕ ਖੇਤ ਵਲ ਮੁੜ ਪਏ ਤੇ ਇਕ ਵੱਟ 'ਤੇ ਗੱਡੇ ਦਾ ਪਹੀਆ ਚੜ੍ਹ ਕੇ ਟੇਢਾ ਹੋ ਗਿਆ। ਇਕ ਬਲਦ ਹੇਠਾਂ ਬਹਿ ਗਿਆ ਤੇ ਦੂਸਰਾ ਖੇਤਾਂ ਵਿਚੋਂ ਦੀ ਭੱਜ ਤੁਰਿਆ, ਨਾਲ ਹੀ ਉਸਦੀ ਮੋਕ ਨਿਕਲਦੀ ਗਈ।

.....ਤਿੰਨ ਜਣਿਆਂ ਨੂੰ ਇਹਨਾਂ ਮੂਹਰੇ ਲਾ ਲਿਆ। ਇਕ ਜਣੇ ਦੀ ਡਾਂਗ ਵੱਜਣ ਨਾਲ, ਗੋਡੇ ਤੋਂ ਹੇਠਾਂ ਲੱਤ ਟੁੱਟ ਗਈ। ਉਹ ਰਾਹ ਦੀ ਧੂੜ 'ਚ ਲੱਥ ਪੱਥ ਹੋਇਆ ਪਿਆ ਦੁਹਾਈਆਂ ਦੇਣ ਲੱਗਾ।

ਜਣੇ ਨੂੰ ਰੋਂਦਾ ਕੁਰਲਾਉਂਦਾ ਛੱਡ ਕੇ ਦੁੱਲੇ ਦੇ ਸਾਥੀਆਂ ਗੱਡੇ ਵਿਚ ਰੱਖਿਆ ਮਾਲ ਊਠ ਉੱਪਰ ਲੱਦਿਆ ਤੇ ਪਿੰਡੀ ਦੇ ਰਾਹ ਪੈ ਗਏ।

—ਟੁੱਟੀ ਲੱਤ ਆਲੇ ਨੂੰ ਤਾਂ ਚੁੱਕ ਲਿਆਉਣਾ ਸੀ।' ਝਿੜੀ ਵਿਚ ਆ ਕੇ ਪਿਰਥਾ ਹੱਸਿਆ ਸੀ।

—ਓਹੀ ਤੇ ਆਖਦਾ ਸੀ, ਅਸੀਂ ਸੇਰ ਅੰਨ ਖਾਨੇ ਆਂ।' ਆਖਕੇ ਦੁੱਲਾ ਲੁੱਟੇ ਮਾਲ ਦੀ ਫਰੋਲਾ ਫਰਾਲੀ ਕਰਨ ਲੱਗਾ।

—ਮਾਲ ਤੇ ਬੜਾ ਕੀਮਤੀ ਲਈ ਜਾਂਦੇ ਸੀ ਸ਼ੋਹਦੇ। ਮੈਂ ਤੇ ਸੋਚਿਆ ਸੀ, ਸਾਡੇ ਉਪਰ ਰੋਹਬ ਪਾਉਣ ਲਈ ਸ਼ਾਹੀ ਦਰਬਾਰ ਦਾ ਨਾਂ ਵਰਤਦੇ ਪਏ ਨੀ।' ਸਦੀਕ ਨੇ ਮਾਲ ਉੱਪਰ ਝੁਕਦਿਆਂ ਸੁੱਕੇ ਮੇਵਿਆਂ ਦੀ ਗੁੱਥਲੀ ਖੋਹਲ ਲਈ।

—ਮੈਂ ਤਾਂ ਪਦੀੜਾਂ ਪੁਆ ਛੱਡੀਆਂ ਦੋਂਹ ਜਣਿਆਂ ਦੀਆਂ। ਇਕ ਜਣੇ ਦੀ ਸੁੱਥਣ ਗਿੱਟਿਆਂ 'ਚ ਆ ਪਈ ਤੇ ਉਹ ਵਾਹਣ 'ਚ ਮੁੱਧੇ ਮੂੰਹ ਜਾ ਪਿਆ।' ਰੂੜਾ ਠਹਾਕਾ ਮਾਰ ਕੇ ਹੱਸਿਆ।

—ਮੂਧੇ ਪਏ ਜਣੇ ਦੇ ਹਦਵਾਣੇ ਨਹੀਂ ਤੱਕੇ ?' ਪਿਰਥੇ ਨੇ ਆਖਿਆ ਤਾਂ ਸਾਰਿਆਂ ਦਾ ਹਾਸਾ ਨਿਕਲ ਗਿਆ।

—ਹਲਾ, ਊਠ ਦੀਆਂ ਖੁਰਜੀਆਂ ਵਿਚ ਤਾਂ ਕਮਾਲ ਦਾ ਮਾਲ ਈ ਦੁੱਲਿਆ, ਏਧਰ ਵੇਖ ਜ਼ਰਾ। ਮੁਸ਼ਕਨਾਫ਼ੇ, ਕਸਤੂਰੀਆਂ, ਰੇਸ਼ਮ, ਕਾਬਲੀ ਮੇਵੇ, ਬਦਾਮ, ਪਿਸਤੇ, ਲੈ ਜ਼ਰਾ ਦਾਖ ਬਜੌਰੀਆਂ ਦਾ ਮਜ਼ਾ ਤੇ ਚੱਖ।' ਖੁਸ਼ ਹੋਇਆ ਸਦੀਕ ਦਾਖ਼ਾਂ ਦਾ ਫੱਕਾ ਮਾਰਦਾ, ਇਕ ਮੁੱਠ ਦੁੱਲੇ ਵਲ ਵਧਾਉਂਦਾ ਹੈ।

—ਫੱਤੂ ਮਿਰਾਸੀ ਡਾਂਗਾਂ ਖਾਣ ਨੂੰ ਰੱਖਿਆ, ਏਧਰ ਵੀ ਸੁੱਟ ਨਾ ਦੋ ਮੁੱਠੀਆਂ। ਅਸੀਂ ਵੀ ਸ਼ਾਹੀ ਨੇਅਮਤਾਂ ਦਾ ਸਵਾਦ ਚੱਖੀਏ।' ਫੱਤੂ ਨੇ ਰੋਸੇ ਨਾਲ ਕਿਹਾ ਤਾਂ ਦੁੱਲਾ ਬੋਲਿਆ;

—ਕਿਉਂ ਝੂਰਦਾ ਏਂ ਮੀਰਜ਼ਾਦਿਆ, ਏਹ ਸਾਰਾ ਮਾਲ ਤੇਰੇ ਈ ਹਵਾਲੇ ਕਰ ਛੱਡਣਾ। ਖੁਸ਼ਬੋਆਂ ਸੁੰਘੀ ਜਾਈਂ।'

—ਆਹੋ ਮਾਲ ਦੀ ਰਾਖ਼ੀ ਫੱਤੂ, ਖਾਣ ਲਈ ਪਿਰਥਾ ਰੂੜਾ ਤੇ....ਫੱਤੂ ਤਾਂ ਤੁਸਾਂ ਸੁੰਘਣ ਨੂੰ ਈ ਰੱਖਿਆ। ਖਾ ਪੀ ਕੇ ਧੜੀ ਧੜੀ ਦੇ ਪੱਦ ਮਾਰਨੇ ਓਂ...ਉਹ ਵੀ ਫੱਤੂ ਮਿਰਾਸੀ ਓ ਸੁੰਘਦਾ....।'

ਸਾਰੇ ਫੇਰ ਖਿੜ ਖਿੜਾ ਕੇ ਹੱਸ ਪਏ ਸਨ।

ਉਸ ਵੇਲੇ ਬੈਲ ਗੱਡੀ ਵਿਚੋਂ ਲਿਆਂਦੀ ਇਕ ਗੱਠੜੀ ਵਿਚੋਂ, ਰੂੜਾ ਇਕ ਦੋਹਣੀ ਕੱਢ ਕੇ ਸਾਰਿਆਂ ਦੇ ਅੱਗੇ ਲਿਆ ਰਖਦਾ ਹੈ ਤਾਂ ਹਨੇਰੇ ਵਿਚ ਹੀ ਸਭਨਾਂ ਦੀਆਂ ਅੱਖਾਂ ਚਮਕ ਉੱਠੀਆਂ।

—ਪਹਿਲਾਂ ਦੱਸੋ ਬਈ ਇਹਦੇ ਵਿਚ ਕੀ ਸ਼ੈਅ ਹੋਣੀ ਏ ?' ਏਨੀ ਦੇਰ ਉਹਨਾਂ ਨਾਲ ਕਾਰਵਾਈਆਂ ਕਰਦਾ, ਕਾਣਾ ਸੈਦਾ ਅੱਜ ਖੁਲ੍ਹ ਕੇ ਬੋਲਿਆ।

—ਘੇ (ਘਿਉ) ਹੋਣਾ ਈ।' ਰੂੜਾ ਝੱਟ ਬੋਲਿਆ।

—ਸ਼ਹਿਦ ਹੋਣਾ।' ਸਦੀਕ ਨੇ ਕਿਹਾ।

—ਸ਼ਰਾਬ ਹੋਣੀ ਏਂ।' ਫੱਤੂ ਦੀ ਗੱਲ ਤੇ ਫੇਰ ਸਾਰੇ ਹੱਸ ਪਏ।

—ਮੀਰ ਜਾਦਿਆ ਤੂੰ ਈ ਖੋਹਲ ਇਹਨੂੰ। ਸ਼ਰਾਬ ਹੋਈ ਤਾਂ ਤੇਰੇ ਮੂੰਹ ਵਿਚ ਘੇ ਤੇ ਸ਼ਹਿਦ ਦੋਵੇਂ।' ਪਿਰਥੇ ਨੇ ਛੇੜਿਆ।

—ਸ਼ਰਾਬ ਆਖਣ ਲੱਗਿਆਂ ਧਾਅਨੂੰ ਸੱਪ ਸੁੰਘ ਜਾਂਦਾ।' ਫੱਤੂ ਨੇ ਕਿਹਾ ਤਾਂ ਹਾਸਾ ਹੋਰ ਉੱਚਾ ਹੋ ਗਿਆ।



ਜਦ ਫੱਤੂ ਨੇ ਦੋਹਣੀ ਉਪਰੋਂ ਆਟੇ ਨਾਲ ਚਿਪਕਾਇਆ ਢੱਕਣ ਪੱਟਿਆ ਤਾਂ ਚੁਫੇਰੇ ਤਿੱਖੀ ਗੰਧ ਫੈਲ ਗਈ।

—ਅਈ ਸ਼ਾਵਾ।' ਸਾਰਿਆਂ ਦੇ ਚਿਹਰੇ ਖਿੜ ਗਏ।

—ਅੱਜ ਆਵਣਗੇ ਕਾਬਲ ਕਸ਼ਮੀਰ ਦੇ ਹੁਲਾਰੇ। ਦਾਰੂ ਵੀ ਏ ਤੇ ਸੁੱਕੇ ਮੇਵੇ ਵੀ ਨੇ। ਅੱਲਾਹ ਨੇ ਗਾਜਰਾਂ ਵੀ ਭੇਜੀਆਂ ਤੇ ਨਾਲ ਖੁਰਪੀ ਵੀ ਭੇਜੀ ਊ।' ਚਾਂਭਲਿਆ ਫੱਤੂ ਕਾਹਲੀ ਨਾਲ ਹੱਥ ਰਗੜਣ ਲੱਗ ਪਿਆ।

—ਪਿਰਥਿਆ, ਕੋਈ ਪਿਆਲਾ ਕੌਲੀ ਲੱਭ ਬਈ।' ਦੁੱਲੇ ਨੇ ਖੂਹ ਵਲ ਨਜ਼ਰ ਮਾਰਦਿਆਂ ਕਿਹਾ।

—ਮੈਨੂੰ ਤਾਂ ਓਕ ਨਾਲ ਈ ਪਿਆ ਛੱਡੋ ਦੋ ਘੁੱਟਾਂ।' ਆਖਦਿਆਂ ਫੱਤੂ ਨੇ ਦੋਹਾਂ ਹੱਥਾਂ ਦਾ ਬੁੱਕ ਬਣਾ ਲਿਆ।

—ਸੰਭਲ ਕੇ ਪੀਣਾ ਇਹਨੂੰ। ਇਹ ਆਪਣੀ ਪਿੰਡੀ ਦੇ ਕਲਾਲ ਦਾ ਪਾਣੀ ਨਹੀਓਂ। ਬਾਦਸ਼ਾਹਾਂ ਦਰਬਾਰੀਆਂ ਦੇ ਵਰਤਣ ਵਾਲੀ ਸ਼ੈਅ ਆ।' ਦੁੱਲੇ ਨੇ ਖ਼ਬਰਦਾਰ ਕੀਤਾ।

ਇਹ ਤਾਂ ਬਾਅਦ 'ਚ ਪਤਾ ਲੱਗਸੀ, ਪਹਿਲਾਂ ਸੇਰ ਅੰਨ ਖਾਣ ਵਾਲਿਆਂ ਨੂੰ ਨਠਾਉਂਦਿਆਂ, ਉੱਡਦੀ ਧੂੜ ਜਿਹੜੀ ਸੰਘ 'ਚ ਅੜੀ ਬੈਠੀ ਆ, ਇਹਦੀ ਖੁਸ਼ਕੀ ਤਾਂ ਲਾਹੀਏ।' ਪਿਰਥੇ ਨੇ ਦੋਹਣੀ ਟੇਢੀ ਕਰਕੇ ਆਪਣਾ ਕੌਲਾ ਭਰਦਿਆਂ ਆਖਿਆ।

..............

ਥੋੜ੍ਹੇ ਚਿਰ ਵਿਚ ਹੀ ਸਾਰੇ ਜਣੇ ਸ਼ਰਾਬੀ ਹੋ ਗਏ।

ਬਾਹਰ ਤੇਜ਼ ਵਗਦੀ ਹਵਾ, ਝਿੜੀ ਦੇ ਰੁੱਖਾਂ ਵਿਚੋਂ ਦੀ ਲੰਘਦੀ ਇਸੇ ਤਰ੍ਹਾਂ ਦਾ ਰਾਗ ਪੈਦਾ ਕਰ ਰਹੀ ਸੀ, ਜਿਵੇਂ ਕਿਸੇ ਪੀਰ ਦੀ ਦਰਗਾਹ ਉੱਤੇ ਮੇਲੇ ਵੇਲੇ ਕੋਈ ਗਵੱਈਆ ਲੰਮੀ ਸੁਰੀਲੀ ਹੇਕ ਲਾ ਰਿਹਾ ਹੋਵੇ।

—ਦੁੱਲਿਆ ਮੇਰਿਆ ਬੀਰਿਆ, ਚੰਗੀਆਂ ਸ਼ੈਆਂ ਤਾਂ ਮੁਗਲੇਟੇ ਈ ਲੈ ਵੰਞਦੇ ਨੇ, ਸਾਡੇ ਹਿੱਸੇ ਤਾਂ ਛੱਪੜਾਂ ਦਾ ਪਾਣੀ ਆਂਦਾ ਊ।' ਨਸ਼ਾ ਸਦੀਕ ਦੇ ਉੱਪਰ ਦੀ ਪੈ ਰਿਹਾ ਸੀ, ਉਸਨੇ ਥੜ੍ਹੇ ਨਾਲ ਢੋਅ ਲਾ ਲਿਆ।

—ਮੁਗਲੇਟੇ ਤਾਂ ਪੰਜਾਬ 'ਚ ਇਉਂ ਲਗੇ ਫਿਰਦੇ ਨੇ, ਜਿਵੇਂ ਏਥੇ ਈ ਜੰਮੇ ਜਾਏ ਹੋਣ।' ਰਮਜ਼ਾ ਬੋਲਿਆ।

—ਇਹਨਾਂ ਨੂੰ ਭਾਜੜਾਂ ਪਾਈਏ ਨਾ ਕਦੀ....।'

—ਜੰਮੂਗਾ ਕੋਈ ਰਾਠ...., ਪਾਊਗਾ ਭਾਜੜਾਂ....।'

—ਸੁਆਹ ਪਾਊਗਾ ਭਾਜੜਾਂ। ਮੈਂਢਾ ਚਾਚਾ ਜਲਾਲਦੀਨ ਵੇਖ ਲਉ, ਕੀ ਪੁੱਠੀ ਮੱਤ ਵਗੀ ਆ ਉਹਨੂੰ। ਕਦੇ ਲਾਹੌਰ, ਕਦੇ ਦਿੱਲੀ ਚੁਗਲੀਆਂ ਖਾਵਣ ਤੁਰਿਆ ਰਹਿੰਦਾ।'....ਹਨੇਰੇ ਵਿਚ ਦੁੱਲੇ ਦੇ ਚਿਹਰੇ ਉਪਰ ਆਈ ਘ੍ਰਿਣਾ ਉਸਦੇ ਬੇਲੀਆਂ ਨਹੀਂ ਵੇਖੀ।

—ਤੇਰੇ ਚਾਚੇ ਨਾਲ ਵੀ ਕਰਾਂਗੇ ਵਹੀ-ਖਾਤੇ ਸਾਵੇਂ ਹਿੱਕ ਦਿਨ।' ਕਾਣਾ ਸੈਦਾ ਕਦੇ ਕਦੇ ਬੋਲਦਾ ਸੀ, ਪਰ ਗੱਲ ਬੜੀ ਤਿੱਖੀ ਕਰਦਾ ਸੀ।

—ਆਪਾਂ ਮਾਲ ਟਿਕਾਣੇ ਲਾਈਏ। ਦਿਨੇ ਆਪਾਂ ਲੋੜ ਵਾਲਿਆਂ ਘਰਾਂ 'ਚ ਵੰਡ ਘਤਣਾ ਈ।' ਆਖ ਕੇ ਦੁੱਲਾ ਉੱਠ ਖੜ੍ਹਾ ਸੀ।

—ਮੈਂ ਤਾਂ ਏਥੇ ਥੜ੍ਹੇ 'ਤੇ ਸੌਂ ਰਹਿਣਾ—।' ਸ਼ੱਲਾ ਟੁੰਡਾ ਉਥੇ ਈ ਟੇਡਾ ਹੋ ਗਿਆ ਸੀ।.......

—ਦਰਿਆ ਦੇ ਪਰਲੇ ਕੰਢੇ ‘ਛਲਪਕ–ਛਲਪਕ’ ਸੁਣੀ ਤਾਂ ਦੁੱਲੇ ਦੀਆਂ ਅੱਖਾਂ ਅੱਗੋਂ ਅੱਗਿਓਂ ਝਨਾਂ ਦੇ ਪਾਣੀਆਂ ਉਪਰ ਤੈਰਦਾ ਦ੍ਰਿਸ਼ ਓਝਲ ਹੋ ਗਿਆ। ਉਸਨੇ ਆਸ ਪਾਸ ਵੇਖਿਆ। ਸੁੰਨ ਸਰਾਂ ਸੀ। ਉਸਨੇ ਇਕ ਵਾਰ ਫੇਰ ਧੌਣ ਪਿਛਾਂਹ ਸੁੱਟ ਕੇ ਅੱਖਾਂ ਮੀਚ ਲਈਆਂ। ਮਨ ਅੱਜ ਡਾਹਢਾ ਬੇਚੈਨ ਸੀ। ਮਾਂ ਦੀਆਂ ਆਖੀਆਂ ਸੁਣਾਈਆਂ ਗੱਲਾਂ ਅਜੇ ਵੀ ਕੰਨਾਂ ਵਿਚ ਉਵੇਂ ਗੂੰਜ ਰਹੀਆਂ ਸਨ, ਪਰ ਬੀਤੇ ਦੀਆਂ ਬੇਪਰਵਾਹੀਆਂ ਵੀ ਖਹਿੜਾ ਵੀ ਨਹੀਂ ਸਨ ਛੱਡ ਰਹੀਆਂ।.....

ਜਿਸ ਦਿਨ ਰਾਹਗੀਰ ਲੁੱਟੇ ਸਨ ਤੇ ਝਿੜੀ ਵਿਚ ਸਾਰੇ ਜਣੇ ਸ਼ਰਾਬੀ ਸਨ, ਓਸ ਰਾਤ ਦਾ ਇਕ ਇਕ ਪਲ ਯਾਦ ਹੈ ਉਸਨੂੰ।....

....ਜਦੋਂ ਟਿਕੀ ਰਾਤ ਘਰ ਆਇਆ ਸਾਂ, ਮਾਂ ਲੱਧੀ ਅਤੇ ਫੁੱਲਰਾਂ ਜਾਗ ਰਹੀਆਂ ਸਨ..। ਮੈਂ ਪੋਲੇ ਪੈਰੀਂ ਸ਼ਹਿ ਕੇ ਤੁਰਨ ਲੱਗਾ ਤਾਂ ਮਾਂ ਨੇ ਆਖਿਆ ਸੀ—‘ਹੁਣ ਤੂੰ ਆਪਣੀ ਮਾਂ ਨੂੰ ਚੁਸਤੀਆਂ ਵਖਾਨਾਂ ਏਂ ?’....ਮੇਰੇ ਕੋਲੋਂ ...ਮੈਂ.....ਮੈਂ....ਈ ਨਿਕਲੀ ਸੀ, ਮੇਰੀ ਤਾਂ ਜੀਭ ਈ ਆਖੇ ਨਹੀਂ ਸੀ ਲੱਗਣ ਡਹੀ।.......

—ਏਧਰ ਆ। ਮਾਂ ਨੇ ਹੁਕਮ ਸੁਣਾਇਆ ਸੀ। ਮੈਂ ਲਾਗੇ ਹੋਇਆ ਤਾਂ ਦੀਵੇ ਦੀ ਲੋਅ ਵਿਚ ਮਾਂ ਮੇਰੇ ਵੱਲ ਵੇਂਹਦੀ ਹੀ ਰਹਿ ਗਈ....‘ਵੇ ਸੁਹਣਿਆਂ, ਤੂੰ ਤੇ ਮੈਨੂੰ ਸਾਵਾਂ ਏਦਾਂ ਲਗਨਾਂ ਏ, ਜਿਵੇਂ ਤੇਰਾ ਪਿਉ ਧਰਤੀ ਵਿਚੋਂ ਉੱਗ ਖੜ੍ਹਿਆ ਹੋਵੇ। ਓਹੀ ਕੱਦ–ਕਾਠ, ਓਹੀ ਚੌੜੀ ਛਾਤੀ, ਲੰਮੀਆਂ ਬਾਹਾਂ.....ਮਾਸ਼ਾ...ਅੱਲਾਹ।’ ਮਾਂ ਨੇ ਉੱਪਰ ਵਲ ਹੱਥ ਜੋੜੇ ਸਨ, ਫਿਰ ਕਿਹਾ ਸੀ—‘ਤੂੰ ਹੁਣ ਬੱਚਾ ਨਹੀਂ ਰਿਹਾ। ਖ਼ੁਦ ਬੱਚਿਆਂ ਵਾਲੜਾ ਏਂ। ਏਹ ਤਰ੍ਹਾਂ ਕੁਵੇਲੇ ਬਾਹਰ ਝੱਲਾਂ ਵਿਚ ਭੌਂਦੇ ਫਿਰਨਾ......।’

ਮੈਂ ਕੀ ਆਖਦਾ, ਮੇਰੀ ਤਾਂ ਨੀਵੀਂ ਪੈ ਗਈ ਸੀ।

ਮਾਂ ਬੋਲੀ ਸੀ—‘ਸਭ ਜਾਣਨੀ ਆਂ। ਤੈਨੂੰ ਢਿੱਡੋਂ ਜੰਮਿਆ ਈ। ਸਲੇਮੋ ‘ਅੱਬਾ ਅੱਬਾ’ ਕਰਦੀ ਫਿਰਦੀ ਏ, ਬਖ਼ਤੋ, ਨੂਰਾ, ਕਦੀ ਉਹਨਾਂ ਨੂੰ ਪਿਊਆਂ ਵਾਂਗ ਲਡਾਇਆ ਈ ? ਫੁੱਲਰਾਂ ਅੱਡ ਦੁਖੀ ਏ। ਤੈਨੂੰ ਆਪਣੇ ਟੱਬਰ ਦਾ ਫ਼ਿਕਰ ਕਾਈ ਨਊਂ। ਆਪਣਾ ਟੱਬਰ ਪਾਲ ਲੈ ਸਹੁਣਿਆਂ। ਚੋਖਾ ਮਾਲ ਡੰਗਰ ਈ, ਪੈਲੀਆਂ–ਖੇਤ–ਬੰਨੇ ਹੈਗੇ ਨੇ। ਲੁੱਟਾਂ ਖੋਹਾਂ ਨਾਲ ਹਯਾਤੀਆਂ ਥੋੜਾ ਈ ਨਿਕਲਦੀਆਂ ਨੇ।’

—ਚਾਚੇ ਜਲਾਲਦੀਨ ਦੀਆਂ ਚੁਗਲੀਆਂ ਹੋਈਆਂ ਲਗਦੀਆਂ ਨੇ ਮਾਂ।’ ਮੈਂ ਕਿਹਾ ਸੀ।

—ਚੁਗਲੀਆਂ ਕੋਈ ਏਦਾਂ ਨਊਂ ਕਰਦਾ ਦੁੱਲਿਆ। ਕੋਈ ਖੰਭ ਡਿੱਗਦਾ ਈ, ਤਾਂ ਈ ਪਤਾ ਲਗਦਾ ਏ ਏਧਰੋਂ ਪੰਖੀਆਂ ਦੀ ਡਾਰ ਲੰਘੀ ਏ। ਆਪਣੇ ਪਿਉ ਦਾਦੇ ਦਾ ਨਾਂ ਦਾਗ਼ੀ ਕਰੇਂਗਾ ਪੁੱਤਰਾ। ਪਿੰਡੀ ’ਚ ਬਥੇਰੇ ਲਾਹੌਰ ਦਰਬਾਰ ਦੇ ਸੂਹੀਏ ਫਿਰਦੇ ਨੇ। ਆਪਣੇ ਮੁੱਲਾਂ ਤੇ ਬ੍ਰਾਹਮਣ ਦਾ ਲਾਹੌਰ ਬੜਾ ਆਵਣ ਜਾਵਣ ਏ। ਮੈਂ ਸੁਣਿਆ ਈ ਤੂੰ ਉਹਨਾਂ ਨੂੰ ਵੀ ਠੁੱਠ ਵਿਖਾਨਾਂ ਏਂ। ਕੋਈ ਕਜੀਆ ਖੜ੍ਹਾ ਕਰਨਗੇ।’

—ਕਜੀਆ ਖੜ੍ਹਾ ਕਰਨਗੇ ਤਾਂ ਮਾਂ ਸਮਝ ਲੈ, ਉਹਦਾ ਤਾਂ ਕਾਲ ’ਵਾਜਾਂ ਮਾਰਦਾ ਈ। ਜਦ ਤੂੰ ਮੈਨੂੰ ਪੜ੍ਹਨੇ ਪਾਇਆ ਸੀ, ਮੈਂ ਤਾਂ ਉਦੋਂ ਈ ਉਹਦਾ ਕੰਮ ਤਮਾਮ ਕਰਨ ਲੱਗਾ ਸਾਂ, ਪਿਰਥੇ ਨੇ ਹੋੜ ਲਿਆ ਸੀ।.....ਤੇ ਉਹ ਬ੍ਰਾਹਮਣ ਕੁਫ਼ਰ ਤੋਲ ਕੇ ਪਿੰਡੀ ਵਾਲਿਆਂ ਨੂੰ



ਠੱਗਦਾ ਫਿਰਦਾ ਈ। ਹਾਜੀ ਮੀਆਂ ਚਿਰਾਗ਼ ਦੀਨ ਇਕ ਦਿਨ ਆਖਣ ਡਿਹਾ ਸੀ,—ਇਹ ਬ੍ਰਾਹਮਣ ਬੜੀ ਸ਼ਾਤਰ ਤੇ ਮੌਕਾਪ੍ਰਸਤ ਜਮਾਤ ਹੁੰਦੀ ਏ, ਆਪ ਲੜਾਈ ਤੋਂ ਭੱਜਦੇ ਨੇ ਤੇ ਦੂਇਆਂ ਨੂੰ ਲੜਾਈ ’ਚ ਧੱਕਦੇ ਨੇ। ਏਸ ਬ੍ਰਾਹਮਣ ਨੂੰ ਤਾਂ ਸ਼ੱਲਾ ਟੁੰਡਾ ਈ ਕਾਫ਼ੀ ਏ। ਇਹਨੂੰ ਵੀ ਸਬਕ ਪੜ੍ਹਾਣਾ ਪੈਣਾ ਈ ਇਕ ਦਿਨ।’

—ਕੈਹਨੂੰ ਕੈਹਨੂੰ ਸਬਕ ਪੜ੍ਹਾਏਂਗਾ ਦੁੱਲਿਆ।’—ਮਾਂ ਨੇ ਦੁਖੀ ਹੁੰਦਿਆਂ ਕਿਹਾ ਸੀ, ਸਿਰ ’ਤੇ ਪਿਉ ਨਹੀਓਂ। ਰੰਡੇਪਾ ਕੱਟ ਕੇ ਮੈਂ ਤੈਨੂੰ ਪਾਲਿਆ ਈ, ਤੇਰਾ ਨਿਕਾਹ ਕੀਤਾ ਤੇ ਹੁਣ ਚਾਰ ਦਿਹਾੜੇ ਸੁੱਖ ਦੇ ਵੇਖਣੇ ਸਨ ਤਾਂ ਮਰਣ–ਮਰਾਵਣ ਦੀਆਂ ਗੱਲਾਂ ਕਰਨਾ ਏਂ। ਸਾਊਆ ਕੋਈ ਕਾਰ ਵਿਹਾਰ ਤਾਂ ਕਰਨਾ ਆਂਦਾ ਈ ਨਹੀਂ ਤੈਨੂੰ। ਲਾਹੌਰ ਤੁਰ ਜਾਹ, ਮੈਨੂੰ ਬਾਤਸ਼ਾਹ ਜ਼ਬਾਨ ਦਿੱਤੀ ਊ—ਦੁੱਲਾ ਜਦ ਚਾਹੇ ਆ ਜਾਵੇ। ਸ਼ਾਹੀ ਦਰਬਾਰ ਦੇ ਲੋਕਾਂ ਨਾਲ ਤੇਰਾ ਅਸਰ–ਰਸੂਖ ਵਧੇਗਾ।’

ਮੈਂ ਆਖਿਆ ਸੀ—‘ਸ਼ਾਹੀ ਦਰਬਾਰ ਵਿਚ ਮੇਰਾ ਅਸਰ–ਰਸੂਖ ਤਾਂ ਚਾਚੇ ਨੇ ਈ ਬੜਾ ਵਧਾ ਦਿੱਤਾ ਈ ਮਾਂ।’

—ਕੌਣ ਚਾਚਾ ?’ ਪੁੱਛਦਿਆਂ ਮੈਂ ਜਾਣ ਗਿਆਂ ਸਾਂ ਮਾਂ ਡਰ ਗਈ ਏ।

—ਕਿੰਨੇ ਕੁ ਚਾਚੇ ਨੇ ਮੇਰੇ ?’ ਮੈਂ ਪੁੱਛਿਆ ਸੀ ਤਾਂ ਮਾਂ ਆਪ ਹੀ ਬੋਲ ਪਈ ਸੀ;

—ਤੂੰ ਜਲਾਲਦੀਨ ਦੀ ਗੱਲ ਕਰਨਾ ਪਿਐਂ ?’ ਉਹ ਦਰਬਾਰੀ ਪਿੱਠੂ ਏ ਪੁੱਤਰ। ਜੀ ਹਜ਼ੂਰੀਆ। ਉਹਦੀਆਂ ਗੱਲਾਂ ਵੱਲ ਬਹੁਤਾ ਨਾ ਜਾਇਆ ਕਰ।’.... ਫਿਰ ਮਾਂ ਨੇ ਝੱਟ ਵਿਚ ਸੁਰ ਬਦਲਦਿਆਂ ਫੁੱਲਰਾਂ ਨੂੰ ਹਾਕ ਮਾਰੀ ਸੀ—‘ਫੁੱਲਰਾਂ ਰੋਟੀ ਪਾ ਲਿਆ।’ ਫਿਰ ਮੇਰੀ ਕੰਡ ਪਲੋਸਦਿਆਂ ਕਿਹਾ ਸੀ—‘ਪੁੱਤਰ ਅੱਜ ਮੁਰਗੀ ਦਾ ਗੋਸ਼ਤ ਰਿੰਨ੍ਹਿਆ ਈ।’

—ਜਦ ਵੀ ਚਾਚੇ ਦੀ ਜਾਂ ਪਿਉ ਦੀ ਗੱਲ ਤੁਰਦੀ ਸੀ, ਜਦ ਵੀ ਤਖ਼ਤ ਲਾਹੌਰ ਬਾਰੇ ਕੁਝ ਪੁੱਛਦਾ ਸਾਂ, ਮਾਂ ਗੱਲਾਂ ਨੂੰ ਹੋਰ ਪਾਸੇ ਗੇੜਾ ਦੇ ਜਾਂਦੀ ਸੀ। ਸ਼ੱਕ ਤੇ ਸੀ, ਮਾਂ ਮੇਰੇ ਕੋਲੋਂ ਕੁਝ ਛੁਪਾਉਂਦੀ ਰਹਿੰਦੀ ਏ। ਉਸ ਰਾਤ ਵੀ ਮੈਂ ਸੁੱਤਾ ਨਹੀਂ ਸਾਂ। ਨਸ਼ਾ ਵੀ ਸੀ ਤਾਂ ਵੀ ਨੀਂਦਰ ਨਹੀਂ ਪਈ।.....ਨੰਦੀ ਦੇ ਮੇਹਣੇ, ਚਾਚੇ ਜਲਾਲਦੀਨ ਦੀਆਂ ਬੋਲੀਆਂ ਈ ਯਾਦ ਆਉਂਦੀਆਂ ਰਹੀਆਂ। ਨੰਦੀ ਹਰ ਵੇਰ ਆਖਦੀ, ਨਿਸ਼ਾਨੇ ਲਾਵਣੇ ਨੇ ਤਾਂ ਉਹਨਾਂ ਦੇ ਸਿਰਾਂ ਦੇ ਲਾ। ਚਾਚਾ ਆਖਦਾ, ਮੱਥਾ ਲਾਉਣਾ ਈ ਤਾਂ ਲਾਹੌਰ ਨਾਲ ਲਾ।’ ਮਾਂ ਨੂੰ ਪੁਛਨਾਂ ਸਾਂ ਤਾਂ ਕੋਈ ਲੜ ਨਹੀਂ ਸੀ ਫੜਾਂਦੀ.....

.....ਤੇ ਹੁਣ ਜਾਕੇ ਮਾਂ ਨੇ ਧੂੰਆਂ ਧੁਖ਼ਣ ਦਿੱਤਾ ਈ.....

ਦੁੱਲੇ ਨੇ ਲੰਮਾ ਸਾਹ ਭਰਿਆ। ਵੇਖਿਆ, ਹਿਰਨਾਂ ਦਾ ਜੋੜਾ ਪਤਾ ਨਹੀਂ ਕਿਧਰ ਚਲਿਆ ਗਿਆ। ਹਨੇਰਾ ਪਹਿਲਾਂ ਨਾਲੋਂ ਹੋਰ ਸੰਘਣਾ ਹੋ ਗਿਆ ਸੀ। ਉਸਨੂੰ ਦੂਰੋਂ ਕੋਈ ਆਵਾਜ਼ਾਂ ਸੁਣੀਆਂ:

—ਦੁੱਲਿਆ, ਓ ਦੁੱਲਿਆ....ਆ....।’ ਹਾਕਾਂ ਮਾਰਦੇ ਜਣੇ ਏਧਰ ਦਰਿਆ ਵੱਲ ਆ ਰਹੇ ਸਨ।

ਦੁੱਲਾ ਉੱਠ ਕੇ ਉਹਨਾਂ ਵੱਲ ਤੁਰਨ ਲੱਗਾ। ਆਵਾਜ਼ਾਂ ਦੀ ਪਛਾਣ ਆ ਗਈ ਸੀ। ਉਹ ਛੇਤੀ ਮਿਲ ਪਏ। ਰੂੜੇ ਨੇ ਬਿਲਕੁਲ ਨੇੜੇ ਆਉਂਦਿਆਂ ਉਸਦੇ ਮੋਢੇ ਉਪਰ ਹੱਥ ਰਖਦਿਆਂ ਆਖਿਆ; ‘ਅੰਮਾਂ ਦੀਆਂ ਦੱਸੀਆਂ, ਮਨ ’ਤੇ ਨਾ ਲਾ ਦੁੱਲਿਆ। ਅਸੀਂ ਸਾਰੇ ਤੇਰੀਆਂ ਬਾਹਾਂ ਬਣੇ ਹੋਏ ਆਂ।’

—ਕਦੋਂ ਦੇ ਲੱਭਦੇ ਪਏ ਆਂ ਤੈਨੂੰ, ਬਿਨ ਦੱਸਿਆਂ ਆ ਗਿਆ ਏਧਰ।' ਪਿਰਥੇ ਦੇ ਗੁੱਸੇ ਵਿਚ ਮੋਹ ਸੀ।

—ਫੱਤੂ ਮਸ਼ਕ ਲੈ ਆਇਆ ਈ, ਸਾਰੇ ਤੈਨੂੰ 'ਡੀਕਣ ਡਹੇ ਆਂ।'

ਦੁੱਲਾ ਖੜ੍ਹ ਗਿਆ। ਕੁਝ ਪਲ ਪਿਰਥੇ ਅਤੇ ਰੂੜੇ ਵੱਲ ਵੇਖਦਾ ਰਿਹਾ। ਰੋਣ ਰੋਣ ਕਰਦਾ ਬੋਲਿਆ,—'ਮਾਂ ਨੇ ਮੇਰੇ ਨਾਲ ਵਰ੍ਹਿਆਂ 'ਤੋਂ ਠੱਗੀ ਮਾਰੀ ਊ ਭਰਾਵੋ। ਮੇਰੀ ਜੁਆਨੀ ਮਿੱਟੀ ਹੋ ਗਈ....।' ਤੇ ਉਹ ਰੂੜੇ ਦੇ ਮੋਢੇ ਲੱਗ ਗਿਆ। ਉਸਦੀਆਂ ਭੁੱਬਾਂ ਨਿਕਲ ਗਈਆਂ।

ਏਸ ਵੇਲੇ ਫੱਤੂ ਮਿਰਾਸੀ ਦੌੜਦਾ ਸਾਹੋ ਸਾਹ ਹੋਇਆ ਉਹਨਾਂ ਕੋਲ ਆਇਆ। ਸਾਰੇ ਹੈਰਾਨ ਰਹਿ ਗਏ। ਦੁੱਲਾ ਵੀ ਸੰਭਲ ਗਿਆ।

—ਅੰਮਾਂ ਲੱਧੀ ਅੰਬਾਂ ਵਾਲੇ ਖੂਹ 'ਤੇ ਆਈ ਬੈਠੀ ਏ—।' ਜਦ ਫੱਤੂ ਨੇ ਦੱਸਿਆ ਤਾਂ ਸਾਰੇ ਕਾਹਲੀ ਕਾਹਲੀ, ਝਿੜੀ ਵੱਲ ਤੁਰ ਪਏ।



## 5.

ਉਸ ਰਾਤ ਲੱਧੀ ਦੁੱਲੇ ਨੂੰ ਘਰ ਲੈ ਆਈ। ਆਪਣੇ ਸਾਹਮਣੇ ਬਿਠਾ ਕੇ ਰੋਟੀ ਖੁਆਈ। ਭਾਵੇਂ ਉਹ ਦੁੱਲੇ ਦੇ ਮੋਢੇ.....ਕੰਡ ਪਲੋਸਦੀ ਰਹੀ, ਪਰ ਦੁੱਲੇ ਦੇ ਮੱਥੇ ਵਿਚੋਂ ਤਿਊੜੀਆਂ ਨਹੀਂ ਗਈਆਂ। ਹਰ ਬੁਰਕੀ ਉਸਦੇ ਮੂੰਹ ਵਿਚ ਫੁੱਲਦੀ ਰਹੀ। ਧੱਕੇ ਨਾਲ ਅੱਧ-ਪਚੱਧ ਖਾਕੇ, ਉਹ ਆਪਣੇ ਮੰਜੇ ਉੱਪਰ ਜਾ ਪਿਆ।

ਕਿੰਨੀ ਹੀ ਦੇਰ ਤੱਕ ਲੱਧੀ ਆਪਣੇ ਕਲੇਜੇ ਉਪਰ ਹੱਥ ਰੱਖ ਕੇ ਖੜ੍ਹੀ ਰਹੀ, ਫਿਰ ਉਹ ਵੀ ਕਮਰਿਆਂ ਦੇ ਬਾਹਰ ਬਰਾਮਦੇ ਵਿਚ ਮੰਜਾ ਡਾਹਕੇ ਲੇਟ ਗਈ। ਨੀਂਦ ਪਤਾ ਨਹੀਂ ਕਿਧਰ ਉੱਡ ਗਈ, ਉਹ ਲਗਾਤਾਰ ਜਾਗਦੀ ਰਹੀ। ਬਥੇਰਾ ਅੱਖਾਂ ਮੀਚਦੀ, ਉਸਨੂੰ ਬੜਾ ਕੁਝ ਭਿਆਨਕ ਦਿੱਸਣ ਲਗਦਾ, ਡਰਾਉਣਾ, ਲੜਾਈਆਂ, ਲਹੂ, ਚੀਕਾਂ। ਉਹ ਘਬਰਾ ਕੇ ਅੱਖਾਂ ਖੋਹਲ ਦਿੰਦੀ। ਫਿਰ ਅਸਮਾਨ ਵਿਚ ਟਿਮਟਮਾਉਂਦੇ ਤਾਰਿਆਂ ਵੱਲ ਤੱਕਣ ਲੱਗੀ.....ਉਸਨੂੰ ਤਾਰਿਆਂ ਵਿੱਚ ਦੁੱਲੇ ਦਾ ਪਿਉ ਦਿਸਿਆ। ਉੱਧਰ ਇਕ ਟੱਕ ਵੇਖਦੀ, ਉਹ ਦੁੱਲੇ ਦੇ ਅੱਬਾ ਨਾਲ ਗੱਲੀਂ ਪੈ ਗਈ.....'ਭਲਾ ਕਿੰਨਾ ਕੁ ਚਿਰ ਇਹ ਭੇਤ ਬਣਿਆ ਰਹਿੰਦਾ? ਕਦੇ ਤਾਂ ਇਹਨੂੰ ਪਤਾ ਲੱਗਣਾ ਈ ਸੀ। ਮੈਂ ਨਾ ਦੱਸਦੀ ਕੋਈ ਹੋਰ ਦੱਸ ਦਿੰਦਾ। ਸ਼ਰੀਕਾਂ ਈ ਦੱਸ ਦੇਣਾ ਸੀ।......ਉਹ ਸਫਾਈਆਂ ਦੇਣ ਲੱਗੀ।..... ਮੈਂ ਕੀ ਕਰਾਂ, ਤੇਰਾ ਪੁੱਤ ਤਾਂ ਤੇਰੇ ਨਾਲੋਂ ਵੀ ਡਾਹਢਾ ਈ, ਪਿੰਡ ਦੇ ਸਾਰੇ ਹਾਣੀਆਂ ਨਾਲੋਂ ਉੱਤੋਂ ਦੀ ਊ। ਅੜਬ ਵੀ ਬੜਾ ਈ। ਏਸੇ ਕਰਕੇ ਚੌਧਰੀਆਂ ਦੀਆਂ ਅੱਖਾਂ ਵਿਚ ਰੜਕਦਾ ਈ। ਮੈਂ ਤਾਂ ਇਹਦਾ ਨਿਕਾਹ ਵੀ ਝੱਟ ਕਰ ਦਿੱਤਾ, ਸੋਚਿਆ ਸਾਈ, ਇਸ ਪਾਸਿਓਂ ਮੁੜ ਪਏਗਾ। ਆਪਣੇ ਬਾਲ-ਬੱਚਿਆਂ 'ਚ ਪਰਚਿਆ ਰਹੇ। ਮੇਹਰੂ ਤਾਂ ਪੱਕਾ ਪੋਸਤੀ ਏ। ਨਸ਼ਾ ਮਿਲਦਾ ਏ ਤਾਂ ਜੀ ਉੱਠਦਾ ਏ ਨਹੀਂ ਤਾਂ.....।' ਕੀ ਕਹਾਂ, ਮਾਂ ਹਾਂ ਨਾ, ਜੀਭ 'ਤੇ ਮਾੜੇ ਬੋਲ ਆਂਦੇ ਈ ਨਊਂ। ਏਹੀਓ ਦੁੱਲਾ ਏ, ਜਿਸ ਖ਼ਾਨਦਾਨ ਅੱਗੇ ਤੋਰਨਾ ਏ। ਤੋਰਿਆ ਵੀ ਏ। ਨੂਰਾ ਵੀ ਗੱਭਰੂ ਨਿਕਲਿਆ ਈ ਅੱਲਾਹ ਦੀ ਮੇਹਰ ਨਾਲ। ਹੁਣ ਤੇ ਉਹਦਾ ਨਿਕਾਹ ਵੀ ਬੱਝਣ ਲੱਗਾ ਏ।......ਘਰ 'ਚ ਖੁਸ਼ੀਆਂ ਆਣੀਆਂ ਹਨ। ਪਰ ਦੁੱਲਾ ਤਾਂ ਅੱਜ ਭੂਏ ਚੜ੍ਹਿਆ ਹੋਇਆ ਸੂ। ਜਦ ਦਾ ਪਤਾ ਲੱਗਾ ਈ ਧਾਅਡੇ ਨਾਲ ਕੀ ਹੋਈਆਂ ਬੀਤੀਆਂ, ਤਦ ਦਾ ਗੁੰਮ ਸੁੰਮ ਈ ਹੋਇਆ ਫਿਰਦਾ। ਡਰਨੀ ਆਂ ਤੇਰੇ ਵਾਲੇ ਰਾਹ ਤੁਰ ਪਿਆ ਤਾਂ.....।' ਲੱਧੀ ਨੇ ਵੇਖਿਆ-ਇਕ ਤਾਰਾ ਟੁੱਟਕੇ ਲੰਮੀ ਚਮਕਦੀ ਲੀਕ ਛੱਡਦਾ ਬੁੱਝ ਗਿਆ। ਉਸਨੇ ਹੇਠਾਂ ਥੁੱਕਿਆ......'ਅੱਲਾਹ-ਤਾਲਾ ਮਿਹਰ ਕਰੀਂ।'

.......ਉਹ ਫੇਰ ਗੱਲਾਂ ਕਰਨ ਲੱਗੀ: 'ਤੁਸਾਂ ਨੂੰ ਤਾਂ ਗੋਰ ਵੀ ਨਸੀਬ ਨਹੀਂ ਹੋਈ। ਕਿਥੇ ਚਿਰਾਗ਼ ਬਾਲਾਂ? ਮੈਂ ਤਾਂ ਜਾਣਨੀ ਆਂ ਬਾਤਸ਼ਾਹਾਂ ਨਾਲ ਟੱਕਰ ਲੈਣ ਦਾ ਹਸ਼ਰ ਕੀ ਹੁੰਦਾ ਵੇ। ਪੁੱਤਰ ਨੂੰ ਕਿਵੇਂ ਮੋੜਾਂ। ਬਾਤਸ਼ਾਹੀਆਂ ਬੜੀਆਂ ਜ਼ਾਲਮ ਹੁੰਦੀਆਂ ਨੀ। ਏਸੇ ਲਈ ਝੂਰਨੀ ਪਈ ਆਂ। ਪਹਿਲਾਂ ਤੈਨੂੰ ਏਸ ਰਾਹੋਂ ਨਾ ਹੋੜ ਸਕੀ, ਤੈਅਨੂੰ ਗੰਵਾ ਲਿਆ, ਹੁਣ ਪੁੱਤਰ ਗਵਾ ਬਹਿਸਾਂ। ਆਪਣਾ ਤਾਂ ਖ਼ਾਨਦਾਨ ਈ ਘੱਟੇ 'ਚ ਰੁਲ ਜਾਣਾ। ਹੁਣ ਸੋਚਨੀ ਆਂ, ਮਾਪਿਆਂ ਨੇ ਤੇਰੇ ਵਰਗੇ ਰਾਠ ਨਾਲ ਕਾਹਨੂੰ ਤੋਰਿਆ। ਨਾ ਖਾ ਵੇਖਿਆ, ਨਾ ਹੰਢਾ ਵੇਖਿਆ। ਏਥੇ ਤਾਂ ਆਪਣੇ ਮਾਮਲੇ ਨਹੀਓਂ ਨਜਿੱਠੇ ਜਾਂਦੇ। ਤੂੰ ਅਰ ਤੇਰਾ ਪਿਊ ਅਕਬਰ ਨਾਲ ਮੱਥਾ

ਲਾ ਬੈਠੇ। ਹੁਣ ਤੇਰਾ ਪੁੱਤ ਆ ਗਿਆ ਈ ਉਹਨਾਂ ਲੱਛਣਾਂ 'ਤੇ। ਕਿਵੇਂ ਹੋੜ ਕੇ ਰੱਖਾਂ ਉਸਨੂੰ....? ਲੱਧੀ ਦਾ ਦੁੱਖ ਸਮਝਨਾ ਏ ਨਾ? ਵੇਖਦਾ ਪਿਆ ਏ ਨਾ? ਜਾਣਨਾ ਏਂ, ਰੰਡੀ ਮਾ ਨੂੰ ਕਿਵੇਂ ਪਾਲਣੇ ਪੈਂਦੇ ਨੀ ਪੁੱਤਰ?......ਲੱਧੀ ਨੂੰ ਪਤਾ ਹੀ ਨਹੀਂ ਚੱਲਿਆ, ਕਦੋਂ ਅੱਖਾਂ ਵਿਚੋਂ ਅੱਥਰੂ ਵਹਿਣ ਲੱਗ ਪਏ।

ਉਸਨੂੰ ਕਦਮਾਂ ਦੀ ਆਹਟ ਸੁਣੀ, ਕੋਈ ਉਸ ਵੱਲ ਆ ਰਿਹਾ ਸੀ। ਉਸਨੇ ਝੱਟ ਅੱਖਾਂ ਪੂੰਝ ਲਈਆਂ। ਵੇਖਿਆ,—ਦੁੱਲਾ ਸਿਰਹਾਣੇ ਖੜ੍ਹਾ ਹੈ। ਲੱਧੀ ਦਾ ਅੰਦਰ ਕੰਬਿਆ, ਕਾਹਲੀ ਨਾਲ ਉੱਠ ਬੈਠੀ—'ਕੀ ਗੱਲ ਵੇ ਪੁੱਤਰ, ਨੀਂਦਰ ਨਹੀਂ ਪੈਂਦੀ?'

—ਤੂੰ ਵੀ ਤੇ ਨਹੀਂ ਸੁੱਤੀ ਮਾਂ।' ਆਖਦਿਆਂ ਦੁੱਲਾ ਪੈਂਦ ਵਾਲੇ ਪਾਸੇ ਬਹਿ ਗਿਆ।

—ਪੁੱਤਰ ਜਾਗਦੇ ਹੋਵਣ ਤਾਂ ਮਾਵਾਂ ਨੂੰ ਕਦੋਂ ਨੀਂਦ ਪੈਂਦੀ ਏ।' ਲੱਧੀ ਨੇ ਹਾਉਕਾ ਲਿਆ।

—ਮਾਂ ਇੱਕ ਗੱਲ ਮੇਰੀ ਹਿੱਕ 'ਚ ਕੰਡੇ ਵਾਂਗ ਪੁੜੀ ਪਈ ਏ.....।'

—ਬੋਲ ਨਾ ਪੁੱਤ ਵੇ......।'

—ਏਨੇ ਵਰ੍ਹੇ ਮੈਨੂੰ 'ਨ੍ਹੇਰੇ ਵਿਚ ਕਿਉਂ ਰੱਖਿਆ ਮਾਂ?'

—ਇੰਜ ਨਾ ਆਖ ਦੁੱਲਿਆ। ਮੈਂ ਤੈਨੂੰ ਹਥੇਲੀ ਦੇ ਫੋੜੇ ਵਾਂਗ ਸਾਂਭਿਆ ਈ।'

—ਮਾਂ ਕੁਫ਼ਰ ਆਖ਼ਨੀ ਐਂ ਮੇਰੇ ਅੱਗੇ। ਇੱਕ ਦਿਨ ਜਦ ਨੂਰਾ ਨਗਾਰਾ ਬਾਹਰ ਖਿੱਚ ਲਿਆਇਆ ਸਈ, ਓਸ ਦਿਨ ਵੀ ਤੂੰ ਆਖਿਆ ਸਈ,—ਨੂਰਿਆ ਇਹਨੂੰ ਚੋਟ ਨਾ ਮਾਰੀਂ, ਮੇਰਾ ਕਲੇਜਾ ਫੜਕਦਾ ਪਿਆ। ਆਖਿਆ ਸਈ ਨਾ?'

—ਆਖਿਆ ਤਾਂ ਸਈ ਪੁੱਤਰ।' ਮਾਂ ਨੇ ਹੌਲੀ ਜਿਹੀ ਕਿਹਾ—'ਇਹਦੀ ਆਵਾਜ਼ ਤੋਂ ਡਰ ਆਉਂਦਾ ਈ। ਤੇਰਾ ਅੱਬਾ ਵਜਾਉਂਦਾ ਹੁੰਦਾ ਸਈ, ਜਦ ਉਸਨੇ ਲੋਕ 'ਕੱਠੇ ਕਰਨੇ ਹੋਂਦੇ ਸਨ।

—ਲੋਕ 'ਕੱਠੇ ਕਿਉਂ ਕਰਦਾ ਸੀ ਅੱਬਾ?'

—ਪੁੱਤਰ ਹੁਣ ਤੇ ਤੈਨੂੰ ਇਲਮ ਹੋ ਗਿਆ ਈ, ਹੁਣ ਕਿਉਂ ਪੁੱਛਨਾਂ ਏਂ?

—ਤੇਰੇ ਮੂੰਹੋਂ ਸੁਣਨਾ ਚਾਹਨਾਂ ਵਾਂ।'

—ਨਗਾਰੇ ਦਾ ਵੱਜਣਾ ਚੰਗਾ ਨਈ੍ਹ ਹੁੰਦਾ ਪੁੱਤਰਾ। ਇਹਦੀ ਧਮਕ ਜੰਗ ਭਾਲਦੀ ਏ। ਹਿੱਕ ਦਿਨ ਪੁੱਛਿਆ ਸੀ ਨਾ, ਅੱਬਾ ਫੌਤ ਕਿੱਦਾਂ ਹੋਏ ਤੇ ਮੈਂ ਆਖਿਆ ਸਈ, ਜਿੱਦਾਂ ਲੋਕ ਫੌਤ ਹੁੰਦੇ ਨੀ। ਉਮਰ ਹੰਢ ਗਈ, ਅਲਾਹ ਦਾ ਸੱਦਾ ਆਗਿਆ ਤੇ ਤੁਰ ਗਿਆ। ਗੱਲ ਏਨੀ ਨਹੀਂ ਸੀ ਪੁੱਤਰਾ। ਹੁਣ ਤਾਂ ਤੈਨੂੰ ਦੱਸ ਈ ਦਿੱਤਾ ਏ ਤੇਰੇ ਪਿਊ ਦਾਦੇ ਨਾਲ ਕੀ ਬਣੀਆਂ। ਤੂੰ ਤੇ ਪੁੱਤਰ, ਪੰਜ ਮਹੀਨੇ ਪਿੱਛੋਂ ਜੰਮਿਆਂ ਸੈਂ।'....

—ਮਾਂ ਇਹ ਵੀ ਪਤਾ ਲੱਗਿਆ ਈ ਮੈਨੂੰ ਤੂੰ ਅਕਬਰ ਦੇ ਤੁਖ਼ਮ ਨੂੰ ਹੀ ਪਾਲਦੀ ਰਹੀ ਏਂ?'

—ਉਹ ਵੀ ਪੁੱਤਰਾ ਮਹਿਲਾਂ ਦੀ ਚਾਲ ਹੀ ਹੋਸੀ ਕੋਈ।....ਉਹਨਾਂ ਆਖਿਆ ਅਕਬਰ ਦੀ ਬੇਗਮ ਨੂੰ ਦੁੱਧ ਨਹੀਂ ਉੱਤਰਦਾ ਪਿਆ। ਮੈਂ ਤਾਂ ਸਮਝਨੀ ਆਂ, ਅਕਬਰ ਬਾਤਸ਼ਾਹ ਸੋਚਦਾ ਹੋਣਾ, ਏਸ ਬਹਾਨੇ ਭੱਟੀਆਂ ਨਾਲ ਦੁਸ਼ਮਣੀ ਠੰਡੀ ਕਰਾਂ। ਏਸੇ ਲਈ ਤੇ ਉਸ ਆਖਿਆ ਸਈ.....ਤੇਰਾ ਪੁੱਤਰ ਜੁਆਨ ਹੋ ਲਵੇ ਇਹਨੂੰ ਸ਼ਾਹੀ ਦਰਬਾਰ ਵੱਲ ਤੋਰੀਂ। ਪਰ ਤੂੰ



ਧੀਆਂ ਪੁੱਤਰਾਂ ਵਾਲਾ ਹੋ ਕੇ ਧਾੜੇ ਮਾਰਨ, ਡਹਿ ਪਿਐਂ। ਸਿਆਣਾ ਬਣ ਪੁੱਤਰ। ਬਾਦਸ਼ਾਹ ਦੀ ਰਜ਼ਾ ਵਿਚ ਰਹੇਂਗਾ.....।'

—ਮਾਂ ਅੱਗੇ ਕੁਝ ਨਾ ਆਖੀਂ ਬੱਸ।' ਦੁੱਲਾ ਇਕਦਮ ਭੜਕ ਉਠਿਆ।

—ਲਹੂ ਤੱਤਾ ਕਰਿਆਂ ਹਕੂਮਤਾਂ ਨੂੰ ਨਰਾਜ਼ ਕਰੇਂਗਾ ਪੁੱਤਰਾ। ਇਕ ਛਾਲ ਮਾਰਕੇ ਖੂਹ ਵਿਚ ਡਿੱਗ ਪਈਦਾ ਏ, ਫਿਰ ਸੌ ਛਾਲਾਂ ਮਾਰਿਆਂ ਵੀ ਬਾਹਰ ਨਹੀਂ ਨਿਕਲਿਆ ਜਾਂਦਾ। ਪਿੰਡ ਵਿਚ ਸੂਹੀਏ ਫਿਰਦੇ ਨੇ, ਕਿਸੇ ਬਾਤਸ਼ਾਹ ਦੇ ਕੰਨ ਜਾ ਭਰੇ, ਉਹਨਾਂ ਸਭ ਨੂੰ ਬਾਧਾਂ ਬਣਾ ਕੇ ਖੜ ਲੈਣਾ। ਤੇਰੇ ਧੀਆਂ ਪੁੱਤਰ, ਤੇਰੀ ਬੀਵੀ।......ਤੇਰੀ ਮਾਂ ਇਕ ਵਾਰੀ ਤਾਂ ਮਰੀ ਏ, ਇਹਨੂੰ ਬਾਰ ਬਾਰ ਨਾ ਮਾਰ ਪੁੱਤਰਾ।' ਲੱਧੀ ਦਾ ਫੇਰ ਗਲਾ ਭਰ ਆਇਆ।

—ਮਾਂ ਆਪ ਈ ਦੱਸਨੀ ਏਂ, ਅਕਬਰ ਨੇ ਅੱਬਾ ਦਾਦੇ ਦੀਆਂ ਖੱਲਾਂ 'ਚ ਘਾਹ ਫੂਸ ਭਰਵਾ ਦਿੱਤਾ। ਇਹ ਵੀ ਜਾਣਨੀ ਏਂ, ਮੇਰੀਆਂ ਰਗਾਂ ਵਿਚ ਅੱਬਾ ਫਰੀਦ ਭੱਟੀ ਦਾ ਲਹੂ ਈ। ਜਾਂ ਤਾਂ ਮਾਏ ਮੇਰੀਏ ਆਖ ਮੈਂ ਪਿਉ ਦਾ ਲਹੂ ਨਹੀਂ ਹੈਗਾ ਜਾਂ ਫਿਰ ਮੈਨੂੰ ਲਾਹੌਰ ਦੇ ਰਾਹ ਪਾ।'

—ਨਾ ਵੇ ਪੁੱਤਰਾ। ਲਾਹੌਰ ਵਲ ਜਾਂਦਾ ਰਾਹ ਮੌਤ ਦਾ ਰਾਹ। ਤੇਰੀ ਮਾਂ ਨੇ ਤਾਂ ਤੇਰੇ ਅੱਬਾ ਅੱਗੇ ਵੀ ਬਥੇਰੇ ਤਰਲੇ ਲਏ ਸਈ। ਓਨੇ ਮੇਰੀ ਇੱਕ ਨਹੀਂ ਮੰਨੀ। ਤੂੰ ਉਸ ਰਾਹ ਨਾ ਪਈਂ ਪੁੱਤਰ। ਮਾਂ ਪੁੱਤਰ ਨੂੰ ਕਬਰਾਂ ਦੇ ਰਾਹ ਕਿਵੇਂ ਪਾਵੇ। ਅੱਲਾਹ ਤਾਅਲਾ ਏਸ ਟੱਬਰ 'ਤੇ ਮਿਹਰ ਰੱਖੀਂ।' ਲੱਧੀ ਨੇ ਦੁਹਾਈ ਦਿੱਤੀ ਤੇ ਉਸਦੇ ਦੋਵੇਂ ਹੱਥ ਉਪਰ ਵੱਲ ਉੱਠ ਗਏ।

—ਮਾਂ ਹੁਣ ਨਾ ਤੇਰੇ ਅੱਲਾਹ ਕੋਲੋਂ ਮਿਹਰ ਹੋਣੀ ਏਂ ਨਾ ਤੇਰੇ ਅਕਬਰੇ ਬਾਤਸ਼ਾਹ ਦਾ 'ਹਸਾਨ ਮੰਨਣਾ ਈ। ਰਾਜਿਆਂ ਦੇ 'ਹਸਾਨ ਕਾਹਦੇ ਹੁੰਦੇ ਨੇ, ਹਾਜੀ ਬਾਬਾ ਚਿਰਾਗ਼ ਦੀਨ ਆਖਦਾ ਹੁੰਦਾ, ਰਾਜੇ ਤਾਂ ਚਾਲਾਂ ਚਲਦੇ ਨੇ, ਸ਼ਹਿ ਤੇ ਮਾਤਾ। ਹੁਣ ਤੇ ਅੱਬਾ ਦਾ ਰਾਹ ਮੇਰਾ ਰਾਹ। ਅੜਿੱਕਾ ਨਾ ਪਾਈਂ ਮਾਂ ਨਹੀਂ ਤੇ ਮੈਂ ਸਭ ਕੁਝ ਦਰੜ ਕੇ ਲੰਘ ਜਾਣਾ। ਜੇ ਮੇਰੇ ਅੱਬਾ ਦਾਦੇ ਨੇ ਬਾਦਸ਼ਾਹ ਦੀ ਈਨ ਨਹੀਂ ਮੰਨੀ, ਤੇਰਾ ਪੁੱਤ ਵੀ ਉਹਨੂੰ ਸਲਾਮ ਨਹੀਂ ਆਖਣ ਲੱਗਾ ਮਾਂ। ਹਿੱਕ ਗੱਲ ਹੋਰ ਈ ਮਾਂ, ਦੁੱਲਾ ਹੁਣ ਓਹੀਓ ਕਰੇਗਾ, ਜਿਹੜੀ ਗੱਲ ਅਕਬਰ ਨੂੰ ਡੰਗ ਮਾਰੇਗੀ। ਤੇ ਇੱਕ ਗੱਲ ਹੋਰ ਦਿਲ ਕਰੜਾ ਕਰਕੇ ਸੁਣ ਲੈ, ਸਮਝ ਲੈ ਹੁਣ ਦੁੱਲਾ ਏਸ ਘਰ 'ਚ ਨਈ੍ਹਂ। ਦੁੱਲੇ ਬਿਨਾਂ ਜੀਣਾ ਸਿੱਖ ਲੈ ਮਾਂ। ਇਹ ਗੱਲ ਫੁੱਲਰਾਂ ਦੇ ਖ਼ਾਨੇ ਵੀ ਪਾ ਦਈਂ।'

—ਪੁੱਤ ਵੇ.....।' ਲੱਧੀ ਨੇ ਦੁੱਲੇ ਦੇ ਮੂੰਹ ਉੱਪਰ ਹੱਥ ਰੱਖਦਿਆਂ ਕਿਹਾ,— 'ਪਿੰਡੀ ਵਸਦੀ ਰਹਿਣ ਦੇ, ਇਹਨੂੰ ਫੇਰ ਨਾ ਉਜਾੜ।

—ਪਤਾ ਨਹੀਂ ਮਾਂ, ਪਿੰਡੀ ਹੁਣ ਵਸਦੀ ਏ ਕਿ ਉਜੜਦੀ ਏ, ਵੇਲਾ ਆਵਣ ਦੇ। ਨੂਰੇ ਦੇ ਨਿਕਾਹ ਤੱਕ ਅਸੀਂ ਚੁੱਪ ਬੈਠੇ ਆਂ। ਤੈਨੂੰ ਬੋਲ ਦਿੱਤੇ ਨੀ। ਨਿਕਾਹ ਪਿਛੋਂ ਤੇਰੇ ਦੁੱਲੇ ਨੇ ਕਿਸੇ ਦੀ ਧਰੀ-ਧਰਾਈ ਨਹੀਓਂ ਰਹਿਣ ਦੇਣੀ—।' ਦੁੱਲਾ ਉੱਠ ਕੇ ਆਪਣੀ ਕੋਠੜੀ ਵੱਲ ਚਲਿਆ ਗਿਆ।

ਰਾਤ ਅੱਧੀਓਂ ਵੱਧ ਬੀਤ ਚੁੱਕੀ ਸੀ। ਤਾਰਿਆਂ ਦੀਆਂ ਖਿੱਤੀਆਂ ਘੁੰਮ ਗਈਆਂ ਸਨ। ਦੁੱਲਾ ਅਜੇ ਵੀ ਬੇਚੈਨੀ ਵਿਚ ਉੱਸਲ-ਵੱਟੇ ਲੈ ਰਿਹਾ ਸੀ। ਸਮੇਂ ਸਮੇਂ ਪਿੰਡ ਦੀ ਪਰ੍ਹੋਂ ਵਿਚ ਤੇ ਕਦੇ ਕਦੇ ਵੱਡੇ ਬੋਹੜ ਹੇਠਾਂ ਥੜ੍ਹੇ ਉੱਪਰ ਬੈਠੇ ਮੁਹਤਬਰਾਂ ਅਤੇ ਲੋਕਾਂ ਵਿਚ ਹੁੰਦੀਆਂ ਗੱਲਾਂ ਦੇ ਅਰਥ ਉਸਨੂੰ ਅੱਜ ਕੁਝ ਕੁਝ ਸਮਝ ਆ ਰਹੇ ਸਨ।

ਇੱਕ ਵਾਰ ਜਦ ਉਸਨੇ ਅਹਿਮਦ ਚੌਧਰੀ ਦੇ ਲਠੈਤਾਂ ਨਾਲ ਏਸ ਕਰਕੇ ਪੰਗਾ ਲਿਆ ਸੀ, ਜਦ ਉਹਨਾਂ ਨੇ ਲਹਿਣੇ ਦੇ ਛੋਟੇ ਭਰਾ ਦੀ ਪੱਕੀ ਫ਼ਸਲ ਧੱਕੇ ਨਾਲ ਆਪਣੇ ਘਰ ਲੈ

ਜਾਣ ਦੀ ਹਮਾਕਤ ਕੀਤੀ ਸੀ। ਚੌਧਰੀ ਦੇ ਲਠੈਤਾਂ ਦੀਆਂ ਲੱਤਾਂ ਬਾਹਾਂ ਤੋੜੀਆਂ ਸਨ। ਜੁੜੀ ਪਰ੍ਹੇ ਵਿਚ ਚਾਚਾ ਜਲਾਲਦੀਨ ਬੋਲਿਆ ਸੀ—'ਖੁਦ ਨੂੰ ਏਡਾ ਈ ਰਾਠ ਸਮਝਨਾਂ ਏ ਤਾਂ ਜਾਕੇ ਬਾਦਸ਼ਾਹ ਅਕਬਰ ਨਾਲ ਮੱਥਾ ਲਾ।'

ਜਦ ਉਹ ਫ਼ਸਲ ਕੱਟਣ ਆਏਗਾ, ਉਸਨੂੰ ਵੀ ਵੇਖ ਲਵਾਂਗੇ ਚਾਚਾ।' ਮੈਂ ਉਸੇ ਰੌਂਅ ਵਿਚ ਆਖਿਆ ਸੀ।

—ਉਹ ਸਿਰਾਂ ਦੀ ਫ਼ਸਲ ਕੱਟਦਾ ਈ।' ਚਾਚਾ ਤਨਜ਼ ਨਾਲ ਹੱਸਿਆ ਸੀ।

—ਕੀਹਦੇ ਸਿਰਾਂ ਦੀ ਫ਼ਸਲ ਕੱਟੀ ਊ ਚਾਚਾ ?'

—ਲੱਧੀ ਨੂੰ ਪੁੱਛ ਜਾਕੇ। ਉਹ ਦੱਸੇਗੀ ਤਈ ਨੂੰ, ਲਾਹੌਰ ਦੇ ਦਰਵਾਜ਼ਿਆਂ 'ਚ ਕਿਸ ਦੇ ਸਿਰ ਲਟਕਦੇ ਹੋਂਦੇ ਸਨ।'

—ਜਦ ਤੈਨੂੰ ਪਤਾ ਈ, ਤੂੰ ਕਿਉਂ ਨਹੀਂ ਦੱਸਦਾ ਚਾਚਾ ?'

—ਜਾਹ ਬੱਲਿਆ, ਆਪਣੀ ਮਾਂ ਨੂੰ ਪੁੱਛ। ਰਾਹ ਜਾਂਦਿਆਂ ਨੂੰ ਖੋਹ ਲੈਣਾ। ਸ਼ਾਹੂਕਾਰਾਂ ਨੂੰ ਲੁੱਟ ਲੈਣਾ, ਚੌਧਰੀ ਦੇ ਲਠੈਤ ਕੁੱਟ ਦੇਣੇ, ਏਹੀ ਸ਼ੁਗਲ ਏ ਨਾ ਤੇਰਾ ? ਖ਼ੂਨ ਏਨਾ ਈ ਸਿਰ ਨੂੰ ਚੜ੍ਹਿਆ ਊ ਤਾਂ ਮੁਗਲਾਂ ਨਾਲ ਟੱਕਰ ਲੈ ਸੁਹਣਿਆਂ।'

.......ਚਾਚੇ ਜਲਾਲਦੀਨ ਦੀਆਂ ਤਿੱਖੀਆਂ ਗੱਲਾਂ ਸੁਣਕੇ ਤਾਂ ਮੇਰਾ ਅੰਦਰ ਮੱਚਣ ਲੱਗਾ ਸੀ। ਮੈਂ ਜੁੜੀ ਭੀੜ ਨੂੰ ਪੁੱਛਿਆ ਸੀ,—'ਪਿੰਡੀ ਦੇ ਵਡੇਰਿਓ ਤੁਸੀਂ ਤਾਂ ਜਾਣਦੇ ਓ ਅਕਬਰ ਕਿਨ੍ਹਾਂ ਦੇ ਸਿਰਾਂ ਦੀ ਫ਼ਸਲ ਕੱਟਦਾ ਰਿਹਾ। ਮੇਰਾ ਚਾਚਾ ਬਾਰ ਬਾਰ ਮੈਨੂੰ ਪਿਉ ਦਾਦੇ ਦੇ ਮੇਹਣੇ ਦੇਂਦਾ ਈ।......ਕੀ ਹੋਇਆ ਸਈ ਉਹਨਾਂ ਨਾਲ ?'

ਜੁੜੀ ਭੀੜ ਚੁੱਪ ਚਾਪ ਬੈਠੀ ਰਹੀ ਸੀ।

ਕਾਫ਼ੀ ਦੇਰ ਪਿਛੋਂ ਅਹਿਮਦ ਚੌਧਰੀ ਬੋਲਿਆ ਸੀ, 'ਅਸੀਂ ਤੈਨੂੰ ਖਰੂਦ ਨਹੀਂ ਕਰਨ ਦੇਣਾ। ਨਾ ਸਾਡੇ ਇਲਾਕੇ 'ਚ ਲੁੱਟਾਂ-ਖੋਹਾਂ ਹੋਣ ਦੇਣੀਆਂ ਨੀ। ਪਿੰਡੀ ਅਸਾਂ ਫੇਰ ਨਹੀਂ ਉਜੜਣ ਦੇਣੀ।'

—ਤੂੰ ਪਿੰਡੀ ਦਾ ਚੌਧਰੀ ਏਂ। ਤੇਰੀ ਲਾਹੌਰ ਨਾਲ ਸਿੱਧੀ ਗੱਲ ਹੋਣੀ ਏ, ਹੋਣੀ ਕੀ, ਹੈ ਵੇ। ਜੇ ਪਿੰਡੀ ਨੂੰ ਉਜੜਣ ਦਾ ਸਰਾਪ ਮਿਲਿਆ ਹੋਇਆ ਏ ਤਾਂ ਤੇਰੇ ਰੋਕਿਆ ਉਜੜਣ ਤੋਂ ਨਹੀਂ ਰੁੱਕਣ ਲੱਗੀ। ਮੈਂ ਜਾਣ ਲਵਾਂ, ਅਸਲ ਗੱਲ ਕੀ ਵੇ, ਫੇਰ ਧਾਅਨੂੰ ਦੱਸਾਂਗਾ, ਦੁੱਲਾ ਸ਼ਾਹੂਕਾਰਾਂ ਰਾਹੀਆਂ ਨੂੰ ਲੁੱਟਣ ਹੀ ਨਹੀਂ ਜਾਣਦਾ, ਦੁੱਲਾ ਕੋਈ ਹੋਰ ਵੀ ਸ਼ੈਅ ਆ। ਏਥੇ ਬੋਹੜਾਂ ਪਿੱਪਲਾਂ ਦੀ ਛਾਵੇਂ ਹੁੱਕੇ ਗੁੜਗੁੜਾਂਦਿਆਂ ਗੱਲਾਂ ਕਰਨੀਆਂ ਸੁੱਖਲੀਆਂ ਨੇ।' ਤੇ ਮੈਂ ਆਪਣੇ ਬੇਲੀਆਂ ਨਾਲ ਝਿੜੀ ਵੱਲ ਤੁਰ ਆਇਆ ਸਾਂ।

.......ਇੱਕ ਵਾਰ ਤਾਂ ਮੈਂ ਸੋਚਿਆ ਸੀ, ਮੌਲਵੀ ਤੇ ਬ੍ਰਾਹਮਣ ਨੂੰ ਚੁੱਕ ਕੇ ਖੂਹ ਤੇ ਲੈ ਜਾਨੇ ਆਂ ਤੇ ਕਿਸੇ ਅੰਬ ਨਾਲ ਲਟਕਾਨੇ ਆਂ ਪੁੱਠੇ ਤੇ ਹੇਠਾਂ ਬਾਲਣੇ ਆਂ ਅੱਗ, ਆਪੂੰ ਬਕਣਗੇ।

.......ਪਿੰਡ ਵਿਚੋਂ ਮੈਨੂੰ ਹਾਜੀ ਚਿਰਾਗ਼ਦੀਨ ਭਲਾ ਬੰਦਾ ਜਾਪਦਾ ਈ। ਉਹ ਆਖਦਾ ਵੀ ਹੁੰਦਾ,—'ਦੁੱਲਿਆ ਮੈਂ ਤੇਰੇ ਦਾਦੇ ਦਾ ਹਾਣੀ ਵਾਂ।' ਉਸਨੂੰ ਪਤਾ ਵੀ ਹੋਸੀ। ਕਦੀ ਕਦੀ ਗੱਲਾਂ ਕਰਦਾ ਵੀ ਹੁੰਦਾ—'ਤੇਰੇ ਅੱਬਾ ਤੇ ਦਾਦਾ ਬੜੇ ਸੂਰਮੇ ਬੰਦੇ ਹੈ ਸਨ, ਉਹਨਾਂ ਲਾਹੌਰ ਦਰਬਾਰ ਦੀ ਈਨ ਨਹੀਂ ਸੀ ਮੰਨੀ। ਨਾ ਉਹਨਾਂ ਖ਼ੁਦ ਲਾਹੌਰ ਦੇ ਮੁਨਸਫਦਾਰਾਂ ਨੂੰ ਲਗਾਨ ਦਿੱਤਾ ਨਾ ਪਿੰਡ ਦੇ ਕਿਸਾਨਾਂ ਨੂੰ ਦੇਵਣ ਦਿੱਤਾ। ਏਸ ਤੋਂ ਅਗਾਂਹ ਹਾਜੀ ਮੀਆਂ ਨੇ ਕਦੀ



ਕੁਝ ਨਹੀਂ ਦੱਸਿਆ। ਮੈਂ ਪੁੱਛਿਆ ਵੀ ਨਹੀਂ ਸੀ ਕਦੀ। ਪਰ ਗੱਲ ਕੋਈ ਹੋਸੀ ਜ਼ਰੂਰ। ਚਾਚਾ ਵੀ ਕਾਟਵੀਆਂ ਗੱਲਾਂ ਕਰਦਾ ਰਹਿੰਦਾ ਏ, ਚੌਧਰੀ ਵੀ ਆਂਹਦਾ ਰਹਿੰਦਾ ਏ, ਅਸਾਂ ਪਿੰਡੀ ਨਈਂ ਉਜੜਣ ਦੇਣੀ।

.......ਉਸ ਦਿਨ ਜਦ ਚਾਚੇ ਜਲਾਲਦੀਨ ਮੇਹਣੇ ਮਾਰੇ ਸਨ, ਅਸੀਂ ਸਾਰੇ ਝਿੜੀ ਵਿਚ ਆ ਬੈਠੇ ਸਾਂ। ਮੈਂ ਪਰੇਸ਼ਾਨ ਹੋਇਆ ਇਕ ਪਾਸੇ ਬਹਿ ਗਿਆ ਸਾਂ। ਸਿਰ ਗੋਡਿਆਂ ਵਿਚ ਦੇ ਲਿਆ ਸੀ। ਰੂੜੇ ਨੇ ਕੋਲ ਆਣ ਕੇ ਮੇਰੇ ਮੋਢੇ ਉਪਰ ਹੱਥ ਰੱਖ ਕੇ ਆਖਿਆ ਸੀ,— 'ਦੁੱਲਿਆ ਚਾਚੇ ਦੀਆਂ ਗੱਲਾਂ ਵੱਲ ਨਾ ਜਾਹ। ਅਸੀਂ ਲੁੱਟਾਂ ਖੋਹਾਂ ਕਰਕੇ, ਧਾੜੇ ਮਾਰਕੇ ਗਰੀਬਾਂ 'ਚ ਵੰਡਨੇ ਆਂ। ਪਿੰਡੀ ਦੇ ਗਰੀਬ-ਗ਼ੁਰਬੇ ਅਸਾਂ ਨੂੰ ਦੁਆਵਾਂ ਦਿੰਦੇ ਨੀ।'

—ਗੱਲ ਚਾਚੇ ਦੀ ਨਹੀਂ ਊ ਰੂੜਿਆ',—ਮੈਂ ਕਿਹਾ ਸੀ,—'ਏਹੀਓ ਗੱਲਾਂ ਨੰਦੀ ਮਿਰਾਸਣ ਵੀ ਆਖਦੀ ਏ। ਮੈਂ ਤਾਂ ਕਦੀ ਪਰਵਾਹ ਹੀ ਨਹੀਂ ਸੀ ਕੀਤੀ। ਮਾਂ ਆਖ ਦਿੰਦੀ- 'ਮਰਾਸਣ ਦੀ ਜੀਭ ਨੂੰ ਤਾਂ ਬਵਾਸੀਰ ਹੋਈ ਰਹਿੰਦੀ ਏ। ਪਰ ਕੋਈ ਗੱਲ 'ਤੇ ਹੈ ਰੂੜਿਆ। ਪਿੰਡੀ ਦਾ ਕੋਈ ਵੀ ਭੜੂਆ ਮੂੰਹ ਨਹੀਂ ਖੋਹਲਦਾ। ਅੱਜ ਮਾਂ ਨਾਲ ਫੈਸਲਾ ਕਰਨਾ ਈ ਪੈਣਾ।.......ਜਾਂ ਤਾਂ ਅੱਜ ਮਾਂ ਆਪਣਾ ਮੂੰਹ ਖੋਹਲੇਗੀ ਤਾਂ ਜਾਂ ਫਿਰ ਦੁੱਲਾ ਹਵੇਲੀ ਨੂੰ ਆਖ਼ਰੀ ਸਲਾਮ ਆਖ ਦੇਏਗਾ।.....ਫਿਰ ਤਾਂ ਸਾਰੇ ਈ ਮੇਰੇ ਦੁਆਲੇ ਹੋ ਗਏ ਸਨ ? ਪਿਰਥਾ, ਸਦੀਕ, ਰਮਜ਼ਾ ਸ਼ੱਲਾ, ਗਾਹਣਾ, ਲਹਿਣਾ, ਫੱਤੂ.......।

—ਅਸੀਂ ਕਰਾਂਗੇ ਅੰਮਾਂ ਨਾਲ ਗੱਲ।' ਸਦੀਕ ਨੇ ਕਿਹਾ ਸੀ।

—ਸ਼ਰਾਬ ਕਿਥੇ ਵੇ ਰੂੜਿਆ ?' ਮੈਂ ਪੁੱਛਿਆ ਤਾਂ ਉਹ ਕੇਡਾ ਹੈਰਾਨ ਹੋਇਆ ਸੀ— 'ਅੱਗੇ ਤਾਂ ਕਦੇ ਤੂੰ ਏਸ ਵੇਲੇ ਪੀਂਦਾ ਨਈਂ ਹੁੰਦਾ।'

—ਵੇਲੇ ਨੂੰ ਕਿਹੜੀ ਗੱਲ ਏ। ਸਿਰ ਨੂੰ ਟਿਕਾਣੇ ਸਿਰ ਕਰਨੈ ਨਹੀਂ ਤੇ ਮੇਰੇ ਕੋਲੋਂ ਅੱਜ ਕਿਸੇ ਬੰਦੇ ਦਾ ਖ਼ੂਨ ਹੋ ਜਾਣਾ। ਕੀ ਪਤਾ ਚਾਚੇ ਦਾ, ਚੌਧਰੀ ਅਹਿਮਦੇ ਦਾ ਜਾਂ ਫਿਰ ਆਪ ਹੀ ਖੂਹ 'ਚ ਛਾਲ ਮਾਰ ਦੇਣੀ ਊ।'

......ਫ਼ੇਰ ਤਾਂ ਸਾਰੇ ਦੇਰ ਤੱਕ ਪੀਂਦੇ ਰਹੇ ਸਾਂ ਤੇ ਜਦੋਂ ਸਾਰੇ ਮੈਨੂੰ ਹਵੇਲੀ ਛੱਡਣ ਆਏ ਸਨ ਤਾਂ ਮੈਂ ਵਿਹੜੇ ਵਿਚ ਪਏ ਪਤੀਲੇ ਨੂੰ ਹਰਖ਼ ਵਿਚ ਠੁੱਡਾ ਮਾਰਿਆ ਸਈ।.....

......ਤੇ ਅੱਜ ਮਾਂ ਨੇ ਵਰ੍ਹਿਆਂ ਪਿੱਛੋਂ ਜਿਹੜਾ ਸੱਪ ਕੱਢਿਆ ਈ, ਇਹਦੀ ਸਿਰੀ ਹੁਣ ਮੈਂ ਫੇਹਣੀ ਊ। ਅਕਬਰਾ ਬਾਦਸ਼ਾਹਾ, ਦੁੱਲੇ ਨੂੰ ਹੁਣ ਚਾਨਣ ਹੋ ਗਿਆ ਈ। ਜਿਹੜੀਆਂ ਤੂੰ ਮੇਰੇ ਪਿਉ ਦਾਦੇ ਨਾਲ ਕੀਤੀਆਂ ਨੇ, ਉਹਨਾਂ ਦਾ ਹਿਸਾਬ ਲੈਣ ਆਉਂਦਾ ਈ ਸਾਂਦਲ ਬਾਰ ਦਾ ਦੁੱਲਾ। ਰੋਕ ਸਕਨਾ ਏਂ ਤਾਂ ਰੋਕ ਲੈ।'......

ਜੋਸ਼ ਵਿਚ ਆਇਆ ਦੁੱਲਾ ਉੱਠ ਕੇ ਬੈਠ ਗਿਆ। ਹਵੇਲੀ ਦੇ ਪਿਛਵਾੜੇ ਵੱਡੇ ਪਿੱਪਲ ਦੇ ਆਲ੍ਹਣਿਆਂ ਵਿਚ ਬੈਠੇ ਪਰਿੰਦੇ ਚਹਿਚਹਾ ਉੱਠੇ।

—ਯਾ ਅਲਾਹ ਦਿੰਹੁ ਵੀ ਚੜ੍ਹ ਗਿਆ ? ਰਾਤ ਅੱਖਾਂ ਵਿਚ ਹੀ ਲੰਘ ਗਈ ? ਉਸਨੇ ਹੈਰਾਨ ਹੋ ਕੇ ਸੋਚਿਆ ਤੇ ਉਠਕੇ ਵਿਹੜੇ ਵਿਚ ਆ ਗਿਆ।

ਲੱਧੀ ਚੁੱਲ੍ਹੇ ਵਿਚ ਅੱਗ ਬਾਲਣ ਲੱਗੀ ਹੋਈ ਸੀ ਤੇ ਫੁੱਲਰਾਂ ਨੇ ਚਾਟੀ ਵਿਚ ਮਧਾਣੀ ਪਾ ਲਈ ਸੀ। ਉਹ ਘੜਿਆਂ ਵੱਲ ਗਿਆ। ਪਾਣੀ ਦਾ ਲੋਟਾ ਭਰਿਆ। ਪਹਿਲਾਂ ਅੱਖਾਂ ਵਿਚ ਛਿੱਟੇ ਮਾਰੇ, ਫਿਰ ਮੂੰਹ ਧੋਤਾ ਤੇ ਲੋਟੇ ਦਾ ਬਾਕੀ ਪਾਣੀ ਮੂੰਹ ਉਤਾਂਹ ਚੁੱਕ ਕੇ ਪੇਟ ਅੰਦਰ ਉਲੱਦ ਲਿਆ। ਸਿਰ ਦੇ ਸਾਫ਼ੇ ਨਾਲ ਮੂੰਹ ਪੂੰਝਿਆ। ਮੁੱਛਾਂ ਨੂੰ ਤਾਅ ਦਿੱਤਾ। ਚੌਂਕੇ ਵਿਚ ਬੈਠੀ

ਮਾਂ ਵੱਲ ਤੱਕਿਆ, ਸੋਚਿਆ, ਪਹਿਲਾਂ ਅੱਜ ਚਿਰਾਗ਼ਦੀਨ ਮੀਆਂ ਕੋਲ ਜਾਵਾਂ— ? ਪਰ ਮਾਂ ਨੇ ਆਖਿਆ ਈ, ਨੂਰੇ ਦੇ ਨਿਕਾਹ ਤੱਕ ਕੋਈ ਹਰਕਤ ਨਹੀਓਂ ਕਰਨੀ। ਕਰ ਲੈਣ ਦੇਵਾਂ, ਮਾਂ ਨੂੰ ਰੀਝਾਂ ਪੂਰੀਆਂ। ਫੁੱਲਰਾਂ ਤੇ ਛੋਹਰੀਆਂ ਦੇ ਵੀ ਚਾਅ ਹੋਣਗੇ, ਫੇਰ ਪਤਾ ਨਹੀਂ ਹਵੇਲੀ 'ਤੇ ਕਿਹੜੀਆਂ ਤੱਤੀਆਂ ਲੂਆਂ ਵਗਣੀਆਂ ਨੀ। ਮੈਂ ਤਾਂ ਕਦੇ ਮਾਲ ਡੰਗਰ ਦੀ ਖ਼ਬਰ ਸਾਰ ਵੀ ਨਹੀਂ ਲਈ..... ਸੋਚਦਾ ਉਹ ਹਵੇਲੀ ਦੇ ਪਿਛਲੇ ਹਿੱਸੇ ਵਲ ਤੁਰ ਪਿਆ......

ਪਿਛਲੇ ਹਿੱਸੇ ਦੀ ਖੱਬੀ ਬਾਹੀ ਦੀ ਲੰਮੀ ਕੰਧ ਦੇ ਨਾਲ ਖੁਰਲੀਆਂ ਬਣੀਆਂ ਨੇ ਉਹਨਾਂ ਦੇ ਕਿੱਲਿਆਂ ਨਾਲ ਬੱਧੇ ਪਸ਼ੂ ਕੁਝ ਬੈਠੇ ਕੁਝ ਖੜ੍ਹੇ ਜੁਗਾਲੀਂ ਪਏ ਹੋਏ ਨੇ। ਦੁੱਲੇ ਨੂੰ ਦੇਖ ਕੇ ਮੱਝਾਂ ਗਾਵਾਂ ਕੰਨ ਖੜ੍ਹੇ ਕਰਕੇ ਤੇ ਮੂੰਹ ਚੁੱਕ ਕੇ ਉਸ ਵਲ ਝਾਕੀਆਂ ਤੇ ਫਿਰ ਜੁਗਾਲੀ ਕਰਨ ਰੁੱਝ ਗਈਆਂ। ਦੁੱਲਾ ਖੜ੍ਹਾ ਵੇਖਦਾ ਰਿਹਾ, ਦੂਜੇ ਪਾਸੇ ਵਾਹੀ ਬੀਜੀ ਦਾ ਸਮਾਨ ਰੱਖਿਆ ਹੋਇਆ ਸੀ, ਹਲ, ਤੰਗਲੀਆਂ, ਪੰਜਾਲੀਆਂ, ਸੁਹਾਗਾ, ਟੋਕੇ। ਇਕ ਪਾਸੇ ਪੱਠੇ ਕੁਤਰਨ ਲਈ ਦਰੱਖਤਾਂ ਦੇ ਤਣਿਆਂ ਦੀਆਂ ਮੁੱਢੀਆਂ ਗੱਡੀਆਂ ਹੋਈਆਂ ਸਨ। ਸਾਹਮਣੇ ਇਕ ਆਰਜੀ ਛੰਨ ਪਾਈ ਹੋਈ ਸੀ ਤੇ ਹੇਠ ਹੋਰ ਬੜਾ ਨਿੱਕ-ਸੁੱਕ ਪਿਆ ਸੀ। ਬੌਲਦਾਂ ਦੇ ਗਲਾਂ 'ਚ ਬੰਨ੍ਹਣ ਵਾਲੇ ਘੁੰਗਰੂਆਂ ਦੇ ਪਟੇ, ਘੋੜੇ ਘੋੜੀਆਂ ਦੇ ਕੜਿਆਲ, ਕਾਠੀਆਂ, ਤੰਗ, ਬੱਕਰੀਆਂ ਦੇ ਗੱਲਾਂ ਦੀਆਂ ਗਾਨੀਆਂ।.....ਨਿੱਕੇ ਹੁੰਦਿਆਂ ਕਿੰਨਾ ਚਾਅ ਹੁੰਦਾ ਸੀ ਉਸਨੂੰ, ਮੱਝਾਂ ਦੀਆਂ ਪੂਛਾਂ ਫੜਕੇ ਛਨਾਂ 'ਚ ਉੱਤਰ ਜਾਣਾ ਮੇਮਣਿਆਂ ਨੂੰ ਚੁੱਕੀ ਫਿਰਨਾ, ਜੰਮਦੇ ਕੱਟਰੂਆਂ ਤੇ ਬੱਛਰੂਆਂ ਦੇ ਗਲਾਂ ਵਿਚ ਲੋਗੜੀ ਦਿਆਂ ਫੁੱਲਾਂ ਦੇ ਹਾਰ ਬੰਨ੍ਹਣੇ। ਡੰਗਰ ਤਾਂ 'ਵਾ 'ਚੋਂ ਸੁੰਘ ਕੇ ਜਾਣ ਲੈਂਦੇ ਦੁੱਲਾ ਆ ਗਿਆ। ਹੁਣ ਕਿਵੇਂ ਓਪਰਿਆਂ ਵਾਂਗ ਵੇਂਹਦੇ ਨੇ। ਮੈਂ ਵੀ ਕਿੰਨਾ ਕੁ ਇਹਨਾਂ ਕੋਲ ਆਨਾਂ ਵਾਂ। ਇਕ ਵੇਲਾ ਸੀ ਜਿੰਨਾ ਚਿਰ ਆਕੇ ਇਹਨਾਂ ਦੇ ਸਿੰਗ ਅਤੇ ਕੰਡ ਨਾ ਪਲੋਸਾਂ ਘਾਹ-ਪੱਠਾ ਨਹੀਂ ਸਨ ਖਾਂਦੇ। ਹੁਣ ਸ਼ੱਲੇ ਦਾ ਭਰਾ ਜਾਣੇ, ਕਦ ਪੱਠੇ ਪਾਏ ਨੇ, ਕਦ ਧਾਰਾਂ ਕੱਢਣੀਆਂ ਨੇ, ਕਦ ਦਰਿਆ ਵਲ ਖੜਨਾ ਏ, ਓਹਦੀ ਰੰਨ ਬਹੁਕਰ ਬੁਹਾਰੀ ਕਰਦੀ ਏ, ਹਵੇਲੀ ਦੀ ਵੀ ਤੇ ਏਧਰ ਵੀ।........

ਫਿਰ ਉਹ ਮੱਝਾਂ ਗਾਵਾਂ ਦੀਆਂ ਲਿਬੜੀਆਂ ਪੂਛਾਂ ਤੋਂ ਬਚਦਾ ਆਪਣੀ ਘੋੜੀ ਕੋਲ ਗਿਆ। ਉਸਦੀ ਕੰਡ 'ਤੇ ਹੱਥ ਫੇਰਿਆ, ਥਾਪੀ ਦਿੱਤੀ। ਉਸਦਾ ਮੂੰਹ ਉਤਾਂਹ ਚੁੱਕ ਕੇ ਉਸਦੀਆਂ ਅੱਖਾਂ ਵਿਚ ਝਾਕਿਆ। ਉਸਦੇ ਕੰਨ ਮਲੇ ਤੇ ਮੁੜ ਪਿਆ। ਫੁੱਲਰਾਂ ਨੇ ਹੁਣ ਤਾਈਂ ਦੁੱਧ ਰਿੜਕ ਲਿਆ ਹੋਣਾ ਨਹੀਂ ਤੇ ਅੱਧ-ਰਿੜਕੇ ਦਾ ਹੀ ਛੰਨਾ ਪੀਵਾਂ। ਸੋਚਦਿਆਂ ਹਵੇਲੀ ਦੇ ਵਿਹੜੇ ਵਲ ਤੁਰ ਪਿਆ। ਦੇਖਿਆ ਇਕ ਪਾਸੇ ਨੁੱਕਰ ਵਿਚ ਮੇਹਰੂ ਗੋਡੇ ਹਿੱਕ ਨਾਲ ਲਾਈ ਘੂਕ ਸੁੱਤਾ ਪਿਆ ਸੀ। ਉਸਨੂੰ ਵੇਖਕੇ ਮੁੱਛਾਂ ਵਿਚ ਹੀ ਹੱਸਦਾ ਦੁੱਲਾ ਦੁੱਧ ਰਿੜਕਦੀ ਫੁੱਲਰਾਂ ਦੇ ਸਿਰ 'ਤੇ ਆਣ ਖੜ੍ਹਾ।



## 6.

ਹਵੇਲੀ ਵਿਚ ਨੂਰੇ ਦੇ ਨਿਕਾਹ ਦੀਆਂ ਤਿਆਰੀਆਂ ਹੋਣ ਲੱਗੀਆਂ। ਕਦੇ ਨਾਈ, ਕਦੇ ਮੋਚੀ, ਕਦੇ ਦਰਜ਼ੀ ਗੇੜੇ ਮਾਰਨ ਲੱਗੇ।

ਹਵੇਲੀ ਦੇ ਵਿਹੜੇ ਵਿਚ ਕਾਨ੍ਹਿਆਂ ਦੇ ਬਣੇ ਮੂੜ੍ਹੇ ਉੱਪਰ ਬੈਠਾ ਦੁੱਲਾ ਸੋਚ ਰਿਹਾ ਸੀ, ਦੋ-ਢਾਈ ਮਹੀਨਿਆਂ ਦੀ ਗੱਲ ਈ ਮਾਂ ਨੇ ਪੁੱਛਿਆ ਸੀ—'ਫੁੱਲਰਾਂ ਦੇ ਪੇਕਿਆਂ ਤੋਂ ਮਿਰਾਸੀ ਆਇਆ ਵੇ, ਨੂਰੇ ਦੇ ਨਿਕਾਹ ਬਾਰੇ ਉਹਨਾਂ ਘੱਲਿਆ ਈ, ਪੁੱਛਦਾ ਏ, ਉਹਨਾਂ ਗੰਢਾਂ ਭੇਜਣੀਆਂ ਨੇ, ਨਿਕਾਹ ਲਈ ਕਿਹੜਾ ਮਹੀਨਾਂ ਤੁਸਾਂ ਨੂੰ ਠੀਕ ਬੈਠਦਾ ਏ।'

......ਮੈਂ ਆਖਿਆ ਸਈ....., 'ਸਲਾਹ ਕਰਕੇ ਦੱਸਾਂਗੇ, ਖਬਰ ਭੇਜ ਦਿਆਂਗੇ।'

ਮਿਰਾਸੀ ਖੇਸ ਅਤੇ ਸ਼ਗਨ ਲੈ ਕੇ ਚਲਿਆ ਗਿਆ ਸੀ।

ਫੁੱਲਰਾਂ ਅਤੇ ਮਾਂ ਮੂੰਹ ਵੱਟੀ ਫਿਰਦੀਆਂ ਸਨ। ਮੈਂ ਕਿਹਾ,—'ਮਾਂ ਨੂਰਾ ਅਜੇ ਬਾਲ ਈ, ਕੁਝ ਵਰ੍ਹੇ ਅਟਕ ਜਾਈਏ।'

—ਵੇ ਤੇਰਾ ਨਿਕਾਹ ਤਾਂ ਨੂਰੇ ਤੋਂ ਵੀ ਛੋਟੀ ਉਮਰੇ.....।'

—ਮੇਰੀ ਗੱਲ ਹੋਰ ਸੀ ਮਾਂ.....' ਮੈਂ ਟੋਕਿਆ ਸੀ— । ਅਜੇ ਤਾਂ ਨੂਰੇ ਨੂੰ ਪੱਗ ਬੰਨ੍ਹਣ ਦਾ ਚੱਜ ਨਹੀਓਂ, ਖੇਡਣ ਤੇ ਖਰਮਸਤੀਆਂ ਕਰਨ ਤੋਂ ਬਿਨਾਂ ਹੋਰ ਦੱਸ ਕੀ ਕੰਮ ਕਰਦਾ ਈ ?'

—ਨਿਕਾਹ ਹੋਣ ਦੇ ਆਪੂੰ ਕਰੇਗਾ।'

—ਨਹੀਂ ਮਾਂ, ਜਦ ਤੱਕ ਨੂਰਾ ਕੋਈ ਗਾਠਾਂ ਵਾਲਾ ਕੰਮ ਕਰਕੇ ਨਹੀਂ ਦੱਸੇਗਾ, ਜਦ ਤੱਕ ਬਿਰਾਦਰੀ ਦੀ ਹਾਜ਼ਰੀ 'ਚ ਪੱਗ ਨਹੀਂ ਬੰਨ੍ਹੇਗਾ, ਉਹਦਾ ਨਿਕਾਹ ਨਹੀਂ ਹੋਣਾ ਤੇ ਜਾਣਦੀ ਏ ਤੂੰ ਭੱਟੀਆਂ ਦੇ ਗੱਭਰੂਆਂ ਨੂੰ ਪੱਗ ਕਦੋਂ ਬੰਨ੍ਹੀਦੀ ਏ।' ਮੈਂ ਸਾਫ਼ ਆਖਿਆ ਸੀ।

—ਵੇ ਪੁੱਤ, ਏਹ ਤਰ੍ਹਾਂ ਤਾਂ.......।'

—ਨਹੀਂ ਮਾਂ ਹੋਰ ਕਈ ਸਲਾਹ ਨਾ ਦੇਵੀਂ। ਨੂਰਾ ਦੱਸ ਕਿਥੇ ਵੇ ?'

—ਏਥੇ ਈ ਹੋਣਾ ਕਿਤੇ।'

—ਉਹਨੂੰ ਆਖੀਂ ਮੈਨੂੰ ਮਿਲੇ।'

—ਘੂਰ-ਘੱਪ ਨਾ ਕਰੀਂ ਬਹੁਤੀ ਅਜੇ ਅੰਞਾਣਾ ਈ।'

—ਮੈਨੂੰ ਤੇਰੀ ਸਮਝ ਨਹੀਂ ਆਉਂਦੀ ਮਾਂ, ਘੂਰ-ਘੱਪ ਲਈ ਉਹ ਅੰਞਾਣਾ ਹੋ ਜਾਂਦਾ, ਨਿਕਾਹ ਵੇਲੇ ਗੱਭਰੂ ਹੋ ਜਾਂਦਾ।'

—ਵੇ ਪੁੱਤ ਕੁੜੀ ਵਾਲੇ ਕਾਹਲੀ ਕਰਦੇ ਨੇ।'

—ਉਹਨਾਂ ਨੂੰ ਆਖ, ਘਰ ਟੁੱਕੜ ਹੈ ਨੀ ਤਾਂ ਉਂਜ ਈ ਤੋਰ ਦੇਉ ਨੈਣ ਦੇ ਮਗਰ, ਲਾ ਕੇ। ਦੁੱਲਾ ਜਦ ਪੁੱਤਰ ਵਿਆਹੁਣ ਆਇਆ ਤਾਂ ਪੂਰੀ ਠਾਠ ਬਾਠ ਨਾਲ ਢੁੱਕੇਗਾ।'

.....ਤੇ ਉਸੇ ਦਿਨ ਵੱਗਾਂ ਵਾਲੇ ਵਿਹਲੇ ਚਰਗਾਨ ਵਿਚ ਤ੍ਰਕਾਲਾਂ ਵੇਲੇ, ਨੂਰਾ ਤੇ ਉਹਦੇ ਆੜੀ ਖੁੱਦੋ-ਖੂੰਡੀ ਖੇਡਦੇ ਦਿੱਸ ਪਏ ਸਨ। ਮੈਂ ਹਾਕ ਦੇ ਕੇ ਨੂਰੇ ਨੂੰ ਸੱਦਿਆ ਤੇ ਉਹਦੇ ਆੜੀ ਵੀ ਆ ਗਏ ਸਨ।

—ਨੂਰਿਆ, ਤੇਰੀ ਅੰਮਾ ਆਖਦੀ ਏ, ਨੂਰੇ ਨੂੰ ਹੁਣ ਪਗੜੀ ਬੰਨ੍ਹਣੀ ਪੈਣੀ ਏਂ।' ਮੈਂ ਢੰਗ ਨਾਲ ਗੱਲ ਤੋਰੀ ਸੀ।

—ਅੰਮਾਂ ਆਖਦੀ ਏ ਤਾਂ ਬੰਨ੍ਹ ਲਾਵਾਂਗਾ ਅੱਬਾ।'

—ਏਥੇ ਪਿੰਡੀ 'ਚ ਖਿੱਦੋ-ਖੂੰਡੀ ਖੇਡ ਕੇ ਤਾਂ ਸਿਰ 'ਤੇ ਪੱਗੜੀ ਬੰਨ੍ਹਣ ਦਾ ਹੱਕ ਨਹੀਂ ਹੈ ਤੈਨੂੰ।'

ਨੂਰਾ ਹੈਰਾਨ ਹੋਇਆ ਸੀ.....'ਮੈਨੂੰ ਕਾਹਤੋਂ ਹੱਕ ਨੀ ਅੱਬਾ ?'

—ਤੈਨੂੰ ਪਤਾ ਸਿਰ 'ਤੇ ਰੱਖੀ ਪਗੜੀ ਦਾ ਮੁੱਲ ਕੀ ਹੁੰਦਾ ?'

ਸਾਰੇ ਮੇਰੇ ਮੂੰਹ ਵੱਲ ਵੇਖਣ ਲੱਗੇ ਸਨ।

ਮੈਂ ਕਿਹਾ ਸੀ—'ਵੇਖੋ ਮੁੰਡਿਓ, ਹੁਣ ਤੁਸੀਂ ਛੋਹਰ ਨਹੀਂ ਜੇ, ਗੱਭਰੂ ਹੋਣ ਡਹੇ ਓ। ਗੱਭਰੂਆਂ ਦੇ ਸਿਰ ਪਗੜੀਆਂ ਨਾਲ ਸੋਂਹਦੇ ਨੇ। ਧਾਅਨੂੰ ਪਤਾ ਹੈ ਵੇ, ਪਗੜੀ ਬੰਨ੍ਹਣ ਤੋਂ ਪਹਿਲਾਂ, ਪਗੜੀ ਦੇ ਲਾਇਕ ਹੋਣਾ ਪੈਂਦਾ। ਨੂਰਿਆ, ਮੈਂ ਤੈਨੂੰ ਆਖਨਾ ਪੁੱਤਰਾ, ਬੜਾ ਖੇਡ ਮੱਲ ਲਿਆ ਈ। ਹੁਣ ਸੂਰਮਿਆਂ ਵਾਲੇ ਕੰਮ ਕਰਨ ਦਾ ਵੇਲਾ ਈ। ਮੈਂ ਵੀ ਜਾਣਾ, ਸਾਡਾ ਨੂਰਾ ਹੁਣ ਬੜਾ ਰਾਠ ਈ ਤੇ ਉਹਨੂੰ ਆਪਣੇ ਸਿਰ ਤੇ ਪਗੜੀ ਬੰਨ੍ਹਣ ਦਾ ਹੱਕ ਈ। ਅੰਮਾਂ ਤੇਰਾ ਨਿਕਾਹ ਕਰਨ ਦਾ ਸੋਚਣ ਡਹੀ ਏ.....।'

—ਦੱਸ ਅੱਬਾ ਕੀ ਕਰਾਂ ਮੈਂ ?'

—ਮੈਂ ਕੀ ਦੱਸਣਾ ਈ ਨੂਰਿਆ। ਬਾਰ ਦੇ ਭੱਟੀ ਰਾਜਪੂਤਾਂ, ਵਿਰਕਾਂ ਤੇ ਖਰਲਾਂ ਦੀ ਰਵਾਇਤ ਈ, ਜਿੰਨਾ ਚਿਰ ਬਾਰ ਦਾ ਗੱਭਰੂ, ਕੋਈ ਡਾਕਾ ਨਹੀਂ ਮਾਰਦਾ, ਕੋਈ ਲੁੱਟ ਖੋਹ ਨਹੀਂ ਕਰਦਾ, ਕਿਸੇ ਚੜੇ-ਚੌਧਰੀ ਦੇ ਪਸ਼ੂ ਡੰਗਰ ਨਹੀਂ ਖੋਹਲਦਾ, ਤਾਂ ਕੀ ਪਤਾ ਲੱਗੇ, ਸਾਡਾ ਗੱਭਰੂ ਵੀ ਸੂਰਮਾ ਈ। ਇਹਨੇ ਵੀ ਬਾਰ ਦੇ ਦਰਿਆ ਦਾ ਪਾਣੀ ਪੀਤਾ ਈ, ਹੁਣ ਇਹਨੂੰ ਪਗੜੀ ਬੰਨ੍ਹਣ ਦਾ ਹੱਕ ਵੇ।'

ਇਹ ਗੱਲਾਂ ਆਖਕੇ ਮੈਂ ਤਾਂ ਭੁੱਲ ਹੀ ਗਿਆ ਸਾਂ।' ਇਕ ਦਿਨ ਸਵੇਰੇ ਉਠਿਆ, ਪਹਿਰ ਦੇ ਤੜਕੇ, ਅਜੇ ਚੁਫੇਰੇ ਹਨੇਰਾ ਸੀ। ਵੇਖਿਆ, ਹਵੇਲੀ ਦੇ ਅੰਦਰ ਇਕ ਪਾਸੇ ਦੋ ਊਠ ਤੇ ਇਕ ਘੋੜੀ ਖੜ੍ਹੇ ਹਨ।

—ਕੋਈ ਆਇਆ ਵੇ ਰਾਤੀਂ ?' ਮੈਂ ਫੁੱਲਰਾਂ ਨੂੰ ਪੁੱਛਿਆ ਸੀ।

—ਨਹੀਂ ਤਾਂ, ਦਾਰੂ ਪੀ ਕੇ ਸੁਫ਼ਨੇ ਈ ਵੇਖਦਾ ਰਹਿੰਨੈ।' ਫੁੱਲਰਾਂ ਨੇ ਜਿਵੇਂ ਮੇਰੇ ਗਿੱਟੇ 'ਤੇ ਮਾਰੀ।

—ਫੇਰ ਆਹ ਊਠ.....ਘੋੜੀ.....?'

—ਕੀ ਜਾਣਾ, ਨੂਰਾ ਆਇਆ ਈ ਅੱਧੀ ਰਾਤੀਂ ਲੈ ਕੇ।'

—ਓ ਬੱਲੇ, ਹਈ ਸ਼ਾਵਾ, ਨੂਰਾ ਤੇ ਫਿਰ ਨਰ ਨਿਕਲਿਆ ਈ।' ਮੇਰੇ ਚਿਹਰੇ ਉੱਪਰ ਚਮਕ ਆ ਗਈ ਸੀ।

ਫਿਰ ਮੈਂ ਕਾਹਲੀ ਨਾਲ ਵਿਹੜੇ ਵਿਚ ਆਇਆ। ਸੋਚਿਆ, ਇਹਨਾਂ ਨੂੰ ਤਾਂ ਵੇਲੇ ਸਿਰ ਟਿਕਾਣੇ ਲਾਣਾ ਹੋਵੇਗਾ। ਨਹੀਂ ਤੇ ਕੋਈ ਖੋਜੀ ਮਗਰੇ ਹੀ ਲੱਗਾ ਆਂਦਾ ਪਿਆ ਹੋਣਾ ਵਾਹਰ ਲੈ ਕੇ। ਮੈਂ ਆਪਣੇ ਤਬੇਲੇ ਵਿਚ ਗਿਆ। ਆਪਣੀਆਂ ਦੋ ਘੋੜੀਆਂ ਖੋਹਲੀਆਂ,



ਪਹਿਲਾਂ ਦੋਹਾਂ ਨੂੰ ਹਵੇਲੀ ਦੇ ਦਰਾਂ 'ਚ ਫੇਰਿਆ। ਫਿਰ ਹਵੇਲੀ ਅੰਦਰ ਵਿਹੜੇ ਵਿਚ ਗੇੜੇ ਦਿੱਤੇ। ਓਪਰੀ ਘੋੜੀ ਕੰਨ ਖੜ੍ਹੇ ਕਰਕੇ ਝਾਕੀ ਸੀ, ਅੱਚਵੀ ਕਰਦੀ ਨੇ ਪੌੜ ਮਾਰੇ ਸਨ।.....ਫਿਰ ਮੈਂ ਦੋਵੇਂ ਊਠ ਤੇ ਘੋੜੀ ਖੋਹਲੇ ਤੇ ਆਪਣੀਆਂ ਘੋੜੀਆਂ ਨਾਲ ਰਲਾ ਕੇ, ਪਿਰਥੇ ਅਤੇ ਰੂੜੇ ਨੂੰ ਨਾਲ ਲਿਆ। ਦਿਨ ਚੜ੍ਹਨ ਤੋਂ ਪਹਿਲਾਂ ਪਹਿਲਾਂ......ਪਸ਼ੂ ਰਾਸਗੀਰ ਕੋਲ ਪੁੱਜਦੇ ਕਰ ਦਿੱਤੇ। ਰਾਸਗੀਰ ਨੇ ਦਰਿਆ ਪਾਰ ਕਰਾ ਦਿੱਤੇ। ਮੁੱਦਾ ਖ਼ਤਮ।.....ਸੋਚਦਿਆਂ ਦੁੱਲੇ ਦੇ ਚਿਹਰੇ ਉਪਰ ਜੇਤੂ ਮੁਸਕਾਣ ਤੈਰ ਗਈ।

.....ਪਰ ਗੱਲ ਖ਼ਤਮ ਕਿੱਥੇ ਹੋਈ ਸੀ ਅਜੇ। ਦਿਨ ਚੜ੍ਹਿਆ ਹੀ ਸੀ, ਪਸ਼ੂਆਂ ਦੇ ਮਾਲਕ ਇਕ ਖੋਜੀ ਨੂੰ ਨਾਲ ਲੈ ਕੇ ਪਿੰਡੀ ਆ ਵੜੇ। ਊਠਾਂ ਦੇ ਪੈਰਾਂ ਅਤੇ ਘੋੜੀ ਦੇ ਖ਼ੁਰਾਂ ਦੇ ਨਿਸ਼ਾਨ ਤਾਂ ਏਧਰ ਹੀ ਆਉਂਦੇ ਸਨ। ਆਪਣੀ ਹਿਫ਼ਾਜ਼ਤ ਲਈ ਉਹਨਾਂ ਪਿੰਡੀ ਦੇ ਚੌਧਰੀ ਅਹਿਮਦ ਖ਼ਾਨ ਅਤੇ ਫਜ਼ਲਦੀਨ ਨੂੰ ਨਾਲ ਲਿਆ ਤੇ ਖੋਜੀ ਪੈੜ ਨੱਪਦਾ ਨੱਪਦਾ ਦੁੱਲੇ ਦੀ ਹਵੇਲੀ ਦੇ ਦਰਾਂ 'ਚ ਆਣ ਖੜ੍ਹਾ।

—ਏਥੇ ਤਾਂ ਕਈ ਪਸ਼ੂ ਨੇ।' ਖੋਜੀ ਭੰਬਲਭੂਸੇ ਵਿਚ ਪੈ ਗਿਆ। ਏਨੀਆਂ ਪੈੜਾਂ ਵਿਚੋਂ ਕੋਈ ਉਸਦੀ ਪਛਾਣ 'ਚ ਆਉਂਦੀ, ਕੋਈ ਨਾ ਆਉਂਦੀ। ਖੋਜੀ ਆਪਣੇ ਕਸਬ ਦਾ ਮਾਹਰ ਸੀ। ਉਸਨੇ ਆਖਿਆ—'ਪਸ਼ੂ ਇਕ ਵਾਰ ਤਾਂ ਹਵੇਲੀ ਅੰਦਰ ਗਏ ਨੇ।'

—ਬੰਦਾ ਬੜਾ ਕੱਬਾ ਊ।' ਚੌਧਰੀਆ ਖ਼ਬਰਦਾਰ ਕੀਤਾ

—ਬੂਹਾ ਤਾਂ ਖੜਕਾਈਏ। ਹਾਕ ਤਾਂ ਦੇਈਏ।' ਮਾਲਕਾਂ ਆਖਿਆ

—ਅਸੀਂ ਚਲਨੇ ਆਂ ਫਿਰ।' ਚੌਧਰੀ ਸਵੇਰੇ ਸਵੇਰੇ ਲਾਹ-ਪਾਹ ਤੋਂ ਡਰਦੇ ਸਨ।

—ਚੌਧਰੀਓ ਧਾਅਡੇ ਸਾਹਮਣੇ ਤਾਂ ਗੱਲ ਹੋਣੀ ਏਂ।'

—ਜੇ ਪਸ਼ੂ ਅੰਦਰ ਹੋਏ ਤਾਂ ਵੀ, ਜੇ ਅੰਦਰ ਨਾ ਹੋਏ ਤਾਂ ਵੀ, ਉਸਨੇ ਬੇਜ਼ਤੀ ਕਰਨ ਲੱਗਿਆਂ ਡੌਟ ਲਾਉਣਾ। ਅਸੀਂ ਜਾਣਨੇ ਆਂ ਪਿੰਡ ਵਾਲੇ। ਤੁਸੀਂ ਗੱਲ ਕਰੋ, ਅਸੀਂ ਏਥੇ ਈ ਆਂ।' ਚੌਧਰੀ ਪਿਛਾਂਹ ਹੱਟ ਕੇ ਪਿੱਪਲ ਹੇਠਾਂ ਜਾ ਖੜ੍ਹੇ ।

ਪਸ਼ੂ ਦੇ ਮਾਲਕਾਂ ਬੂਹਾ ਖੜਕਾ ਦਿੱਤਾ।

ਕੁਝ ਦੇਰ ਬਾਅਦ ਲੱਧੀ ਬਾਹਰ ਨਿਕਲੀ। ਓਪਰੇ ਜਣਿਆਂ ਨੂੰ ਵੇਖ ਕੇ ਹੈਰਾਨ ਹੋਈ।

—ਘਰ ਕੋਈ ਮਰਦ ਹੈਗਾ, ਓਹਨੂੰ ਬਾਹਰ ਤਾਂ ਘੱਲ।' ਇਕ ਬੋਲਿਆ।

—ਕੰਮ ਕੀ ਜੇ ?' ਲੱਧੀ ਪੁੱਛਿਆ।

—ਅਸੀਂ ਲਾਗਿਓਂ ਈ ਆਂ। ਕੰਮ ਹੈਗਾ ਵੇ।' ਖੋਜੀ ਹਵੇਲੀ ਦੇ ਵਿਹੜੇ ਵਿਚ ਤਾੜ ਰਿਹਾ ਸੀ ਤੇ ਮਾਲਕ ਅੱਡੀਆਂ ਚੁੱਕ ਚੁੱਕ ਹਵੇਲੀ ਅੰਦਰ ਪਸ਼ੂ ਲੱਭਦੇ ਸਨ।

ਲੱਧੀ ਜਕੋ-ਤਕੀ ਵਿਚ ਮੁੜ ਪਈ।

—ਆਪਣੇ ਪਸ਼ੂ ਤਾਂ ਆਏ ਨੇ ਅੰਦਰ।' ਖੋਜੀ ਨੇ ਪੂਰੇ ਭਰੋਸੇ ਨਾਲ ਕਿਹਾ।

ਕੁਝ ਦੇਰ ਬਾਅਦ ਦੁੱਲਾ ਉਬਾਸੀਆਂ ਮਾਰਦਾ ਤੇ ਅੰਗਾਂ ਦੀਆਂ ਕੜੱਲਾਂ ਭੰਨਦਾ ਬਾਹਰ ਆਇਆ।

—ਸਲਾਮ ਭਾਈ ਜਾਨ।' ਬਾਹਰੋਂ ਆਏ ਬੋਲੇ।

—ਵਾ ਲੇਕਮ ਸਲਾਮ।' ਆਖਦਿਆਂ ਦੁੱਲੇ ਨੇ ਫਿਰ ਉਬਾਸੀ ਲਈ ਤੇ ਪੁੱਛਿਆ:

—ਫਜ਼ਰ ਵੇਲੇ ਕੀ ਭੀੜਾਂ ਆ ਪਈਆਂ ਜਣਿਆਂ ਨੂੰ ?'

ਪਸ਼ੂਆਂ ਦੇ ਮਾਲਕ ਅਤੇ ਖੋਜੀ ਦੁੱਲੇ ਦਾ ਕੱਦ-ਕਾਠ ਵੇਖ ਕੇ ਭੌਂਚੱਕੇ ਰਹਿ ਗਏ। ਉਹਨਾਂ ਨੂੰ ਸਮਝ ਨਾ ਆਵੇ ਕੀ ਕਹਿਣ। ਪਸ਼ੂ ਚੋਰੀ ਹੋਣ ਤੇ ਫਿਰ ਹਵੇਲੀ ਅੰਦਰ ਜਾਂਦੀ ਪੈੜ ਦੀ ਗੱਲ ਕਿਵੇਂ ਕਰਨ। ਇਹ ਤਾਂ ਦੋ ਜਣਿਆਂ ਨੂੰ ਕੱਛਾਂ ਵਿਚ ਲੈ ਕੇ ਸਾਹ ਬੰਦ ਕਰ ਦਏ। ਦੂਰ ਪਿਛਾਂਹ ਪਿੱਪਲ ਥੱਲੇ ਖੜ੍ਹੇ ਚੌਧਰੀ ਦੁੱਲੇ ਵਲ ਇੱਕ ਟੱਕ ਤੱਕਣ ਲੱਗੇ।

—ਅਸੀਂ ਕੀਹਦੇ ਨਾਲ ਗੱਲ ਕਰਨੇ ਪਏ ਆਂ ?' ਇਕ ਜਣੇ ਨੇ ਜੇਰਾ ਕਰਕੇ ਪੁੱਛਿਆ।

—ਤੁਸੀਂ ਪਿੰਡੀ ਦੇ ਦੁੱਲਾ ਖ਼ਾਨ ਭੱਟੀ ਨਾਲ ਗੱਲ ਕਰ ਰਹੇ ਜੇ।'

—ਰਾਤੀਂ ਅਸਾਂ ਦੇ ਪਸ਼ੂ ਖੁਲ੍ਹ ਗਏ ਨੀ ਤੇ ਪੈੜਾਂ ਹਵੇਲੀ ਤੱਕ ਆਦੀਆਂ ਨੇ।' ਦੂਸਰੇ ਮਾਲਕ ਨੇ ਝਿਜਕਦਿਆਂ ਕਿਹਾ।

—ਪਸ਼ੂ ਲੈਣ ਆਏ ਜੇ ?' ਦੁੱਲੇ ਨੇ ਵਿਅੰਗ ਨਾਲ ਪੁੱਛਿਆ

—ਹਾਂਅ।' ਸਾਰੇ ਇਕੱਠੇ ਬੋਲੇ।

—ਓਹ ਧਾਅਡੇ ਸਨ ਪਸ਼ੂ ? ਦੋ ਊਠ ਇਕ ਘੋੜੀ ਸੀ ਨ੍ਹਾ ?'

—ਹਾਂ ਹਾਂ— ।' ਮਾਲਕਾਂ ਦੇ ਚਿਹਰਿਆਂ ਉਪਰ ਰੌਣਕ ਆ ਗਈ।

—ਇਕ ਤਾਂ ਬਤਾਰੂ ਸੀ ਅਜੇ। ਮਸਾਂ ਪੰਦਰਾਂ ਕੁ ਮਹੀਨਿਆਂ ਦਾ ਹੋਣਾ।' ਇਕ ਮਾਲਕ ਨੇ ਜਾਣਕਾਰੀ ਦਿੱਤੀ।

—ਅੱਛਾ ਅੱਛਾ।' ਦੁੱਲੇ ਨੇ ਭਾਰਾ ਸਿਰ ਹਿਲਾਇਆ—'ਤਾਂ ਓਹ ਧਾਅਡੇ ਪਸ਼ੂ ਨੇ। ਅੱਧੀਂ-ਰਾਤੀਂ ਮੇਰੇ ਪਾਸ ਆਏ ਸਨ ਚਾਰ ਜਣੇ। ਆਂਹਦੇ ਸਨ, ਪਸ਼ੂ ਰੱਖ ਲੈ। ਮੈਂ ਕਿਹਾ, ਹੁਣ ਮੈਂ ਇਹ ਧੰਦਾ ਛੱਡ ਦਿੱਤਾ ਈ, ਕੋਈ ਹੋਰ ਘਰ ਵੇਖੋ। ਫੇਰ ਪਤਾ ਨੀ ਉਹ ਕਿਧਰ ਚਲੇ ਗਏ ?'

—ਪੈੜਾਂ ਤਾਂ ਹਵੇਲੀ ਅੰਦਰ ਆਂਦੀਆਂ ਨੇ।' ਖੋਜੀ ਨੇ ਤਸੱਲੀ ਨਾਲ ਕਿਹਾ।

—ਅੰਦਰ ਪੈੜਾਂ ਆਂਦੀਆਂ ਨੇ, ਤਾਂ ਆਓ ਵੇਖ ਲਓ ਹਵੇਲੀ ਅੰਦਰ। ਮੈਂ ਕਿਹੜਾ ਪਸ਼ੂਆਂ ਨੂੰ ਚੁਬਾਰੇ ਚਾੜ੍ਹ ਛੱਡਿਆ।' ਆਖ ਕੇ ਦੁੱਲਾ ਇਕ ਪਾਸੇ ਹੋ ਗਿਆ।

—ਆਓ ਲੰਘ ਆਓ, ਲੱਸੀ ਪਾਣੀ ਦੁੱਧ ਜੋ ਰੂਹ ਆਖਦੀ ਏ, ਹਾਜ਼ਰ ਏ, ਨਾਲੇ ਹਵੇਲੀ ਵੇਖ ਲਓ।'

ਦੁੱਲਾ ਉਹਨਾਂ ਨੂੰ ਅੰਦਰ ਲੈ ਆਇਆ ਤੇ ਦੀਵਾਨ ਖਾਨੇ ਵਲ ਲੈ ਗਿਆ। ਉਹ ਝਕਦੇ ਝਕਦੇ ਅੰਦਰ ਲੰਘੇ। ਆਸੇ ਪਾਸੇ ਪੂਰੀ ਨੀਝ ਨਾਲ ਤਾੜਿਆ। ਹਵੇਲੀ ਦੇ ਵਿਹੜੇ ਵਿਚ ਖ਼ੁਰ-ਵੱਢ ਹੋਈ ਪਈ ਸੀ। ਖੋਜੀ ਹੈਰਾਨ ਸੀ, ਘੋੜੀ ਤਾਂ ਇਕ ਸੀ ਪਰ ਏਥੇ ਏਨੇ ਪਸ਼ੂ ਕਿਥੋਂ ਆਏ ?

ਏਸੇ ਵੇਲੇ ਫੱਤੂ ਮਿਰਾਸੀ 'ਭੱਟੀ ਸਰਦਾਰ ਦੀ ਖੈਰ....ਭਾਗ ਲੱਗੇ ਰਹਿਣ।' ਆਖਦਾ ਅੰਦਰ ਲੰਘ ਆਇਆ।

—ਵੇਲੇ ਸਿਰ ਈ ਆਇਆ ਏਂ ਮੀਰ ਜਾਦਿਆ। ਜਾਹ ਅੰਮਾਂ ਤੋਂ ਲੱਸੀ ਦਾ ਡੋਲਣਾ ਭਰਾ ਲਿਆ। ਪ੍ਰਾਹੁਣਿਆਂ ਦੀ ਸੇਵਾ ਕਰਨੀ ਊ।'

ਫੱਤੂ ਅੰਦਰ ਵਲ ਤੁਰਿਆ ਤਾਂ ਦੁੱਲੇ ਨੇ ਪਿੱਛੋਂ ਹਾਕ ਦਿੱਤੀ—'ਮੱਖਣ ਦਾ ਪਿੰਨਾ ਸੁੱਟੀ ਆਈਂ ਵਿਚ।'

...........................



ਲੱਸੀ ਪੀਕੇ ਨਿਹਾਲ ਹੋਏ ਪਸ਼ੂਆਂ ਦੇ ਮਾਲਕ ਮੁੱਛਾਂ ਪੂੰਝਣ ਲੱਗੇ। ਖੋਜੀ ਅਜੇ ਵੀ ਬੇ-ਅਰਾਮੀ ਵਿਚ ਉਸਲਵੱਟੇ ਲੈਂਦਾ ਸੀ। ਉਸਨੂੰ ਪੂਰਾ ਯਕੀਨ ਸੀ, ਪਸ਼ੂ ਅੰਦਰ ਆਏ ਨੇ। ਦੁੱਲਾ ਉਸਦੀ ਬੇਚੈਨੀ ਤਾੜਦਾ ਬੋਲਿਆ:

—ਧਾਅਡੇ ਪਸ਼ੂ ਦਰਿਆ ਪਾਰ ਹੋ ਗਏ ਨੇ ਸਾਊ ਓ।'

—ਤੂੰ ਕਿਵੇਂ ਜਾਣਨਾ ?' ਇਕ ਨੇ ਪੁੱਛਿਆ।

—ਜਦ ਮੈਂ ਠਾਹਰ ਨਹੀਂ ਦਿੱਤੀ ਤਾਂ ਆਂਹਦੇ ਪਏ ਸਨ ਦਰਿਆ ਵੱਲ ਜਾਣਾ ਪੈਣਾ।' ਦੁੱਲਾ ਤਿੰਨਾਂ ਵੱਲ ਵਾਰੀ ਵਾਰੀ ਝਾਕਿਆ।

—ਹੁਣ ?' ਦੋਵੇਂ ਮਾਲਕ ਖੋਜੀ ਵੱਲ ਵੇਖਣ ਲੱਗੇ।

ਖੋਜੀ ਨੇ ਸਿਰ ਮਾਰਿਆ, ਜਿਵੇਂ ਆਖ ਰਿਹਾ ਹੋਵੇ,—'ਹੁਣ ਪਸ਼ੂ ਨੀ ਮੁੜਨੇ।'

ਉਹ ਉਦਾਸ ਤੇ ਨਿਰਾਸ਼ ਦਿੱਸਦੇ ਉੱਠ ਖੜ੍ਹੇ ਤੇ ਦੁੱਲੇ ਨੂੰ ਸਲਾਮ ਬੁਲਾਕੇ ਹਵੇਲੀਓਂ ਬਾਹਰ ਨਿਕਲ ਗਏ।

ਉਹਨਾਂ ਦੇ ਜਾਣ ਪਿੱਛੋਂ ਦੁੱਲਾ ਹੱਸਿਆ—'ਭਾਲਦੇ ਐ ਝੋਟਿਆਂ ਦੇ ਘਰੋਂ ਲੱਸੀ।'

—ਲੱਸੀ ਤਾਂ ਫੇਰ ਵੀ ਪੀ ਗਏ ਸਰਦਾਰਾ।' ਫੱਤੂ ਨੇ ਟਾਂਚ ਲਾਈ।

—ਓਹ ਲੱਸੀ ਹੋਰ ਹੁੰਦੀ ਏ, ਤਿਊੜ ਵਰਗੀ।' ਦੋਵੇਂ ਉੱਚੀ ਉੱਚੀ ਹੱਸਣ ਲੱਗੇ।

* * * *

ਇਹਨਾਂ ਦਿਨਾਂ ਵਿਚ ਨੂਰੇ ਦੇ ਆੜੀ ਬੜੇ ਚਾਂਭਲੇ ਹੋਏ ਫਿਰਦੇ ਸਨ। ਉਹਨਾਂ ਦੀਆਂ ਸ਼ਰਾਰਤਾਂ ਵੱਧ ਗਈਆਂ ਸਨ। ਹੁਣ ਉਹਨਾਂ ਨੂੰ ਘੁਮੰਡ ਸੀ, ਸਾਡੇ ਅੰਦਰ ਵੀ ਭੱਟੀ ਰਾਜਪੂਤਾਂ ਦੇ ਖ਼ੂਨ ਦੀ ਕਣੀ ਹੈਗੀ ਏ। ਉਹਨਾਂ ਦਾ ਝਾਕਾ ਖੁਲ੍ਹ ਗਿਆ ਸੀ।

ਨੂਰੇ ਦੇ ਇਕ ਮਿੱਤਰ ਨੇ ਵੀ ਸਾਬਤ ਕਰਨਾ ਚਾਹਿਆ,.....ਉਹ ਵੀ ਕਿਸੇ ਨਾਲੋਂ ਘੱਟ ਨਹੀਂ ਹੈ। ਇਕ ਦਿਨ ਉਹ ਪਿੰਡੀ ਦੇ ਹੀ ਇਕ ਕਿਸਾਨ ਦੇ ਬਲਦ ਖੋਹਲ ਲਿਆਇਆ।

ਦੁੱਲੇ ਨੂੰ ਪਤਾ ਲੱਗਿਆ ਤਾਂ ਉਸਨੇ ਫੱਤੂ ਨੂੰ ਆਖ ਕੇ ਨੂਰਾ ਅਤੇ ਉਸਦੀ ਜੁੰਡਲੀ ਦੇ ਸਾਰੇ ਲੜਕੇ ਸਦਵਾ ਲਏ। ਉਹ ਤਾਂ ਦੌੜੇ ਆਏ, ਨੂਰੇ ਦਾ ਅੱਬਾ ਅੱਜ ਉਹਨਾਂ ਨੂੰ ਸ਼ਾਬਾਸ਼ ਦਏਗਾ।

ਦੁੱਲੇ ਨੇ ਸਾਰੇ ਆਪਣੇ ਕੋਲ ਬਿਠਾ ਲਏ। ਸਮਝਾਇਆ;

—ਪੁੱਤਰੋ, ਚੰਗੀ ਗੱਲ ਈ ਤੁਸੀਂ ਜੁਆਨ ਹੋਣ ਡਹੇ ਓਂ ਤੇ ਹੁਣ ਮਰਦਾਂ ਵਾਲੇ ਕੰਮ ਵੀ ਕਰਨ ਲੱਗੇ ਓਂ। ਪਰ ਇੱਕ ਗੱਲ ਪੱਲੇ ਬੰਨ੍ਹ ਲਓ ਮੇਰੀ, ਨਾ ਤਾਂ ਪਿੰਡੀ ਦੇ ਕਿਸੇ ਜਣੇ ਦੀ ਲੁੱਟ ਖੋਹ ਕਰਨੀ ਏਂ ਤੇ ਨਾ ਹੀ ਕਿਸੇ ਦੇ ਪਸ਼ੂ ਉਧਾਲਣੇ ਨੀ। ਦੂਈ ਗੱਲ ਇਕ ਹੋਰ ਵੀ ਏ, ਕਿਸੇ ਗਰੀਬ ਦੇ ਘਰ ਵੱਲ ਨਹੀਂ ਝਾਕਣਾ। ਤਕੜੇ ਨੂੰ ਹੱਥ ਪਾਣਾ ਈ। ਜਿਸ ਘਰ 'ਚ ਇਕ-ਅੱਧ ਈ ਪਸ਼ੂ ਏ, ਓਥੇ ਵੀ ਇਹ ਕਾਰਵਾਈ ਹਰਗਿਜ਼ ਨਹੀਂ ਕਰਨੀ। ਇਹ ਬੌਲਦ ਕੌਣ ਲੈ ਕੇ ਆਇਆ ਈ ?'

—ਦੀਨੇ ਨੇ ਖੜ੍ਹੇ.....।' ਇਕ ਬੋਲਣ ਲੱਗਾ ਤਾਂ ਦੁੱਲੇ ਨੇ ਟੋਕਿਆ।

—ਠੀਕ ਏ, ਦੀਨੇ ਨੇ ਕੰਮ ਤਾਂ ਵੱਡਾ ਕੀਤਾ ਈ, ਪਰ ਹੁਣ ਜਾਹ ਪੁੱਤਰ ਬੌਲਦ ਉਹਨਾਂ ਦੇ ਘਰ ਬੰਨ੍ਹ ਆ। ਮੈਂ ਜਾਣਨਾਂ ਉਸਨੂੰ, ਉਹਦੇ ਕੋਲ ਦੋ ਬੌਲਦ ਈ ਨੇ, ਹੁਣ ਕੀ ਵਾਹੇਗਾ ਬੀਜੇਗਾ ਉਹ ?'

—ਮੈਨੂੰ ਸੰਗ ਆਂਦੀ ਏ ਚਾਚਾ, ਉਹਨੂੰ ਆਖ ਬੌਲਦ ਲੈ ਜਾਏ।' ਦੀਨੇ ਆਖਕੇ ਨੀਵੀਂ ਪਾ ਲਈ।

—ਠੀਕ ਏ, ਮੈਂ ਆਖ ਦਿਆਂਗਾ। ਅੱਗੇ ਨੂੰ ਐਸੀ ਹਰਕਤ ਨਹੀਂ ਕਰਨੀ। ਹੁਣ ਧਾਅਨੂੰ ਮੂੰਹ ਨਾਲ ਸਮਝਾਇਆ ਈ, ਫੇਰ..... । ਏਸ ਤਰ੍ਹਾਂ ਪੁੱਤਰੋ ਹੇਠੀ ਹੁੰਦੀ ਏ, ਭੱਟੀਆਂ ਦੀ। ਚੌਧਰੀਆਂ ਤੇ ਆਪਣੇ ਵਿਚ ਏਹੀਓ ਫ਼ਰਕ ਈ।'

—ਅਸਾਂ ਨੂੰ ਤਾ ਪਤਾ ਈ ਨਹੀਂ ਸੀ ਚਾਚਾ ਪਸ਼ੂ ਖੋਲਹਣ ਲਈ ਵੀ ਢੰਗ ਦਾ ਘਰ ਤਾੜਨਾ ਪੈਂਦਾ ਈ, ਅਸਾਂ ਤੇ ਸੋਚਿਆ—ਜਿੱਥੇ ਦਾਅ ਪੈ ਗਿਆ.......।'

—ਨਹੀਂ ਪੁੱਤਰੋ ਏਦਾਂ ਨਹੀਂ ਹੁੰਦਾ। ਔਖੇ ਬੰਦੇ ਨੂੰ ਹੋਰ ਔਖਾ ਨਹੀਂ ਕਰੀਦਾ। ਤਕੜਿਆਂ ਦੇ ਸੰਨ੍ਹ ਲਾਈਦਾ ਈ, ਉਹਨੂੰ ਨੂੰ ਵੀ ਪਤਾ ਲੱਗੇ, ਕੋਈ ਸਾਡੇ ਉਪਰੋਂ ਦੀ ਵੀ ਹੈ।

ਮੁੰਡਿਆਂ ਕੰਨ ਫੜੇ—'ਏਸ ਵਾਰ ਮਾਫ਼ ਕਰ ਚਾਚਾ।'

ਦੁੱਲਾ ਖੁਸ਼ ਹੋ ਗਿਆ। ਮੁੰਡੇ ਜਾਣ ਲਈ ਉੱਠ ਖੜ੍ਹੇ।

—ਸੁਣੋ! ਇੱਕ ਗੱਲ ਹੋਰ ਈ, ਕੱਲ੍ਹ ਨੂਰੇ ਨੂੰ ਪਗੜੀ ਬੰਨ੍ਹਣੀ ਏਂ। ਹਾਜੀ ਮੀਆਂ ਚਿਰਾਗ਼ ਦੀਨ ਨੂੰ ਮੈਂ ਆਖ ਆਇਆਂ। ਤੁਸੀਂ ਸਾਰਿਆਂ ਆਣਾ ਈ। ਹੁਣ ਨੂਰੇ ਦਾ ਪਗੜੀ ਬੰਨ੍ਹ ਦਾ ਹੱਕ ਈ।'

ਖੁਸ਼ੀ ਵਿਚ ਨੂਰੇ ਦੇ ਬੇਲੀਆਂ ਨੇ ਉਸ ਨੂੰ ਉੱਪਰ ਵੱਲ ਚੁੱਕ ਕੇ ਉਛਾਲਿਆ।

* * * *

ਹਵੇਲੀ ਅੰਦਰ ਪੂਰੀ ਰੌਣਕ ਸੀ। ਨੂਰੇ ਦੇ ਆੜੀ ਅਤੇ ਦੁੱਲੇ ਦੀ ਪੂਰੀ ਢਾਣੀ ਮੇਲੇ ਉੱਪਰ ਜਾਣ ਵਾਲਿਆਂ ਵਾਂਗੂੰ ਸਜੀ ਹੋਈ ਸੀ। ਲੱਧੀ ਨੇ ਮਿੱਠੇ ਚੌਲਾਂ ਦੀ ਵੱਡੀ ਦੇਗ ਉਬਾਲ ਲਈ ਸੀ। ਮਖਾਣੇ, ਸੌਗੀ ਤੇ ਹੋਰ ਨਿੱਕ-ਸੁੱਕ ਮੰਗਵਾ ਰੱਖਿਆ ਸੀ। ਗੁਲਾਬੀ ਪੱਗ ਨੂੰ ਉਚੇਚਾ ਮਾਵਾ ਲਗਵਾਇਆ ਸੀ।

ਫੁੱਲਰਾਂ, ਬਖ਼ਤੋ ਅਤੇ ਸਲੇਮੋ ਵੀ ਅੱਜ ਨਵੇਂ ਕੱਪੜੇ ਪਾਈ ਫਿਰਦੀਆਂ ਸਨ। ਪੂਰੀ ਤਿਆਰੀ ਸੀ। ਪਾਣੀ ਦਾ ਛੱਟਾ ਦੇ ਕੇ ਹਵੇਲੀ ਦੇ ਵਿਹੜੇ ਵਿਚ ਇਕ ਚੌਂਕੀ ਰੱਖ ਦਿੱਤੀ ਸੀ।

ਹਾਜੀ ਚਿਰਾਗ਼ ਦੀਨ ਹੱਥ ਵਿਚ ਤਸਬੀ ਫੜੀ ਅੰਦਰ ਆਇਆ ਤਾਂ ਸਭਨੇ ਸਲਾਮ ਕਰਦਿਆਂ ਉਸ ਨੂੰ ਆਦਰ ਦਿੱਤਾ।

ਨੂਰੇ ਨੂੰ ਚੌਂਕੀ ਉਪਰ ਬਿਠਾਇਆ ਤਾਂ ਸਭਨਾਂ ਨੇ ਉਸ ਦੁਆਲੇ ਘੇਰਾ ਘੱਤ ਲਿਆ।

—ਚੜ੍ਹਦੇ ਵਲ ਮੂੰਹ ਕਰਕੇ ਬੈਠ ਬਰਖੁਰਦਾਰ।' ਹਾਜੀ ਚਿਰਾਗ਼ਦੀਨ ਨੇ ਕਿਹਾ।

—ਚੜ੍ਹਦਾ ਕਿਧਰ ਵੇ?' ਨੂਰੇ ਨੇ ਹੈਰਾਨ ਹੋਕੇ ਪੁੱਛਿਆ।

ਦੁਆਲੇ ਖੜ੍ਹੇ ਸਾਰੇ ਹੱਸ ਪਏ।

ਲੱਧੀ ਨੇ ਉਠਾਕੇ ਉਸਨੂੰ ਚੜ੍ਹਦੇ ਵਲ ਮੂੰਹ ਕਰ ਬਿਠਾ ਦਿੱਤਾ।

—ਏਧਰ ਹੁੰਦਾ ਈ ਚੜ੍ਹਦਾ।' ਫੱਤੂ ਮਿਰਾਸੀ ਬੋਲਿਆ ਤਾਂ ਸਾਰੇ ਫੇਰ ਹੱਸ ਪਏ।

ਹਾਜੀ ਚਿਰਾਗ਼ ਦੀਨ ਹੱਥ ਵਿਚ ਪਗੜੀ ਲੈ ਕੇ ਦੁਆ ਕਰਨ ਲੱਗਾ।

—ਬਿਸਮਿਲਾ, ਅਰ ਰਹਿਮਾਨ ਰਹੀਮ, ਲਾਇਲਾਹਾ ਇਲੱਲੱਾਹ, ਮੁਹੰਮਦੁ ਰਸੂਲੱਲਾਹ! ਨੂਰ ਖਾਨ ਭੱਟੀ, ਵਲਦ ਦੁੱਲਾ ਖ਼ਾਨ ਭੱਟੀ ਵਲਦ ਫ਼ਰੀਦ ਖਾਨ ਭੱਟੀ, ਗੱਭਰੂ ਜੁਆਨ ਹੋ



ਗਿਆ, ਖੁਦਾ ਦੀਆਂ ਰਹਿਮਤਾਂ ਨੇ। ਬਾਰ ਦੀਆਂ ਰਵਾਇਤਾਂ ਮੁਤਾਬਕ ਉਹ ਹੁਣ ਪਗੜੀ ਬੰਨ੍ਹਣ ਦਾ ਹੱਕ ਰਖਦਾ ਈ। ਖ਼ੁਦਾ ਏਸ ਬੱਚੇ ਉਪਰ ਆਪਣੀ ਮਿਹਰ ਦੀ ਨਜ਼ਰੇ ਅਨਾਇਤ ਕਰਨਾ। ਬੁਰੀਆਂ ਅਲਾਮਤਾਂ ਤੋਂ ਬਚਾਉਣਾ। ਬੱਚਾ ਲੰਮੀ ਹਯਾਤੀ ਮਾਣੇ.....ਭੱਟੀਆਂ ਦਾ ਨਾਓਂ ਰੌਸ਼ਨ ਕਰੇ....., ਆਮੀਨ।' ਹਾਜੀ ਨੇ ਦੋਵੇਂ ਹੱਥ ਕੰਨਾਂ ਨੂੰ ਲਾਏ।

ਫਿਰ ਹਾਜੀ ਨੇ ਪਗੜੀ ਮੱਥੇ ਨੂੰ ਛੁਹਾਕੇ, ਨੂਰੇ ਦੇ ਸਿਰ ਉੱਪਰ ਲੜ ਦਾ ਇੱਕ ਗੇੜਾ ਦੇ ਕੇ ਆਖਿਆ—'ਹੁਣ ਆਪ ਈ ਬੰਨ੍ਹ ਲੈ ਬਰਖੁਰਦਾਰ।'

—ਵੇ ਕੋਈ ਮੇਰੇ ਮੇਹਰੂ ਨੂੰ ਤਾਂ ਹਾਕ ਮਾਰੋ। ਲੱਧੀ ਨੂੰ ਅਚਾਨਕ ਯਾਦ ਆਇਆ, ਫਿਰ ਫੱਤੂ ਵੱਲ ਨਿਗਾਹ ਗਈ,—'ਵੇ ਜਾਹ ਫੱਤੂ।'

ਝੱਟ ਫੱਤੂ ਹਵੇਲੀ ਦੇ ਪਿਛਲੇ ਪਾਸੇ ਵਲ ਤੁਰ ਗਿਆ।

..................

ਜਦੋਂ ਲੱਧੀ ਸਭਨਾਂ ਨੂੰ ਫੁੱਲੀਆਂ ਮਖਾਣੇ ਅਤੇ ਸੌਗੀ ਵੰਡ ਰਹੀ ਸੀ, ਉਦੋਂ ਫੱਤੂ ਤੇ ਮੇਹਰੂ ਵੀ ਆ ਗਏ।

—ਮਾਂ ਮੇਰੇ ਹਿੱਸੇ ਵੀ ਆਂਦੀ ਏ ਕੋਈ ਪੱਗ?' ਮੇਹਰੂ ਰੋਂਦਿਆਂ ਵਾਂਗ ਬੋਲਿਆ।

—ਸਾਰੀਆਂ ਪੱਗਾਂ ਤੇਰੀਆਂ ਈ ਨੇ ਸੋਹਣਿਆਂ।' ਲੱਧੀ ਨੇ ਉਸਨੂੰ ਮਖਾਣਿਆਂ ਦੀ ਮੁੱਠ ਫੜਾਉਂਦਿਆ ਕਿਹਾ।

—ਇਕ ਵਾਰ ਖੜ੍ਹਾ ਹੋ ਜਾ ਨੂਰੇ ਪੁੱਤ।' ਫੁੱਲਰਾਂ ਨੇ ਕਿਹਾ।

—ਕਿਉਂ?' ਨੂਰਾ ਹੈਰਾਨ ਹੋਇਆ।

—ਸ਼ਗਨ ਹੁੰਦੈ ਪੁੱਤ।'

ਜਦੋਂ ਨੂਰਾ ਉੱਠ ਕੇ ਖੜ੍ਹਾ ਹੋਇਆ, ਸਿਰ ਉੱਪਰ ਬੰਨ੍ਹੀ ਪਗੜੀ ਨਾਲ ਉਹ ਸਾਵਾਂ ਦੁੱਲਾ ਲਗਦਾ ਸੀ, ਜਿਵੇਂ ਵੀਹ ਵਰ੍ਹੇ ਦੁੱਲਾ ਛੋਟਾ ਹੋ ਗਿਆ ਹੋਵੇ। ਚਿਰਾਗ਼ ਦੀਨ ਹਾਜੀ ਦੇ ਮੂੰਹੋਂ ਸੁਭਾਵਕ ਨਿਕਲ ਗਿਆ—'ਮਾਸ਼ਾ.........ਅੱਲਾਹ।'

—ਮਾਂ ਵਾਰੀ ਵੇ ਨੂਰਿਆ।' ਲੱਧੀ ਵੀ ਵੇਖਦੀ ਰਹਿ ਗਈ। ਫਿਰ ਉਹ ਫੁੱਲਰਾਂ ਕੋਲ ਗਈ—'ਸੁਣ ਨੀਂ, ਸਣੇ ਡੰਡੀ ਸੁੱਕੀਆਂ ਮਿਰਚਾਂ ਨੂਰੇ ਉਪਰੋਂ ਦੀ ਵਾਰ ਕੇ ਸੁੱਟੀਂ ਚੁਲ੍ਹੇ ਵਿਚ, ਕਈਆਂ ਦੀਆਂ ਨਜ਼ਰਾਂ ਤਾਂ ਪੱਥਰ ਪਾੜ ਦਿੰਦੀਆਂ ਨੇ।'

ਫਿਰ ਹਾਜੀ ਨੇ ਨੂਰੇ ਨੂੰ ਪਗੜੀ ਦੀ ਅਹਿਮੀਅਤ ਬਾਰੇ ਨਸੀਹਤ ਕੀਤੀ—'ਇਹ ਚਾਰ ਗਜ਼ ਕੱਪੜਾ ਨਹੀਂ ਏ ਬਰਖੁਰਦਾਰ। ਇਹ ਪਗੜੀ ਖ਼ਾਨਦਾਨ ਦੀ ਲੱਜ ਹੁੰਦੀ ਏ। ਇਹ ਸਿਰ ਦੀ ਕਲਗੀ ਵੀ ਬਣ ਸਕਦੀ ਏ ਤੇ ਪੈਰਾਂ ਦਾ ਘੱਟਾ ਵੀ। ਇਸਨੂੰ ਬਚਾਣਾ ਹੁਣ ਤੇਰੀ ਜ਼ਿਮੇਵਾਰੀ ਵੇ ਬਰਖੁਰਦਾਰ।'

ਲੱਧੀ ਨੇ ਸਾਰਿਆਂ ਨੂੰ ਮਿੱਠੇ ਚੌਲ ਵਰਤਾਏ।

ਪਿਰਥੇ ਨੇ ਹੌਲੀ ਜਿਹੀ ਦੁੱਲੇ ਨੂੰ ਛੇੜਿਆ—'ਮਿੱਠੇ ਚੌਲਾਂ ਨਾਲ ਨਈਂ ਅਸੀਂ ਵਿਰਨ ਵਾਲੇ।'

—ਤ੍ਰਕਾਲੀਂ ਝਿੜੀ 'ਚ।' ਦੁੱਲੇ ਨੇ ਅੱਖ ਦੱਬੀ।

ਤੇ ਉਸ ਰਾਤ ਦੁੱਲੇ ਦੇ ਯਾਰਾਂ ਨੇ ਝਿੜੀ ਵਿਚ, ਗੋਸ਼ਤ ਰਿੰਨਿਆਂ, ਸ਼ਰਾਬਾਂ ਉਡੀਆਂ ਤੇ

ਖਰਮਸਤੀਆਂ ਕਰਦਿਆਂ, ਰੁੱਖਾਂ ਦੇ ਆਲ੍ਹਣਿਆਂ ਵਿਚ ਬੈਠੇ ਪਰਿੰਦਿਆਂ ਦੀ ਨੀਂਦ ਉਡਾਈ ਰੱਖੀ।.........

.......ਵਿਹੜੇ ਵਿਚ ਰੌਲਾ-ਗੌਲਾ ਸੁਣਕੇ ਦੁੱਲੇ ਨੇ ਅੱਧ-ਮੀਟੀਆਂ ਅੱਖਾਂ ਖੋਹਲਕੇ ਇਧਰ ਉਧਰ ਵੇਖਿਆ। ਹੈਰਾਨ ਹੋਇਆ.......ਉਹ ਕਿਹੜੇ ਵਹਿਣਾਂ ਵਿਚ ਵਹਿ ਗਿਆ ਸੀ। ਅਜੇ ਤਾਂ ਉਸਦੇ ਕਰਨ ਵਾਲੇ ਕੰਮ ਬਹੁਤ ਪਏ ਨੇ। ਉਹ ਮੂੜ੍ਹੇ ਉਪਰੋਂ ਉਠਿਆ। ਤੰਬੇ ਨੂੰ ਠੀਕ ਤਰ੍ਹਾਂ ਬੰਨਿਆ। ਪਗੜੀ ਰੁਖ ਸਿਰ ਕੀਤੀ। ਪਰ੍ਹੇ ਨੁੱਕਰ ਵਿਚ ਸ਼ੱਲਾ ਅਤੇ ਉਸਦਾ ਛੋਟਾ ਭਰਾ ਜਿਉਣਾ, ਕੰਧਾਂ ਬਨੇਰੇ ਲਿੱਪਣ ਲਈ ਘਾਣੀ ਨੂੰ ਲੱਤ ਦੇਈ ਜਾਂਦੇ ਸਨ।

ਫਿਰ ਉਸਨੂੰ ਯਾਦ ਆਇਆ, ਅਜੇ ਤਾਂ ਵਿਆਹ ਦਾ ਸੀਦ੍ਹਾ ਖਰੀਦਣ ਵਾਲਾ ਪਿਆ। ਮਨ ਦੇ ਇਕ ਕੋਨੇ ਵਿਚੋਂ ਹੁੱਝ ਵੱਜੀ.....ਨੂਰਾਂ ਨੂੰ ਨਹੀਂ ਮਿਲੇਂਗਾ ? ਉਹ ਤੇਰਾ ਰਾਹ ਵੇਖਦੀ ਪਈ ਐ।.....ਤੇ ਨੂਰੇ ਦਾ ਨਿਕਾਹ....... ?

ਦੁੱਲਾ ਬੇਦਿਲਾ ਜਿਹਾ ਹੋਇਆ, ਲੱਧੀ ਵੱਲ ਤੁਰ ਪਿਆ।



# 7.

ਲੱਧੀ ਦਾ ਚਾਅ ਵੇਖਣ ਦਾ ਹੀ ਬਣਦਾ ਸੀ। ਫੁੱਲਰਾਂ ਦੇ ਪੇਕਿਆਂ ਤੋਂ ਨਾਈ, ਨੂਰੇ ਦੇ ਨਿਕਾਹ ਦੀ ਗੰਢ ਦੇ ਗਿਆ ਸੀ। ਨੰਦੀ ਮਰਾਸਣ ਅਤੇ ਸ਼ੱਲੇ ਟੁੰਡੇ ਦੇ ਭਰਾ ਜਿਊਣੇ ਦੀ ਤੀਵੀਂ ਅੱਲਾਹ ਰੱਖੀ ਪਿਛਲੇ ਤਿੰਨਾਂ ਦਿਨਾਂ ਤੋਂ ਗਲੀ ਦੀਆਂ ਸੁਹਾਗਣ ਤੀਵੀਆਂ ਨੂੰ ਬਾਰ ਬਾਰ ਲੱਧੀ ਦੇ ਘਰ ਆਉਣ ਲਈ ਚੇਤੇ ਕਰਵਾਉਂਦੀਆਂ ਰਹੀਆਂ ਸਨ।

ਅੱਜ ਲੱਧੀ ਨੇ ਚੱਕੀਆਂ ਲਾਉਣੀਆਂ ਨੇ।*

ਹਥਿਆਰਾਂ ਵਾਲੀ ਕੋਠੜੀ ਵਿਚੋਂ ਦੁੱਲੇ ਅਤੇ ਉਹਦੇ ਸਾਥੀਆਂ ਨੇ ਸਾਰੇ ਹਥਿਆਰ ਝਿੜੀ ਵਿਚ ਛੁਪਾ ਦਿੱਤੇ ਸਨ। ਜਿਹੜੇ ਮੁਰੰਮਤ ਹੋਣ ਵਾਲੇ ਸਨ ਜਾਂ ਧਾਰਾਂ ਲਾਉਣ ਵਾਲੇ ਸਨ, ਉਹ ਗਾਹਣੇ ਲੁਹਾਰ ਦੀ ਭੱਠੀ ਉੱਪਰ ਪਹੁੰਚਾ ਦਿੱਤੇ ਸਨ। ਸਾਰੇ ਜਣਿਆਂ ਨੇ ਨੂਰੇ ਦੇ ਨਿਕਾਹ ਤੱਕ ਸਾਊ ਬਣੇ ਰਹਿਣ ਦਾ ਪ੍ਰਣ ਕਰ ਲਿਆ ਹੋਇਆ ਸੀ। ਨਾ ਕਿਧਰੇ ਵਾਰਦਾਤ ਕਰਨੀ ਸੀ, ਨਾ ਕੋਈ ਸ਼ਾਹੂਕਾਰ ਲੁੱਟਣਾ ਸੀ।

ਰੂੜੇ, ਸਦੀਕ ਅਤੇ ਸ਼ੱਲੇ ਨੇ ਪਿੰਡ ਦੇ ਵੱਡੇ ਛੱਪੜ ਵਿਚੋਂ ਚਿੱਕ (ਚੀਕਣੀ ਮਿੱਟੀ) ਕੱਢਕੇ ਹਵੇਲੀ ਦੇ ਵਿਹੜੇ ਦੀ ਨੁੱਕਰ ਵਿਚ ਘਾਣੀ ਬਣਾ ਦਿੱਤੀ ਸੀ। ਲੱਧੀ, ਨੰਦੀ ਅਤੇ ਅੱਲ੍ਹਾ ਰੱਖੀ ਨੂੰ ਨਾਲ ਲੈ ਕੇ ਦਰਿਆ ਕੰਢਿਓਂ ਪਾਂਡੋ ਵੀ ਲੈ ਆਈ ਸੀ।

ਹਵੇਲੀ ਦੀਆਂ ਕੰਧਾਂ ਲਿੱਪੀਆਂ ਗਈਆਂ। ਬਨੇਰਿਆਂ ਉਪਰ ਪੀਲੀ ਮਿੱਟੀ ਦੀਆਂ ਤੋਈਆਂ ਕੱਢੀਆਂ ਗਈਆਂ ਤੇ ਹੁਣ ਪਾਂਡੋ ਮਿੱਟੀ ਨਾਲ ਅੰਦਰਲੀਆਂ ਕੋਠੜੀਆਂ ਸ਼ਿੰਗਾਰਨ ਲੱਗੀਆਂ ਹੋਈਆਂ ਸਨ। ਹਥਿਆਰਾਂ ਵਾਲੀ ਕੋਠੜੀ ਨੂੰ ਲਿੱਪ ਦਿੱਤਾ ਗਿਆ। ਫਰਸ਼ ਤੇ ਗੋਹਾ-ਮਿੱਟੀ ਫੇਰੀ ਗਈ। ਪਹਿਲਾਂ ਉਸ ਕੋਠੜੀ ਵਿਚੋਂ ਮਰੇ ਚੂਹਿਆਂ ਦੀ ਦੁਰਗੰਧ ਆਉਂਦੀ ਸੀ, ਹੁਣ ਇਸ ਤਰ੍ਹਾਂ ਦੀ ਗੰਧ ਆਉਂਦੀ ਹੈ, ਜਿਵੇਂ ਔੜ ਮਾਰੀ ਧਰਤੀ ਉੱਪਰ ਪਹਿਲੀਆਂ ਕਣੀਆਂ ਪੈਣ ਸਮੇਂ ਨਸ਼ਿਆ ਦੇਣ ਵਾਲੀ ਵਾਸ਼ਨਾ ਉੱਠਦੀ ਹੈ। ਪੂਰੀ ਹਵੇਲੀ ਮਹਿਕ ਉੱਠੀ ਸੀ।

ਫੁੱਲਰਾਂ, ਬਖ਼ਤੋ ਤੇ ਸਲੇਮੋ, ਚੌਂਕੇ ਦੀ ਕੰਧੋਲੀ ਉੱਪਰ ਚਿੜੀਆਂ, ਮੋਰ ਘੁੱਗੀਆਂ ਪਾਉਣ ਵਿਚ ਰੁੱਝੀਆਂ ਹੋਈਆਂ ਸਨ। ਨੂਰਾ ਸੰਗਦਾ ਕਿਸੇ ਦੇ ਸਾਹਮਣੇ ਨਹੀਂ ਸੀ ਹੁੰਦਾ। ਗੁਆਂਢ ਦੀਆਂ ਤਾਈਆਂ ਚਾਚੀਆਂ ਵੀ ਛੇੜਦੀਆਂ ਤਾਂ ਉਹ ਹਵੇਲੀ ਦੇ ਪਿਛਲੇ ਪਾਸੇ ਵਲ ਤੁਰ ਜਾਂਦਾ। ਬਖ਼ਤੋ, ਸਲੇਮੋ ਗੋਡਿਆਂ 'ਚ ਮੂੰਹ ਛੁਪਾਕੇ ਹੱਸਦੀਆਂ।

ਇਹਨਾਂ ਦਿਨਾਂ ਵਿਚ ਦੁੱਲੇ ਦੇ ਬੇਲੀ ਵੀ ਮੱਛਰੇ ਹੋਏ ਸਨ।

---

* ਵਿਆਹ ਤੋਂ ਪਹਿਲਾਂ ਗੁਆਂਢ ਦੀਆਂ ਤੀਵੀਆਂ ਸੱਦ ਕੇ ਚੱਕੀਆਂ ਉਪਰ ਆਟਾ ਪੀਠਾ ਜਾਂਦਾ ਸੀ। ਇਸ ਰਿਵਾਜ਼ ਨਾਲ ਵਿਆਹ ਵਿਚ ਸ਼ਰੀਕ ਵੀ ਹੋਇਆ ਜਾਂਦਾ ਸੀ ਤੇ ਇਕ ਤਰ੍ਹਾਂ ਮਦਦ ਵੀ ਹੋ ਜਾਂਦੀ ਸੀ। ਹਰ ਤੀਵੀਂ ਆਪਣੀ ਚੱਕੀ ਨਾਲ ਲੈ ਕੇ ਆਉਂਦੀ ਸੀ।

ਪੂਰੀ ਹਵੇਲੀ ਵਿਚ ਹੀ ਖੁਸ਼ੀਆਂ ਖੇੜੇ ਵੇਖਕੇ ਲੱਧੀ ਨੇ ਦੁਆ ਮੰਗੀ—'ਅੱਲਾਹ ਮਿਹਰ ਕਰੀਂ ! ਹਵੇਲੀ ਤੇ ਕਿਸੇ ਦੀ ਬੁਰੀ ਨਜ਼ਰ ਨਾ ਪਵੇ।' ਫੇਰ ਸੋਚਦੀ ਦੁੱਲੇ ਦਾ ਅੱਬਾ ਜੀਂਦਾ ਹੁੰਦਾ, ਮੈਨੂੰ ਕੀ ਡਰ ਹੋਣਾ ਸੀ,...ਤੇ ਖੁਸ਼ੀ ਦੇ ਮੌਕੇ ਵੀ ਉਸਦੀਆਂ ਅੱਖਾਂ ਭਰ ਆਉਂਦੀਆਂ।

ਬਖ਼ਤੋ, ਸਲੇਮੋ, ਬਰਕਤਾਂ ਦੀ ਨਸੀਰਾਂ ਅਤੇ ਗਲੀ ਗੁਆਂਢ ਦੀਆਂ ਹੋਰ ਸਹੇਲੀਆਂ, ਹਵੇਲੀ ਦੀ ਉੱਚੀ ਕੰਧ ਦੇ ਓਹਲੇ ਵਿਚ ਬਹਿਕੇ ਬਾਗ਼ ਫੁੱਲਕਾਰੀਆਂ ਕੱਢ ਰਹੀਆਂ ਸਨ। ਵੀਰ ਦੇ ਵਿਆਹ ਦਾ ਚਾਅ ਸਲੇਮੋ ਨੂੰ ਕੁਝ ਵਧੇਰੇ ਸੀ। ਉਸ ਆਖਿਆ—'ਭਾਬੋ ਉੱਪਰ ਏਹੀ ਬਾਗ਼ ਦੇ ਕੇ ਹਵੇਲੀ ਅੰਦਰ ਲੰਘਾਉਣਾ ਈ।' ਦੂਸਰੀਆਂ ਵੀ ਹੱਸਦੀਆਂ ਸਨ। ਘੁਸਰ ਮੁਸਰ ਕਰਦੀਆਂ ਇਕ ਦੂਸਰੀ ਨੂੰ ਛੇੜਦੀਆਂ ਸਨ ਤੇ ਫਿਰ ਬਾਗ਼ਾਂ-ਫੁੱਲਕਾਰੀਆਂ 'ਚ ਮੂੰਹ ਦੇ ਕੇ ਹੱਸਦੀਆਂ ਸਨ।

ਦੀਵਾਨ ਖ਼ਾਨੇ ਦੇ ਬਾਹਰ ਬਰਾਮਦੇ ਵਿਚ ਦਰਜੀ ਬੈਠਾ ਲਗਾਤਾਰ ਕਪੜੇ ਸਿਉਣ ਵਿਚ ਰੁੱਝਾ ਹੋਇਆ ਹੈ। ਬੁਧ ਰਾਮ ਖੱਤਰੀ ਦਾ ਪਿਤਾ ਹਵੇਲੀ ਰਾਮ ਹਲਵਾਈ ਆਪਣੀਆਂ ਕੜਾਹੀਆਂ, ਝਾਰਨੀਆਂ ਤੇ ਖੁਰਚਣੇ ਰੱਖ ਗਿਆ ਸੀ। ਹਵੇਲੀ ਦੀ ਇਕ ਨੁੱਕਰ ਵਿਚ ਭੱਠੀ ਪੁੱਟ ਲਈ ਸੀ। ਉੱਪਰ ਇਕ ਆਰਜ਼ੀ ਜਿਹਾ ਕੰਮ ਚਲਾਊ ਛੱਪਰ ਵੀ ਪਾ ਲਿਆ ਸੀ। ਲੱਧੀ ਨੇ ਆਖਿਆ ਸੀ:

—ਰੱਬ ਦਾ ਕੀ ਭਰੋਸਾ ਭਾਈ, ਮੀਂਹ ਕਣੀ ਕਦੋਂ ਪਾ ਦੇਵੇ। ਨਾਲੇ ਸੌ ਚਿੜੀ ਜਨੌਰ ਲੰਘਣੇ ਨੇ ਉੱਪਰੋਂ....। ਏਹੋ ਜਿਹੇ ਕਾਰਜਾਂ ਵਿਚ ਪਹਿਲਾਂ ਈ ਪ੍ਰਬੰਧ ਹੋਣਾ ਚਾਹੀਦਾ ਭਾਈ, ਫੇਰ ਲੋੜ ਪੈਣ 'ਤੇ ਤਾਂ ਬਹੁਤੀ ਵਾਰੀ ਕੋਲ ਪਈ ਚੀਜ਼ ਵੀ ਨਹੀਂ ਦਿੱਸਦੀ।'

ਦੁੱਲੇ ਨੇ ਜਿਊਣੇ ਨੂੰ ਸਖ਼ਤੀ ਨਾਲ ਆਖਿਆ ਹੋਇਆ; ਪਸ਼ੂਆਂ ਡੰਗਰਾਂ ਨੂੰ ਸਾਂਭਣਾ ਏ ਤੇ ਹਵੇਲੀ ਰਾਮ ਦਾ ਵੀ ਪੂਰਾ ਖ਼ਿਆਲ ਰੱਖਣਾ ਈ, ਉਹ ਥੁੜੇ ਨਾ ਕਿਸੇ ਗੱਲੋਂ।'

ਹਲਵਾਈ ਦਾ ਆਖਿਆ ਸਾਰਾ ਸਮਾਨ, ਉਹ ਆਪਣੇ ਬੇਲੀਆਂ ਨੂੰ ਨਾਲ ਲੈ ਕੇ ਊਠਾਂ ਉੱਪਰ ਲੱਦ ਲਿਆਇਆ ਸੀ।

................

ਬਾਗ਼ ਫੁੱਲਕਾਰੀਆਂ ਕੱਢਦੀਆਂ ਕੁੜੀਆਂ ਜੀ ਕਰਦਾ ਤਾਂ ਹੌਲੀ ਹੌਲੀ ਗਾਉਣ ਲਗਦੀਆਂ। ਨਸੀਰਾਂ ਟੱਪੇ ਬਹੁਤ ਜਾਣਦੀ ਸੀ। ਉਹ ਨੀਵੀਂ ਪਾ ਕੇ ਆਸੇ ਪਾਸੇ ਵੇਖਦੀ ਹੁਣ ਵੀ ਹੌਲੀ ਹੌਲੀ ਗਾ ਰਹੀ ਸੀ:

ਦੋ ਪੱਤਰ ਅਨਾਰਾਂ ਦੇ,
ਸੜ ਗਈ ਜਿੰਦ ਮਾਹੀਆ
ਰਹਿ ਗਏ ਢੇਰ ਅੰਗਾਰਾਂ ਦੇ....

ਫੇਰ ਬੋਲੀ—'ਮੈਨੂੰ ਸੰਗ ਆਉਂਦੀ ਏ ਅੜਿਆ।'

ਬਖ਼ਤੋ ਨੇ ਜਾਣ ਬੁੱਝ ਕੇ ਉਸਦੀ ਧੌਣ ਨੂੰ ਛੁਹਿਆ—'ਨੀ, ਹਰਾਂਬੜੇ ਤੂੰ ਤਾਂ ਸੱਚੀਓਂ ਅੰਗਾਰਾਂ ਦਾ ਢੇਰ ਬਣੀ ਪਈ ਏਂ। ਤੰਦੂਰ ਆਂਗੂ ਤਪੀ ਜਾਨੀ ਏਂ।'

ਸਾਰੀਆਂ ਹੱਸ ਪਈਆਂ।

—ਮੈਂ ਨੀ ਗਾਂਦੀ ਫੇਰ।' ਨਸੀਰਾਂ ਨੇ ਨੱਕ ਚੜ੍ਹਾ ਕੇ ਆਖਿਆ।

—ਨੀ ਸੁੱਖੋ ਤੂੰ ਸੁਣਾ ਨੀ ਨੀਲੇ ਘੋੜੇ ਵਾਲਾ।' ਬਖ਼ਤੋ ਨੇ ਉਸਨੂੰ ਹੁੱਝ ਮਾਰੀ।



—ਹੱਟ, ਚਾਚਾ ਆ ਜਾਣਾ ਈ ਉੱਪਰੋਂ ਤੇ ਫਿਰ।'

—ਹੁਣ ਨੀ ਆਂਦਾ ਅੱਬਾ, ਉਹ ਝਿੜੀ ਵਲ ਤੁਰ ਗਿਆ।'

—ਨਾ ਅੜੀਏ, ਮੈਥੋਂ ਨੀ ਗਾਇਆ ਜਾਣਾ—।'

—ਤੂੰ ਵੀ ਨਸੀਰਾਂ ਆਂਗੂ ਨਖ਼ਰੇ ਕਰਦੀ ਐਂ ਨੀ, ਚੱਲ ਸੁਣਾ।' ਸਾਰੀਆਂ ਸੁੱਖੋ ਦੁਆਲੇ ਹੋ ਗਈਆਂ।

ਸੁੱਖੋ ਨੇ ਸੂਈ ਬਾਗ਼ ਵਿਚ ਟੁੰਗ ਕੇ ਸਾਰੀਆਂ ਵੱਲ ਵੇਖਿਆ। ਪਰ੍ਹਾਂ ਹਵੇਲੀ ਦੀ ਸਫਾਈ ਕਰਦੀਆਂ ਅੱਲ੍ਹਾ ਰੱਖੀ ਤੇ ਨੰਦੀ ਨੂੰ ਹਦਾਇਤਾਂ ਦਿੰਦੀ ਲੱਧੀ ਵੱਲ ਝਾਕੀ। ਸੁੱਖੋ ਨੇ ਧੀਮੀ ਸੁਰ ਵਿਚ ਲੰਮੀ ਹੇਕ ਲਾਈ:

ਜੇ ਤੂੰ ਚੱਲਿਓਂ ਚਾਕਰੀ ਵੇ.....ਵੇ.....
ਨੀਲੇ ਘੋੜੇ ਵਾਲਿਆ
ਸਾਨੂੰ ਵਿਚ ਬੋਝੇ ਦੇ ਪਾ ਵੇ......।
ਜਿਥੇ ਤਾਂ ਆਵੇ ਰਾਤੜੀ,
ਵੇ ਨੀਲੇ ਘੋੜੇ ਵਾਲਿਆ,
ਸਾਨੂੰ ਕੱਢ ਕਲੇਜੇ ਲਾ ਵੇ.....।

ਸਾਰੀਆਂ ਖਿੜ ਖਿੜ ਕਰਕੇ ਹੱਸ ਪਈਆਂ।

—ਹਾਏ ਨੀ, ਕਿਹੜਾ ਈ ਨੀਲੇ ਘੋੜੇ ਵਾਲਾ ਸਾਨੂੰ ਵੀ ਦੱਸ।' ਨਸੀਰਾਂ ਨੇ ਉਸਦੀ ਵੱਖੀ ਵਿਚ ਕੁਤਕੁਤਾੜੀਆਂ ਕੱਢੀਆਂ।

—ਕੁੱਤੀਓ ਇਹ ਤਾਂ ਗੀਤ ਐ।'

—ਕੋਈ ਤਾਂ ਨੀਲੇ ਘੋੜੇ ਵਾਲਾ ਹੋਣੈ ਸੁੱਖੋ।' ਬਖ਼ਤੋ ਨੇ ਛੇੜਿਆ।

—ਏਹ ਤਰ੍ਹਾਂ ਦੇ ਹਰ ਕੁੜੀ ਦਾ ਈ ਹੁੰਦਾ ਏ ਕੋਈ ਨੀਲੇ ਘੋੜੇ ਵਾਲਾ।'

ਸਾਰੀਆਂ ਫਿੱਕਾ ਜਿਹਾ ਹੱਸੀਆਂ।

—ਨੀ ਹਟਦੀਆਂ ਨੀ ਤੁਸੀਂ ਜਣੀਓਂ, ਹਿੜ ਹਿੜ ਕਰੀ ਜਾਨੀਐਂ।' ਫੁੱਲਰਾਂ ਨੇ ਦੂਰੋਂ ਹੀ ਝਿੜਕੀਆਂ।

—ਹੱਸ ਖੇਡ ਲੈਣ ਦੇ ਭੈੜੀਏ।' ਲੱਧੀ ਬੋਲੀ—'ਆਹੀ ਦਿਨ ਨੇ। ਜਦ ਸਹੁਰੀਂ ਵੰਞ ਗਈਆਂ, ਫੇਰ ਕਿਹਨੇ ਹਿੜ ਹਿੜ ਕਰਨ ਦੇਣਾ। ਹੱਸੋ ਧੀਓ ਹੱਸੋ। ਉੱਠ ਕੇ ਗਿੱਧਾ ਪਾਓ। ਅੱਲਾਹ ਦੀ ਮਿਹਰ ਨਾਲ ਹਵੇਲੀ ਵੱਲ ਮੂੰਹ ਕੀਤਾ ਈ ਰੌਣਕਾਂ ਨੇ।'

ਘਰ ਵਿਚ ਕੋਈ ਮਰਦ ਨਹੀਂ ਸੀ। ਨੂਰਾ ਸੰਗਦਾ ਏਧਰ ਆਉਂਦਾ ਨਹੀਂ ਸੀ। ਅੰਮਾਂ ਦੀ ਹੱਲਾਸ਼ੇਰੀ ਨਾਲ ਕੁੜੀਆਂ ਉੱਠ ਕੇ ਨੱਚਣ ਲੱਗੀਆਂ। ਬਖ਼ਤੋ ਨੇ ਬੋਲੀ ਪਾਈ।

ਮੇਰੇ ਮੂੰਹ ਵਿਚ ਮਿਸ਼ਰੀ ਘੁਲਦੀ,
ਵੀਰ ਤੇਰਾ ਨਾਉਂ ਲੈਂਦਿਆਂ।.....

ਕੁੜੀਆਂ ਨੱਚਦੀਆਂ ਵੇਖ ਕੇ ਫੁੱਲਰਾਂ ਅਤੇ ਲੱਧੀ ਵੀ ਆ ਖੜ੍ਹੀਆਂ। ਫੁੱਲਰਾਂ ਨੇ ਬੋਲੀ ਪਾਈ:

ਮਾਪਿਆਂ ਦੇ ਘਰ ਰਹੀ ਲਾਡਲੀ
ਸਹੁਰੀਂ ਲਾ ਲਈ ਰੇਹ ਵੇ
ਐਵੇਂ ਜਨਮ ਗਵਾਇਆ,

ਚੰਨਣ ਵਰਗੀ ਦੇਹ ਵੇ.....
ਨਸੀਰਾਂ ਨੇ ਆਪਣੀ ਵਾਰੀ ਲਾਈ:
ਜਿਸ ਪੱਤਣੋਂ ਅੱਜ ਪਾਣੀ ਲੰਘਦਾ,
ਫੇਰ ਨਾ ਲੰਘਣਾ ਭਲਕੇ,
ਬੇੜੀ ਦਾ ਪੂਰ ਤ੍ਰਿੰਞਣ ਦੀਆਂ ਕੁੜੀਆਂ
ਫੇਰ ਨਾ ਬਹਿਣਾ ਰਲਕੇ।
—ਨੀ ਸੁੱਖੋ ਤੂੰ ਨੀ ਪਾਉਂਦੀ ਬੋਲੀ?' ਫੁੱਲਰਾਂ ਨੇ ਆ ਕੇ ਉਸਦੇ ਧੱਫਾ ਮਾਰਿਆ।
—ਮੈਨੂੰ ਆਉਂਦੀਆਂ ਨੀ ਚਾਚੀ।'
—ਝੂਠ ਮਾਰਦੀ ਐ, ਸਾਡਾ ਸਾਰਾ ਦਿਨ ਕੰਨ ਖਾ ਲੈਂਦੀ ਊ।'
—ਚੱਲ ਪਾ।'
—ਨੱਚੋਗੀਆਂ?' ਸੁੱਖੋ ਨੇ ਸ਼ਰਤ ਰੱਖੀ।
—ਤੂੰ ਬੋਲੀ ਤਾਂ ਪਾ, ਅਸੀਂ ਵਿਹੜੇ 'ਚ ਭੱਠੀ ਜੇਡਾ ਟੋਆ ਪਾ ਦੇਣਾ।'
—ਪੂਣੀਆਂ ਮੈਂ ਢਾਈ ਕੱਤੀਆਂ, ਟੁੱਟ ਪੈਣੇ ਦਾ ਪੰਦਰ੍ਹਵਾਂ ਗੇੜਾ।'
ਕੁੜੀਆਂ ਨੱਚ ਤਾਂ ਪਈਆਂ, ਪਰ ਨਾਲ ਹੀ ਲੱਧੀ ਦਾ ਦਬਕਾ ਸੁਣਿਆ:
—ਬਹੁਤ ਹੋ ਗਿਆ ਨੀ। ਚਲੋ ਹੁਣ ਘਰੋ ਘਰੀ। ਚਾਰ ਪੰਜ ਦਿਨ ਆਹੀ ਕੁਸ਼ ਕਰਨਾ।'
ਤੇ ਕੁੜੀਆਂ ਆਪਣੇ ਬਾਗ਼-ਫੁੱਲਕਾਰੀਆਂ ਸਾਂਭਣ ਲੱਗ ਪਈਆਂ।

****

ਭੱਠੀ ਚੜ੍ਹੀ ਹੋਈ ਸੀ। ਹਵੇਲੀ ਰਾਮ ਹਲਵਾਈ ਨੇ ਲੱਡੂ, ਸਕਰਪਾਰੇ, ਪਕੌੜੀਆਂ, ਬਾਲੂਸ਼ਾਹੀਆਂ ਪਕਾ ਪਕਾ ਪਰਾਤਾਂ ਭਰ ਦਿੱਤੀਆਂ ਹੋਈਆਂ ਸਨ। ਹਵੇਲੀ ਦੀ ਇਕ ਕੋਠੜੀ ਤਾਂ ਮਠਿਆਈ ਲਈ ਰਾਖਵੀਂ ਕਰ ਦਿੱਤੀ ਸੀ। ਸਾਕ ਸਕੀਰੀਆਂ ਨੂੰ ਭਾਜੀ ਦੇਣ ਦਾ ਬੰਦੋਬਸਤ ਲੱਧੀ ਨੇ ਪੂਰਾ ਕੀਤਾ ਹੋਇਆ ਸੀ।

ਫੁੱਲਰਾਂ ਦੇ ਪੇਕੇ ਆ ਗਏ ਸਨ। ਲੱਧੀ ਦੇ ਪੇਕਿਆਂ ਤੋਂ ਦੁੱਲੇ ਦੇ ਮਾਮੇ ਜੰਗ ਖਾਂ ਅਤੇ ਜਲਾਲ ਖਾਂ ਵੀ ਪਹੁੰਚ ਗਏ ਸਨ। ਹਵੇਲੀ ਵਿਚ ਰੌਣਕਾਂ ਹੋ ਗਈਆਂ।

ਮੇਹਰੂ ਸੋਨੇ ਦੇ ਬਟਨਾਂ ਵਾਲਾ ਕੁੜਤਾ ਅਤੇ ਸਲਵਾਰ ਪਾਈ, ਅੱਖਾਂ ਵਿਚ ਸੁਰਮਾ ਅਤੇ ਕੰਨਾਂ ਵਿਚ ਅਤਰ-ਫਲੇਲ ਦੇ ਫੰਬੇ ਤੁੰਨੀ ਪਹਿਲਾਂ ਹੀ ਜਾਨੀ ਬਣਿਆ ਫਿਰਦਾ ਸੀ। ਉਸਨੇ ਲੱਧੀ ਨੂੰ ਆਖ ਰੱਖਿਆ ਸੀ—'ਮਾਂ ਆਹ ਦੋ ਚਾਰ ਦਿਨ ਮੈਥੋਂ ਨਸ਼ੇ ਪੱਤੇ ਦਾ ਓਹਲਾ ਨਾ ਰੱਖੀਂ।' ਨਹੀਂ ਤਾਂ ਵਿਆਹ 'ਚ ਬੀਅ ਦਾ ਲੇਖਾ ਪੈ ਜਾਣਾ ਊ।' ਲੱਧੀ ਉਸਦਾ ਖ਼ਿਆਲ ਰੱਖ ਰਹੀ ਸੀ। ਦੁੱਲੇ ਤੋਂ ਚੋਰੀ ਦਿਨ ਚੜ੍ਹਦੇ ਹੀ ਦਾਰੂ ਦੀ ਡੋਲਣੀ ਤੇ ਪੋਸਤ ਦੀ ਪੋਟਲੀ ਉਸਦੇ ਸਿਰਹਾਣੇ ਜਾ ਰੱਖਦੀ।

ਇਹਨਾਂ ਦਿਨਾਂ 'ਚ ਮੇਹਰੂ ਪੂਰਾ ਖਿੜਿਆ ਹੋਇਆ ਸੀ।

ਉਹ ਆਪਣੇ ਆੜੀਆਂ ਨਾਲ ਚੋਹਲ-ਮੋਹਲ ਵੀ ਕਰਦਾ। ਉਹ ਮੇਹਰੂ ਨੂੰ ਛੇੜਦੇ-। ਮੇਹਰੂ ਦੇ ਤਾਂ ਅੱਲਾਹ ਨਹੀਂ ਸੀ ਯਾਦ। ਇਕ ਆੜੀ ਨੇ ਘੁੰਣਤਰ ਛੱਡੀ—'ਮੇਹਰ ਖ਼ਾਨ ਭੱਟੀ ਤੂੰ ਚੱਲਿਆਂ ਏਂ ਭਤੀਏ ਨੂੰ ਵਿਆਹੁਣ, ਜੇ ਓਥੇ ਕਿਸੇ ਪੁੱਛ ਲਿਆ ਨੂਰੇ ਨੂੰ, ਤੇਰੇ ਤਾਏ ਦਾ ਨਿਕਾਹ ਹੋਇਆ— ? ਕੀ ਦੱਸੇਗਾ ਉਹ।'

—ਨੂਰੇ ਕੀ ਦੱਸਣਾ, ਮੈਂ ਈ ਅੱਗੇ ਹੋ ਕੇ ਆਖਾਂਗਾ, ਮੇਹਰ ਖ਼ਾਨ ਤਾਂ ਛੜਾ ਈ ਅਜੇ,



ਕੋਈ ਛੋਹਰੀ ਕੱਢੋ ਤੇ ਆਖੋ ਮੇਹਰ ਖਾਨ ਭੱਟੀ ਵਲਦ ਫਰੀਦ ਖ਼ਾਨ ਭੱਟੀ ਨਿਕਾਹ ਲਈ ਰਾਜ਼ੀ ਏ। ਮੈਂ ਹੱਕ ਮੇਹਰ ਵੀ ਪੂਰਾ ਦੇਊਂ ਜਿੰਨਾ ਮੰਗ ਲੈਣ। ਰੰਨ ਨੂੰ ਮਖ਼ਾਣੇ, ਸੌਂਗੀਆਂ, ਬਦਾਮਾਂ ਦੀ ਤੋੜ ਕਾਈ ਨਹੀਂ ਰਹਿਣ ਦੇਣੀ....।'

ਸਾਰੇ ਹੱਸ ਪਏ। ਮਾਮੇ ਵੀ ਹੱਸਣ ਲੱਗੇ।

ਇਕ ਹੋਰ ਜਣੇ ਨੇ ਗੰਭੀਰਤਾ ਦਾ ਨਾਟਕ ਕਰਦਿਆਂ ਪੁੱਛਿਆ—'ਬਈ ਮੇਹਰੂ ਸੱਚ ਦੱਸ ਜੇ ਤੇਰਾ ਨਿਕਾਹ ਹੋ ਜੇ?'

—ਆਖਿਆ ਤਾਂ ਹੈ ਕੰਜਰੋ। ਮੈਂ ਤਾਂ ਰੰਨ ਦੇ ਪੈਰ ਭੋਏਂ 'ਤੇ ਨੀ ਪੈਣ ਦੇਂਦਾ। ਪਰਖ਼ ਕਰਨੀ ਉ ਤਾਂ ਕੋਈ ਆਪਣੀ ਭਣੇਵੀਂ, ਭਤੀਜੀ ਨਾਲ ਗੰਢ-ਤੁਪ ਕਰੋ ਮੇਰੀ, ਭਾਵੇਂ ਅੰਨ੍ਹੀ ਹੋਵੇ ਭਾਵੇਂ ਕਾਣੀ ਹੋਵੇ, ਭਾਵੇਂ ਬੋਲੀ ਗੂੰਗੀ ਹੋਵੇ, ਮੈਂ ਤੇ ਝੱਟ ਆਖ ਦੇਣਾ—ਕਬੂਲ, ਕਬੂਲ, ਕਬੂਲ...।'

ਉਸਦੇ ਦੁਆਲੇ ਖੜ੍ਹਿਆਂ ਨੇ ਤਾੜੀਆਂ ਮਾਰੀਆਂ। ਕਈਆਂ ਨੇ ਬੱਕਰੇ ਬੁਲਾਏ। ਮੇਹਰੂ ਤਿੱਲੇ ਵਾਲੀ ਜੁੱਤੀ ਨੂੰ ਰੁਮਾਲ ਨਾਲ ਸਾਫ਼ ਕਰਨ ਲੱਗ ਪਿਆ।

****

ਨੂਰੇ ਨੂੰ ਮਾਈਆਂ ਪਾਉਣ ਵਾਲੇ ਸ਼ਗਨਾਂ ਪਿਛੋਂ ਨਾਨਕੀਆਂ ਦਾਦਕਿਆਂ ਦਾ ਮੇਲ, ਮੇਹਣੋ-ਮੇਹਣੀ ਹੁੰਦਾ ਪੂਰੇ ਜਲੌਅ ਵਿਚ ਸੀ। ਦੋਹੀਂ ਪਾਸੀਂ ਹਾਸੜ ਪਈ ਹੋਈ ਸੀ। ਨੰਦੀ ਮਰਾਸਣ, ਲੱਡੂ, ਜਲੇਬੀਆਂ, ਸਕਰਪਾਰੇ, ਪਕੌੜੀਆਂ ਦੇ ਥਾਲ ਚੁੱਕੀ ਮੇਲਣਾਂ ਵਿਚ ਊਰੀ ਵਾਂਗ ਘੁਕੀ ਫਿਰਦੀ ਸੀ।

ਇਕ ਨੁੱਕਰ ਵਿਚ ਨੈਣ ਅਤੇ ਅੱਲ੍ਹਾ ਰੱਖੀ ਭਾਂਡਿਆਂ ਦਾ ਵੱਡਾ ਢੇਰ ਮਾਂਜ ਰਹੀਆਂ ਸਨ।

ਸਾਕ ਸਕੀਰੀਆਂ ਨਾਲ ਹਵੇਲੀ ਦਾ ਵਿਹੜਾ ਭਰਿਆ ਹੋਇਆ ਸੀ। ਫੁੱਲਰਾਂ ਦੇ ਪੇਕੇ ਪੂਰੀ ਚੜ੍ਹਾਈ ਨਾਲ ਦੋ ਊਠ ਗੱਡੀਆਂ ਉੱਪਰ ਆਏ ਸਨ।

..............

ਬਰਾਤ ਚੜ੍ਹਨ ਵਾਲੇ ਦਿਨ ਸਾਰੇ, ਪਹਿਰ ਦੇ ਤੜਕੇ ਈ ਉੱਠ ਪਏ। ਦੁੱਲੇ ਦੇ ਮਾਮੇ ਸਾਝਰੇ ਹੀ ਨਹਾਉਣ ਧੋਣ ਲੱਗ ਪਏ। ਇਕ ਵੱਡੇ ਕੜਾਹੇ ਵਿਚ ਮਹਿਰੇ ਅਤੇ ਫੱਤੂ ਨੇ ਪਾਣੀ ਭਰ ਦਿੱਤਾ ਸੀ। ਹਰ ਕੋਈ ਪਾਣੀ ਮੁੱਕਣ ਤੋਂ ਪਹਿਲਾਂ ਪਹਿਲਾਂ ਨਹਾ ਕੇ ਤਿਆਰ ਹੋਣ ਦੀ ਤਾਕ ਵਿਚ ਸੀ। ਕੁਝ ਪ੍ਰਾਹੁਣੇ ਤਾਂ ਦਰਿਆ ਵਲ ਚਲੇ ਗਏ ਸਨ।

ਦੁੱਲੇ ਦੇ ਮਾਮਿਆਂ ਪਹਿਲਾਂ ਹੀ ਸੁੱਖੇ ਕੀ ਜਾ ਕੇ ਲਲਾਰੀ ਪਾਸੋਂ ਪੱਗਾਂ ਰੰਗਾ ਕੇ ਮਾਵਾ ਲੁਆ ਲਿਆ ਹੋਇਆ ਸੀ।

ਏਧਰ ਫੁੱਲਰਾਂ ਨੇ ਆਪ ਹੀ ਹਵੇਲੀ ਰਾਮ ਦੀ ਹੱਟੀ ਤੋਂ ਰੰਗ ਲਿਆ ਕੇ ਪੱਗਾਂ ਰੰਗ ਦਿੱਤੀਆਂ ਸਨ ਤੇ ਆਟਾ ਬਰੀਕ ਕਪੜੇ ਵਿਚ ਛਾਣਕੇ ਮਾਵਾ ਤਿਆਰ ਕਰ ਲਿਆ ਸੀ। ਅੱਜ ਤਿਆਰ ਹੋਏ ਜਾਵੀਆਂ ਦੀਆਂ ਗੁਲਾਬੀ, ਹਰੀਆਂ ਤੇ ਹਲਦੀ ਰੰਗੀਆਂ ਪੱਗਾਂ ਦੇ ਸ਼ਮਲੇ ਹਵੇਲੀ ਦੇ ਵਿਹੜੇ ਵਿਚ ਘੁੰਮਦਿਆਂ ਇਉਂ ਲਹਿਰਾ ਰਹੇ ਸਨ ਜਿਵੇਂ ਕਬੂਤਰ ਰੰਗ ਕਰਕੇ ਛੱਡ ਦਿੱਤੇ ਹੋਣ।

ਗਾਹਣਾ ਲੁਹਾਰ ਆਪਣਾ ਰੱਥ ਸ਼ਿੰਗਾਰ ਕੇ ਲੈ ਆਇਆ ਸੀ। ਉਸਦੇ ਬਲਦਾਂ ਉਪਰ

ਪਾਏ ਰੇਸ਼ਮੀ ਝੁੱਲ ਅਤੇ ਤੇਲ ਲਾਕੇ ਚੋਪੜੇ ਬਲਦਾਂ ਦੇ ਸਿੰਗ ਚਮਕ ਰਹੇ ਸਨ। ਘੋੜੇ, ਘੋੜੀਆਂ ਉੱਪਰ ਕਾਠੀਆਂ ਕੱਸੀਆਂ ਜਾ ਰਹੀਆਂ ਸਨ। ਅੱਜ ਦੇ ਮੌਕੇ ਲਈ ਵਿਸ਼ੇਸ਼ ਤੌਰ 'ਤੇ ਲੋਗੜੀ ਦੇ ਫੁੱਲਾਂ ਨਾਲ ਸਜਾਈਆਂ ਊਠਾਂ ਦੀਆਂ ਮੁਹਾਰਾਂ ਫੜੀ ਬਰਾਤੀ ਤਿਆਰ ਖੜ੍ਹੇ ਸਨ। ਊਠਾਂ ਅਤੇ ਬਲਦਾਂ ਨੂੰ ਜਿਵੇਂ ਪਤਾ ਹੋਵੇ, ਉਹ ਵੀ ਬਾਰ ਬਾਰ ਸਿਰ ਮਾਰ ਕੇ ਗਲਾਂ ਵਿਚ ਪਾਈਆਂ ਹਮੇਲਾਂ ਅਤੇ ਟੱਲੀਆਂ ਟੁਣਕਾਉਂਦੇ ਆਪਣੀ ਹੋਂਦ ਜਿਤਾ ਰਹੇ ਸਨ। ਊਠ ਮਸਤੀ ਵਿਚ ਮੱਘੇ ਕੱਢ ਰਹੇ ਸਨ।

ਉਧਰ ਹਵੇਲੀ ਵਿਚ ਨੂਰੇ ਦੀ ਨਾਈ੍ਹ ਧੋਈ ਦੀ ਰਸਮ ਕਰਦੀਆਂ ਮੇਲਣਾਂ 'ਰਾਜੇ ਦਾ ਬੇਟੜਾ ਨਾਤ੍ਰੜਾ ਵੇ ਉਹਨੇ ਡੋਲ੍ਹਿਆ ਪਾਣੀ....' ਦੇ ਬੋਲ ਕੱਢ ਰਹੀਆਂ ਸਨ। ਵਟਨਾ ਮਲਿਆ ਜਾ ਚੁੱਕਾ ਸੀ।.....ਤੇ 'ਏਸ ਵੇਲੇ ਦੇ ਨਾਲ ਮਾਮਾ ਲੋੜੀਂਦਾ....।' ਗਾ ਕੇ ਉਸਨੂੰ ਆਪਣੇ ਫਰਜਾਂ ਤੋਂ ਜਾਣੂ ਕਰਵਾਉਣ ਲਈ ਸੁਚੇਤ ਕੀਤਾ ਜਾ ਰਿਹਾ ਸੀ।......

ਪਿੰਡੀ ਦੇ ਬੱਚੇ, ਬੁੱਢੇ, ਜੁਆਨ ਨੂਰੇ ਦੀ ਜੰਞ ਚੜ੍ਹਦੀ ਵੇਖਣ ਆਏ ਹੋਏ ਸਨ। ਤੀਵੀਆਂ ਅਤੇ ਕੁੜੀਆਂ ਘਰਾਂ ਦੀਆਂ ਛੱਤਾਂ ਉਪਰੋਂ ਦੀ ਜਾਂ ਛੋਟੀਆਂ ਕੰਧਾਂ ਦੇ ਬਨੇਰ੍ਹਿਆਂ ਉਪਰੋਂ ਦੀ ਉੱਲਰ ਉੱਲਰ ਵੇਖ ਰਹੀਆਂ ਸਨ।

ਕੁਝ ਖ਼ਾਸ ਜਣੇ, ਮੇਹਰੂ ਦੀ ਚੜ੍ਹਾਈ ਵੇਖਣ ਆਏ ਸਨ। ਕੰਨਾਂ ਵਿਚ ਅਤਰ-ਫਲੇਲ ਦੇ ਫੰਬੇ ਤੁੰਨੀ, ਕੁੰਢੀਆਂ ਨੋਕਾਂ ਵਾਲੀ ਕੱਢਵੀਂ, ਚਿਰੜ ਚੂੰ....ਚਿਰੜ ਚੂੰ......ਕਰਦੀ ਜੁੱਤੀ ਪਾਈ, ਮੇਹਰੂ ਆਪਣੇ ਰਾਹ ਦੇ ਨਸ਼ੇ-ਪੱਤੇ ਜਮ੍ਹਾਂ ਕਰਨ ਦੇ ਜੁਗਾੜ ਵਿਚ ਸੀ। ਉਹ ਬਾਰ ਬਾਰ ਲੱਧੀ ਨੂੰ ਵੀ ਆਖ ਰਿਹਾ ਸੀ,

—ਜਿਥੇ ਮੇਰਾ ਨਸ਼ਾ ਮੁੱਕ ਗਿਆ, ਮੈਂ ਓਥੋਂ ਈ ਵੱਤ ਆਉਣਾ।'

—ਵੇ ਸਾਰਾ ਕੁਸ਼ ਮਾਂ ਤੋਂ ਈ ਮੰਗੀ ਜਾਏਂਗਾ ਕਿ ਆਪੂੰ ਵੀ ਹੱਥ ਪੱਲਾ ਮਾਰੇਂਗਾ ਕਦੀ। ਜਾਹ ਵੇਖ ਅੰਦਰ, ਅੱਜ ਮੈਂ ਰੋਕਦੀ ਨਈ੍ਹੀਂ ਤੈਅਨੂੰ।'

—ਅੰਦਰ ਗਿਆ ਤਾਂ ਦੁੱਲਾ......?'

—ਕੁਝ ਨਈ੍ਹੀਂ ਆਖਦਾ ਉਹ ਵੀ। ਮੈਂ ਆਖ ਦਿਆਂਗੀ ਬਹੂ ਘਰ ਆਣ ਤੱਕ ਕੁਝ ਨਹੀਂ ਆਖਣਾ ਮੇਹਰੂ ਨੂੰ।'

ਤੇ ਸਭਨਾਂ ਵੇਖਿਆ, ਕੁਝ ਦੇਰ ਬਾਅਦ ਮੇਹਰੂ ਕੱਛ ਵਿਚ ਫੁੱਲਾਂ ਵਾਲਾ ਝੋਲਾ ਦਬਾਈ ਪੂਰੀ ਚੜ੍ਹਦੀ ਕਲਾ ਵਿਚ ਬਰਾਤੀਆਂ ਨੂੰ ਆਖ ਰਿਹਾ ਸੀ—'ਤੁਰ ਪਉ ਬਈ ਹੁਣ ਵੇਲੇ ਨਾਲ। ਜੇ ਧੁੱਪ ਪੈ ਗਈਆਂ ਮੈਨੂੰ ਸਰੀਰ ਫੇਰ ਖੜ੍ਹਾ ਕਰਨਾ ਪੈਣਾ। ਹੁਣ ਤਾਂ ਜੇ ਆਖੋਂ ਮੈਂ ਅਗਲਾ ਪੈਰ ਧੁਰ ਨੂਰੇ ਦੇ ਸਹੁਰੀਂ ਜਾ ਟਿਕਾਉਣਾ।'

ਗੱਡਿਆਂ ਦੇ ਧੁਰਿਆਂ ਨੂੰ ਤੇਲ ਦਿੱਤਾ ਗਿਆ। ਊਠਾਂ ਨੂੰ ਇਕ ਵਾਰ ਫਿਰ ਪਾਣੀ ਦਿਖਾਇਆ ਗਿਆ ਘੋੜੇ, ਘੋੜੀਆਂ ਨੂੰ ਛੋਲੇ, ਘਾਹ, ਦਾਣਾ ਪਾ ਕੇ ਉਹਨਾਂ ਦੀ ਤਸੱਲੀ ਕਰਵਾਈ ਗਈ।

ਫਿਰ ਦੋਹਿਆਂ ਅਤੇ ਗੀਤਾਂ ਦੀ ਗੂੰਜ ਵਿਚ ਸਿਹਰੇ ਬੰਨ੍ਹੀ ਲਾੜਾ ਬਣਿਆ ਨੂਰਾ ਮੀਆਂ ਖ਼ੈਰ ਦੀ ਦਰਗਾਹ ਉਪਰ ਆਪਣੇ ਬੇਲੀਆਂ, ਰਿਸ਼ਤੇਦਾਰਾਂ ਅਤੇ ਹੋਰ ਸਕੇ ਸਬੰਧੀਆਂ ਵਿਚ ਘਿਰਿਆ ਸਿਜਦਾ ਕਰਨ ਅਤੇ ਦੁਆਵਾਂ ਲੈਣ ਲਈ ਰਵਾਨਾ ਹੋਇਆ।

ਇਸ ਵੇਲੇ ਪਿੰਡੀ ਦਾ ਬਾਜੀਗਰ ਲਗਾਤਾਰ ਢੋਲ ਵਜਾਕੇ ਵਿਆਹ ਦੇ ਮਾਹੌਲ ਨੂੰ ਰੌਣਕੀਲਾ ਬਣਾਉਂਦਾ ਰਿਹਾ।



ਇਸ ਰੌਲੇ ਗੌਲੇ ਅਤੇ ਭੀੜ ਭੜੱਕੇ ਵਿਚ ਦੁੱਲਾ ਫੱਤੂ ਮਿਰਾਸੀ ਦੀ ਬਾਂਹ ਫੜਕੇ ਇਕ ਪਾਸੇ ਲੈ ਗਿਆ—'ਜਿਹੜਾ ਤੈਨੂੰ ਕੰਮ ਆਖਿਆ ਸੀ?' ਉਸਨੇ ਗੁੱਝਾ ਝਾਕਦਿਆਂ ਫੱਤੂ ਤੋਂ ਪੁੱਛਿਆ।

—ਕਿਹੜਾ ਸਰਦਾਰ?' ਫੱਤੂ ਦੀ ਆਦਤਨ ਅੱਖ ਦੱਬੀ ਗਈ।

—ਤੈਨੂੰ ਆਖਿਆ ਸੀ, ਕੋਠਿਆਂ 'ਚ ਕੁਝ ਪੁੱਜਦਾ ਕਰਨਾ ਈ ਵੇਲੇ ਸਿਰ?'

—ਕਰ ਆਇਆਂ ਸਰਦਾਰ। ਮਠਿਆਈ ਦੀ ਵੱਡੀ ਦੋਹਣੀ ਭਰ ਕੇ ਛੱਡ ਆਇਆਂ।'

—ਕਿਸੇ ਨੂੰ ਖ਼ਬਰ ਤਾਂ ਨਹੀਂ ਹੋਈ?'

—ਮੈਂ ਹਵੇਲੀ ਦੇ ਪਿਛਲੇ ਬੂਹਿਓਂ ਨਿਕਲਿਆ ਤੇ ਫੇਰ ਫੱਤੂ ਨੂੰ ਕੀਹਨੇ ਰੋਕਣਾ ਸੀ।'

—ਨੂਰਾਂ ਆਖਿਆ ਕੁਝ?'

—ਗੁੱਸੇ 'ਚ ਲਗਦੀ ਸੀ। ਪਹਿਲਾਂ ਆਂਹਦੀ ਲਈ ਜਾ ਮੋੜਕੇ। ਕੁਝ ਨਹੀਂ ਲੋੜੀਂਦਾ। ਫੇਰ ਰੱਖ ਵੀ ਲਈ।'

—ਠੀਕ ਏ, ਜਾਹ ਕੰਮ ਕਰ, ਜਿਹੜਾ ਕਰਦਾ ਏਂ।'

ਦੁੱਲੇ ਦੇ ਚਿਹਰੇ ਉਪਰ ਤਸੱਲੀ ਜਿਹੀ ਝਲਕੀ, ਫਿਰ ਉਹ ਬਰਾਤੀਆਂ ਨੂੰ ਇਕੱਠੇ ਕਰਨ ਲੱਗਾ।

............................

ਜਦੋਂ ਦੁੱਲਾ ਪਲਾਕੀ ਮਾਰਕੇ ਆਪਣੀ ਘੋੜੀ ਉਪਰ ਬੈਠਾ ਤਾਂ ਮੱਛਰੀ ਘੋੜੀ ਦੋਵੇਂ ਅਗਲੇ ਪੈਰ ਹਵਾ ਵਿਚ ਉਛਾਲ ਕੇ ਹਿਣਕੀ, ਜਿਵੇਂ ਆਖ ਰਹੀ ਹੋਵੇ—'ਨੂਰੇ ਦੇ ਨਿਕਾਹ ਦਾ ਮੈਨੂੰ ਵੀ ਚਾਅ ਈ।'

ਗਾਜੇ ਵਾਜਿਆਂ ਨਾਲ ਬਾਰਾਤ ਰਵਾਨਾ ਹੋਈ।

ਲੱਧੀ ਨੇ ਬਰਾਤ ਤੋਰ ਕੇ ਅੱਲਾਹ-ਤਾਅਲਾ ਤੋਂ ਰਹਿਮਤਾਂ ਮੰਗੀਆਂ।

ਦੁੱਲਾ ਅਤੇ ਉਸਦੇ ਸਾਥੀ ਪੂਰੀ ਜ਼ਿੰਮੇਵਾਰੀ ਨਾਲ ਬਰਾਤੀਆਂ ਦਾ ਖ਼ਿਆਲ ਰੱਖ ਰਹੇ ਸਨ।

ਫੁੱਲਰਾਂ, ਉਸਦੀਆਂ ਭਰਜਾਈਆਂ, ਧੀਆਂ, ਪਿੰਡੀ ਦੀਆਂ ਕੁੜੀਆਂ, ਤੀਵੀਆਂ ਅਤੇ ਹੋਰ ਮੇਲਣਾਂ, ਜੰਞ ਤੋਰ ਕੇ ਹਵੇਲੀ ਦੇ ਵਿਹੜੇ ਵਿਚ—'ਨਸੀਬਾਂ ਵਾਲਿਆਂ ਦੇ ਹੋਗੇ ਕਾਰਜ ਪੂਰੇ।' ਬੋਲੀ ਪਾਕੇ ਗਿੱਧਾ ਪਾਉਣ ਲੱਗੀਆਂ।

ਅੱਜ ਤਾਂ ਲੱਧੀ ਵੀ ਸਿਰ ਉਪਰ ਦੂਹਰੀ ਚਾਦਰ ਲਈ ਬਾਂਹ ਉਲਾਰ ਕੇ ਗੇੜਾ ਦੇਣ ਲੱਗੀ।

****

ਦੁੱਲਾ ਭਾਵੇਂ ਬਰਾਤੀ ਬਣਿਆ ਹੋਇਆ ਸੀ, ਪਰ ਉਸਦੇ ਅੰਦਰ ਭਾਂਬੜ ਬਲ ਰਹੇ ਸਨ। ਜੇ ਮਾਂ ਨਾਲ ਨੂਰੇ ਦੇ ਨਿਕਾਹ ਤੱਕ ਕੋਈ ਹਰਕਤ ਨਾ ਕਰਨ ਦਾ ਵਾਅਦਾ ਨਾ ਕੀਤਾ ਹੁੰਦਾ ਤਾਂ ਹੁਣ ਤੱਕ ਮੈਂ ਕਈ ਥਾਂਈ ਭੜਥੂ ਪਾ ਦੇਣੇ ਸਨ।......ਕੋਈ ਗੱਲ ਨਹੀਂ, ਨਿਕਾਹ ਸਿਰੇ ਚੜ੍ਹ ਜਾਵੇ, ਫਿਰ ਸੋਚਨੇ ਆਂ, ਵਾਹੀ ਬੀਜੀ ਦਾ ਲੇਖਾ ਕੀਹਤੋਂ ਕੀਹਤੋਂ ਲੈਣਾ ਈ। ਹਾਜੀ ਮੀਆਂ ਚਿਰਾਗ਼ ਦੀਨ ਨੂੰ ਮਿਲਣ ਦੀ ਬੜੀ ਲੋੜ ਏ.........

ਤੇ ਛਣਕਦੀਆਂ ਘੁੰਗਰਾਲਾਂ, ਟੁਣਕਦੀਆਂ ਟੱਲੀਆਂ ਅਤੇ ਬਰਾਤੀਆਂ ਦੀ ਭੀੜ ਵਿਚ ਵੀ ਦੁੱਲਾ, ਜਿਵੇਂ ਕੱਲ-ਮੁਕੱਲਾ ਤੁਰਿਆ ਜਾ ਰਿਹਾ ਸੀ।

## 8.

ਦੁੱਲੇ ਦੇ ਘਰ ਨੂੰਹ ਆ ਗਈ ਸੀ। ਸਭ ਸਕੇ-ਸਬੰਧੀ, ਮਾਮੇ, ਫੁੱਫੜ, ਭੂਆ ਲੱਧੀ ਅਤੇ ਫੁੱਲਰਾਂ ਨੂੰ ਮੁਬਾਰਕਾਂ ਦੀਆਂ ਝੜੀਆਂ ਲਾਕੇ ਵਿਦਾ ਹੋ ਗਏ ਸਨ। ਹਵੇਲੀ ਦਾ ਰੰਗ-ਢੰਗ ਸਹਿਜ ਹੁੰਦਾ ਜਾ ਰਿਹਾ ਸੀ। ਨਿਕਾਹ ਦੀਆਂ ਸਭ ਰੱਖਾਂ, ਮਨੌਤਾਂ, ਸ਼ਗਨ ਅਤੇ ਰਸਮਾਂ ਪੂਰੀਆਂ ਹੋ ਚੁੱਕੀਆਂ ਸਨ।

ਲੱਧੀ ਨੇ ਵੇਖਿਆ, ਮਠਿਆਈ ਵਾਲੀ ਕੋਠੜੀ ਵਿਚ ਅਜੇ ਵੀ ਥਾਲ ਪਰਾਂਤਾਂ ਭਰੇ ਪਏ ਸਨ। ਇਕ ਵੱਡੇ ਪਲੰਘ ਉਪਰ ਵਿਛਾਏ ਖ਼ੇਸ ਉਪਰ ਲੱਡੂਆਂ ਦਾ ਢੇਰ ਪਿਆ ਸੀ। ਹੇਠਾਂ ਲਿਪੇ ਸੁਆਰੇ ਕੱਚੇ ਫਰਸ਼ ਉੱਤੇ ਸਕਰਪਾਰੇ ਪਕੌੜੀਆਂ ਥਾਂ ਥਾਂ ਖਿੱਲਰੇ ਹੋਏ ਸਨ।

ਜਿਉਣੇ ਦੀ ਅੱਲਾਹ-ਰੱਖੀ ਨੂੰ ਦੇਣ ਲਈ ਲੱਧੀ, ਖਿੱਲਰੀ ਮਠਿਆਈ ਸਾਂਭਣ ਲੱਗੀ।

ਕੁਝ ਦੇਰ ਬਾਅਦ ਲੱਧੀ ਵਿਹੜੇ ਵਿਚ ਆਈ ਤਾਂ ਦੁੱਲਾ, ਮਾਂ ਦੀਆਂ ਅੱਖਾਂ ਵਿਚ ਵੰਗਾਰ ਨਾਲ ਤੱਕਣ ਲੱਗਾ। ਲੱਧੀ ਜਾਣਦੀ ਸੀ, ਘਰ ਰਹਿਕੇ ਉਹ ਹੁਣ ਖਿੱਝਿਆ ਤੇ ਅੱਕਿਆ ਹੋਇਆ ਏ ਤੇ ਝਿੜੀ ਵੱਲ ਜਾਣ ਲਈ ਕਾਹਲਾ ਪਿਆ ਹੋਇਆ।

ਜਦੋਂ ਲੱਧੀ ਨੇੜੇ ਆਈ ਤਾਂ ਦੁੱਲੇ ਆਖਿਆ—'ਦੁੱਲਾ ਹੁਣ ਤੇਰੇ ਕੌਲਾਂ ਤੋਂ ਬਾਹਰ ਈ। ਹੁਣ ਹਵੇਲੀ ਸਾਂਭ ਆਪਣੀ।'

—ਵੇ ਨਾ ਸੋਹਣਿਆਂ, ਸਵਾ ਮਹੀਨਾ ਤਾਂ ਪੂਰਾ ਹੋਣ ਦੇਹ।'

ਇਹ ਕੋਈ ਸ਼ਰਤ ਨਹੀਂ ਸੀ ਤੇਰੇ ਨਾਲ ਮਾਂ। ਤੂੰ ਨਿਕਾਹ ਤੱਕ ਰੋਕਿਆ ਸਈ ਤੇ ਦੁੱਲੇ ਤੇਰੀ ਗੱਲ ਪੁਗਾ ਦਿੱਤੀ ਊ। ਹੁਣ ਨਵੀਂ ਵਹੁਟੀ ਘਰ ਆਈ ਊ, ਐਵੇਂ ਵਾਧੂ ਜਿੱਦ ਕਰਕੇ ਉਹਦੇ ਸਾਹਮਣੇ ਕੋਈ ਝੱਜੂ ਨਾ ਪਾਈਂ। ਤੁਸੀਂ ਆਪਣਾ ਕੰਮ ਕਰੋ ਤੇ ਮੈਨੂੰ ਆਪਣਾ ਕਰਨ ਦੇਓ......।

ਲੱਧੀ ਕੀ ਆਖਦੀ, ਉਹ ਤਾਂ ਦੁੱਲੇ ਦੇ ਬਦਲੇ ਤੇਵਰਾਂ ਵੱਲ ਵੇਖਦੀ ਹੀ ਰਹਿ ਗਈ।

****

ਪਿੰਡੀ ਉੱਪਰ ਸੂਰਜ ਹੌਲੀ ਹੌਲੀ ਉਦੈ ਹੋ ਰਿਹਾ ਸੀ। ਪੂਰਬ ਦੀ ਕੁੱਖ ਵਿਚ ਸੰਧੂਰੀ ਰੰਗ ਗੂੜ੍ਹਾ ਹੋਣ ਲੱਗਾ। ਪਿੰਡੀ ਦੇ ਟਾਵੇਂ ਟਾਵੇਂ ਲੋਕ ਨਿਆਈਆਂ ਦੇ ਖੇਤਾਂ ਵੱਲ ਜਾਂਦੇ ਦਿੱਸਣ ਲੱਗੇ। ਰਮਜ਼ੇ ਦਾ ਵੱਡਾ ਭਰਾ ਸੈਦਾ ਮੋਢੇ ਉਪਰ ਹਲ ਰੱਖੀ, ਬਲਦਾਂ ਦੀ ਜੋੜੀ ਅੱਗੇ ਲਾਈ, ਵੱਤਰ ਹੋਏ ਖੇਤ ਨੂੰ ਵਾਹੁਣ ਚੱਲਿਆ ਸੀ। ਆਲ੍ਹਣੇ ਛੱਡ ਉੱਡੀਆਂ ਪੰਛੀਆਂ ਦੀਆਂ ਡਾਰਾਂ ਚੋਗਾ ਚੁਗਣ ਲਈ ਆਪਣੇ ਸਫ਼ਰ ਦੇ ਰਾਹ ਪੈ ਗਈਆਂ ਸਨ।

ਸਾਝਰੇ ਉੱਠੇ ਪਿੰਡੀ ਦੇ ਕੁਝ ਲੋਕਾਂ ਨੇ ਵੇਖਿਆ, ਦੁੱਲਾ ਸੁਵੱਖਤੇ ਹੀ ਹਾਜੀ ਮੀਆਂ ਚਿਰਾਗ਼ ਦੀਨ ਦੇ ਘਰ ਵੱਲ ਜਾ ਰਿਹਾ ਸੀ। ਹੈਰਾਨ ਹੋ ਕੇ ਕੁਝ ਲੋਕਾਂ ਨੇ ਤੁਰੇ ਜਾਂਦੇ ਦੁੱਲੇ ਵਲ ਵੇਖਿਆ, ਫੇਰ ਆਪਣੇ ਕੰਮੀਂ ਧੰਦੀ ਜਾ ਲੱਗੇ। ਫਜ਼ਰ ਦੀ ਨਮਾਜ ਵੇਲੇ ਮੌਲਵੀਂ ਦੀ ਬਾਂਗ ਮੱਧਮ ਜਿਹੀ ਸੁਣੀ ਦੁੱਲੇ ਨੂੰ। ਉਸਨੇ ਵਾਰੀ ਵਾਰੀ ਦੋਵੇਂ ਕੰਨ ਫੜੇ, ਜਿਵੇਂ ਖ਼ੁਦਾ ਤੋਂ ਖ਼ਿਮਾ



ਮੰਗੀ ਹੋਵੇ। ਫਗਣ ਮਹੀਨੇ ਦੀ ਵਗਦੀ ਠੰਡੀ ਪੌਣ, ਦੁੱਲੇ ਅੰਦਰਲੀ ਤਪਸ਼ ਨੂੰ ਸਕੂਨ ਦਿੰਦੀ ਜਾਪੀ। ਉਹ ਹਾਜੀ ਮੀਆਂ ਦੀ ਨਮਾਜ਼ ਦਾ ਵੇਲਾ ਸੋਚ ਕੇ ਖੇਤਾਂ ਵੱਲ ਨਿਕਲ ਗਿਆ।

ਦੁੱਲਾ ਜਦੋਂ ਮੁੜਿਆ, ਸੂਰਜ ਗਿੱਠ ਕੁ ਉੱਚਾ ਹੋ ਗਿਆ ਸੀ। ਹਾਜੀ ਦੇ ਬੂਹੇ ਅੱਗੇ ਆਕੇ ਉਸਨੇ ਹਾਕ ਮਾਰਕੇ ਕੁੰਡਾ ਖੜਕਾਇਆ।

ਹਾਜੀ ਚਿਰਾਗ਼ ਦੀਨ ਦੇ ਪੋਤੇ ਨੇ ਬੂਹਾ ਖੋਹਲਿਆ।

—ਸ਼ੇਰਾ ਹਾਜੀ ਬਾਬੇ ਨੂੰ ਤਾਂ ਬਾਹਰ ਘੱਲ ਜ਼ਰਾ।' ਪਿੱਛੇ ਮੁੜਦਾ ਮੁੰਡਾ ਬੂਹਾ ਢੋਅ ਗਿਆ।

ਕੁਝ ਦੇਰ ਬਾਅਦ ਹਾਜੀ ਚਿਰਾਗ਼ਦੀਨ ਹੱਥ ਵਿਚ ਤਸਬੀ ਫੜੀ ਬਾਹਰ ਆਇਆ।

—ਸਲਾਮ ਆਖਨਾ ਬਾਬਾ।' ਦੁੱਲਾ ਅੱਧਾ ਝੁਕ ਗਿਆ।

ਸਲਾਮ ਦਾ ਜਵਾਬ ਦਿੰਦਿਆਂ, ਹਾਜੀ ਨੇ ਪੁੱਛਿਆ—'ਫਜ਼ਰ ਵੇਲੇ ਕੀ ਭੀੜਾਂ ਆ ਬਣੀਆਂ ਦੁੱਲਿਆ?'

—ਸਲਾਮ ਕਰਨ ਚਲਾ ਆਇਆ ਬਾਬਾ।'

—ਅੰਦਰ ਲੰਘ ਆ।'

ਹਾਜੀ ਮੀਆਂ ਨੇ ਅੱਧਾ ਬੂਹਾ ਖੋਹਲ ਕੇ ਦੁੱਲੇ ਨੂੰ ਅੰਦਰ ਲੰਘਾਇਆ ਤੇ ਖੱਬੇ ਹੱਥ ਪਏ ਤਖਤਪੋਸ਼ ਉਪਰ ਦੋਵੇਂ ਬੈਠ ਗਏ।

ਜਨਾਨਖ਼ਾਨੇ ਵਾਲੇ ਪਾਸੇ ਲਮਕਦੀਆਂ ਖ਼ਸ ਦੀਆਂ ਸਫਾਂ ਪਿੱਛੇ ਖੜ੍ਹਾ ਕੋਈ ਕੁਝ ਪਲ ਇਹਨਾਂ ਵਲ ਵੇਖਦਾ ਰਿਹਾ, ਫਿਰ ਅੰਦਰੇ ਅਲੋਪ ਹੋ ਗਿਆ।

—ਬਾਬਾ ਅੱਜ ਕੱਲ੍ਹ ਰਾਤੀਂ ਮੈਨੂੰ ਨੀਂਦਰ ਨਹੀਂ ਪੈਂਦੀ।'

ਹਾਜੀ ਨੇ ਦੁੱਲੇ ਦੇ ਚਿਹਰੇ ਵੱਲ ਵੇਖਿਆ। ਉਸਨੂੰ ਕੁਝ ਵਧੇਰੇ ਹੀ ਪਰੇਸ਼ਾਨ ਦਿੱਸਿਆ। ਪੁੱਛਿਆ—'ਨਿਕਾਹ 'ਚ ਤਾਂ ਕੋਈ ਗੜਬੜ ਨਹੀਂ ਹੋਈ?'

—ਨਿਕਾਹ ਤਾਂ ਅੱਲਾਹ ਦੀ ਮਿਹਰ ਨਾਲ ਠੀਕ ਰਿਹਾ ਬਾਬਾ।'

—ਫਿਰ ਹੋਰ ਕੀ ਆਣ ਵਗੀ ਬਰਖ਼ੁਰਦਾਰ?' ਪੁੱਛਕੇ ਚਿਰਾਗ਼ਦੀਨ ਤਸਬੀ ਫੇਰਨ ਲੱਗਾ।

—ਕੁਝ ਸੁਆਲ ਸਿਰ 'ਚ ਭੌਂਦੇ ਪਏ ਨੇ। ਇਹਨਾਂ ਦੇ ਜਆਬ ਲੱਭਣ ਆਇਆ ਵਾਂ। ਹਾਜੀ ਬਾਬਾ ਤੇਰੇ ਬਿਨ ਹੋਰ ਕਿਸੇ ਨਹੀਂ ਦੱਸਣੇ।'

—ਮੈਂ ਦੱਸਣ ਲਾਇਕ ਹੋਇਆ ਤੇ ਜ਼ਰੂਰ ਦੱਸਾਂਗਾ ਬਰਖ਼ੁਰਦਾਰ।'

—ਟਾਲ ਮਟੋਲ ਨਹੀਂ ਕਰਨੀ ਬਾਬਾ, ਮੈਨੂੰ ਆਖ਼ਰੀ ਜੁਆਬ ਚਾਹੀਦੇ ਨੇ।'

—ਦੁੱਲਿਆ, ਕਿਸੇ ਵੀ ਸੁਆਲ ਦਾ ਆਖ਼ਰੀ ਜਵਾਬ ਨਹੀਂ ਹੁੰਦਾ। ਤੂੰ ਪੁੱਛ ਜੋ ਪੁੱਛਣਾ ਈ। ਜਿੰਨਾ ਕੁ ਮੈਨੂੰ ਪਤਾ ਹੋਇਆ, ਅੱਲਾਹ ਹਾਜ਼ਰ ਨਾਜ਼ਰ ਏ ਸਹੀ ਦੱਸਾਂਗਾ। ਤੇਰੇ ਨਾਲ ਤਾਂ ਮੈਂ ਪਹਿਲਾਂ ਵੀ ਕਦੀ ਓਹਲਾ ਨਹੀਂ ਰੱਖਿਆ ਪੁੱਤਰਾ। ਪਹਿਲਾਂ ਇਹ ਦੱਸ ਲੱਸੀ ਪੀਣੀ ਊ ਕਿ ਸ਼ਰਬਤ ਆਖਾਂ?'

—ਨਹੀਂ ਬਾਬਾ ਓਧਰ ਹਵੇਲੀ ਵਿਚ ਵੀ ਤੇਰਾ ਈ ਏ। ਹੁਣੇ ਹੁਣੇ ਪੀ ਕੇ ਆਇਆ ਵਾਂ, ਕਾਈ ਲੋੜ ਨਹੀਂ, ਹੋਈ ਵੀ ਤਾਂ ਮੰਗ ਲਵਾਂਗਾ, ਏਸ ਘਰ ਨੂੰ ਆਪਣਾ ਈ ਸਮਝਣਾ ਵਾਂ।

—ਤਾਂ ਆਖ ਕੀ ਪੁੱਛਣਾ ਈ।'

—ਹਾਜੀ ਬਾਬਾ, ਮਾਂ ਆਖਦੀ ਏ, ਅਕਬਰ ਬਾਦਸ਼ਾਹ ਦਾ ਪੁੱਤਰ, ਉਹਦਾ ਦੁੱਧ ਚੁੰਘਦਾ ਰਿਹਾ ਈ ?'

—ਸਹੀ ਏ ਪੁੱਤਰ।'

—ਬਾਦਸ਼ਾਹ ਦੇ ਮਹਿਲੀਂ ਦੁੱਧ ਦੀ ਥੋੜ ਹੋਈ ਤਾਜੁੱਬ ਏ ?'

—ਦੁੱਧ ਦੀ ਥੋੜ ਕਾਈ ਨਹੀਂ ਹੋਣੀ ਬਰਖ਼ੁਰਦਾਰਾ, ਇਹ ਕੋਈ ਤਖ਼ਤ ਦੀ ਸਿਆਸਤ ਹੋਣੀ ਏ।'

—ਮੈਂ ਏਡਾ ਅਕਲਮੰਦ ਨਹੀਓਂ ਬਾਬਾ, ਤਫ਼ਸੀਲ ਨਾਲ ਦੱਸੇਂ ਤਾਂ ਜਾਣਾ।'

—ਧਾੜੇ ਮਾਰਨੇ, ਖੋਹਾਂ ਕਰਨੀਆਂ, ਜਾਂ ਡਾਂਗ ਵਾਹੁਣੀ ਹੋਰ ਗੱਲ ਈ ਦੁੱਲਿਆ, ਦੁਨੀਆਂਦਾਰੀ ਪਰਖਣੀ ਹੋਰ ਗੱਲ ਈ।' ਚਿਰਾਗ਼ਦੀਨ ਲੰਮੀ ਸਫੈਦ ਦਾੜ੍ਹੀ ਉਪਰ ਹੱਥ ਫੇਰਦਿਆਂ ਫਿੱਕਾ ਜਿਹਾ ਮੁਸਕਰਾਇਆ।

—ਬੱਸ ਏਹੀਓ ਦੁਨੀਆਂਦਾਰੀ ਪਰਖਣੀ ਨਹੀਂ ਆਈ ਦੁੱਲੇ ਨੂੰ, ਤਾਹੀਓਂ ਤਾਂ ਫਜ਼ਰ ਵੇਲੇ ਤੇਰੇ ਕੋਲ ਆਇਆਂ।'

—ਤੇਰੇ ਦਾਦਾ ਬਿਜਲੀ ਖ਼ਾਨ ਦੀ ਮੇਰੇ ਨਾਲ ਹੁੱਕੇ ਦੀ ਸਾਂਝ ਸੀ ਦੁੱਲਿਆ। ਪਿੰਡੀ ਦੇ ਚੌਧਰੀ ਉਦੋਂ ਵੀ ਹੈ ਸਨ ਤਖ਼ਤ ਲਾਹੌਰ ਦੇ ਮੁਖ਼ਬਰ ਤੇ ਹੁਣ ਵੀ ਹੈਗੇ ਨੇ। ਇਹ ਚੌਧਰੀ, ਇਹ ਰਾਜੇ, ਹਾਕਮ ਇਕ ਦੂਜੇ ਦੇ ਬਿਰਾ ਹੁੰਦੇ ਨੇ ਦੁੱਲਿਆ। ਉਹਨਾਂ ਕੋਲ ਤਖ਼ਤ ਤਾਜ ਹੋਵੇ ਚਾਹੇ ਨਾ ਹੋਵੇ। ਅਕਬਰ ਨੂੰ ਵਰ੍ਹਿਆਂ ਪਿੱਛੋਂ ਔਲਾਦ ਨਸੀਬ ਹੋਈ, ਉਦੋਂ ਕੁਝ ਮਹੀਨੇ ਈ ਹੋਏ ਸਨ ਬਾਰ ਦੇ ਰਾਜਪੂਤ ਭੱਟੀਆਂ ਨਾਲ ਉਹਦੇ ਸਿੰਗ ਫਸੇ ਸਨ। ਓਧਰ ਅਕਬਰ ਦੇ ਘਰ ਪੁੱਤਰ ਜੰਮਿਆ ਤੇ ਏਧਰ ਪਿੰਡੀ 'ਚ ਤੂੰ ਜੰਮਿਆ। ਸੂਹੀਆਂ ਨੇ ਅਕਬਰ ਦੇ ਕੰਨ ਭਰੇ ਹੋਣੇ, ਬਾਗ਼ੀਆਂ ਦੇ ਘਰ ਵੀ ਪੁੱਤਰ ਪੈਦਾ ਹੋਇਆ ਈ। ਸੁਣਦੇ ਆਂ ਅਕਬਰ ਨੇ ਕਿਹਾ ਸੀ, 'ਜਹਾਨ 'ਤੇ ਹਰ ਰੋਜ਼ ਈ ਬੱਚੇ ਪੈਦਾ ਹੁੰਦੇ ਨੇ। ਫੌਤ ਹੁੰਦੇ ਨੇ।' —ਮੁਖ਼ਬਰਾਂ ਆਖਿਆ 'ਜੰਮਦੇ ਮਰਦੇ ਤਾਂ ਹੈਨ ਜਹਾਂ ਪਨਾਹ, ਵੱਡੇ ਫ਼ਿਕਰ ਵਾਲੀ ਗੱਲ ਇਹ ਵੇ, ਲੜਕਾ ਉਸ ਔਰਤ ਨੇ ਜੰਮਿਆ ਏ, ਜਿੰਨ੍ਹਾਂ ਦੇ ਰਾਜਪੂਤ ਰਾਠਾਂ ਨੇ ਹਜ਼ੂਰ ਦੇ ਗਰੂਰ ਨੂੰ, ਰੁਤਬੇ ਨੂੰ ਔਰ ਸ਼ਾਹੀ ਦਰਬਾਰ ਨੂੰ ਵੰਗਾਰਿਆ ਸੀ।'......ਪਤਾ ਨਹੀਂ ਦੁੱਲਿਆ ਇਹ ਸੱਚ ਏ ਕਿ ਨਜੂਮੀਆਂ ਇਨਾਮ ਲੈਣ ਖ਼ਾਤਰ ਐਵੇਂ ਮਨਘੜਤ ਗੱਲ ਬਣਾ ਛੱਡੀ ਸੀ।.........

.........ਬਾਦਸ਼ਾਹਾਂ ਦੇ ਕੰਨ ਬੜੇ ਕੱਚੇ ਹੁੰਦੇ ਨੇ ਦੁੱਲਿਆ। ਸੱਚ ਝੂਠ ਜੋ ਵੀ ਉਹਨਾਂ ਦੇ ਕੰਨੀਂ ਪੈਂਦਾ, ਉਹ ਅਸਰ ਕਰਦਾ। ਆਖਦੇ ਨੇ ਬਾਦਸ਼ਾਹ ਸੋਚਾਂ ਵਿਚ ਲਹਿ ਗਿਆ। ਨਜੂਮੀਆਂ ਕਿਹਾ,—ਇਕੋ ਵੇਲੇ ਦੋਹਾਂ ਦਾ ਪੈਦਾ ਹੋਣਾ ਚੰਗਾ ਸ਼ਗਨ ਨਹੀਂ। ਸੱਪਾਂ ਦੇ ਪੁੱਤਰ ਸੱਪ ਹੀ ਹੁੰਦੇ ਨੇ, ਚੰਗਾ ਹੋਵੇ ਉਸਦੀ ਸਿਰੀ ਹੁਣ ਹੀ ਫੇਹ ਦੇਵੋ।'.......

ਅਜੇ ਤੱਕ ਦੁੱਲਾ ਚੁੱਪ ਕਰਕੇ ਬੈਠਾ ਸੁਣ ਰਿਹਾ ਸੀ। ਇਹ ਸੁਣਕੇ ਉਸ ਕੋਲੋਂ ਜ਼ਬਤ ਵਿਚ ਨਾ ਰਿਹਾ ਗਿਆ। ਬੋਲਿਆ,—'ਹਾਜੀ ਮੀਆਂ ਸਿਰੀ ਤਾਂ ਉਸਦੀ ਹੁਣ ਮੈਂ ਫੇਹਾਂਗਾ।'

—ਕਾਹਲਾ ਨਾ ਪਉ ਬਰਖ਼ੁਰਦਾਰਾ। ਸਬਰ ਨਾਲ ਸੁਣੀ ਚੱਲ। ਬਾਦਸ਼ਾਹ ਤਾਂ ਫਿਰ ਬਾਦਸ਼ਾਹ ਹੀ ਹੁੰਦੇ ਨੇ। ਉਸ ਆਖਿਆ—'ਔਕਾਤ ਕੀ ਏ ਪਿੰਡੀ ਵਿਚ ਰਹਿੰਦੀ ਬੇਵਾ ਔਰਤ ਦੀ। ਪਾਲ ਲੈਣ ਦੇਉ ਪੁੱਤਰ ਨੂੰ। ਵੱਡਾ ਹੋਏਗਾ ਤਾਂ ਸ਼ਿਕਾਰ ਕਰਾਂਗੇ ਉਹਦਾ। ਮਜ਼ਾ ਆਏਗਾ।'...

—ਨਜੂਮੀਆਂ ਦੱਸਿਆ.......'ਸ਼ਹਿਨਸ਼ਾਹ ਹਜ਼ੂਰ ਦਾ ਪੁੱਤਰ ਸਿਹਤ ਵਲੋਂ ਬੜਾ ਕਮਜ਼ੋਰ ਈ। ਜੇ ਇਸਨੂੰ ਬਲਵਾਨ ਸੂਰਮਾ, ਨਿੱਡਰ ਔਰ ਯੋਧਾ ਬਨਾਣਾ ਈ ਕਿਸੇ ਬਹਾਦਰ ਤਕੜੀ



ਕਾਠੀ ਵਾਲੀ ਰਾਜਪੂਤਣੀ ਤੀਵੀਂ ਦੇ ਦੁੱਧ 'ਤੇ ਪਾਉਣ ਦੀ ਲੋੜ ਏ। ਫਿਰ ਖੋਜ ਕੀਤੀ ਤੇ ਉਹਨਾਂ ਤੇਰੀ ਮਾਂ ਲੱਧੀ ਦੀ ਦੱਸ ਪਾਈ। ਰਾਜੇ ਖਦਸ਼ਾ ਜਾਹਰ ਕੀਤਾ—'ਇਹ ਬਾਗ਼ੀਆਂ ਦਾ ਪਿੰਡ ਏ ਤੇ ਸਹਿਜ਼ਾਦਾ ਦੁਸ਼ਮਣਾਂ ਦੇ ਦੁੱਧ 'ਤੇ ਪਲੇਗਾ।'.......

........ਇਹ ਸੁਣੀਆਂ ਸੁਣਾਈਆਂ ਤੇ ਕੁਝ ਵਧਾ-ਚੜ੍ਹਾ ਕੇ ਆਖੀਆਂ ਗੱਲਾਂ ਨੀ ਦੁੱਲਿਆ। ਮੈਂ ਸਮਝਨਾ, ਇਹ ਕੋਈ ਸ਼ਾਹੀ ਤਖ਼ਤ ਦੀ ਸਿਆਸਤ ਹੋਣੀ ਏਂ। ਬਾਦਸ਼ਾਹ ਦੇ ਪੁੱਤਰ ਨੇ ਅੰਤ ਬਾਦਸ਼ਾਹ ਬਣਨਾ ਈ ਬਣਨਾ। ਉਹਨਾਂ ਸੋਚਿਆ ਹੋਣਾ ਬਾਗੀਆਂ ਦੇ ਲਹੂ ਦੀ ਗਰਮੀ ਸਹਿਜ਼ਾਦੇ ਵਿਚ ਵੀ ਆਵੇਗੀ। ਬਾਗੀਆਂ ਨੂੰ ਸ਼ਾਹੀ ਸਹੂਲਤਾਂ ਮਿਲਣਗੀਆਂ ਤਾਂ ਰਾਠਾਂ ਦੀ ਗਰਮੀ ਵਿਚ ਵੀ ਕੁਝ ਲਚਕ ਆਵੇਗੀ। ਤਖ਼ਤ ਨੂੰ ਏਸ ਪਾਸਿਓਂ ਖ਼ਤਰਾ ਨਹੀਂ ਰਹੇਗਾ। ਪਰ ਇਹ ਕੁਝ ਦਿਨਾਂ ਦੀ ਖੇਡ ਹੋਣੀ ਏ ਦੁੱਲਿਆ। ਇਹ ਵੀ ਪਤਾ ਕੋਈ ਨਹੀਂ.....ਸਭ ਗੱਲਾਂ ਈ ਨੇ। ਕੁਝ ਵੀ ਹੈ, ਖ਼ਿਆਲ ਕਰ ਹਕੂਮਤਾਂ ਕਿਥੋਂ ਤੀਕਰ ਜਾਂਦੀਆਂ ਨੇ। ਕੀ ਪਤਾ ਬਾਗ਼ੀਆਂ ਦੇ ਪੁੱਤਰ ਨੂੰ ਸ਼ਾਹੀ ਚਕਾਚੌਂਧ ਦੇ ਜਲੌਅ ਵਿਚ, ਝੋਲੀ ਚੁੱਕ, ਅਮੀਰ ਵਜ਼ੀਰ ਬਣਾ ਕੇ, ਬਾਦਸ਼ਾਹ ਨੂੰ ਸਲਾਮਾਂ ਕਰਨ ਜੋਗਾ ਬਣਾ ਛੱਡਣ ਦੀ ਸਿਆਸਤ ਹੋਵੇ। ਇਹ ਸ਼ਹਿਨਸ਼ਾਹੀਆਂ ਦੇ ਦਾਅ-ਪੇਚ ਨੇ ਬਰਖ਼ੁਰਦਾਰ।'........

—ਏਹੀਓ ਤਾਂ ਮੇਰੇ ਖ਼ਾਨੇ ਨੀ ਵੜਦੀਆਂ ਗੱਲਾਂ ਹਾਜੀ ਮੀਆਂ।' ਦੁੱਲਾ ਗਿੱਚੀ ਖੁਰਕਣ ਲੱਗਾ। ਬੋਲਿਆ,—'ਬਾਬਾ, ਮੈਂ ਤੈਨੂੰ ਅੱਬਾ ਤੇ ਦਾਦੇ ਦੀ ਥਾਂ ਮੰਨਿਆ ਏ। ਪਿੰਡੀ ਵਿਚ ਤੇਰੇ ਬਾਝੋਂ ਇੱਕ ਵੀ ਐਸਾ ਨਹੀਂ ਜਿਹੜਾ ਦੱਲੇ ਦੀ ਪੀੜ ਜਾਣੇ। ਤੈਨੂੰ ਪਤਾ ਈ ਬਾਬਾ, ਮਾਂ ਨੇ ਮੈਨੂੰ ਏਨੇ ਵਰ੍ਹੇ ਕੋਈ ਭੇਦ ਈ ਨਹੀਓਂ ਦਿੱਤਾ ?'

—ਉਹ ਡਰਦੀ ਹੋਣੀ ਏ ਬਰਖ਼ੁਰਦਾਰ, ਪੁੱਤਰ ਨਾ ਗੁਆ ਬਹਿਸਾਂ। ਆਪਣੀ ਮਾਂ ਨੂੰ ਦੋਸ਼ ਨਾ ਦੇਹ। ਮੈਂ ਜਾਣਨਾ, ਉਸਨੇ ਕਿਵੇਂ ਪਾਲ ਪੋਸ ਕੇ ਤੈਨੂੰ ਵੱਡਾ ਕੀਤਾ ਈ। ਲੱਧੀ ਦੀਆਂ ਤੂੰ ਕਿਥੇ ਦੇ ਸਕਦਾ ਏਂ ਪੁੱਤਰ। ਉਹ ਬੜੇ ਜਬ੍ਹੇ ਵਾਲੀ ਔਰਤ ਈ। ਲੱਧੀ ਬਣਨਾ ਬੜਾ ਔਖਾ ਈ ਪੁੱਤਰਾ। ਏਹੋ ਜੇਹੀਆਂ ਮਾਵਾਂ ਜਣੇ ਖਣੇ ਨੂੰ ਨਸੀਬ ਨਹੀਓਂ ਹੁੰਦੀਆਂ। ਪਿੰਡੀ ਨੂੰ ਅਗਰ ਤੇਰੇ ਅੱਬਾ ਔਰ ਦਾਦੇ ਉੱਪਰ ਮਾਣ ਈ ਤਾਂ ਲੱਧੀ ਉੱਪਰ ਵੀ ਓਨਾ ਈ ਮਾਣ ਈ।' ਹਾਜੀ ਚਿਰਾਗ਼ ਦੀਨ ਅੱਜ ਸਚਮੁੱਚ ਹੀ ਆਪਣੇ ਦਿਲੋਂ ਬੋਲ ਰਿਹਾ ਸੀ।

ਹਾਜ਼ੀ ਬਾਬਾ ਮੇਰੇ ਅੰਦਰ ਵਰ੍ਹਿਆਂ ਤੋਂ ਸੁੱਤਾ ਪਿਆ ਸ਼ੇਰ ਜਾਗ ਉਠਿਆ ਈ ਤੇ ਇਹ ਮੈਨੂੰ ਹੁਣ ਸੌਣ ਨਹੀਂ ਦੇਂਦਾ। ਪਿੰਡੀ 'ਚ ਤੇਰੇ ਬਾਝੋਂ ਮੈਨੂੰ ਕਿਸੇ 'ਤੇ ਭਰੋਸਾ ਨਹੀਂ। ਮੇਰੇ ਸਿਰ ਉਪਰੋਂ ਆਪਣਾ ਹੱਥ ਨਾ ਚੁੱਕੀਂ। ਦੁਆ ਕਰੀਂ ਮੇਰੇ ਲਈ। ਦੇਖੀਂ ਦੁੱਲਾ ਹੁਣ ਲਾਹੌਰ ਦੇ ਤਖ਼ਤ ਨੂੰ ਕਿਵੇਂ ਟੱਕਰਦਾ ਈ। ਅੱਲਾਹ ਕਿਤੇ ਵੇਲੇ ਨੂੰ ਪੁੱਠਾ ਗੇੜਾ ਦੇ ਦਵੇ ਤੇ ਮੈਂ ਪੰਦਰਾਂ-ਵੀਹ ਵਰ੍ਹੇ ਪਿਛਾਂਹ ਵੱਲ ਮੁੜਾਂ, ਫੇਰ.....।'

—ਵੇਲਾ ਹੱਦਾਂ ਵਿਚ ਨਹੀਂ ਬੰਨ੍ਹਿਆ ਜਾਂਦਾ ਬਰਖ਼ੁਰਦਾਰ। ਵੇਲਾ ਤੁਰਦਾ ਰਹਿੰਦਾ ਏ।' ਆਖਕੇ ਹਾਜੀ ਤਸਬੀ ਫੇਰਨ ਲੱਗਾ।

—ਵੇਲਾ ਮੁੜਦਾ ਤਾਂ ਹੈ ਨਾ ਬਾਬਾ ? ਚਾਚਾ ਜਲਾਲਦੀਨ ਆਖਦਾ ਏ, ਪਿੰਡੀ ਫੇਰ ਉਜੜਨੀ ਏ। ਜੇ ਉਜੜਦੀ ਏ ਤਾਂ ਵੇਲਾ ਮੁੜਦਾ ਈ ਏ ਨਾ ?' ਦੁੱਲੇ ਦੀ ਸਮਝ ਕੁਝ ਨਹੀਂ ਪੈਂਦਾ।

—ਨਹੀਂ ਬਰਖ਼ੁਰਦਾਰਾ, ਪਿੰਡ ਤਾਂ ਵਸਦੇ ਉਜੜਦੇ ਰਹਿੰਦੇ ਨੇ। ਨਗਰਾਂ ਦੇ ਨਗਰ ਤਬਾਹ ਹੋ ਗਏ, ਗਰਕ ਗਏ, ਥੇਹ ਬਣ ਗਏ, ਨਵੇਂ ਉੱਸਰ ਗਏ।......ਬਸਤੀਆਂ ਬਣਦੀਆਂ

ਈ ਉਜੜਨ ਲਈ ਨੇ। ਜਿਵੇਂ ਬੰਦਾ ਜੰਮਦਾ ਈ ਮਰਣ ਲਈ ਇਹ ਦਿਲ-ਜਿਗਰ ਏ ਨਾ, ਜਿਥੇ ਅੱਲਾਹ ਦਾ ਘਰ ਏ',—ਚਿਰਾਗ਼ਦੀਨ ਨੇ ਆਪਣੇ ਦਿਲ ਉਪਰ ਹੱਥ ਰੱਖਿਆ,—'ਪੁੱਤਰਾ, ਇਹ ਦਿਲ ਦੀਆਂ ਬਸਤੀਆਂ ਨਹੀਂ ਉਜੜਦੀਆਂ, ਬੱਸ। ਵੇਲਾ ਤਾਂ ਮੁਸਲਸੱਲ ਤੁਰਦਾ ਰਹਿੰਦਾ ਏ।....ਯਾ....ਅੱਲਾਹ......।' ਕਹਿੰਦਿਆਂ ਚਿਰਾਗ਼ਦੀਨ ਨੇ ਲੰਮਾ ਸਾਹ ਲਿਆ ਤੇ ਉੱਪਰ ਵੱਲ ਹੱਥ ਚੁੱਕੇ।

—ਇੱਕ ਗੱਲ ਹੋਰ ਬਾਬਾ, ਮੇਰੇ ਅੱਬਾ, ਦਾਦਾ ਤੇ ਲੋਕ ਲੜੇ ਸਨ, ਲੜਨ ਵਾਂਗੂ ਕਿ ਲਾਹੌਰੋਂ ਆਈ ਫੌਜ ਤੇ ਬੰਨ੍ਹ ਕੇ ਲੈ ਗਈ....?' ਦੁੱਲੇ ਨੇ ਪੁੱਛਿਆ।

—ਤੂੰ ਲੜੇ ਆਖਨਾ ਏਂ ਦੁੱਲਿਆ, ਪਿੰਡੀ ਦੀਆਂ ਗਲੀਆਂ 'ਚ ਕੋਈ ਰੱਤ ਡੁਲ੍ਹਿਆ ਅਕਬਰ ਦੀਆਂ ਫੌਜਾਂ ਲੈ ਤਾਂ ਗਈਆਂ, ਤੇਰੇ ਪਿਊ ਦਾਦੇ ਨੂੰ, ਪਰ ਉਹਨਾਂ ਨੂੰ ਇਲਮ ਹੋ ਗਿਆ ਪੁੱਤਰਾ, ਸਾਡਾ ਵਾਹ ਰਾਜਪੂਤਾਂ ਨਾਲ ਪਿਆ ਈ.....।'

ਸੁਣਕੇ ਦੁੱਲਾ ਜੋਸ਼ ਵਿਚ ਆ ਗਿਆ।

—ਫੇਰ ਜਲਾਲਦੀਨ ਚਾਚਾ ਮੇਹਣੇ ਕਾਹਦੇ ਮਾਰਦਾ ਰਹਿੰਦਾ ਈ ਤੇ ਮਾਂ ਏਨੇ ਵਰ੍ਹੇ ਲੁਕਾਈ ਕਿਉਂ ਬੈਠੀ ਰਹੀ। ਅੱਬਾ ਦਾਦਾ ਦੇ ਹਥਿਆਰਾਂ ਵਾਲੀ ਕੋਠੜੀ ਨੂੰ ਏਨੇ ਵਰ੍ਹੇ ਤਾਲਾ ਕਿਉਂ ਮਾਰੀ ਰੱਖਿਆ ?' ਅੱਧੇ ਗਲ-ਸੜ ਗਏ ਬਾਕੀ ਜੰਗ ਲੱਗ ਬੇਕਾਰ ਹੋ ਗਏ।'

—ਬਰਖੁਰਦਾਰਾ ਬੜੀਆਂ ਹੋਰ ਗੱਲਾਂ ਹੋਣੀਆਂ ਨੀ, ਜਿਹੜੀਆਂ ਤੇਰੀ ਮਾਂ ਈ ਜਾਣਦੀ ਹੋਣੀ ਏ। ਹੁਣ ਜਦ ਬੁੱਕਲ ਨਸ਼ਰ ਹੋ ਈ ਗਈ ਏ ਤਾਂ ਮਾਂ ਨੂੰ ਆਖ ਹੋਰ ਗੱਲਾਂ 'ਤੋਂ ਵੀ ਪਰਦਾ ਚੁੱਕੇ।'

—ਤੇਰੀਆਂ ਗੱਲਾਂ ਨਾਲ ਮੇਰਾ ਕੁਝ ਤਾਂ ਹਨੇਰਾ ਦੂਰ ਹੋਇਆ ਈ ਹਾਜੀ ਬਾਬਾ। ਮਾਂ ਨੂੰ ਆਖਾਂਗਾ, ਆਪਣੀਆਂ ਹੋਰ ਗੋਝਾਂ ਨੂੰ ਵੀ ਧੁੱਪ ਲੁਆ ਜ਼ਰਾ। ਮੇਰੇ ਕੋਲੋਂ ਲੁਕਾਂਦਿਆਂ ਲੁਕਾਂਦਿਆਂ ਤਰੱਕ ਗਈਆਂ ਹੋਣੀਆਂ।' ਆਖ ਕੇ ਦੁੱਲਾ ਉਠ ਖੜ੍ਹਾ।

ਬਾਹਰ ਵੱਲ ਤੁਰੇ ਆਉਂਦਿਆਂ, ਮੀਆਂ ਚਿਰਾਗ਼ਦੀਨ ਨੇ ਦੁੱਲੇ ਦੇ ਕੰਧੇ ਉਪਰ ਹੱਥ ਰੱਖਦਿਆਂ ਕਿਹਾ—ਜੋ ਕਰਨਾ ਈ ਪੁੱਤਰ, ਸੋਚ-ਵਿਚਾਰ ਕੇ ਕਰਨਾ। ਹਰ ਕਿਸੇ ਨੂੰ ਆਪਣੇ ਤਰੀਕੇ ਨਾਲ ਹਯਾਤੀ ਜੀਣ ਦਾ ਹੱਕ ਏ। ਇਹ ਹੱਕ ਚਾਹੇ ਰਾਜਾ ਖੋਹਵੇ ਤੇ ਚਾਹੇ ਕੋਈ ਹੋਰ ਖੋਹਵੇ ਇਹ ਅਨਿਆਂ ਵੀ ਏ ਤੇ ਅੱਲਾਹ ਦੀਆਂ ਨਿਗਾਹਾਂ ਵਿਚ ਅਪਰਾਧ ਵੀ ਏ।'

—ਧਾਅਡੀਆਂ ਨਸੀਹਤਾਂ ਮੈਂ ਹਰ ਵੇਲੇ ਚੇਤੇ ਰੱਖਾਂਗਾ ਹਾਜੀ ਬਾਬਾ।' ਸਲਾਮ ਬੁਲਾ ਕੇ ਦੁੱਲਾ ਉਥੋਂ ਤੁਰ ਪਿਆ।

ਸੂਰਜ ਚੜ੍ਹ ਆਇਆ ਸੀ, ਪਿੰਡ ਦਿਆਂ ਘਰਾਂ ਦੇ ਬਨੇਰਿਆਂ ਉੱਪਰ ਧੁੱਪ ਚਮਕਣ ਲੱਗੀ ਸੀ। ਦੁੱਲਾ ਅੰਬਾਂ ਵਾਲੇ ਖੂਹ ਵੱਲ ਸਿੱਧਾ ਹੋ ਤੁਰਿਆ।

ਥੋੜੀ ਦੂਰ ਜਾਕੇ ਉਹ ਖੜ੍ਹ ਗਿਆ। ਸੋਚਣ ਲੱਗਾ। ਇਕ ਮਨ ਕਹਿੰਦਾ ਸੀ, ਝਿੜੀ ਵਿਚ ਜਾਕੇ ਆਪਣੀ ਢਾਣੀ ਨੂੰ ਛੇਤੀ ਮਿਲਾਂ। ਹੁਣ ਪਿੰਡਾਂ ਦੇ ਗੱਭਰੂ ਤੇ ਹੋਰ ਬੰਦੇ ਬਕਾਇਦਾ ਆਪਣੇ ਨਾਲ ਜੋੜਨੇ ਪੈਣੇ ਨੇ। ਦੂਜਾ ਮਨ ਕਹਿੰਦਾ ਸੀ, ਅਜੇ ਮਾਂ ਪਾਸੋਂ ਬੜਾ ਕੁਝ ਹੋਰ ਪੁੱਛਣ ਵਾਲਾ ਏ। ਘਰ ਜਾਵਾਂ.....? ਝਿੜੀ 'ਚ ਜਾਵਾਂ......?

ਕੁਝ ਦੇਰ ਉਹ ਦੁਚਿੱਤੀ ਵਿਚ ਖੜ੍ਹਾ ਰਿਹਾ।

ਫਿਰ ਲੋਕਾਂ ਵੇਖਿਆ, ਅੰਬਾਂ ਵਾਲੇ ਖੂਹ ਵਲ ਤੁਰਿਆ ਜਾਂਦਾ ਦੁੱਲਾ, ਅਚਾਨਕ ਘਰ ਵਲ ਮੁੜ ਪਿਆ।



## 9.

ਲੱਧੀ ਦੁਆਲੇ ਅੱਜ ਫੇਰ ਸਾਰੇ ਜਣੇ ਜੁੜੇ ਬੈਠੇ ਸਨ। ਲੱਧੀ ਹੈਰਾਨ ਸੀ, ਅੱਜ ਤਾਂ ਮੇਹਰੂ ਵੀ ਮੰਜੇ ਦਾ ਸੇਰੂ ਫੜੀ ਬੈਠਾ ਸੀ। ਸ਼ਾਇਦ ਨੂਰੇ ਦੇ ਨਿਕਾਹ ਵੇਲੇ ਉਸਨੇ ਭੀੜ-ਭੜੱਕੇ ਦਾ ਫਾਇਦਾ ਉਠਾ ਕੇ ਆਪਣੇ ਲਈ ਨਸ਼ੇ-ਪੱਤੇ ਦਾ ਭੰਡਾਰ ਜਮ੍ਹਾ ਕਰ ਲਿਆ ਹੋਣਾ।

ਸਾਰਿਆਂ ਨਾਲੋਂ ਪਿੱਛੇ ਨੂਰੇ ਦੀ ਵਹੁਟੀ ਦੁੱਲੇ ਅਤੇ ਮੇਹਰੂ ਕੋਲੋਂ ਘੁੰਡ ਕੱਢੀ ਥੋੜੀ ਜਿਹੀ ਪਿੱਠ ਘੁੰਮਾਕੇ ਬੈਠੀ ਸੀ।

—ਰੱਬਾ ਬੁਰੀਆਂ ਨਜ਼ਰਾਂ ਤੋਂ ਬਚਾਈਂ।' ਲੱਧੀ ਨੇ ਦੁਆ ਮੰਗੀ ਤੇ ਫਿਰ ਦੁੱਲੇ ਵੱਲ ਝਾਕਦਿਆਂ ਆਖਿਆ—'ਤੂੰ ਨਿਆਣਿਆਂ ਵਾਂਗ ਜਿੱਦ ਬੜੀ ਕਰਨ ਲੱਗਾ ਏਂ।

—ਮਾਂ ਹੁਣ ਦੁੱਲੇ ਨੇ ਜੂਨ ਵਟਾ ਲਈ ਏ। ਤੀਵੀਆਂ ਦੇ ਘੜੇ ਭੰਨਣ ਵਾਲਾ ਦੁੱਲਾ ਤਾਂ ਕਦ ਦਾ ਮਰ ਗਿਆ ਈ ਮਾਂ। ਸੱਚ ਆਖਨਾਂ ਮਾਂ ਤੂੰ ਤੇ ਮੈਨੂੰ ਰਾਖ਼ ਬਣਾ ਦਿੱਤਾ ਸਈ। ਹੁਣ ਦੁੱਲਾ ਰਾਖ਼ 'ਚੋਂ ਫੇਰ ਜੰਮਿਆ ਈ। ਪਹਿਲਾਂ ਤਖ਼ਤ ਲਾਹੌਰ ਪਿੰਡੀ ਨੂੰ ਅੱਖਾਂ ਵਿਖਾਂਦਾ ਸੀ, ਹੁਣ ਪਿੰਡੀ ਦੇ ਜਾਏ ਜੰਮੇ ਲਾਹੌਰ ਨੂੰ.......।'

—ਨਾ ਪੁੱਤ ਵੇ, ਸਾਡਾ ਤੇ ਮੁਗਲਾਂ ਦਾ ਕੀ ਮੇਲ ? ਘਰ ਵਿਚ ਅੱਲਾਹ ਦੀ ਮਿਹਰ ਨਾਲ ਖੁਸ਼ੀਆਂ ਪਰਤੀਆਂ ਨੀ ਤੇ ਤੂੰ ਫੇਰ ਤਖ਼ਤ ਨਾਲ ਮੱਥਾ ਲਾਉਣ ਦੀਆਂ ਗੱਲਾਂ ਕਰਦਾ ਵੇਂ।' ਲੱਧੀ ਨੇ ਡਾਹਢੇ ਫ਼ਿਕਰ ਨਾਲ ਕਿਹਾ।

—ਮਾਂ ਲਾਹੌਰ ਤੋਂ ਏਡੀ ਦੂਰ ਬੈਠੇ ਹੋਏ ਵੀ ਅਸੀਂ ਲਾਹੌਰ ਤੋਂ ਡਰੀ ਜਾਨੇ ਆਂ, ਇਹ ਡਰ ਈ ਲੋਕਾਂ ਦੇ ਮਨਾਂ ਵਿਚੋਂ ਕੱਢਣਾ ਏ। ਬੰਦਾ ਅੱਧੀ ਮੌਤ ਤਾਂ ਡਰ ਨਾਲ ਈ ਮਰ ਜਾਂਦਾ ਏ। ਅੱਜ ਪੂਰਾ ਟੱਬਰ ਤੈਨੂੰ ਪੁੱਛਦਾ ਈ ਮਾਂ, ਜੇ ਅਜੇ ਵੀ ਕੋਈ ਉਹਲਾ ਈ ਤਾਂ ਉਹਦੇ ਉਪਰੋਂ ਵੀ ਢੱਕਣ ਚੁੱਕ ਦੇ ਮਾਂ।'

—ਵੇ ਹੁਣ ਕਿਹੜੇ ਢੱਕਣ ਚੁੱਕਣੇ ਬਾਕੀ ਨੇ, ਜੋ ਕੁਝ ਹੋਇਆ ਬੀਤਿਆ, ਜੋ ਤੇਰੀ ਮਾਂ ਨਾਲ ਬਣੀਆਂ ਸਭ ਤਾਂ ਆਖ ਛੱਡੀਆਂ ਨੇ ਮੈਂ। ਤੈਨੂੰ ਤਾਂ ਪੁਰਾਣੇ ਜ਼ਖ਼ਮਾਂ ਨੂੰ ਬਾਰ-ਬਾਰ ਛੇੜਨ ਦਾ ਝੱਲ ਉੱਠਿਆ ਏ।' ਲੱਧੀ ਖਹਿੜਾ ਛੁਡਾਉਣਾ ਚਾਹੁੰਦੀ ਸੀ ਤੇ ਇਹ ਵੀ ਚਾਹੁੰਦੀ ਸੀ, ਦੁੱਲਾ ਮੁੜ ਇਹ ਗੱਲਾਂ ਨਾ ਛੇੜੇ। ਉਸਨੂੰ ਬੜੀ ਤਕਲੀਫ਼ ਹੁੰਦੀ ਸੀ। ਉਸਦੇ ਚਿੰਤਤ ਚਿਹਰੇ ਉੱਪਰ ਤਾਂ ਅਜਿਹਾ ਹੀ ਪ੍ਰਭਾਵ ਦਿੱਸਦਾ ਸੀ।

ਪਰ ਦੁੱਲਾ ਟਲਣ ਵਾਲਾ ਨਹੀਂ ਸੀ। ਉਹ ਬਾਰ ਬਾਰ ਜ਼ਖ਼ਮਾਂ ਨੂੰ ਕੁਰੇਦਦਾ। ਆਖ਼ਰ ਲੱਧੀ ਨੂੰ ਦੱਸਣਾ ਪਿਆ।......

—ਪੁੱਤਰ ਅਕਬਰ ਬਾਤਸ਼ਾਹ ਨੇ ਪਤਾ ਲਾ ਲਿਆ ਹੋਇਆ ਸੀ ਮੈਂ ਕੌਣ ਵਾਂ। ਸੂਹੀਏ ਵੀ ਤਾਂ ਖ਼ਬਰਾਂ ਦੇ ਦਿੰਦੇ ਨੇ। ਬਾਦਸ਼ਾਹ ਚਾਹੁੰਦਾ ਸੀ ਵੈਰ ਮਿਟਾਵਣ ਲਈ, ਮੈਂ ਮਹਿਲਾਂ ਦੇ ਬਾਲ ਨੂੰ ਦੁੱਧ ਪਿਲਾਵਾਂ। ਬਹਾਨਾ ਉਹ ਲਾਂਦਾ ਸੀ, ਬਾਲ ਦੀ ਮਾਂ ਨੂੰ ਦੁੱਧ ਨਹੀਂ ਉੱਤਰਦਾ ਪਿਆ। ਬਾਲ ਦੀ ਹਯਾਤੀ ਲਈ ਉਹ 'ਹਸਾਨ ਵੀ ਮੰਨੇਗਾ। ਇਹ ਵੀ ਚਾਂਹਦਾ ਸੀ, ਦੋਵੇਂ

ਬਾਲ ਇਕ ਸਾਥ ਪਲਣਗੇ ਤਾਂ ਆਵਣ ਵਾਲੇ ਵੇਲਿਆਂ ’ਚ ਇਹ ਟੱਕਰ ਨਹੀਂ ਰਹੇਗੀ।’.....

—ਮਾਂ ਇਹ ਤਾਂ ਸ਼ਾਹੀ ਦਰਬਾਰ ਦੀ ਕਮੀਨੀ ਚਾਲ ਹੋਈ ਫੇਰ। ਇਹ ਹਕੂਮਤਾਂ ਕਰਨ ਵਾਲੇ ਕਿੰਨੀ ਦੂਰ ਤੀਕਰ ਜਾਂਦੇ ਨੇ.....।’ ਦੁੱਲੇ ਨੇ ਘ੍ਰਿਣਾ ਅਤੇ ਗੁੱਸੇ ਨਾਲ ਆਖਿਆ।

—ਮੈਂ ਆਖਿਆ ਸੀ ਪੁੱਤਰ, ਗੱਭਰੂ ਹੋ ਕੇ ਜੇ ਮੇਰੇ ਪੁੱਤਰ ਦਾ ਲਹੂ ਉਬਾਲੇ ਮਾਰ ਗਿਆ ਤਾਂ?’

—ਉਹਨਾਂ ਆਖਿਆ ਸੀ, ਏਨਾ ਫ਼ਿਕਰ ਨਾ ਕਰ। ਗੱਭਰੂ ਹੋਣ ਨੂੰ ਅਜੇ ਬੜਾ ਵਕਤ ਪਿਆ ਈ। ਤਖ਼ਤ ਲਾਹੌਰ, ਤੋਹਫਿਆਂ, ਰਿਐਤਾਂ ਤੇ ਸ਼ਾਹੀ ਨੇਅਮਤਾਂ ਨਾਲ ਤੇਰੇ ਪੁੱਤ ਦਾ ਖ਼ੂਨ ਠੰਡਾ ਕਰਦਾ ਰਹੇਗਾ।’

—ਤੇ ਮਾਂ ਤੂੰ ਰਾਜ਼ੀ ਹੋ ਗਈ?’ ਦੁੱਲੇ ਨੂੰ ਫੇਰ ਗੁੱਸਾ ਆਉਣ ਲੱਗਾ।

—ਕੀ ਕਰਦੀ ਮੈਂ। ਨਾਂਹ ਕਰਦੀ ਤਾਂ ਉਹਨਾਂ ਮੈਨੂੰ ਤੇ ਬਾਲ ਦੋਹਾਂ ਨੂੰ ਮਰਵਾ ਘੱਤਣਾ ਸੀ, ਆਪਣੇ ਬਾਲ ਲਈ ਤਾਂ ਮੈਂ ਕੁਝ ਵੀ ਕਰ ਸਕਦੀ ਸਾਂ। ਮੈਂ ਡਰ ਗਈ ਸਾਂ ਪੁੱਤਰੋ, ਆਪਣੀ ਮੌਤ ਕਰਕੇ ਨਹੀਂ, ਇਕ ਬਾਲ ਦੀ ਮਾਂ ਹੋਣ ਕਰਕੇ। ਮੈਂ ਸ਼ਰਤ ਰੱਖੀ ਬਾਲ ਨੂੰ ਪਿੰਡੀ ਭੇਜਣਾ ਪਏਗਾ, ਅਕਬਰ ਮੰਨ ਗਿਆ।.....ਅੱਲਾਹ ਜਾਣਦਾ ਈ, ਜਦ ਉਹ ਦੁੱਧ ਚੁੰਘਦਾ ਸਾਈ......ਮੈਨੂੰ ਲਗਦਾ ਉਹ ਮੇਰਾ ਲਹੂ ਪੀਂਦਾ ਪਿਆ। ਮੈਨੂੰ ਸੁਪਨੇ ਆਉਂਦੇ, ਮੇਰੀ ਗੋਦੀ ਵਿਚ ਜਿਵੇਂ ਕੋਈ ਸੱਪ ਸੁੱਤਾ ਪਿਆ ਹੁੰਦਾ ਏ ਰੋਜ਼। ਹਰ ਵੇਲੇ ਬਾਤਸ਼ਾਹ ਦੇ ਸਿਪਾਹੀ ਮੇਰੀ ਨਿਗਰਾਨੀ ਰਖਦੇ। ਸ਼ਾਹੀ ਵੈਦ ਬਾਲ ਨੂੰ ਦਿਨ ’ਚ ਕਈ ਵਾਰ ਵੇਖਦਾ।.....’

—ਤੇ ਮੈਂ ਕਿਥੇ ਰਿਹਾ ਮਾਂ?’ ਮੇਹਰੂ ਨੇ ਪੁੱਛਿਆ।

—ਤੈਨੂੰ ਪੁੱਤਰ ਤੇਰੇ ਮਾਮੇ ਲੈ ਗਏ ਸਨ।’

—ਲਾਹੌਰ ਦੇ ਦਰਬਾਰੀਆਂ ਮੇਰੀ ਹਰ ਲੋੜ ਦਾ ਖ਼ਿਆਲ ਰੱਖਿਆ। ਲਵੇਰੀਆਂ ਮੱਝਾਂ ਬੰਨ੍ਹ ਗਏ। ਢੱਠੀ ਹਵੇਲੀ ਫੇਰ ਉਸਾਰ ਦਿੱਤੀ। ਦੀਵਾਨ-ਖ਼ਾਨਾ ਬਣਵਾ ਦਿੱਤਾ। ਤੇਰੇ ਮਾਮਿਆਂ ਤੱਕ ਸ਼ਾਹੀ ਤੋਹਫ਼ੇ ਪੁੱਜਣ ਲੱਗੇ। ਖਾਣ ਪੀਣ ਲਈ ਲਹੌਰੋਂ ਬੜਾ ਕੁਝ ਆਂਦਾ ਸੀ, ਪੋਸਤ, ਡੋਡੇ, ਅਫੀਮ, ਸ਼ਰਾਬਾਂ, ਮੇਵੇ। ਊਠਾਂ ਦੇ ਊਠ ਲੱਦੇ ਆਉਂਦੇ। ਤੇਰੇ ਮਾਮਿਆਂ ਤੈਨੂੰ ਪੋਸਤ ਦਾ ਕੌਲਾ ਫੜਾ ਦੇਣਾ ਤੂੰ ਪੀ ਕੇ ਗਲੀਆਂ ’ਚ ਖੇਡਦਾ ਫਿਰਨਾ, ਊਲ-ਜਲੂਲ ਹਰਕਤਾਂ ਕਰਨੀਆਂ। ਮਾਮਿਆਂ ਖੁਸ਼ ਹੋਈ ਜਾਣਾ, ਆਖਣਾ, ਮੇਹਰੂ ਤਾਂ ਬੜਾ ਸ਼ਰਾਰਤੀ ਨਿਕਲਿਆ ਏ। ਹੁਣ ਇਹ ਹਾਲ ਈ ਪੁੱਤਰਾ, ਜਦ ਤੱਕ ਤੇਰੇ ਅੰਦਰ ਪੋਸਤ, ਡੋਡੇ, ਦਾਰੂ, ਨਾ ਲੰਘਣ ਤੂੰ ਉੱਠਣ ਜੋਗਾ ਨਹੀਂ ਹੁੰਦਾ। ਇਹ ਤਾਂ ਹੁਣ ਪਤਾ ਚਲਦਾ ਏ...., ਤੈਨੂੰ, ਤੇਰੇ ਮਾਮਿਆਂ ਨੂੰ ਨਸ਼ਿਆਂ ਉੱਪਰ ਲਾਣ ਦੀ ਲਾਹੌਰ ਵਾਲਿਆਂ ਲੰਮੀ ਖੇਡ ਖੇਡੀ ਸੀ। ਵੇਖ ਲਓ ਪੁੱਤਰੋ.....ਰਾਜੇ- ਬਾਤਸ਼ਾਹ ਕੀ ਕੀ ਚਾਲਾਂ ਚਲਦੇ ਨੇ।’

—ਹਾਜੀ ਚਿਰਾਗ਼ ਦੀਨ ਵੀ ਏਹੀਓ ਆਖਦਾ ਮਾਂ, ਤਖ਼ਤ ਸਦਾ ਲੋਕਾਂ ਨਾਲ ਸਿਆਸਤਾਂ ਖੇਡਦੇ ਨੇ।’ ਦੁੱਲੇ ਆਖਿਆ।

—ਸਿਆਸਤਾਂ ਈ ਹੋਣੀਆਂ ਪੁੱਤਰ, ਨਹੀਂ ਤਾਂ ਜੋ ਮੈਂ ਖਾਣਾ ਪੀਣਾ ਹੁੰਦਾ, ਪਹਿਲਾਂ ਸ਼ਾਹੀ ਵੈਦ ਕਾਹਨੂੰ ਪਰਖਦਾ। ਪਿੰਡੀ ਦੇ ਲੋਕ ਸੋਚਦੇ ਹੋਣੇ ਨੇ, ਲੱਧੀ ਸ਼ਾਹੀ ਨੇਆਮਤਾਂ ’ਤੇ ਐਸ਼ ਲੁੱਟਦੀ ਪਈ ਏ। ਤਾਹੀਓਂ ਤਾਂ ਮੇਹਣੇ ਮਾਰਦੇ ਰਹਿੰਦੇ ਨੇ ਤੈਨੂੰ। ਪਰ ਮੇਰਾ ਰੱਬ ਜਾਣਦਾ ਪੁੱਤਰੋ, ਜਦ ਉਹ ਆਪਣੇ ਤੁਖ਼ਮ ਨੂੰ ਲੈ ਕੇ ਲਾਮ ਲਸ਼ਕਰ ਨਾਲ ਚਲੇ ਗਏ ਏਥੋਂ, ਮੈਂ ਤਾਂ ਜਿਉਂ ਜੇਲ੍ਹ ਵਿਚੋਂ ਨਿਕਲੀ ਹੋਵਾਂ। ਅੱਲਾਹ ਦਾ ਸ਼ੁਕਰ ਕੀਤਾ। ਪਿੰਡੀ ਦੇ ਚੌਧਰੀ ਤੇ ਤੇਰਾ



ਚਾਚਾ ਤਾਂ ਮੇਰੇ ਨਾਲ ਸਿੱਧੇ ਮੂੰਹ ਗੱਲ ਈ ਨਹੀਂ ਸਨ ਕਰਦੇ।......ਪਰ ਹੌਲੀ ਹੌਲੀ ਸਭ ਕੁਝ ਠੀਕ ਹੁੰਦਾ ਗਿਆ। ਦੂਰ ਦੂਰ ਖੜ੍ਹਦੀਆਂ ਤੀਵੀਆਂ ਪਹਿਲਾਂ ਨੇੜੇ ਆਈਆਂ ਫਿਰ ਹਵੇਲੀ ਆਉਣ ਲੱਗ ਪਈਆਂ।......

—ਤੇ ਮੈਂ ਨਾਨਕੀਂ ਫਿਰਦਾ ਰਿਹਾ ਮਾਂ, ਮਾਮਿਆਂ ਕੋਲ।’ ਮੇਹਰੂ ਨੇ ਪੁੱਛਿਆ ਤਾਂ ਫੁੱਲਰਾਂ ਹੱਸ ਪਈ।

—ਵੇ ਕਾਹਨੂੰ, ਮੈਂ ਤਾਂ ਤੈਨੂੰ ਜਦੇ ਲੈ ਆਈ।.....ਪਰ— ।’ ਲੱਧੀ ਡਾਹਢੇ ਦੁੱਖ ਨਾਲ ਬੋਲੀ—‘ਤੇਰੇ ਮਾਮਿਆਂ ਸਮਝਾਇਆ ਮੈਨੂੰ.....ਲੱਧੀਏ, ਇਹਨੂੰ ਇਕ-ਅੱਧ ਬਾਟੀ ਡੋਡਿਆਂ ਦੇ ਪਾਣੀ ਦੀ ਪਿਆ ਛੱਡੀਂ ਨਹੀਂ ਤਾਂ ਇਹ ਮੰਜੇ ਤੋਂ ਨਹੀਂ ਉਠਿਆ ਕਰਨਾ। ਸੁਹਣਿਆਂ, ਮੈਂ ਹਿੱਕ ਪੁੱਤਰ ਪਾਲ ਰਹੀ ਸਾਂ ਤੇ ਹਿੱਕ ਪੁੱਤਰ ਗੁਆ ਰਹੀ ਸਾਂ।.....ਲੱਧੀ ਦੇ ਦੁੱਖਾਂ ਦਾ ਧਾਅਨੂੰ ਕੀ ਪਤਾ।’

—ਸ਼ਰੀਕਾਂ ਤੇ ਚੌਧਰੀਆਂ ਦੇ ਪੈਰਾਂ ਥੱਲੇ ਅੱਗ ਬਲਦੀ ਰਹੀ ਹੋਣੀ— ?’ ਦੁੱਲੇ ਨੇ ਪੁੱਛਿਆ।

—ਅੱਗ ਵਰਗੀ ਅੱਗ, ਉਹ ਤਾਂ ਸੋਚਦੇ ਹੋਣੇ ਨੇ ਭੱਟੀਆਂ ਦੇ ਖ਼ਾਨਦਾਨ ਦਾ ਨਾਂ ਨਮੂਜ ਈ ਮਿਟ ਜਾਣਾ, ਤੇ ਹੁਣ ਭੱਟੀਆਂ ਦਾ ਮੇਹਰੂ ਵੀ ਤਕੜਾ ਹੋਣ ਡਿਹਾ। ਛੋਟਾ ਦੁੱਲਾ ਵੀ, ਆਪਣੇ ਹਾਣੀਆਂ ਨੂੰ ਅੱਗੇ ਲਾ ਤੁਰਦਾ।’

—ਮਾਂ ਮੈਨੂੰ ਯਾਦ ਈ, ਇੱਕ ਵੇਰ ਅਸੀਂ, ਪਿਰਥਾ, ਰੂੜ ਸਦੀਕ ਤੇ ਰਮਜ਼ਾ ਲਾਹੌਰ ਮੇਲਾ ਵੇਖਣ ਗਏ ਸਾਂ।’ ਦੁੱਲੇ ਆਖਿਆ।

—ਤੇਰੇ ਮਾਮਿਆਂ ਖੜਿਆ ਸੀ ਪੁੱਤਰ, ਉਹ ਹਰ ਸਾਲ ਜਾਂਦੇ ਹੁੰਦੇ ਨੇ।’ ਲੱਧੀ ਨੇ ਦੱਸਿਆ।

—ਓਥੇ ਮੇਲੇ ’ਚ ਮੈਂ ਘੋੜਾ ਵੀ ਦੌੜਾਇਆ ਸੀ ਤੇ ਤੀਰ ਕਮਾਨ ਨਾਲ ਨਿਸ਼ਾਨੇ ਵੀ ਲਾਏ ਸਨ।’ ਦੁੱਲੇ ਨੂੰ ਮੇਲੇ ਦੇ ਦਿਨ ਯਾਦ ਆ ਰਹੇ ਸਨ।

ਲੱਧੀ ਅੰਦਰੋਂ ਪੂਰੀ ਖੁਸ਼ੀ ਸੀ, ਮੇਲੇ ਦੇ ਦਿਨ ਯਾਦ, ਕਰਦਿਆਂ ਦੁੱਲਾ ਹੋਰ ਗੱਲਾਂ ਜਿਹੜੀਆਂ ਉਸਨੂੰ ਦੱਸਣੀਆਂ ਔਖੀਆਂ ਹੋ ਜਾਣੀਆਂ ਸਨ, ਉਹਨਾਂ ਤੋਂ ਲਾਂਭੇ ਹੋ ਗਿਆ ਏ।

—ਬਾਦਸ਼ਾਹਾਂ ਦੇ ਚੋਜ ਹੁੰਦੇ ਨੇ ਪੁੱਤਰੋ। ਦਰਬਾਰੀ ਚਾਪਲੂਸ ਰਾਜਿਆਂ ਨੂੰ ਖੁਸ਼ ਕਰਨ ਲਈ, ਏਦਾਂ ਦੇ ਖੇਡ-ਤਮਾਸ਼ੇ ਕਰਵਾਂਦੇ ਰਹਿੰਦੇ ਨੇ। ਕਦੇ ਰਥਾਂ ਦੀਆਂ ਦੌੜਾਂ ਕਰਵਾਣੀਆਂ, ਕਦੇ ਘੋੜਿਆਂ ਦੀਆਂ। ਕਦੇ ਕੁੱਕੜ ਲੜਾਣੇ, ਕਦੇ ਤਿੱਤਰ, ਬਟੇਰ, ਕਦੇ ਭੇਡੂ ਲੜਾ ਦੇਣੇ, ਗੱਭਰੂਆਂ ਦੇ ਘੋਲ ਕਰਾ ਦੇਣੇ, ਹੋਰ ਕੁਝ ਨਹੀਂ ਮਿਲਿਆ ਤਾਂ ਸਾਨ੍ਹਾਂ ਦੇ ਭੇੜ ਕਰਾ ਦੇਣੇ। ਬਾਦਸ਼ਾਹਾਂ ਦੀ ਮੌਜ ਪੁੱਤਰੋ, ਉਹਨਾਂ ਨੂੰ ਕੋਈ ਰੋਕਣ ਟੋਕਣ ਵਾਲਾ ਹੁੰਦਾ ਨਹੀਂ। ਮੁੱਕੇਬਾਜ਼ੀ, ਨੇਜ਼ੇਬਾਜ਼ੀ, ਬੰਦੇ ਮਰਣ ਭਾਵੇਂ ਜੀਣ, ਉਹਨਾਂ ਦੀ ਬਲਾ ਜਾਣੇ।’

—ਮਾਂ, ਥੋੜਾ ਥੋੜਾ ਯਾਦ ਈ ਮੈਨੂੰ ਘੋੜਿਆਂ ਦੀਆਂ ਦੌੜਾਂ ਵੇਖਦਾ ਇਕ ਜਣਾ ਉੱਚੀ ਕੁਰਸੀ ’ਤੇ ਬੈਠਾ ਹੋਇਆ ਸੀ। ਬੜਾ ਹਾਰ ਸ਼ਿੰਗਾਰ ਕੀਤਾ ਹੋਇਆ ਸੂ। ਸਿਰ ’ਤੇ ਪਗੜੀ ਵੀ ਰੱਖੀ ਸੂ ਕੁਝ ਜਣੇ ਉਸਦੇ ਇਧਰ ਉਧਰ ਖੜ੍ਹੇ ਸਨ। ਉਹੀ ਰਾਜਾ ਹੋਣਾ.......।’

—ਓਹੀ ਹੋਣਾ ਪੁੱਤਰ, ਰਾਜਿਆਂ ਉੱਚਾ ਹੀ ਬੈਠਣਾ ਹੋਇਆ।’ ਲੱਧੀ ਨੇ ਲਾਪਰਵਾਹੀ ਨਾਲ ਕਿਹਾ।

—ਤੇ ਮਾਂ ਇੱਕ ਛੋਹਰ ਮੇਰੀ ਉਮਰ ਦਾ ਸੀ ਨਿਸ਼ਾਨੇ ਲਾਂਦਾ। ਕੱਪੜਾ-ਲੱਤਾ ਤਾਂ

ਉਹਦਾ ਵੀ ਕੁਰਸੀ ਉੱਪਰ ਬੈਠੇ ਜਣੇ ਵਰਗਾ ਈ ਪਾਇਆ ਹੋਇਆ ਸੂ। ਫੇਰ ਹੋਇਆ ਕੀ, ਇੱਕ ਜਣਾ ਮੇਰੇ ਕੋਲ ਆਇਆ ਤੇ ਮੈਨੂੰ ਆਂਹਦਾ.....ਤੂੰ ਪਿੰਡੀ ਦਾ ਏ ਨ੍ਹਾ?' ਮਾਮੇ ਆਖਿਆ–ਪਿੰਡੀ ਦਾ ਵੇ।'

—ਛੋਹਰ ਦੇ ਨਿਸ਼ਾਨੇ ਵੇਖਣੇ ਨੀ, ਬਾਦਸ਼ਾਹ ਹਜ਼ੂਰ ਦਾ ਹੁਕਮ ਸੀ।' ਮਾਮੇ ਕਿਹਾ ਜਾਹ ਪੁੱਤਰ, ਵਖਾ ਇਹਨਾਂ ਨੂੰ, ਤੀਰ ਕਮਾਨ ਸਾਨੂੰ ਵੀ ਚਲਾਣੀ ਆਂਦੀ ਊ।' ਮਾਂ ਮਾਮੇ ਦੱਸਿਆ ਈ ਹੋਣਾ ਤੈਨੂੰ। ਮੈਂ ਰਾਜੇ ਦੇ ਛੋਹਰ ਨੂੰ ਥੱਲੇ ਲਾਈ ਰੱਖਿਆ। ਫੇਰ ਉਹਨਾਂ ਘੋੜ ਸਵਾਰੀ ਕਰਵਾਈ ਮੇਰੇ ਨਾਲ। ਮੈਂ ਉਹਦੇ 'ਚ ਵੀ ਪਛਾੜ ਦਿੱਤਾ ਉਹਨੂੰ। ਮਾਂ ਜਿਹੜਾ ਮੇਰੇ ਨਾਲ ਨਸ਼ਾਨੇ ਲਾਂਦਾ ਸੀ ਤੇ ਘੋੜ ਸਵਾਰੀ ਕਰਦਾ ਸੀ, ਉਹੀ ਸੀ ਰਾਜੇ ਦਾ ਪੁੱਤਰ ਜਿਸਨੂੰ ਤੂੰ.....।'

—ਕੀ ਪਤਾ ਪੁੱਤਰ।' ਮਾਂ ਨੇ ਟੋਕਿਆ। ਉਹ ਦੁੱਲੇ ਨੂੰ ਓਸ ਰਾਹ ਜਾਣ ਤੋਂ ਹਟਕਦੀ ਸੀ।.....'ਦਸ ਗਿਆਰਾਂ ਵਰ੍ਹੇ ਬੀਤ ਗਏ ਸਨ ਉਦੋਂ ਤੱਕ, ਜਦ ਇਹ ਗੱਲਾਂ ਹੋਈਆਂ। ਮੈਨੂੰ ਤੇਰੇ ਮਾਮਿਆਂ ਦੱਸਿਆ ਸੀ, ਪਿੰਡੀ ਦੇ ਲੋਕਾਂ ਵੀ ਦੱਸਿਆ ਸੀ—'ਅੰਮਾਂ ਤੇਰਾ ਦੁੱਲਾ ਅੱਜ ਬਾਦਸ਼ਾਹ ਦੇ ਪੁੱਤਰ 'ਤੇ ਭਾਰੀ ਪਿਆ ਈ. ਮਾਸ਼ਾ ਅੱਲਾਹ। ਮੈਂ ਤਾਂ ਡਰ ਗਈ ਸਾਂ ਪੁੱਤਰ, ਬਾਦਸ਼ਾਹਾਂ ਨੂੰ ਆਪਣੀ ਹੇਠੀ ਹਜ਼ਮ ਨਹੀਂ ਹੁੰਦੀ। ਮੈਨੂੰ ਲਾਹੌਰ ਤਲਬ ਕੀਤਾ ਸਈ। ਛੱਡ ਏਹਨਾਂ ਗੱਲਾਂ ਨੂੰ। ਇਹਨਾਂ ਗੱਲਾਂ ਉੱਪਰ ਹੁਣ ਵੇਲਿਆਂ ਦੀ ਧੂੜ ਪੈ ਗਈ ਏ। ਪੁੱਤਰ ਇੱਕ ਇਹ ਵੀ ਗੱਲ ਈ, ਆਪਣਾ ਲਾਹੌਰ ਨਾਲ ਕੀ ਮੇਲ। ਵੱਡਿਆਂ ਸਿਰਾਂ ਦੀਆਂ ਵੱਡੀਆਂ ਪੀੜਾਂ। ਅਕਬਰ ਨੇ ਆਖਿਆ ਸੀ......, ਮੈਂ ਤੈਨੂੰ ਪੜ੍ਹਨੇ ਪਾਵਾਂ। ਮੈਂ ਤੈਨੂੰ ਮਦਰੱਸੇ ਘੱਲਿਆ ਤੇ ਇਕ ਦਿਨ ਤੂੰ ਮੌਲਵੀ ਨੂੰ ਕੁੱਟ ਕੱਢਿਆ। ਫੇਰ ਗੁਲੇਲਾਂ ਤੀਰ ਕਮਾਨਾਂ ਲੈ ਕੇ ਆਪਣੇ ਲੰਡੇ ਮੀਣੇ 'ਕੱਠੇ ਕਰ ਲਏ।'

—ਲੰਡੇ ਮੀਣੇ ਤਾਂ ਮੇਰੀਆਂ ਬਾਹਾਂ ਨੀ ਮਾਂ। ਇਹਨਾਂ ਬਾਝੋਂ ਤਾਂ ਮੈਂ.......।'

ਅਚਾਨਕ ਹਵੇਲੀ ਦਾ ਬਾਹਰਲਾ ਬੂਹਾ ਖੜਕਿਆ।

ਦੁੱਲਾ ਉੱਠਿਆ। ਬੂਹੇ ਕੋਲ ਜਾਕੇ ਲਲਕਾਰਾ ਮਾਰਨ ਵਾਂਗ ਪੁੱਛਿਆ:

—ਕੌਅਣ ਐਂ ਜਣਿਆਂ?'

—ਮੈਂ ਰੂੜਾ ਐ ਵੀਰਾ।'

ਬੂਹਾ ਖੋਹਲ ਕੇ ਦੁੱਲਾ ਬਾਹਰ ਆ ਗਿਆ। ਰੂੜੇ ਨੇ ਕੰਨ ਕੋਲ ਮੂੰਹ ਕਰਕੇ ਧੀਮੀ ਸੁਰ ਵਿਚ ਦੱਸਿਆ—'ਪਿੰਡੀ ਦੇ ਲਹਿੰਦੇ ਵਲ ਕੋਈ ਅਮੀਰਜ਼ਾਦਾ ਰੁੱਕਿਆ ਹੋਇਆ। ਪੰਦਰਾਂ ਵੀਹ ਊਠ ਤਾਂ ਮੈਂ ਆਪ ਵੇਖੇ ਨੇ। ਤੰਬੂ ਵੀ ਲਾ ਛੱਡੇ ਨੇ ਤਿੰਨ ਕੁ ਜਣੇ ਪਹਿਰੇ 'ਤੇ ਵੀ ਨੇ।'

—ਦਰਿਆ ਕਿਹੜੇ ਵੇਲੇ ਪਾਰ ਕਰ ਆਏ?' ਦੁੱਲੇ ਨੇ ਹੈਰਾਨੀ ਨਾਲ ਪੁੱਛਿਆ।

—ਪਤਾ ਈ ਨਹੀਂ ਲੱਗਾ, ਮੈਂ ਤਾਂ ਤੰਬੂ ਗੱਡੇ ਈ ਵੇਖੇ ਨੇ।'

—ਪਿਰਥਾ, ਸਦੀਕ, ਗਾਹਣਾ, ਰਮਜ਼ਾ, ਸ਼ੈਲਾ ਕਿਥੇ ਹੋਣਗੇ ਸਾਰੇ?'

—ਏਸ ਵੇਲੇ ਆਪਣੇ ਘਰੀਂ ਹੋਣੇ ਨੇ।'

—'ਕੱਠੇ ਕਰ ਉਹਨਾਂ ਨੂੰ। ਹੋਰ ਵੀ ਜਿੰਨੇ ਮਿਲੇ, ਆਖੀਂ ਖੂਹ 'ਤੇ ਚੱਲੋ।'

ਰੂੜੇ ਮੁੜਨ ਲਈ ਕੰਡ ਮੋੜੀ।

—ਹਥਿਆਰ?' ਦੁੱਲੇ ਨੇ ਜ਼ਰਾ ਉੱਚੀ ਆਵਾਜ਼ ਵਿਚ ਪੁੱਛਿਆ।

—ਖੂਹ ਤੇ ਈ ਨੇ।'



—ਉਹ ਵਰਤੇ ਕਿਥੇ ਨੇ ਹਾਲੀ ਗਾਹਣੇ ਨੂੰ ਕਹੀਂ ਧਾਰਾਂ ਲੱਗੇ ਹਥਿਆਰ ਖੂਹ 'ਤੇ ਲੈ ਕੇ ਆਵੇ।'

ਰੂੜਾ ਮੁੜ ਚੱਲਿਆ।

—ਸੁਣ।' ਦੁੱਲੇ ਫਿਰ ਹਾਕ ਮਾਰ ਲਈ।

—ਸੈਦਾ, ਬੁਧ ਰਾਮ ਹੋਰ ਵੀ ਜਿਹੜਾ ਟੱਕਰਿਆ, ਆਵਾਜ਼ ਦੇ ਲਈਂ। ਜੇ ਤਿੰਨ ਚਾਰ ਪਹਿਰੇ 'ਤੇ ਖੜ੍ਹੇ ਨੀ ਤਾਂ ਤੰਬੂਆਂ ਅੰਦਰ ਕਿੰਨੇ ਹੋਣਗੇ ਕੀ ਪਤਾ। ਪੂਰੀ ਤਿਆਰੀ ਰੱਖਣੀ ਏ। ਨਿਕਲ ਜਾਹ ਹੁਣ, ਖੂਹ 'ਤੇ ਮਿਲਣੇ ਆਂ।'

ਰੂੜਾ ਤੇਜ਼ ਕਦਮੀ ਤੁਰ ਗਿਆ।

ਦੁੱਲਾ ਪਿਛਾਂਹ ਮੁੜਿਆ ਤਾਂ ਵੇਖਿਆ, ਲੱਧੀ ਪਿੱਛੇ ਆਣ ਖੜ੍ਹੀ ਸੀ।

—ਏਸ ਵੇਲੇ ਕੌਣ ਸੀ ਪੁੱਤਰ?' ਲੱਧੀ ਨੇ ਫ਼ਿਕਰ ਨਾਲ ਪੁੱਛਿਆ

—ਆਪਣਾ ਈ ਬੰਦਾ ਸੀ ਮਾਂ।'

—ਮੈਨੂੰ ਤਾਂ ਲਗਦਾ ਰੂੜਾ ਸੀ ਪੁੱਤ।'

—ਪਤਾ ਈ ਤਾਂ ਪੁੱਛਨੀ ਕਿਉਂ ਏ ਮਾਂ। ਜਾਹ ਕੋਈ ਖ਼ੇਸ ਤੰਬਾ ਲਿਆ ਕੇ ਦੇਹ, ਮੈਂ ਖੂਹ 'ਤੇ ਚੱਲਿਆਂ।'

—ਰਾਤ ਹੋ ਗਈ ਏ ਪੁੱਤਰ। ਸੌਂ ਰਹਿ ਹੁਣ। ਫਜ਼ਰੇ ਚਲਿਆ ਜਾਈਂ। ਜਾਹ ਮੇਰਾ ਪੁੱਤ ਸੌਂ ਜਾਕੇ।' ਲੱਧੀ ਦੁੱਲੇ ਦੇ ਮੋਢੇ ਉੱਪਰ ਹੱਥ ਰੱਖਕੇ ਅੰਦਰ ਵਲ ਖਿੱਚਣ ਲੱਗੀ।

—ਏਨੇ ਵਰ੍ਹੇ ਸੁੱਤਾ ਈ ਰਿਹਾ ਮਾਂ। ਤੂੰ ਮੇਰੇ ਬਥੇਰੇ ਰਾਹ ਡੱਕ ਲਏ ਨੀ। ਹੁਣ ਮੇਰੇ ਰਾਹ 'ਚ ਨਾ ਆ ਮਾਂ।' ਦੁੱਲੇ ਨੇ ਝਟਕੇ ਨਾਲ ਮੋਢਾ ਛੁਡਾ ਲਿਆ।

—ਮੇਹਰੂ ਨੂੰ ਨਾਲ ਖੜ ਲੈ ਪੁੱਤਰ।' ਲੱਧੀ ਅੰਦਰੋਂ ਡਰੀ ਹੋਈ ਸੀ।

—ਮੇਹਰੂ ਨੂੰ ਭੰਗ ਦੇਹ ਰਗੜ ਕੇ, ਉਹਨੂੰ ਬਹਿਸ਼ਤਾਂ ਵਖਾਲ। ਨਸ਼ੇ ਟੁੱਟੇ ਹੋਵਣ ਤਾਂ ਉਹ ਊਠ 'ਤੇ ਚੜ੍ਹਿਆ ਵੀ ਆਖੀ ਜਾਊ, ਮੈਨੂੰ ਕੁੱਤਾ ਵੱਢੂ। ਮੈਂ ਉਹਨੂੰ ਕਿਥੇ ਕਿਥੇ ਸਾਂਭਦਾ ਫਿਰੂ।'

ਹਾਉਕਾ ਲੈ ਕੇ ਲੱਧੀ ਅੰਦਰ ਚਲੀ ਗਈ।

ਕੁਝ ਦੇਰ ਬਾਅਦ ਖੇਸ ਮੋਢੇ ਉਪਰ ਸੁੱਟ ਕੇ ਦੁੱਲਾ ਹਵੇਲੀ ਵਿਚੋਂ ਬਾਹਰ ਨਿਕਲ ਗਿਆ।

ਲੱਧੀ ਠੱਗੀ ਠੱਗੀ ਜਿਹੀ ਖੜ੍ਹੀ, ਉਸਨੂੰ ਹਨੇਰੇ ਵਿਚ ਅਲੋਪ ਹੁੰਦੇ ਨੂੰ ਵੇਖਦੀ ਰਹਿ ਗਈ।

# 10.

ਅੰਬਾਂ ਦੀ ਸੰਘਣੀ ਝਿੜੀ ਉੱਪਰ ਡੇਢ ਕੁ ਚੱਪਾ ਚੰਨ ਆਪਣੀ ਮੱਧਮ ਜਿਹੀ ਚਾਨਣੀ ਖਿਲਾਰੀ ਖੜ੍ਹਾ ਸੀ। ਦਰਿਆ ਝਨਾਂ ਤੋਂ ਪਾਰ ਲਹਿੰਦੇ ਵੱਲ ਭੂਸਲੇ ਜਿਹੇ ਬੱਦਲਾਂ ਦੇ ਝੁੱਲ ਤੁਰਦੇ ਇਸ ਤਰ੍ਹਾਂ ਜਾਪਦੇ ਸਨ, ਜਿਵੇਂ ਧਰਤੀ ਉਹਨਾਂ ਨੂੰ ਹੌਲੀ ਹੌਲੀ ਆਪਣੇ ਉਪਰ ਤਾਣ ਰਹੀ ਹੋਵੇ। ਖੂਹ ਲਾਗੇ ਥੜ੍ਹੇ ਉੱਪਰ ਇਕ ਇਕ ਕਰਕੇ ਦੁੱਲੇ ਦੇ ਸਾਥੀ ਜੁੜ ਰਹੇ ਸਨ। ਚੇਤ ਮਹੀਨੇ ਦੇ ਪਹਿਲੇ ਪੱਖ ਦਾ ਚੰਨ, ਅੰਬਾਂ ਅਤੇ ਹੋਰ ਰੁੱਖਾਂ ਦੇ ਪੱਤਿਆਂ ਵਿਚੋਂ ਦੀ ਕਦੇ ਕਦੇ ਝਾਕਦਾ ਲੁਕਣ-ਮੀਟੀ ਖੇਡਦਾ ਜਾਪਦਾ ਸੀ।

ਰਾਤ ਅੱਧੀ ਬੀਤ ਗਈ ਸੀ। ਖੂਹ ਉੱਪਰ ਅਤੇ ਝਿੜੀ ਵਿਚ ਸਾਜ਼ਸ਼ੀ ਚੁੱਪ ਦਾ ਪਹਿਰਾ ਸੀ। ਸੁੱਕੇ ਪੱਤਿਆਂ ਉੱਪਰ ਤੁਰਦਿਆਂ ਭਿਆਨਕ ਸ਼ੋਰ ਸੁਣਦਾ ਸੀ। ਝਿੜੀ ਵਿਚ ਛੋਟੀਆਂ ਝਾੜੀਆਂ ਅਤੇ ਸਰਕੜੇ ਰਾਖਸ਼ਾਂ ਵਾਂਗ ਡਰਾਉਣੇ ਜਾਪਦੇ ਸਨ। ਭੱਠੀ ਵਿਚ ਅੱਗ ਬਾਲਣ ਜਾਂ ਮਿਸ਼ਾਲ ਜਗਾਉਣ ਲਈ ਦੁੱਲੇ ਨੇ ਸਖ਼ਤੀ ਨਾਲ ਮਨ੍ਹਾ ਕਰ ਰੱਖਿਆ ਸੀ। ਸਾਰਾ ਕੁਝ ਭਿਆਨਕ ਚੁੱਪ ਵਿਚ ਡੁੱਬਿਆ ਹੋਇਆ ਸੀ।

ਦੁੱਲਾ ਅਤੇ ਉਸਦੇ ਸਾਥੀ ਛਵ੍ਹੀਆਂ, ਗੰਡਾਸੇ, ਤਲਵਾਰਾਂ ਰੇਤ ਰਹੇ ਸਨ। ਜੇ ਕੋਈ ਜ਼ਰਾ ਵੀ ਵਧੇਰੇ ਖੜਾਕ ਕਰਦਾ ਤਾਂ ਦੁੱਲਾ ਘੂਰਦਾ—'ਸੰਭਲ ਕੇ—'

ਰੂੜਾ, ਅੱਜ ਇਕ ਨਵੇਂ ਗੱਭਰੂ ਤਾਰੀ ਨੂੰ ਸੱਦ ਲਿਆਇਆ ਸੀ। ਉਸ ਅੰਦਰ ਡਾਕਾ ਮਾਰਨ ਦਾ ਬੜਾ ਚਾਅ ਚੜ੍ਹਿਆ ਹੋਇਆ ਸੀ। ਗਾਹਣਾ ਲੁਹਾਰ, ਧਾਰਾਂ ਲਾਏ ਆਪਣੇ ਹਥਿਆਰਾਂ ਦੀਆਂ ਸਿਫ਼ਤਾਂ ਕਰੀ ਜਾ ਰਿਹਾ ਸੀ ਤੇ ਦੁੱਲੇ ਨੂੰ ਧਾਰਾਂ ਉਪਰ ਹੱਥ ਫੇਰ ਕੇ ਪਰਖਣ ਲਈ ਆਖ ਰਿਹਾ ਸੀ।

—ਗਾਹਣਿਆਂ, ਤੇਰੇ ਧਾਰਾਂ ਲਾਏ ਹਥਿਆਰਾਂ ਨੂੰ ਪਰਖਣ ਦਾ ਵੇਲਾ ਏਨੀ ਜਲਦੀ ਆਏਗਾ, ਇਹ ਤਾਂ ਆਪਣੇ ਚਿੱਤ-ਚੇਤੇ ਨਹੀਂ ਸੀ। ਹੁਣ ਆਪਾਂ ਏਸੇ ਕੰਮ ਤਾਂ ਚੱਲੇ ਆਂ।' ਥੜ੍ਹੇ ਦੁਆਲੇ ਭੁੱਖੇ ਸ਼ੇਰ ਵਾਂਗ ਘੁੰਮਦਿਆਂ ਦੁੱਲੇ ਨੇ ਹਸਦਿਆਂ ਆਖਿਆ।

—ਤੁਰਨਾ ਕਦੋਂ ਈ ਵੀਰਨੋ, ਮੈਂ ਤਾਂ ਕਦ ਦਾ ਹੱਥਾਂ 'ਤੇ ਦੰਦੀਆਂ ਵੱਢ੍ਹਦਾ ਪਿਆਂ।' ਨਵਾਂ ਆਇਆ ਤਾਰੀ ਕਾਹਲਾ ਪਿਆ ਹੋਇਆ ਸੀ।

—ਵੇਲਾ ਹੋਵਣ ਦੇ, ਤੱਤਾ ਨਹੀਂ ਲੱਕੀਦਾ ਹੁੰਦਾ, ਜੀਭ ਸੜ ਜਾਂਦੀ ਊ। ਅਜੇ ਤੂੰ ਨਵਾਂ ਏਂ। ਹਥਿਆਰ ਕੀ ਚੁੱਕੀ ਫਿਰਦਾ ਏਂ ?'

—ਇਹ ਫੌੜ੍ਹਾ ਈ।' ਤਾਰੀ ਨੇ ਦੱਸਿਆ।

—ਫੌੜ੍ਹੇ ਨਾਲ ਊਠਾਂ ਦੀ ਲਿੱਦ ਕੱਠੀ ਕਰਨੀ ਊ ?' ਦੁੱਲਾ ਹੱਸਿਆ।

—ਰੂੜੇ ਹਾਕ ਮਾਰੀ, ਤਾਰੀ ਬਾਹਰ ਆ ਜਾ ਖਲਾ ਖਲੋਤਾ ਤੇ ਜੋ ਹੱਥ ਲਗਦਾ ਈ, ਖੜੀ ਆ। ਮੇਰੇ ਹੱਥ ਫੌੜ੍ਹਾ ਆ ਗਿਆ।' ਦਸਦਿਆਂ ਤਾਰੀ ਨੂੰ ਸੰਗ ਆ ਗਈ।



—ਅੰਨ੍ਹੀ ਨੈਣ, ਵੰਞ ਦਾ ਨੇਰ੍ਹਨਾ।' ਆਖ ਕੇ ਫੱਤੂ ਮਿਰਾਸੀ ਹੱਸਣ ਲੱਗਾ। ਬਾਕੀ ਸਾਰੇ ਵੀ ਹੱਸਣ ਲੱਗ ਪਏ।

ਪੂਰਾ ਟੋਲਾ ਬੜੇ ਜੋਸ਼ ਵਿਚ ਸੀ। ਦੁੱਲੇ ਨੂੰ ਆਪਣੇ ਸਾਰੇ ਸਾਥੀਆਂ ਉੱਪਰ ਪੂਰਾ ਭਰੋਸਾ ਸੀ। ਸਾਰੇ ਉਸਦੇ ਵੇਖੇ ਪਰਖੇ ਹੋਏ ਸਨ।

ਪਿਰਥਾ ਚਾਰ ਹੱਥ* ਕੱਦ, ਭਰਵਾਂ ਸਰੀਰ, ਮੁੱਛਾਂ ਨੂੰ ਕੁੰਡਲ ਪਾ ਕੇ ਰਖਦਾ। ਨੋਕਾਂ ਵਾਲੀ ਜੁੱਤੀ। ਨੀਵਾਂ ਗੋਡਿਆਂ ਤੱਕ ਕੁੜਤਾ। ਚਿਹਰੇ ਦੇ ਖੱਬੇ ਪਾਸੇ ਅੱਖ ਥੱਲੇ ਵੱਡਾ ਕਾਲਾ ਮਾਹੁਕਾ (ਮੱਸਾ)। ਸਿਰ ਉੱਪਰ ਕਦੇ ਪਗੜੀ ਬੰਨ੍ਹ ਲੈਂਦਾ ਕਦੇ ਘੋਨ ਮੋਨ। ਅਕਬਰ ਦੀ ਫੌਜ ਜਦ ਭੱਟੀਆਂ ਤੇ ਚੜ੍ਹੀ ਸੀ ਤਾਂ ਪਿਰਥੇ ਦਾ ਬਾਪੂ ਉਸ ਲੜਾਈ 'ਚ ਮਾਰਿਆ ਗਿਆ ਸੀ। ਏਸੇ ਰੰਜ ਵਿਚ ਹੀ ਪਿਰਥਾ ਹੁਣ ਦੁੱਲੇ ਦੀ ਸੱਜੀ ਬਾਂਹ ਬਣਿਆ ਹੋਇਆ ਸੀ। ਘਰ ਦੇ ਕੰਮ ਕਾਜ ਦੀ ਸਾਰੀ ਜ਼ਿਮੇਵਾਰੀ ਉਸਨੇ ਆਪਣੇ ਬਾਬੇ ਅਤੇ ਛੋਟੇ ਭਰਾ ਉਪਰ ਛੱਡ ਰੱਖੀ ਸੀ। ਉਹ ਘਰ ਕਿਸ ਵੇਲੇ ਆਉਂਦਾ ਹੈ, ਜਾਂਦਾ ਹੈ, ਕਿਥੇ ਖਾਂਦਾ ਪੀਂਦਾ ਹੈ, ਉਸਦੇ ਘਰ ਦੇ ਬਾਕੀ ਜੀਅ ਘੱਟ ਹੀ ਪਰਵਾਹ ਕਰਦੇ ਸਨ।

ਰੂੜਾ ਜੱਟ, ਦੁੱਲੇ ਨੇ ਵੇਖਿਆ ਉਹ ਦਰਿਆ ਦੀ ਰੇਤ ਨਾਲ ਬਰਛੇ ਦੇ ਫਲ ਨੂੰ ਲਿਸ਼ਕਾ ਰਿਹਾ ਸੀ। ਪੱਕਾ ਰੰਗ, ਸਾਢੇ ਤਿੰਨ ਕੁ ਹੱਥ ਤੋਂ ਜ਼ਰਾ ਕੁ ਵਧੇਰੇ ਕੱਦ, ਭਾਰਾ, ਕਾਠਾ ਪਰ ਫੁਰਤੀਲਾ ਸਰੀਰ, ਚੌੜੇ ਮੋਢੇ, ਜੇ ਸਾਨ੍ਹ ਨਾਲ ਵੀ ਮੱਥਾ ਲਾ ਲਵੇ ਤਾਂ ਉਸਦੇ ਪੈਰ ਨਾ ਲੱਗਣ ਦੇਵੇ। ਮੁੱਛਾਂ ਦਾੜ੍ਹੀ ਕਤਰ ਕੇ ਰਖਦਾ। ਖ਼ਤ ਵੀ ਕੱਢਦਾ। ਕਦੇ ਕੁੜਤਾ ਸਲਵਾਰ ਪਾਉਂਦਾ, ਕਦੇ ਤੰਬਾ ਬੰਨ੍ਹਦਾ। ਮੋਟੀਆਂ ਅੱਖਾਂ, ਮੋਟੀ ਧੋਣ। ਉਹ ਅਖਾੜੇ ਦਾ ਪਹਿਲਵਾਨ ਜਾਪਦਾ। ਦੁੱਲਾ ਉਸਦੇ ਗੂੜ੍ਹੇ ਪੱਕੇ ਰੰਗ ਨੂੰ ਚਿਤਾਰ ਕੇ ਛੇੜਦਾ ਹੁੰਦਾ—'ਤੂੰ ਰੂੜਾ ਨੀ, ਰੜ੍ਹਿਆ ਏਂ ਤਾਂ ਅੱਗੋਂ ਰੂੜਾ ਹੱਸ ਛੱਡਦਾ,—'ਮਾਂ ਨੇ ਢਿੱਡ ਵਿਚੋਂ ਪਕਾ ਕੇ ਕੱਢਿਆ ਈ: ਕੱਚਾ ਪਿੱਲਾ ਨਹੀਂ ਜੰਮਿਆ।' ਫਰੀਦ ਭੱਟੀ ਵੇਲੇ ਰੂੜੇ ਦਾ ਚਾਚਾ ਮੁਗਲਾਂ ਹੱਥੋਂ ਮਾਰਿਆ ਗਿਆ ਸੀ।

ਸਦੀਕ, ਦਰਮਿਆਨਾ ਕੱਦ ਕਾਠ, ਪਰ ਕੰਨ ਵੱਡੇ। ਬਾਹਾਂ ਲੰਮੀਆਂ। ਅੱਖਾਂ ਵਿਚ ਸਦਾ ਸੁਰਮਾ ਪਾ ਕੇ ਰੱਖਦਾ। ਕੰਨਾਂ ਵਿਚ ਅਤਰ-ਫਲੇਲ ਦੇ ਫੰਬੇ ਵੀ ਰੱਖਦਾ। ਦੁੱਲੇ ਦਾ ਨਿੱਕਿਆਂ ਹੁੰਦਿਆਂ ਤੋਂ ਹੀ ਆੜ੍ਹੀ। ਗੁਲੇਲਾਂ ਅਤੇ ਤੀਰ ਕਮਾਨਾਂ ਨਾਲ ਪੰਛੀ ਫੁੰਡਦੇ ਲੁੱਟਾਂ ਖੋਹਾਂ ਕਰਨ ਲੱਗ ਪਏ। ਉਸ ਅੰਦਰ ਮੁਗਲਾਂ ਪ੍ਰਤੀ ਘੋਰ ਨਫ਼ਰਤ ਸੀ, ਉਹ ਉਸਦੀ ਕੁਆਰੀ ਭੂਆ ਨੂੰ ਧੱਕੇ ਨਾਲ ਅਗਵਾ ਕਰਕੇ ਲੈ ਗਏ ਸਨ ਤੇ ਫੇਰ ਉਸਦੀ ਕੋਈ ਉੱਘ-ਸੁੱਘ ਨਹੀਂ ਸੀ ਮਿਲੀ।

ਹੋਰ ਵੀ ਬੜੇ ਸਨ, ਰਮਜ਼ਾ, ਸ਼ੱਲਾ, ਸੈਦਾ, ਗਾਹਣਾ, ਲਹਿਣਾ। ਗਾਹਣਾ ਤਾਂ ਦੁੱਲੇ ਦਾ ਖਾਸ ਬੰਦਾ ਸੀ। ਲੁਹਾਰ ਸੀ, ਉਸ ਆਖ ਰੱਖਿਆ ਸੀ, ਇਕ ਵਾਰ ਕੋਈ ਵੀ ਹਥਿਆਰ ਵਿਖਾ ਦਿਓ: ਜੇ ਹੂ-ਬਹੂ ਓਦਾਂ ਦਾ ਨਾ ਬਣਾਵਾਂ ਤਾਂ ਮੈਨੂੰ ਗਾਹਣਾ ਲੁਹਾਰ ਨਾ ਸੱਦਿਓ, ਕੁਝ ਹੋਰ ਮਰਜ਼ੀ ਪਏ ਸੱਦਿਓ। ਉਸਨੂੰ ਪਿੰਡੀ ਦੇ ਬਜ਼ੁਰਗਾਂ ਨੇ ਦੱਸਿਆ ਸੀ, ਜਦ ਅਕਬਰ ਦੀਆਂ ਫੌਜਾਂ ਪਿੰਡੀ ਉੱਪਰ ਚੜ੍ਹੀਆਂ ਸਨ ਤਾਂ ਉਹਨਾਂ ਪਹਿਲਾਂ ਗਾਹਣੇ ਦੇ ਪਿਉ ਦੀ ਭੱਠੀ ਢਾਹੀ ਸੀ ਤੇ ਫਿਰ ਗਾਹਣੇ ਦਾ ਭਰਾ, ਪਿਉ ਤੇ ਚਾਚੇ ਨੂੰ ਗਲੀਆਂ ਵਿਚ ਘੜੀਸ ਘੜੀਸ ਕੇ ਮਾਰਿਆ ਸੀ, ਫੌਜਾਂ ਦੇ ਮੁੱਖੀਏ ਨੂੰ ਕਿਸੇ ਮੁਖ਼ਬਰੀ ਕੀਤੀ ਸੀ....ਜਿੰਨੇ ਹਥਿਆਰ ਪਿੰਡੀ ਦੇ ਲੋਕਾਂ ਪਾਸ ਹਨ,

---

* ਛੇ ਫੁੱਟ ਦੇ ਕਰੀਬ

ਇਹ ਸਾਰੇ ਇਹਨਾਂ ਲੁਹਾਰਾਂ ਦੇ ਬਣਾਏ ਹੋਏ ਨੇ। ਹੁਣ ਗਾਹਣਾ ਏਸੇ ਲਈ ਦਿਨ-ਰਾਤ ਭੱਠੀ ਮਘਾਈ ਰੱਖਦਾ ਸੀ ਤੇ ਆਖਿਆ ਕਰਦਾ ਸੀ....'ਮੇਰੇ ਬਣਾਏ ਹਥਿਆਰਾਂ ਈ ਮੁਗਲਾਂ ਦੇ ਸਿਰ ਲਾਹਣੇ ਨੀ।'

ਦੁੱਲੇ ਦੀ ਢਾਣੀ ਵਿਚ ਇਕ ਹੋਰ ਵੀ ਹੈਗਾ ਏ, ਫੱਤੂ ਮਿਰਾਸੀ, ਜਿਸਨੂੰ ਸਾਰੇ ਜਣੇ ਈ ਆਪਣੀ ਰੰਨ ਵਾਂਗਰਾ ਟਿੱਚਰਾਂ ਮਖੌਲ ਕਰਦੇ ਰਹਿੰਦੇ ਹਨ ਤੇ ਫੱਤੂ ਆਪਣੀਆਂ ਗੱਲਾਂ ਨਾਲ ਸਾਰਿਆਂ ਨੂੰ ਟਿੱਚ ਜਾਣਦਾ ਸੀ। ਛਾਂਟਵਾਂ ਸਰੀਰ, ਸਿਰ ਉੱਪਰ ਢਿੱਲੀ ਜਿਹੀ ਪੱਗ। ਕਤਰੀਆਂ ਮੁੱਛਾਂ, ਦਾੜ੍ਹੀ ਰੱਖੀ ਹੋਈ। ਦਾੜ੍ਹੀ ਵੀ ਉਸਦੀ ਠੋਡੀ ਉਪਰ ਹੀ ਸੀ, ਸ਼ੱਲਾ ਟੁੰਡਾ ਉਸਨੂੰ ਬੋਕ-ਦਾਹੜੀਆ ਆਖ ਛੇੜ ਦਿੰਦਾ ਕਦੇ ਕਦੇ। ਫੱਤੂ ਜਦ ਗੱਲ ਕਰਦਾ ਹੈ ਤਾਂ ਸੱਜੀ ਅੱਖ ਆਪ ਮੁਹਾਰੇ ਦੱਬੀ ਜਾਂਦੀ ਸੀ। ਬੜੀ ਵਾਰ ਉਸਨੇ ਪਿੰਡੀ ਦੀਆਂ ਤੀਵੀਆਂ ਤੋਂ ਗਾਲ੍ਹਾਂ ਲਈਆਂ ਸਨ। ਕਈ ਵਾਰ ਛਿੱਤਰ ਵੀ ਖਾ ਚੁੱਕਿਆ ਸੀ।

—ਅੱਲਾਹ ਦੀ ਮਰਜ਼ੀ ਏ, ਮਾਰ ਲਓ ਛਿੱਤਰ— ।' ਉਹ ਆਖੀ ਵੀ ਜਾਂਦਾ ਤੇ ਬਾਰ ਬਾਰ ਅੱਖ ਵੀ ਮੀਚੀ ਜਾਂਦਾ। ਪਿੰਡੀ ਦੇ ਲੋਕ ਤੇ ਔਰਤਾਂ ਤਾਂ ਹੁਣ ਜਾਣ ਗਏ ਹਨ। ਨੰਦੀ ਮਰਾਸਣ ਨੂੰ ਪਹਿਲਾਂ ਬੜੇ ਉਲਾਹਮੇਂ ਦਿੰਦੀਆਂ ਸਨ,—'ਨੀ ਸਾਂਭ ਕੇ, ਵਰਜ ਕੇ ਰੱਖਿਆ ਕਰ ਮਰਾਸੀ ਨੂੰ ਜਨਾਨੀਆਂ ਨੂੰ ਅੱਖਾਂ ਮਾਰਦਾ ਫਿਰਦਾ ਈ, ਜੇ ਘਰ ਜਾ ਦੱਸੀਏ ਤਾਂ ਮੁੰਡਿਆਂ ਉਹਦੀਆਂ ਅੱਖਾਂ ਕੱਢ ਦੇਣੀਆਂ ਨੀ।' ਇਹ ਤਾਂ ਪੁਰਾਣੀਆਂ ਗੱਲਾਂ ਨੇ। ਪਰ ਕੋਈ ਓਪਰੀ ਜਾਂ ਬਾਹਰੋਂ ਆਈ ਤੀਵੀਂ ਅਜੇ ਵੀ ਕਦੇ ਨਾ ਕਦੇ ਲਾਹ-ਪਾਹ ਕਰ ਜਾਂਦੀ ਏ। ਉਹ ਬਥੇਰਾ ਸਫਾਈਆਂ ਦਿੰਦਾ—'ਮੈਂ ਥੋੜ੍ਹਾ ਈ ਅੱਖ ਮਾਰ ਸਕਨਾ, ਮੇਰੀ ਕੀ ਮਜ਼ਾਲ। ਇਹ ਤਾਂ ਅੱਲਾਹ ਈ ਅੱਖ ਮਟੱਕਾ ਕਰਵਾਂਦਾ ਏ।' ਉਹ ਕੁੱਟਿਆ ਜਾਂਦਾ ਏ ਤੇ ਲੋਕ ਹੱਸਦੇ ਨੇ। ਦੁੱਲੇ ਲਈ ਉਹ ਬੜਾ ਕੰਮ ਦਾ ਬੰਦਾ ਏ। ਨਾ ਦੁੱਲੇ ਤੇ ਉਹਦੇ ਬੇਲੀਆਂ ਨੂੰ ਫੱਤੂ ਬਿਨਾਂ ਸਰੇ ਨਾ ਫੱਤੂ ਨੂੰ ਇਹਨਾਂ ਬਿਨਾਂ ਸਰੇ।.....ਝਿੜੀ ਤੋਂ ਪਿੰਡੀ ਵੱਲ ਤੇ ਪਿੰਡੀ ਤੋਂ ਝਿੜੀ ਵੱਲ, ਜੋ ਵੀ ਕੋਈ ਸ਼ੈਅ ਆਉਂਦੀ ਹੈ ਜਾਂ ਕੋਈ ਖ਼ਬਰ ਦੇਣੀ ਹੁੰਦੀ ਹੈ, ਇਹ ਫੱਤੂ ਬਿਨਾਂ ਹੋਰ ਕੋਈ ਨਹੀਂ ਕਰ ਸਕਦਾ।

ਦੁੱਲਾ ਸਭਨਾਂ ਵੱਲ ਵੇਖ ਰਿਹਾ ਹੈ, ਵਾਰੀ ਵਾਰੀ। ਅੱਜ ਇਕ ਹੋਰ ਨਵਾਂ ਵੀ ਆਇਆ ਹੈ ਤਾਰੀ। ਹੋਰ ਬਥੇਰੇ ਪਿੰਡ ਦੇ ਗੱਭਰੂ ਦੁੱਲੇ ਨਾਲ ਰਲਣ ਨੂੰ ਕਹਿੰਦੇ ਨੇ, ਰਲਾਉਣੇ ਵੀ ਨੇ। ਹੁਣ ਤਾਂ ਇਕ ਪੂਰੀ ਫੌਜ ਖੜ੍ਹੀ ਕਰਨੀ ਪੈਣੀ ਹੈ। ਲਾਹੌਰ ਨਾਲ ਮੱਥਾ ਲਾਉਣਾ ਹੈ ਤਾਂ, ਲਾਹੌਰ ਵਾਲਿਆਂ ਨੂੰ ਬਰਾਬਰ ਦੇ ਹੋ ਕੇ ਟੱਕਰਨਾ ਪੈਣਾ......।

ਏਸ ਵੇਲੇ ਪਿੰਡੀ ਦੇ ਬਹੁਤੇ ਲੋਕ ਸੌਂ ਰਹੇ ਸਨ। ਏਧਰ ਝਿੜੀ ਵਿਚ ਬੀਂਡੇ ਬੋਲ ਰਹੇ ਸਨ। ਦੁੱਲਾ ਅਚਾਨਕ ਉੱਠ ਖੜ੍ਹਾ ਹੋਇਆ ਤੇ ਬੋਲਿਆ,—'ਅੱਲਾਹ ਦਾ ਨਾਂ ਲਓ ਤੇ ਤੁਰੋ।'

ਸਾਰੇ ਉਠ ਖੜ੍ਹੇ ਹੋਏ।

—ਰੂੜਿਆ ਡੇਰੇ ਕਿਹੜੇ ਪਾਸੇ ਲਾਏ ਨੀ ?' ਦੁੱਲੇ ਨੇ ਪੁੱਛਿਆ।

—ਪੱਤਣ ਦੇ ਲਹਿੰਦੇ ਵੱਲ।'

—ਪੱਤਣ ਪਾਰ ਕਿਹੜੇ ਵੇਲੇ ਕਰ ਆਏ ?' ਦੁੱਲਾ ਹੈਰਾਨ ਹੋਇਆ।

—ਆਪਾਂ ਗਾਹਣੇ ਕੋਲ ਭੱਠੀ 'ਤੇ ਸੀ ਵੱਗਾਂ ਵੇਲੇ, ਏਧਰ ਏਹ ਠਿੱਲ੍ਹ ਆਏ ਹੋਣੇ ਨੇ।'

—ਫਿਰ ਅੱਗੇ ਲੱਗ ਬਈ।' ਰੂੜਾ ਹਥਿਆਰਬੰਦ ਢਾਣੀ ਦੇ ਅੱਗੇ ਲੱਗ ਤੁਰਿਆ। ਨਵੇਂ ਆਏ ਤਾਰੀ ਦਾ ਦਿਲ ਧੜਕਿਆ—'ਫੜੱਕ ਫੜੱਕ.....।'.....ਪਰ ਜਲਦੀ ਹੀ ਟਿਕਾਣੇ ਆ ਗਿਆ। ਬੱਦਲਾਂ ਦੇ ਭੂਰਿਆਂ ਨੇ ਅੱਗੇ ਚੰਨ ਨੂੰ ਵੀ ਢੱਕ ਲਿਆ।



ਰਾਤ ਦੇ ਸੰਘਣੇ ਹਨੇਰੇ ਵਿਚ ਦੁੱਲਾ ਅਤੇ ਉਸਦੇ ਸਾਥੀ, ਰੂੜੇ ਨੂੰ ਅੱਗੇ ਲਾਈ ਕਿਸੇ ਅਮੀਰਜ਼ਾਦੇ ਦੇ ਪੜਾਅ ਵੱਲ ਵਧਦੇ ਗਏ।

ਅੱਗੇ ਜਾਕੇ ਉਹਨਾਂ ਵੇਖਿਆ ਪਿੰਡੀ ਤੋਂ ਥੋੜ੍ਹਾ ਹਟਵਾਂ ਇਕ ਮੈਦਾਨ ਵਿਚ ਕੁਝ ਤੰਬੂ ਲੱਗੇ ਹੋਏ ਨੇ। ਇਕ ਤੰਬੂ ਦੇ ਬਾਹਰ ਇਕ ਬਾਂਸ ਉਪਰ ਬੁਝੂੰ ਬੁਝੂੰ ਕਰਦੀ ਮਿਸ਼ਾਲ ਬਲ ਰਹੀ ਸੀ। ਹਨੇਰੇ ਵਿਚ ਬੈਠੇ ਊਠ ਰੇਤ ਦੇ ਟਿੱਬਿਆਂ ਵਾਂਗ ਜਾਪ ਰਹੇ ਸਨ। ਹਥਿਆਰਬੰਦ ਪਹਿਰੇਦਾਰ ਕਮਰ-ਕੱਸਿਆਂ ਵਿਚ ਵਿਚ ਤਲਵਾਰਾਂ ਅਤੇ ਹੱਥਾਂ ਵਿਚ ਲੰਮੇ ਬਰਛੇ ਫੜੀ ਚੁਫੇਰੇ ਪਹਿਰਾ ਦੇ ਰਹੇ ਸਨ।

ਦੁੱਲੇ ਨੇ ਹੱਥ ਦੇ ਇਸ਼ਾਰੇ ਨਾਲ ਆਪਣੇ ਸਾਥੀਆਂ ਨੂੰ ਰੁਕਣ ਲਈ ਕਿਹਾ।

ਸਾਰੇ ਖੜ੍ਹ ਗਏ। ਸਾਹ ਵੀ ਰੋਕ ਲਏ। ਨਵੇਂ ਭਰਤੀ ਹੋਏ ਤਾਰੀ ਦਾ ਦਿਲ ਫਿਰ ਧੜਕਿਆ। ਅਮੀਰਜ਼ਾਦੇ ਦੇ ਤੰਬੂ ਦੁਆਲੇ ਏਨਾ ਪਹਿਰਾ ਵੇਖ ਕੇ ਸਾਰੇ ਹੈਰਾਨ ਸਨ।

ਦੁੱਲਾ ਆਪਣੇ ਸਾਥੀਆਂ ਦੇ ਨੇੜੇ ਆਇਆ। ਸਾਰਿਆਂ ਨੂੰ ਹੌਲੀ ਜਿਹੀ ਵੰਗਾਰਿਆ-'ਏਥੇ ਅੱਜ ਵੜੇਵੇਂ ਖਾਣੀਆਂ ਦਾ ਪਤਾ ਲੱਗਣਾ ਈ ਪਿਰਥਿਆ ਤੇ ਬੇਲੀਓ ਹੱਥ ਕਰੜੇ ਹੋ ਕੇ ਪੈਣਗੇ।'

—ਚੁੱਪ ਚਪੀਤਿਆਂ ਪੈਣਾ ਈ ਅਚਾਨਕ ਕਿ....।' ਰੂੜਾ ਪੁੱਛਣ ਲੱਗਾ ਤਾਂ ਦੁੱਲੇ ਨੇ ਟੋਕਿਆ।

—ਸੂਰਮਿਆਂ ਦਾ ਕੰਮ ਤਾਂ ਲਲਕਾਰਕੇ ਈ ਵਾਰ ਕਰਨਾ ਹੁੰਦਾ। ਪਹਿਲਾਂ ਜਣਿਆਂ ਨੂੰ ਪੁੱਛ ਤਾਂ ਲਈਏ, ਇਹ ਕੌਣ ਨੇ, ਜਿਹੜੇ ਪਿੰਡੀ ਦੀ ਜੂਹ ਵਿਚ ਦੁੱਲੇ ਨੂੰ ਪੁੱਛੇ ਬਿਨਾ ਹੀ ਆਣ ਵੜੇ ਨੇ।'

ਜਦੋਂ ਦੁੱਲੇ ਨੇ ਲਲਕਾਰਾ ਮਾਰਿਆ, ਪਹਿਰੇਦਾਰਾਂ ਦੇ ਪੈਰਾਂ ਥੱਲਿਓਂ ਜ਼ਮੀਨ ਖਿਸਕ ਗਈ। ਉਹਨਾਂ ਨੂੰ ਤੰਬੂ ਅੰਦਰ ਜਾਕੇ ਖ਼ਬਰਦਾਰ ਕਰਨ ਦਾ ਵੀ ਮੌਕਾ ਨਾ ਮਿਲਿਆ। ਪਲਾਂ ਵਿਚ ਹੀ ਤੰਬੂ ਵਿਚ ਪਰਲੋ ਆ ਗਈ। ਊਠ ਅੜਾਣ ਲੱਗੇ। ਸੁੱਤ-ਉਨੀਂਦੇ ਪਹਿਰੇਦਾਰ ਚੀਕਣ ਲੱਗੇ। ਨੇੜੇ ਹੀ ਕਿਧਰੇ ਆਪਣੇ ਅੰਡੇ ਸੇਕਦੀਆਂ ਟਟੀਹਰੀਆਂ ਭਿਆਨਕ ਕੁਰਲਾਹਟ ਕਰਦੀਆਂ ਅਸਮਾਨ ਵੱਲ ਉੱਡੀਆਂ। ਫ਼ਟਿਆ ਤੰਬੂ ਦਰਿਆ ਵਿਚ ਤੈਰਦੀ ਬੇੜੀ ਦੇ ਬਾਦਬਾਨਾਂ ਵਾਂਗ ਫੜਫੜਾਉਣ ਲੱਗਾ।

ਰਾਤ ਦੀ ਚੁੱਪ ਦੇ ਲੰਗਾਰ ਲਹਿ ਗਏ ਸਨ। ਅੱਧਾ ਚੰਨ ਬੱਦਲਾਂ ਵਿਚੋਂ ਬਾਹਰ ਨਿਕਲ ਆਇਆ ਸੀ। ਪਿੰਡੀ ਦੇ ਲੋਕ ਸਹਿਮੇ ਸਹਿਮੇ, ਘਰਾਂ ਦੀਆਂ ਛੱਤਾਂ ਉੱਪਰ ਖੜ੍ਹੇ ਵਾਰਦਾਤ ਦੀ ਟੋਹ ਲੈ ਰਹੇ ਸਨ। ਦੂਰੋਂ ਵਜਦੇ ਲਲਕਾਰਿਆਂ ਅਤੇ ਲਿਲ੍ਹਕੜੀਆਂ ਦੀ ਮੱਧਮ ਜਿਹੀ ਆਵਾਜ਼ ਪਿੰਡੀ ਦੇ ਘਰਾਂ ਦੀਆਂ ਛੱਤਾਂ ਉਪਰ ਖੜ੍ਹੇ ਲੋਕਾਂ ਨੂੰ ਸੁਣਾਈ ਦਿੰਦੀ ਸੀ।

ਠੀਕ ਇਸ ਵੇਲੇ ਲੱਧੀ ਆਪਣੀ ਹਵੇਲੀ ਦੇ ਵਿਹੜੇ ਵਿਚ ਖੜ੍ਹੀ, ਓਸ ਘੜੀ ਨੂੰ ਕੋਸ ਰਹੀ ਸੀ, ਜਦ ਦੁੱਲੇ ਨੂੰ ਹੋਈਆਂ ਬੀਤੀਆਂ ਦੱਸੀਆਂ ਸਨ ਤੇ ਕੋਠੜੀ ਅੰਦਰ ਪਏ ਪਿਉ ਦਾਦੇ ਦੇ ਹਥਿਆਰਾਂ ਦਾ ਦੁੱਲੇ ਨੂੰ ਭੇਦ ਲੱਗਿਆ ਸੀ। ਉਸਦੇ ਅੰਦਰੋਂ ਪੀੜ ਉੱਠੀ, ਜਿਵੇਂ ਅੰਦਰੋਂ ਕੋਈ ਆਂਦਰਾਂ ਖੁਰਚਦਾ ਹੋਵੇ। ਡਰ ਅਤੇ ਸਹਿਮ ਨਾਲ ਉਸਨੇ ਆਪਣੇ ਕਾਲਜੇ ਉਪਰ ਹੱਥ ਰੱਖਿਆ ਤੇ ਲੜਾਈ ਦੀ ਬਿੜਕ ਲੈਣ ਲੱਗੀ।

-ਅੰਮਾਂ ਦੁੱਲਾ ਕਿਥੇ ਸੂ ?' ਇਕ ਜਣੇ ਨੇ ਛੱਤ ਉਪਰੋਂ ਪੁੱਛਿਆ।

—ਮਾਮਿਆਂ ਵੱਲ ਗਿਆ ਹੋਇਆ ਕੱਲ੍ਹ ਦਾ।' ਲੱਧੀ ਨੂੰ ਏਹੀ ਔੜਿਆ। ਪਰ ਉਸਨੂੰ ਪੱਕ ਸੀ, ਲੜਾਈ ਵਿਚ ਦੁੱਲਾ ਈ ਹੋਣਾ।

ਫੁੱਲਰਾਂ, ਕੁੜੀਆਂ ਅਤੇ ਨੂਰਾ ਵੀ ਬਾਹਰ ਵਿਹੜੇ ਵਿਚ ਆਣ ਖੜ੍ਹੇ

—ਕੀ ਹੋਇਆ ਅੰਮਾਂ, ਕੌਣ ਲੜਦਾ ਈ ?' ਨੂਰੇ ਨੇ ਅੱਖਾਂ ਮਲਦਿਆਂ ਪੁੱਛਿਆ।

—ਕੀ ਪਤਾ ਪੁੱਤਰ, ਏਧਰੋਂ ਲਹਿੰਦੇ ਵਲੋਂ ਰੌਲਾ ਸੁਣੀਂਦਾ।'

—ਅੱਬਾ..... ?' ਨੂਰੇ ਨੇ ਫਿਰ ਪੁੱਛਿਆ।

—ਉਹੀਓ ਹੋਣਾ ਪੁੱਤਰ..... ।' ਲੱਧੀ ਨੇ ਹਾਉਕਾ ਲਿਆ।—'ਨੇਰ੍ਹੇ ਹੋਏ ਰੂੜਾ ਸੱਦਣ ਆਇਆ ਸੀ।

ਕੁਝ ਦੇਰ ਸਾਰੇ ਉਵੇਂ ਖੜ੍ਹੇ ਰਹੇ, ਪੱਥਰ ਬਣੇ। ਨੂਰੇ ਦੀ ਵਹੁਟੀ ਵੀ ਸਭਨਾਂ ਤੋਂ ਪਿੱਛੇ ਬਖ਼ਤੋ ਕੋਲ ਖੜੀ ਉਸਦੀ ਬਾਂਹ ਬਾਰ ਬਾਰ ਘੁੱਟੀ ਜਾਂਦੀ ਸੀ। ਉਹ ਕੁਝ ਵਧੇਰੇ ਹੀ ਡਰ ਗਈ ਸੀ।

ਲੱਧੀ ਦਾ ਦਿਲ ਹੋਰ ਜ਼ੋਰ ਜ਼ੋਰ ਨਾਲ ਧੜਕਣ ਲੱਗਾ। ਉਹ ਇਹਨਾਂ ਲੜਾਈਆਂ ਦੀ ਜਾਂ ਅਕਬਰ ਨਾਲ ਟੱਕਰ ਲੈਣ ਦੀ ਪੀੜ ਜਾਣਦੀ ਸੀ। ਇਹ ਸੰਤਾਪ ਉਸਨੇ ਭੋਗਿਆ ਸੀ। ਉਸਨੂੰ ਪਤਾ ਹੈ, ਦੁੱਲਾ ਜਾਣਦਾ ਨਹੀਂ, ਲੜਾਈ ਅੰਨ੍ਹੀ ਹੁੰਦੀ ਏ, ਇਹ ਮਾਵਾਂ ਦੀ ਕੁੱਖ ਵੀ ਉਜਾੜਦੀ ਹੈ ਤੇ ਮਾਵਾਂ ਨੂੰ ਬੇਵਾ ਵੀ ਬਣਾਂਦੀ ਹੈ।........

ਪਰ ਦੂਸਰੇ ਹੀ ਪਲ ਲੱਧੀ ਅੰਦਰ ਰੋਹ ਜਾਗਦਾ ਹੈ। ਉਸਦਾ ਮਨ ਕਰਦਾ ਹੈ, ਅਕਬਰ ਅਤੇ ਉਸਦੇ ਅਹਿਲਕਾਰਾਂ ਦਾ ਵੀ ਹਸ਼ਰ ਉਹੀ ਹੋਵੇ, ਜਿਸਦਾ ਦੁੱਲੇ ਦੇ ਅੱਬਾ ਦਾਦੇ ਨਾਲ ਹੋਇਆ ਹੈ। ਜੱਗ 'ਤੇ ਬਾਰ ਬਾਰ ਨਹੀਂ ਆਉਣਾ। ਜਿਵੇਂ ਪਿੰਡੀ ਨੇ ਭੁਗਤੀਆਂ ਨੇ, ਉਵੇਂ ਲਾਹੌਰ ਦੇ ਮਹਿਲਾਂ ਦੀ ਇੱਟ ਨਾਲ ਨਾਲ ਇੱਟ ਖੜਕੇ। ਲਾਹੌਰ ਦੇ ਬਾਤਸ਼ਾਹ ਨੂੰ ਪਤਾ ਲਗ ਜਾਣਾ ਚਾਹੀਦਾ, ਭੱਟੀਆਂ ਦਾ ਖ਼ੂਨ ਅਜੇ ਸਾਂਦਲ ਦੀ ਬਾਰ 'ਚ ਛੱਲਾਂ ਮਾਰਦਾ ਈ। ਅਕਬਰ ਨੂੰ ਇਲਮ ਹੋਵੇ, ਸੁੱਤਾ ਪਿਆ ਦੁੱਲਾ ਜਾਗ ਪਿਆ ਈ ਹੁਣ। ਤਖ਼ਤ ਲਾਹੌਰ ਦੀ ਨੀਂਦਰ ਉੱਡ ਜਾਵੇ ਤੇ ਲੱਧੀ ਦੇ ਕਾਲਜੇ ਨੂੰ ਠੰਡ ਵਰਤੇ। ਅਕਬਰੇ ਦੀਆਂ ਫੌਜਾਂ ਨੂੰ ਸਮਝ ਪੈ ਜਾਵੇ ਬਾਰ ਵਿਚ ਹੈ ਕੋਈ ਦੁੱਲਾ, ਲੱਧੀ ਦਾ ਜਣਿਆਂ, ਫਰੀਦ ਖ਼ਾਨ ਭੱਟੀ ਦਾ ਪੁੱਤਰ। ਦੁੱਲਾ ਦਹਿਸ਼ਤ ਬਣੇ। ਅਕਬਰਾ ਅਤੇ ਤਖ਼ਤ ਲਾਹੌਰ ਦੇ ਦਰਬਾਰੀ ਅੱਬੜਵਾਹੇ ਸੁੱਤੇ ਸੁੱਤੇ ਉੱਠ ਕੇ ਚੀਕਾਂ ਮਾਰਨ.....'ਆ ਗਿਆ ਈ ਦੁੱਲਾ।' ਦੁੱਲੇ ਦਾ ਨਾਂ ਸੁਣਨ ਤੇ ਤਖ਼ਤ ਨੂੰ ਤ੍ਰੇਲੀਆਂ ਆ ਜਾਵਣ। ਦੁੱਲੇ ਦਾ ਨਾਉਂ ਸੁਣਦਿਆਂ, ਅਕਬਰ ਦੇ ਸਿਪਾਹੀ ਸੁੱਥਣਾਂ ਵਿਚ ਹੱਗ ਦੇਵਣ।'....ਬੱਸ.....ਏਸ ਤੋਂ ਅੱਗੇ ਨਹੀਂ ਜਾਣਾ ਚਾਹੁੰਦੀ ਲੱਧੀ। ਏਸ ਤੋਂ ਅੱਗੇ ਨਹੀਂ ਸੋਚਣਾ ਚਾਹੁੰਦੀ। ਏਸ ਤੋਂ ਅੱਗੇ ਜਾਣ ਨਾਲ, ਉਹ ਜਾਣਦੀ ਏ, ਗਵਾਉਣ ਲਈ ਬੜਾ ਕੁਝ ਏ। ਉਸਨੇ ਗਵਾਇਆ ਵੀ ਏ। ਪਿੰਡੀ ਉਜੜੀ ਏ। ਪਿੰਡੀ ਦੀਆਂ ਬਹੂਆਂ, ਧੀਆਂ ਦੀ ਲੱਜ ਚੌਰਾਹਿਆਂ ਵਿਚ ਰੁਲੀ ਏ।.......

.....ਉਹ ਸਾਰਾ ਕੁਝ ਬੜਾ ਡਰਾਉਣਾ ਸੀ, ਉਸਦਾ ਇਕ ਮਨ ਉਹਨਾਂ ਸਮਿਆਂ ਨੂੰ ਚੇਤੇ ਕਰਨ ਤੋਂ ਵੀ ਡਰਦਾ ਹੈ।......

—ਅੱਜ ਲਹਿੰਦੇ ਵੱਲੋਂ ਏਹ ਕੇਹਾ ਰੌਲਾ ਪੈਣ ਡਿਹਾ ਈ ਅੰਮਾਂ ?' ਗੁਆਂਢੀ ਛੱਤ ਤੋਂ ਬਰਕਤਾਂ ਦੀ ਧੀ ਨਸੀਰਾਂ ਨੇ ਪੁੱਛਿਆ।

—ਤੇਰੀ ਮਾਂ ਕਿਥੇ ਉ ?' ਲੱਧੀ ਨੇ ਪੁੱਛਿਆ।



—ਓਹ ਅਗਲੇ ਬਨੇਰੇ ਲਾਗੇ ਜਾ ਖੜ੍ਹੀ ਏ। ਅੰਮਾਂ ਕੋਈ ਧਾੜਵੀ ਨੇ ਕਿ ਲਾਹੌਰ ਦੀਆਂ ਫੌਜਾਂ ਚੜ੍ਹ ਆਈਆਂ ਨੀ ? ਨਸੀਰਾਂ ਦੇ ਬੋਲਾਂ ਵਿਚ ਡਰ ਸੀ।

—ਕੀ ਪਤਾ ਲੱਗੇ ਧੀਏ, ਮੈਂ ਤਾਂ ਆਪ ਕਾਲਜਾ ਨੱਪੀ ਖੜ੍ਹੀ ਆਂ। ਕਿਤੇ ਦੁੱਲਾ ਈ ਨਾ ਹੋਵੇ, ਖਹਿਬੜਦਾ ਪਿਆ ਕਿਸੇ ਨਾਲ।'

—ਅੰਮਾਂ ਅਸੀਂ ਵੀ ਜਾ ਵੇਖੀਏ ਛੱਤ ਉੱਪਰ।' ਬਖਤੋ ਅਤੇ ਸਲੇਮੋ ਲੱਧੀ ਕੋਲ ਆਣ ਖੜ੍ਹੀਆਂ।

—ਲੜਾਈ ਦਾ ਕੀ ਵੇਖਣਾ ਹੁੰਦਾ ਈ ? ਚਲੋ ਏਥੋਂ।' ਲੱਧੀ ਨੇ ਦਬਕਾ ਮਾਰਿਆ ਤਾਂ ਕੁੜੀਆਂ ਫੇਰ ਆਪਣੀ ਮਾਂ ਫੁੱਲਰਾਂ ਅਤੇ ਨੂਰੇ ਦੀ ਸੱਜ ਵਿਆਹੀ ਕੋਲ ਜਾ ਖੜ੍ਹੀਆਂ।

ਥੋੜ੍ਹੀ ਦੇਰ ਬਾਅਦ ਕੁਝ ਹੋਰ ਲਲਕਾਰੇ ਸੁਣੇ ਤੇ ਫਿਰ ਇਕਦਮ ਭਿਆਨਕ ਡਰਾਉਣੀ ਚੁੱਪ ਛਾ ਗਈ।

ਲੋਕ ਪਹਿਲਾਂ ਵਾਂਗ ਹੀ ਛੱਤਾਂ ਉਪਰ ਖੜ੍ਹੇ ਰਹੇ। ਉਡੀਕਦੇ ਰਹੇ ਅਜੇ ਹੋਰ ਵੀ ਲਲਕਾਰੇ ਸੁਣਨਗੇ। ਪਰ ਕੋਈ ਆਵਾਜ਼ ਨਹੀਂ ਆਈ। ਸੁੰਨ ਅਤੇ ਡਰੇ ਹੋਏ ਲੋਕਾਂ ਵਾਂਗ ਚੰਨ ਵੀ ਜਿਵੇਂ ਇਕ ਥਾਂ ਹੀ ਜੜ੍ਹ ਹੋ ਗਿਆ।

ਹੁਣ ਫੇਰ ਬੱਦਲ ਹੌਲੀ ਹੌਲੀ ਚੰਨ ਵਲ ਸਰਕਣ ਲੱਗੇ।

ਤਰ੍ਹਾਂ ਤਰ੍ਹਾਂ ਦੀਆਂ ਕਿਆਸ-ਅਰਾਈਆਂ ਲਾਉਂਦੇ ਲੋਕ, ਛੱਤਾਂ ਉੱਪਰੋਂ ਹੇਠਾਂ ਉਤਰਨ ਲੱਗੇ।

ਬਰਕਤਾਂ ਹਵੇਲੀ ਦੇ ਬਨੇਰੇ ਵੱਲ ਆਕੇ ਅੱਧੀ ਹੇਠਾਂ ਝੁੱਕ ਗਈ। ਪੁੱਛਿਆ—'ਅੰਮਾਂ ਲਾਹੌਰ ਦੀਆਂ ਫੌਜਾਂ ਨੇ ਤਾਂ ਟੂੰਮ-ਛੱਲਾ ਸਾਂਭ ਲਈਏ ?'

—ਕੀ ਆਖਾਂ ਬਰਕਤਾਂ। ਮੈਂ ਤਾਂ ਆਪ ਹਨੇਰੇ 'ਚ ਆਂ। ਦੁੱਲਾ ਵੀ ਘਰ ਨਹੀਂ ਮੁੜਿਆ। ਮੇਰਾ ਤਾਂ ਲਹੂ ਪਾਣੀ ਬਣਿਆ ਪਿਆ ਈ ਬਰਕਤਾਂ। ਮੈਂ ਤਾਂ ਰੱਬ ਅੱਗੇ ਦੁਆ ਕਰਨੀ ਆਂ-ਇਹਨਾਂ ਵਿਚ ਦੁੱਲਾ ਨਾ ਹੋਵੇ।'

ਤੇ ਬਾਕੀ ਰਹਿੰਦੀ ਰਾਤ, ਪਿੰਡੀ ਦੇ ਲੋਕਾਂ ਨੇ ਜਾਗਦਿਆਂ ਅਤੇ ਗੋਝਾਂ ਸਾਂਭਦਿਆਂ ਕੱਟੀ।

## 11.

ਪਿੰਡੀ ਦੇ ਪੱਛਮ ਵੱਲ ਇਕ ਭਾਰਾ ਬੋਹੜ ਹੈ ਸੀ, ਕਈ ਤਨਿਆਂ ਵਾਲਾ, ਥਾਂ ਥਾਂ ਤੋਂ ਲਟਕਦੀ ਦਾੜ੍ਹੀ। ਜ਼ਮੀਨ ਤੱਕ ਪੁੱਜੀਆਂ ਦਾੜ੍ਹੀਆਂ ਅਤੇ ਜੜ੍ਹਾਂ ਫੜ ਗਈਆਂ ਦੇ ਵੀ ਤਣੇ ਬਣੇ ਹੋਏ ਸਨ। ਬੋਹੜ ਦੇ ਹੇਠਾਂ ਵੱਡਾ ਗੋਲ ਆਕਾਰ ਦਾ ਕੱਚਾ ਥੜ੍ਹਾ। ਸੰਘਣੇ ਪੱਤਿਆਂ ਵਿਚ ਕਲੋਲਾਂ ਕਰਦੇ ਤੋਤੇ, ਕਾਂ, ਚਿੜੀਆਂ, ਗੁਟਾਰਾਂ, ਗੋਹਲਾਂ ਟੁੱਕ ਟੁੱਕ ਹੇਠਾਂ ਸੁੱਟਦੇ ਰਹਿੰਦੇ। ਪੰਛੀਆਂ ਦੀਆਂ ਬਿੱਠਾਂ ਅਤੇ ਗੋਹਲਾਂ ਤੋਂ ਬਚਾ ਲਈ ਹੇਠਾਂ ਪੁਰਾਣੀਆਂ ਟਾਟਾਂ, ਖ਼ਸ ਦੀਆਂ ਸਫ਼ਾਂ ਅਤੇ ਦੋੜੇ, ਰੱਸੀਆਂ ਨਾਲ ਚੁਫੇਰੇ ਬੰਨ੍ਹੇ ਹੋਏ ਸਨ। ਇਸ ਤਰ੍ਹਾਂ ਥੜ੍ਹੇ ਉਪਰ ਸਦਾ ਸੰਘਣੀ ਛਾਂ ਰਹਿੰਦੀ ਸੀ। ਬੋਹੜ, ਹੇਠਾਂ ਪਿੰਡੀ ਦੇ ਲੋਕਾਂ ਦੀਆਂ ਮਜਲਸਾਂ ਲਗਦੀਆਂ। ਏਸ ਪਾਸਿਓਂ ਹੀ ਇਕ ਢਲਾਣ ਝਨਾਂ ਦਰਿਆ ਵਲ ਉਤਰਦੀ ਸੀ। ਪਿੰਡੀ ਦੇ ਡੰਗਰ ਪਸ਼ੂ ਪਾਣੀ ਪਿਲਾਉਣ ਲਈ ਜਾਂ ਨਹਾਉਣ ਲਈ ਏਸੇ ਰਾਹ ਲਿਜਾਏ ਜਾਂਦੇ ਸਨ। ਏਧਰੋਂ ਹੀ ਪਿੰਡੀ ਦੀਆਂ ਤੀਵੀਆਂ, ਕੁੜੀਆਂ ਦਰਿਆ ’ਤੇ ਕਪੜੇ ਧੋਣ ਜਾਂ ਕੰਮ-ਧੰਦੇ ਜਾਂਦੀਆਂ ਸਨ।

ਮੀਆਂ ਚਿਰਾਗ਼ਦੀਨ, ਹੰਜਰਾ ਕਬੀਲੇ ਦਾ ਇਜ਼ਤਦਾਰ ਬਜ਼ੁਰਗ ਸੀ। ਅੱਸੀ ਵਰ੍ਹਿਆਂ ਤੋਂ ਉੱਪਰ ਉਮਰ ਹੋਣ ਦੇ ਬਾਵਜੂਦ ਸਿਹਤ ਪੱਖੋਂ ਪੂਰਾ ਤੰਦਰੁਸਤ ਸੀ। ਕਦੇ ਗਿੱਟੇ ਗੋਡੇ ਨਹੀਂ ਸਨ ਦੁੱਖੇ। ਉਸਦੀ ਉਮਰ ਦੇ ਕਈ ਬਜ਼ੁਰਗ ਹੰਭ ਗਏ ਸਨ ਤੇ ਉਸਨੂੰ ਆਖਦੇ ਸਨ, ‘ਮੀਆਂ ਪੰਜ ਵੀਹਾਂ ਸਾਲ ਹਯਾਤੀ ਜੀਏਂਗਾ।’ ਜਦ ਦਾ ਹੱਜ ਕਰਕੇ ਆਇਆ ਸੀ, ਸਾਰੇ ਇਜ਼ਤ ਨਾਲ ਹਾਜੀ ਮੀਆਂ ਆਖ ਕੇ ਬੁਲਾਉਂਦੇ ਸਨ। ਭੱਟੀਆਂ ਨਾਲ ਤੇ ਖ਼ਾਸ ਕਰਕੇ ਦੁੱਲੇ ਦੇ ਅੱਬਾ ਅਤੇ ਦਾਦਾ ਨਾਲ ਉਸਦਾ ਬੜਾ ਵਰਤਾਰਾ ਸੀ। ਦੁੱਲੇ ਦਾ ਬਾਬਾ ਬਿਜਲੀ ਖਾਨ ਅਤੇ ਉਹ ਦੋਵੇਂ ਹਾਣੀ ਵੀ ਸਨ। ਪਹਿਲਾਂ ਉਹਨਾਂ ਦੇ ਵਡੇਰਿਆਂ ਵੇਲੇ ਹੰਜਰਾ ਕਬੀਲੇ ਨਾਲ ਭੱਟੀਆਂ ਦਾ ਪੂਰਾ ਵੈਰ ਸੀ, ਪਰ ਹੁਣ ਉਹ ਦੋਵੇਂ ਜਣੇ ਬੋਹੜ ਦੇ ਹੇਠਾਂ ਕਦੇ ਕਦੇ ਹੁੱਕਾ ਸਾਂਝਾ ਕਰਦੇ, ਪੁਰਾਣੀਆਂ ਗੱਲਾਂ ਯਾਦ ਕਰਿਆ ਕਰਦੇ ਸਨ। ਪਰ ਇਹ ਗੱਲਾਂ ਦੁੱਲੇ ਦੇ ਪੈਦਾ ਹੋਣ ਤੋਂ ਪਹਿਲਾਂ ਦੀਆਂ ਨੇ।

ਹੁਣ ਮੀਆਂ ਚਿਰਾਗ਼ਦੀਨ ਨਵੀਂ ਪੀੜ੍ਹੀ ਨੂੰ ਪਿੰਡੀ ਬੱਝਣ, ਵਸਣ ਤੇ ਫਿਰ ਉਜੜਨ ਦੀਆਂ ਘਟਨਾਵਾਂ ਸੁਣਾਉਂਦਾ ਰਹਿੰਦਾ ਸੀ। ਅਫਜ਼ਲ ਮੀਆਂ ਉਸਦਾ ਪੜੋਸੀ ਸੀ। ਦੋਹਾਂ ਦੀ ਸੁਰ ਰਲਦੀ ਸੀ। ਜਦੋਂ ਵਿਹਲ ਮਿਲਦੀ ਦੋਵੇਂ ਬੋਹੜ ਥੱਲੇ ਆ ਬੈਠਦੇ। ਕਦੇ ਲਾਹੌਰ, ਕਦੇ ਦਿੱਲੀ ਅਤੇ ਕਦੇ ਪਿੰਡੀ ਦੇ ਵਡੇਰਿਆਂ ਦੀਆਂ ਗੱਲਾਂ ਛਿੜਦੀਆਂ ਰਹਿੰਦੀਆਂ।

ਅੱਜ ਉਹ ਕਾਫ਼ੀ ਦਿਨਾਂ ਬਾਅਦ ਇਕੱਠੇ ਹੋਏ ਸਨ। ਥੋੜ੍ਹਾ ਪਰ੍ਹੇ ਕੁਝ ਛੋਹਰ ਲਾਚੜੇ ਹੋਏ ਰੌਲਾ ਪਾਉਂਦੇ ਇਕ ਦੂਸਰੇ ਉਪਰ ਮਿੱਟੀ ਦੇ ਬੁੱਕ ਭਰ ਭਰ ਸੁੱਟ ਰਹੇ ਸਨ। ਅਫਜ਼ਲ ਮੀਆਂ ਨੇ ਝਿੜਕਿਆ—‘ਉਏ ਔਲੋ ਕਰਨੋਂ ਟਲਦੇ ਨਈਂ ਛੋਹਰੋ।’

ਛੋਹਰਾਂ ਨੇ ਜੀਭਾਂ ਬਾਹਰ ਕੱਢ ਕੇ ਅਫਜ਼ਲ ਮੀਆਂ ਨੂੰ ਚਿੜਾਇਆ। ਅਫਜ਼ਲ ਗੁੱਸੇ ਹੋਣ ਲੱਗਾ ਤਾਂ ਮੀਆਂ ਚਿਰਾਗ਼ ਦੀਨ ਹੱਸ ਪਿਆ।—‘ਕਰਨ ਦੇ ਮਸਤੀ ਬੱਚਿਆਂ ਨੂੰ ਅਫਜ਼ਲ



ਮੀਆਂ। ਉਮਰ ਏ ਏਹਨਾਂ ਦੀ।.....’ ਫਿਰ ਉਸਨੇ ਖ਼ਰਮਸਤੀ ਕਰਦੇ ਮੁੰਡਿਆਂ ਨੂੰ ਕਿਹਾ—‘ਪੁੱਤਰੋ ਥੋੜ੍ਹਾ ਦਰਿਆ ਵੱਲ ਜਾ ਖੇਡੋ।’

ਬੱਚੇ ਸਚਮੁੱਚ ਹੀ ਦਰਿਆ ਵੱਲ ਚਲੇ ਗਏ।

ਏਨੇ ਵਿਚ ਮੀਆਂ ਕਰੀਮ ਬਖਸ਼ ਵੀ ਚਿਰਾਗ ਦੀਨ ਹੋਰਾਂ ਲਾਗੇ ਆ ਬੈਠਾ। ਦੁਆ ਸਲਾਮ ਹੋਈ। ਇਕ ਦੂਸਰੇ ਦੀ ਖ਼ੈਰ ਸੁੱਖ ਪੁੱਛੀ।

—ਕਰੀਮ ਬਖਸ਼ਾ ਰਾਤੀਂ ਲਹਿੰਦੇ ਵੱਲ ਬੜਾ ਰੌਲਾ ਸੁਣੀਂਦਾ ਸੀ।’ ਅਫਜ਼ਲ ਮੀਆਂ ਨੇ ਪੁੱਛਿਆ।

—ਮੈਂ ਤਾਂ ਧਾਅਨੂੰ ਪੁੱਛਣ ਆਇਆਂ, ਤੁਸੀਂ ਮੈਨੂੰ ਪੁੱਛਣ ਡਹੇ ਓਂ.....।’ ਕਰੀਮ ਬਖਸ਼ ਹੈਰਾਨ ਹੋਇਆ।

—ਜੋ ਵੀ ਹੈ, ਜੋ ਵੀ ਹੋਇਆ ਏ, ਪਿੰਡੀ ਲਈ ਚੰਗਾ ਨਹੀਂ ਹੋਣਾ।’ ਆਖ ਕੇ ਮੀਆਂ ਚਿਰਾਗ਼ ਦੀਨ ਨੇ ਲੰਮਾ ਸਾਹ ਲਿਆ।

—ਹਾਜੀ ਮੀਆਂ, ਸਾਡੀਆਂ ਹੋਣੀਆਂ ਵਿਚ, ਵਸਣਾ, ਉਜੜਨਾ, ਫੇਰ ਵਸਣਾ, ਫੇਰ ਉਜੜਨਾ ਹੀ ਕਿਉਂ ਲਿੱਖ ਦਿੱਤਾ ਈ ਅੱਲਾਹ ਨੇ ? ਸਾਡੇ ਹਿੱਸੇ ਦਾ ਅਮਨ ਅਮਾਨ ਕਿਧਰ ਗੁਆਚ ਗਿਆ ?’ ਅਫਜ਼ਲ ਮੀਆਂ ਨੇ ਡਾਹਢੇ ਦੁੱਖ ਨਾਲ ਪੁੱਛਿਆ।

—ਅਮਨ ਅਮਾਨ ਦੋ ਢੰਗਾਂ ਨਾਲ ਰਹਿ ਸਕਦਾ ਏ ਅਫਜ਼ਲ ਮੀਆਂ। ਜਾਂ ਤਾਂ ਹਾਕਮ ਜੋ ਕਰਦਾ ਈ ਉਹਨੂੰ ਜੀ ਹਜ਼ੂਰ ਆਖ ਕੇ ਸਿਰ ਝੁਕਾਈ ਰੱਖੋ। ਹਾਕਮ ਦਾ ਫ਼ੁਰਮਾਨ ਅੱਲਾਹ ਦਾ ਫ਼ੁਰਮਾਨ ਜਾਣੋ, ਜਾਂ ਫਿਰ ਹਾਕਮ ਜੇ ਸੇਰ ਈ ਤਾਂ ਉਹਨੂੰ ਸਵਾ ਸੇਰ ਹੋ ਕੇ ਟੱਕਰੋ।’ ਆਖ ਕੇ ਮੀਆਂ ਚਿਰਾਗ਼ ਦੀਨ ਨੇ ਹੁੱਕੇ ਦੀ ਨੜੀ ਮੂੰਹ ਵਿਚ ਲੈ ਲਈ।

—ਹਾਜੀ ਮੀਆਂ ਹਕੂਮਤਾਂ ਨੂੰ ਗ਼ਰੀਬਾਂ ਕੀ ਸਵਾ ਸੇਰ ਹੋ ਕੇ ਟੱਕਰਨਾ ਹੋਇਆ। ਬਹੁਤਿਆਂ ਨੂੰ ਤਾਂ ਦੋਹੀਂ ਵੇਲੀਂ ਚੁਲ੍ਹੇ ਵਿਚ ਅੱਗ ਪਾਉਣ ਦੇ ਫ਼ਿਕਰ ਈ ਨੀ ਮੁੱਕਦੇ।’ ਕਰੀਮ ਬਖਸ਼ ਬੋਲਿਆ।

—ਸੱਚ ਆਖਨਾਂ ਏ ਕਰੀਮ ਬਖਸ਼ਾ। ਸਮਾਂ ਇਕ ਜੇਹਾ ਨਹੀਂ ਰਹਿੰਦਾ ਕਦੀ। ਅੱਲਾਹ ਜਾਣਦਾ ਏ, ਤਖ਼ਤਾਂ ਵਾਲਿਆਂ ਘਾਹ ਖੋਤੇ, ਤੇ ਘਾਹ ਖੋਤਣ ਵਾਲਿਆਂ ਤਖ਼ਤ ਮੱਲੇ। ਸੂਰਜ ਚੜ੍ਹਨ ਵੇਲੇ, ਸਿੱਖਰ ਵੇਲੇ ਤੇ ਛਿੱਪਣ ਵੇਲੇ ਪਰਛਾਵੇਂ ਬਦਲਦੇ ਰਹਿੰਦੇ ਨੇ ਮੀਆਂ। ਏਵੇਂ ਬਾਦਸ਼ਾਹੀਆਂ ਦੇ ਪਰਛਾਵੇਂ ਵੀ ਬਦਲਦੇ ਰਹਿੰਦੇ ਨੇ।’ ਆਖਕੇ ਜਦੋਂ ਚਿਰਾਗ਼ ਦੀਨ ਨੇ ਹੁੱਕਾ ਖਿੱਚਿਆ ਤਾਂ ‘ਗੁੜ ਗੁੜ’ ਹੋਈ।

—ਸਹੀ ਆਖੀ ਊ ਮੀਆਂ।’ ਕਰੀਮ ਬਖਸ਼ ਨੇ ਆਪਣਾ ਘੋਨ ਮੋਨ ਸਿਰ ਹਿਲਾਉਂਦਿਆਂ ਹਾਮੀ ਭਰੀ।

—ਵੇਖਦਾ ਈ ਪਿਆਂ ਏਂ, ਕਿਧਰ ਵੰਞ ਗਏ ਦੁਨੀਆਂ ਫਤਹਿ ਕਰਨ ਵਾਲੇ। ਕੋਈ ਰਾਹਾਂ ’ਚ ਮਰ ਖਪ ਗਏ, ਗੋਰ ਵੀ ਨਸੀਬ ਨਹੀਂ ਹੋਈ। ਕੋਈ ਨਮੋਸ਼ੀ ਨਾਲ ਹੀ ਮਰ ਗਏ, ਏਨਾ ਕਤਲੇ-ਆਮ ਕਾਹਦੇ ਲਈ ਕੀਤਾ। ਹੁਣ ਵੀ ਜਦ ਹਲ ਜੋਤਨੇ ਆ, ਕੋਈ ਫਾਲਾ ਕਿਸੇ ਖੋਪੜੀ ’ਚ ਜਾ ਵਜਦਾ। ਕੀ ਪਤਾ ਬੀਤੇ ਸਮਿਆਂ ਦਾ ਕੋਈ ਸ਼ਹਿਨਸ਼ਾਹ ਹੋਵੇ, ਕੋਈ ਫ਼ਕੀਰ ਹੋਵੇ, ਏਥੇ ਰੁਲਦੇ ਪਏ ਨੇ ਸਾਡੇ ਖੇਤਾਂ ਵਿਚ।’ ਆਖਕੇ ਚਿਰਾਗ਼ਦੀਨ ਫਿਰ ਹੁੱਕਾ ਖਿੱਚਣ ਲੱਗ ਪਿਆ।

ਸਾਰੇ ਜਾਣਦੇ ਹਨ, ਸਮਝਦੇ ਹਨ, ਜਦੋਂ ਚਿਰਾਗ਼ਦੀਨ ਗੱਲਾਂ ਕਰਦਾ ਹੈ, ਉਸਦੀ

ਜ਼ਬਾਨ ਉੱਪਰ ਜਿਵੇਂ ਅੱਲਾਹ ਆਣ ਬਹਿੰਦਾ ਹੈ। ਧੁਰ ਦੀਆਂ ਗੱਲਾਂ ਕਰਦਾ ਹੈ। ਪਤਾ ਨਹੀਂ ਕਿਥੋਂ ਤੁਰੀਆਂ ਆਉਂਦੀਆਂ ਹਨ। ਪਿੰਡੀ ਦੇ ਕੁਝ ਲੋਕ ਤਾਂ ਉਸਨੂੰ ਪੀਰ ਔਲੀਆ ਵਾਂਗ ਮੰਨਦੇ ਹਨ। ਉਸਦੀ ਉਮਰ ਵੀ ਵਡੇਰੀ ਹੈ। ਪਿੰਡੀ ਵਿਚ ਉਸਦੀ ਉਮਰ ਦੇ ਦੋ ਜਾਂ ਤਿੰਨ ਜਣੇ ਹੀ ਹੋਣਗੇ। ਪਰ ਉਹ ਸਿਹਤ ਵਲੋਂ ਨਿੱਘਰੇ ਹੋਏ ਨੇ ਤੇ ਘਰੋਂ ਘੱਟ ਹੀ ਬਾਹਰ ਨਿਕਲਦੇ ਨੇ। ਮੀਆਂ ਚਿਰਾਗ਼ਦੀਨ ਸਦਾ ਸਾਂਝੀ ਗੱਲ ਕਰਦਾ ਹੈ। ਜਦੋਂ ਸੱਥ ਵਿਚ ਆ ਬੈਠਦਾ ਹੈ, ਸਾਰੇ ਉਸਨੂੰ ਇਜ਼ਤ ਦਿੰਦੇ ਹਨ। ਉਸਦੀਆਂ ਆਖੀਆਂ ਗੱਲਾਂ ਬੜੇ ਧਿਆਨ ਨਾਲ ਸੁਣਦੇ ਹਨ। ਜਦੋਂ ਕਦੇ ਭੱਟੀਆਂ ਦੀ ਗੱਲ ਤੁਰਦੀ ਹੈ ਤਾਂ ਮੀਆਂ ਚਿਰਾਗ਼ਦੀਨ ਨੂੰ ਬਿਜਲੀ ਖ਼ਾਨ ਸਾਂਦਲ ਭੱਟੀ ਨਾਲ ਰਹਿਣ ਦਾ ਬੜਾ ਮਾਣ ਹੈ। ਉਹਨਾਂ ਦੀਆ ਗੱਲਾਂ ਸੁਣਾਉਂਦਾ ਉਹ ਬੜਾ ਗੌਰਵ ਮਹਿਸੂਸ ਕਰਦਾ ਹੈ।

ਬੋਹੜ ਥੱਲੇ ਸਦਾ ਮਜਲਸ ਲੱਗੀ ਰਹਿੰਦੀ। ਕਦੇ ਕਿਸੇ ਨੂੰ ਅਚਾਨਕ ਘਰ ਦਾ ਕੰਮ ਯਾਦ ਆ ਜਾਂਦਾ। ਕਦੇ ਨਮਾਜ਼ ਦਾ ਵਕਤ ਹੁੰਦਾ ਤਾਂ ਆਉਣ ਜਾਣ ਲੱਗਾ ਰਹਿੰਦਾ। ਪਿੰਡੀ ਦੀ ਰਿਆਸਤ ਦਾ ਬੋਹੜ ਥੱਲੇ ਹਰ ਰੋਜ਼ ਦਰਬਾਰ ਲੱਗਦਾ ਤੇ ਦੁਨੀਆਂ ਜਹਾਨ ਦੀਆਂ ਗੱਲਾਂ ਚਲਦੀਆਂ ਰਹਿੰਦੀਆਂ।

****

ਅੱਜ ਫਿਰ ਬੋਹੜ ਹੇਠਾਂ ਪੂਰੀ ਮਜਲਿਸ ਲੱਗੀ ਹੋਈ ਸੀ। ਹੁੱਕੇ ਦੀ ਲੰਮੀ ਨੜੀ ਘੁੰਮ ਰਹੀ ਸੀ। ਕਰੀਮ ਬਖਸ਼, ਮੀਆਂ ਚਿਰਾਗ਼ ਦੀਨ, ਅਫਜ਼ਲ ਮੀਆਂ। ਸਦੀਕ ਦਾ ਅੱਬਾ, ਰਮਜ਼ੇ ਦਾ ਦਾਦਾ, ਹੋਰ ਵੀ ਬੈਠੇ ਸਨ। ਚੌਧਰੀਆਂ ਵਾਲੇ ਪਾਸਿਓਂ ਰਹਿਮਤ ਅਲੀ ਨੂੰ ਬੁੱਧ ਰਾਮ ਸਹਾਰਾ ਦੇਈ ਥੜ੍ਹੇ ਵੱਲ ਲਈ ਆਉਂਦਾ ਵੇਖ ਕੇ ਅਫਜ਼ਲ ਹੱਸਿਆ—'ਅੱਜ ਤਾਂ ਰਹਿਮਤੇ ਦਾ ਵੀ ਰੱਸਾ ਲਾਹ ਦਿੱਤਾ ਬੇਗ਼ਮਾਂ ਨੇ।'

ਉਸ ਵੇਲੇ ਕਰੀਮ ਬਖਸ਼ ਹੁੱਕੇ ਦਾ ਕਸ਼ ਖਿੱਚ ਰਿਹਾ ਸੀ। ਹੱਸਣ ਲੱਗਿਆਂ ਉਸਨੂੰ ਖੰਘ ਛਿੜ ਪਈ।

ਚਿਰਾਗ਼ਦੀਨ ਅੱਜ ਫੇਰ ਭੱਟੀਆਂ ਦੀਆਂ ਗੱਲਾਂ ਛੇੜੀ ਬੈਠਾ ਸੀ। ਗੱਲਾਂ ਵਿਚ ਵਿਘਨ ਪੈਣ ਦੇ ਡਰੋਂ ਰਹਿਮਤ ਅਸੀਂ ਅਤੇ ਬੁੱਧ ਰਾਮ ਅਡੋਪਲੇ ਜਿਹੇ ਇਸ਼ਾਰਿਆਂ ਨਾਲ ਹੀ ਦੁਆ-ਸਲਾਮ ਕਰਕੇ ਬਹਿ ਗਏ ਸਨ।

—ਇਹ ਗੱਲਾਂ ਕਿੰਨੇ ਕੁ ਸਾਲਾਂ ਦੀਆਂ ਹੋਣੀਆਂ ਹਾਜੀ ਬਾਬਾ ?' ਉਂਸਲਵੱਟੇ ਲੈਂਦਿਆਂ ਹਵੇਲੀ ਰਾਮ ਹਲਵਾਈ ਦੇ ਲੜਕੇ ਬੁੱਧ ਰਾਮ ਨੇ ਪੁੱਛਿਆ। ਸਾਰੇ ਜਾਣਦੇ ਸਨ, ਬੁੱਧ ਰਾਮ ਕੋਲੋਂ ਬਹੁਤਾ ਚਿਰ ਚੁੱਪ ਕਰਕੇ ਨਹੀਂ ਬੈਠਿਆ ਜਾਂਦਾ।

—ਇਹ ਕਿਤੇ ਅੱਜ ਦੀਆਂ ਗੱਲਾਂ ਨੇ ਪੁੱਤਰਾ। ਪਿੰਡਾਂ ਨੂੰ ਸ਼ਹਿਰਾਂ ਨੂੰ ਵੱਸਣ ਲਈ ਸਦੀਆਂ ਲੱਗ ਜਾਂਦੀਆਂ ਨੇ। ਹਮਲਾਵਰ ਆਉਂਦੇ ਨੇ, ਘੜੀਆਂ-ਪਲਾਂ 'ਚ ਥੇਹ ਬਣਾ ਧਰਦੇ ਨੇ। ਜਿਹੜੇ ਜਿਉਂਦੇ ਰਹਿ ਜਾਂਦੇ ਨੇ, ਫੇਰ ਕੱਖ-ਕਾਨ੍ਹ ਜੋੜਨ ਲਗਦੇ ਨੇ। ਵਸੇਬਾ ਤਾਂ ਕਰਨਾ ਈ ਹੋਇਆ।'

—ਅੱਜ ਤਾਂ ਕਰੀਮ ਬਖਸ਼ ਤਾਊ ਅਵੇਰੇ ਈ ਆਇਆ ਬੈਠਾ ਹਾਜੀ ਬਾਬਾ।' ਬੁੱਧ ਰਾਮ ਨੇ ਛੇੜਿਆ।

—ਤੂੰ ਮੈਨੂੰ ਹਲਵਾਇਣ ਕੋਲ ਖੜਨਾ ਸੀ ਉਏ ਕਮੂਤਾ ?' ਕਰੀਮ ਬਖਸ਼ ਨੇ ਬੁੱਧ ਰਾਮ ਦੇ ਗਿੱਟੇ ਉਪਰ ਮਾਰੀ ਤਾਂ ਰਹਿਮਤ ਅਲੀ ਬੋੜਾ ਮੂੰਹ ਖੋਹਲ ਕੇ ਹੱਸਿਆ।



—ਤਾਊ ਹਲਵਾਇਣ ਦਾ ਭਾਰ ਪੱਚੀ ਪੰਸੇਰੀਆਂ ਈ; ਜੇ ਥੱਲੇ ਆ ਗਿਆ ਮੋਕ ਵਗ ਤੁਰਨੀ ਊ।' ਬੁਧ ਰਾਮ ਨੇ ਕਿਹਾ ਤਾਂ ਸਾਰੇ ਬਜ਼ੁਰਗ ਹੱਸਣ ਲੱਗੇ।

ਕਰੀਮ ਬਖਸ਼ ਨੂੰ ਅੱਗੋਂ ਕੋਈ ਗੱਲ ਨਹੀਂ ਅਹੁੜੀ। ਉਹ ਚੌਂਕੜੀ ਮਾਰ ਕੇ ਬੈਠ ਗਿਆ ਤੇ ਹੁੱਕੇ ਦੀ ਨੜੀ ਦੂਸਰੇ ਕੋਲੋਂ ਫੜਕੇ ਆਪਣੀ ਮੁੱਠ ਵਿਚ ਘੁੱਟ ਲਈ।

—ਹਾਜੀ ਬਾਬਾ ਤਾਊ ਕਰੀਮ ਬਖਸ਼ ਤਾਂ ਅੱਜ ਸ਼ਹਿਨਸ਼ਾਹ ਅਕਬਰ ਬਣਿਆ ਬੈਠਾ ਈ।' ਬੁੱਧ ਰਾਮ ਨੇ ਫੇਰ ਛੇੜਿਆ।

—ਉਏ ਬੁਧੂਆ, ਤੇਰਾ ਡਮਾਕ ਲੱਡੂ ਵੱਟਣ ਜੋਗਾ ਈ ਏ। ਅਕਬਰ ਅਸਾਂ ਦੇ ਕਿਵੇਂ ਸਾਵਾਂ ਹੋ ਸਕਦਾ ਈ। ਉਹਦੇ ਸਿਰ ਨੂੰ ਸੌ ਪੀੜਾਂ। ਅਸੀਂ ਹੋਏ ਏਸ ਬੋਹੜ ਥੱਲੇ ਤਖ਼ਤ ਦੇ ਬਾਦਸ਼ਾਹ। ਨਾ ਕਿਸੇ ਦੀ ਭੋਇੰ ਦੱਬਣੀ ਏ ਤੇ ਨਾ ਕੋਈ ਬੰਦੀਖ਼ਾਨੇ ਸੁੱਟਣਾ ਏ। ਅੱਲਾਹ ਦਾ ਰਿਜ਼ਕ ਖਾ ਛੱਡੀਦਾ ਏ ਤੇ ਉਹਦਾ ਸ਼ੁਕਰ ਕਰ ਛੱਡੀਦਾ ਏ। ਹੋਰ ਕੀ ਚਾਹੀਦਾ ਏ ਬੰਦੇ ਨੂੰ। ਭੋਇੰ ਹੀ ਚਾਹੀਦੀ ਏ ਨਾ ਕੁੱਲ ਢਾਈ ਹੱਥ। ਉਹ ਬਾਦਸ਼ਾਹ ਨੂੰ ਵੀ ਮਿਲਣੀ ਏ, ਤੇ ਅਸਾਂ ਦੇ ਨਸੀਬੇ ਵੀ ਲਿਖੀ ਏ।' ਆਖਕੇ ਕਰੀਮ ਬਖਸ਼ ਨੇ ਲੰਮਾ ਕਸ਼ ਖਿੱਚਿਆ। ਅੱਖਾਂ 'ਚ ਕੁਝ ਸੁਰਖ਼ੀ ਆ ਗਈ।

ਸਾਰਿਆਂ ਦੁਆਲੇ ਤਮਾਖੂ ਦੀ ਤਿੱਖੀ ਗੰਧ ਫੈਲੀ ਹੋਈ ਸੀ। ਬੈਠਿਆਂ ਬੈਠਿਆਂ ਰਹਿਮਤ ਅਲੀ ਦੇ ਮੂੰਹੋਂ—'ਯਾ ਅੱਲਾਹ' ਨਿਕਲਿਆ ਤਾਂ ਬੁੱਧ ਰਾਮ ਮੁਸਕੜੀਏਂ ਹੱਸਿਆ।

—ਓਏ ਖਤਰੀਆ, ਅੱਲਾਹ ਦੇ ਨਾਂ ਤੇ ਹੱਸਨਾਂ ਏਂ ?' ਅਫਜ਼ਲ ਨੇ ਝਿੜਕਿਆ।

—ਤੌਬਾ ਤੌਬਾ—।' ਬੁਧ ਰਾਮ ਨੇ ਸ਼ਰਾਰਤ ਨਾਲ ਦੋਵੇਂ ਕੰਨ ਫੜੇ।....'ਮੇਰੀ ਕੀ ਮਜਾਲ ਅੱਲਾਹ ਦੇ ਨਾਂ 'ਤੇ ਹੱਸਾਂ। ਮੈਂ ਤਾਂ ਹੱਸਨਾ, ਚਾਚਾ ਰਹਿਮਤ ਅਲੀ ਅੱਜ ਅੱਲਾਹ ਨੂੰ ਕੁਵੇਲੇ ਯਾਦ ਕਰਨ ਡਿਹਾ ਈ।'

—ਉਏ ਕਾਫ਼ਰਾ, ਅੱਲਾਹ ਨੂੰ ਵੀ ਯਾਦ ਕਰਨ ਦਾ ਕੋਈ ਵੇਲਾ ਹੁੰਦਾ ਈ ?' ਰਹਿਮਤ ਅਲੀ ਹੁੱਕੇ ਦੀ ਨੜੀ ਫੜਦਿਆਂ, ਬੁੱਧ ਰਾਮ ਨੂੰ ਘੁਰਕਿਆ।

—ਲਾਹੌਲ-ਵਿੱਲਾ-ਕੁਵੱਤ।' ਹਾਜੀ ਚਿਰਾਗ਼ ਦੀਨ ਦੇ ਮੂੰਹੋਂ ਨਿਕਲਿਆ ਤੇ ਉਹ ਤਸਬੀ ਫੇਰਨ ਲੱਗਾ।

ਰਹਿਮਤ ਅਲੀ, ਮੀਆਂ ਚਿਰਾਗ਼ ਦੀਨ ਵਾਂਗ ਪੱਕੀ ਉੱਮਰ ਦਾ ਬਜ਼ੁਰਗ ਸੀ। ਬੈਠਾ ਹੋਵੇ ਤਾਂ ਆਪਣੇ ਆਪ ਉੱਠ ਨਹੀਂ ਸੀ ਸਕਦਾ। ਕੁਝ ਦੂਰ ਜਾਣਾ ਹੋਵੇ ਤਾ ਕਿਸੇ ਦੇ ਕੰਧੇ ਦਾ ਸਹਾਰਾ ਲੱਭਦਾ ਰਹਿੰਦਾ ਸੀ। ਏਸ ਉਮਰ ਵਿਚ ਆ ਕੇ ਉਸਨੇ ਚੌਥਾ ਨਿਕਾਹ ਕੀਤਾ ਹੋਇਆ ਸੀ। ਉਸਦੀ ਚੌਥੀ ਬੇਗ਼ਮ ਪੱਚੀ ਕੁ ਸਾਲਾਂ ਦੀ ਭਰਵੀਂ ਸਿਹਤ ਵਾਲੀ ਲੜਕੀ ਸੀ। ਉਸਦੇ ਮੁਕਾਬਲੇ ਰਹਿਮਤ ਅਲੀ ਸਰੀਰ ਪੱਖੋਂ ਇਕ ਦਮ ਹਾਰਿਆ ਹੋਇਆ ਸੀ। ਕਦੇ ਗੋਡੇ ਦੁੱਖਣ ਲੱਗ ਪੈਂਦੇ, ਕਦੇ ਲੱਕ ਪੀੜ ਹੋਣ ਲਗਦੀ। ਨਿਗਾਹ ਵੀ ਪਹਿਲਾਂ ਵਾਲੀ ਨਹੀਂ ਸੀ ਰਹੀ। ਥੋੜੀ ਦੂਰ ਦੇਖਣ ਲਈ ਵੀ ਉਸਨੂੰ ਅੱਖਾਂ ਉੱਪਰ ਹੱਥ ਦਾ ਛੱਪਰ ਬਨਾਉਣਾ ਪੈਂਦਾ ਸੀ।

ਇਕ ਦਿਨ ਸਬੱਬ ਨਾਲ ਰਹਿਮਤ ਅਲੀ ਦੀ ਚੌਥੀ ਬੇਗਮ ਦੀ ਜ਼ਰਾ ਕੁ ਝਲਕ ਬੁੱਧ ਰਾਮ ਨੂੰ ਦਿੱਸ ਗਈ ਸੀ। ਉਸਨੇ ਅਫਜ਼ਲ ਮੀਆਂ ਨਾਲ ਹੌਲੀ ਹੌਲੀ ਘੁਸਰ-ਮੁਸਰ ਕੀਤੀ ਸੀ:

—ਉਏ ਚਾਚਾ ਮੈਂ ਤਾਂ ਲੁੱਟਿਆ ਗਿਆ ਈ ਅੱਜ।' ਬੁੱਧ ਰਾਮ ਦੀਆਂ ਅੱਖਾਂ ਵਿਚ ਸ਼ਰਾਰਤ ਸੀ।

—ਕਿਉਂ ਜਲੇਬੀਆਂ ਕੁੱਤਾ ਖਾ ਗਿਆ ?' ਹਲਵਾਈ ਹੋਣ ਕਰਕੇ ਸਾਰੇ ਉਸਨੂੰ ਏਹੋ ਜਿਹੇ ਮਜ਼ਾਕ ਹੀ ਕਰਦੇ ਸਨ।

—ਕਾਹਨੂੰ ਚਾਚਾ, ਅੱਜ ਰਹਿਮਤ ਚਾਚੇ ਦੀ ਚੌਥੀ ਰੰਨ ਦੇਖ ਲਈ, ਓਹਦੀਆਂ ਤਾਂ ਅੱਖਾਂ ਮਸ਼ਾਲ ਆਂਗੂ ਬਲਦੀਆਂ ਨੇ ਚਾਚਾ।'

—ਉਏ ਕੁੱਤਿਆ, ਮੂਰਖਾ, ਤੇਰੀ ਅੰਮਾ ਲਗਦੀ ਊ। ਏਹ ਤਰ੍ਹਾਂ ਨਈਂ ਆਖੀਦਾ।' ਅਫਜ਼ਲ ਨੇ ਝਿੜਕਿਆ।

—ਤੂੰ ਲੱਖ ਆਖ ਪਿਆ ਚਾਚਾ। ਰਹਿਮਤ ਅਲੀ ਦੀ ਉਮਰ ਦੇ ਸਾਕੋਂ ਤਾਂ ਮੇਰੀ ਅੰਮਾਂ ਲਗਦੀ ਹੋਣੀ, ਪਰ ਮੇਰੀ ਉਮਰੋਂ ਤਾਂ ਉਹ ਸਾਵੀਂ ਏਂ। ਹਾਂ ਇਕ ਗੱਲ ਏ, ਰਹਿਮਤ ਅਲੀ ਸਾਰੀ ਪਿੰਡੀ ਦਾ ਚਾਚਾ ਈ, ਏਸ ਪਾਸਿਓਂ ਚਾਚੀ ਆਖ ਦਿਆਂ ?' ਅੰਮਾਂ ਸਦਵਾ ਕੇ ਤਾਂ ਉਹਨੇ ਵੀ ਖੁਸ਼ ਨਹੀਂ ਹੋਣਾ ਚਾਚਾ ਜਾਨ।' ਸਾਰੇ ਜਾਣਦੇ ਹਨ, ਬੁਧ ਰਾਮ ਢਿੱਡੋਂ ਸ਼ਰਾਰਤੀ ਹੈ ਤੇ ਹੁਣ ਵੀ ਸ਼ਰਾਰਤ ਕਰਦਾ ਹੋਣਾ। ਅਫਜ਼ਲ ਮੀਆਂ ਨੇ ਗੱਲ ਹੱਸ ਕੇ ਟਾਲ ਦਿੱਤੀ ਸੀ।

ਅੱਜ ਜਦੋਂ ਰਹਿਮਤ ਅਲੀ ਹੁੱਕੇ ਦਾ ਕਸ਼ ਖਿੱਚਣ ਵਿਚ ਮਸਤ ਸੀ। ਬੁੱਧ ਰਾਮ ਕੋਲੋਂ ਸਬਰ ਨਾ ਹੋਇਆ। ਸਰਕ ਕੇ ਉਸਦੇ ਨੇੜੇ ਹੋ ਗਿਆ ਤੇ ਸਭਨਾਂ ਨੂੰ ਸੁਣਾ ਕੇ ਪੁੱਛਿਆ— 'ਅਲੀ ਚਾਚਾ ਸਰੀਰ ਤਾਂ ਵੱਲ ਏ ਨਾ ?'

—ਰੱਬ ਦੀ ਮਿਹਰ ਈ।' ਰਹਿਮ ਅਲੀ ਬੋਲਿਆ।

—ਸਾਡੀ ਚਾਚੀ ਤਾਂ ਖੁਸ਼ ਰਹਿੰਦੀ ਏ ਨਾ ?'

ਰਹਿਮਤ ਅਲੀ, ਹੁੱਕੇ ਦੀ ਨੜੀ ਕਰੀਮ ਬਖਸ਼ ਨੂੰ ਫੜਾਉਂਦਿਆਂ ਤਾਜੁੱਬ ਨਾਲ ਬੁੱਧ ਰਾਮ ਵੱਲ ਝਾਕਿਆ।

—ਸਾਡੀ ਨਵੀਂ ਚਾਚੀ ?' ਬੁੱਧ ਰਾਮ ਥੋੜਾ ਪਿੱਛੇ ਹਟਦਿਆਂ ਕਿਹਾ।

—ਉਹ ਗੰਦਿਆਂ ਤੁਖ਼ਮਾਂ, ਕਾਫਰਾ, ਤੈਨੂੰ ਕਿੰਨੀ ਵਾਰ ਵਰਜਿਆ ਈ, ਮਸਲਿਤ ਕਰਦਿਆਂ ਜਨਾਨਖ਼ਾਨੇ ਵੱਲ ਨਹੀਂ ਜਾਈਦਾ।' ਰਹਿਮਤ ਅਲੀ ਨੇ ਧੌੜੀ ਦੀ ਜੁੱਤੀ ਪੈਰ ਵਿਚ ਲਾਹ ਕੇ ਹੱਥ ਵਿਚ ਫੜਦਿਆਂ ਕਿਹਾ।

—ਹਾਲ ਚਾਲ ਤਾ ਦੁਸ਼ਮਣਾਂ ਦਾ ਵੀ ਪੁੱਛ ਲਈਦਾ ਚਾਚਾ।' ਬੁੱਧ ਰਾਮ ਪੂਰਾ ਮੱਛਰਿਆ ਹੋਇਆ ਸੀ ਤੇ ਉਸਦੀ ਨਿਗਾਹ ਰਹਿਮਤ ਅਲੀ ਦੇ ਹੱਥ ਵਿਚ ਫੜੀ ਜੁੱਤੀ ਵੱਲ ਸੀ।

—ਕਮਬਖ਼ਤਾ, ਤੈਨੂੰ ਪਰ੍ਹੇ 'ਚ ਬਹ੍ਹੀ ਕੇ ਗੱਲਾਂ ਕਰਨ ਦਾ ਸ਼ਊਰ ਨਹੀਓਂ ? ਚਾਚੀ ਮਾਂ ਹੁੰਦੀ ਏ, ਕਦੀ ਆਪਣੇ ਪਿਉ ਕੋਲੋਂ ਵੀ ਪੁੱਛਿਆ ਈ, ਤੇਰੀ ਅੰਮਾਂ ਨੂੰ ਖੁਸ਼ ਰੱਖਦਾ ਏ ਕਿ ਨਈਂ ?' ਹਰਖ਼ ਵਿਚ ਰਹਿਮਤ ਅਲੀ ਨੇ ਦੋ ਤਿੰਨ ਵਾਰ ਜੁੱਤੀ ਥੜ੍ਹੇ ਉਪਰ ਮਾਰੀ।

-ਰਹਿਮਤ ਅਲੀਆ, ਇਹਨਾਂ ਚੋਬਰਾਂ ਦਾ ਗੁੱਸਾ ਨਾ ਕਰਿਆ ਕਰ। ਏਹਨਾਂ ਨੂੰ ਗੱਲਾਂ ਛੇੜਨ ਦਾ ਠਰਕ ਈ। ਇਹ ਆਪ ਤਾਂ ਹਿੱਕ ਰੰਨ ਨੂੰ ਖੁਸ਼ ਰੱਖਣ ਜੋਗੇ ਨਹੀਓਂ। ਰਾਤੀ ਸੌਣ ਵੇਲੇ ਪੈਲੀਆਂ 'ਚ ਜਾ ਸੌਂਦੇ ਨੀ। ਬਹਾਨਾ ਹੁੰਦਾ ਈ, ਰਾਖੀ ਰਖ਼ਨੇ ਆਂ। ਅਸਾਂ ਬੁੱਢਿਆਂ 'ਚ ਤਾਂ ਹਾਲੇ ਵੀ ਦਮ ਹੈਗਾ। ਇਹਨੂੰ ਬੁੱਧੂ ਨੂੰ ਆਖ ਜੇ ਕੋਈ ਤਾਈ, ਚਾਚੀ ਵਿਹਲੀ ਊ ਤਾਂ ਚਾਦਰ ਪਾ ਕੇ ਲੈ ਆਨੇ ਆਂ ਤੇ ਅਗਲੇ ਵਰ੍ਹੇ, ਇਕ ਅੰਞਾਣਾ ਵੀ ਲੈ ਲਏ ਸਾਥੋਂ.....।' ਅਫਜ਼ਲ ਮੀਆਂ ਦੀ ਗੱਲ ਸੁਣਕੇ ਸਾਰੇ ਹੱਸਣ ਲੱਗੇ।

—ਇਹਨੂੰ ਕੀ ਪਤਾ ਕੱਲ੍ਹ ਦੇ ਜੰਮੇ ਨੂੰ.....।' ਹੁਣ ਰਹਿਮਤ ਅਲੀ ਹੌਸਲੇ ਵਿਚ ਹੋ ਗਿਆ।—'ਸਾਡੇ ਵੇਲੇ ਤਾਂ ਬੰਦਾ ਫੌਤ ਹੋਇਆ ਨਹੀਂ ਤੇ ਝੱਟ ਕਿਸੇ ਹੋਰ ਨਾਲ ਨਿਕਾਹ ਦੇ



ਕਲਮੇ ਪੜ੍ਹ ਲਏ। ਨਾ ਬੰਦੇ ਸਬਰ ਕਰਦੇ ਸਨ, ਨਾ ਰੰਨਾ।'

—ਮੰਨ ਲੈਨੇ ਆਂ ਅਲੀ ਚਾਚੇ ਦੀ ਗੱਲ। ਪਰ ਸਾਰੇ ਇਕੋ ਜੇਹੇ ਤਾਂ ਨਹੀਂ ਹੋਣੇ। ਹਾਜੀ ਬਾਬਾ, ਲੱਧੀ ਹੈਗੀ ਆ ਨਾ ਦੁੱਲੇ ਦੀ ਮਾਂ, ਇਹਦਾ ਤਾਂ ਬੜਾ ਸਬਰ ਈ।' ਬੁੱਧ ਰਾਮ ਨੇ ਗੱਲ ਨੂੰ ਗੇੜਾ ਦੇ ਲਿਆ।

—ਬੁਧੂਆ! ਬਰਖ਼ੁਰਦਾਰਾ, ਹਰ ਕੋਈ ਨੇ ਲੱਧੀ ਨਹੀਂ ਬਣ ਜਾਣਾ। ਲੱਧੀ ਤਾਂ ਬਣੀਓਂ ਹੋਰ ਮਿੱਟੀ ਦੀ ਏ। ਸਾਰੀ ਹਯਾਤੀ ਰੰਡੇਪਾ ਕੱਟਿਆ। ਪੁੱਤਰ......।'

ਬੁੱਧ ਰਾਮ ਵਿਚੋਂ ਹੀ ਬੋਲ ਪਿਆ—'ਹਾਜੀ ਬਾਬਾ, ਅਲੀ ਚਾਚੇ ਮਾਂਗਣ ਝਿੜਕਾਂ ਨਾ ਮਾਰਨਾ, ਪਿੰਡ ਦੇ ਚੌਧਰੀ ਤਾਂ ਹੋਰ ਹੀ ਗੱਲਾਂ ਪਏ ਆਖਦੇ ਨੇ।'

ਚੌਧਰੀਆਂ ਤਾਂ ਗੱਲਾਂ ਆਖਣੀਆਂ ਹੋਈਆਂ। ਗੱਲਾਂ ਆਖਣ ਨਾਲ ਈ ਉਹਨਾਂ ਦੀ ਪੁੱਛ-ਦੱਸ ਹੁੰਦੀ ਏ। ਇਹਨਾਂ ਦੀਆਂ ਚੌਧਰਾਈਆਂ, ਬਾਦਸ਼ਾਹਾਂ ਦੀ ਰਜ਼ਾਮੰਦੀ ਉੱਪਰ ਸਲਾਮਤ ਹੁੰਦੀਆਂ ਨੇ। ਚੌਧਰੀ ਚਾਂਹਦੇ ਨੇ ਹੋਰਨਾਂ ਵਾਂਗੂੰ ਦੁੱਲਾ ਵੀ ਉਹਨਾਂ ਨੂੰ ਸਲਾਮ ਆਖੇ। ਦੁੱਲਾ ਤਾਂ ਬਾਦਸ਼ਾਹ ਨੂੰ ਸਲਾਮ ਨਹੀਂ ਆਖਦਾ।' ਆਖਕੇ ਹਾਜ਼ੀ ਚਿਰਾਗ਼ਦੀਨ ਨੇ ਹੁੱਕੇ ਦੀ ਨੜੀ ਆਪਣੇ ਵੱਲ ਕਰ ਲਈ।

—ਚੌਧਰੀ ਤਾਂ ਆਂਹਦੇ ਨੀ ਲੱਧੀ ਅੰਮਾਂ ਦਾ ਸਾਰਾ ਖਾਣ ਪੀਣ, ਪਹਿਨਣ ਲਾਹੌਰ ਦਰਬਾਰੋਂ ਚਲਦਾ ਰਿਹਾ ਈ।'

—ਚਲਦਾ ਰਿਹਾ ਹੋਣਾ। ਕਿਸ ਵੇਖਿਆ ਈ ? ਗੱਲਾਂ ਈ ਨੇ। ਸੱਚ ਕੀ ਏ, ਝੂਠ ਕੀ ਏ, ਖ਼ੁਦਾ ਜਾਣਦਾ ਈ। ਪਰ ਹੁਣ ਅਸਲੋਂ ਫ਼ਿਕਰ ਵਾਲੀ ਗੱਲ ਇਹ ਵੇ ਅਫਜ਼ਲ ਮੀਆਂ, ਦੁੱਲਾ ਮੇਰੇ ਪਾਸ ਆਇਆ ਸਈ। ਪੁੱਛਦਾ ਸਈ, ਬਾਬਾ ਤੂੰ ਤੇ ਮੇਰੇ ਦਾਦੇ ਦਾ ਹਾਣੀ ਏ, ਸੱਚ ਦੱਸ ਕੀ ਹੋਇਆ ਸੀ ਉਹਨਾਂ ਨਾਲ ? ਜਦ ਦਾ ਲੱਧੀ ਨੇ ਉਸਨੂੰ ਦੱਸਿਆ ਏ, ਉਹ ਪਿੰਡੀ ਦੇ ਵਡੇਰਿਆਂ ਨੂੰ ਪੁੱਛਦਾ ਫਿਰਦਾ ਏ। ਦੁੱਲਾ ਹੁਣ ਆਪਣੇ ਆਪ ਵਿਚ ਨਹੀਓਂ। ਉਹ ਗਾਹਣੇ ਲੁਹਾਰ ਨੂੰ ਹਥਿਆਰ ਬਣਾਉਣ ਲਈ ਆਖ ਆਇਆ ਏ। ਗਾਹਣਾ ਪਿੰਡ ਵਿਚੋਂ ਟੁੱਟੇ ਬੱਠਲ, ਕੜਾਹੀਆਂ ਕਹੀਆਂ ਇਕੱਠੇ ਕਰਦਾ ਫਿਰਦਾ ਏ। ਉਹ ਤਾਂ ਲੋਕਾਂ ਨੂੰ ਆਖਦਾ ਹੈ ਜੇ ਹੋਰ ਕੁਝ ਨਹੀਂ ਤਾਂ ਹਲਾਂ ਦੇ ਫ਼ਾਲੇ ਦਿਉ। ਲੋਕ ਦੁੱਲੇ ਨੂੰ ਪੁੱਛਦੇ ਨੇ, ਹਲ ਨਾ ਰਹੇ ਤਾਂ ਵਾਹੀ-ਬੀਜੀ ਕਿਵੇਂ ਹੋਵੇਗੀ। ਦੁੱਲਾ ਆਖਦਾ ਏ ਜੀਂਦੇ ਰਹੇ ਤਾਂ ਹੀ ਵਾਹੀ ਬੀਜੀ ਕਰੋਂਗੇ ਨ੍ਹਾ। ਹਥਿਆਰ ਸਾਨੂੰ ਜੀਂਦਾ ਰੱਖਣਗੇ। ਹੁਣ ਗਾਹਣੇ ਦੀ ਭੱਠੀ ਮੱਘਦੀ ਰਹਿੰਦੀ ਏ।'

—ਹਾਜੀ ਬਾਬਾ ਚੌਧਰੀ ਤਾਂ ਆਖਦੇ ਨੇ, ਸ਼ਾਹੀ ਪਦਾਰਥ ਖਾ ਖਾ ਬੰਦਾ ਊਂ ਈ ਖੱਸੀ ਹੋ ਵੈਂਹਦਾ ਏ। ਦੁੱਲੇ ਤੋਂ ਚੜ੍ਹਦੀ ਜੁਆਨੀ ਵੇਲੇ ਕੁਝ ਨਹੀਂ ਹੋਇਆ, ਹੁਣ ਕੀ ਹੋਣਾ ਏ।' ਬੁੱਧ ਰਾਮ ਦੀ ਗੱਲ ਸੁਣ ਕੇ ਰਹਿਮਤ ਅਲੀ ਤੋਂ ਚੁੱਪ ਨਾ ਰਿਹਾ ਗਿਆ, ਬੋਲਿਆ:

—ਵੇਖਨੇ ਆਂ ਬੁੱਧੂਆ, ਜਦੋਂ ਸਿਰ 'ਤੇ ਆ ਬਾਣੀਆਂ, ਵੈੜ੍ਹਕਾ ਖੱਸੀ ਏ ਕਿ.....।'

—ਚਾਚਾ ਤੇਰੇ ਵਰਗਾ ਨਾ ਹੋਵੇ ਕਿਧਰੇ, ਸਾਂਦਲ ਬਾਰ ਦੀ ਨੱਕ ਈ ਵੱਢੀ ਜਾਏ।' ਆਖ ਕੇ ਬੁੱਧ ਰਾਮ ਨੇ ਬੈਠੇ ਬੈਠੇ ਹੀ ਪਿਛਾਂਹ ਨੂੰ ਛਾਲ ਮਾਰੀ।

—ਹਾਜੀ ਮੀਆਂ ਏਹਨੇ ਮੇਰੇ ਕੋਲੋਂ ਪੌਲੇ ਖਾ ਲੈਣੇ ਨੀ, ਇਹਨੂੰ ਆਖ ਜੀਭ ਨੂੰ ਸੰਗਲ ਮਾਰੇ।' ਰਹਿਮਤ ਅਲੀ ਨੇ ਬੁੱਧ ਰਾਮ ਵੱਲ ਜੁੱਤੀ ਵਗਾਹ ਕੇ ਮਾਰਦਿਆਂ ਕਿਹਾ।

ਬੁੱਧ ਰਾਮ ਨੇ ਜੁੱਤੀ ਕੱਛ ਵਿਚ ਲੈਂਦਿਆਂ ਕਿਹਾ—'ਇਹ ਹੁਣ ਨਵੀਂ ਚਾਚੀ ਨੂੰ ਦੇ ਕੇ ਆਊਂ।'

—ਕਿਉਂ ਤੇਰੀ ਜੀਭ ਨੂੰ ਖ਼ੁਰਕ ਪਈ ਹੋਈ ਊ ਬੁਧੂਆ? ਜੇ ਰਹਿਮਤ ਅਲੀ ਦਾ ਖਰਖਰਾ ਫਿਰ ਗਿਆ ਨਾ ਕਦੀ, ਬਾਕੀ ਰਹਿੰਦੀ ਉਮਰ ਬੋਲਣ ਜੋਗਾ ਨਹੀਓਂ ਰਹਿਣਾ। ਘੁਮਿਆਰਾਂ ਦੇ ਆਤੂ ਵਾਂਗ ਉਲੱਲ ਉਲੱਲ ਕਰਦਾ ਫਿਰੇਂਗਾ।'

ਅਫਜ਼ਲ ਮੀਆਂ ਦੀ ਗੱਲ ਸੁਣਕੇ ਸਾਰਿਆਂ ਦਾ ਹਾਸਾ ਨਿਕਲ ਗਿਆ।

ਇਹਨਾਂ ਨੂੰ ਹੱਸਦਿਆਂ ਵੇਖ ਕੇ ਦੁੱਲੇ ਦਾ ਚਾਚਾ ਜਲਾਲਦੀਨ ਆਪਣੇ ਘਰ ਵੱਲ ਜਾਂਦਾ ਏਧਰ ਮੁੜ ਪਿਆ।

—ਆ ਬਈ ਚੌਧਰੀਆ, ਘੜੀ-ਬਿੰਦ ਬੰਦਿਆਂ 'ਚ ਵੀ ਬੈਠਿਆ ਕਰ।' ਅਫਜ਼ਲ ਮੀਆਂ ਨੇ ਰੜਕਵੀਂ ਸੁਲਾਹ ਮਾਰੀ।

—ਬੜੇ ਹੱਸਣ ਡਹੇ ਜੇ?' ਜਲਾਲਦੀਨ ਨੇ ਮੁੱਛਾਂ ਨੂੰ ਤਾਅ ਦਿੰਦਿਆਂ ਪੁੱਛਿਆ।

—ਕੋਈ ਗੱਲ ਈ ਏਦਾਂ ਦੀ ਹੋ ਗਈ ਚੌਧਰੀ।'

—ਰਾਤੀਂ ਜਿਹੜਾ ਵਾਕਿਆ ਹੋਇਆ ਈ, ਉਹਦਾ ਪਤਾ ਈ?' ਆਪਣੀ ਇਕ ਲੱਤ ਥੜ੍ਹੇ ਉਪਰ ਰੱਖਦਿਆਂ ਚੌਧਰੀ ਨੇ ਫਿਰ ਪੁੱਛਿਆ।

—ਰੌਲਾ ਤਾਂ ਬੜਾ ਸੁਣਦਾ ਸੀ......।'

—ਏਥੇ ਬੋਹੜਾਂ ਥੱਲੇ ਬਣ੍ਹੀ ਕੇ ਰੌਲਾ ਸੁਣਨ ਜੋਗੇ ਈ ਐਂ ਸਾਰੇ। ਰਾਤੀਂ ਦੁੱਲੇ ਹੋਰਾਂ ਤਖਤ-ਲਾਹੌਰ ਦਾ ਇਕ ਵਪਾਰੀ ਲੁੱਟ ਛੱਡਿਆ। ਲੁੱਟ ਵੀ ਲੈਂਦਾ ਏਡੀ ਗੱਲ ਨਹੀਂ ਸੀ। ਲੁੱਟਣਾ ਤਾਂ ਉਹਦਾ ਕਸਬ ਈ, ਸ਼ੁਗਲ ਈ ਉਹਦਾ। ਗੱਲ ਵੱਡੀ ਇਹ ਈ ਉਹਨੇ ਵਪਾਰੀ ਦਾ ਕਤਲ ਕਰ ਦਿੱਤਾ ਸੂ। ਲੋਥ ਹਾਲੀ ਪਿੰਡੀ ਦੀ ਜੂਹ 'ਤੇ ਪਈ ਏ।' ਜਲਾਲਦੀਨ ਨੇ ਘ੍ਰਿਣਾ ਅਤੇ ਨਫ਼ਰਤ ਨਾਲ ਕਿਹਾ।

ਜਲਾਲਦੀਨ ਚੌਧਰੀ ਦੀ ਗੱਲ ਸੁਣ ਕੇ ਸਾਰੇ ਸੁੰਨ ਹੋ ਗਏ। ਉਹ ਜਾਣਦੇ ਸਨ, ਜਲਾਲਦੀਨ ਹਮੇਸ਼ਾਂ ਵੱਢਵੀਂ ਗੱਲ ਕਰਦਾ ਹੈ, ਸ਼ਰੀਕਾਂ ਵਾਲੀ। ਦੁੱਲੇ ਦੇ ਪਰਿਵਾਰ ਨਾਲ ਉਹਦੇ ਸਬੰਧ ਤਾਇਆਂ ਚਾਚਿਆਂ ਵਾਲੇ ਨਹੀਂ ਹਨ। ਦੁੱਲੇ ਦੀ ਗੱਲ ਨੂੰ ਵਧਾ ਚੜ੍ਹਾ ਕੇ ਕਰਨ ਦੀ ਆਦਤ ਹੈ ਉਸਨੂੰ। ਪਰ ਰਾਤੀਂ ਇਕ ਵਪਾਰੀ ਲੁੱਟਿਆ ਗਿਆ ਏ ਤੇ ਉਸਦਾ ਕਤਲ ਵੀ ਹੋਇਆ ਏ। ਇਹ ਤਾਂ ਸੱਚ ਈ ਹੈ ਨਾਂ।

ਸਾਰਿਆਂ ਨੂੰ ਚੁੱਪ ਵੇਖਕੇ ਜਲਾਲਦੀਨ ਨੇ ਵਿਅੰਗ ਨਾਲ ਕਿਹਾ:

—ਏਥੇ ਬੈਠੇ ਹੱਸੋ ਪਏ। ਦੁੱਲੇ ਦੀਆਂ ਕੀਤੀਆਂ ਹੁਣ ਪਿੰਡੀ ਦੇ ਪੇਸ਼ ਆਉਣੀਆਂ ਨੇ, ਤਿਆਰ ਰਹਵੋ ਹੁਣ।'

—ਚੌਧਰੀ ਜਲਾਲਦੀਨਾ, ਪਹਿਲੋਂ ਦੁੱਲੇ ਦੇ ਪਿਉ ਚਾਚੇ ਕੀਤੀਆਂ, ਪਿੰਡੀ ਨੇ ਭੁਗਤੀਆਂ ਨੇ। ਤੂੰ ਤੇ ਜਾਣਨਾ ਏਂ। ਜੇ ਹੁਣ ਦੁੱਲੇ ਦੀਆਂ ਕੀਤੀਆਂ ਪਿੰਡੀ ਨੂੰ ਫੇਰ ਭੁਗਤਣੀਆਂ ਪੈਣਗੀਆਂ ਤਾਂ ਭੁਗਤ ਲਵਾਂਗੇ ਫਿਰ। ਹੋਣੀ ਤਾਂ ਟਲਣੀ ਨਹੀਂ, ਨਾ ਕਦੀ ਟਲੀ ਏ। ਦੁਨੀਆਂ ਏਵੇਂ ਚਲਦੀ ਰਹਿਣੀ ਏਂ, ਏਵੇਂ ਚਲਦੀ ਰਹੀ ਏ।' ਆਖ ਕੇ ਹਾਜੀ ਚਿਰਾਗਦੀਨ ਨੇ ਜਿਵੇਂ ਏਸ ਕਥਾ ਨੂੰ ਰੋਕਣਾ ਚਾਹਿਆ। ਉਹ ਤਸਬੀ ਫੇਰਨ ਲੱਗਾ।

—ਸਾਰੇ ਈ ਜਾਣਦੇ ਨੇ ਦੁਨੀਆਂ ਚਲਦੀ ਰਹਿਣੀ ਏ। ਬਿਨਾਂ ਵਜਾਹ ਸੱਪ ਦੀ ਰੁੱਡ 'ਚ ਹੱਥ ਪਾਣ ਦੀ ਕੀ ਲੋੜ ਏ? ਸੁੱਤੇ ਪਏ ਸ਼ੇਰ ਦੀ ਪੂਛ ਖਿੱਚਾਂਗੇ ਤਾਂ......।' ਜਲਾਲਦੀਨ ਦੇ ਬੋਲਾਂ ਵਿਚ ਨਫਰਤ ਅਤੇ ਕੁੜੱਤਣ ਸੀ।

—ਚੌਧਰੀ ਜਲਾਲਦੀਨਾ ਗੱਲ ਸਿੱਧੀ ਆਖ ਕੀ ਆਖਣੀ ਊ। ਘਾਣ੍ਹੀਆਂ ਨਾ ਪਾ।'



ਅਫਜ਼ਲ ਨੇ ਕਿਹਾ।—'ਤੈਨੂੰ ਹੁੱਕੇ ਦੀ ਘੁੱਟ ਲਾਣ ਲਈ ਆਖ ਨਹੀਂ ਸਕਦਾ, ਹੁਣ ਇਹ ਠੰਢਾ ਹੋ ਗਿਆ ਈ।'

—ਸਿੱਧੀ ਗੱਲ ਇਹ ਈ, ਜਿਹੜੀ ਵਾਰਦਾਤ ਰਾਤੀ ਹੋਈ ਏ, ਹੁਣ ਹੁੱਕੇ ਠੰਢੇ ਈ ਰਹਿਣ ਦੀ ਨੌਬਤ ਆ ਜਾਣੀ ਏਂ।'

—ਚਾਚਾ ਜਲਾਦੀਨ ਚੌਧਰੀ ਸਾਹਬ ਮੈਂ ਇਕ ਗੱਲ ਆਖਾਂ— ?' ਬੁੱਧ ਰਾਮ ਨੇ ਕਿਹਾ।

—ਤੂੰ ਆਖ ਜੋ ਆਖਣਾ ਈ।' ਜਲਾਲਦੀਨ ਨੇ ਉਸਦੇ ਬੋਲਣ 'ਤੇ ਆਪਣੀ ਹੱਤਕ ਮਹਿਸੂਸ ਕੀਤੀ।

—ਦੁੱਲਾ ਧਾੜੇ ਮਾਰਦੇ ਈ। ਹੈ ਤਾਂ ਬੁਰੀ ਗੱਲ। ਪਰ ਚੰਗੀ ਗੱਲ ਇਹ ਵੇ ਚਾਚਾ ਦੁੱਲਾ ਸ਼ਾਹੂਕਾਰਾਂ ਨੂੰ ਲੁੱਟਦਾ ਈ ਤੇ ਗ਼ਰੀਬਾਂ 'ਚ ਤਕਸੀਮ ਕਰ ਦਿੰਦਾ ਈ। ਆਪ ਤਾਂ ਖਾਣ ਪੀਣ ਜੋਗਾ ਈ ਰੱਖਦਾ ਏ। ਖਾਣਾ ਪੀਣਾ ਵੀ ਤਾਂ ਹੋਇਆ। ਭੁੱਖੇ ਢਿੱਡੀਂ ਡਾਕੇ ਸੁਆਹ ਮਾਰਨੇ ਨੀ......।'

—ਗੱਲ ਲਮਕਾ ਦਿੱਤੀ ਊ ਬੁਧੂ ਰਾਮ।' ਜਲਾਲਦੀਨ ਦੇ ਬੋਲਣ ਤੋਂ ਪਹਿਲਾਂ ਹੀ ਕਰੀਮ ਬਖਸ਼ ਬੋਲ ਪਿਆ।—'ਦੁੱਲਾ ਹੁਣ ਉਹ ਨਈਂ ਜਿਹੜਾ ਕੁਝ ਦਿਨ ਪਹਿਲਾਂ ਹੁੰਦਾ ਸੀ। ਹੁਣ ਤਾਂ ਉਹ ਲਾਹੌਰ ਦਾ ਰਾਹ ਪੁੱਛਦਾ ਈ। ਗੱਲ ਸੋਚਣ ਵਾਲੀ ਏ ਜਲਾਲਦੀਨ ਚੌਧਰੀ ਸਾਹਬ। ਪਤਾ ਨਹੀਂ ਹੋਣੀ ਨੂੰ ਕੀ ਮਨਜ਼ੂਰ ਏ। ਅੱਲਾਹ ਹੀ ਜਾਣਦੈ। ਫਰੀਦ ਭੱਟੀ ਤੇ ਸਾਂਦਲ ਨੂੰ ਜਦ ਫਾਂਸੀ ਚਾੜਿਆ, ਚਹੁੰ ਮਹੀਨਿਆਂ ਪਿਛੋਂ ਲੱਧੀ ਨੇ ਜੰਮਿਆ ਦੁੱਲਾ। ਏਨੇ ਵਰ੍ਹੇ ਤਾਂ ਲੱਧੀ ਨੇ ਆਪਣੇ ਨਾਲ ਹੋਈਆਂ ਬੀਤੀਆਂ ਦੀ 'ਵਾ ਨਹੀਂ ਲੱਗਣ ਦਿੱਤੀ ਦੁੱਲੇ ਨੂੰ। ਹੁਣ ਵੇਖਨੇ ਆਂ, ਦੁੱਲਾ ਆਪਣੇ ਪਿਉ ਦਾਦੇ ਦੀ ਅਣਖ ਵਾਲਾ ਰਾਹ ਫੜਦਾ ਏ.....ਕਿ........।'

—ਕਰੀਮ ਬਖਸ਼ਾ ਮੈਂ ਤੈਨੂੰ ਟੋਕਣ ਡਿਹਾਂ। ਇੱਕ ਗੱਲ ਆਖਨਾਂ, ਮੈਂ ਦੁਨੀਆਂ ਵੇਖੀ ਊ।'....... ਹਾਜੀ ਚਿਰਾਗ਼ ਦੀਨ ਕਹਿਣ ਲੱਗਾ—'ਮੈਂ ਬਾਦਸ਼ਾਹੀਆਂ ਦੇ ਕਿਰਦਾਰ ਵੀ ਵੇਖੇ ਨੇ। ਸ਼ਹਿਨਸ਼ਾਹੀਆਂ ਨੇ ਜ਼ੁਲਮ ਕਰਦੇ ਰਹਿਣਾ ਈ ਤੇ ਰਾਠਾਂ ਸੂਰਮਿਆਂ ਜ਼ੁਲਮਾਂ ਅੱਗੇ ਖੜ੍ਹਦੇ ਰਹਿਣਾ ਈ। ਇਹ ਸਿਲਸਿਲਾ ਬੰਦ ਹੋਵਣ ਵਾਲਾ ਨਹੀਂ। ਕਦੇ ਫਰੀਦ ਭੱਟੀ ਬਣਕੇ, ਕਦੇ ਸਾਂਦਲ ਭੱਟੀ ਬਣਕੇ ਤੇ ਰੱਬ ਖ਼ੈਰ ਕਰੇ ਕਦੇ ਦੁੱਲਾ ਭੱਟੀ ਬਣਕੇ। ਦੁੱਲਿਆਂ ਸਦਾ ਜੰਮਦੇ ਰਹਿਣਾ। ਯਾਦ ਰੱਖਿਓ ਮੇਰੀ ਗੱਲ। ਜਦ ਤੱਕ ਏਸ ਮਿੱਟੀ 'ਤੇ ਤਖਤਾਂ ਦੇ ਹਾਕਮਾਂ-ਸ਼ਹਿਨਸ਼ਾਹਾਂ ਅਤਿਆਚਾਰ ਕਰਦੇ ਰਹਿਣਾ, ਫਰੀਦਾਂ, ਸਾਂਦਲਾ ਜੰਮਦੇ ਰਹਿਣਾ। ਇਹ ਅਲਾਹ ਦੀ ਮਰਜ਼ੀ ਏ। ਇਕ ਥਾਂ ਜ਼ੁਲਮ ਕਰਨ ਵਾਲਾ ਵੀ ਪੈਦਾ ਹੁੰਦਾ ਏ, ਉਸੇ ਸਮੇਂ ਕਿਸੇ ਹੋਰ ਥਾਂ ਜ਼ੁਲਮ ਤੋਂ ਨਾਬਰ ਹੋਣ ਵਾਲਾ ਵੀ ਪੈਦਾ ਹੁੰਦਾ ਏ। ਅਸਾਂ ਤਾਂ ਬੜੀ ਹਯਾਤੀ ਜੀ ਲਈ ਏ। ਹੁਣ ਤੇ ਗੋਰ ਵਿਚ ਪੈਣ ਦੇ ਕੰਢੇ ਖਲੋਤੇ ਆਂ। ਪਰ ਅਜੇ ਵੀ ਜੀ ਕਰਦਾ ਏ, ਜੇ ਕੁਝ ਸਾਹ ਹੋਣ ਜੀਣਾ ਏ ਤਾਂ ਧੌਣ ਉੱਚੀ ਰੱਖ ਕੇ ਜੀਵੀਏ।'

ਹਾਜੀ ਚਿਰਾਗ਼ ਦੀਨ ਦੀਆਂ ਗੱਲਾਂ ਸੁਣਕੇ ਜਲਾਲਦੀਨ ਨੇ ਘੋੜੇ ਵਾਂਗ ਨੱਕ ਰਾਹੀਂ ਫੁੜਕੜਾ ਜਿਹਾ ਮਾਰਿਆ, ਤੇ ਤੁਰ ਪਿਆ।

—ਕੀ ਹੋਇਆ ਚੌਧਰੀਆ, ਬਹੁ ਦੋ ਘੜੀਆਂ ਹੁਣ ਤਾਂ ਮਜਲਿਸ ਮੱਘਣ ਲੱਗੀ ਊ। ਹੁਣ ਤੇ ਜਣਿਆਂ ਥੜ੍ਹੇ ਵੱਲ ਤੁਰੇ ਆਵਣਾ ਈ।' ਅਫਜ਼ਲ ਮੀਆਂ ਨੇ ਚੌਧਰੀ ਨੂੰ ਰੋਕਣਾ ਚਾਹਿਆ।

—ਵਿਹਲਿਆਂ ਦੀਆਂ ਗੱਲਾਂ ਸੁਣਨ ਨਾਲੋਂ ਤਾਂ ਚੰਗਾ ਏ, ਜਾਕੇ ਘੋੜੀ ਨੂੰ ਦਾਣਾ

ਪਾਵਾਂ। ਭੁੱਖੀ ਪੌੜ ਮਾਰਦੀ ਹੋਣੀ ਏ। ਮੈਂ ਤਾਂ ਦੱਸਣ ਲਈ ਰੁੱਕਿਆ ਸਾਂ, ਪਿੰਡੀ ’ਤੇ ਆਫ਼ਤ ਆਣ ਵਾਲੀ ਏ ਕੋਈ, ਤੁਸੀਂ ਤੇ ਗੱਲਾਂ ਦਾ ਗਵੇੜ ਹੋਰ ਪਾਸੇ ਈ ਪਾ ਛੱਡਿਆ।’

—ਠੀਕ ਏ ਚੌਧਰੀਆ ਤੂੰ ਘਰ ਵੰਞ ਤੇ ਘੋੜੀ ਨੂੰ ਪੱਠੇ ਪਾ। ਇਹ ਗੱਲਾਂ ਤਾਂ ਹੁਣ ਪਿੰਡੀ ’ਚ ਆਏ ਦਿਨ ਹੋਣਗੀਆਂ।’ ਕਰੀਮ ਬਖਸ਼ ਨੇ ਲਾਪਰਵਾਹੀ ਨਾਲ ਕਿਹਾ।

ਕਰੀਮ ਬਖਸ਼ ਦੀ ਗੱਲ ਸੁਣਕੇ ਚੌਧਰੀ ਜਾਂਦਾ ਜਾਂਦਾ ਰੁਕ ਗਿਆ।

ਗੱਲ ਏਨੀ ਕੁ ਨਹੀਂ ਏ, ਪਿੰਡੀ ’ਚ ਏਹ ਗੱਲਾਂ ਆਏ ਦਿਨ ਹੋਣਗੀਆਂ। ਕੋਈ ਵਪਾਰੀ ਲੁੱਟਿਆ ਏ ਤੇ ਉਹਦਾ ਕਤਲ ਹੋਇਆ ਏ, ਇਹ ਵੀ ਕੋਈ ਖ਼ਾਸ ਗੱਲ ਨਹੀਂ ਏ। ਗੱਲ ਖ਼ਾਸ ਇਹ ਵੇ ਹਾਜੀ ਮੀਆਂ, ਵਪਾਰੀ ਬੱਗਾ ਮਲਕੀਰਾ ਕੋਈ ਨਿੱਕੀ ਮੋਟੀ ਸ਼ੈਅ ਨਹੀਓਂ। ਬਾਦਸ਼ਾਹ ਨਾਲ ਉਹਦਾ ਸਿੱਧਾ ਰਾਬਤਾ ਸੀ। ਏਧਰੋਂ ਖ਼ਬਰ ਲਾਹੌਰ ਪੁੱਜਣੀ ਏ ਤੇ ਉਧਰੋਂ ਬਾਦਸ਼ਾਹ ਫੌਜਾਂ ਚਾੜ੍ਹ ਦੇਣੀਆਂ ਨੀ। ਦੁੱਲੇ ਨੂੰ ਇਲਮ ਨਹੀਂ, ਉਹ ਦਹੀਂ ਭੁਲੇਖੇ ਕਪਾਹ ਮੂੰਹ ’ਚ ਪਾ ਬੈਠਾ ਈ।’ ਆਖ ਕੇ ਜਲਾਲਦੀਨ ਤੁਰ ਪਿਆ।

—ਇੱਕ ਗੱਲ ਮੇਰੀ ਵੀ ਸੁਣਦਾ ਜਾਈਂ ਚੌਧਰੀਆ।’.....ਚਿਰਾਗ ਦੀਨ ਬੋਲਿਆ ਤਾਂ ਜਲਾਲਦੀਨ ਰੁੱਕ ਗਿਆ—‘ਦੁੱਲਾ ਸੱਕਾ ਈ ਤੇਰਾ। ਜੇ ਦੁੱਲੇ ਨੇ ਰਾਤੀਂ ਵਾਕਿਆ ਕਰ ਈ ਦਿੱਤਾ ਈ ਤਾਂ ਹੁਣ ਇਹ ਗੱਲ ’ਕੱਲੇ ਦੁੱਲੇ ਦੀ ਨਹੀਂ ਰਹੀ। ਇਹ ਹੁਣ ਸਾਂਦਲ ਬਾਰ ਦੀ ਗੱਲ ਏ, ਰਾਜਪੂਤਾਂ ਦੀ ਗੱਲ ਏ। ਭੱਟੀਆਂ ਦੀ ਗੱਲ ਏ ਤੇ ਬਹੁਤੀ ਹੁਣ ਇਹ ਪਿੰਡੀ ਦੇ ਲੋਕਾਂ ਦੀ ਗੱਲ ਏ। ਹੁਣ ਇਹ ਮਿਹਣਾ ’ਕੱਲੇ ਦੁੱਲੇ ਨੂੰ ਨਹੀਓਂ, ਇਹ ਭੱਟੀ ਰਾਜਪੂਤਾਂ ਨੂੰ ਮਿਹਣਾ ਏ, ਪਿੰਡੀ ਦੇ ਲੋਕਾਂ ਨੂੰ ਮਿਹਣਾ ਏ। ਅਗਰ ਤੇਰੀ ਗੱਲ ਸਹੀ ਏ, ਦੁੱਲੇ ਨੇ ਲਾਹੌਰ ਦਰਬਾਰ ਦੇ ਵਪਾਰੀ ਨੂੰ ਕੋਹ ਕੇ ਲਾਹੌਰ ਤਖ਼ਤ ਦੇ ਪਾਵੇ ਨੂੰ ਹੱਥ ਪਾਇਆ ਈ ਤਾਂ ਅਸਾਂ ਦਾ ਇਹ ਫਰਜ਼ ਬਣਦਾ ਈ, ਅਸੀਂ ਦੁੱਲੇ ਦੇ ਨਾਲ ਰਹਵੀਏ। ਬਾਰ ਦੀ ਭੋਇੰ ਅਸਾਂ ਤੋਂ ਏਹੀ ਮੰਗਦੀ ਏ। ਮੈਂ ਭੱਟੀਆਂ ’ਚੋਂ ਨਹੀਂ ਪਰ ਇਹ ਮਿੱਟੀ ਮੇਰੀ ਵੀ ਓਨੀ ਏਂ।’

—ਹਾਜੀ ਮੀਆਂ, ਹਕੂਮਤ ਨੇ ਬਥੇਰੇ ਸੂਹੀਏ ਛੱਡੇ ਹੋਣੇ ਨੀ। ਗੱਲ ਤਾਂ ਲਾਹੌਰ ਪੁੱਜ ਵੀ ਗਈ ਹੋਣੀ ਏ। ਮੈਨੂੰ ਤਾਂ ਇਹ ਵੀ ਖ਼ਬਰ ਮਿਲੀ ਏ, ਦੁੱਲਾ ਬੱਗੇ ਮਲਕੀਰੇ ਦਾ ਸਿਰ ਲਾਹ ਕੇ ਆਪਣੇ ਨਾਲ ਲੈ ਗਿਆ ਈ। ਤੂੰ ਤੇ ਮੀਆਂ ਆਖ ਦਿੱਤਾ, ਸਾਡਾ ਫਰਜ਼ ਬਣਦਾ ਈ, ਦੁੱਲੇ ਨਾਲ ਰਹਵੀਏ। ਇਹ ਗੱਲਾਂ ਲਾਹੌਰ ਤੱਕ ਜਾਣੀਆਂ ਨੀ। ਲਾਹੌਰ ਦਰਬਾਰ ਤੋਂ ਨਾਬਰ ਹੋਣ ਦਾ ਮਤਲਬ ਕੀ ਹੁੰਦਾ ਏ ਸਭ ਜਾਣਨੇ ਆਂ। ਸਣੇ ਬੱਚੇ ਘਾਣੀ ਪੀੜ ਦਿਓ, ਸੰਗਸਾਰ ਕਰ ਦਿਓ, ਕੰਧਾਂ ਵਿਚ ਜੀਂਦਿਆਂ ਚਿਣ ਦਿਉ, ਪੁੱਠੀਆਂ ਖੱਲਾਂ ਲਾਹਕੇ ਵਿਚ ਘਾਹ ਫੂਸ ਭਰ ਦਿਉ ਤੇ ਲਾਹੌਰ ਦੇ ਦਰਵਾਜ਼ਿਆਂ ਵਿਚ ਲਟਕਾ ਦਿਓ। ਪਤਾ ਏ ਨਾ ਮੀਆਂ ? ਤੂੰ ਤੇ ਬੜੀ ਦੁਨੀਆਂ ਵੇਖੀ ਏ।’ ਜਲਾਲਦੀਨ, ਮੀਆਂ ਚਿਰਾਗਦੀਨ ਵੱਲ ਨਫ਼ਰਤ ਨਾਲ ਵੇਖਦਿਆਂ ਕਮੀਨਗੀ ਭਰਿਆ ਹੱਸਿਆ ਤੇ ਤੁਰ ਗਿਆ।

—ਦੁੱਲੇ ਦਾ ਚਾਚਾ ਤਾਂ ਅੰਦਰੋਂ ਬਾਹਰੋਂ ਜਲਿਆ ਫਿਰਦਾ ਈ।’ ਬੁੱਧ ਰਾਮ ਹੈਰਾਨ ਹੁੰਦਾ ਬੋਲਿਆ।

—ਬਰਖੁਰਦਾਰਾ, ਇਹ ਜਿਹੜੇ ਸ਼ਾਹੀ ਜੀ ਹਜ਼ੂਰੀਏ ਹੁੰਦੇ ਨੇ ਨਾ, ਇਹਨਾਂ ਦੇ ਸਾਹ ਬਾਦਸ਼ਾਹ ਦੇ ਸਾਹਾਂ ਨਾਲ ਚਲਦੇ ਨੇ। ਇਹ ਵੱਡੇ ਮੁਖ਼ਬਰ ਨੇ ਤਖ਼ਤਾਂ ਦੇ। ਬੰਦੇ ਨੇ ਚਾਰ ਸਾਹ ਲੈਣੇ ਨੀ ਤਾਂ ਗ਼ੈਰਤ ਦੇ ਸਾਹ ਲਵੇ ਨਹੀਂ ਤੇ......।’ ਚਿਰਾਗ਼ਦੀਨ ਚੁੱਪ ਕਰ ਗਿਆ ਤੇ ਲੰਮਾ ਸਾਹ ਲਿਆ।



—ਚੁੱਪ ਕਰ ਗਿਆ ਹਾਜੀ ਮੀਆਂ।’ ਆਖਦਿਆਂ ਅਫਜ਼ਲ ਨੇ ਠੰਡਾ ਹੁੱਕਾ ਇਕ ਪਾਸੇ ਕਰ ਦਿੱਤਾ।

—ਚੁੱਪ ਈ ਕਰਨਾ ਹੋਇਆ। ਬੇ-ਗੈਰਤਾਂ ਦੀ ਗੱਲ ਕੀ ਕਰਨੀ ਹੋਈ। ਅਸਲ ਵਿਚ ਅਫਜ਼ਲ ਮੀਆਂ ਗੱਲ ਇਹ ਈ, ਧਾੜਾ ਦੁੱਲੇ ਮਾਰਿਆ। ਮਾਲ ਉਹਨਾਂ ਲੁੱਟਿਆ, ਬੰਦਾ ਉਹਨਾਂ ਮਾਰਿਆ। ਅੱਗ ਸ਼ਰੀਕਾਂ ਦੇ ਪੈਰਾਂ ਹੇਠ ਮਚਦੀ ਪਈ ਏ।’

—ਸ਼ਰੀਕ ਕਿਹੜੇ ਹੋਏ ਦੁੱਲੇ ਦੇ ?’ ਰਹਿਮਤ ਅਲੀ ਨੇ ਪੁੱਛਿਆ

—ਤੂੰ ਵੀ ਸੱਤਰਿਆ-ਬਹੱਤਰਿਆ ਗਿਆ ਏਂ ਰਹਿਮਤਾ। ਸ਼ਰੀਕ ਕਿਧਰੋਂ ਲੈਣ ਜਾਣੇ ਹੁੰਦੇ ਨੀ, ਘਰ ’ਚ ਈ ਹੁੰਦੇ ਨੀ। ਏਥੋਂ ਈ ਤੇ ਗਿਆ ਏ ਉਹਦਾ ਚਾਚਾ ਚੌਧਰੀ ਜਲਾਲਦੀਨ। ਕਦੇ ਤਖ਼ਤ ਲਾਹੌਰ ਵੱਲ ਨੱਠਦਾ ਏ, ਕਦੇ ਦਿੱਲੀ ਵੱਲ। ਇਹ ਮੁਖਬਰੀਆਂ ਦੇ ਸਿਰੋਂ ਜੀਂਦੇ ਨੀ। ਇਹ ਬੱਗਾ ਮਲਕੀਰਾ ਜੀਹਨੂੰ ਜਲਾਲਦੀਨ ਆਖਦਾ ਏ, ਵੱਡੀ ਸ਼ੈਅ ਆ, ਇਹ ਵੀ ਮੁਖ਼ਬਰ ਏ। ਵਪਾਰ ਵੀ ਕਰਦਾ ਏ। ਬਾਦਸ਼ਾਹ ਨੂੰ ਡਾਲੀਆਂ ਵੀ ਦੇਂਦਾ ਏ। ਇਕ-ਅੱਧ ਬੁਰਕੀ ਚੌਧਰੀ ਜਲਾਲਦੀਨ ਵੱਲ ਵੀ ਸੁੱਟਦਾ ਹੋਣੈ। ਐਸੇ ਬੰਦਿਆਂ ਦੀ ਬਾਦਸ਼ਾਹੀਆਂ ਨੂੰ ਲੋੜ ਰਹਿੰਦੀ ਏ। ਬਾਦਸ਼ਾਹੀਆਂ ਦੇ ਪੈਰ ਨਹੀਂ ਹੁੰਦੇ। ਤਖ਼ਤ ਬੜੇ ਤਿਲਕਣਬਾਜ਼ ਹੁੰਦੇ ਨੇ। ਕਦ ਹੇਠੋਂ ਤਿਲਕ ਜਾਣ ਕੀ ਪਤਾ। ਬਾਦਸ਼ਾਹ ਲਈ ਬੱਗਾ ਮਲੀਕਰਾ ਇਕ ਬੰਦਾ ਨਹੀਂ ਮੋਇਆ। ਉਸਦੇ ਅੱਧੇ ਰਾਜ ਦੀ ਮੁਖ਼ਬਰੀ ਮਰ ਗਈ ਏ। ਬੱਸ ਏਨੀ ਗੱਲ ਈ ਦੁੱਲੇ ਦਾ ਚਾਚਾ ਆਖਦਾ ਈ, ਸ਼ਹਿਨਸ਼ਾਹ ਫੌਜਾਂ ਚਾੜ੍ਹ ਦੇਣੀਆਂ ਨੀ ਪਿੰਡੀ ਉੱਪਰ। ਬਾਦਸ਼ਾਹ ਏਨੇ ਤਾਵਲੇ ਨਹੀਂ ਹੋਂਦੇ। ਉਹਨਾਂ ਲਈ ਇੱਕ ਮਲਕੀਰਾ ਮਰਦਾ ਈ, ਸੌ ਹੋਰ ਜਣੇ ਮਲਕੀਰੇ ਬਣੀਨ ਲਈ ਤਿਆਰ ਹੋਂਦੇ ਨੇ। ਇੱਕ ਗੱਲ ਜੋ ਫ਼ਿਕਰ ਕਰਨ ਵਾਲੀ ਊ ਉਹ ਇਹ ਵੇ ਫੌਜਦਾਰਾਂ, ਮੁਨਸਬਦਾਰਾਂ ਤੇ ਸਿਪਾਹੀਆਂ ਕੋਲ ਏਹੀ ਵੇਲਾ ਹੁੰਦਾ ਈ। ਉਹ ਤਾਂ ਚਾਂਹਵਦੇ ਨੇ ਬਾਦਸ਼ਾਹ ਕੂਚ ਕਰਨ ਦਾ ਹੁਕਮ ਦੇਵੇ। ਫੇਰ ਉਹਨਾਂ ਮਨ-ਮਰਜ਼ੀਆਂ ਕਰਨੀਆਂ। ਲੁੱਟ, ਖੋਹਾਂ ਮਾਰਨੀਆਂ। ਔਰਤਾਂ ਹੱਥ ਆ ਜਾਵਣ ਉਹਨਾਂ ਦੀ ਵੀ ਬੇਪਤੀ ਕਰਨੀ। ਉਹਨਾਂ ਨੂੰ ਖੁਲ੍ਹ ਹੋਂਵਦੀ ਏ। ਜਿੱਤ ਹੋ ਗਈ ਤਾਂ ਲੁੱਟ ਦਾ ਮਾਲ ਜੋ ਹੱਥ ਆਇਆ ਉਹਨਾਂ ਦਾ, ਨਹੀਂ ਤੇ ਲਾਸ਼ਾਂ ਕੁੱਤੇ-ਗਿੱਦੜ ਖਿੱਚੀ ਫਿਰਦੇ ਹੁੰਦੇ ਨੇ। ਹੁਣ ਵੇਖਨੇ ਆਂ ਕੀ ਹੁੰਦਾ ਈ। ਚੌਧਰੀ ਤਾਂ ਆਪਣੇ ਤੇਵਰ ਚੜ੍ਹਾਈ ਫਿਰਦਾ ਈ। ਪਿੰਡੀ ਦੇ ਜਣਿਆਂ ਨੂੰ ਮੁਸੀਬਤਾਂ ਈ ਮੁਸੀਬਤਾਂ.......।’ ਚਿਰਾਗ਼ਦੀਨ ਚੁੱਪ ਹੋ ਗਿਆ, ਫਿਰ ਤਸਬੀ ਫੇਰਦਿਆਂ ਉਸਦੇ ਮੂੰਹੋਂ ਨਿਕਲਿਆ—‘ਅੱਲਾਹ’

ਇਸ ਵੇਲੇ ਸਾਰਿਆਂ ਨੂੰ ਫੱਤੂ ਮਰਾਸੀ ਭੱਜਾ ਆਉਂਦਾ ਦਿੱਸਿਆ।

ਕੋਲ ਆਇਆ ਤਾਂ ਬੁੱਧ ਰਾਮ ਨੇ ਛਾਲ ਮਾਰਕੇ ਉਸਨੂੰ ਅੱਗਿਓਂ ਰੋਕ ਲਿਆ।

—ਫੱਤੂਆ ਕਿਵੇਂ ਹੱਥਾਂ ਪੈਰਾਂ ’ਚ ਆਇਆ ਫਿਰਨੈ। ਝਿੜੀ ਨੂੰ ਅੱਗ ਤੇ ਨਈ੍ਹੀਂ ਲੱਗ ਗਈ ?’ ਬੁੱਧ ਰਾਮ ਹੱਸਿਆ।

—ਹੁਣ ਤਾਂ ਲਾਹੌਰ ਨੂੰ ਅੱਗ ਲਾਣੀ ਊ। ਪਾਸੇ ਹੋ ਜ਼ਰਾ। ਵਗਾਰਾਂ ਧਾਨੂੰ ਵੀ ਪੈਣੀਆਂ। ਮਸ਼ਕਾਂ ਤਿਆਰ ਰੱਖੋ। ਪਿੱਛੇ ਹੋ ਪਿੱਛੇ, ਮੈਂ ਸ਼ਤਾਬੀ ਮੁੜਨੈ।’ ਫੱਤੂ ਪਾਸੇ ਦੀ ਲੰਘ ਚੱਲਿਆ ਤਾਂ ਬੁੱਧ ਰਾਮ ਨੇ ਬਾਹਾਂ ਖਿਲਾਰ ਕੇ ਫੇਰ ਘੇਰ ਲਿਆ।

—ਹੋਇਆ ਕੀ ਏ, ਪੈਰਾਂ ਥੱਲੇ ਭੌਣੀਆਂ ਬੰਨ੍ਹੀ ਫਿਰਨੈ ?’

—ਜਜਮਾਨਾਂ ਮੈਂ ਆਖਿਆ ਈ, ਪਾਸੇ ਹੋ ਜ਼ਰਾ। ਏਨਾ ਵੇਲਾ ਨਈ੍ਹੀਂ ਹੈਗਾ।’ ਮਰਾਸੀ ਫੇਰ ਘਰਚਾਨੀ ਦੇਣ ਲੱਗਾ ਤਾਂ ਬੁੱਧ ਰਾਮ ਨੇ ਫੇਰ ਵਲ ਲਿਆ।

—ਰਾਤੀਂ ਕੀ ਹੋਇਆ ?'

—ਰਾਤੀਂ….. ?' ਫੱਤੂ ਮੂੰਹ ਉੱਪਰ ਚੁੱਕ ਕੇ ਸੋਚਣ ਲੱਗਾ। ਫਿਰ ਝੱਟ ਬੋਲ ਪਿਆ;

—ਹਾਂਅ…..ਹਾਂਅ, ਰਾਤੀਂ ਖੈਂਹਬੜ ਖੈਂਹਬੜ ਹੋਈ।' ਆਖ ਕੇ ਉਹ ਦਾਅ ਮਾਰਕੇ ਅਗਾਂਹ ਨਿਕਲ ਗਿਆ।

ਸਾਰੇ ਭੱਜੇ ਜਾਂਦੇ ਫੱਤੂ ਮਰਾਸੀ ਵੱਲ ਵੇਖ ਵੇਖ ਹੱਸਣ ਲੱਗੇ।

—ਕਿਉਂ ਰਹਿਮਤ ਚਾਚਾ, ਵੇਖੀਆਂ ਮੀਰਜ਼ਾਦੇ ਦੀਆਂ ਸ਼ੁਰਲੀਆਂ।' ਬੁੱਧ ਰਾਮ ਨੇ ਉਸਦੀ ਦਾੜ੍ਹੀ ਨੂੰ ਛੇੜਿਆ।

—ਉਏ ਕਾਫਰਾ ਅੱਲਾਹ ਦੀ ਸ਼ੈਅ ਨੂੰ ਹੱਥ ਨਾ ਲਾਈਂ।' ਰਹਿਮਤ ਅਲੀ ਨੇ ਸਿਰ ਪਿੱਛ ਕਰਦਿਆਂ ਦਾੜ੍ਹੀ ਨੂੰ ਆਪਣੇ ਹੱਥਾਂ ਵਿਚ ਛੁਪਾ ਲਿਆ।

ਕਰੀਮ ਬਖਸ਼ ਹੱਸਣ ਲੱਗਾ।

—ਹੱਸਨਾ ਕਿਉਂ ਏ ਬਈ ?' ਅਫਜ਼ਲ ਨੇ ਪੁੱਛਿਆ।

—ਮੈਂ ਤਾਂ ਹਸਨਾ, ਮੀਰਜ਼ਾਦਾ ਤਾਂ ਲੱਧੀ ਦੀ ਹਵੇਲੀ ਅਤੇ ਝਿੜੀ ਦੇ ਰਾਹ 'ਚ ਈ ਹੰਭ ਜਾਂਦਾ ਹੋਣਾ।'

—ਤੇਲੀ ਦੇ ਬਲਦਾਂ ਨੂੰ ਘਰੇ ਈ ਪੰਜਾਹ ਕੋਹ ਹੋ ਜਾਂਦੇ ਐ ਮੀਆਂ।'

—ਪਰ ਇਹ ਫੱਤੂ ਬੜੀ ਕੁੱਤੀ ਸ਼ੈਅ ਆ ਇਹ ਤਾਂ ਪੁੱਛਦਿਆਂ ਪੁੱਛਦਿਆਂ ਦਿੱਲੀ ਨੂੰ ਹੱਥ ਜਾ ਲਾਵੇ।'

ਕਰੀਮ ਬਖਸ਼ ਦੀ ਗੱਲ ਉੱਪਰ ਫੇਰ ਸਾਰੇ ਹੱਸ ਪਏ।

ਪਰ ਅਚਾਨਕ ਉਹਨਾਂ ਦਾ ਹਾਸਾ ਰੁਕ ਗਿਆ। ਵੇਖਿਆ, ਲੱਧੀ ਅੰਬਾਂ ਵਾਲੇ ਖੂਹ ਦੇ ਰਾਹ ਵਗੀ ਜਾ ਰਹੀ ਸੀ। ਹਾਜੀ ਚਿਰਾਗ਼ਦੀਨ ਨੇ ਸੋਚਿਆ ਕੋਈ ਗੱਲ ਤਾਂ ਹੈ, ਨਹੀਂ ਤਾਂ ਇਉਂ, ਏਸ ਵੇਲੇ……। ਉਹ ਤਸਬੀ ਫੇਰਨੀ ਭੁੱਲ ਗਿਆ ਤੇ ਉਸਦਾ ਚਿਹਰਾ ਫ਼ਿਕਰਾਂ ਵਿਚ ਗ੍ਰਸਿਆ ਗਿਆ।



## 12.

ਝਿੜੀ ਵਿਚ, ਖੂਹ ਲਾਗੇ ਥੜ੍ਹੇ ਉਪਰ ਦੁੱਲੇ ਦੀ ਢਾਣੀ ਜੁੜੀ ਬੈਠੀ ਸੀ। ਥੋੜ੍ਹਾ ਪਰ੍ਹਾਂ ਹਨੇਰਾ ਹੋਣ 'ਤੇ ਚਾਨਣ ਲਈ ਲੱਕੜੀਆਂ ਇਕੱਠੀਆਂ ਕਰਕੇ ਰੱਖ ਲਈਆਂ ਸਨ। ਢਾਣੀ ਵਿਚ ਨਵਾਂ ਸ਼ਾਮਲ ਹੋਇਆ ਤਾਰੀ ਖੂਹ ਵਿਚੋਂ ਪਾਣੀ ਦਾ ਡੋਲ ਖਿੱਚ ਰਿਹਾ ਸੀ। ਇਸ ਡੂੰਘੀ ਹੋ ਰਹੀ ਸ਼ਾਮ ਵਿਚ, ਅੰਬਾਂ, ਟਾਹਲੀਆਂ, ਜੰਡਾਂ ਅਤੇ ਵਣਾਂ ਵਿਚੋਂ ਦੀ ਲੰਘਦੀ ਹਵਾ ਸਨਸਨਾ ਰਹੀ ਸੀ। ਤੇਜ਼ ਹਵਾ ਕਾਰਨ ਝਿੜੀ ਲਾਗਿਓਂ ਖਹਿਕੇ ਲੰਘਦੇ ਝਨਾਂ ਦੀਆਂ ਉਛਾਲੇ ਮਾਰਦੀਆਂ ਛੱਲਾਂ ਦਾ ਸ਼ੋਰ ਏਥੋਂ ਤੀਕਰ ਸੁਣਦਾ ਸੀ। ਝਿੜੀ ਦੇ ਅੰਦਰ ਦੁੱਲੇ ਦੀ ਢਾਣੀ ਦੀਆਂ ਹਰਕਤਾਂ ਵੇਖਕੇ ਲਗਦਾ ਸੀ,…..ਮੌਸਮ ਖੁਸ਼ਗਵਾਰ ਹੈ।

ਇਕ ਪਾਸੇ ਝਾੜੀਆਂ ਦੀ ਓਟ ਵਿਚ ਅੱਜ ਨਵੇਂ ਬਣੇ ਆਰਜੀ ਵੱਡੇ ਚੁਲ੍ਹੇ ਉਪਰ ਫੱਤੂ ਮਰਾਸੀ ਅਤੇ ਸ਼ੱਲਾ ਟੁੰਡਾ ਗੋਸ਼ਤ ਪਕਾ ਰਹੇ ਸਨ। ਖੂਹ ਦੇ ਆਲੇ ਦੁਆਲੇ ਅਜੀਬ ਜਿਹੀ ਤਿੱਖੀ ਗੰਧ ਫੈਲੀ ਹੋਈ ਸੀ। ਰੁੱਖਾਂ ਦੇ ਸੁੱਕੇ ਪੱਤੇ ਇਧਰ ਉਧਰ ਉੱਡਦੇ ਫਿਰਦੇ ਸਨ। ਦਰਿਆ ਵੱਲ ਕੋਈ ਜਣਾ ਲੰਮੀ ਹੇਕ ਕੱਢ ਕੇ ਗਾ ਰਿਹਾ ਸੀ। ਅਚਾਨਕ ਇਕ ਹਿਰਨ ਅੰਬਾਂ ਦੇ ਰੁੱਖਾਂ ਪਿੱਛੋਂ ਨਿਕਲ ਕੇ ਝਿੜੀ ਤੋਂ ਬਾਹਰ ਵੱਲ ਭੱਜਿਆ। ਕੱਚੀਆਂ ਅੰਬੀਆਂ ਕੁਤਰਦੀਆਂ ਗਾਲ੍ਹੜਾਂ ਰੁਕ ਕੇ ਵੇਖਣ ਲੱਗੀਆਂ। ਪੱਤਿਆਂ ਵਿਚ ਛੁੱਪੇ ਬੈਠੇ ਤੋਤਿਆਂ ਭਿਆਨਕ ਜਿਹੀਆਂ ਆਵਾਜ਼ਾਂ ਕੱਢੀਆਂ 'ਤੇ 'ਕਿਰਲਿਊ ਕਿਰਲਿਊ' ਕਰਦੇ ਉਡਾਰੀਆਂ ਮਾਰ ਗਏ।

ਸ਼ਰਾਬੀ ਹੋਏ ਦੁੱਲੇ ਨੇ ਵੇਖਿਆ, ਬੱਗੇ ਮਲਕੀਰੇ ਦੇ ਲੁੱਟੇ ਮਾਲ ਲਾਗਿਉਂ ਦੀ ਇਕ ਕਾਲਾ ਫਨੀਅਰ ਸੱਪ ਤੇਜ਼ੀ ਨਾਲ ਸਰਕਦਾ ਰੁੱਖਾਂ ਦੇ ਡਿੱਗੇ ਸੁੱਕੇ ਪੱਤਿਆਂ ਵਿਚ ਜਾ ਛੁਪਿਆ। ਸੂਰਜ ਗਿੱਠ ਕੁ ਭਰ ਖੜ੍ਹਾ ਹੇਠਾਂ ਦਰਿਆ ਵਿਚ ਡੁੱਬਣ ਡੁੱਬਣ ਕਰ ਰਿਹਾ ਸੀ।

ਗਾਹਣਾ, ਰੂੜਾ, ਪਿਰਥਾ, ਸਦੀਕ, ਰਮਜ਼ਾ ਲਹਿਣਾ ਤੇ ਸੈਦਾ ਇਕ ਪਾਸੇ ਬੈਠੇ ਛਵੀਆਂ ਗੰਡਾਸੇ ਰੇਤ ਨਾਲ ਮਾਂਜ ਕੇ ਚਮਕਾ ਰਹੇ ਸਨ। ਰਾਤੀਂ ਮਾਰੇ ਧਾੜੇ ਦੀਆਂ ਫੜ੍ਹਾਂ ਵੱਜ ਰਹੀਆਂ ਸਨ। ਚੁੱਲ੍ਹੇ ਵਿਚ ਬਲਦੀਆਂ ਲੱਕੜਾਂ ਦਾ ਧੂੰਆਂ ਉੱਪਰ ਉੱਠਦਾ ਦੱਸ ਰਿਹਾ ਸੀ, ਝਿੜੀ ਸਾਹ ਲੈਂਦੀ ਹੈ।

ਪਿਰਥੇ ਨੇ ਵੇਖਿਆ,…..ਦੁੱਲਾ ਡੂੰਘੀਆਂ ਸੋਚਾਂ ਵਿਚ ਲੱਥਾ ਹੋਇਆ ਸੀ। ਉਸਨੇ ਰੂੜੇ ਦੇ ਹੁੱਝ ਮਾਰਕੇ ਇਸ਼ਾਰਾ ਨਾਲ ਦੱਸਿਆ ਵੀ। ਰੂੜਾ ਦੁੱਲੇ ਵੱਲ ਵੇਖ ਕੇ ਬੁਲ੍ਹਾਂ ਵਿਚ ਹੀ ਹੱਸਿਆ ਤੇ ਆਪਣਾ ਗੰਡਾਸਾ ਮਾਂਜਣ ਲੱਗ ਪਿਆ।

ਪਿਰਥਾ ਉੱਠ ਕੇ ਦੁੱਲੇ ਦੇ ਨੇੜੇ ਆ ਗਿਆ—'ਦੁੱਲਿਆ।'

ਦੁੱਲਾ ਨਹੀਂ ਬੋਲਿਆ।

—ਦੁੱਲਿਆ ਸੌਂ ਗਿਆ ਈ ?' ਪਿਰਥੇ ਨੇ ਹਲੂਣਿਆਂ।

ਦੁੱਲਾ ਤ੍ਰੱਭਕ ਕੇ ਸਿੱਧਾ ਹੋ ਗਿਆ। ਹੈਰਾਨ ਹੋਇਆ। ਆਸ ਪਾਸ ਵੇਖਿਆ। ਬੋਲਿਆ—'ਮੈਂ ਤਾਂ ਬੜੀ ਦੂਰ ਨਿਕਲ ਗਿਆ ਸਾਂ ਪਿਰਥਿਆ।'

—ਰਾਵੀ ਪਾਰ ਕਰ ਗਿਆ ਸੈਂ ?' ਪਿਰਥਾ ਹੱਸਿਆ।

—ਏਵੇਂ ਹੀ ਸਮਝ ਲੈ, ਮੈਂ ਤਾਂ ਲਾਹੌਰ ਵੱਲ, ਦਿੱਲੀ ਵੱਲ ਟੁਰਿਆ ਫਿਰਦਾ ਸਾਂ।'

—ਮੈਂ ਜਾਚਿਆ ਸੌਂ ਗਿਆ ਏਂ।'

—ਸੁੱਤੇ ਈ ਰਹੇ ਆਂ ਏਨੇ ਵਰ੍ਹੇ। ਜਾਗਿਆ ਤੇ ਹੁਣ ਆਂ। ਮਾਂ ਨੇ ਕਦੀ ਸ਼ਾਹੀ ਖ਼ੈਰਾਤਾਂ ਦੀਆਂ ਲੋਰੀਆਂ ਨਾਲ ਸੁਆਈ ਰੱਖਿਆ, ਕਦੀ ਨਿਕਾਹ ਦੇ ਭੁਲਾਵੇਂ ਪਾ ਪਾ ਨੀਂਦਰ ਪਾਈ ਰੱਖੀ। ਬੜਾ ਸੌਂ ਲਏ ਆਂ ਪਿਰਥਿਆ। ਹੁਣ ਅੱਠੇ ਪਹਿਰ ਜਾਗਣ ਦਾ ਵੇਲਾ ਆ ਗਿਆ ਈ ਮਿੱਤਰਾ। ਹੁਣ ਤਾਂ ਇੱਕੋ ਈ ਝੋਰਾ ਏ, ਏਨੇ ਵਰ੍ਹੇ ਖੂਹ ਖਾਤੇ ਈ ਪਾ ਦਿੱਤੇ, ਇਹਨਾਂ ਨੂੰ ਕਿਵੇਂ ਪਿੱਛੇ ਮੋੜਾਂ। ਮਾਂ ਨੇ ਬੜੀ ਵੱਡੀ ਠੱਗੀ ਮਾਰੀ ਉ ਦੁੱਲੇ ਨਾਲ। ਕੋਈ ਹੋਰ ਔਰਤ ਹੁੰਦੀ ਤਾਂ ਮੈਂ ਸਿਰ ਲਾਹ ਦੇਣਾ ਸੀ ਓਸੇ ਘੜੀ। ਹੁਣ ਮਾਂ ਨੂੰ ਕੀ ਆਖਾਂ। ਕੋਈ ਮਾਂ ਨੂੰ ਕੀ ਆਖੇ। ਉਹ ਤਾਂ ਆਖਦੀ ਏ, ਜੇ ਰੱਬ ਹੈਗਾ ਏ, ਉਹ ਵੀ ਤਾਂ ਕਿਸੇ ਮਾਂ ਈ ਜੰਮਿਆ ਹੋਣਾ। ਏਸ ਭਾਅ ਤੇ ਫਿਰ ਮਾਂ ਰੱਬ ਈ ਹੋਈ ਨਾ। ਪਰ ਮੇਰੀ ਨੀਂਦਰ ਓਸੇ ਦਿਨ ਤੋਂ ਉੱਡੀ ਹੋਈ ਏ ਪਿਰਥਿਆ, ਜਦ ਮਾਂ ਨੇ ਆਪਣੀਆਂ ਗੋਝਾਂ ਦਾ ਢੱਕਣ ਚੁੱਕਿਆ ਸਈ।'

—ਵੀਰੇ ਦੁੱਲਿਆ ਮੈਨੂੰ ਘਰ ਜਾਣਾ ਪੈਣਾ। ਨਿੱਕਾ ਭਰਾ ਦੱਸ ਗਿਐ, ਬਾਬਾ ਢਿੱਲਾ ਈ ਕਈ ਦਿਨਾਂ ਦਾ। ਮੈਂ ਝੱਟ ਮੁੜਾਂਗਾ।' ਪਿਰਥੇ ਨੇ ਪੂਰੀ ਸੰਜੀਦਗੀ ਨਾਲ ਕਿਹਾ।

—ਹੁਣ ਘਰਾਂ ਨੂੰ ਮੋੜਾ ਦੇਵਣਾ ਔਖਾ ਈ ਪਿਰਥਿਆ। ਅਕਬਰ ਨਾਲ ਟੱਕਰ ਲੈਣੀ ਵੱਡੇ ਡਮਾਕ ਤੇ ਜਿਗਰੇ ਦਾ ਕੰਮ ਈ। ਤੁਸੀਂ ਸਾਰੇ ਤਾਂ ਮੇਰੀਆਂ ਬਾਹਵਾਂ ਜੇ। ਦਿੱਲੀ-ਲਾਹੌਰ ਨੂੰ ਦੱਸਣਾ ਏ, ਸਾਂਦਲ ਬਾਰ ਦੇ ਭੱਟੀ ਜਾਗ ਪਏ ਨੀ ਹੁਣ। ਤੁਸੀਂ ਆਪਣੀਆਂ ਨੀਂਦਰਾ ਖੋਹਲ ਲਓ। ਫੇਰ ਨਾ ਆਖਣਾ ਭੱਟੀ ਸੁੱਤੇ ਪਿਆਂ ਨੂੰ ਆ ਪਏ।' ਪਿਰਥੇ ਨੂੰ ਜਾਪਿਆ, ਦੁੱਲੇ ਅੰਦਰ ਜਿਵੇਂ ਅੱਗ ਬਲ ਰਹੀ ਹੋਵੇ, ਬੋਲਿਆ;

—ਇਹ ਲਾਹੌਰ ਦਿੱਲੀ ਵਾਲੇ ਵੱਡੇ ਲੋਕ ਨੀ ਵੀਰਿਆ। ਇਹਨਾਂ ਦਾ ਸੌਣਾ ਬਣਦਾ ਏ। ਇਹਨਾਂ ਦੀ ਰਾਖ਼ੀ ਲਈ ਛੋਟੇ ਲੋਕਾਂ ਜਾਗਣਾ ਹੁੰਦਾ ਏ। ਠੀਕਰੀ ਪਹਿਰੇ ਵਾਲੇ ਵੀ ਤਾਂ ਹੋਕਾ ਦੇਂਦੇ ਈ ਨੇ,.....'ਜਾਗਦੇ ਰਹਿਣਾ'। ਉਹ ਅਸਾਂ ਨੂੰ ਈ ਜਗਾਂਦੇ ਨੇ। ਅਸੀਂ ਫਿਰ ਵੱਡੇ ਲੋਕਾਂ ਲਈ ਜਾਗਦੇ ਹੋਏ ਨਾ।'

—ਅਸਾਂ ਇਹਨਾਂ ਲੋਕਾਂ ਲਈ ਜਿੰਨਾ ਜਾਗਣਾ ਸੀ, ਜਾਗ ਲਿਆ ਏ, ਪਿਰਥਿਆ। ਇਹਨਾਂ ਲੋਕਾਂ ਨੂੰ ਹੁਣ ਸਾਡੇ ਲਈ ਜਾਗਣਾ ਪੈਣਾ ਏ। ਬਾਬਾ ਚਿਰਾਗ਼ਦੀਨ ਆਖਦਾ ਹੁੰਦਾ, ਇਹ ਵੱਡੇ ਲੋਕ ਬੜੇ ਖ਼ਤਰਨਾਕ ਹੁੰਦੇ ਨੀ, ਇਹ ਸੁੱਤੇ ਵੀ ਜਾਗਦੇ ਹੁੰਦੇ ਨੀ। ਤੇ ਅਸੀਂ ਜਾਗਦੇ ਵੀ ਸੁੱਤੇ ਰਹਿੰਨੇ ਆਂ। ਏਦਾਂ ਦਾ ਈ ਦਸਤੂਰ ਏ ਦੁਨੀਆਂ ਦਾ। ਪਰ ਹੁਣ ਅਸਾਂ ਦੁਨੀਆਂ ਦੇ ਦਸਤੂਰ ਨੂੰ ਪੁੱਠਾ ਗੇੜਾ ਦੇਣਾ ਈ। ਹੁਣ ਨੀਂਦਰ ਉਹਨਾਂ ਨੂੰ ਵੀ ਨਹੀਂ ਪੈਣ ਦੇਣੀ। ਹੁਣ ਧਾੜਿਆਂ ਦਾ ਦਸਤੂਰ ਵੀ ਬਦਲ ਦੇਣਾ ਈ। ਮਾੜਿਆਂ ਦੀ ਰਾਖੀ ਕਰਨੀ ਏ। ਵੱਡਿਆਂ ਨੂੰ ਹੱਥ ਪਾਣਾ ਈ। ਗਾਹਣੇ ਨੂੰ ਸੱਦ ਏਧਰ— ।'

ਪਿਰਥਾ ਗਾਹਣੇ ਨੂੰ ਬੁਲਾ ਲਿਆਇਆ।

—ਗਾਹਣਿਆ ਹੁਣ ਤੇਰਾ ਕੰਮ ਆਪਣੀ ਭੱਠੀ ਵੱਲ ਵੱਧ ਹੋਣਾ ਈ।'

—ਮੈਂ ਧਆਡੇ ਨਾਲ ਕੋਈ ਯਾਰ-ਮਾਰ ਕੀਤੀ ਏ, ਅੱਡ ਕਰਨ ਲੱਗਿਆ ਏਂ ?'



—ਨਹੀਂ ਸੁਹਣਿਆਂ, ਹੁਣ ਹਥਿਆਰਾਂ ਦੀ ਲੋੜ ਪੈਣੀ ਉ ਤੇ ਤੇਰੀ ਭੱਠੀ ਦਿਨ ਰਾਤ ਮੱਘਦੀ ਰੱਖਣੀ ਉ।' ਦੁੱਲੇ ਨੇ ਸਮਝਾਇਆ।—'ਅੱਠੇ ਪਹਿਰ ਹਥਿਆਰ ਬਣਾਂਦਾ ਰਹੁ।'

—ਏਨਾ ਲੋਹਾ ਕਿਥੋਂ ਆਣਾ ਈ ਦੁੱਲਿਆ।

—ਲੋਹਾ ਬੜਾ ਈ ਲੋਕਾਂ ਦੇ ਘਰੀਂ। ਇਹਦਾ ਫ਼ਿਕਰ ਨਾ ਕਰ। ਅਸਾਂ ਬੰਦੇ ਜੋੜਨੇ ਈ ਆਪਣੇ ਅਕਲ ਵਾਲੇ, ਹੁਣ ਘੋੜੇ, ਹਥਿਆਰ ਲੁੱਟਣ ਦਾ ਵੇਲਾ ਈ। ਲਾਹੌਰ ਤਖ਼ਤ ਨੂੰ ਪਤਾ ਲੱਗੇ। ਫੱਤੂ ਮਰਾਸੀ ਨੂੰ ਆਖਣਾ ਈ, ਦਿਹੁੰ ਚੜ੍ਹਦਿਆਂ ਪੀਪਾ ਖੜਕਾ ਦੇਵੇ ਪਿੰਡੀ 'ਚ, ਬੰਨੇ-ਚੰਨੇ ਵੀ ਆਖ ਆਵੇ, ਹੁਣ ਅਕਬਰ ਦੇ ਬੰਦਿਆਂ ਨੂੰ ਕਿਸੇ ਵੀ ਮਾਮਲਾ ਨਹੀਂ ਦੇਣਾ। ਜਿਹੜਾ ਮਾਮਲਾ ਤਾਰੇਗਾ, ਉਹ ਸਾਡਾ ਵੈਰੀ ਏ ਤੇ ਵੈਰੀ ਨੂੰ ਅਸੀਂ ਸਾਹ ਨਹੀਂ ਕੱਢਣ ਦੇਣਾ।'

ਉਦੋਂ ਹੀ ਫੱਤੂ ਮਰਾਸੀ ਨੇ ਆਵਾਜ਼ ਦਿੱਤੀ।

—ਗੋਸ਼ਤ ਪੱਕ ਗਿਆ ਈ ਜਜਮਾਨੋਂ।'

ਠੀਕ ਇਸ ਵੇਲੇ ਸੁੱਕੇ ਪੱਤਿਆਂ ਉੱਪਰ ਕੋਈ ਇਹਨਾਂ ਵੱਲ ਤੁਰਿਆ ਆਉਂਦਾ ਦਿੱਸਿਆ।

ਸਾਰੇ ਚੌਕੰਨੇ ਹੋ ਗਏ। ਪਰ ਲੱਧੀ ਨੂੰ ਵੇਖਕੇ ਉਹਨਾਂ ਸਾਰਿਆਂ ਦੇ ਸਾਹ ਸੂਤੇ ਗਏ।

ਦੋ ਗਜ਼ ਤੋਂ ਵੀ ਲੰਮੀ ਦੇਹ, ਚੌੜੇ ਮੋਢੇ, ਲੰਮੀ ਧੌਣ, ਭਾਰੀਆਂ ਲਮਕਦੀਆਂ ਛਾਤੀਆਂ। ਦੋ ਦੋ ਗਿੱਠਾਂ ਦੇ ਪੈਰ। ਮੋਟੇ ਨੈਣ ਨਕਸ਼, ਕਣਕ ਵੰਨਾ ਰੰਗ। ਮੋਟੇ ਖੱਦਰ ਦੀ ਕੁੜਤੀ, ਸਲਵਾਰ, ਸਿਰ ਉਪਰ ਖੇਸੀ ਡੱਬੀਆਂ ਵਾਲੀ। ਲੰਮੀਆਂ ਬਾਹਾਂ, ਭਾਰੇ ਹੱਥ। ਜੇ ਦੋ ਜਣਿਆ ਦੀਆਂ ਧੌਣਾਂ ਫੜ ਲਏ ਤਾਂ ਜੀਭਾਂ ਬਾਹਰ ਲਮਕਾ ਦੇਵੇ।

ਲੱਧੀ ਗੁੱਸੇ ਵਿਚ ਸੀ। ਉਸਦੇ ਤੇਵਰ ਦੇਖਕੇ, ਸਾਰੇ ਇਕ ਦੂਸਰੇ ਵੱਲ ਝਾਕਣ ਲੱਗੇ। ਘਬਰਾਏ ਫੱਤੂ ਮਰਾਸੀ 'ਤੋਂ ਪਾਣੀ ਦੇਗਚੇ ਵਿਚ ਪਾਉਣ ਦੀ ਥਾਂ ਭੱਠੀ ਵਿਚ ਡੁਲ੍ਹ ਗਿਆ। ਅੱਗ ਬੁੱਝ ਗਈ। ਇਕ ਦਮ ਧੂੰਆਂ ਉੱਠਿਆ।

ਨਵੇਂ ਭਰਤੀ ਕੀਤੇ ਤਾਰੀ ਨੂੰ ਖੰਘ ਛਿੜ ਪਈ।

ਪਰ੍ਹਾਂ ਬਲਦੀ ਅੱਗ ਦੀ ਲੋਅ ਵਿਚ ਲੱਧੀ ਨੇ ਵੇਖ ਲਿਆ ਸੀ, ਇਕ ਪਾਸੇ ਲੁੱਟ ਦਾ ਮਾਲ ਪਿਆ ਹੈ, ਗੰਢਾਂ ਵਿਚ ਬੰਨਿਆ ਹੋਇਆ। ਖੁਰਜੀਆਂ, ਸ਼ਰਾਬ ਦੇ ਮਟਕੇ, ਦੋਹਣੀਆਂ, ਸੁੱਕੇ ਮੇਵਿਆਂ ਦੇ ਟੋਕਰੇ। ਇਕ ਨਿੱਕੀ ਜਿਹੀ ਟੋਕਰੀ ਵਿਚ ਕੱਪੜੇ ਨਾਲ ਕੁਝ ਹੋਰ ਵੀ ਢਕਿਆ ਹੋਇਆ ਸੀ।

ਫੱਤੂ ਮਰਾਸੀ ਡਰਦਾ, ਬੁਝੀ ਭੱਠੀ ਤੋਂ ਪਿਛਾਂਹ ਹਟ ਕੇ ਇਕ ਭਾਰੇ ਅੰਬ ਉਹਲੇ ਹੋ ਗਿਆ।

ਲੱਧੀ ਅਚਾਨਕ ਬਿਜਲੀ ਵਾਂਗ ਕੜਕੀ:

—ਤੈਨੂੰ ਸ਼ਰਮ-ਹਯਾ ਕਾਈ ਹੈ ਕਿ ਨਹੀਂ ਦੁੱਲਿਆ। ਧੀਆਂ ਮੁਟਿਆਰਾਂ ਹੋ ਗਈਆਂ ਨੀ। ਤੈਨੂੰ ਫ਼ਿਕਰ ਈ ਨਹੀਂ ਘਰਦਾ। ਜਿਹੜੇ ਕੁੱਤੇ ਕੰਮ ਤੂੰ ਤੇ ਤੇਰੇ ਆਹ ਢੋਡਰ ਕਰਨ ਡਹੇ ਓਂ....ਇਹਨਾਂ ਦਾ ਹਸ਼ਰ ਕੀ ਹੋਣਾ ਏਂ ਪਤਾ ਏ ? ਬੇ-ਹਯਾਓ, ਦੋਜ਼ਖਾਂ ਨੂੰ ਜਾਣਿਓਂ, ਅੱਲਾਹ ਸਭ ਵੇਖਦਾ ਈ ਉਪਰ।'

—ਅੰਮਾਂ ਮੈਂ ਦੱਸਨਾਂ......।' ਨਸ਼ੇ ਵਿਚ ਥਥਲਾਉਂਦਾ ਸਦੀਕ ਬੋਲਣ ਲੱਗਾ ਤਾਂ ਲੱਧੀ ਉਸਨੂੰ ਪੈ ਨਿਕਲੀ:

—ਬੈਠਾ ਰਹੁ ਵੇ ਸਦੀਕਿਆ। ਤੈਨੂੰ ਤਾਂ ਜੀਭ ਦੀ ਉੱਲੀ ਲਾਹਣ ਨੂੰ ਸ਼ਰਾਬਾਂ ਚਾਹੀਦੀਆਂ ਨੀ। ਸ਼ਰਾਬ ਨਾ ਲੱਭੇ ਤਾਂ ਮੂਤਰ ਵੀ ਪੀ ਲਵੇਂ। ਥੇਹ ਹੋਣਿਓਂ, ਬੰਦਾ ਲੁੱਟਿਆ ਈ ਲਾਹੌਰ ਦਰਬਾਰ ਦਾ ਤੇ ਏਥੇ ਸ਼ਰਾਬਾਂ ਪੀਣ ਡਹੇ ਜੇ। ਸਾਰੀ ਪਿੰਡੀ ਤਰਾਹ ਤਰਾਹ ਕਰਦੀ ਏ। ਕੋਈ ਧਾਅੜਾ ਪਿਉ ਮੁਖ਼ਬਰੀ ਕਰਨ ਲਾਹੌਰ ਪੁੱਜ ਗਿਆ ਹੋਣਾ ਈ।'

—ਰੰਗ ਵਿਚ ਭੰਗ ਪਾ ਦਿੱਤੀ ਉ ਅੰਮਾ। ਇਹ ਤਾਂ ਬਹਿਸ਼ਤਾਂ ਦੀਆਂ........।' ਕੁਝ ਹੋਰ ਆਖਣ ਲੱਗਾ ਰੂੜਾ ਚੁੱਪ ਕਰ ਗਿਆ।

—ਘਾਈ ਨੀ ਸਾਂਭੀ ਜਾਣੀ ਵੇ ਬਹੁਤੀਆਂ ਬਹਿਸ਼ਤਾਂ ਵਾਲਿਆ। ਦੁੱਲੇ ਦਾ ਚਾਚਾ ਲਾਹੌਰ ਵਗ ਗਿਆ ਈ। ਜਿਹੜਾ ਚੰਦ ਰਾਤੀਂ ਚਾੜ੍ਹਿਆ ਈ, ਚੰਗਾ ਈ ਏਧਰ ਓਧਰ ਹੋ ਜਾਓ ਸਾਰੇ। ਜੇ ਪਕੜੇ ਗਏ ਤਾਂ ਬਾਤਸ਼ਾਹ ਦੇ ਬੰਦੀਖ਼ਾਨੇ 'ਚ ਬਹਿਸ਼ਤਾਂ ਵੇਖਣਾ।' ਆਖਕੇ ਲੱਧੀ ਝਟਕੇ ਨਾਲ ਮੁੜੀ ਤੇ ਤੁਰ ਗਈ।

—ਲਾਹੌਲ-ਵਿਲਾ ਕੂਵੱਤ—।' ਆਖਦਾ ਫੱਤੂ ਮਰਾਸੀ ਛਾਲ ਮਾਰਕੇ ਅੰਬ ਉਹਲਿਓਂ ਨਿਕਲਿਆ; 'ਅੰਮਾਂ ਤੇ ਅੱਜ ਕਾਲੀ ਬੋਲੀ ਹਨੇਰੀ ਵਾਂਗ ਚੜ੍ਹ ਆਈ। ਮੇਰਾ ਤਾਂ ਨਸ਼ਾ ਈ ਥੱਲੇ ਬਹਿ ਗਿਆ। ਰੂੜਿਆ ਦੇਈਂ ਹਿੱਕ ਪਿਆਲਾ ਹੋਰ।'

—ਪਿਛਾਂਹ ਹੋ ਕੇ ਬਹੁ ਮੀਰਜਾਦਿਆ, ਸੋਚਣ ਦੇ ਸਾਨੂੰ। ਮਾਂ ਬਿਨਾਂ ਮਤਲਬ ਤੋਂ ਨਹੀਂ ਆਂਦੀ ਕਦੇ। ਪਿੰਡੀ 'ਚ ਹੋਣੀ ਏ ਕੋਈ ਗੱਲ।' ਦੁੱਲਾ ਫ਼ਿਕਰ ਨਾਲ ਬੋਲਿਆ।

—ਰੂੜਿਆ ਪਹਿਲਾਂ ਮਾਲ ਟਿਕਾਣੇ ਲਾਈਏ। ਇਕ ਜਣਾ ਤੇ ਜਾਵੇ ਮੇਧੇ ਬਾਣੀਏ ਕੋਲ। ਖਾਣ ਪੀਣ ਜੋਗਾ ਰੱਖਕੇ ਬਾਕੀ ਸਭ ਅਗਾਂਹ ਕਰੀਏ। ਚਾਚਾ ਤਾਂ ਗਿਆ ਈ ਹੋਣਾ ਲਾਹੌਰ। ਉਹ ਰੁੱਕਣ ਵਾਲਾ ਨਹੀਂ।'

—ਹੁਣ ਤੇਰੇ ਚਾਚੇ ਨਾਲ ਵੀ ਹਿਸਾਬ ਕਰਨ ਦਾ ਵੇਲਾ ਆ ਗਿਆ ਈ ਦੁੱਲਿਆ।' ਸਦੀਕ ਕੁਝ ਗੁੱਸੇ ਅਤੇ ਰੰਜ ਨਾਲ ਬੋਲਿਆ।

—ਉਹ ਤਾਂ ਦੁੱਲੇ ਦਾ ਸੱਕਾ ਈ।' ਰਮਜ਼ੇ ਨੇ ਕਿਹਾ।

—ਸੱਕਿਆਂ ਦੇ ਕਿਸੇ ਨੇ ਸੱਕ ਲਾਹਣੇ ਨੇ। ਜਿਹੜਾ ਸਾਡੇ ਪੈਰਾਂ ਥੱਲਿਉਂ ਭੋਏਂ ਖਿੱਚਦਾ, ਉਹਦੇ ਪੈਰਾਂ ਥੱਲੇ ਵੀ ਅਸਾਂ ਭੋਏਂ ਨਹੀਂ ਰਹਿਣ ਦੇਣੀ।' ਦੁੱਲੇ ਨੇ ਲਲਕਾਰ ਕੇ ਆਖਿਆ। ਫਿਰ ਗਾਹਣੇ ਵਲ ਮੁੜਿਆ—'ਤੂੰ ਪਤਾ ਕਰ ਖਾਂ, ਪਿੰਡ 'ਚ ਹੋਰ ਕਿਹੜੇ ਸੂਹੀਏ ਹੈਗੇ ਨੇ ਮੁਗਲੇਟਿਆਂ ਦੇ। ਉਹਨਾਂ ਨੂੰ ਵੀ ਮੌਲਵੀ ਵਾਲਾ ਸਬਕ ਦੇਣਾ ਪੈਣਾ ਈ।'

—ਦੋ ਬੰਦਿਆਂ ਦਾ ਮੈਨੂੰ ਪਤਾ ਈ ਦੁੱਲਿਆ।' ਸਦੀਕ ਨੇ ਪਿਆਲਾ ਖ਼ਾਲੀ ਕਰਕੇ ਇਕ ਪਾਸੇ ਰਖਦਿਆਂ ਕਿਹਾ।

—ਲਾਹੌਲ ਵਿੱਲਾ ਕੂਵੱਤ, ਤੂੰ ਹਾਲੀਂ ਭੇਦ ਢਿੱਡ 'ਚ ਈ ਪਾਈ ਰੱਖਿਆ ਸੂ।' ਦੁੱਲਾ ਹੈਰਾਨ ਹੋਇਆ। 'ਉਹਨਾਂ ਦੋਹਾਂ ਵਿਚੋਂ ਇੱਕ ਤੂੰ ਤੇ ਨਹੀਂ ਏਂ ?'

—ਤੂੰ ਮੇਰੀ ਹੱਤਕ ਕਰਨਾ ਏਂ ਦੁੱਲਿਆ।' ਸਦੀਕ ਵੱਟ ਖਾ ਗਿਆ।

—ਮੈਂ ਤਾਂ ਹੱਸਨਾਂ ਪਿਆਂ ਤੂੰ ਬੰਦੇ ਦੱਸ।'



-ਇੱਕ ਤੇ ਹੈਗਾ ਈ ਮੌਲਵੀ......,

—ਤੇ ਦੂਆ— ?'

—ਦੂਆ ਈ ਪੰਡਤ ਦੁਰਗਾ।'

—ਯਾ ਅੱਲਾਹ, ਇਕ ਮੋਮਨ, ਇਕ ਕਾਫ਼ਰ, ਇਹ ਕਿੱਦਾਂ ਦਾ ਜੋੜ ਹੋਇਆ ?' ਦੁੱਲੇ ਨੇ ਸਭਨਾਂ ਵੱਲ ਵੇਖਦਿਆਂ ਆਖਿਆ ਤੇ ਭੇਤ ਭਰਿਆ ਹੱਸਿਆ।

—ਦੋਨੋਂ ਲਾਲਚੀ ਨੇ, ਬਾਦਸ਼ਾਹ ਤੋਂ ਖ਼ੈਰਾਤਾਂ ਲੈਣ ਵਾਲੇ। ਇਹਨਾਂ ਦੀਆਂ ਗਰਜ਼ਾਂ ਇਕੋ ਨੇ ਤਾਂ ਦੀਨ-ਧਰਮ ਵੀ ਵਿਚ ਆੜੇ ਨਹੀਂ ਆਉਂਦਾ।' ਲਹਿਣਾ ਬੋਲਿਆ।

—ਬੰਨ੍ਹ ਲੈ ਆਈਏ ਖੂਹ 'ਤੇ ?' ਪਿਰਥਾ ਜੋਸ਼ ਵਿਚ ਆ ਗਿਆ।

—ਏਨਾ ਤੱਤਾ ਨਾ ਹੋ ਪਿਰਥਿਆ। ਅਜੇ ਤਾਂ ਬੱਗੇ ਮਲਕੀਰੇ ਦਾ ਮਾਲ ਖਿੱਲਰਿਆ ਪਿਆ। ਇਹਨੂੰ ਕਿਸੇ ਪੇਟੇ ਪਾਈਏ ਪਹਿਲਾਂ। ਕਿਥੇ ਚੱਲੇ ਨੀ ਮੌਲਵੀ ਤੇ ਪੰਡਤ। ਇਹ ਤਾਂ ਘੜੇ ਦੀਆਂ ਮੱਛੀਆਂ ਨੇ। ਬਿਨਾਂ ਜਾਲ ਸੁੱਟਿਆਂ ਫੜੀਚ ਜਾਣੀਆਂ।' ਦੁੱਲੇ ਨੇ ਹੌਸਲੇ ਨਾਲ ਕਿਹਾ। ਫਿਰ ਹੁਕਮ ਦੇਣ ਵਾਂਗ ਬੋਲਿਆ,—ਰਾਤੋ ਰਾਤ ਮਾਲ ਲਈ ਚੱਲੋ ਦੀਵਾਨ ਖ਼ਾਨੇ ਦੇ ਤਹਿਖ਼ਾਨੇ 'ਚ। ਕੱਲ੍ਹ ਮੇਧਾ ਬਾਣੀਆਂ ਆਉਣਾ ਚਾਹੀਦਾ ਏ। ਫੱਤੂ, ਮੀਰਜ਼ਾਦਿਆ ਤੂੰ ਜਾਸੇਂ ਖ਼ਬਰ ਦੇਣ। ਆਖਣਾ ਦੁੱਲੇ ਸੱਦਿਆ ਈ। ਬੱਗੇ ਮਲਕੀਰੇ ਦਾ ਮਾਲ ਸੁਣਕੇ ਤਾਂ ਬਾਣੀਏ ਨੇ ਨੰਗੇ ਪੈਰੀ ਨੱਠ ਤੁਰਨਾ।'

—ਠੀਕ ਏ ਸਰਦਾਰ, ਰੂੜੇ ਨੂੰ ਆਖ ਅੱਧਾ ਕੁ ਪਿਆਲਾ ਹੋਰ ਦੇਵੇ। ਗੂੜ੍ਹੀ ਨੀਂਦਰ ਪੈ ਗਈ ਤਾਂ ਪਹਿਲੇ ਪਹਿਰੇ ਉੱਠ ਕੇ ਤੁਰਨਾ ਪੈਣਾ।'

—ਦੋਹਣੀ ਤਾਂ ਖਾਲੀ ਉ।' ਰੂੜੇ ਨੇ ਉਲਟੀ ਕਰਕੇ ਵਿਖਾਈ।'

—ਵਾਹ ਨੀ ਕਿਸਮਤੇ, ਆਇਆ, ਬੀਬੀ ਦਾ ਵਾਰਾ, ਉਜੜ ਗਿਆ ਤਖ਼ਤ ਹਜ਼ਾਰਾ।' ਫੱਤੂ ਨੇ ਢਿੱਲਾ ਜਿਹਾ ਪੈਂਦਿਆਂ ਕਿਹਾ।

ਸਾਰੇ ਹੱਸਣ ਲੱਗ ਪਏ।

—ਕੰਜਰਾ ਗੋਸ਼ਤ ਤਾਂ ਵੇਖ ਪੱਕ ਗਿਆ ਈ ਤਾਂ, ਤੈਈਨੂੰ ਤਾਂ ਅੰਮਾਂ ਲੱਧੀ ਵੇਖ ਕੇ ਈ ਮੋਕ ਵਗਣ ਡਹਿ ਪਈ। ਬਾਹਲੇ ਛੋਹਲੇ ਨੇ ਚੁੱਲ੍ਹੇ 'ਚ ਈ ਪਾਣੀ ਪਾ ਛੱਡਿਆ।' ਸਦੀਕ ਨੇ ਛੇੜਿਆ।

—ਗੋਸ਼ਤ ਤਾਂ ਥੱਲੇ ਲੱਗਣ ਡਿਹਾ ਸੀ, ਚੰਗਾ ਹੋਇਆ ਅੱਗ ਬੁੱਝ ਗਈ ਨਹੀਂ ਤਾਂ ਹੁਣ ਤੱਕ ਸਾਡੇ ਬੋਕ ਆਂਗੂ ਦੇਗਚੇ 'ਚੋਂ ਮੁਸ਼ਕ ਮਾਰਨਾ ਸੀ।' ਫੱਤੂ ਨੇ ਉਪਰੋਂ ਦੀ ਸੁਣਾਈ।

—ਸਾਲਿਆ ਸ਼ੱਲੇ ਟੁੰਡੇ ਦਿਆ ਇਕ ਦਿਨ ਤੇਰੇ ਬੋਕ ਨੂੰ ਹੀ ਦੇਗਚੇ 'ਚ ਰਿੰਨ੍ਹਣਾ ਪੈਣਾ।' ਗਾਹਣਾ ਵੀ ਪੂਰਾ ਨਸ਼ੇ ਵਿਚ ਟੱਲੀ ਸੀ।

—ਸਾਲਾ ਈ ਬਨਾਉਣਾ, ਧਾਅਨੂੰ ਚੱਜਦਾ ਬੰਦਾ ਨੀ ਲਭਦਾ ਕੋਈ ?' ਫੱਤੂ ਨੇ ਹਿਰਖ਼ ਕੀਤਾ ਤੇ ਦੇਗਚਾ ਲਾਹੁਣ ਆਰਜ਼ੀ ਬਣਾਏ ਚੁਲ੍ਹੇ ਵੱਲ ਤੁਰ ਪਿਆ।

—ਮਰਾਸੀ ਦੀਏ ਜਾਤੇ ਸ਼ੱਲੇ ਨੂੰ ਕੀੜੇ ਪਏ ਆ, ਆਹ ਟੁੰਡ ਤਾਂ ਵੇਖ।' ਸ਼ੱਲੇ ਨੇ ਹਵਾ ਵਿਚ ਟੁੰਡ ਘੁੰਮਾਇਆ ਤਾਂ ਸਾਰੇ ਫੇਰ ਹੱਸ ਪਏ।

ਜਦੋਂ ਫੱਤੇ ਅਤੇ ਤਾਰੀ ਨੇ ਦੇਗਚਾ ਉਹਨਾਂ ਦੇ ਵਿਚਕਾਰ ਲਿਆ ਰੱਖਿਆ ਤਾਂ ਕੱਚਾ-ਪੱਕਾ ਸਭ ਚੂੰਡਣ ਲੱਗੇ।

...................

ਫੇਰ ਉਹਨਾਂ ਝਿੜੀ ਵਿਚ ਸਾਂਭਣ ਵਾਲਾ ਸਮਾਨ, ਝਿੜੀ ਵਿਚ ਛੁਪਾਇਆ। ਬਾਕੀ ਮਾਲ ਦੀਆਂ ਗੰਢਾਂ ਸਿਰਾਂ ਉੱਪਰ ਰੱਖ ਕੇ, ਪਿੰਡ ਵੱਲ ਤੁਰ ਪਏ।

ਕੱਪੜੇ ਨਾਲ ਢਕੀ ਟੋਕਰੀ ਦੁੱਲੇ ਨੇ ਆਪ ਚੁੱਕੀ ਹੋਈ ਸੀ।

ਜਦੋਂ ਉਹ ਝਿੜੀ ਵਿਚੋਂ ਬਾਹਰ ਨਿਕਲੇ ਤਾਂ ਅਸਮਾਨ ਵਿਚ ਅੱਧਾ ਚੰਨ ਡੋਲਦਾ ਡੋਲਦਾ ਉਹਨਾਂ ਦੇ ਸਿਰਾਂ ਉੱਪਰ ਆਕੇ ਹੈਰਾਨੀ ਨਾਲ ਵੇਖਣ ਲੱਗਾ।

ਝਾੜੀਆਂ ਵਿਚ ਬੋਲਦੇ ਬੀਂਡਿਆਂ ਨੇ ਪਲ ਕੁ ਲਈ ਸਾਹ ਲਿਆ। ਸ਼ਾਇਦ ਬਿੜਕ ਵੀ ਲਈ। ਝੱਟ ਪਿਛੋਂ ਹੀ ਉਹ ਆਪਣਾ ਰਾਗ ਅਲਾਪਣ ਵਿਚ ਫਿਰ ਰੁੱਝ ਗਏ।



## 13.

ਦਿਨ ਚੜ੍ਹਿਆ। ਪਿੰਡੀ ਜਾਗ ਉੱਠੀ।

ਹਵੇਲੀ ਦੇ ਵਿਹੜੇ ਵਿਚ ਆਕੇ ਦੁੱਲੇ ਨੇ ਵੇਖਿਆ, ਅਸਮਾਨ ਪੂਰਾ ਸਾਫ਼ ਸੀ। ਨੀਲੀ ਭਾਅ ਮਾਰਦਾ। ਘਰ ਦੇ ਬਾਕੀ ਜੀਆਂ ਦੀ ਟੋਹ ਲਈ। ਫੁੱਲਰਾਂ ਨੇ ਚਾਟੀ ਵਿਚ ਮਧਾਣੀ ਪਾ ਲਈ ਸੀ। ਨੂਰਾ ਅਜੇ ਉੱਠਿਆ ਨਹੀਂ ਸੀ। ਕੁੜੀਆਂ ਵੀ ਸੁੱਤੀਆਂ ਹੋਣਗੀਆਂ। ਚੌਂਕੇ ਵੱਲ ਵੇਖਿਆ, ਚੌਂਕਾ ਸੁੰਨਾ ਸੀ। ਸ਼ਾਇਦ ਮਾਂ ਵੀ ਅਜੇ ਜਾਗੀ ਨਾ ਹੋਵੇ।

ਉਹ ਹਵੇਲੀ ਦਾ ਦਰਵਾਜ਼ਾ ਖੋਹਲ ਕੇ ਖੇਤਾਂ ਵਲ ਨਿਕਲ ਤੁਰਿਆ।

ਆਸੇ ਪਾਸੇ ਵੇਖਦਾ ਉਹ ਹੈਰਾਨ ਹੋਇਆ। ਕਣਕਾਂ ਨੂੰ ਤਾਂ ਦਾਤੀ ਪੈਣ ਵਾਲੀ ਹੈ। ਕੁਝ ਪਛੇਤੇ ਖੇਤ ਹਾਲੀਂ ਹਰੇ ਖੜ੍ਹੇ ਨੇ। ਸਦੀਕ ਦਾ ਅੱਬਾ ਤਾਂ ਅੱਧੇ ਖ਼ੇਤ ਮੁਕਾਈ ਬੈਠਾ। ਫੇਰ ਤਾਂ ਸ਼ੱਲੇ ਨੂੰ ਆਖਣਾ ਪੈਣਾ,—ਛੋਟੇ ਭਰਾ ਨੂੰ ਆਖਕੇ ਬੰਦੇ ਵਗਾਰੇ। ਮਾਂ ਤਾਂ ਪਹਿਲਾਂ ਈ ਮੇਰੇ ’ਤੇ ਔਖੀ ਏ। ਦਾਣੇ ਤਾਂ ਸੁੱਟੀਏ ਵੇਲੇ ਸਿਰ ਘਰ।

ਰੂੜੇ ਦਾ ਪਿਉ ਆਪਣੇ ਖ਼ੇਤ ਵਿਚ ਪਹਿਲਾਂ ਹੀ ਨਿਗਰਾਨੀ ਕਰਦਾ ਫਿਰਦਾ ਦਿਸਿਆ ਦੁੱਲੇ ਨੂੰ।

—ਚਾਚਾ ਖ਼ੈਰ ਮਿਹਰਾਂ ਨੇ ?’ ਦੁੱਲੇ ਨੇ ਦੂਰੋਂ ਹੀ ਪੁੱਛਿਆ।

—ਅੱਲਾਹ ਦਾ ਸ਼ੁਕਰ ਏ।’ ਰੂੜੇ ਦੇ ਪਿਉ ਨੇ ਉੱਪਰ ਵੱਲ ਹੱਥ ਕਰਦਿਆਂ ਕਿਹਾ।

—ਕੁਹਾੜੀ ਫੜੀ ਊ ਸਵੇਰੇ ਸਵੇਰੇ।’

—ਬੇਰੀ ਵੱਢਣੀ ਏ ਅੱਜ, ਨਾੜ ਗਾਹਣ ਲਈ ਫਲ੍ਹਾ ਬਣਾਈਏ ਵੇਲੇ ਨਾਲ। ਮੀਂਹ ਝੱਖੜ ਦਾ ਕੀ ਪਤਾ। ਪੱਕੀ ਖੇਤੀ ਨੂੰ ਮਾਰਾਂ ਈ ਮਾਰਾਂ।’

ਦੁੱਲਾ ਅਗਾਂਹ ਤੁਰ ਗਿਆ। ਹਵਾ ਵਿਚ ਨਿੰਮ ਦੇ ਫੁੱਲਾਂ ਦੀ ਮਹਿਕ ਘੁਲੀ ਹੋਈ ਸੀ। ਸੱਜੇ ਹੱਥ ਅੰਬਾਂ ਦੀ ਝਿੜੀ ਵਿਚੋਂ ਮੋਰ ਕੂਕਿਆ, ਫਿਰ ਚੁਫੇਰਿਓਂ ਮੋਰਾਂ ਦੀਆਂ ਆਵਾਜ਼ਾਂ ਸੁਣਨ ਲੱਗੀਆਂ। ਹੇਠਾਂ ਲਹਿੰਦੇ ਵੱਲ ਦੁੱਲੇ ਨੂੰ ਕਾਲੀ ਘੱਟ ਦਿਸੀ। ਉਸਨੂੰ ਰੂੜੇ ਦੇ ਪਿਉ ਦੀ ਆਖੀ ਗੱਲ ਯਾਦ ਆਈ। ਉਸਦੇ ਮੂੰਹੋਂ ਨਿਕਲਿਆ,—ਅੱਲਾਹ ਮਿਹਰ ਰੱਖੀਂ ਦਾਣਾ-ਫੱਕਾ ਘਰ ਸੁੱਟ ਲੀਏ। ਲੰਮਾ ਚੱਕਰ ਲਾ ਕੇ ਦੁੱਲਾ ਵਾਪਸ ਮੁੜਿਆ। ਕਾਲੂ ਵਾੜੇ ਵਿਚੋਂ ਆਪਣਾ ਇੱਜੜ ਕੱਢ ਕੇ ਨਿਆਈਆਂ ਵਿਚ ਲਈ ਫਿਰਦਾ ਸੀ।

ਪਤਾ ਨਹੀਂ ਦੁੱਲੇ ਦੇ ਮਨ ਵਿਚ ਕੀ ਆਇਆ, ਉਹ ਪਿੰਡ ਦੇ ਉੱਤਰ ਵਲ ਤੁਰ ਪਿਆ। ਝਨਾਂ ਦੇ ਨਾਲ ਨਾਲ। ਏਧਰ ਉੱਚੇ ਸਰਕੜੇ ਅਤੇ ਸੰਘਣਾ ਜੰਗਲ ਸੀ। ਹਾਜੀ ਚਿਰਾਗ ਦੀਨ ਦੱਸਿਆ ਕਰਦਾ ਏ, ਕਦੇ ਜੰਗਲ ਵਾਲੀ ਥਾਵੇਂ ਦਰਿਆ ਵਗਦਾ ਸੀ, ਹੁਣ ਥੋੜ੍ਹਾ ਪਿੱਛੇ ਵਹਿਣ ਲੱਗਾ ਏ।

ਦੁੱਲੇ ਦੇ ਪੈਰਾਂ ਦਾ ਖੜਾਕ ਸੁਣਕੇ, ਝਾੜੀ ਵਿਚੋਂ ਇਕ ਜੰਗਲੀ ਮੁਰਗਾ ਖੰਭ ਫੜਫੜਾਉਂਦਾ ਨੱਠ ਗਿਆ।

ਸਾਹਮਣੇ ਜੰਗਲੀ ਰੁੱਖਾਂ ਦਾ ਝੁਰਮਟ ਸੀ। ਇਕ ਪਾਸੇ ਡੂੰਘੀ ਥਾਂਵੇਂ ਝੀਲ ਵਾਂਗ ਖੜ੍ਹੇ ਪਾਣੀ ਵਿਚ ਮੁਰਗਾਬੀਆਂ ਤੈਰ ਰਹੀਆਂ ਸਨ। ਕੰਢੇ ਦੇ ਪਾਰਲੇ ਪਾਸੇ ਇਕ ਮੋਰ ਪੈਲ ਪਾਈ ਨੱਚ ਰਿਹਾ ਸੀ। ਇਕ ਖਰਗੋਸ਼ ਟਪੂਸੀਆਂ ਲਾਉਂਦਾ ਪਾਣੀ ਪੀਣ ਆਇਆ, ਪ੍ਰਕਿਰਤੀ ਦੀ ਓਪਰੀ ਜਿਹੀ ਖੜ੍ਹੀ ਸ਼ੈਅ ਵੇਖ ਕੇ ਘਬਰਾ ਗਿਆ। ਕੰਨ ਸਿੱਧੇ ਖੜ੍ਹੇ ਹੋ ਗਏ। ਦੋ ਕੁ ਵਾਰ ਪਿੰਜੀ ਰੂੰ ਦੀ ਪੂਣੀ ਵਰਗੀ ਪੂਛ ਹਿੱਲੀ। ਫਿਰ ਬਿਨਾਂ ਪਾਣੀ ਪੀਤਿਆਂ ਟਪੂਸੀਆਂ ਮਾਰ ਕੇ ਝਾੜੀਆਂ 'ਚ ਜਾ ਲੁਕਿਆ। ਦੁੱਲੇ ਦੇ ਬੁੱਲ੍ਹਾਂ ਉਪਰ ਮੁਸਕਾਣ ਆ ਗਈ। ਦੂਰ ਇਕ ਹਾਥੀ ਦੇ ਚੰਘਾੜਣ ਦੀ ਆਵਾਜ਼ ਸੁਣੀ। ਦੁੱਲੇ ਨੂੰ ਵੇਖ ਕੇ ਹਿਰਨਾਂ ਦੀ ਇਕ ਡਾਰ ਤਰਿਹ ਕੇ ਖੜੋ ਗਈ, ਫਿਰ ਉਸੇ ਪਲ ਮੂੰਹ ਭੁਆ ਕੇ ਜੰਗਲ ਅੰਦਰ ਚਲੀ ਗਈ।

ਦੁੱਲਾ, ਪੰਛੀਆਂ, ਜਾਨਵਰਾਂ ਦੇ ਇਸ ਵਿਚਿੱਤਰ ਸੰਸਾਰ ਨੂੰ ਵੇਖਦਾ ਹੌਲੀ ਹੌਲੀ ਤੁਰਦਾ ਗਿਆ। ਹਵਾ ਪਹਿਲਾਂ ਨਾਲੋਂ ਵਧੇਰੇ ਤੇਜ਼ ਹੋ ਗਈ। ਰੁੱਖਾਂ ਦੇ ਸੁੱਕੇ ਪੱਤੇ ਪਗਡੰਡੀਆਂ ਦੇ ਆਲੇ ਦੁਆਲੇ ਖਿੰਡਰਨ ਲੱਗੇ। ਦੁੱਲਾ ਇਕ ਭਾਰੇ ਰੁੱਖ ਦੇ ਤਣੇ ਨਾਲ ਢੋਅ ਲਾਕੇ ਖੜ੍ਹ ਗਿਆ। ਉਸਨੇ ਵੇਖਿਆ, ਮਸ਼ਰਕ ਵੱਲ ਅਸਮਾਨ ਸੰਧੂਰੀ ਰੰਗਾ ਹੋਣ ਲੱਗਾ।

ਫਜ਼ਰ ਦੀ ਨਮਾਜ ਲਈ ਮੁੱਲਾਂ ਦੀ ਬਾਂਗ ਸੁਣੀ।

ਦੁੱਲਾ ਘਰ ਮੁੜਨ ਦੀ ਸੋਚਣ ਲੱਗਾ।

ਉਸਨੂੰ ਯਾਦ ਆਇਆ, ਅੱਜ ਤਾਂ ਮੇਧੇ ਬਾਣੀਏ ਨੂੰ ਸੱਦਿਆ ਹੋਇਆ ਏ।

* * * *

ਸੂਰਜ ਸਿੱਖਰ ਉੱਤੇ ਸੀ। ਲਹਿੰਦੇ ਵੱਲ ਉੱਠੀ ਸਵੇਰ ਵਾਲੀ ਕਾਲੀ ਘੱਟ ਖਿੰਡ ਗਈ ਸੀ। ਚਿੱਟੇ ਚਿੱਟੇ ਟਾਂਵੇਂ ਟਾਂਵੇਂ ਬੱਦਲ ਜ਼ਰੂਰ ਅਸਮਾਨ ਵਿਚ ਸਨ। ਦੀਵਾਨਖ਼ਾਨੇ ਵਿਚ ਦੁੱਲਾ ਅਤੇ ਉਸਦੇ ਬੇਲੀ ਬੈਠੇ ਮੇਧੇ ਖੱਤਰੀ ਨੂੰ ਉਡੀਕ ਰਹੇ ਸਨ। ਇਕ ਨੁੱਕਰ ਵਿਚ ਬੱਗੇ ਮਲਕੀਰੇ 'ਤੋਂ ਲੁੱਟਿਆ ਮਾਲ ਪਿਆ ਸੀ। ਕੱਪੜੇ ਨਾਲ ਢਕੀ ਨਿੱਕੀ ਟੋਕਰੀ ਉੱਪਰ ਹੁਣ ਲਾਲ ਰੇਸ਼ਮੀ ਕੱਪੜਾ ਬੰਨ੍ਹਿਆ ਹੋਇਆ ਸੀ।

ਬੱਗੇ ਮਲਕੀਰੇ ਤੋਂ ਲੁੱਟੀ ਅੰਗੂਰੀ ਸ਼ਰਾਬ ਸਭਨਾਂ ਦੇ ਸਿਰਾਂ ਨੂੰ ਚੜ੍ਹੀ ਹੋਈ ਸੀ। ਦੁੱਲਾ ਕੁਝ ਆਖਣ ਹੀ ਲੱਗਾ ਸੀ। ਦੀਵਾਨ ਖ਼ਾਨੇ ਦਾ ਬਾਹਰ ਵਾਲਾ ਬੂਹਾ ਖੜਕਿਆ।

—ਸ਼ੱਲਿਆ ਉੱਠ ਦੇਖ ਬਈ ਜ਼ਰਾ।'

ਸ਼ੱਲੇ ਉੱਠਕੇ ਭਿੱਤਾਂ ਦਾ ਅੜਿੱਕਾ ਲਾਹਿਆ ਤਾਂ ਮੇਧਾ ਬਾਣੀਆਂ ਅਤੇ ਫੱਤੂ ਮਰਾਸੀ ਦੋਵੇਂ ਅੰਦਰ ਲੰਘ ਆਏ।

ਸਿਰ ਉਪਰ ਨਿੱਕੀ ਜਿਹੀ ਗੋਲ ਪੱਗ, ਮਧਰਾ ਕੱਦ, ਛੋਟੀਆਂ ਅੱਖਾਂ, ਪੱਕਾ ਰੰਗ, ਤੇੜ ਚਿੱਟੀ ਧੋਤੀ, ਪੈਰੀਂ ਖੱਲ ਦੀ ਜੁੱਤੀ। ਕੰਨਾਂ 'ਚ ਨੱਤੀਆਂ ਸੋਨੇ ਦੀਆਂ। ਛਾਂਟਵਾਂ ਸਰੀਰ। ਦੁੱਲੇ ਸੋਚਿਆ, ਮੈਂ ਤਾਂ ਇਹਨੂੰ ਬਾਲਾਂ ਵਾਂਗ ਗੋਦੀ ਚੁੱਕ ਲਵਾਂ। ਪਰ ਸਾਰੇ ਜਾਣਦੇ ਨੇ, ਮੇਧਾ ਵਣਜ ਵਿਚ ਬੜੀ ਵੱਡੀ ਸ਼ੈਅ ਈ।

—ਲੈ ਆ ਗਿਆ ਈ ਤੇਰਾ ਮੇਧਾ ਬਾਣੀਆਂ। ਅਕਬਰੇ ਦਾ ਨਾ ਅੱਗਾ ਨਾ ਪਿੱਛਾ।' ਪਿਰਥੇ ਨੇ ਮੇਧੇ ਨੂੰ ਛੇੜਿਆ।

—ਨਾ ਬਈ ਨਾ ਏਦਾਂ ਨਹੀਂ ਕੂਣਾ।' ਦੁੱਲੇ ਨੇ ਪਿਰਥੇ ਨੂੰ ਹਟਕਿਆ। —'ਏਹ ਤਾਂ ਵਪਾਰੀ ਏ। ਏਧਰੋਂ ਸੌਦਾ ਲੈਂਦਾ ਏ, ਓਧਰ ਦੇਂਦਾ ਏ। ਬਾਣੀਏ ਦਾ ਕੰਮ ਤਾਂ ਏਹੀਓ ਹੋਇਆ



ਨਾ। ਅਸਾਂ ਤੋਂ ਫਾਇਦਾ ਲੈਣਾ ਹੋਇਆ ਤਾਂ ਅਸਾਂ ਦਾ, ਅਕਬਰ ਤੋਂ ਫਾਇਦਾ ਲੈਣਾ ਹੋਇਆ ਤਾਂ ਅਕਬਰ ਦਾ। ਬਾਣੀਆਂ ਆਪਣੇ ਲਾਭ ਦਾ ਬੇਲੀ ਹੁੰਦਾ।'

ਦੁੱਲੇ ਦੀ ਗੱਲ ਸੁਣਕੇ ਸਾਰੇ ਹੱਸ ਪਏ। ਕੱਚਾ ਜਿਹਾ ਹੁੰਦਾ ਮੇਧਾ ਵੀ ਹੱਸਿਆ।

—ਗਰ (ਘਰ) ਆਏ ਦੇ ਜੁੱਤੀਆਂ ਵੀ ਮਾਰਨੇ ਓਂ ਤੇ ਨਾਲ ਨਾਲ ਗਿੱਲੀਆਂ ਵੀ ਕਰੀ ਜਾਨੇ ਓਂ।' ਗੱਲ ਆਖ ਕੇ ਮੇਧੇ ਨੇ- 'ਹੀਂ ਹੀਂ-ਹੀਂ-ਹੀ........।' ਕੀਤੀ ਤਾਂ ਸਾਰੇ ਫੇਰ ਹੱਸਣ ਲੱਗੇ।

—ਉਏ ਰੂੜਿਆ, ਇਕ ਪਿਆਲਾ ਬਾਣੀਏ ਨੂੰ ਦੇਹ।'

—ਨਾ ਦੁੱਲਿਆ ਸਰਦਾਰਾ, ਮੈਨੂੰ ਤਾਂ ਧਾਅਡੀ ਹਵਾ 'ਚ ਸਾਹ ਲੈਣਾ ਔਖਾ ਹੋਇਆ ਪਿਆ ਈ। ਅੰਦਰ ਲੰਘ ਗਈ ਤਾਂ ਮੇਧਾ ਅੱਜ ਆਪਣੇ ਪੈਰੀਂ ਨਹੀਂ ਮੁੜਦਾ।' ਮੇਧਾ ਦੋਵੇਂ ਕੰਨ ਫੜੀ ਖੜਾ ਰਿਹਾ।

—ਬਹਿ ਤਾਂ ਜਾ ਬਾਣੀਆਂ, ਬਲਖ਼ ਬੁਖਾਰੇ ਦੇ ਤੋਹਫੇ ਨੀ ਇਹ ਤਾਂ.....।'

—ਨਾ ਸਰਦਾਰਾ, ਤੇਰਾ ਬੰਦਾ ਤਲਬ ਕਰਕੇ ਲੈ ਆਇਆ। ਜਿਹੜਾ ਕੰਮ ਈ ਉਹ ਦੱਸ ਕੀ ਹੁਕਮ ਈ ਮੇਧੇ ਲਈ?'

—ਪਹਿਲਾ ਹੁਕਮ ਈ, ਆਬੇ-ਹਯਾਤ ਦਾ ਮਜ਼ਾ ਲੈ। ਸਾਂਵਾਂ ਹੋ ਅਸਾਂ ਵਰਗਾ ਫੇਰ ਕਰਾਂਗੇ ਗੱਲ ਵਣਜ ਦੀ।'

—ਨਾ ਬਰਾਵਾ, ਨਾ ਵੀਰਿਆ, ਨਾ ਦੁੱਲਿਆ ਸਰਦਾਰਾ, ਮੈਂ ਰਾਵੀ ਦਾ ਪਾਣੀ ਪੀਣ ਵਾਲਾ, ਕੀ ਜਾਣਾ ਆਬੇ-ਹਯਾਤ।' ਮੇਧੇ ਨੇ ਫੇਰ ਕੰਨ ਫੜੇ।

—ਓ ਸ਼ੱਲਿਆ, ਭਾਂਡਾ ਦੇਹ ਇੱਕ।' ਦੁੱਲਾ ਛੇਤੀ ਮੰਨਣ ਵਾਲਾ ਨਹੀਂ ਸੀ।

—ਤੌਬਾ ਦੁੱਲਿਆ, ਮੇਰੇ ਦਿਉਤਿਆਂ ਦੀ ਤੌਬਾ, ਮੇਰੇ ਪੁਰਖਿਆਂ ਦੀ ਤੌਬਾ, ਏਹ ਧੱਕਾ ਨਾ ਕਰੀਂ। ਰਾਖਸ਼ਾਂ ਦਾ ਇਹ ਖਾਣ ਪੀਣ ਮੇਰੇ ਤੋਂ ਨਹੀਂ ਹੋਣਾ।'

—ਉਏ ਖੱਤਰੀਆ, ਅਸੀਂ ਰਾਖ਼ਸ਼ ਹੋਏ ਫੇਰ?' ਦੁੱਲਾ ਘੁਰਕਿਆ।

—ਮੈਂ ਇਹ ਤਾਂ ਨਹੀਂ ਆਖਿਆ ਰਾਠ ਸਰਦਾਰਾ?' ਡਰਦੇ ਮੇਧੇ ਨੇ ਹੱਥ ਜੋੜੇ, ਕੀ ਪਤਾ ਧੌਲ-ਧੱਫਾ ਕਰ ਦੇਣ।

—ਸ਼ੱਲਿਆ, ਤੈਨੂੰ ਆਖਿਆ ਈ ਭਾਂਡਾ ਦੇਹ ਕੋਈ।'

—ਹੁਣ ਅਸਾਂ ਨੂੰ ਇਹਨਾਂ ਹੱਥੋਂ ਵੀ ਖਾਣਾ ਪੀਣਾ ਪਏਗਾ ਦੁੱਲਿਆ। ਅੱਲਾਹ ਦਾ ਖੌਫ਼ ਖਾ।' ਬਹਾਨੇ ਨਾਲ ਮੇਧਾ ਆਪਣਾ ਬਚਾਅ ਕਰਨਾ ਚਾਹੁੰਦਾ ਸੀ।

—ਖੱਤਰੀਆ,'—ਸ਼ੱਲਾ ਡਾਂਗ ਨੂੰ ਹੱਥ ਪਾਉਣ ਲੱਗਾ—'ਚੂਹੜਿਆਂ ਦੇ ਹੱਥਾਂ ਨੂੰ ਖੁਰਕ ਪਈ ਏ?'

—ਇਹ ਗੱਲਾਂ ਤੇਰੇ ਖ਼ਾਨੇ ਨਹੀਓਂ ਵੜਨੀਆਂ ਸ਼ੱਲਿਆ। ਇਹ ਦੀਨ-ਧਰਮ ਦੀਆਂ ਗੱਲਾਂ ਨੇ।' ਆਖਦਾ ਮੇਧਾ ਦੁੱਲੇ ਲਾਗੇ ਜਾ ਖੜ੍ਹਾ।

—ਤੇਰਾ ਧਰਮ ਸਾਡੇ ਐਹਦੇ 'ਤੇ.....।' ਗੁੱਸੇ ਨਾਲ ਸ਼ੱਲੇ ਨੇ ਝੱਗਾ ਚੁੱਕਿਆ।—'ਜੇ ਇਕੋ ਹੱਥ ਦੀ ਡਾਂਗ ਪੈ ਗਈ ਨਾ, ਜਿਹੜੇ ਖ਼ਾਨੇ ਦੀ ਗੱਲ ਕਰਦਾ ਏਂ, ਓਸ ਖ਼ਾਨੇ ਦੀ ਮਿੱਝ ਵੇਖਣਾ ਕਿਵੇਂ ਵਗਦੀ ਊ।

—ਦੁੱਲਿਆ ਸਮਝਾ ਇਹਨਾਂ ਕੁਜਾਤਾਂ ਨੂੰ। ਮੇਧਾ ਕੋਈ ਗਲੀਆਂ ਦਾ ਕੁੱਤਾ ਨਹੀਂ ਹੈਗਾ। ਤਖ਼ਤ ਲਾਹੌਰ ਨਾਲ ਸਿੱਧਾ ਰਾਬਤਾ ਈ।'

—ਨਾ ਬਈ ਸ਼ੱਲਿਆ, ਇਹ ਬਾਣੀਆਂ ਹੋਇਆ ਵਣਜ ਕਰਨ ਵਾਲਾ। ਅੱਜ ਤਾਂ ਆਪਾਂ ਸੱਦਿਆ ਈ। ਸੌਦਾ ਕਰਨਾ, ਇਹਦੇ ਨਾਲ। ਬੱਗੇ ਮਲਕੀਰੇ ਦਾ ਮਾਲ ਮੇਧਾ ਬਾਣੀਆਂ ਈ ਲੈ ਸਕਦਾ, ਹੋਰ ਕੋਈ ਨਹੀਂ ਲਾਹੌਰ ਤੱਕ।'

—ਤੂੰ ਤੇ ਗਰ ਸੱਦਕੇ ਕੁੱਟਣ ਡਿਹੈਂ।' ਮੇਧੇ ਨੇ ਰੋਸ ਕੀਤਾ।

—ਹਰਖ਼ ਨਹੀਂ ਕਰੀਦਾ ਮੇਧਿਆ, ਇਹ ਵੀ ਆਪਣੇ ਈ ਨੇ ਸਾਰੇ। ਬਾਣੀਆਂ ਨੂੰ ਹਰਖ਼ ਪੋਂਹਦਾ ਵੀ ਨਹੀਓਂ। ਬਾਣੀਏ ਨੇ ਜਾਣਾ ਹੋਇਆ ਫਾਇਦੇ ਵੱਲ। ਹਾਜੀ ਮੀਆਂ ਚਿਰਾਗ਼ਦੀਨ ਆਖਦਾ ਹੁੰਦਾ, ਬਾਣੀਆਂ ਹੇਠਾਂ ਪਿਆ ਵੀ ਵਾਧੂ, ਉਪਰ ਪਿਆ ਵੀ ਵਾਧੂ। ਜਿਧਰ ਧੇਲਾ ਫਾਇਦਾ ਦਿਸਿਆ, ਓਧਰ ਈ ਪਲਟ ਜਾਣਾ ਹੋਇਆ। ਲੈ ਫੜ੍ਹ, ਸ਼ੱਲੇ ਦੇ ਹੱਥੋਂ ਨਾ ਪੀ, ਮੇਰੇ ਹੱਥੋਂ ਤਾਂ ਲੈ।' ਦੁੱਲੇ ਨੇ ਦਾਰੂ ਦਾ ਭਰਿਆ ਪਿਆਲਾ ਮੇਧੇ ਵੱਲ ਕੀਤਾ।—'ਖਿੱਚ ਲਾ ਆਪਣੀ ਦੇਵੀ ਦਾ ਨਾਂ ਲੈ ਕੇ।' ਸਾਰੇ ਹੱਸ ਪਏ।

—ਦੁੱਲਿਆ ਬਿਰਾਵਾ।' ਮੇਧੇ ਨੇ ਫੇਰ ਕੰਨ ਫੜੇ ਤੇ ਜੀਭ ਟੁੱਕੀ।

—ਮੇਧਿਆ, ਰਜ਼ਾਮੰਦੀ ਨਾਲ ਪਿਆਲਾ ਫੜ ਲਏ ਤਾਂ ਮਾਲ ਦਾ ਸੌਦਾ ਹੋਸੀ ਨਹੀਂ ਤਾਂ ਔਹ ਜਾਂਦਾ ਈ ਰਾਹ ਲਾਹੌਰ ਵੱਲ। ਜਾਣ ਤੋਂ ਪਹਿਲਾਂ, ਊਠ ਵਾਂਗਰ ਢਾਹ ਕੇ, ਪਿਆਲਾ ਤੇਰੇ ਸੰਘੋਂ ਕਰ ਦੇਣਾ। ਦੁੱਲੇ ਨੂੰ ਵਪਾਰੀ ਹੋਰ ਬਥੇਰੇ।'

ਦੁੱਲੇ ਦੀ ਧਮਕੀ ਨਾਲ ਮੇਧਾ ਜਰਕ ਗਿਆ। ਰੋਣ ਵਰਗਾ ਮੂੰਹ ਹੋ ਗਿਆ ਕੰਬਦੇ ਹੱਥੀਂ ਪਿਆਲਾ ਫੜ ਲਿਆ। ਕਚੀਸ ਵੱਟ ਕੇ ਮੂੰਹ ਨੂੰ ਲਾਇਆ। ਘੁੱਟ ਅੰਦਰ ਲੰਘਦਿਆਂ ਹੀ ਧੁੜਧੁੜੀ ਆਈ।

—ਸ਼ੱਲਿਆ ਹੁਣ ਇਕ ਪਿਆਲਾ ਤੂੰ ਭਰ।' ਦੁੱਲੇ ਨੇ ਹੁਕਮ ਦਿੱਤਾ।

ਸ਼ੱਲੇ ਨੇ ਮੇਧੇ ਦਾ ਪਿਆਲਾ ਫੇਰ ਭਰ ਦਿੱਤਾ।

ਮੇਧਾ ਪਿਆਲੇ ਵੱਲ ਝਾਕਦਾ, ਮੂੰਹ ਤੱਕ ਲੈ ਜਾਣ ਲਈ ਦੁਚਿੱਤੀ ਵਿਚ ਫਸਿਆ ਵੇਖ ਕੇ ਦੁੱਲੇ ਨੇ ਕਿਹਾ—'ਖੱਤਰੀਆ, ਸੌਦੇ ਤਾਂ ਹੁੰਦੇ ਰਹਿਣੇ। ਦੁੱਲੇ ਧਾੜੇ ਮਾਰਦੇ ਰਹਿਣਾ, ਮੇਧੇ ਨੇ ਸੌਦੇ ਕਰਦੇ ਰਹਿਣਾ। ਹੁਣ ਤੂੰ ਸਾਡੇ ਭਾਈਚਾਰੇ 'ਚ ਰਲ ਗਿਐਂ। ਜਿੰਨੀ ਕੁ ਮੌਜ ਲੁੱਟੀ ਜਾਂਦੀ ਏ ਲੁੱਟ ਲੈ। ਏਹੀਓ ਜਾਣੀ ਊ ਨਾਲ। ਬਾਕੀ ਤਾਂ ਸਭ ਗ਼ੈਰਾਂ ਜੋਗਾ ਏਥੇ ਈ ਛੱਡ ਵੰਞਣੈ।'

ਮੇਧੇ ਨੇ ਅੱਖਾਂ ਮੀਚਦਿਆਂ ਪਿਆਲੇ ਵਿਚੋਂ ਘੁੱਟ ਭਰੀ।

—ਸੁਆਦ ਕਿੱਦਾਂ ਈ ?' ਦੁੱਲੇ ਨੇ ਪੁੱਛਿਆ।

—ਮੈਂ ਤਾਂ ਡਰਦਾ ਪੀਈ ਜਾਨਾਂ ਦੁੱਲਿਆ, ਸੁਆਦ ਵੱਲ ਤੇ..... ।'

—ਮੈਂ ਪੁੱਛਦਾਂ ਸੁਆਦ ਪਹਿਲਾਂ ਵਰਗਾ ਈ ਏ ?'

—ਹਾਂ, ਓਦਾਂ ਦੀਓ ਈ ਆ......।' ਮੇਧੇ ਨੇ ਵੱਤ ਲਿਆ।

—ਮੈਂ ਸੋਚਿਆ, ਸ਼ੱਲੇ ਹੱਥ ਲਾ ਦਿੱਤਾ ਈ, ਕੀ ਪਤਾ ਨਿੰਮ ਦਾ ਪਾਣੀ ਨਾ ਬਣ ਗਈ ਹੋਵੇ।' ਦੁੱਲਾ ਮੇਧੇ ਵਲ ਝਾਕਦਾ ਹੱਸਿਆ।

—ਦੁੱਲਿਆ ਵਣਜ ਦੀ ਗੱਲ ਕਰ, ਮੈਂ ਮੁੜਨਾ ਵੀ ਏ ਵੇਲੇ ਨਾਲ।'

—ਬੱਗੇ ਮਲਕੀਰੇ ਦਾ ਮਾਲ ਈ। ਤੂੰ ਜਾਣਨਾਂ ਏਂ, ਉਹ ਲਾਹੌਰ ਤੇ ਦਿੱਲੀ ਦੇ ਤਖ਼ਤਾਂ ਦਾ ਸ਼ਾਹੀ ਵਪਾਰੀ ਏ। ਮਾਲ ਚੋਖਾ ਏ। ਵੇਖਣਾ ਈ ਤੇ......।'

—ਭੱਟੀ ਸਰਦਾਰਾ ਗੱਲ ਇਹ ਈ, ਤੇਰੇ ਧਾੜੇ ਹੁਣ ਅਕਬਰ ਬਾਦਸ਼ਾਹ ਨੇ ਬਹੁਤੀ ਦੇਰ ਨਹੀਓਂ ਚੱਲਣ ਦੇਣੇ। ਬੱਗਾ ਤਖ਼ਤ ਦਾ ਬੰਦਾ ਸੀ। ਗੱਲਾਂ ਤੇ ਲਾਹੌਰ ਪੁੱਜ ਗਈਆਂ ਨੀ।'



—ਖੱਤਰੀਆ ਡਰਾਨਾ ਏਂ ਕਿ ਮਾਲ ਸਸਤਾ ਲੈਣ ਦੀਆਂ ਸਿਆਸਤਾਂ ਕਰਨਾ ਏਂ ?' ਦੁੱਲੇ ਨੇ ਰੋਹਬ ਨਾਲ ਪੁੱਛਿਆ।

ਦੁੱਲੇ ਦੇ ਸਾਥੀ ਪੀਤੀ ਵੀ ਜਾਂਦੇ ਸਨ ਤੇ ਦੋਹਾਂ ਦੀਆਂ ਗੱਲਾਂ ਵੀ ਪੂਰੇ ਧਿਆਨ ਨਾਲ ਸੁਣੀ ਜਾਂਦੇ ਸਨ।

—ਮੇਧਾ ਖੱਤਰੀ ਨਰ ਬੰਦਿਆਂ ਨਾਲ ਸਿਆਸਤਾਂ ਨਹੀਂ ਖੇਡਦਾ ਦੁੱਲਿਆ। ਪਰ ਮੇਧੇ ਨੂੰ ਹਿੱਕ ਗੱਲ ਦਾ ਖਦਸ਼ਾ ਈ, ਤੂੰ ਸਿੱਧਾ ਬਾਦਸ਼ਾਹ ਦੀ ਮੁੱਛ ਨੂੰ ਹੱਥ ਪਾ ਬੈਠੈਂ ਤੇ ਬਾਦਸ਼ਾਹ ਨੇ ਜਿਹੜੀਆਂ ਤੇਰੇ ਪਿਓ-ਦਾਦੇ..... ।'

—ਓਏ ਸੂਰ ਦਿਆ ਤੁਖ਼ਮਾ, ਪਿੰਡੀ 'ਚ ਆਕੇ ਵੀ ਅਕਬਰ ਦੀ ਬੋਲੀ ਬੋਲਦਾ ਪਿਐਂ। ਤੈਨੂੰ ਸਾਹ ਨਹੀਂ ਲੋੜੀਂਦੇ ?' ਦੁੱਲੇ ਨੇ ਮੇਧੇ ਦੀ ਧੌਣ ਵਿਚ ਧੌਲ ਮਾਰੀ ਤੇ ਮੂਧੇ ਮੂੰਹ, ਉਹ ਸ਼ੱਲੇ ਦੇ ਪੈਰਾਂ ਵਿਚ ਡਿੱਗ ਪਿਆ। ਦਾਰੂ ਦਾ ਪਿਆਲਾ ਡੁਲ੍ਹ ਗਿਆ।

ਮੇਧਾ ਉਠਿਆ। ਇਕ ਹੱਥ ਨਾਲ ਧੌਣ ਘੁੱਟਣ ਲੱਗਾ। ਫਿਰ ਹੌਲੀ ਜਿਹੀ ਬੋਲਿਆ, —'ਮੈਂ ਜੋ ਸੁਣਿਆ ਆਖ ਦਿੱਤਾ। ਬਾਦਸ਼ਾਹ ਦੇ ਬੰਦਿਆਂ ਨੂੰ ਹੱਥ ਪਾਏਂਗਾ ਤਾਂ.......। ਸਾਰੇ ਮੇਧੇ ਨਹੀਂ ਹੁੰਦੇ ਦੁੱਲਿਆ। ਉਹ ਹਥਿਆਰਾਂ ਵਾਲੇ ਨੇ, ਫੌਜਾਂ ਵਾਲੇ ਨੇ......।'

—ਬਾਣੀਆਂ, ਚਿੜੀ ਜਿੰਨਾ ਤਾਂ ਤੇਰਾ ਜਿਗਰਾ ਈ ਕੁੱਲ। ਆਖਨੈ ਤਖ਼ਤ ਲਾਹੌਰ ਨਾਲ ਸਿੱਧੀ ਗੱਲਬਾਤ ਚਲਦੀ ਏ। ਆਖ ਦਈਂ ਜਾਕੇ ਆਪਣੇ ਬਾਦਸ਼ਾਹ ਨੂੰ ਹੁਣ ਦੁੱਲੇ ਤੇ ਉਹਦੇ ਸਾਥੀਆਂ ਨੇ ਬਾਦਸ਼ਾਹ ਦੇ ਬੰਦਿਆਂ ਨੂੰ ਈ ਹੱਥ ਪਾਣੈ। ਦੁੱਲਾ ਕਿਸੇ ਦੀਆਂ ਜਗੀਰਾਂ ਨਹੀਂ ਖੋਂਹਦਾ ਫਿਰਦਾ। ਅਸੀਂ ਤੇ ਚਾਹਨੇ ਆਂ ਅਕਬਰ ਦਿੱਲੀ ਵੱਲ ਰਹੇ ਪਿਆ, ਸਾਨੂੰ ਕੀ। ਏਧਰ ਪਿੰਡੀ ਵੱਲ ਨਾ ਝਾਕੇ। ਜ਼ਮੀਨਾਂ ਸਾਡੀਆਂ ਨੀ, ਖੇਤ ਸਾਡੇ ਨੀ, ਵਾਹਨੇ ਅਸੀਂ ਆਂ, ਬੀਜਨੇ ਅਸੀਂ ਆਂ, ਪਾਲਦੇ ਪੋਸਦੇ ਵੀ ਅਸੀਂ ਆਂ, ਸਾਡੇ ਵਿਚ ਤੇਰਾ ਅਕਬਰ ਕਿਧਰੋਂ ਆਣ ਵੜਿਆ ? ਕਾਹਦਾ ਲਗਾਨ ਭਾਲਦਾ ਈ ਸਾਥੋਂ ? ਤੂੰ ਬਾਣੀਆਂ ਦਾ ਸਿਰ ਰਖਨਾ ਏਂ, ਦੱਸ ਜ਼ਰਾ। ਉਹਨੂੰ ਆਖੀਂ ਸਾਂਦਲ ਬਾਰ ਨੇ ਨਾ ਕੁਝ ਤੇਰੇ ਤੋਂ ਲੈਣਾ ਤੇ ਨਾ ਕੁਝ ਤੈਨੂੰ ਦੇਣਾ। ਉਹ ਓਧਰ ਰਾਜਾ ਏ ਤੇ ਹੁਣ ਅਸੀਂ ਏਧਰ ਰਾਜੇ ਆਂ। ਜੇ ਉਹ ਧੌਂਸ ਦੇਵੇਗਾ, ਫੌਜਾਂ ਚਾੜ੍ਹੇਗਾ ਤਾਂ ਹਿੱਕ ਵਾਰੀ ਜਿਹੜਾ ਉਹ ਕਰ ਗਿਆ ਈ ਪਿੰਡ ਨਾਲ, ਦੂਈ ਵੇਰ ਨਹੀਂ ਅਸਾਂ ਕਰਨ ਦੇਣਾ।' ਗੱਲਾਂ ਕਰਦੇ ਦੁੱਲੇ ਦਾ ਚਿਹਰਾ ਲਾਲ ਹੋ ਗਿਆ।

ਦੁੱਲੇ ਦੇ ਤੇਵਰ ਵੇਖ ਕੇ ਮੇਧਾ ਅੰਦਰੋਂ ਹਿੱਲ ਗਿਆ। ਏਨੇ ਉਹਦੇ ਯਾਰ ਬੇਲੀ, ਉਪਰੋਂ ਸ਼ਰਾਬੀ। ਮੇਧੇ ਨੇ ਗੱਲ ਬਦਲੀ—'ਦੁੱਲਿਆ ਏਹ ਵੱਡੇ ਮਸਲੇ ਨੀ। ਬਾਦਸ਼ਾਹ ਜਾਣੇ, ਤੂੰ ਜਾਣੇ। ਮੈਨੂੰ ਦੱਸ ਕੀ ਹੁਕਮ ਏ। ਵਣਜ ਕਰਨਾ ਏ ਤਾਂ ਆਖ। ਧਨ ਦੀਆਂ ਖੱਚਰਾਂ ਲੈ ਕੇ ਕੱਲ੍ਹ ਹੀ ਆਵਾਂ।'

—ਵਣਜ ਤਾਂ ਧਨ ਨਾਲ ਈ ਹੋਣਾ। ਚਾਹੇ ਸਿਰ 'ਤੇ ਚਾ ਕੇ ਲਿਆ, ਚਾਹੇ ਖੱਚਰਾਂ ਲੱਦ ਲਿਆ। ਮਾਲ ਹੈਗਾ, ਬਦੱਖਸ਼ਾਂ ਦਾ, ਕਾਬਲ ਦਾ, ਕਸ਼ਮੀਰੀ ਬਹਿਸ਼ਤ ਦੇ ਸਿਉ। ਆਬੇ-ਹਯਾਤ ਅੰਗੂਰੀਆਂ। ਸੁੱਕੇ ਮੇਵੇ, ਕਸਤੂਰੀਆਂ। ਔਹ ਪਿਆ ਈ ਮਾਲ।' ਦੁੱਲੇ ਨੇ ਦੀਵਾਨ-ਖ਼ਾਨੇ ਦੀ ਨੁੱਕਰ ਵਲ ਇਸ਼ਾਰਾ ਕੀਤਾ।

—ਅੱਗੇ ਵੀ ਤੇਰੇ ਨਾਲ ਵਣਜ ਹੁੰਦਾ ਆਇਆ। ਇਸ ਵਾਰ ਤਾਂ ਸ਼ਾਹੀ ਬੰਦਾ ਲੁੱਟਿਆ ਈ। ਬਾਦਸ਼ਾਹ ਨੂੰ ਜਾਣਾ ਮਾਲ ਖਰਾ ਈ ਹੋਣਾ।'

—ਮੇਧਿਆ ਝੂਠੀ ਏ ਗੱਲ। ਇਸ ਵਾਰ ਤਾਂ ਮਾਲ ਵੀ ਟਣਕਾ ਕੇ ਦੇਣਾ ਤੇ ਧਨ ਵੀ ਟਣਕਾ ਕੇ ਲੈਣਾ। ਲਾਹੌਰ ਵਾਲੇ ਏਸ ਮਾਲ ਦਾ ਰਾਹ ਪਏ ਤਕਦੇ ਹੋਣੇ।'

—ਏਨਾ ਬਹੁਤਾ ਚਾਅ ਵੀ ਨਾ ਕਰ ਦੁੱਲਿਆ। ਕਿਥੇ ਬਦੱਖਸ਼ਾਂ, ਕਿਥੇ ਲਾਹੌਰ, ਕਿਥੇ ਦਿੱਲੀ। ਬੱਗੇ ਮਲਕੀਰੇ ਨੂੰ ਲੁੱਟ ਕੇ ਕਿੰਨੇ ਦੁਸ਼ਮਣ ਬਣਾ ਲਏ ਹੋਣੇ। ਬਾਦਸ਼ਾਹ ਦੀਆਂ ਡਾਲੀਆਂ ਪੇਟੇ ਪਾਣੀਆਂ ਏਨੀਆਂ ਸੌਖੀਆਂ ਨਹੀਂ ਹੋਦੀਆਂ।' ਮੇਧੇ ਨੇ ਫੇਰ ਦੁੱਲੇ ਅੰਦਰ ਸ਼ਾਹੀ ਤਾਕਤ ਦਾ ਡਰ ਪੈਦਾ ਕਰਨਾ ਚਾਹਿਆ।

—ਬਾਣੀਆਂ ਗੱਲ ਨੂੰ ਫੇਰ ਮੋੜਾ ਪਾ ਦਿੱਤਾ ਈ। ਇੱਕ ਗੱਲ ਤੂੰ ਸਾਡੀ ਵੀ ਆਪਣੇ ਸਿਰ 'ਚ ਪਾ ਲੈ। ਅਕਬਰ ਤੇਰੇ ਬਾਦਸ਼ਾਹ ਨੂੰ ਇਲਮ ਹੋ ਜਾਣਾ ਚਾਹੀਦਾ, ਬਦੱਖਸ਼ਾਂ ਤੇ ਦਿੱਲੀ ਵਿਚਕਾਰ, ਸਾਂਦਲ ਬਾਰ ਪੈਂਦੀ ਏ ਤੇ ਉਥੇ ਇੱਕ ਪਿੰਡ ਵਸਦਾ ਏ ਰਾਜਪੂਤ ਭੱਟੀਆਂ ਦਾ ਪਿੰਡੀ। ਅਜੇ ਤਾਂ ਇੱਕ ਹੀ ਪਿੰਡੀ ਨਾਬਰ ਹੋਈ ਏ, ਸਾਂਦਲ ਬਾਰ ਦਾ ਬੰਦਾ ਬੰਦਾ ਨਾਬਰ ਹੋਣਾ ਈ ਤਖ਼ਤ ਲਾਹੌਰ ਤੋਂ। ਘਰ ਘਰ ਦੁੱਲੇ ਜੰਮਣੇ ਨੀ ਏਥੇ। ਤੂੰ ਅਸਾਂ ਨੂੰ ਅਕਬਰ ਦਾ ਡਰ ਬਹੁਤਾ ਨਾ ਵਖਾਲ, ਆਪਣੀ ਗੱਲ ਕਰ। ਵਣਜ ਪੁੱਗਦਾ ਈ ਤਾਂ ਪਰਸੋਂ ਲੌਢੇ ਵੇਲੇ ਤੱਕ ਮਾਲ ਤੇਰਾ, ਨਹੀਂ ਤਾਂ ਦੁੱਲੇ ਨੂੰ ਸ਼ਾਹ ਹੋਰ ਬਥੇਰੇ।'

—ਦੁੱਲਿਆ ਗੱਲ...... ।' ਮੇਧਾ ਬੋਲਣ ਲੱਗਾ।

—ਬੱਸ, ਆਖਰੀ ਗੱਲ ਮੈਂ ਆਖ ਦਿੱਤੀ ਏ। ਇਕ ਅੱਧ ਹੋਰ ਪਿਆਲਾ ਪੀਣਾ ਈ ਤਾਂ ਪੀ ਲੈ, ਮੂੰਹੋਂ ਕੁਝ ਨਾ ਕੂਈਂ।'

ਮੇਧਾ ਉੱਠ ਖੜ੍ਹਿਆ। ਪੈਰੀਂ ਜੁੱਤੀ ਪਾ ਲਈ।

—ਚੱਲਿਆ ਏਂ— ?' ਪਿਰਥੇ ਨੇ ਹੈਰਾਨ ਹੁੰਦੇ ਪੁੱਛਿਆ।

—ਪਰਸੋਂ ਲੌਢੇ ਵੇਲੇ ਮਿਲਣਾ ਈ ਤਾਂ ਜਾਣਾ ਈ ਪਏਗਾ ਨਾ— ?' ਮੇਧਾ ਬੋਲਿਆ।

—ਮਾਲ ਨਹੀਓਂ ਵੇਖਣਾ— ?' ਦੁੱਲੇ ਨੇ ਫਿਰ ਪੁੱਛਿਆ।

—ਮੇਧਾ ਬੰਦੇ ਵੇਖਦਾ ਈ।' ਆਖ ਕੇ ਉਹ ਦੀਵਾਨ ਖ਼ਾਨੇ ਵਿਚੋਂ ਬਾਹਰ ਨਿਕਲ ਗਿਆ।

—ਏਹ ਬਾਣੀਆ ਹੁਣ ਨਹੀਂ ਮੁੜਦਾ ਦੁੱਲਿਆ।' ਸਦੀਕ ਬੋਲਿਆ।

—ਸਦੀਕ ਮੀਆਂ, ਇਹ ਬਾਣੀਆਂ ਜਾਤ ਈ। ਏਹਨੂੰ ਧੇਲਾ ਵੀ ਬਚਦਾ ਲੱਗਿਆ, ਤਾਂ ਪਰਸੋਂ ਲੌਢੇ ਵੇਲੇ ਏਹਨੇ ਏਥੇ ਹੋਣਾ, ਵੇਖ ਲਈਂ।'

—ਚਲੋ, ਲੌਢਾ ਵੇਲਾ ਕਿਹੜਾ ਬਾਗ੍ਹੀਂ ਵਗ੍ਹੀਂ ਆਉਣਾ।......ਅੱਜ ਸੁੱਤੇ, ਕੱਲ ਜਾਗੇ, ਕੱਲ ਸੁੱਤੇ ਪਰਸੋਂ ਜਾਗੇ ਤੇ ਫਿਰ ਲੌਢਾ ਵੇਲਾ। ਆਖਦਿਆਂ ਫੱਤੂ ਮਰਾਸੀ ਦੀ ਅੱਖ ਦੱਬੀ ਗਈ ਤਾਂ ਸਾਰਿਆਂ ਦਾ ਹਾਸਾ ਨਿਕਲ ਗਿਆ।

ਦੁੱਲਾ ਰੇਸ਼ਮੀ ਲਾਲ ਕੱਪੜੇ ਨਾਲ ਢਕੀ ਨਿੱਕੀ ਟੋਕਰੀ ਵੱਲ ਤੱਕਣ ਲੱਗਾ।

ਏਸ ਵੇਲੇ ਮੇਹਰੂ ਦੀਵਾਨ ਖ਼ਾਨੇ ਅੰਦਰ ਆਕੇ ਬੋਲਿਆ—'ਮੈਂ ਵੀ ਚੱਖਾਂ ਕੀ ਮਾਰਾਂ ਮਾਰੀਆਂ ਨੀ, ਪਿੰਡੀ ਵਿਚ ਤਾਂ ਬੂ ਕਾਂ ਹੋਈ ਪਈ ਏ।' ਉਸਨੇ ਇਕ ਖ਼ਾਲੀ ਪਿਆਲਾ ਚੁੱਕ ਕੇ ਰੂੜੇ ਵੱਲ ਕੀਤਾ।

ਜਦੋਂ ਭਰਿਆ ਪਿਆਲਾ ਮੇਹਰੂ ਨੇ ਇਕ ਸਾਹ ਡੀਕ ਲਿਆ ਤਾਂ ਮੇਹਰੂ ਵੱਲ ਵੇਖਦਿਆਂ, ਬਿਨ ਮਤਲਬ ਹੀ ਦੁੱਲੇ ਦਾ ਚਿਹਰਾ ਖਿੜ ਗਿਆ। ਉਸਨੇ ਰੂੜੇ ਨੂੰ ਆਖਿਆ—'ਵੱਡੇ ਵੀਰੇ ਦੀ ਨਿਸ਼ਾ ਕਰਾਦੇ ਅੱਜ।'

ਫਿਰ ਦੁੱਲਾ ਰੇਸ਼ਮੀ ਕੱਪੜੇ ਨਾਲ ਢਕੀ ਨਿੱਕੀ ਟੋਕਰੀ ਵੱਲ ਇਕ ਟੱਕ ਤੱਕਣ ਲਗਾ, ਜਿਵੇਂ ਟੋਕਰੀ ਵਿਚੋਂ ਉਸਨੂੰ ਕੋਈ ਘੂਰ ਰਿਹਾ ਹੋਵੇ।



## 14.

ਮੇਧਾ ਖੱਤਰੀ ਇਕ ਦਿਨ ਛੱਡ ਕੇ ਲੌਢੇ ਵੇਲੇ ਆਉਣ ਦਾ ਵਾਅਦਾ ਕਰ ਗਿਆ ਸੀ। ਅਗਲਾ ਅੱਧਾ ਦਿਨ ਦੁੱਲੇ ਦਾ ਗਾਹਣੇ ਲੁਹਾਰ ਦੀ ਭੱਠੀ ਉਪਰ ਲੰਘਿਆ। ਤ੍ਰਕਾਲਾਂ ਵੇਲੇ ਸਾਰੇ ਇਕੱਠੇ ਹੋਏ ਤਾਂ ਦੁੱਲੇ ਨੇ ਸਭ ਨੂੰ ਤਿਆਰ-ਬਰ-ਤਿਆਰ ਰਹਿਣ ਲਈ ਆਖਿਆ। ਖ਼ਬਰਦਾਰ ਵੀ ਕੀਤਾ—'ਮੇਧਾ ਖੱਤਰੀ ਵਪਾਰੀ ਬੰਦਾ ਏ। ਧਨ ਦੇ ਨਾਲ ਪੰਜ ਚਾਰ ਲਠੈਤ ਵੀ ਖੜੇਗਾ ਜ਼ਰੂਰ। ਇਹਦਾ ਵਿਸਾਹ ਨਹੀਂ ਖਾਣਾ।'

—ਜੇ ਲਠੈਤਾਂ ਰਾਹ ਵਿਚ ਖੱਤਰੀ ਨਾਲ ਬੱਗੇ ਮਲਕੀਰੇ ਵਾਲੀ ਕੀਤੀ ਤਾਂ ਧਨ ਵੀ ਜਾਣਾ ਏ, ਤੇ ਖੱਤਰੀ ਵੀ ਜਾਣਾ ਏ।' ਆਖਦਿਆਂ ਫੱਤੂ ਦੀ ਅੱਖ ਮੀਚੀ ਗਈ।

—ਤੂੰ ਚੁੱਪ ਕਰ ਉਏ ਢੇਕਿਆ, ਜਦੋਂ ਬੋਲੂ, ਬੰਦੇ ਮਾਰਨ ਤੋਂ ਉਰਾਂ ਖੜ੍ਹਦਾ ਈ ਨੀ।' ਦੁੱਲੇ ਨੇ ਝਿੜਕਿਆ।

ਦਿਨ ਇਹ ਵੀ ਲੰਘ ਗਿਆ।

ਅੱਜ ਲੌਢੇ ਵੇਲੇ ਮੇਧੇ ਖੱਤਰੀ ਨੇ ਆਉਣਾ ਸੀ। ਦੁੱਲਾ ਸਾਝਰੇ ਹੀ ਬਿਨਾਂ ਕਿਸੇ ਨੂੰ ਦੱਸਿਆਂ ਅੰਬਾਂ ਦੀ ਝਿੜੀ ਵਾਲੇ ਰਾਹ ਪੈ ਗਿਆ। ਸੂਰਜ ਅਜੇ ਦੋ ਕੁ ਗਿੱਠਾਂ ਹੀ ਉਤਾਂਹ ਹੋਇਆ ਸੀ।

ਸੰਘਣੀ ਝਿੜੀ ਦੇ ਜੰਗਲ ਵਿਚ ਮੁਕੰਮਲ ਸ਼ਾਂਤੀ ਸੀ।

ਦੁੱਲਾ ਬੇਚੈਨ ਸੀ, ਉਸਦੇ ਮਨ ਵਿਚ ਜਿਵੇਂ ਖੌਰੂ ਪਿਆ ਹੋਵੇ। ਉਸਨੂੰ ਮਹਿਸੂਸ ਹੋਇਆ, ਜਿਵੇਂ ਮਧਾਣੀ ਚਾਟੀ ਵਿਚਲਾ ਦੁੱਧ ਰਿੜਕਦੀ ਹੈ, ਏਵੇਂ ਕੋਈ ਉਹਦਾ ਅੰਦਰ ਰਿੜਕੀ ਜਾ ਰਿਹਾ ਹੈ।

ਉਸਨੂੰ ਸੁਣਿਆ, ਕੋਈ ਜਣਾ ਰੁੱਖਾਂ ਦੇ ਸੁੱਕੇ ਪੱਤਿਆਂ ਉਪਰ ਤੁਰਿਆ ਆ ਰਿਹਾ ਹੈ। ਕਾਹਲੀ ਨਾਲ ਭੌਂ ਕੇ ਵੇਖਿਆ, ਇਕ ਨੀਲ ਗਾਂ, ਉਸ ਕੋਲੋਂ ਥੋੜਾ ਹਟ ਕੇ ਇਸ ਤਰ੍ਹਾਂ ਭੌਂਚੱਕੀ ਜਿਹੀ ਆ ਖੜ੍ਹੀ, ਜਿਵੇਂ ਸੋਚ ਰਹੀ ਹੋਵੇ, ਇਹ ਮੈਂ ਕਿਧਰ ਆ ਗਈ ? ਪੂਰੀ ਸਾਵਧਾਨ, ਕੰਨ ਖੜ੍ਹੇ ਕਰੀ ਉਹ ਕੁਝ ਪਲ ਦੁੱਲੇ ਵੱਲ ਝਾਕੀ, ਨਾਸਾਂ ਵਿਚ ਫੁੰਕਾਰਾ ਮਾਰਿਆ, ਤੇ ਦਰਿਆ ਵੱਲ ਦੌੜ ਗਈ। ਉਸਦੇ ਖੁਰਾਂ ਹੇਠ ਟੁੱਟਦੇ ਸੁੱਕੇ ਪੱਤਿਆਂ ਭਿਆਨਕ ਸ਼ੋਰ ਕੀਤਾ। ਕਲੋਲਾਂ ਕਰਦੀਆਂ ਗਾਹਲੜਾਂ, ਪੂਛਾਂ ਖੜ੍ਹੀਆਂ ਕਰਕੇ ਇਧਰ ਉਧਰ ਝਾਕਣ ਲੱਗੀਆਂ। ਕਾਲੀਆਂ ਚਿੜੀਆਂ ਦਾ ਝੁੰਡ ਰੁੱਖਾਂ 'ਤੋਂ ਉੱਡ ਗਿਆ।

ਦੁੱਲਾ ਖੜ੍ਹਾ ਕੁਝ ਦੇਰ ਝਿੜੀ ਦੇ ਕਰਤਾਰੀ ਸ਼ੋਰ ਨੂੰ ਸੁਣਦਾ ਰਿਹਾ। ਫਿਰ ਆਕੇ ਖੂਹ ਦੀ ਮੌਣ ਉਪਰ ਬੈਠ ਗਿਆ। ਹੇਠਾਂ ਖੂਹ ਦੇ ਪਾਣੀ ਵੱਲ ਵੇਖਣ ਲੱਗਾ। ਖੂਹ ਵਿਚੋਂ ਕਿਸੇ ਡੱਡੂ ਦੀ 'ਗੜੈਂ-ਗੜੈਂ' ਸੁਣੀ। ਦੁੱਲੇ ਨੇ ਇਕ ਨਿੱਕਾ ਜੇਹਾ ਪੱਥਰ ਚੁੱਕ ਕੇ ਖੂਹ ਵਿਚ ਸੁੱਟਿਆ। ਹੇਠਾਂ 'ਗੜੁੰਮ' ਦੀ ਮੱਧਮ ਜਿਹੀ ਆਵਾਜ਼ ਸੁਣੀ। ਗੜੈਂ ਗੜੈਂ ਇਕਦਮ ਰੁੱਕੀ। ਕੁਝ ਡੱਡੂ ਇਧਰ ਉਧਰ ਟਪੂਸੀਆਂ ਮਾਰਨ ਲੱਗੇ। ਉਹਨਾਂ ਭਾਣੇ ਖੂਹ ਵਿਚ ਪਰਲੋ ਆ ਗਈ। ਦੁੱਲੇ ਦੇ ਚਿਹਰੇ

ਉਪਰ ਅਜੀਬ ਜਿਹੀ ਮੁਸਕਾਣ ਆਈ। ਉਹ ਮੁੱਛਾਂ ਨੂੰ ਤਾਅ ਦੇਣ ਲੱਗਾ।.....ਹੁਣ ਅਕਬਰ ਦੇ ਸਿਪਾਹੀ, ਭੱਟੀਆਂ ਅੱਗੇ ਏਦਾਂ ਈ ਟਪੂਸੀਆਂ ਮਾਰਨਗੇ......।

ਦੁੱਲੇ ਨੇ ਵੇਖਿਆ, ਝਿੜੀ ਤੋਂ ਪਰ੍ਹਾਂ ਲੰਘ ਰਹੀਆਂ ਬਲਦ ਗੱਡੀਆਂ ਕਾਰਨ ਧੂੜ ਉੱਡ ਰਹੀ ਸੀ। ਬਲਦਾਂ ਦੇ ਗਲਾਂ ਵਿਚ ਬੰਨ੍ਹੀਆਂ ਟੱਲੀਆਂ, ਝਿੜੀ ਦੇ ਸਨਾਟੇ ਨੂੰ ਭੰਗ ਕਰ ਰਹੀਆਂ ਸਨ। ਖੱਬੇ ਪਾਸੇ ਇਕ ਝਾੜੀ ਵਿਚੋਂ ਜੰਗਲੀ ਤਿੱਤਰ ਬੋਲਿਆ। ਦੁੱਲਾ ਹੱਸਿਆ—'ਕਿਉਂ ਕਸਾਈਆਂ ਨੂੰ ਹਾਕਾਂ ਮਾਰਨਾਂ ਪਿਐਂ ?'

ਮਨ ਬੇਚੈਨ ਸੀ। ਕੁਝ ਸਮਝ ਨਹੀਂ ਸੀ ਆ ਰਹੀ ਕੀ ਕਰੇ।.....ਮੈਂ ਤਾਂ ਮੇਲੇ ਵਰਗੇ ਦਿਨਾਂ 'ਚ ਜਿਉਂ ਰਿਹਾ ਸੀ। ਏਨਾ 'ਨੇਰੇ 'ਚ ਰੱਖਿਆ ਮਾਂ ਨੇ ? ਹੁਣ ਟੱਕਰ ਤਖ਼ਤ ਨਾਲ ਹੋਣੀ ਊ, ਸ਼ਾਹੀ ਫੌਜਾਂ ਨਾਲ ਤੇ ਸਾਨੂੰ ਕਿਸੇ ਨੂੰ ਮੋਰਚੇ ਪੁੱਟਣ ਦਾ ਵੱਲ ਨਹੀਂ ਏ। ਹਾਜੀ ਚਿਰਾਗ਼ਦੀਨ ਕੋਲ ਜਾਵਾਂ। ਸਿਆਣਾ ਬਜ਼ੁਰਗ ਈ, ਦੁਨੀਆਂ ਵੇਖੀ ਸੂ। ਕਿਸੇ ਸਿੱਧੇ ਰਾਹ ਈ ਪਾਏਗਾ। ਦੁੱਲਾ ਉਠਿਆ, ਝਿੜੀ ਵਿਚੋਂ ਬਾਹਰ ਆਇਆ ਤੇ ਪਿੰਡ ਵੱਲ ਤੁਰ ਪਿਆ।

ਸੱਜੇ ਹੱਥ ਨਿਆਈਆਂ ਵਿਚ ਪਿੰਡੀ ਦੇ ਆਜੜੀ ਕਾਲੂ ਤੇ ਗੋਧਾ ਆਪਣੀਆਂ ਭੇਡਾਂ ਬੱਕਰੀਆਂ ਦਾ ਇੱਜੜ ਚਰਾ ਰਹੇ ਸਨ।

—ਸਲਾਮ ਆਖਨੇਂ ਆਂ ਭੱਟੀ ਸਰਦਾਰਾ।' ਕਾਲੂ ਨੇ ਲੰਮੀ ਹੇਕ ਲਾਉਣ ਵਾਂਗ ਆਖਿਆ। ਦੁੱਲਾ ਬਾਂਹ ਖੜ੍ਹੀ ਕਰਕੇ ਸਲਾਮ ਦਾ ਜਵਾਬ ਦੇ ਗਿਆ।

ਦੁੱਲੇ ਦੇ ਚਿਹਰੇ ਉਪਰ ਇਕਦਮ ਰੌਣਕ ਆ ਗਈ। ਜੁਲਾਹਿਆਂ ਦੇ ਘਰਾਂ ਵਲੋਂ ਦੀ ਮੀਆਂ ਚਿਰਾਗ਼ਦੀਨ ਖੇਤਾਂ ਵੱਲ ਜਾ ਰਿਹਾ ਦਿਸਿਆ।

—ਹਾਜੀ ਬਾਬਾ ਸਲਾਮ ਭੇਜਨਾ।' ਦੁੱਲੇ ਨੇ ਕਾਲੂ ਆਜੜੀ ਵਾਂਗ ਹੀ ਹੇਕ ਲਾ ਕੇ ਕਿਹਾ।

—ਵਾ ਲੇਕਮ ਸਲਾਮ ਬਰਖ਼ੁਰਦਾਰ।' ਆਖਦਾ ਚਿਰਾਗ਼ਦੀਨ ਦੁੱਲੇ ਵਲ ਮੁੜਿਆ।

—ਮੈਂ ਤਾਂ ਤੁਸਾਂ ਵੱਲ ਹੀ ਚੱਲਿਆ ਸਾਂ ਹਾਜੀ ਬਾਬਾ।' ਦੁੱਲੇ ਕਿਹਾ।

—ਕੋਈ ਖ਼ਾਸ ਗੱਲ ਈ ਦੁੱਲਿਆ ?'

—ਗੱਲਾਂ ਤਾਂ ਕੁਝ ਖ਼ਾਸ ਈ ਨੇ ਜੇ ਵਕਤ ਹੈਗਾ ਧਾਅਡੇ ਪਾਸ ਤਾਂ......।'

—ਤੇਰੇ ਲਈ ਵਕਤ ਨਿਕਲ ਈ ਆਂਵਦਾ, ਦੱਸ– ?'

—ਏਦਾਂ ਨਹੀਂ। ਆਓ ਝਿੜੀ 'ਚ ਬਹਿੰਨੇ ਆਂ ਫਿਰ ਦੋ ਘੜੀਆਂ।'

ਦੋਵੇਂ ਝਿੜੀ ਵੱਲ ਮੁੜ ਪਏ।

—ਦੁੱਲੇ ਨੇ ਅੱਗੇ ਅੱਗੇ ਜਾਕੇ, ਖ਼ੂਹ ਲਾਗੇ ਬਣਾਏ ਥੜ੍ਹੇ ਨੂੰ ਸਾਫ਼ ਕੀਤਾ ਤੇ ਉਪਰ ਆਪਣਾ ਸਾਫ਼ਾ ਵਿਛਾ ਦਿੱਤਾ।

ਥੜ੍ਹੇ ਉਪਰ ਬੈਠਦਿਆਂ ਮੀਆਂ ਚਿਰਾਗ਼ਦੀਨ ਬੋਲਿਆ—'ਦੁੱਲਿਆ ਜੇ ਤੂੰ ਮੈਨੂੰ ਹਾਕ ਨਾ ਮਾਰਦਾ, ਅੱਜ ਮੈਂ ਤੈਨੂੰ ਆਪ ਬੁਲਾਣਾ ਸਾਈ।'

—ਅੱਲਾਹ ਦੀ ਮਰਜ਼ੀ ਏ ਹਾਜੀ ਬਾਬਾ, ਮੈਂ ਧਾਅਨੂੰ ਈ ਮਿਲਣ ਨਿਕਲਿਆ ਸਾਂ।'

—ਸਹੀ ਏ ਬਰਖ਼ੁਰਦਾਰਾ। ਅੱਲਾਹ ਦੀ ਮਰਜ਼ੀ ਨਾ ਹੋਵੇ, ਦੂਜਾ ਸਾਹ ਨਹੀਂ ਆਂਦਾ। ਉਹ ਜਾਣਦਾ ਏ, ਕੀਹਨੂੰ ਕੀਹਦੀ ਲੋੜ ਏ ਤੇ ਫੇਰ ਆਪੇ ਸਬੱਬ ਬਣਾਂਦਾ ਰਹਿੰਦਾ ਏ। ਮੈਂ ਪਿੰਡੀ 'ਚ ਬੜੀਆਂ ਭੈੜੀਆਂ ਗੱਲਾਂ ਸੁਣਦਾ ਪਿਆਂ। ਇਹ ਸਹੀ ਏ ਤਾਂ ਪਿੰਡੀ ਨੂੰ ਵੱਡੀਆਂ ਮੁਸ਼ਕਲਾਂ ਆਵਣ ਵਾਲੀਆਂ ਨੇ ਦੁੱਲਿਆ। ਇਹ ਵੱਡੇ ਫ਼ਿਕਰਾਂ ਵਾਲੀ ਗੱਲ ਈ।' ਹਾਜੀ ਨੀਵੀਂ ਪਾ ਕੇ ਤਸਬੀ ਫੇਰਨ ਲੱਗਾ।



ਦੁੱਲੇ ਨੂੰ ਸੱਚ ਹੀ ਮੀਆਂ ਚਿਰਾਗ਼ਦੀਨ ਫ਼ਿਕਰਵਾਨ ਦਿਸਿਆ। ਉਸਨੇ ਹੌਲੀ ਪੁੱਛਿਆ;—'ਕੀ ਭੈੜੀਆਂ ਗੱਲਾਂ ਸੁਣੀਆਂ ਨੇ ਬਾਬਾ ?'

—ਸੁਣਿਆ ਈ ਤੂੰ ਬਾਦਸ਼ਾਹ ਦਾ ਸ਼ਾਹੀ ਵਪਾਰੀ ਲੁੱਟਿਆ ਵੀ ਏ ਤੇ ਕੋਹ ਵੀ ਘੱਤਿਆ ਏ ?'

—ਆਪਣੇ ਪਿਉ ਦਾਦੇ ਨਾਲ ਹੋਏ ਜ਼ੁਲਮਾਂ ਦਾ ਹਿਸਾਬ ਲੈਣਾ ਕੋਈ ਭੈੜੀ ਗੱਲ ਏ ?'

—ਬਰਖ਼ੁਰਦਾਰ ਜਿੰਨ੍ਹਾਂ ਇਹ ਜ਼ੁਲਮ ਕੀਤੇ ਨਹੀਂ, ਉਹਨਾਂ ਨੂੰ ਸਜ਼ਾ ਦੇਣਾ ਕੋਈ ਚੰਗੀ ਗੱਲ ਏ ?' ਹਾਜੀ ਚਿਰਾਗ਼ਦੀਨ ਦੁੱਲੇ ਵਲ ਝਾਕਿਆ।

—ਇਹਨਾਂ ਦੀ ਤੰਦ–ਤਾਣੀ ਬਾਦਸ਼ਾਹ ਨਾਲ ਜੁੜਦੀ ਏ।'

—ਜੁੜੀ ਪਏ। ਦਇਆ ਅਤੇ ਖ਼ਿਮਾ ਕਰਨਾ ਵੱਡੀ ਗੱਲ ਏ'

—ਹਾਜੀ ਬਾਬਾ, ਇਹ ਦਇਆ ਗਰੀਬਾਂ, ਦੁੱਖੀਆਂ ਲਈ ਕਿਉਂ ਬਣੀ ਏ, ਇਹਦਾ ਬਾਦਸ਼ਾਹਾਂ ਨਾਲ ਕੋਈ ਢੁਕਾ ਨਹੀਂ ?' ਦੁੱਲੇ ਨੇ ਦੁੱਖੀ ਹੋ ਕੇ ਪੁੱਛਿਆ।

—ਆਪਣਾ ਰਾਜਿਆਂ ਬਾਦਸ਼ਾਹਾਂ ਨਾਲ ਕੀ ਮੇਲ ਪੁੱਤਰ। ਉਹਨਾਂ ਨੂੰ ਤਾਂ ਆਪਣੇ ਮਹਿਲਾਂ ਨਾਲੋਂ ਉੱਚਾ ਦਿੱਸਦਾ ਹਰ ਕਿੰਗਰਾ ਢਾਹੁਣ ਦਾ ਖ਼ਬਤ ਹੁੰਦਾ ਵੇ। ਇਹਨਾਂ ਦੀ ਖੋਪੜੀ ਵਿਚ ਇਕ ਤਿੱਖੇ ਦੰਦਾਂ ਵਾਲਾ ਕੀੜਾ ਹੁੰਦਾ ਵੇ ਤੇ ਇਹ ਕੀੜਾ ਹਰ ਵੇਲੇ ਇਹਨਾਂ ਦੇ ਸਿਰਾਂ 'ਚ ਡੰਗ ਮਾਰਦਾ ਰਹਿੰਦਾ ਵੇ।'

—ਹਾਜੀ ਬਾਬਾ ਕਿਸੇ ਨੂੰ ਤਾਂ ਉਹ ਕੀੜਾ ਮਸਲਣਾ ਪਏਗਾ ?'

—ਪੁੱਤਰ ਉਹ ਆਖਦੇ ਨੇ ਰਾਜੇ ਖ਼ੁਦਾ ਦੇ ਭੇਜੇ ਨੇ।'

—ਮੈਨੂੰ ਤਾਂ ਲਗਦੈ ਹਾਜੀ ਬਾਬਾ, ਖ਼ੁਦਾ ਅੰਨ੍ਹਾ ਤੇ ਬੋਲਾ ਏ। ਕਿਤੇ ਮਰ ਮੁੱਕ ਈ ਨਾ ਗਿਆ ਹੋਵੇ। ਬਾਦਸ਼ਾਹ ਧੋਖਾ ਕਰੇ, ਫਰੇਬ ਕਰੇ, ਸਭ ਮਾਫ਼। ਅਗਰ ਦੂਸਰਾ ਕਰਦਾ ਏ ਤਾਂ ਫਾਂਸੀ ਤੇ ਲਟਕਾ ਛੱਡੋ। ਇਹ ਕਾਹਦਾ ਇਨਸਾਫ਼ ਏ ?'

—ਚੰਗੀ ਬੰਦਿਆਈ ਤੇ ਚੰਗਾ ਹਾਕਮ ਬਣਨਾ ਔਖਾ ਈ ਬਰਖ਼ੁਰਦਾਰ। ਸਾਨੂੰ ਪਤਾ ਵੇ, ਰਾਜਾ ਜ਼ਾਲਮ ਏ, ਪਰ ਉਹ ਆਖਦੇ ਨੇ ਹਾਕਮ ਨੇ ਸੱਤਾ ਚਲਾਣੀ ਹੁੰਦੀ ਏ।'

—ਸੱਤਾ ਚਲਾਣੀ ਹੁੰਦੀ ਏ ਡੰਡੇ ਨਾਲ ? ਲੋਥਾਂ ਨੂੰ ਸ਼ਰੇਆਮ ਲਟਕਾ ਕੇ ? ਵਿਚ ਘਾਹ ਫੂਸ ਭਰਕੇ, ਬਾਬਾ ਮੈਂ ਸਮਝਨਾਂ...... ।'

—ਨਹੀਂ ਦੁੱਲਿਆ ਸ਼ੇਰਾ, ਤੂੰ ਕੁਝ ਨਹੀਂ ਸਮਝਦਾ।' ਹਾਜੀ ਮੀਆਂ ਨੇ ਟੋਕਿਆ—'ਗੱਲ ਇਹ ਵੇ, ਬੰਦੇ ਨੇ ਬਹੂੰ ਪਹਿਲਾਂ ਜਾਗਣਾ ਚਾਹੀਦਾ ਏ। ਮੈਂ ਤਾਂ ਆਖਨਾਂ ਬੰਦੇ ਨੂੰ ਜਾਗਦੇ ਈ ਰਹਿਣਾ ਚਾਹੀਦਾ ਏ।'

—ਮੈਨੂੰ ਜਾਗ ਹੁਣ ਆਈ ਏ। ਮਾਂ ਨੇ ਭੁਲਾਵੇਂ ਪਾ ਪਾ ਸੁਆਈ ਰੱਖਿਆ ਮੈਨੂੰ ਹਾਜੀ ਬਾਬਾ।'

—ਦੇਖ ਬਰਖ਼ੁਰਦਾਰ, ਅੱਲਾਹ ਦਾ ਗਵੇੜ ਏ ਜੋ ਜਾਗਦਾ ਏ, ਉਸਨੂੰ ਇਕ ਦਿਨ ਨੀਂਦਰ ਪੈ ਜਾਂਦੀ ਏ ਤੇ ਜਿਹੜਾ ਸੁੱਤਾ ਰਹਿੰਦਾ ਈ, ਇਕ ਦਿਨ ਜਾਗ ਉੱਠਦਾ ਈ।'

—ਤੇ ਮੈਨੂੰ ਹੁਣ ਜਾਗ ਆ ਗਈ ਊ ਬਾਬਾ। ਦੂਜੀ ਗੱਲ ਈ, ਮੌਤ ਕੋਲੋਂ ਮੈਨੂੰ ਕੋਈ ਡਰ ਨਹੀਂ ਆਂਦਾ। ਮੌਤ ਡਰਨ ਵਾਲੇ ਜਣੇ ਨੂੰ ਈ ਡਰਾਂਦੀ ਏ— ।'

—ਮੈਂ ਜਾਣਨਾ, ਦੁੱਲੇ ਪੁੱਤਰ, ਤੂੰ ਸੂਰਮਾ ਭੱਟੀ ਏਂ, ਰਾਠ ਏਂ। ਆਪਣੇ ਪਿਉ ਦਾਦੇ ਦਾ ਲਹੂ ਤੇਰੀਆਂ ਰਗਾਂ 'ਚ ਏ। ਤਵਾਰੀਖ਼ ਵਿਚ ਬੜਾ ਸੇਕ ਹੁੰਦਾ ਏ ਦੁੱਲਿਆ। ਇਹ ਮੁਲਕ 'ਤੇ

ਕੌਮ ਦੇ ਲਹੂ ਨੂੰ ਗਰਮ ਰਖਦਾ ਵੇ। ਪਰ ਹੋਸ਼ ਵੀ ਤਾਂ ਚਾਹੀਦੀ ਏ ਨਾ ਬੰਦੇ ਨੂੰ। ਉਸਨੂੰ ਸੋਚ ਸਮਝ ਲੈਣਾ ਚਾਹੀਦਾ ਵੇ, ਉਹ ਕਿਸ ਧਿਰ ਨਾਲ ਟੱਕਰ ਲੈਣ ਲੱਗਾ ਵੇ........।'

—ਮੈਂ ਜਾਣਨਾ ਹਾਜੀ ਬਾਬਾ, ਦੂਜੀ ਧਿਰ ਬਾਦਸ਼ਾਹ ਏ। ਬਾਦਸ਼ਾਹ ਹੋਵੇ ਪਿਆ। ਹੁਣ ਕੋਈ ਚੀਜ਼ ਮੇਰੇ ਰਾਹ ਵਿਚ ਨਹੀਓਂ ਆ ਸਕਦੀ। ਦੁੱਲਾ ਹੁਣ ਲਾਹੌਰ ਤੋਂ ਉਰ੍ਹਾਂ ਕੁਝ ਨਹੀਂ ਵੇਂਹਦਾ।' ਸਿਰ ਉਪਰ ਰੱਖੀ ਪਗੜੀ ਦੁੱਲੇ ਨੇ ਦੋਹਾਂ ਹੱਥਾਂ ਨਾਲ ਇਧਰ ਉਧਰ ਘੁੰਮਾ ਕੇ ਰੁਖ ਸਿਰ ਕੀਤੀ ਤੇ ਖੱਬਾ ਹੱਥ ਸੱਜੀ ਮੁੱਛ ਉਪਰ ਚਲਿਆ ਗਿਆ।

—ਭੁੱਲ ਕਰਨਾਂ ਏਂ ਦੁੱਲਿਆ। ਅੱਲਾਹ ਦੀ ਮਰਜ਼ੀ ਬਗੈਰ ਕੁਝ ਨਹੀਂ ਹੋਂਦਾ। ਇਹ ਸੰਸਾਰ ਦੇਖਦਾ ਏਂ ਨਾ, ਕਿੰਨੀ ਖ਼ਲਕਤ ਏ, ਇਸਤੋਂ ਬਾਹਰ ਕੋਈ ਅੱਲਾਹ ਨਹੀਂ ਏ ਤੇ ਅੱਲਾਹ ਤੋਂ ਬਾਹਰ ਕੋਈ ਜਹਾਂ ਨਹੀਂ ਏ। ਮੈਂ ਜਦ ਖੇਤਾਂ ਵੱਲ ਜਾਂਦਾ ਪਿਆ ਸਾਂ, ਰਾਹ ਵਿਚ ਜੁਲਾਹਿਆਂ ਦਾ ਫਜਲੂ ਆਪਣੀਆਂ ਬੱਕਰੀਆਂ ਲਈ ਕਿੱਕਰ 'ਤੋਂ ਤੁੱਕੇ ਝਾੜਦਾ ਪਿਆ ਸੀ ਤੇ ਉਹ ਮੁਖ਼ਤਾਰ ਢਾਈ-ਤਿੰਨ ਕਨਾਲਾਂ ਭੋਏਂ ਹੋਣੀ ਏਂ ਉਸ ਕੋਲ, ਆਖਦਾ ਏ ਮੈਂ ਵਿਰਕ ਜੱਟ ਆਂ। ਆਪਣੇ ਘਰ ਅੱਗੇ ਬੈਠਾ ਤੂਤ ਦੀਆਂ ਛਿੱਟੀਆਂ ਦਾ ਟੋਕਰਾ ਬਣਾਂਦਾ ਪਿਆ ਸੀ ਤੇ ਉਹਦੀ ਤੀਵੀਂ ਬਾਜਰੇ ਦਾ ਟੁੱਕੜ ਹੱਥ 'ਤੇ ਰੱਖ ਕੇ ਖਾਣ ਡਹੀ ਹੋਈ ਸੀ। ਇਹ ਸਾਰੇ ਅੱਲਾਹ ਦਾ ਸ਼ੁਕਰ ਮਨਾਂਦੇ ਹੋਣੇ ਨੇ। ਇਹਨਾਂ ਕੀ ਲੈਣਾ ਹੋਇਆ ਮੁਲਕਾਂ ਦੀ ਸਿਆਸਤ ਤੋਂ। ਇਹਨਾਂ ਨੂੰ ਕੀ ਫਰਕ ਪੈਂਦਾ, ਤਖ਼ਤ ਲਾਹੌਰ 'ਤੇ ਕੌਣ ਬੈਠਦਾ ਈ। ਤੇ ਦਿੱਲੀ ਦਾ ਸਿੰਘਾਸਨ ਕੀਹਨੇ ਸਾਂਭਿਆ ਈ। ਬਾਬਰ ਆਇਆ, ਮੁਖ਼ਤਾਰ ਉਦੋਂ ਵੀ ਟੋਕਰੇ ਬਣਾਂਦਾ ਸਾਈ, ਹੁਣ ਵੀ ਬਣਾਂਦਾ ਈ। ਉਹਦੀ ਬੀਵੀ ਤਦ ਵੀ ਬਾਜਰੇ ਦਾ ਟੁੱਕੜ ਖਾਂਦੀ ਹੋਣੀ ਏਂ। ਫੱਜਲੂ ਨੇ ਏਵੇਂ ਕਿੱਕਰਾਂ ਛਾਂਗੀ ਜਾਣੀਆਂ ਬੱਕਰੀਆਂ ਲਈ। ਕਾਲੂ ਤੇ ਗੋਧਾ, ਇਹਨਾਂ ਦੇ ਪਿਉ ਦਾਦੇ ਵੀ ਇੱਜੜ ਚਰਾਂਦੇ ਸਨ ਤੇ ਇਹਨਾਂ ਦੇ ਪੁੱਤਰ ਪੋਤਰੇ ਵੀ ਇੱਜੜ ਚਰਾਵਣਗੇ, ਜੇ ਮੁਗਲਾਂ ਕੋਲੋਂ ਬਚ ਗਏ ਤਾਂ। ਰਾਜ ਕੋਈ ਵੀ ਕਰੇ ਦੁੱਲਿਆ, ਲਗਾਨ ਤਾਂ ਹਰ ਇਕ ਨੇ ਮੰਗਣਾ। ਹਿੰਦ ਤੇ ਚੜ੍ਹ ਕੇ ਕਿੰਨੇ ਰਾਜੇ ਆਏ, ਕਿੰਨੇ ਗਏ, ਅਵਾਮ ਤਾਂ ਏਵੇਂ ਈ ਭੁੱਖਾ ਮਰਦਾ ਰਿਹਾ। ਅਕਾਲ ਪਏ, ਮਹਾਂਮਾਰੀਆਂ ਫੈਲੀਆਂ, ਹੜ੍ਹ ਆਏ, ਲੋਕ ਚੁੱਪ-ਕੀਤੇ ਮਰ ਗਏ। ਕਿਸੇ ਹਾਅ ਦਾ ਨਾਅਰਾ ਵੀ ਨਹੀਂ ਮਾਰਿਆ। ਜਿਹੇ ਬੰਦੇ ਮਰ ਗਏ, ਜਿਹੇ ਕੀਟ-ਪਤੰਗ ਮਰ ਗਏ। ਬਾਦਸ਼ਾਹਾਂ ਨੂੰ ਕੀ? ਉਹਨਾਂ ਨੂੰ ਚਾਹੀਦਾ ਏ ਮਾਮਲਾ, ਹਰਮ ਵਿਚ ਤੀਵੀਆਂ, ਖਾਣ ਨੂੰ ਮੇਵੇ, ਪੀਣ ਨੂੰ ਸ਼ਰਾਬਾਂ ਤੇ ਲੋਕਾਂ ਨੂੰ ਆਖਦੇ ਨੇ, ਅਸਾਂ ਨੂੰ ਖ਼ੁਦਾ ਨੇ ਭੇਜਿਆ ਏ। ਬਾਦਸ਼ਾਹੀਆਂ ਕਰੋ, ਹੁਕਮ ਚਲਾਵੋ, ਜ਼ੁਲਮ ਕਮਾਵੋ। ਅੱਗੋਂ ਬੋਲਣ ਵਾਲਾ ਏ ਕੋਈ ਤਾਂ ਉਸਨੂੰ ਫਾਂਸੀ ਚਾੜ੍ਹ ਦਿਓ।' ਹਾਜੀ ਚਿਰਾਗ਼ਦੀਨ ਸਾਹ ਲੈਣ ਲੱਗਾ।

—ਅੱਗੋਂ ਬੋਲਣ ਵਾਲੇ ਵੀ ਆ ਗਏ ਨੀ ਹੁਣ ਬਾਬਾ।'

—ਬਾਦਸ਼ਾਹੀਆਂ ਦਾ ਸੂਰਜ ਵੀ ਛਿੱਪਣਾ ਹੁੰਦਾ ਏ ਦੁੱਲਿਆ। ਸੁਣਿਆ ਏ ਲਾਹੌਰ ਵੱਲ ਇਕ ਸਾਈਂ ਫ਼ਕੀਰ ਹੈਗਾ ਏ, ਮਸਤ-ਮਲੰਗ। ਉਹ ਅੱਲਾਹ ਦਾ ਬੰਦਾ ਏ। ਬਾਦਸ਼ਾਹ ਨੂੰ ਸਿੱਧਾ ਪੈਂਦਾ ਏ ਤੇ ਬਾਦਸ਼ਾਹ ਦੇ ਚਾਪਲੂਸ ਉਹਦੀ ਜੀਭ ਨੂੰ ਲਗਾਮ ਦੇਣ ਲੱਗੇ ਹੋਏ ਨੀ। ਅੱਲਾਹ ਦੇ ਬੰਦੇ ਨੂੰ ਕਾਹਦਾ ਡਰ? ਨਾ ਕੁਝ ਲੈਣਾ ਨਾ ਕੁਝ-ਦੇਣਾ।'

—ਬਾਬਾ ਤੂੰ ਸਮਝ ਲੈ, ਦੁੱਲਾ ਵੀ ਅੱਲਾਹ ਦਾ ਭੇਜਿਆ ਬੰਦਾ ਈ ਤੇ ਬਾਦਸ਼ਾਹ ਦਾ ਹੁਣ ਮੈਨੂੰ ਵੀ ਕੋਈ ਡਰ-ਭੈਅ ਨਹੀਓਂ। ਮੈਨੂੰ ਏਨਾ ਤਾਂ ਪਤਾ ਲੱਗ ਗਿਆ ਵੇ, ਮੇਰੇ ਅੱਬਾ ਦਾਦੇ ਆਖਿਆ, ਸਾਂਦਲ ਦੇ ਲੋਕਾਂ ਰਾਜੇ ਨੂੰ ਲਗਾਨ ਨਹੀਂ ਦੇਣਾ। ਜੋ ਹਸ਼ਰ ਹੋਇਆ ਸਭ ਨੂੰ



ਪਤਾ ਏ। ਹੁਣ ਮੈਂ ਪਿੰਡ ਵਿਚ ਹੋਕਾ ਦੇਵਣਾ ਈ, ਪਿੰਡੀ ਦੇ ਕਿਸਾਨਾਂ ਲਗਾਨ ਨਹੀਂ ਦੇਣਾ, ਤੇ ਦੇਣਾ ਵੀ ਨਹੀਂ। ਟੋਕਰੇ ਬਨਾਣ ਵਾਲਾ, ਇੱਜੜ ਚਰਾਨ ਵਾਲਾ ਤੇ ਬਾਜਰੇ ਦੀ ਰੋਟੀ ਖਾਣ ਵਾਲੇ ਲੋਕ ਕਿਉਂ ਲਗਾਣ ਦੇਣ? ਕਿਸਾਨ-ਜੱਟ ਵੀ ਕਿਉਂ ਦੇਵਣ? ਹਸ਼ਰ ਕੀ ਹੋਣਾ ਈ, ਮੈਨੂੰ ਪਤਾ।'

ਦੁੱਲੇ ਦੇ ਚਿਹਰੇ ਉਪਰ ਦ੍ਰਿੜ੍ਹਤਾ ਅਤੇ ਪੱਕਾ ਇਰਾਦਾ ਵੇਖਕੇ ਹਾਜੀ ਚਿਰਾਗ਼ਦੀਨ ਨੂੰ ਉਸ ਉਪਰ ਦਇਆ ਆਈ, ਹਮਦਰਦੀ ਜਾਗੀ। ਬੋਲਿਆ,—'ਬਰਖ਼ੁਰਦਾਰਾ, ਬਾਦਸ਼ਾਹੀਆਂ ਦੀਆਂ ਚਤੁਰਾਈਆਂ ਏਡੀ ਛੇਤੀ ਸਮਝ ਨਹੀਂ ਪੈਂਦੀਆਂ। ਦਿੱਲੀ ਉੱਤੇ ਹੁਣ ਮੁਗਲਾਂ ਦਾ ਰਾਜ ਈ। ਪੁਰਾਣਾ ਸਭ ਕੁਝ ਬਦਲ ਦਿੱਤਾ ਈ। ਹੁਣ ਦਿੱਲੀ ਤੁਰਕਾਂ ਦੀ ਨਹੀਂ ਰਹੀ। ਹੁਣ ਦਿੱਲੀ ਮੁਗਲਾਂ ਦੀ ਏ। ਰਹਿਣੀ ਇਹਨਾਂ ਦੀ ਵੀ ਨਹੀਂ। ਵੇਲਾ ਕਿਸੇ ਦੇ ਫੜਿਆ ਨਹੀਂ ਰੁੱਕਦਾ। ਭੋਏਂ ਦਾ ਭਾਰ ਚੁੱਕਣ ਵਾਲੇ ਬੌਲਦ ਨੇ ਆਪਣਾ ਸਿੰਗ ਬਦਲ ਲਿਆ ਈ। ਅੱਗੇ ਮੁਸਲਮਾਨ ਹਿੰਦੂਆਂ ਤੋਂ ਭੈਅ ਖਾਂਵਦੇ ਸਨ, ਹੁਣ ਹਿੰਦੂ ਮੁਸਲਮਾਨਾਂ ਤੋਂ ਭੈਅ ਖਾਂਵਦੇ ਨੇ। ਪਹਿਲਾਂ ਹਿੰਦੂ ਆਕੜਖ਼ਾਨ ਸਨ? ਹੁਣ ਮੁਗਲ ਆਕੜਖ਼ਾਨ ਨੇ। ਤੂੰ ਜੰਮ ਜੰਮ ਆਪਣੇ ਬੰਦਿਆਂ ਨੂੰ ਜਗਾ, ਇਕੱਠੇ ਕਰ, ਫੌਜ ਖੜ੍ਹੀ ਕਰ, ਪਰ ਤਖ਼ਤ ਦੇ ਕਹਿਰ ਦਾ ਵੀ ਖ਼ਿਆਲ ਰੱਖੀਂ। ਮੈਨੂੰ ਭਰੋਸਾ ਏ, ਸਾਂਦਲ ਬਾਰ ਵਿਚੋਂ ਤੇਰੇ ਨਾਲ ਲੋਕ ਆਵਣਗੇ, ਪਰ ਮੇਰੀ ਹਿੱਕ ਗੱਲ ਯਾਦ ਰੱਖੀਂ, ਜਿਸ ਦੇ ਪੈਰਾਂ ਦੀ ਮਿੱਟੀ ਨੂੰ ਲੋਕ ਸਵੇਰ ਵੇਲੇ ਅਕਸੀਰ ਸਮਝ ਕੇ ਮੱਥੇ ਨੂੰ ਲਾਂਦੇ ਹੈਨ, ਉਹ ਸ਼ਾਮ ਵੇਲੇ ਉਸੇ ਮਿੱਟੀ ਦੇ ਬੁੱਕ ਭਰ ਭਰ ਕੇ ਉਸਦੇ ਸਿਰ ਵਿਚ ਵੀ ਪਾ ਸਕਦੇ ਹੈਨ। ਲੋਕਾਂ ਵਿਚ ਬੜੀ ਤਾਕਤ ਹੁੰਦੀ ਵੇ। ਮੇਰਾ ਵੱਡਾ ਫ਼ਿਕਰ ਇਹ ਵੇ, ਪਿੰਡੀ ਦੇ ਚੌਧਰੀ, ਤੇਰਾ ਚਾਚਾ ਜਲਾਲਦੀਨ, ਮੌਲਵੀ, ਪੰਡਤ ਸਭ ਤਖ਼ਤ ਲਾਹੌਰ ਦੇ ਮੁਖ਼ਬਰ ਨੇ। ਤੂੰ ਦਿਨ ਵਿਚ ਕਿੰਨੇ ਸਾਹ ਲੈਨਾ ਵੇਂ, ਇਹਦੀ ਖ਼ਬਰ ਵੀ ਲਾਹੌਰ ਵਾਲਿਆਂ ਨੂੰ ਜਾਵੇਗੀ, ਤੇਰੀਆਂ ਹਰਕਤਾਂ ਤਾਂ ਦੂਸਰੀ ਗੱਲ ਈ। ਘਰ ਦੇ ਭੇਤੀਆਂ ਤੋਂ ਬਚਣਾ ਵੇ। ਘਰ ਦਾ ਭੇਤੀ, ਦੁਨੀਆਂ ਦੇ ਕੁੱਲ ਹਥਿਆਰਾਂ ਤੋਂ ਵੱਧ ਖ਼ਤਰਨਾਕ ਹੁੰਦਾ ਵੇ। ਵੱਡੇ ਵੱਡੇ ਜੰਗਲ, ਬੀੜਾਂ, ਝਿੜੀਆਂ, ਸ਼ੇਰਾਂ, ਚੀਤਿਆਂ, ਹਾਥੀਆਂ ਤੋਂ ਨਹੀਂ ਭੈਅ ਖਾਂਦੀਆਂ ਪਰ ਜੇ ਕਿਸੇ ਰੁੱਖ ਦੀ ਇਕ ਨਿੱਕੀ ਜਿਹੀ ਟਾਹਣੀ ਵੀ ਕੁਹਾੜੇ ਦਾ ਦਸਤਾ ਬਣਨ ਲਈ ਰਜ਼ਾਮੰਦ ਹੋ ਜਾਵੇ ਤਾਂ ਸਾਰੇ ਜੰਗਲ, ਝਿੜੀਆਂ ਕੰਬ ਉਠਦੇ ਨੇ। ਬੱਸ, ਵੇਲੇ ਨੂੰ ਪੁੱਠਾ ਗੇੜਾ ਨਹੀਂ ਦੇਵਣਾ। ਅੱਲਾਹ ਤੇਰੇ ਉਪਰ ਮੇਹਰ ਕਰੇਗਾ। ਉਹ ਵੇਲੇ ਹੋਰ ਸਨ। ਇਹ ਵੇਲੇ ਹੋਰ ਨੇ। ਹੁਣ ਜੇ ਤਖ਼ਤ ਸਿਆਸਤ ਖੇਡਦੇ ਨੇ, ਤਾਂ ਅਸਾਂ ਨੂੰ ਵੀ ਸਿਆਸਤ ਸਿੱਖ ਲੈਣੀ ਚਾਹੀਦੀ ਵੇ। ਪੁੱਤਰਾ, ਜੰਗ ਵਿਚ ਲੜਕੇ ਮਰ ਜਾਣਾ ਬਹਾਦਰੀ ਨਹੀਓਂ ਹੁੰਦੀ, ਬਹਾਦਰੀ ਹੁੰਦੀ ਏ, ਜਿਉਂਦਿਆਂ ਰਹਿਕੇ, ਜੰਗ ਜਾਰੀ ਰੱਖਣੀ ਤੇ ਹਾਕਮਾਂ ਨੂੰ ਨੀਂਦਰ ਨਹੀਂ ਪੈਣ ਦੇਣੀ। ਏਸੇ ਗੱਲੋਂ ਮੈਂ ਤੈਨੂੰ ਖ਼ਬਰਦਾਰ ਕਰਨਾ ਚਾਂਹਵਦਾ ਸਾਂ।' ਆਖਕੇ ਮੀਆਂ ਉੱਠ ਖੜ੍ਹਾ ਹੋਇਆ। ਚੁਫੇਰੇ ਝਾਕਿਆ—'ਮਾਸ਼ਾ ਅੱਲਾਹ ਏਥੇ ਤਾਂ ਬੜਾ ਸਕੂਨ ਏ। ਏਥੇ ਆ ਕੇ ਅੱਲਾਹ ਨਾਲ ਗੱਲਾਂ ਹੋ ਸਕਦੀਆਂ ਨੇ।' ਉਹ ਤੁਰ ਪਿਆ ਤੇ ਝਿੜੀ ਨੂੰ ਨਿਹਾਰਦਾ ਹੌਲੀ ਹੌਲੀ ਬਾਹਰ ਬਾਹਰ ਜਾਣ ਲੱਗਾ।

ਦੁੱਲਾ, ਤੁਰੇ ਜਾਂਦੇ ਹਾਜੀ ਮੀਆਂ ਵੱਲ ਵੇਖਦਾ ਰਿਹਾ, ਜਿਵੇਂ ਪਿੰਡੀ ਦੇ ਬੀਤੇ ਵਰ੍ਹਿਆਂ ਨੂੰ ਵੇਖਦਾ ਹੋਵੇ। ਹਾਜੀ ਮੀਆਂ ਝਿੜੀ ਪਾਰ ਕਰ ਗਿਆ।

ਦੁੱਲਾ, ਸੁੰਨੀ ਹੋਈ ਝਿੜੀ ਵੱਲ ਫਿਰ ਤੱਕਣ ਲੱਗਾ। ਉੱਠਕੇ ਤੁਰਦਾ ਤੁਰਦਾ ਦਰਿਆ ਵਲ ਆ ਗਿਆ। ਦੂਰ ਤੱਕ ਲਿਸ਼ਕਦਾ ਪਾਣੀ ਅੱਖਾਂ ਚੁੰਧਿਆਉਂਦਾ ਸੀ। ਹਾਜੀ ਚਿਰਾਗਦੀਨ

ਦੀਆਂ ਗੱਲਾਂ, ਉਸਨੂੰ ਅੱਲਾਹ ਦਾ ਫੁਰਮਾਨ ਜਾਪਦੀਆਂ ਸਨ। ਅਚਾਨਕ ਉਸਨੂੰ ਨੂਰਾਂ ਦੀ ਯਾਦ ਆਈ। ਨੂਰੇ ਦੇ ਨਿਕਾਹ ਤੋਂ ਬਾਅਦ ਤਾਂ ਉਹ ਜਾ ਹੀ ਨਹੀਂ ਸਕਿਆ ਓਧਰ। ਨੂਰਾਂ ਨੂੰ ਕੀ ਪਤਾ ਹੋਣਾ, ਦੁੱਲੇ ਉਪਰੋਂ ਕਿਹੜੀਆਂ ਤੱਤੀਆਂ 'ਵਾਵਾਂ ਲੰਘੀਆਂ ਨੇ। ਉਹਦੇ ਜਾਣੇ ਤਾਂ ਅਜੇ ਵੀ ਦੁੱਲਾ, ਚੌਧਰੀਆਂ ਦੇ ਪਸ਼ੂ ਚੋਰੀ ਕਰਨ ਵਾਲਾ ਤੇ ਧਾੜੇ ਮਾਰਨ ਵਾਲਾ ਹੋਣਾ ਏ।......

ਦੁੱਲਾ ਨੂਰਾਂ ਨੂੰ ਮਿਲਣ ਲਈ ਬਿਹਬਲ ਹੋ ਉਠਿਆ। ਅੱਜ ਵੇਲਾ ਵੀ ਹੈਗਾ ਏ, ਫੇਰ ਤਾਂ ਪਤਾ ਨਹੀਂ ਲਾਹੌਰ ਨਾਲ ਮੱਥਾ ਜੁੜ ਗਿਆ,......ਮੇਲੇ ਹੋਵਣਗੇ ਕਿ ਨਹੀਂ...... ?

........ਸੋਚਦਾ ਦੁੱਲਾ ਦਰਿਆ ਦੇ ਨਾਲ ਨਾਲ ਉੱਤਰ ਵੱਲ ਤੁਰ ਪਿਆ।



## 15.

ਝਨਾਂ ਦਰਿਆ ਕੰਢੇ ਦੇ ਨਾਲ ਨਾਲ ਦੁੱਲਾ ਕੋਹ ਭਰ ਤੁਰਿਆ ਗਿਆ। ਅੱਗੇ, ਦਰਿਆ ਤੋਂ ਥੋੜ੍ਹਾ ਹਟਵਾਂ, ਤੂਤ, ਟਾਹਲੀਆਂ ਅਤੇ ਫਰਮਾਹਾਂ ਦੇ ਭਾਰੇ ਰੁੱਖਾਂ ਵਿਚ ਪੰਜ ਕੁ ਘਰਾਂ ਦਾ ਵਸੇਬਾ ਹੈ। ਘਰਾਂ ਕੋਲ ਪੁੱਜਦਿਆਂ ਹੀ ਦੁੱਲੇ ਨੇ ਵੇਖਿਆ; ਬਾਹਰ ਮੁਰਗੇ ਮੁਰਗੀਆਂ ਚੋਗਾ ਚੁਗਦੇ ਫਿਰਦੇ ਹਨ। ਇਕ ਘਰ ਦੇ ਖੁਲ੍ਹੇ ਵਿਹੜੇ ਵਿਚ ਦੋ ਬੱਕਰੀਆਂ ਬੰਨ੍ਹੀਆਂ ਹੋਈਆਂ ਹਨ।

ਦੁੱਲਾ ਇਕ ਸਾਫ ਸੁਥਰੇ ਘਰ ਦੇ ਦਰਾਂ ਵਿਚ ਜਾ ਖੜ੍ਹਾ। ਬਨੇਰੇ ਲਿੱਪੇ ਹੋਏ ਹਨ। ਕੰਧਾਂ ਉਪਰ ਪਾਡੋਂ ਮਿੱਟੀ ਫੇਰੀ ਹੋਈ ਹੈ। ਪਹਿਲਾਂ ਕਦੇ ਉਸਨੂੰ ਏਸ ਘਰ ਅੰਦਰ ਲੰਘਣ ਦੀ ਝਿਜਕ ਨਹੀਂ ਹੋਈ, ਅੱਜ ਕੀ ਗੱਲ ਹੈ ? ਉਹ ਹੈਰਾਨ ਹੈ। ਧਾੜੇ ਮਾਰਨ ਲੱਗਿਆਂ ਜਾਂ ਜਰਵਾਨਿਆਂ ਦੇ ਪਸ਼ੂ ਖੋਹਲਣ ਲੱਗਿਆਂ ਵੀ ਜਿਹੜਾ ਦਿਲ ਕਦੇ ਧੜਕਿਆ ਨਹੀਂ, ਅੱਜ ਇਸਨੂੰ ਕੀ ਹੋ ਗਿਆ ਹੈ ? ਉਹ ਦੱਬਵੇਂ ਪੈਰੀਂ ਅੰਦਰ ਲੰਘ ਗਿਆ।

ਸਾਹਮਣੇ ਛੋਟੇ ਜਿਹੇ ਵਿਹੜੇ ਵਿਚ ਬਣੇ ਚੌਂਕੇ ਦੀ ਕੰਧੋਲੀ ਉਪਰ ਨੀਲ ਨਾਲ ਤੋਤੇ, ਮੋਰ, ਚਿੜੀਆਂ ਵਾਹੇ ਹੋਏ ਸਨ। ਉਹ ਚੁੱਪਚਾਪ ਖੜ੍ਹਾ ਘਰ ਦੀ ਹਰ ਸ਼ੈਅ ਵੇਂਹਦਾ ਰਿਹਾ। ਥੋੜ੍ਹਾ ਅਗਾਂਹ ਹੋਇਆ ਕੰਧ ਦੇ ਪਰਛਾਵੇਂ ਵਿਚ ਮੰਜੇ ਉਪਰ, ਆਪਣੇ ਗੋਡਿਆਂ ਉਪਰ ਠੋਡੀ ਰੱਖੀ ਨੂਰਾਂ ਡੂੰਘੀਆਂ ਸੋਚਾਂ ਵਿਚ ਲੱਥੀ ਹੋਈ ਸੀ।

ਦੁੱਲੇ ਨੇ ਹੌਲੀ ਜਿਹੀ ਆਵਾਜ਼ ਦਿੱਤੀ—'ਨੂਰਾਂ।'

ਉਹ ਤ੍ਰੱਭਕੀ, ਪਿੱਛੇ ਭੌਂ ਕੇ ਵੇਖਿਆ।

—ਮਰ ਗਈ ਨੂਰਾਂ।' ਆਖਕੇ ਝੱਟ ਮੂੰਹ ਗੋਡਿਆਂ ਵਿਚ ਛੁਪਾ ਲਿਆ।

ਦੁੱਲੇ ਨੇ ਅਗਾਂਹ ਵਧਕੇ ਆਪਣੀਆਂ ਦੋਹਾਂ ਬਾਹਾਂ 'ਚ ਉਸਦਾ ਸਿਰ ਲੈਣਾ ਚਾਹਿਆ ਤਾਂ ਉਹ ਹੁਬਕੀਂ ਹੁਬਕੀਂ ਰੋ ਪਈ। ਝਟਕੇ ਨਾਲ ਦੁੱਲੇ ਦੀਆਂ ਬਾਹਾਂ ਛਿੱਟਕ ਦਿੱਤੀਆਂ ਤੇ ਕਾਹਲੀ ਨਾਲ ਉੱਠਕੇ ਦੂਰ ਜਾ ਖੜ੍ਹੀ।

ਰਾਠ ਦੁੱਲਾ, ਦਸਾਂ ਦਸਾਂ ਸੂਰਮਿਆਂ ਦੀ ਪਰਵਾਹ ਨਾ ਕਰਨ ਵਾਲਾ, ਨੂਰਾਂ ਅੱਗੇ ਬੇਬਸ ਅਤੇ ਪਿਘਲਿਆ ਖੜ੍ਹਾ ਸੀ।

—ਮੈਂ ਤੇਰਾ ਦੋਸ਼ੀ ਆਂ ਨੂਰਾਂ।'

—ਹੁਣ ਨੂਰਾਂ ਦਿਸ ਪਈ ਤੈਨੂੰ ?'

—ਮੇਰੇ 'ਤੇ ਕੀ ਬਣੀਆਂ ਇਹ ਨਹੀਂ ਪੁੱਛੇਂਗੀ ?'

—ਜਿਹੜੀਆਂ ਮੇਰੇ 'ਤੇ ਬਣੀਆਂ, ਉਹ ਕੀਹਨੂੰ ਆਖਾਂ ?'

—ਤੂੰ ਮੈਨੂੰ ਆਖ, ਮੈਂ ਤੈਨੂੰ ਆਖਾਂਗਾ।'

—ਦੂਈ ਰੰਨ ਪੇਕੀਂ ਵੰਞ ਗਈ ਹੋਣੀ ਏਂ, ਹੁਣ ਏਧਰ ਆ ਗਿਐਂ।'

ਨੂਰਾਂ ਫੇਰ ਰੋਣ ਲੱਗ ਪਈ।

—ਅੱਲਾਹ ਜਾਣਦਾ ਈ ਨੂਰਾਂ, ਦੁੱਲਾ ਤੇਰੇ ਕੋਲ ਕਦੇ ਤੇਰੀ ਸੇਜ ਮਾਨਣ ਨਹੀਂ ਆਉਂਦਾ। ਤੇਰੇ ਨਾਲ ਰੂਹਾਂ ਦੇ ਰਿਸ਼ਤੇ ਨੇ।' ਉਹ ਨੂਰਾਂ ਦੇ ਨੇੜੇ ਗਿਆ ਕੁਝ।

—ਰੂਹਾਂ ਦੇ ਰਿਸ਼ਤੇ ਹੋਣ ਤਾਂ ਕੋਈ ਏਦਾਂ ਕਰਦਾ ਏ, ਇਹ ਵੀ ਨਾ ਜਾਣੇ, ਨੂਰਾਂ ਜੀਂਦੀ ਏ ਕਿ ਮਰ ਗਈ ?' ਨੂਰਾਂ ਦਾ ਹਰਖ਼ ਠੰਡਾ ਨਹੀਂ ਸੀ ਪੈ ਰਿਹਾ।

—ਮੈਂ ਜਾਣਨਾ ਨੂਰਾਂ, ਤੇਰੇ ਵੱਲ ਆਇਆ ਨਹੀਂ ਗਿਆ। ਪਰ ਦੁੱਲਾ ਹੁਣ ਉਹ ਨਹੀਂ ਏ, ਜੀਹਨੂੰ ਤੈਂ ਝਨਾਂ ਕੰਢੇ ਵੱਡੇ ਵਣ ਥੱਲੇ ਮਿਲਦੀ ਹੁੰਦੀ ਸੈਂ। ਮੈਂ ਤਾਂ ਅੱਧੀ ਰਾਤੀਂ, ਕਿਸੇ ਦੀ ਪਰਵਾਹ ਨਾ ਕਰਦਿਆਂ ਤੇਰੀ ਹਵੇਲੀ ਦੇ ਪਿਛਵਾੜੇ ਦੀ ਚੜ੍ਹ ਕੇ ਤੇਰੇ ਕੋਲ ਆਇਆ ਕਰਦਾ ਸਾਂ.....।

—ਨੂਰਾਂ ਤਾਂ ਅਜੇ ਵੀ ਓਹੀ ਏ। ਮੈਨੂੰ ਕੀ ਪਤਾ ਸੀ, ਜਿਹਨੂੰ ਮੈਂ ਸੂਰਮਾ ਪਈ ਸਮਝਨੀ ਆਂ, ਉਹ ਹੁਣ ਆਪਣੇ ਗੁਨਾਹ ਮਾਫ਼ ਕਰਾਉਣ ਲੱਗਾ ਹੋਇਆ ਈ।'

—ਤੇਰੇ ਚਾਬਕਾਂ ਨਾਲ ਤਾਂ ਦੁੱਲਾ ਬਿਨ ਆਈਓਂ ਮਰ ਜਾਣਾ। ਏਹ ਤਰ੍ਹਾਂ ਨਾ ਆਖ। ਤੇਰੇ ਨਾਲ ਗੁਜ਼ਾਰੀਆਂ ਘੜੀਆਂ ਲਈ ਤਾਂ ਮੈਂ ਜੱਨਤ ਛੋੜ ਸਕਨਾਂ।'

—ਇਹ ਝੂਠ ਏ ਨਿਰਾ।' ਅਗਾਂਹ ਵਧਦੇ ਦੁੱਲੇ ਨੂੰ ਵੇਖਕੇ ਨੂਰਾਂ ਹੋਰ ਪਿੱਛੇ ਹੋ ਗਈ।

—ਇਹ ਸੱਚ ਏ ਨੂਰਾਂ। ਖ਼ੁਦਾ ਜਾਣਦਾ, ਮੈਂ ਢਿੱਡੋਂ ਆਖਦਾ ਪਿਆਂ।'

—ਏਹ ਗੱਲ ਸੱਚੀ ਏ ਤਾਂ ਏਧਰ ਗੇੜਾ ਕਿਉਂ ਨਹੀਂ ਲਾਇਆ। ਨੂਰੇ ਦਾ ਨਿਕਾਹ ਕੀ ਕੀਤਾ, ਤੇਰੀ ਸੂਰਤ ਨਹੀਂ ਦਿਸੀ ਮੈਨੂੰ। ਹੁਣ ਤੂੰ ਰੱਬ ਬਣ ਗਿਉਂ, ਦਿੱਸਦਾ ਨੀ ਮੈਨੂੰ ?'

—ਨੂਰਾਂ ਏਸ ਤਰ੍ਹਾਂ ਮੇਹਣੇ ਨਾ ਦੇਹ। ਦੁੱਲਾ ਸੂਰਮਾ ਈ ਤਾਂ ਤੇਰੇ ਕਰਕੇ, ਦੁੱਲਾ ਜੇ ਅਕਬਰ ਦੀ ਪਰਵਾਹ ਨਹੀਂ ਕਰਦਾ ਤਾਂ ਤੇਰੇ ਕਰਕੇ।' ਦੁੱਲੇ ਨੇ ਮਾਣ ਨਾਲ ਕਿਹਾ।

—ਤੇ ਜਿਹੜੀ ਰੰਨ ਘਰ ਬੈਠੀ ਊ।'

—ਉਹ ਘਰ ਦੀ ਰੰਨ ਈ ਬੱਸ। ਕੰਮਾਂ ਕਾਰਾਂ ਜੋਗੀ। ਲੱਧੀ ਮਾਂ ਆਖਿਆ, ਨਿਕਾਹ ਕਰਨਾ, ਤੇਰਾ ਅੱਬਾ ਜ਼ਬਾਨ ਦੇ ਗਿਆ ਸੀ। ਮੈਂ ਤਾਂ ਅੱਬਾ ਦੀ ਜ਼ਬਾਨ ਰੱਖੀ ਊ। ਰੱਬ ਗਵਾਹ ਈ ਨੂਰਾਂ, ਜਦ ਮੈਂ ਉਸਦੇ ਕੋਲ ਹੁੰਨਾਂ, ਜਦ ਮੈਂ.....। ਹੁਣ ਤੈਨੂੰ ਕੀ ਆਖਾਂ ਮੈਂ। ਫੁੱਲਰਾਂ ਵਿਚੋਂ ਦੀ ਨੂਰਾਂ ਈ ਹੁੰਦੀ ਏ ਮੇਰੇ ਕੋਲ। ਮੈਂ ਮੰਨਦਾ ਪਿਆਂ, ਮੇਰੇ ਕੋਲੋਂ ਏਧਰ ਨਹੀਂ ਆਇਆ ਗਿਆ। ਸੱਚੀ ਗੱਲ ਇਹ ਵੇ, ਨੂਰਾਂ ਮੈਂ ਤਾਂ ਇੱਕ ਰਾਤ ਵੀ ਘਰ ਨਹੀਂ ਟਿਕਿਆ। ਫੁੱਲਰਾਂ ਅੱਖਾਂ ਵਿਖਾਂਦੀ ਏ, ਮੈਂ ਰਾਤੀਂ ਏਧਰ ਹੁੰਨਾਂ ਵਾਂ ਤੇਰੇ ਕੋਲ। ਅੱਜ ਤੂੰ ਮੱਥਾ ਸੰਘਣਾ ਕਰੀ ਖੜ੍ਹੀ ਏਂ। ਦੁੱਲਾ ਤਾਂ ਫਿਰ ਦੋਹਾਂ ਜਹਾਨੋਂ ਗਿਆ। ਮੈਂ ਤਾਂ ਤੇਰੇ ਆਸਰੇ ਉੱਡਦਾ ਪਿਆਂ ਨੂਰਾਂ। ਮੱਥਾ ਉੱਚੇ ਥਾਂ ਲੱਗਣ ਡਿਹਾ ਈ। ਜੇ ਤੇਰੇ ਤੇਵਰ ਬਦਲ ਗਏ ਤਾਂ ਦੁੱਲੇ ਦਾ ਸਾਹ-ਸੱਤ ਵਕਤੋਂ ਪਹਿਲਾਂ ਈ ਮੁੱਕ ਜਾਣਾ। ਫੇਰ ਕੀ ਲੜਨਾ ਦੁੱਲੇ ਨੇ। ਮਰਾਂਗਾਂ ਵੀ ਤਾਂ ਕੇਡਾ ਕਲੰਕ ਲੈ ਕੇ। ਲੋਕਾਂ ਆਖਣਾ, ਦੋ ਦੋ ਰੰਨਾਂ ਦੀ ਸੇਜ ਹੰਢਾਉਣ ਵਾਲਾ ਲੜਨ ਲੱਗਾ ਸੀ ਤਖ਼ਤ ਲਾਹੌਰ ਨਾਲ, ਆਹ ਪਿਆ ਈ ਮੂਧੇ ਮੂੰਹ। ਏਸ ਨਾਲੋਂ ਤਾਂ ਚੰਗਾ ਈ, ਤੂੰ ਈ ਖੰਜਰ ਖੋਭ ਦੇ ਮੇਰੇ ਕਲੇਜੇ 'ਚ।' ਆਖਦਿਆਂ ਦੁੱਲੇ ਨੇ ਲੱਕ ਵਿਚ ਟੰਗਿਆ ਖੰਜਰ ਕੱਢਕੇ ਨੂਰਾਂ ਵੱਲ ਵਧਾਇਆ।

ਨੂਰਾਂ ਕੁਝ ਢਿੱਲੀ ਪੈ ਗਈ।

—ਮੈਂ ਤਾਂ ਆਪਣੇ ਅੱਬਾ, ਚਾਚਿਆਂ, ਭਾਈਆਂ ਦੀ ਪਰਵਾਹ ਨਹੀਂ ਸੀ ਕੀਤੀ, ਤੇਰੇ ਨਾਲ ਵਗ ਤੁਰੀ। ਮੇਰਾ ਭਤੀਆ ਇਕ ਬਾਂਹ ਈ ਵਢਾ ਬੈਠਾ ਤੇਰੇ ਕੋਲੋਂ.....।'

—ਨੂਰਾਂ ਕਿੰਨਾ ਸਮਝਾਇਆ ਮੈਂ, ਪਿੱਛੇ ਮੁੜ ਜਾਓ। ਉਹ ਹਟੇ, ਉਹ ਤਾਂ ਪਿੰਡੀ ਤੱਕ



ਪਿੱਛੇ ਆਏ, ਜੇ ਮੈਂ ਉਹਨਾਂ ਨੂੰ ਰੋਕਦਾ ਨਾ, ਉਹਨਾਂ ਨੇ ਤਾਂ ਧੌਣ ਈ ਲਾਹ ਛੱਡਣੀ ਸੀ ਸ਼ੱਲੇ ਦੀ, ਗੁੱਟ ਤਾਂ ਉਹਦਾ ਵੀ ਲਹਿ ਗਿਆ।'

—ਮੈਂ ਤਾਂ ਫੇਰ ਵੀ ਤੇਰੇ ਪਿੱਛੇ ਤੁਰੀ ਆਈ।' ਨੂਰਾਂ ਅੱਖਾਂ ਭਰ ਆਈ ਤੇ ਰੋਣ ਲੱਗੀ।

ਦੁੱਲਾ ਅਗਾਂਹ ਵਧਿਆ, ਝਿਜਕਦਿਆਂ ਨੂਰਾਂ ਨੂੰ ਕਲਾਵੇ ਵਿਚ ਲਿਆ। ਕੁਝ ਦੇਰ ਨੂਰਾਂ ਨੇ ਸਰੀਰ ਤਣੀ ਰੱਖਿਆ। ਉਹ ਟਾਹਲੀ ਦੇ ਤਣੇ ਵਾਂਗ ਆਕੜੀ ਖੜ੍ਹੀ ਰਹੀ। ਬਾਹਾਂ ਅਡੋਲ ਰਹੀਆਂ। ਪਰ ਦੁੱਲਾ ਜਿਵੇਂ ਜਿਵੇਂ ਉਸਨੂੰ ਆਪਣੀ ਹਿੱਕ ਨਾਲ ਘੁੱਟੀ ਗਿਆ। ਉਸਦੀ ਪਿੱਠ ਉਪਰ ਪੋਲਾ ਪੋਲਾ ਹੱਥ ਫੇਰਦਾ ਰਿਹਾ, ਉਸਦੀਆਂ ਬਾਹਾਂ ਹਰਕਤ ਵਿਚ ਆਉਣ ਲੱਗੀਆਂ ਤੇ ਹੌਲੀ ਹੌਲੀ ਦੁੱਲੇ ਦੁਆਲੇ ਵਲੀਆਂ ਗਈਆਂ। ਉਹ ਭੁੱਬਾਂ ਮਾਰਕੇ ਉੱਚੀ ਉੱਚੀ ਰੋਣ ਲੱਗੀ।

ਦੁੱਲੇ ਨੇ ਰੋਕਿਆ ਨਹੀਂ। ਉਹ ਨੂਰਾਂ ਨੂੰ ਰੋਈ ਦੇਣ ਗਿਆ ਨਾਲ ਨਾਲ ਉਸਦੀ ਪਿੱਠ ਵੀ ਪਲੋਸਦਾ ਰਿਹਾ ਤੇ ਆਪਣੇ ਨਾਲ ਘੁੱਟੀ ਰੱਖਿਆ।

ਨੂਰਾਂ ਕੁਝ ਸ਼ਾਂਤ ਹੋਈ। ਦੁੱਲਾ ਉਸੇ ਤਰ੍ਹਾਂ ਉਸ ਨੂੰ ਆਪਣੇ ਨਾਲ ਘੁੱਟੀ ਅੰਦਰ ਕੋਠੜੀ ਵਿਚ ਲੈ ਆਇਆ। ਜਾਂਦੇ ਜਾਂਦੇ ਵੇਖਿਆ, ਚੁਲ੍ਹਾ ਠੰਡਾ ਪਿਆ ਸੀ। ਮੰਜੇ ਉਪਰ ਬੈਠਦਿਆਂ, ਦੁੱਲੇ ਨੂੰ ਨੂਰਾਂ ਨੇ ਆਪਣੇ ਨਾਲ ਘੁੱਟਿਆ। ਦੁੱਲਾ ਉਸਦੇ ਹੰਝੂ ਪੂੰਝਣ ਲੱਗਾ। ਨੂਰਾਂ ਨੇ ਭਿੱਜੀਆਂ ਅੱਖਾਂ ਨਾਲ ਤੱਕਦਿਆਂ ਪੁੱਛਿਆ—'ਕੀ ਹੋਇਆ ਲਾਹੌਰ ਦੇ ਤਖ਼ਤਾਂ ਨੂੰ ?'

—ਪਹਿਲਾਂ ਦੱਸ ਕੁਝ ਖਾਧਾ ਈ ਕਿ ਨਹੀਂ ?'

—ਮੈਂ ਤਾਂ ਕੱਲ੍ਹ ਦਾ ਚੁਲ੍ਹਾ ਨਹੀਂ ਬਾਲਿਆ।' ਨੂਰਾਂ ਨੇ ਬਾਲਾਂ ਵਾਂਗ ਹਟਕੋਰਾ ਲਿਆ।

—ਭੁੱਖੀ ਰਹਿਕੇ ਦੁੱਲੇ ਨੂੰ ਸਜ਼ਾ ਦੇਣ ਲੱਗੀ ਏਂ ?'

—ਭੁੱਖ ਈ ਨਹੀਂ ਲਗਦੀ। ਤੂੰ ਆਂਦਾ ਸੈਂ ਤਾਂ ਮਿਲ ਕੇ ਖਾ ਲਈਦਾ ਸੀ। ਹੁਣ ਮੈਂ 'ਕੱਲੀ ਚੁਲ੍ਹਾ ਕੀਹਦੇ ਲਈ ਬਾਲਾਂ ?'

—ਏਹ ਤਰ੍ਹਾਂ ਤਾਂ ਨੂਰਾਂ ਤੂੰ ਮੈਨੂੰ ਜੀਂਦਿਆਂ ਮਾਰ ਛੱਡਣਾ।' ਦੁੱਲੇ ਨੇ ਉਸਦੇ ਸਿਰ ਨੂੰ ਦੋਹਾਂ ਹੱਥ ਲੈਂਦਿਆਂ ਮੂੰਹ ਚੁੰਮਣਾ ਚਾਹਿਆ ਤਾਂ ਉਹ ਛੁਡਾ ਕੇ ਪਿੱਛੇ ਹਟ ਗਈ।

'—ਪਹਿਲਾਂ ਦੱਸ ਲਾਹੌਰ ਦੇ ਤਖ਼ਤਾਂ ਦੀਆਂ ਕੀ ਗੱਲਾਂ ਕਰਨਾ ਪਿਐਂ।'

ਦੁੱਲੇ ਨੇ ਅਲਫ਼ ਤੋਂ ਲੈ ਕੇ ਨੂਰਾਂ ਨੂੰ ਸਾਰੀ ਬੀਤੀ-ਸੁਣੀ ਸੁਣਾ ਦਿੱਤੀ। ਹੁਣ ਨੂਰਾਂ ਉਸਨੂੰ ਆਪਣੇ ਨਾਲ ਘੁੱਟੀ ਬੈਠੀ ਸੀ। ਰੋਈ ਵੀ ਜਾ ਰਹੀ ਸੀ।

—ਤੂੰ ਮੈਨੂੰ ਦੱਸਣ ਕਿਉਂ ਨਹੀਂ ਆਇਆ ?' ਪਿਆਰ ਅਤੇ ਗੁੱਸੇ ਨਾਲ ਨੂਰਾਂ ਨੇ ਦੁੱਲੇ ਦੀ ਪਿੱਠ ਵਿਚ ਮੁੱਕਾ ਮਾਰਿਆ।

—ਹਾਏ ਰੱਬਾ।' ਦੁੱਲੇ ਨੇ ਮੱਕਰ ਕਰਦਿਆਂ ਕਚੀਸ ਵੱਟੀ।

—ਹਾਏ ਅੱਲਾਹ।' ਕਹਿੰਦਿਆਂ ਨੂਰਾਂ ਨੇ ਉਸਨੂੰ ਆਪਣੇ ਨਾਲ ਘੁੱਟਿਆ ਤੇ ਝੱਲਿਆਂ ਵਾਂਗ ਦੁੱਲੇ ਨੂੰ ਚੁੰਮਣ ਲੱਗੀ।

—ਹਟ, ਪਹਿਲਾਂ ਮੈਂ ਤੇਰੇ ਖਾਣ ਜੋਗਾ ਲਿਆਵਾਂ ਕੁਝ।' ਉਸਦੀ ਬੁੱਕਲ ਵਿਚੋਂ ਨਿਕਲ ਕੇ ਦੁੱਲਾ ਉਠ ਖੜ੍ਹਾ।

—ਖਾਣ ਲਈ ਏਥੇ ਈ ਬੜਾ ਕੁਝ ਪਿਆ। ਨੂਰੇ ਦੇ ਨਿਕਾਹ ਵੇਲੇ ਜਿਹੜਾ ਤੂੰ ਦੋਹਣਾ ਭੇਜਿਆ ਸੀ ਮਠਿਆਈਆਂ ਦਾ ਫੱਤੂ ਕੋਲ। ਮੈਂ ਤਾਂ ਹਾਲੀ ਤੱਕ ਉਸਦਾ ਢੱਕਣ ਵੀ ਨਹੀਂ ਲਾਹਿਆ।' ਉਹ ਉੱਠੀ ਤੇ ਇਕ ਨੁੱਕਰ ਵਿਚੋਂ ਦੋਹਣਾ ਚੁੱਕ ਲਿਆਈ।

—ਤੂੰ ਅਜੇ ਤੱਕ ਰੱਖੀਂ ਬੈਠੀ ਏਂ ਇਸਨੂੰ। ਉੱਲੀ ਲੱਗ ਜਾਣੀ ਊ।'

—ਤੇਰੇ ਬਿਨਾ ਕਿਵੇਂ ਖਾਵਾਂ। ਮੈਂ ਤਾਂ ਓਸੇ ਦਿਨ ਈ ਧਾਰ ਲਈ ਸੀ, ਜਦ ਖਾਣਾ ਹੋਇਆ, ਰਲ ਕੇ ਖਾਣਾ ਈ, 'ਕੱਲੀ ਨੇ ਮੂੰਹ ਨਹੀਂ ਲਾਣਾ।'

ਦੁੱਲੇ ਨੇ ਭਾਵੁਕ ਹੁੰਦਿਆਂ ਉਸਨੂੰ ਆਪਣੇ ਨਾਲ ਫਿਰ ਘੁੱਟ ਲਿਆ। ਕਿੰਨਾ ਚਿਰ ਉਸਦੀਆਂ ਅੱਖਾਂ ਵਿਚ ਵੇਖਦਾ ਰਿਹਾ।

—ਕੀ ਤੱਕਨਾ ਏਂ— ?' ਹੁਣ ਨੂਰਾਂ ਦੀਆਂ ਅੱਖਾਂ ਵਿਚ ਵੀ ਮੋਹ ਉਮੱਡ ਆਇਆ ਸੀ।

—ਤੂੰ ਮੈਨੂੰ ਅਜੇ ਵੀ ਉਵੇਂ ਦਿਸਨੀ ਏਂ। ਹਨੇਰੀ ਰਾਤ ਵਿਚ ਭੂਰੇ ਦੀ ਬੁੱਕਲ ਮਾਰੀ ਕੰਧ ਓਹਲੇ ਖੜ੍ਹੀ।'.....

ਹਸਦੀ ਹਸਦੀ ਨੂਰਾਂ ਨੇ ਉਸਦੀ ਹਿੱਕ ਉੱਤੇ ਸਿਰ ਰੱਖ ਦਿੱਤਾ।

—ਮੈਂ ਜਾਨਾਂ ਦਰਿਆ ਵੱਲ। ਪੱਤਣ ਤੇ ਮਲਾਹ ਹੋਇਆ ਤਾਂ ਮੱਛੀ ਭੁੰਨਦੇ ਆਂ ਅੱਜ। ਏਥੇ ਈ ਖਾਨੇ ਪਕਾਨੇ ਆਂ। ਫੇਰ ਪਤਾ ਨਹੀਂ ਅਕਬਰੇ ਦੀਆਂ ਫੌਜਾਂ ਇਹ ਵੇਲਾ ਦੇਵਣਾ ਵੀ ਏ ਕਿ ਨਹੀਂ। ਕੀ ਪਤਾ ਕਿਤੇ.....।'

ਨੂਰਾਂ ਨੇ ਦੁੱਲੇ ਦੇ ਮੂੰਹ ਉਪਰ ਹੱਥ ਰੱਖਿਆ—'ਅੱਗੇ ਹੋਰ ਕੁਝ ਨਹੀਂ ਕੂਣਾ। ਅਕਬਰ ਦੀ ਫੌਜ ਆਂਦੀ ਏ ਤਾਂ ਖ਼ਬਰ ਕਰੀਂ ਨੂਰਾਂ ਨੂੰ। ਫੇਰ ਵੇਖੀਂ ਨੂਰਾਂ ਕੀ ਏ, ਜਿਧਰ ਵੇਖੇਂਗਾ ਨੂਰਾਂ ਤੇਰੇ ਨਾਲ ਖੜ੍ਹੀ ਹੋਏਗੀ। ਜਦ ਮੈਂ ਹਵੇਲੀਆਂ ਨੂੰ ਲੱਤ ਮਾਰਕੇ ਤੇਰੇ ਨਾਲ ਤੁਰ ਆਈ ਸਾਂ ਤਾਂ ਯਾਦ ਈ ਰਾਹ ਵਿਚ ਕੀ ਆਖਿਆ ਸਈ ?'

—ਤੈਨੂੰ ਵੇਖ ਤਾਂ ਮੈਂ ਸਭ ਕੁਝ ਭੁੱਲ ਜਾਨਾ ਨੂਰਾਂ।'

—ਮੈਨੂੰ ਯਾਦ ਈ, ਤੈਂ ਆਖਿਆ ਸੀ, ਜੇ ਕਿਸੇ ਮੁੱਲਾਂ ਨੇ ਫਤਵਾ ਦੇ ਦਿੱਤਾ। ਪਿੰਡੀ ਛੱਡਣੀ ਪਈ ਤਾਂ 'ਕੱਠੇ ਛੱਡਾਂਗੇ। ਮਰਾਂਗੇ ਵੀ 'ਕੱਠੇ ਤੇ ਜੀਆਂਗੇ ਵੀ 'ਕੱਠੇ। ਹੁਣ ਮੈਂ ਆਖ਼ਨੀ ਆਂ, ਅਕਬਰ ਦੀਆਂ ਫੌਜਾਂ ਨਾਲ ਲੜਨਾ ਪਿਆ ਤਾਂ ਹੁਣ ਲੜਾਂਗੇ ਵੀ 'ਕੱਠੇ।'

—ਨਹੀਂ ਨੂਰੀਏ, ਤੂੰ ਮੇਰੇ ਵਲੋਂ ਅੱਖਾਂ ਨਾ ਫੇਰੀਂ, ਬੱਸ। ਜਦ ਤੇਰਾ ਰੁੱਸਿਆ ਮੂੰਹ ਵੇਖਨਾ ਤਾਂ ਸੱਚ ਜਾਣੀ, ਦੁੱਲਾ ਆਪੇ 'ਚ ਨਹੀਂ ਰਹਿੰਦਾ। ਜੀਅ ਕਰਦਾ ਏ ਸਾਰੇ ਜੰਗਲ ਨੂੰ ਅੱਗ ਲਾ ਦਿਆਂ। ਜਾਂ ਫਿਰ ਇਉਂ ਲਗਦਾ ਏ ਜਿਵੇਂ ਕੋਈ ਮੇਰੀ ਸਾਰੀ ਰੱਤ ਈ ਚੂਸ ਗਿਆ ਹੋਵੇ। ਤੂੰ ਏਥੇ ਬੈਠੀ ਮੇਰੇ ਲਈ ਦੁਆਵਾਂ ਕਰੀਂ, ਫੇਰ ਵੇਖੀਂ ਦੁੱਲਾ ਕਿਵੇਂ 'ਨੇਰ੍ਹੀਆਂ ਲਿਆਉਂਦਾ ਈ।'

—ਵੇ ਮੈਂ ਤਾਂ ਦਿਨ ਰਾਤ ਤੇਰੀਆਂ ਖ਼ੈਰਾਂ ਮੰਗਦੀ ਆਂ ਸਹੁਣਿਆਂ।' ਨੂਰਾਂ ਫੇਰ ਉਸ ਨਾਲ ਲਿਪਟ ਗਈ।

—ਤੂੰ ਚੌਂਕੇ ਵੱਲ ਹੋ। ਮੈਂ ਆਇਆ। ਫੇਰ ਲੌਢੇ ਵੇਲੇ ਮੇਧੇ ਬਾਣੀਏ ਆਉਣਾ।'

—ਏਥੋਂ ਛੇਤੀ ਨਿਕਲਣ ਦੇ ਬਹਾਨੇ ਪਹਿਲਾਂ ਹੀ ਬੋਝੇ ਵਿਚ ਪਾ ਲੈਨਾ—।'

—ਨੂਰਾਂ ਮੈਂ ਗਿਆ ਤੇ ਆਇਆ।' ਨੂਰਾਂ ਦੀਆਂ ਬਾਹਾਂ ਵਿਚੋਂ ਨਿਕਲਕੇ ਹੱਸਦਾ ਦੁੱਲਾ, ਬੂਹਿਓਂ ਨਿਕਲ ਕੇ ਦਰਿਆ ਵੱਲ ਉੱਤਰ ਗਿਆ।



## 16.

ਪਿੰਡੀ ਉਪਰੋਂ ਸੂਰਜ ਸਿਖਰੋਂ ਹੋ ਕੇ ਪੱਛਮ ਵੱਲ ਥੱਲੇ ਲਹਿਣ ਲੱਗ ਪਿਆ ਸੀ। ਦੁੱਲੇ ਦੇ ਦੀਵਾਨ ਖ਼ਾਨੇ ਵਿਚ ਉਸਦੇ ਸਾਰੇ ਸਾਥੀ ਆਏ ਬੈਠੇ ਸਨ। ਦੁੱਲੇ ਦਾ ਚਿਹਰਾ ਅੱਜ ਆਮ ਨਾਲੋਂ ਵਧੇਰੇ ਖਿੜਿਆ ਹੋਇਆ ਸੀ। ਮੁੱਛਾਂ ਨੂੰ ਵੀ ਪੂਰਾ ਵੱਟ ਚਾੜ੍ਹਿਆ ਹੋਇਆ ਸੀ। ਇਕ ਪਾਸੇ ਬੈਠਾ ਉਹ ਤਲਵਾਰ ਦੀ ਧਾਰ ਉੱਪਰ ਪੱਥਰ ਰਗੜ ਰਿਹਾ ਸੀ। ਪਿਰਥਾ ਉਹਦੀਆਂ ਹਰਕਤਾਂ ਤਾੜ ਰਿਹਾ ਸੀ। ਉਸ ਕੋਲੋਂ ਰਿਹਾ ਨਾ ਗਿਆ,—'ਦੁੱਲਿਆ ਕਿਥੇ ਰਿਹਾ ਸਾਰਾ ਦਿਨ ?'

—ਮੈਂ ਕਿਥੇ ਰਹਿਣਾ, ਏਥੇ ਹੀ ਸਾਂ।' ਦੁੱਲੇ ਉਪਰ ਅਜੇ ਵੀ ਨੂਰਾਂ ਦਾ ਨਸ਼ਾ ਚੜ੍ਹਿਆ ਹੋਇਆ ਸੀ।

—ਨਾ ਤੂੰ ਘਰੇ ਸੀ, ਨਾ ਝਿੜੀ 'ਚ ਸੈਂ। ਗਾਹਣੇ ਦੇ ਵੀ ਮੈਂ ਦੇਖ ਆਇਆ ਤੈਨੂੰ ?'

—ਮੈਂ ਘਰੇ ਵੀ ਸਾਂ, ਗਾਹਣੇ ਦੇ ਵੀ ਗਿਆ ਸਾਂ ਤੇ ਝਿੜੀ 'ਚ ਵੀ ਬੈਠਾ ਰਿਹਾ, ਬੱਸ ਆਪਾਂ ਅਗੜ-ਪਿਛੜ ਈ....।'

—ਨਈਂ ਦੁੱਲਿਆ। ਦਾਈਆਂ ਤੋਂ ਢਿੱਡ ਨਹੀਂ ਲੁੱਕਦੇ ਹੁੰਦੇ....।' ਪਿਰਥਾ ਸ਼ਰਾਰਤ ਨਾਲ ਹੱਸਿਆ।

—ਫੇਰ ਪੁੱਛਦਾ ਕਿਉਂ ਏਂ, ਲੱਖਣ ਲਾ ਲੈ ਆਪੇ।' ਦੁੱਲੇ ਨੇ ਧਾਰ ਪਰਖਦਿਆਂ ਕਿਹਾ।

—ਪਹਿਲਾਂ ਲੱਖਣ ਲਾਓ ਮੇਧੇ ਖੱਤਰੀ ਦਾ, ਮੈਨੂੰ ਤੇ ਲਗਦਾ ਉਹ ਆਣ ਨਹੀਂ ਲੱਗਾ। ਪਰਸੋਂ ਦਾ ਡਰਿਆ ਹੋਣਾ।' ਰੂੜਾ ਫ਼ਿਕਰ ਨਾਲ ਬੋਲਿਆ।

—ਰੂੜਿਆ, ਜੇ ਮੇਧਾ ਅਸਲ ਬਾਣੀਏਂ ਦਾ ਲਹੂ ਹੋਇਆ ਤਾਂ ਮੁੜੇਗਾ, ਨਹੀਂ ਤਾਂ ਇੱਕ ਦਿਨ ਤਲਵਾਰ ਦੀ ਧਾਰ ਉਹਦੀ ਧੌਣ ਉਪਰ ਵੀ ਪਰਖੀ ਜਾਣੀ ਊ।' ਦੁੱਲੇ ਨੇ ਉਂਗਲਾਂ ਦੇ ਪੋਟੇ ਤਲਵਾਰ ਉਪਰ ਘਸਾਏ ਤੇ ਫੁਰਤੀ ਨਾਲ ਹੱਥ ਚੁੱਕਦਿਆਂ ਇਕ ਉਂਗਲ ਮੂੰਹ ਵਿਚ ਪਾ ਲਈ, ਉਸਦੀ ਅੱਖਾਂ ਵਿਚ ਚਮਕ ਆ ਗਈ। ਬੋਲਿਆ; 'ਪਿਰਥਿਆ ਆਹ ਤਲਵਾਰ ਤਾਂ ਆਪਣੇ ਭਾਰ ਨਾਲ ਈ ਕਿਸੇ ਦੀ ਧੌਣ ਲਾਹਕੇ ਪਰ੍ਹਾਂ ਮਾਰੇ।'

—ਦੁਪਹਿਰਾਂ ਢਲ ਚੱਲੀਆਂ ਨੇ ਦੁੱਲਿਆ।' ਹੁਣ ਸਦੀਕ ਨੂੰ ਵੀ ਫ਼ਿਕਰ ਹੋਇਆ।

—ਤ੍ਰਕਾਲਾਂ ਢਲਦੀਆਂ ਤੱਕ ਵੇਖ ਲਈਏ। ਤਦ ਤੱਕ ਮੇਧੇ ਦੀ ਮਰਜ਼ੀ ਏ ਫੇਰ ਆਪਣੀ ਹੋਣੀ ਏ।' ਦੁੱਲੇ ਨੇ ਤਲਵਾਰ ਨੂੰ ਇਕ ਬਾਰੀ ਵਿਚੋਂ ਆਉਂਦੀ ਧੁੱਪ ਵਿਚ ਕੀਤਾ ਤਾਂ ਉਹ ਲਿਸ਼ਕ ਉੱਠੀ।

ਠੀਕ ਇਸ ਵੇਲੇ ਮੇਧਾ ਖੱਤਰੀ ਬੂਹਾ ਧੱਕ ਕੇ ਅੰਦਰ ਆਇਆ ਤੇ ਮੀਸਣਾ ਹਾਸਾ-ਹਸਦਿਆਂ ਬੋਲਿਆ—'ਬੂਹਾ ਤਾਂ ਖੁਲ੍ਹਵਾ ਦੁੱਲਿਆ। ਖੱਚਰਾਂ ਅੰਦਰ ਲੰਘਾ। ਕਿਸੇ ਮਨਹੂਸ ਜਣੇ ਦੀ ਨਿਗਾਹ ਪੱਥਰ ਪਾੜ ਛੱਡਦੀ ਏ। ਇਹ ਤਾਂ ਮੇਧੇ ਖੱਤਰੀ ਦਾ ਧਨ ਏ।'

ਦੁੱਲੇ ਦਾ ਇਸ਼ਾਰਾ ਪਾ ਕੇ, ਫੱਤੂ ਮਿਰਾਸੀ ਨੇ ਝੱਟ ਹਵੇਲੀ ਦਾ ਪਿਛਲਾ ਦਰਵਾਜ਼ਾ ਜਾ ਖੋਹਲਿਆ।

ਮੇਧਾ ਉਹਨਾਂ ਵਿਚ ਬੈਠ ਗਿਆ, ਚੌਂਕੜੀ ਮਾਰਕੇ।

—ਦੁੱਲਿਆ ਮੈਂ ਪੈਂਡਾ ਖੋਟਾ ਨਹੀਓਂ ਕਰਨਾ। ਉਪਰੋਂ ਰਾਤ ਪੈਣ ਡਹੀ ਏ। ਤੂੰ ਆਪਣਾ ਧਨ ਸਾਂਭ ਤੇ ਮੈਨੂੰ ਮਾਲ ਚੁਕਾ। ਮੈਂ ਵੇਲੇ ਨਾਲ ਰਾਹ ਵਿਚ ਆਪਣੇ ਇਕ ਪੜਾਓ ਤੱਕ ਪੁੱਜਾਂ।'

—ਮੇਧਿਆ ਖੱਚਰਾਂ ਤੇ ਮਾਲ ਨਹੀਓਂ ਜਾਣਾ। ਨਾਲੇ ਤੂੰ 'ਕੱਲਾ ਏਂ।'

—ਕੀ ਗੱਲਾਂ ਕਰਨੈਂ ਦੁੱਲਿਆ। ਊਠ ਵੀ ਹੈਗੇ ਨੇ ਦੋ, ਨਾਲ ਚਾਰ ਬੰਦੇ ਵੀ ਖੜੇ ਸੂ, ਮੇਧਾ ਕੋਈ ਐਰਾ ਗੈਰਾ ਸ਼ਾਹ ਏ? ਪੁਸ਼ਤਾਂ ਤੋਂ ਈ ਇਹ ਕੰਮ ਕਰਦੇ ਆਏ ਆਂ ਦੁੱਲਿਆ। ਵਡੇਰੇ ਦੱਸ ਗਏ ਨੀ, ਜਿਥੇ ਚੀਜ਼ ਬਹੁਤੀ ਹੋਵੇ, ਉਥੋਂ ਖਰੀਦ ਕਰਨੀ ਏ, ਜਿਥੇ ਥੋੜ ਹੋਵੇ ਓਥੇ ਵੇਚਣੀ ਏ ਤੇ ਮੇਰਾ ਹੁਣ ਵੀ ਇਹੀ ਧਰਮ ਏ।' ਮੇਧਾ ਫਿਰ ਮੀਸਣਾ ਹੱਸਣ ਲੱਗਾ।

—ਹਾਂਅ, ਹੁਣ ਅਸਾਂ ਨੂੰ ਵੀ ਵਪਾਰੀਆਂ ਦੀ ਕੁਝ ਕੁਝ ਸਮਝ ਆਣ ਲੱਗੀ ਏ। ਲੁੱਟਾਂ, ਖੋਹਾਂ, ਧਾੜਾਂ ਮਾਰਨਾ ਸਾਡਾ ਕੰਮ ਏ। ਮਰਣਾ ਮਰਾਵਣਾ ਸਾਡੇ ਹਿੱਸੇ ਆਇਆ ਏ ਤੇ ਬਾਣੀਏਂ ਨੇ ਉਹਦੇ 'ਚ ਵਣਜ ਕਰਨਾ ਏ।'

ਮੇਧਾ ਫਿਰ, 'ਹੀਂ...ਹੀਂ...ਹੀਂ...ਹੀਂ...ਕਰਕੇ ਹੱਸਿਆ। ਫਿਰ ਬੋਲਿਆ,—'ਇੱਕ ਗੱਲ ਆਖਣਾ ਦੁੱਲਿਆ, ਵਣਜ ਦੇ ਕੰਮਾਂ ਲਈ ਅਮਨ ਅਮਾਨ ਚਾਹੀਦਾ ਵੇ। ਤਾਂ ਹੀ ਵਪਾਰ ਹੁੰਦਾ ਏ ਖ਼ਰਾ। ਜਿਵੇਂ ਤੂੰ ਕਰਨ ਡਿਹਾ ਏਂ, ਇਹਦੇ ਨਾਲ ਅਮਨ ਅਮਾਨ ਨੂੰ ਲੱਤ ਵਜਦੀ ਏ। ਅਕਬਰ ਬਾਦਸ਼ਾਹ ਨੂੰ ਰਾਸ ਨਹੀਂ ਆਣੀ ਇਹ। ਬਾਦਸ਼ਾਹੀਆਂ—ਲੁੱਟਾਂ, ਧਾੜੇ ਜੰਗਾਂ ਨਹੀਂ ਚਾਂਹਵਦੀਆਂ। ਅਕਬਰ ਤਾਂ ਰਾਜਪੂਤਾਂ ਤੇ ਖੱਤਰੀਆਂ ਨਾਲ ਰਿਸ਼ਤੇਦਾਰੀਆਂ ਗੰਢਣ ਡਿਹਾ ਏ। ਜਿਹਨਾਂ ਦੀਆਂ ਭੈਣਾਂ ਅਕਬਰ ਦੇ ਵਸ ਗਈਆਂ, ਉਹ ਕਦੋਂ ਅਕਬਰ ਨਾਲ ਜੰਗ ਕਰਨ ਲੱਗੇ। ਉਹਨਾਂ ਦੀ ਅੱਖ ਤਾਂ ਨੀਵੀਂ ਰਹਿਸੀ ਨਾ। ਇਹ ਵੀ ਤਖ਼ਤਾਂ ਦੀ ਸਿਆਸਤ ਈ। ਸਮਝ ਆਂਦੀ ਏ ਮੇਧੇ ਖੱਤਰੀ ਦੀ ਗੱਲ?'

—ਹਾਂਅ, ਸਮਝ ਤਾਂ ਕਰਾ ਦਿੱਤੀ ਏ ਮੇਧਿਆ। ਦੁੱਲਾ 'ਤੇ ਉਹਦੇ ਸਾਥੀ ਤਾਂ ਹੋਏ ਸਿੱਧੇ ਸਾਧੇ ਧਾੜਵੀ। ਬਾਹਾਂ ਦੇ ਜ਼ੋਰ ਤੇ ਜਾਣਾ। ਬਾਜ਼ੀ ਹੱਥ ਆ ਗਈ ਤਾਂ ਈਦ, ਨਹੀਂ ਤਾਂ ਰੋਜ਼ੇ।'

ਮੇਧਾ ਮੁਸਕੜੀਏਂ ਹੱਸਿਆ,—'ਸਹੀ ਏ, ਸਹੀ ਏ ਤੇਰੀ ਗੱਲ।'

—ਇਕ ਗੱਲ ਮੇਰੀ ਹੋਰ ਸੁਣ ਲਾ ਮੇਧਿਆ। ਪਹਿਲਾਂ ਤਾਂ ਅਸੀਂ ਮਾਲ ਲੁੱਟਣਾ ਤੇ ਡਾਂਗਾਂ ਦੇ ਗਜ਼ੀਂ ਦੇਣਾ। ਹੁਣ ਤੇਰੀਆਂ ਗੱਲਾਂ ਨੇ ਅਸਾਂ ਨੂੰ ਵੀ ਵਪਾਰੀ ਬਣਾ ਦਿੱਤਾ ਈ। ਥੋੜੀ ਥੋੜੀ ਸਿਆਸਤ ਅਸਾਂ ਦੇ ਸਿਰਾਂ ਵਿਚ ਵੀ ਆਣ ਵੜੀ ਏ। ਹੁਣ ਅਸੀਂ ਸਿੱਧਾ ਤੇਰੇ ਅਕਬਰ ਬਾਦਸ਼ਾਹ ਨਾਲ ਵਣਜ ਕਰਾਂਗੇ ਤੇ ਕਰਾਂਗੇ ਵੀ ਤੈਨੂੰ ਸਾਲਸ ਬਣਾਕੇ। ਵਿਚੋਲਾ ਬਣੇਗਾ ਤੂੰ ਅਸਾਂ ਦਾ, ਮੇਧਿਆ।'

—ਕੀ ਆਖਣਾ ਏਂ ਦੁੱਲਿਆ?' ਡਰ ਨਾਲ ਮੇਧਾ ਅੰਦਰੋਂ ਕੰਬ ਗਿਆ। ਸੋਚਿਆ,....

—ਮੈਂ ਵੀ ਕੇਡਾ ਮੂਰਖ ਆਂ। ਧਨ ਦੀਆਂ ਖੱਚਰਾਂ ਅੰਦਰ ਲੰਘਾ ਦਿੱਤੀਆਂ। ਇਹ ਸਾਰੇ ਉਜੱਡ, ਅਲੱਥ, ਕੋਲ ਹਥਿਆਰ। ਉੱਤੋਂ ਰਾਤ ਪੈਣ ਡਹੀ। ਬੈਠਾ ਵੀ ਬਗ਼ਾਨੇ ਥਾਂ 'ਤੇ ਵਾਂ। ਕੀ ਪਤਾ ਕੀ ਕਰ ਬਹਿਣ। ਤੈਨੂੰ ਸਿਆਣਾ ਕੌਣ ਆਖੂ?.....ਬੋਲਿਆ; 'ਮੈਂ ਤਾਂ ਤੈਨੂੰ ਖ਼ਬਰਦਾਰ ਈ ਕੀਤਾ ਦੁੱਲਿਆ। ਅਕਬਰ ਬਾਦਸ਼ਾਹ ਡਾਢਾ ਈ....ਹਥਿਆਰ, ਫੌਜਾਂ, ਘੋੜੇ......।'

—ਮੇਰੀ ਜੁੱਤੀ ਏ ਅਕਬਰਾ।' ਦੁੱਲੇ ਨੇ ਗੁੱਸੇ ਨਾਲ ਟੋਕਿਆ।

—ਏਨੀ ਗੰਦੀ ਜ਼ਬਾਨ ਨਾ ਬੋਲ ਦੁੱਲਿਆ। ਕੰਧਾਂ ਦੇ ਵੀ ਕੰਨ ਹੋਂਦੇ ਨੇ।'

—ਕੰਧਾਂ ਤੋਂ ਡਰਨ ਦੀ ਲੋੜ ਤੈਨੂੰ ਹੋਣੀ ਏ ਖੱਤਰੀਆ। ਮੈਂ ਤੇ ਨਗਾੜਾ ਵਜਾ ਕੇ



ਆਖਦਾ ਵਾਂ, ਕੋਈ ਸ਼ਾਹੀ ਵਪਾਰੀ, ਕੋਈ ਸ਼ਾਹੂਕਾਰ, ਲੰਘ ਕੇ ਵਿਖਾਵੇ ਏਧਰੋਂ। ਅਕਬਰ ਨੂੰ ਆਖੀਂ ਜੇ ਖ਼ੁਦ ਆ ਕੇ ਵੇਖਣਾ ਈ ਵੇਖ ਲਵੇ।'

—ਐਲਾਨ ਕਰ ਛੱਡ ਫੇਰ। ਬਹਿ ਜਾ ਤਖ਼ਤ 'ਤੇ। ਮੇਧੇ ਤੈਨੂੰ ਸਲਾਮਾਂ ਕਰਨੀਆਂ।'

—ਤਖ਼ਤ ਤੇ ਬਾਦਸ਼ਾਹ ਬੈਠਦੇ ਨੀ ਮੇਧਿਆ, ਦੁੱਲਾ ਨਹੀਂ। ਦੁੱਲਾ ਤਾਂ ਆਪਣੇ ਲੋਕਾਂ 'ਚ ਈ ਬਾਦਸ਼ਾਹ ਹੈਗਾ। ਸਮਝਿਆ? ਅਸਾਂ ਤਾਂ ਤੇਰੇ ਬਾਦਸ਼ਾਹ ਦੀ ਨੀਂਦਰ ਹਰਾਮ ਕਰਨੀ ਏਂ। ਰਾਤਾਂ ਨੂੰ ਸੁੱਤਾ ਸੁੱਤਾ ਅਬੜਵਾਹੇ ਉੱਠਕੇ ਆਖੇ—'ਆ ਗਿਆ ਈ ਦੁੱਲਾ।'

ਦੁੱਲੇ ਦੀਆਂ ਗੱਲਾਂ ਸੁਣਕੇ ਮੇਧਾ ਆਪਣੇ ਆਪ ਨੂੰ ਧਿਰਕਾਰ ਰਿਹਾ ਸੀ।......ਤੁਰਨ ਲੱਗਿਆਂ ਕੌਣ ਮੱਥੇ ਲੱਗਿਆ ਸਾਈ? ਕਿਸੇ ਜਣੇ ਪਿਛੋਂ 'ਵਾਜ ਤਾਂ ਨਹੀਂ ਸੀ ਮਾਰੀ....? ਬਿੱਲੀ ਨੇ ਰਾਹ ਤਾਂ ਨਹੀਂ ਸੀ ਕੱਟਿਆ? ਰਸਤੇ ਵਿਚ ਤਿੱਤਰ ਖੱਬੇ ਬੋਲਿਆ ਸੀ ਕਿ ਸੱਜੇ?

—ਕਿਹੜੀਆਂ ਸੋਚਾਂ ਵਿਚ ਲਹਿ ਗਿਆਂ ਖੱਤਰੀਆ। ਸੋਚਣ ਲਈ ਰਾਜਿਆਂ ਦੇ ਮਹਿਲ ਹੁੰਦੇ ਨੇ, ਪਿੰਡੀ ਨਹੀਂ। ਪਰ ਇੱਕ ਗੱਲ ਤਾਂ ਠੀਕ ਏ, ਤੂੰ ਤਾਂ ਬੰਦਾ ਈ ਮਹਿਲਾਂ ਵਾਲਿਆਂ ਦਾ ਏਂ, ਤੂੰ ਸੋਚ ਸਕਨਾ ਏਂ। ਮਹਿਲਾਂ ਵਾਲਿਆਂ ਨੂੰ ਸੋਚਣ ਦਾ ਹੱਕ ਈ।' ਦੁੱਲੇ ਨੇ ਪੂਰੀ ਰੜਕ ਨਾਲ ਕਿਹਾ।

—ਮੈਨੂੰ ਮਾਲ ਚੁਕਾ ਦੁੱਲਿਆ।' ਮੇਧਾ ਢਿੱਲਾ ਜਿਹਾ ਬੋਲਿਆ।

—ਮਾਲ ਤਾਂ ਚੁਕਣਾ ਈ ਏ, ਜਾ ਕੇ ਆਪਣੇ ਬਾਦਸ਼ਾਹ ਨੂੰ ਆਖੀਂ, ਪੰਜਾਬ ਦੇ ਲੋਕਾਂ ਦਾ ਆਪਣਾ ਈ ਧਰਮ ਤੇ ਅਸੂਲ ਚਲਦਾ ਏ। ਇਹਦੇ ਵਿਚ ਬਾਦਸ਼ਾਹਾਂ ਦੀ ਬਹੁਤੀ ਗੁੰਜਾਇਸ਼ ਨਹੀਓਂ ਚੱਲਦੀ। ਸਾਂਦਲ ਬਾਰ ਵਿਚ ਤਾਂ ਬਿਲਕੁਲ ਈ ਨਹੀਂ। ਰੂੜੇ, ਪਿਰਥੇ, ਸਦੀਕ, ਸਮਝਾਓ ਬਾਣੀਏਂ ਨੂੰ, ਦੁੱਲਾ ਕੀ ਸ਼ੈਅ ਬਣ ਗਿਆ ਈ। ਇਹ ਅਸਾਂ ਨੂੰ ਬਾਦਸ਼ਾਹੀਆਂ ਦੇ ਸਬਕ ਪੜ੍ਹਾਵਣ ਆਇਆ ਤੇ ਆਪਾਂ ਇਹਨੂੰ ਭੱਟੀਆਂ ਦਾ ਪਾਠ ਪੜ੍ਹਾਉਣਾ ਈ। ਜਾਓ, ਖੱਚਰਾਂ ਖਾਲੀ ਕਰੋ ਤੇ ਉਹਨਾਂ ਨੂੰ ਲਾਹੌਰ ਦੇ ਰਾਹ ਪਾਓ। ਮੇਧਾ ਏਥੇ ਰਹਿਸੀ ਅਸਾਂ ਪਾਸ, ਪਿੰਡੀ 'ਚ।'

—ਖ਼ਿਮਾ ਕਰ ਦੁੱਲਿਆ ਸਰਦਾਰਾ, ਮੇਰਿਆ ਬਿਰਾਵਾ, ਮੇਰਿਆ ਵੀਰਿਆ, ਜੇ ਕੋਈ ਭੁੱਲ ਹੋ ਗਈ ਏ, ਮੇਰੇ ਸਿਰ 'ਚ ਜੁੱਤੀਆਂ ਮਾਰ ਲੈ। ਮੇਰੀ ਤੌਬਾ, ਮੇਰੇ ਪਿਉ ਦਾਦੇ ਦੀ ਤੌਬਾ, ਮੇਧੇ ਦਾ ਤੂੰ ਈ ਬਾਦਸ਼ਾਹ ਏਂ। ਅਕਬਰ ਜੇ ਤੇਰੀ ਜੁੱਤੀ ਏ ਤਾਂ ਮੇਰੀ ਵੀ ਜੁੱਤੀ ਏ।' ਮੇਧਾ ਰੋਣਹਾਕਾ ਹੋਇਆ ਦੁੱਲੇ ਦੇ ਪੈਰੀਂ ਢਹਿ ਪਿਆ।

—ਉਏ ਪਰ੍ਹਾਂ ਮਰ ਲਾਹੌਰ ਜਾਕੇ, ਪੈਰੀਂ ਪੈ ਆਪਣੇ ਬਾਦਸ਼ਾਹ ਦੇ।' ਦੁੱਲੇ ਨੇ ਪੈਰਾਂ ਦੇ ਠੁੱਡੇ ਨਾਲ ਉਸਨੂੰ ਪਰ੍ਹਾਂ ਧੱਕ ਦਿੱਤਾ।

—ਮੈਂ ਤੇਰੇ ਨਾਲ ਵਣਜ ਕਰਨ ਆਇਆਂ ਵਾਂ ਦੁੱਲਿਆ।' ਮੇਧਾ ਹੱਥ ਜੋੜ ਕੇ ਗਿੜਗਿੜਾਇਆ।

—ਤੂੰ ਈ ਤਾਂ ਸਮਝਾਇਆ ਈ ਵਣਜ ਕਿੱਦਾਂ ਕਰੀਦਾ ਵੇ। ਹੁਣ ਅਕਬਰ ਨਾਲ ਸਿੱਧਾ ਵਣਜ ਕਰਨ ਦਾ ਵੇਲਾ ਆ ਗਿਆ ਵੇ। ਵਿਚੋਲਾ ਤੂੰ ਬਣਨਾ ਏ ਏਸ ਵਣਜ ਵਿਚ। ਆਖਿਆ ਸਾਈ ਨਾ ਤੈਨੂੰ?' ਦੁੱਲਾ ਰੋਹਬ ਨਾਲ ਮੇਧੇ ਦੀਆਂ ਅੱਖਾਂ ਵਿਚ ਝਾਕਿਆ।

—ਆਖਿਆ ਸਾਈ।' ਮੇਧੇ ਦੇ ਬੋਲ ਮਸਾਂ ਨਿਕਲੇ।

—ਜਾਹ ਉਸ ਨਿੱਕੀ ਟੋਕਰੀ ਉਪਰੋਂ ਲਾਲ ਕਪੜਾ ਖੋਹਲ ਜਾਕੇ।' ਦੁੱਲੇ ਨੇ ਹੁਕਮ ਸੁਣਾਇਆ।

—ਕੀ ਏ ਉਹਦੇ ਵਿਚ ?' ਮੇਧਾ ਕੰਬਿਆ।

—ਜਾਕੇ ਵੇਖ ਲੈ। ਤੇਰੇ ਬਾਦਸ਼ਾਹ ਲਈ ਤੋਹਫ਼ਾ ਭੇਜਣਾ ਈ।'

ਮੇਧਾ ਡਰਦਾ ਡਰਦਾ ਟੋਕਰੀ ਤੱਕ ਗਿਆ। ਜਦ ਉਸਨੇ ਟੋਕਰੀ ਉਪਰ ਬੰਨ੍ਹਿਆਂ ਕੱਪੜਾ ਖੋਹਲਿਆ ਤਾਂ ਲੇਰ ਮਾਰ ਕੇ ਪਿੱਛੇ ਡਿੱਗ ਪਿਆ।

ਕਿਸੇ ਜਣੇ ਦੇ ਵੱਡੇ ਸਿਰ ਦੀਆਂ ਖੁੱਲੀਆਂ ਭਿਆਨਕ ਅੱਖਾਂ ਬਾਹਰ ਵਲ ਨਿਕਲੀਆਂ, ਮੇਧੇ ਨੂੰ ਘੂਰਦੀਆਂ ਲੱਗੀਆਂ। ਅਜੀਬ ਜਿਹੀ ਗੰਧ ਦੀਵਾਨ ਖ਼ਾਨੇ 'ਚ ਫੈਲ ਗਈ। ਮੇਧਾ ਬੇ-ਸੁਰਤ ਹੋ ਗਿਆ।

—ਬਾਣੀਆਂ ਤਾਂ ਗਿਆ ਈ।' ਸਦੀਕ ਨੇ ਉਸਦੇ ਮੂੰਹ ਉਪਰ ਝੱਟ ਪਾਣੀ ਦੇ ਛਿੱਟੇ ਮਾਰਦਿਆਂ ਕਿਹਾ ਤੇ ਹੱਸਣ ਲੱਗਾ।

ਭੈ-ਭੀਤ ਹੋਏ ਮੇਧੇ ਨੇ ਅੱਖਾਂ ਪੁੱਟੀਆਂ।

—ਉੱਠ ਕੇ ਬੈਠ।' ਦੁੱਲੇ ਨੇ ਦਬਕਾ ਮਾਰਿਆ ਮੇਧੇ ਦਾ ਧੋਤੀ ਵਿਚ ਪਿਸ਼ਾਬ ਨਿਕਲ ਗਿਆ।

—ਆਬੇ-ਹਯਾਤ ਵਹਿ ਚੱਲਿਆ ਈ।' ਫੱਤੂ ਮਰਾਸੀ ਕਿਹਾ ਤਾਂ ਸਾਰੇ ਹੱਸ ਪਏ।

ਮੇਧਾ ਕੁਝ ਸੁਰਤ ਵਿਚ ਆਇਆ ਤਾਂ ਦੁੱਲੇ ਨੇ ਫਿਰ ਦਬਕਾ ਮਾਰਿਆ।

—ਟੋਕਰੀ ਉਪਰ ਕਪੜਾ ਬੰਨ੍ਹ ਕੇ ਚੁੱਕ ਲੈ ਇਹਨੂੰ।'

—ਇਹ ਤਾਂ ਕਿਸੇ ਜਣੇ ਦਾ ਸਿਰ ਏ।' ਆਖਦਿਆਂ ਮੇਧੇ ਦੀ ਲੇਰ ਨਿਕਲ ਗਈ।

—ਕੋਈ ਜਣਾ ਨਹੀਂ, ਇਹ ਤੇਰਾ ਸ਼ਾਹੀ ਵਪਾਰੀ ਏ, ਬੱਗਾ ਮਲਕੀਰਾ। ਅਕਬਰ ਨੂੰ ਭੇਟ ਕਰਨਾ ਏ। ਇਹ ਵੀ ਤੇਰੇ ਵਾਂਗਰਾਂ ਅਕਬਰ ਦੀਆਂ ਸਿਫ਼ਤਾਂ ਕਰਦਾ ਪਿਆ ਸਾਈ। ਹੁਣ ਆਹ ਪਿਆ ਈ ਟੋਕਰੀ ਵਿਚ। ਚੁੱਕ ਇਹਨੂੰ ਤੇ ਲਾਹੌਰ ਲੈ ਜਾ। ਸੁਣਿਆ ਈ ਅਕਬਰ ਅੱਜ ਕੱਲ ਲਾਹੌਰ 'ਚ ਰੁਕਿਆ ਏ।'

—ਇਹ ਤਾਂ ਬੜਾ ਡਰਾਵਣਾ ਲਗਦਾ ਈ, ਮਲਕੀਰਾ ਤਾਂ ਏਦਾਂ ਦਾ ਨਹੀਂ ਸੀ।' ਮੇਧੇ ਨੇ ਰੋਂਦਿਆਂ ਕਿਹਾ।

—ਜਦ ਬੰਦਾ ਟੋਕਰੀ 'ਚ ਪੈਂਦਾ ਈ, ਤਾਂ ਏਦਾਂ ਦਾ ਈ ਹੋ ਜਾਂਦਾ। ਜੇ ਤੂੰ ਨਾ ਮੰਨਿਆਂ ਤੂੰ ਵੀ ਏਦਾਂ ਦਾ ਈ ਬਣ ਜਾਣਾ। ਫੇਰ ਅਕਬਰ ਨੂੰ ਦੋ ਤੋਹਫੇ ਦੇਣ ਪੈਣੇ।' ਦੁੱਲੇ ਨੇ ਤਲਵਾਰ ਹੱਥ 'ਚ ਫੜ ਲਈ।

ਮੇਧਾ ਕੰਬੀ ਗਿਆ ਤੇ ਰੋਈ ਗਿਆ।

—ਚੁੱਕ ਲੈ, ਵੇਲੇ ਨਾਲ, ਨਹੀਂ ਤੇ....., ਏਸ ਤਲਵਾਰ ਦੀ ਧਾਰ ਤੇਰੇ ਲਈ ਤਿੱਖੀ ਕਰ ਰੱਖੀ ਊ।' ਦੁੱਲੇ ਨੇ ਤਲਵਾਰ ਦਿਖਾਈ।

ਰੋਂਦਿਆਂ ਰੋਂਦਿਆਂ ਮੇਧੇ ਨੇ ਟੋਕਰੀ ਉਪਰ ਕੱਪੜਾ ਬੰਨ੍ਹ ਕੇ ਚੁੱਕ ਲਈ।

—ਇਹ ਜੋ ਮਾਲ ਈ, ਤੇਰਾ ਈ। ਅਸਾਂ ਪਾਸ ਅਮਾਨਤ ਪਈ ਏ ਤੇਰੀ। ਲਾਹੌਰੋਂ ਮੁੜ ਆਵੇਂ ਤਾਂ ਚੁੱਕ ਲੈਣਾ। ਦੁੱਲਾ ਵਣਜ ਵਿਚ ਠੱਗੀ ਨਹੀਂ ਮਾਰਦਾ। ਤੇਰਾ ਧਨ ਈ ਲੁੱਟਣਾ ਹੁੰਦਾ ਤਾਂ ਪਿੰਡੀ 'ਤੋਂ ਦਸ ਕੋਹ ਪਰ੍ਹੇ ਈ ਲੁੱਟ ਛੱਡਣਾ ਸੀ।' ਦੁੱਲਾ ਮੇਧੇ ਨੂੰ ਕੁਝ ਢਾਰਸ ਦੇਣ ਲੱਗਾ।

ਮੇਧਾ ਡੋਲਦੀਆਂ ਲੱਤਾਂ ਨਾਲ,, ਸਿਰ ਉੱਪਰ ਟੋਕਰੀ ਚੁੱਕੀ ਦੀਵਾਨਖ਼ਾਨੇ ਵਿਚੋਂ ਬਾਹਰ ਜਾਣ ਲੱਗਾ ਤਾਂ ਦੁੱਲੇ ਨੇ ਰੜਕਾਇਆ—'ਤੋਹਫਾ ਬਾਦਸ਼ਾਹ ਨੂੰ ਭੇਟ ਹੋਣਾ ਚਾਹੀਦਾ



ਈ ਮੇਧਿਆ, ਇਹਦੇ ਵਿਚ ਬੇਈਮਾਨੀ ਨਹੀਓਂ ਕਰਨੀ। ਨਹੀਂ ਤਾਂ ਅਸੀਂ ਤੇਰਾ ਮੁਹੱਲਾ ਵੀ ਜਾਣਨੇ ਆਂ ਤੇ ਘਰ ਦਾ ਵੀ ਪਤਾ ਏ।'

ਮੇਧਾ ਚੁੱਪ ਚਾਪ ਬਾਹਰ ਨਿਕਲ ਗਿਆ।

—ਰੂੜਿਆ, ਪਿਆਲਾ ਭਰ ਖਾਂ ਯਾਰ। ਬੱਗੇ ਮਲੀਕਰੇ ਦਾ ਭਾਰ ਤਾਂ ਸਿਰੋਂ ਲੱਥਾ।' ਕਹਿੰਦਿਆਂ ਦੁੱਲੇ ਨੇ ਬੇਫ਼ਿਕਰੀ ਨਾਲ ਸਾਹ ਲਿਆ ਤੇ ਸੁਰਖ਼ਰੂ ਹੋ ਕੇ ਕੰਧ ਨਾਲ ਢੋਅ ਲਾਈ ਬੈਠੇ ਨੇ ਲੱਤਾਂ ਨਿਸਾਲ ਲਈਆਂ।

—ਬੱਗੇ ਦਾ ਭਾਰ ਆਪਣੇ ਸਿਰੋਂ ਲਾਹਕੇ, ਬਾਣੀਏ ਦੇ ਸਿਰ 'ਤੇ ਰੱਖ ਦਿੱਤਾ ਈ।' ਸ਼ਰਾਬ ਦੀ ਦੋਹਣੀ ਵਿਚਕਾਰ ਰਖਦਿਆਂ ਰੂੜਾ ਹੱਸਿਆ।

****

ਪਿੰਡੀ ਵਿਚ ਹਨੇਰਾ ਪਸਰਿਆ ਹੋਇਆ ਸੀ। ਪਰ ਦੁੱਲੇ ਦੇ ਦੀਵਾਨਖ਼ਾਨੇ ਵਿਚ ਇਕ ਦੀਵਾ ਬਲਦਾ ਪਿਆ ਸੀ।

ਸਾਰੇ ਜਣੇ ਸ਼ਰਾਬੀ ਸਨ।

—ਦੁੱਲਿਆ, ਅਸਾਂ ਬੱਗਾ ਮਲਕੀਰਾ ਵੀ ਲੁੱਟਿਆ ਏ ਤੇ ਮੇਧਾ ਖੱਤਰੀ ਵੀ। ਇਹ ਦੋਵੇਂ ਹੋਏ ਸ਼ਾਹੀ ਦਰਬਾਰ ਦੇ ਬੰਦੇ। ਮੇਧੇ ਦੀ ਇਕ ਗੱਲ ਤਾਂ ਸਹੀ ਏ। ਡਾਹਢੇ ਉੱਚੇ ਥਾਂ ਹੱਥ ਪਾ ਬੈਠੇ ਆਂ।' ਪਿਰਥੇ ਨੇ ਫ਼ਿਕਰ ਨਾਲ ਕਿਹਾ।

—ਸੱਪ ਦੀ ਪੂਛ ਨੂੰ ਛੇੜਾਂਗੇ ਤਾਂ ਉਹ ਡੰਗ ਮਾਰਨ ਆਏਗਾ। ਏਹੀ ਤਾਂ ਦੁੱਲਾ ਚਾਹੁੰਦਾ ਈ ਪਿਰਥਿਆ। ਉਹ ਡੰਗਣ ਆਏ ਤੇ ਅਸਾਂ ਉਹਦੀ ਸਿਰੀ ਕੁਚਲੀਏ।'

—ਓਹਦੇ ਨਾਲ ਦੋ ਹੱਥ ਕਰਨ ਲਈ ਤਿਆਰੀ ਵੀ ਤਾਂ ਕਰਨੀ ਪੈਣੀ ਊ ਦੁੱਲਿਆ। ਆਪਾਂ ਕਿੰਨੇ ਕੁ ਜਣੇ, ਵੀਹ, ਤੀਹ ਹੱਦ ਪੰਜਾਹ। ਬਾਦਸ਼ਾਹ ਨੇ ਚੁੱਪ ਨਹੀਓਂ ਬੈਠਣਾ। ਉਸਨੂੰ ਸਹਾ ਲੰਘਣ ਦਾ ਡਰ ਨਹੀਂ ਹੋਣਾ, ਪੈਹਾ ਪੈਣ ਦਾ ਖ਼ਤਰਾ ਵੱਧ ਹੋਣਾ।'

—ਮੈਂ ਜਾਣਨਾ ਪਿਰਥਿਆ, ਇਹ ਗੱਲਾਂ ਅਕਬਰ ਦੇ ਹਜ਼ਮ ਨਹੀਓਂ ਹੋਣੀਆਂ। ਜੇ ਫੌਜ ਚਾੜ੍ਹੇਗਾ, ਉਹ ਵੀ ਤਾਂ ਬੰਦੇ ਈ ਹੋਣੇ ਨੇ, ਉਹ ਵੀ ਭਾੜੇ ਦੇ ਟੱਟੂ। ਆਹ ਬੈਠਾ ਈ ਗਾਹਣਾ। ਇਹਦਾ ਅੱਜ ਤੋਂ ਝਿੜੀ ਵੱਲ ਆਣਾ ਬੰਦ। ਨਾ ਹੀ ਇਹਨੂੰ ਕਿਸੇ ਵਾਰਦਾਤ ਲਈ ਖੜਨਾ ਏਂ।.......

—ਮੈਥੋਂ ਕੀ ਗਧੀ ਮਰਗੀ ਦੁੱਲਿਆ।' ਗਾਹਣਾ ਵਿਚੋਂ ਹੀ ਬੋਲਿਆ।

—ਤੇਰੇ ਲਈ ਹੋਰ ਵੱਡੇ ਕੰਮ ਨੇ। ਤੇਰੀ ਭੱਠੀ ਦਿਨ ਰਾਤ ਮਘਣੀ ਚਾਹੀਦੀ ਏ। ਹਥਿਆਰ ਬਣਾਣੇ ਨੇ, ਛਵੀਆਂ, ਬਰਛੇ, ਤਲਵਾਰਾਂ....ਟਕੂਏ.....। ਅਸੀਂ ਕੱਲ੍ਹ ਤੋਂ ਬੰਦੇ 'ਕੱਠੇ ਕਰਨੇ ਆ, ਤੂੰ ਹਥਿਆਰ ਜਮ੍ਹਾਂ ਰੱਖ। ਇੱਕ ਗੱਲ ਮੇਰੀ ਯਾਦ ਰੱਖੋ, ਅਸਾਂ ਦਾ ਬੰਦਾ ਅੰਨ ਤੋਂ ਭੁੱਖਾ ਮਰੇ ਤਾਂ ਮਰੇ, ਹਥਿਆਰਾਂ ਤੋਂ ਵਾਂਝਾ ਨਹੀਓਂ ਮਰਨਾ ਚਾਹੀਦਾ। ਜੇ ਮੱਥਾ ਉੱਚਿਆਂ ਨਾਲ ਲਾਇਆ ਈ ਤਾਂ ਉੱਚੇ ਹੋਵਣਾ ਈ ਪੈਣਾ। ਝਿੜੀ ਵਿਚ ਜੋ ਵੀ ਹਥਿਆਰ ਪਏ ਨੇ, ਉਹਨਾਂ ਦੀਆਂ ਧਾਰਾਂ ਨੂੰ ਸਾਣ ਤੇ ਚਾੜਨਾ ਈ, ਮੁਰੰਮਤ ਹੋਈ ਤਾਂ ਮੁਰੰਮਤ ਕਰਨੀ ਏ। ਸਾਰੇ ਹਥਿਆਰ ਕੱਲ੍ਹ ਤੇਰੀ ਭੱਠੀ 'ਤੇ ਪੁੱਜ ਜਾਣੇ ਨੀ।'

ਗਾਹਣਾ ਇਕਦਮ ਉੱਠ ਖੜ੍ਹਾ ਹੋਇਆ।

—ਕੀ ਹੋਇਆ ?' ਦੁੱਲੇ ਨੇ ਹੈਰਾਨੀ ਨਾਲ ਪੁੱਛਿਆ।

—ਹੋਣਾ ਕੀ ਏ ? ਤੂੰ ਭੱਠੀ ਤਾਉਣ ਨੂੰ ਕਿਹਾ ਈ, ਮੈਂ ਚੱਲਿਆ ਵਾਂ। ਤੂੰ ਲੋਹਾ ਪੁਜਦਾ ਕਰ।' ਆਖਕੇ ਗਾਹਣਾ ਦੀਵਾਨਖ਼ਾਨੇ ਵਿਚੋਂ ਬਾਹਰ ਨਿਕਲ ਗਿਆ।

–ਹਰ ਜਣਾ ਦਸ ਦਸ, ਪੰਦਰਾਂ ਪੰਦਰਾਂ ਬੰਦੇ ਆਪਣੇ ਨਾਲ ਜੋੜੇ। ਪਿਰਥਿਆ ਲਾਗੇ ਚਾਗੇ ਦੇ ਪਿੰਡਾਂ 'ਚ ਫੈਲ ਜਾਓ। ਸਾਕ ਸਕੀਰੀਆਂ, ਲਿਹਾਜਾਂ ਹੁਣ ਕੰਮ ਆਣੀਆਂ ਨੇ। ਪਰਖੀਆਂ ਵੀ ਜਾਣੀਆਂ ਨੇ। ਸੁੱਖੇ ਕੀ, ਕਾਲੇ ਕੀ, ਰਸੂਲਪੁਰ, ਜਲਾਲਪੁਰ, ਭੀਖੀ, ਜੰਡਿਆਲਾ, ਚੂਹੜਾ ਕਾਣਾ, ਕੋਈ ਆਪਣੇ ਨਾਨਕੀ, ਕੋਈ ਆਪਣੇ ਸਹੁਰੀਂ, ਜਾਕੇ ਆਪਣੇ ਲੋਕਾਂ ਨੂੰ ਦੱਸੋ, ਅਕਬਰੇ ਨੂੰ ਕੋਈ ਲਗਾਨ ਨਹੀਓਂ ਦੇਣਾ। ਜ਼ਮੀਨਾਂ ਸਾਡੀਆਂ, ਖੇਤ ਸਾਡੇ, ਪੈਲੀਆਂ ਸਾਡੀਆਂ। ਮੁਜ਼ਾਰਿਆਂ ਨੂੰ ਆਖੋ, 'ਕੱਠੇ ਹੋਵੇ। ਜਿਹੜੇ ਵਾਹੁੰਦੇ ਨੇ ਭੋਇੰ ਉਹਨਾਂ ਦੀ।......ਮੈਂ ਵੀ ਕੱਲ੍ਹ ਨਿਕਲਦਾਂ ਚਨਿਓਟ ਵੱਲ ਮਾਮਿਆਂ ਦੇ। ਅਸੀਂ ਤਾਂ ਪਾ ਦਿਆਂਗੇ ਤਖ਼ਤ ਲਾਹੌਰ ਨੂੰ ਭਾਜੜਾਂ। ਮੁਗਲੇਟਿਆਂ ਦੀਆਂ ਪਤੀੜਾਂ ਪੈਂਦੀਆਂ ਵੇਖਿਓ.....।' ਜੋਸ਼ ਨਾਲ ਦੁੱਲੇ ਦੀਆਂ ਮੁੱਛਾਂ ਫਰਕਣ ਲੱਗੀਆਂ।

ਕੁਝ ਰੁਕ ਕੇ ਦੁੱਲੇ ਨੇ ਸਭਨਾਂ ਨੂੰ ਖ਼ਬਰਦਾਰ ਕੀਤਾ—'ਚੌਧਰੀਆਂ, ਮੌਲਵੀ ਅਰ ਦੁਰਗੇ ਬ੍ਰਾਹਮਣ ਤੋਂ ਓਹਲਾ ਰੱਖਣਾ ਈ। ਕੱਲ ਖੂਹ 'ਤੇ ਜੁੜਾਂਗੇ।'

ਸਾਰੇ ਉੱਠ ਖੜ੍ਹੇ ਤੇ ਦੁੱਲੇ ਤੋਂ ਬਿਨਾਂ ਵਾਰੀ ਵਾਰੀ ਬਾਹਰ ਨਿਕਲ ਗਏ।



## 17.

ਲਾਹੌਰ ਸ਼ਹਿਰ,
ਨਵਾਬਾਂ, ਬਾਦਸ਼ਾਹਾਂ, ਸੁਲਤਾਨਾਂ ਦਾ ਸ਼ਹਿਰ,
ਸ਼ਾਮ ਦਾ ਵੇਲਾ।

ਸ਼ਹਿਨਸ਼ਾਹ ਅਕਬਰ ਦਾ ਕਾਫ਼ਲਾ ਫਤਿਹਪੁਰ ਸੀਕਰੀ ਤੋਂ ਚੱਲਿਆ, ਹੁਣੇ ਹੁਣੇ ਢਾਈ ਮਹੀਨਿਆਂ ਵਿਚ ਅੱਜ ਏਥੇ ਪੁੱਜਿਆ ਏ। ਲਾਹੌਰ ਤੋਂ ਦੂਜੇ ਸੂਬੇਦਾਰ ਨੇ ਉਚੇਚੇ ਸਵਾਗਤ ਨਾਲ ਸ਼ਹਿਨਸ਼ਾਹ ਨੂੰ ਲਾਹੌਰ ਅੰਦਰ ਪ੍ਰਵੇਸ਼ ਕਰਵਾਇਆ ਸੀ। ਉਹ ਦਿਲਕਸ਼ ਨਜ਼ਾਰਾ ਵੇਖਣ ਵਾਲਾ ਸੀ। ਲਾਹੌਰ ਵਾਸੀ ਇਕ ਦੂਸਰੇ ਨਾਲ ਉਹੀ ਗੱਲਾਂ ਕਰੀ ਜਾ ਰਹੇ ਸਨ।

ਸ਼ਹਿਨਸ਼ਾਹ ਇਕ ਸ਼ਾਨਦਾਰ ਸਜੇ ਹਾਥੀ ਉਪਰ ਬੈਠੇ ਹੋਏ ਸਨ। ਅੱਗੇ ਅੱਗੇ ਭੌਂਪੂ ਵਾਲੇ ਤੂਤਨੀਆਂ ਵਾਲੇ ਆਪਣੇ ਸਾਜ ਵਜਾ ਰਹੇ ਸਨ। ਨਗਾੜੇ ਵਾਲਾ ਲੋਕਾਂ ਨੂੰ ਸਾਵਧਾਨ ਕਰਦਾ ਪਿਆ ਸੀ। ਬੇ-ਗਿਣਤ ਘੋੜਿਆਂ ਉਪਰ ਬਾਦਸ਼ਾਹ ਦੇ ਅੰਗ ਰਖਿਅਕ ਏਸ ਤਰ੍ਹਾਂ ਚਲ ਰਹੇ ਸਨ, ਜਿਵੇਂ ਉਹ ਕਿਸੇ ਨਾਲ ਜੰਗ ਕਰਨ ਲਈ ਜਾ ਰਹੇ ਹੋਣ। ਪਿੱਛੇ ਸਜੇ ਹੋਏ ਹਾਥੀ ਸਨ, ਪਾਲਕੀਆਂ, ਇਹਨਾਂ ਵਿਚ ਸ਼ਹਿਨਸ਼ਾਹ ਦੀਆਂ ਬੇਗ਼ਮਾਂ ਹੋਣਗੀਆਂ। ਲਾਹੌਰ ਦਰਬਾਰ ਦੇ ਦੋਹੀਂ ਪਾਸੀਂ ਦਰਬਾਰੀ, ਕੋਤਵਾਲ, ਕਾਨੂੰਗੋ, ਸਿਪਾਹੀ, ਫੌਜਦਾਰ, ਸਿਰ ਝੁਕਾਈ ਖੜ੍ਹੇ ਸਨ। ਸ਼ਹਿਨਸ਼ਾਹ ਉਪਰ ਫੁੱਲ ਸੁੱਟੇ ਜਾ ਰਹੇ ਸਨ। 'ਅੱਲਾਹ-ਹੂ-ਅਕਬਰ' ਦੇ ਨਾਅਰੇ ਲਾਏ ਜਾ ਰਹੇ ਸਨ। ਬਜ਼ਾਰਾਂ ਦੇ ਹਟਵਾਣੀਏ ਹੱਥ ਜੋੜੀ ਖੜ੍ਹੇ ਸਨ। ਅੱਗੇ ਮਾਸ਼ਕੀ ਅਤਰ ਮਿਲੇ ਪਾਣੀ ਦਾ ਛਿੜਕਾ ਕਰੀ ਜਾ ਰਿਹਾ ਸੀ। ਸਾਰਾ ਲਾਹੌਰ ਸ਼ਹਿਰ ਮਹਿਕ ਉਠਿਆ ਸੀ।

ਤ੍ਰਕਾਲਾਂ ਪੈਂਦੀਆਂ ਹੀ ਕਿਲ੍ਹੇ ਵੱਲ ਜਾਂਦੇ ਰਾਹ ਅਤੇ ਕਿਲ੍ਹੇ ਦੀਆਂ ਫ਼ਸੀਲਾਂ ਉੱਪਰ ਮਸ਼ਾਲਾਂ ਬਾਲ ਦਿੱਤੀਆਂ ਗਈਆਂ ਸਨ। ਕਿਲ੍ਹੇ ਦਾ ਹਰ ਸਰਕਾਰੀ ਬੰਦਾ ਹਰਕਤ ਵਿਚ ਆਇਆ ਹੋਇਆ ਸੀ।

ਇਸ ਸਭ ਦੇ ਬਾਵਜੂਦ ਪ੍ਰਬੰਧਕ, ਅਧਿਕਾਰੀ ਫ਼ਿਕਰਮੰਦ ਸਨ। ਬੇ-ਮੌਸਮੀ ਬਰਸਾਤ ਨੇ ਸ਼ਹਿਨਸ਼ਾਹ ਦਾ ਮਿਜ਼ਾਜ਼ ਖ਼ਰਾਬ ਕੀਤਾ ਹੋਇਆ ਸੀ। ਏਸ ਮੌਸਮ ਦੀ ਵਜਾਹ ਨਾਲ, ਕਾਬਲ ਫਤਿਹ ਕਰਨ ਦੀ ਮੁਹਿੰਮ ਨੂੰ ਰੁਕਾਵਟ ਪੈ ਗਈ ਸੀ। ਸਖ਼ਤ ਹਨੇਰੀਆਂ, ਝੱਖੜਾਂ, ਮੀਂਹ ਨਾਲ ਟੁੱਟੇ ਦਰਖ਼ਤਾਂ ਨੇ ਰਸਤੇ ਰੋਕ ਲਏ ਸਨ। ਦਰਿਆਵਾਂ ਦਾ ਪਾਣੀ ਬੇ-ਮੁਹਾਰਾ ਚੜ੍ਹ ਆਇਆ ਸੀ। ਇਸ ਕਾਰਨ ਕਾਬਲ ਵੱਲ ਵਧਦੀ ਫੌਜ ਨੂੰ ਰੁਕਣਾ ਪਿਆ ਸੀ।

ਬਾਦਸ਼ਾਹ ਅਕਬਰ ਡੂੰਘੀ ਚਿੰਤਾ ਵਿਚ ਸੀ।....ਪਤਾ ਨਹੀਂ ਮੌਸਮ ਕਦ ਸਾਫ਼ ਹੋਵੇ। ਜਿੱਤਾਂ ਹਾਸਲ ਕਰਦੀ ਜਾ ਰਹੀ ਫੌਜ ਨੂੰ ਰੁਕਾਵਟ ਪੈ ਜਾਵੇ ਤਾਂ ਇਹ ਬੜੀ ਘਾਤਕ ਹੋ ਸਕਦੀ ਏ। ਬਾਦਸ਼ਾਹ ਨੂੰ ਇਲਮ ਹੈ।

ਸ਼ਾਹੀ ਸੂਹੀਆਂ ਖ਼ਬਰ ਦਿੱਤੀ,—ਪੰਜਾਬ ਵੱਲ ਵਧਦਾ ਆਉਂਦਾ ਮੁਹੰਮਦ ਹਾਕਿਮ

ਮੌਸਮ ਦਾ ਕਹਿਰ ਵੇਖਕੇ ਤੇ ਸ਼ਹਿਨਸ਼ਾਹ ਦੀ ਲਾਹੌਰ ਫੇਰੀ ਤੋਂ ਡਰਦਿਆਂ ਵਾਪਸ ਕਾਬਲ ਮੁੜ ਗਿਆ ਹੈ। ਬਾਦਸ਼ਾਹ ਦੀ ਸਾਰੀ ਫੌਜ ਸਿੰਧ ਦਰਿਆ ਦੇ ਕੰਢੇ 'ਤੇ ਫਸੀ ਹੋਈ ਏ। ਅਜਿਹੇ ਮੌਸਮ ਵਿਚ ਬੇੜੀਆਂ ਪਾਰ ਨਹੀਂ ਲੰਘਾ ਸਕਦੀਆਂ। ਵੱਡਾ ਖ਼ਤਰਾ ਹੈ। ਦਰਿਆ ਦੇ ਵਹਾਅ ਨੂੰ ਦੇਖਦਿਆਂ ਦੋ ਮਹੀਨੇ ਤੱਕ ਵੀ ਰੁੱਕਣਾ ਪੈ ਸਕਦਾ ਹੈ।....

ਇਸੇ ਖ਼ਬਰ ਨੇ ਅਕਬਰ ਨੂੰ ਵਧੇਰੇ ਉਦਾਸ ਤੇ ਫ਼ਿਕਰਮੰਦ ਕੀਤਾ ਹੋਇਆ ਹੈ। ਉਸਨੂੰ ਝੋਰਾ ਹੈ, ਜਦ ਲੋਹਾ ਗਰਮ ਸੀ, ਮੌਸਮ ਨੇ ਉਸ ਉਪਰ ਠੰਡਾ ਪਾਣੀ ਛਿੜਕ ਦਿੱਤਾ।

ਅਚਾਨਕ ਤੇਜ਼ ਹਨੇਰੀ ਨਾਲ ਮੀਂਹ ਆਇਆ ਤਾਂ ਕਿਲ੍ਹੇ ਦੀ ਫ਼ਸੀਲ ਉੱਪਰਲੀਆਂ ਸਭ ਮਸ਼ਾਲਾਂ ਬੁਝ ਗਈਆਂ।

ਬੇਹੱਦ ਉਦਾਸ ਹੋਇਆ ਅਕਬਰ ਸ਼ਾਹੀ ਕਿਲ੍ਹੇ ਦੇ ਮਹਿਮਾਨ-ਏ-ਖ਼ਾਸ ਵਿਚ ਇਧਰ ਓਧਰ ਘੁੰਮਣ ਲੱਗਾ। ਬਾਹਰ ਮੀਂਹ ਹੋਰ ਤੇਜ਼ ਹੋ ਗਿਆ। ਖ਼ੂਬਸੂਰਤ ਬਾਂਦੀਆਂ ਨੇ ਅੰਗੂਰੀ ਸ਼ਰਾਬ ਦੀਆਂ ਸੁਰਾਹੀਆਂ ਸਜਾ ਦਿੱਤੀਆਂ।

ਹੱਥ ਵਿਚ ਪਿਆਲਾ ਫੜੀ, ਝਰੋਖੇ ਵਿਚੋਂ ਦੀ ਮੀਂਹ ਦੇਖਦਿਆਂ ਬਾਦਸ਼ਾਹ ਹੋਰ ਬੇਚੈਨ ਹੋ ਉਠਿਆ। ਦੁੱਖੀ ਹੋਇਆ ਸੋਚਣ ਲੱਗਾ; ਏਨਾ ਰਹਿਮਦਿਲ ਹੋਣ ਦੇ ਬਾਵਜੂਦ, ਮੇਰੇ ਸਭ ਤੋਂ ਭਰੋਸੇਮੰਦ ਅਹਿਲਕਾਰ ਵੀ ਰਾਜ-ਧ੍ਰੋਹ ਕਰਨ ਲੱਗੇ ਹੋਏ ਨੇ। ਮੁਹਿੰਮ 'ਤੇ ਆਉਂਦਿਆਂ ਰਸਤੇ ਵਿਚ ਮੇਰੇ ਮਤਰੇਏ ਭਰਾ ਮੁਹੰਮਦ ਹਾਕਮ ਵਲੋਂ ਲਿਖਿਆ, ਸ਼ਾਹ ਮਨਸੂਰ ਨੂੰ ਖ਼ਤ ਫੜਿਆ ਗਿਆ। ਅਸੀਂ ਮਨਸੂਰ ਲਈ ਕੀ ਕੀ ਮਿਹਰਬਾਨੀਆਂ ਨਹੀਂ ਕੀਤੀਆਂ। ਫਿਰ ਵੀ ਗ਼ੱਦਾਰੀ ? ਚੁਨਾਂਚਿ, ਉਹਨੂੰ ਇਕ ਰੁੱਖ ਨਾਲ ਫਾਂਸੀ ਦੇਣੀ ਪਈ। ਅੰਦਰੋਂ ਅਸੀਂ ਕਿੰਨੇ ਦੁੱਖੀ ਸਾਂ, ਪਰ ਦੂਸਰਿਆਂ ਨੂੰ ਸਬਕ ਤਾਂ ਦੇਣਾ ਸੀ। ਸਾਡਾ ਏਨਾ ਲਾਇਕ ਮਾਲ-ਅਧਿਕਾਰੀ ਸਦਾ ਲਈ ਖੁੱਸ ਗਿਆ।.....

ਅਕਬਰ ਆਪਣੇ-ਆਪ ਨਾਲ ਏਨਾ ਉੱਚੀ ਗੱਲਾਂ ਕਰਨ ਲੱਗਾ, ਜਿਵੇਂ ਕਿਸੇ ਨੂੰ ਸੁਣਾ ਰਿਹਾ ਹੋਵੇ। ਕਿਸਨੂੰ.... ? ਉਸਨੂੰ ਖ਼ੁਦ ਵੀ ਸਮਝ ਨਹੀਂ ਸੀ ਆ ਰਹੀ। ਆਪਣੀ ਰੂਹ ਨੂੰ ? ਖ਼ੁਦਾ ਨੂੰ ? ਬਾਦਸ਼ਾਹ ਥੱਕਿਆ ਥੱਕਿਆ ਮਹਿਸੂਸ ਕਰ ਰਿਹਾ ਸੀ। ਚਾਰ ਪਿਆਲੇ ਪੀਣ ਤੋਂ ਬਾਅਦ ਵੀ ਮਨ ਦੀ ਉਦਾਸੀ ਗਈ ਨਹੀਂ। ਉਹ ਹੋਰ ਵੀ ਬੇਚੈਨ ਹੋ ਗਿਆ।

ਬਾਦਸ਼ਾਹ ਸਮਝਦਾ ਸੀ, ਚਿੰਤਾ ਅਤੇ ਫ਼ਿਕਰ ਨਾਲ ਜਿੰਨੀ ਥਕਾਵਟ ਹੁੰਦੀ ਏ, ਓਨੀ ਦੂਰ ਤੋਂ ਦੂਰ ਦੀ ਮੰਜ਼ਿਲ ਤਹਿ ਕਰਨ ਨਾਲ ਵੀ ਨਹੀਂ ਹੁੰਦੀ। ਫਿਰ ਵੀ ਉਹ ਉਦਾਸੀ ਤੋਂ ਖਹਿੜਾ ਨਹੀਂ ਛੁਡਾ ਸਕਿਆ।

ਇਕ ਬਾਂਦੀ ਆਈ ਤੇ ਸ਼ਹਿਨਸ਼ਾਹ ਦਾ ਖ਼ਾਲੀ ਪਿਆਲਾ ਭਰ ਕੇ ਚਲੀ ਗਈ।

* * * *

ਫਤਿਹਪੁਰ ਸੀਕਰੀ ਤੋਂ ਯਸੂਹੀ ਪਾਦਰੀ ਮੋਨਸ਼ਰਾਟੇ, ਸ਼ਾਹੀ ਇਤਿਹਾਸਕਾਰ ਅਬੁਲ-ਫਜ਼ਲ, ਬੀਰਬਲ, ਦਰਬਾਰੀ ਗਵੱਈਆ ਤਾਨਸੈਨ, ਸ਼ਹਿਨਸ਼ਾਹ ਦੇ ਪੁੱਤਰ ਸਲੀਮ ਤੇ ਮੁਰਾਦ, ਉਸਦੇ ਨਾਲ ਹੀ ਪੰਜਾਬ ਵੱਲ ਆਏ ਸਨ।

ਸ਼ਰਾਬ ਦਾ ਪਿਆਲਾ ਭਰ ਕੇ ਪਿਛਾਂਹ ਨੂੰ ਮੁੜ ਰਹੀ ਬਾਂਦੀ ਨੂੰ ਅਕਬਰ ਨੇ ਰੋਕਿਆ।— 'ਪਹਿਰੇਦਾਰ ਨੂੰ ਹਾਜ਼ਰ ਹੋਣ ਲਈ ਆਖ।'

ਪਲਾਂ ਵਿਚ ਪਹਿਰੇਦਾਰ ਨੇ ਆਕੇ ਸਲਾਮ ਕੀਤੀ ਤੇ ਨੀਵੀਂ ਪਾਕੇ ਸਾਵਧਾਨ ਮੁਦਰਾ ਵਿਚ ਖੜ੍ਹ ਗਿਆ।



—ਪਾਦਰੀ ਤੱਕ ਤੁਰੰਤ ਫ਼ੁਰਮਾਨ ਪੁੱਜਦਾ ਕਰੋ, ਉਹ ਬਿਨਾਂ ਦੇਰੀ ਕੀਤਿਆਂ ਸ਼ਹਿਨਸ਼ਾਹ ਨੂੰ ਮਿਲੇ।'

ਸ਼ਾਹੀ ਫ਼ੁਰਮਾਨ ਝੱਟ ਰੁਤਬਿਆਂ ਦੀ ਪੌੜੀ ਚੜ੍ਹਦਾ ਪਾਦਰੀ ਮੋਨ ਸ਼ਰਾਟੇ ਤੱਕ ਜਾ ਪੁੱਜਾ।

ਸ਼ਾਹੀ ਰਹਿਣ ਵਸਣ ਦਾ ਅਜੀਬ ਵਰਤਾਰਾ ਹੈ। ਹਰ ਛੋਟਾ ਰੁਤਬਾ, ਵੱਡੇ ਰੁਤਬੇ ਦਾ ਹੱਥ ਬੰਨ੍ਹ ਗੁਲਾਮ ਹੈ, ਜੀ ਹਜ਼ੂਰੀਆ, ਲਾਗੀ। ਸਭ ਤੋਂ ਉੱਪਰ ਸ਼ਹਿਨਸ਼ਾਹ ਆਪ ਹੈ। ਸਾਰੇ ਉਸ ਦੁਆਲੇ ਘੁੰਮਦੇ ਹਨ ਜਾਂ ਉਸਦੇ ਹੁਕਮ ਵਿਚ ਹਨ। ਸਹਿਨਸ਼ਾਹ ਕਿਸੇ ਦੇ ਹੁਕਮ ਵਿਚ ਨਹੀਂ। ਸ਼ਹਿਨਸ਼ਾਹ ਖ਼ੁਦਾ ਨੇ ਭੇਜਿਆ ਹੈ। ਜਿਸ ਛੋਟੇ ਰੁਤਬੇ ਨੇ ਵੀ ਏਸ ਪੂਰੇ ਚੱਕਰ ਵਿਚ ਵਸੇਬ ਵਿਚ ਕੋਈ ਕੁਤਾਹੀ ਕੀਤੀ। ਚਾਹੇ ਉਹ ਪੁੱਤਰ ਹੈ, ਬਾਪ ਹੈ, ਭਰਾ ਹੈ, ਬੀਵੀ ਹੈ ਜਾਂ ਕੋਈ ਅਹਿਲਕਾਰ ਹੈ, ਸੈਨਾਪਤੀ ਹੈ। ਸ਼ਹਿਨਸ਼ਾਹ ਦੀਆਂ ਨਜ਼ਰਾਂ ਵਿਚ ਉਹ ਬਾਗ਼ੀ ਹੈ, ਉਸਨੂੰ ਸਜ਼ਾ ਮਿਲਣੀ ਹੀ ਮਿਲਣੀ ਹੈ।

ਬਾਦਸ਼ਾਹ ਹੁਣ ਆਪਣੇ ਮਤਰੇਏ ਭਰਾ ਨਾਲ ਖ਼ਫ਼ਾ ਹੈ। ਉਸਨੂੰ ਸਮਝ ਨਹੀਂ ਆ ਰਹੀ, ਉਸ ਨਾਲ ਕਿਸ ਤਰ੍ਹਾਂ ਦਾ ਵਰਤਾਓ ਕਰੇ।....

ਪਾਦਰੀ ਮੋਨ ਸ਼ਰਾਟੇ ਨਾਲ ਇਹੀ ਗੁਫਤਗੂ ਕਰਨੀ ਹੈ।

ਮਹਿਮਾਨ ਖ਼ਾਨੇ ਵਿਚੋਂ ਨਿਕਲ ਕੇ ਮੋਨਸ਼ਰਾਟੇ ਨੇ ਮਹਿਮਾਨ-ਏ-ਖ਼ਾਸ ਆ ਕੇ ਪਹਿਰੇਦਾਰ ਨੂੰ ਅੰਦਰ ਖ਼ਬਰ ਦੇਣ ਲਈ ਕਿਹਾ। ਪਹਿਰੇਦਾਰ ਝੱਟ ਅੰਦਰ ਗਿਆ ਤੇ ਉਹਨੀਂ ਪੈਰੀਂ ਬਾਹਰ ਆਕੇ, ਅੰਦਰ ਲੰਘ ਜਾਣ ਲਈ ਇਸ਼ਾਰਾ ਕੀਤਾ।

—ਬਿਨਾਂ ਝਿਜਕ ਅੰਦਰ ਲੰਘ ਆਓ ਪਾਦਰੀ।....ਤਸ਼ਰੀਫ਼ ਰੱਖੀਏ।' ਬਾਦਸ਼ਾਹ ਨੇ ਪਿਆਲਾ ਤਸ਼ਤਰੀ ਵਿਚ ਰੱਖਦਿਆਂ ਕਿਹਾ।

—ਸ਼ੁਕਰੀਆ, ਇਸ ਤਰ੍ਹਾਂ ਆਪ ਹਮੇਂ ਸ਼ਰਮਿੰਦਾ ਨਾ ਕਰੇਂ।' ਮੋਨ ਸ਼ਰਾਟੇ ਨੇ ਅਗਾਂਹ ਵਧਦਿਆਂ ਝੁਕ ਕੇ ਸਲਾਮ ਕਰਦਿਆਂ ਆਖਿਆ।

—ਸ਼ੌਕ ਫਰਮਾਏਂਗੇ ?' ਅਕਬਰ ਨੇ ਅੰਗੂਰੀ ਸ਼ਰਾਬ ਦੀ ਸੁਰਾਹੀ ਵੱਲ ਇਸ਼ਾਰਾ ਕਰਦਿਆਂ ਪੁੱਛਿਆ।

—ਸ਼ੁਕਰੀਆ। ਆਪ ਹੁਕਮ ਕਰੋ, ਨਾ ਚੀਜ਼ ਨੂੰ ਏਸ ਵੇਲੇ ਯਾਦ ਕਰਨ ਦਾ ਕੀ ਮਕਸਦ ਏ ?'

—ਮਨ ਉਦਾਸ ਹੈ। ਬੇਚੈਨ ਵਧੇਰੇ ਹੈ। ਮੋਨਸ਼ਰਾਟੇ, ਪਤਾ ਨਹੀਂ ਸ਼ਾਹ ਮਨਸੂਰ ਰੁੱਖ ਨਾਲ ਲਟਕਦਾ ਬਾਰ ਬਾਰ ਕਿਉਂ ਦਿੱਸਣ ਲੱਗਾ ਹੈ। ਅਸੀਂ ਤਾਂ ਉਸਨੂੰ ਗੱਦਾਰੀ ਅਤੇ ਰਾਜ ਧ੍ਰੋਹ ਕਰਨ ਦੀ ਸਜ਼ਾ ਦਿੱਤੀ ਸੀ। ਕੀ ਉਹ ਐਸੀ ਸਜ਼ਾ ਦਾ ਹੱਕਦਾਰ ਨਹੀਂ ਸੀ ?' ਅਕਬਰ ਬਾਦਸ਼ਾਹ ਪਾਦਰੀ ਦੇ ਬਿਲਕੁਲ ਨੇੜੇ ਆ ਖਲੋਤਾ ਤੇ ਮੂੰਹ ਉਪਰ ਚੁੱਕ ਕੇ ਉਸ ਵੱਲ ਤੱਕਣ ਲੱਗਾ।

—ਇਕ ਗੱਦਾਰ ਦੀ ਐਸੀ ਸਜ਼ਾ ਵਾਜਬ ਏ ਸ਼ਹਿਨਸ਼ਾਹ।' ਆਖਦਾ ਮੋਨਸ਼ਰਾਟੇ ਹਿਚਕਚਾ ਕੇ ਥੋੜ੍ਹਾ ਪਿੱਛੇ ਹੱਟ ਗਿਆ।

ਅਕਬਰ ਉਸ ਵੱਲ ਵੇਖਣ ਲੱਗਾ। ਦੋ ਗਜ਼ ਤੋਂ ਵੀ ਲੰਮਾ ਕੱਦ, ਲੰਮਾ ਗਿੱਟਿਆਂ ਤੱਕ ਸਫੈਦ ਚੋਲਾ। ਗਲ ਵਿਚ ਲਟਕਦੀ ਸਲੀਬ। ਉਹ ਕੋਈ ਰੂਹਾਨੀ ਬੰਦਾ ਜਾਪਦਾ ਸੀ।

—ਸਜ਼ਾ ਵਾਜਬ ਹੈ ਤਾਂ ਬੇਚੈਨੀ ਕਿਉਂ ਹੈ ?' ਅਕਬਰ ਦੇ ਬੋਲਾਂ ਵਿਚ ਦੁੱਖ ਸੀ।

—ਸ਼ਹਿਨਸ਼ਾਹ-ਏ-ਆਲਮ, ਮੈਂ ਹਜ਼ੂਰ ਨੂੰ ਈਸਾ ਯੀਸੂਹ ਦੇ ਰਹਿਮ ਦਾ ਕਿੱਸਾ ਸੁਨਾਉਂਦਾ ਹਾਂ। ਸਕੂਨ ਮਿਲੇਗਾ।' ਮੋਨਸ਼ਰਾਟੇ ਆਪਣੇ ਮਕਸਦ ਵੱਲ ਮੁੜਿਆ।

ਅਕਬਰ ਜਾਣਦਾ ਸੀ, ਇਹ ਈਸਾਈ ਪਾਦਰੀ ਉਸਨੂੰ ਈਸਾਈ ਬਨਾਉਣ ਲਈ ਲਗਾਤਾਰ ਕੋਸ਼ਿਸ਼ਾਂ ਕਰਦਾ ਆ ਰਿਹਾ ਹੈ। ਉਹ ਏਸ ਧਰਮ ਵੱਲ ਥੋੜਾ ਉਲਾਰ ਹੋ ਵੀ ਗਿਆ ਸੀ ਤਾਂ ਵੀ ਉਹ ਇਸਲਾਮ ਧਰਮ ਪ੍ਰਤੀ ਏਨਾ ਅਵੇਸਲਾ ਨਹੀਂ ਸੀ। ਇੰਜੀਲ ਵਿਚ ਸ਼ਹਿਨਸ਼ਾਹ ਦੀ ਚੋਖੀ ਦਿਲਚਸਪੀ ਹੋਣ ਲੱਗੀ ਸੀ। ਮੋਨਸ਼ਰਾਟੇ ਨੂੰ ਪਤਾ ਸੀ।

ਪਾਦਰੀ ਯੀਸੂਹ ਮਸੀਹ ਦੇ ਰਹਿਮ ਦਾ ਕਿੱਸਾ ਸੁਨਾਉਣ ਲੱਗਾ, ਸੁਣਾਉਂਦਾ ਗਿਆ। ਇਸ ਦੌਰਾਨ ਬਾਦਸ਼ਾਹ ਨੇ ਇਕ ਪਿਆਲਾ ਹੋਰ ਪੀਤਾ। ਜਦ ਪਾਦਰੀ ਨੇ ਆਪਣਾ ਪ੍ਰਵਚਨ ਖਤਮ ਕੀਤਾ ਤਾਂ ਬਾਦਸ਼ਾਹ ਨੇ ਪੁੱਛਿਆ;

—ਖ਼ਬਰ ਆਈ ਹੈ, ਮੇਰਾ ਭਰਾ ਮੁਹੰਮਦ ਹਾਕਿਮ ਫਿਰ ਕਾਬਲ ਵੱਲ ਪਰਤ ਗਿਆ ਹੈ। ਕੀ ਉਸਦਾ ਪਿੱਛਾ ਕਰਨਾ ਚਾਹੀਦਾ ਹੈ ?'

—ਮੇਰਾ ਵਿਚਾਰ ਹੈ, ਉਸਦਾ ਪਿੱਛਾ ਨਹੀਂ ਕਰਨਾ ਚਾਹੀਦਾ, ਫੌਜਾਂ ਜਿਥੇ ਵੀ ਹਨ, ਓਥੇ ਹੀ ਰੋਕ ਦੇਣੀਆਂ ਚਾਹੀਦੀਆਂ ਹਨ। ਮੁਹੰਮਦ ਹਾਕਿਮ ਹਜ਼ੂਰ ਦਾ ਭਰਾ ਹੈ। ਯੀਸੂਹ ਮਸੀਹ ਆਖਦਾ ਹੈ, ਰਹਿਮ ਦੀ ਸ਼ਾਨ, ਬਦਲੇ ਦੀ ਸ਼ਾਨ ਨਾਲੋਂ ਕਿਤੇ ਵਡੇਰੀ ਅਤੇ ਉਚੇਰੀ ਹੈ।'

—ਆਪ ਦੇ ਏਸ ਜਵਾਬ ਨੇ ਅਸਾਂ ਨੂੰ ਬੇਹੱਦ ਤਸੱਲੀ ਦਿੱਤੀ ਹੈ, ਮੋਨਸ਼ਰਾਟੇ। ਅਸੀਂ ਖੁਸ਼ ਹਾਂ। ਬੇਚੈਨੀ ਘਟ ਰਹੀ ਹੈ। ਸ਼ੁਕਰੀਆ। ਅਸਾਂ ਖ਼ੁਦ ਮਹਿਸੂਸ ਕੀਤਾ ਹੈ, ਬਦਲੇ ਨਾਲੋਂ ਰਹਿਮ ਦੀ ਸ਼ਾਨ ਵੱਖਰੀ ਹੈ। ਹੁਣ ਅਸੀਂ ਆਪਦੇ ਮਸ਼ਵਰੇ ਉੱਪਰ ਅਮਲ ਕਰਾਂਗੇ।'

ਸ਼ਹਿਨਸ਼ਾਹ ਦੀਆਂ ਗੱਲਾਂ ਸੁਣਕੇ ਪਾਦਰੀ ਖੁਸ਼ ਹੋ ਗਿਆ। ਉਸਨੇ ਗਲ ਵਿਚ ਲਟਕਦੀ ਸਲੀਬ ਨੂੰ ਚੁੰਮਿਆ।

—ਮੌਸਮ ਠੀਕ ਹੋ ਰਿਹਾ ਹੈ ਸ਼ਹਿਨਸ਼ਾਹ-ਏ-ਹਿੰਦ। ਯੀਸੂ ਮਸੀਹ ਔਰ ਕੁਦਰਤ ਹਜ਼ੂਰ ਦੇ ਸਾਥ ਹੈ। ਯਸੂ ਦੀ ਮਿਹਰਬਾਨੀ ਹੋਵੇ ਤਾਂ ਕੁਦਰਤ ਦੀ ਹਰ ਕਰੋਪੀ ਹਜ਼ੂਰ ਦੀ ਮਿੱਤਰ ਬਣ ਸਕਦੀ ਹੈ।' ਪਾਦਰੀ ਨੇ ਪੂਰੇ ਖੁਸ਼ਾਮਦੀ ਲਹਿਜ਼ੇ ਵਿਚ ਕਿਹਾ।

—ਇੱਕ ਹੋਰ ਗੱਲ ਅਸਾਂ ਨੂੰ ਵਧੇਰੇ ਪਰੇਸ਼ਾਨ ਕਰਦੀ ਹੈ ਪਾਦਰੀ। ਇਧਰ ਪੰਜਾਬ ਵੱਲ ਜਦ ਵੀ ਫੇਰਾ ਲਗਦਾ ਹੈ, ਮਨ ਖਿੱਝ ਔਰ ਗੁੱਸੇ ਨਾਲ ਕਿਉਂ ਭਰ ਜਾਂਦਾ ਹੈ ? ਸਕੂਨ ਕਿਉਂ ਨਹੀਂ ਹਾਸਲ ਹੁੰਦਾ ? ਅਸਾਂ ਪਾਸ ਖ਼ਬਰਾਂ ਪੁਜਦੀਆਂ ਨੇ, ਏਧਰ ਪੰਜਾਬ ਦਾ ਇਕ ਹਿੱਸਾ ਤਾਂ ਅਸਾਂ ਨੂੰ ਬਾਦਸ਼ਾਹ ਹੀ ਤਸਲੀਮ ਨਹੀਂ ਕਰਦਾ। ਪੂਰੀ ਹਿੰਦ ਅਸਾਂ ਦੀ ਤਾਕਤ ਦਾ ਲੋਹਾ ਮੰਨਦੀ ਹੈ।' ਅਕਬਰ ਨੇ ਅਫਸੋਸ ਅਤੇ ਦੁੱਖ ਵਿਚ ਲੰਮਾ ਸਾਹ ਲਿਆ।

—ਸ਼ਹਿਨਸ਼ਾਹ, ਨਿਜ਼ਾਮ ਅੰਦਰ ਨਿੱਕੇ ਨਿੱਕੇ ਬਾਗ਼ੀ ਪੈਦਾ ਹੁੰਦੇ ਰਹਿੰਦੇ ਹਨ। ਕਦੇ ਵੀ ਕਿਸੇ ਹਮਲਾਵਰ ਜਾਂ ਬਾਦਸ਼ਾਹ ਦੀ ਹਕੂਮਤ ਅੰਦਰ, ਰਿਆਇਆ ਵਿਚ ਮੁਕੰਮਲ ਗੁਲਾਮੀ ਨਹੀਂ ਹੁੰਦੀ। ਇਹ ਕੁਦਰਤ ਦਾ ਨੇਮ ਹੈ, ਜਹਾਂ ਪਨਾਹ। ਤਲਵਾਰ ਦੇ ਜ਼ੋਰ ਨਾਲ ਮਨੁੱਖ ਦਾ ਸਰੀਰ ਤਾਂ ਗੁਲਾਮ ਬਣਾਇਆ ਜਾ ਸਕਦਾ ਹੈ, ਉਸਦਾ ਮਨ ਅਤੇ ਆਤਮਾ ਨਹੀਂ। ਲੋਕਾਂ ਵਿਚ ਇਕ ਐਸੀ ਰੂਹ ਜਾਂ ਸਖਸ਼ ਹੁੰਦਾ ਹੈ, ਜਿਹੜਾ ਹਕੂਮਤ ਲਈ ਵੰਗਾਰ ਬਣਦਾ ਹੈ, ਭਵਿੱਖ ਵਿਚ ਵੀ ਹੁੰਦਾ ਰਹੇਗਾ। ਗੁਸਤਾਖ਼ੀ ਮੁਆਫ਼ ਸ਼ਹਿਨਸ਼ਾਹ ਹਜ਼ੂਰ, ਛੋਟਾ



ਮੂੰਹ ਔਰ ਬੜੀ ਬਾਤ, ਇਕ ਗੱਲ ਕਹਿਣ ਦੀ ਇਜਾਜ਼ਤ ਮੰਗਦਾ ਹਾਂ।' ਪਾਦਰੀ ਨੇ ਮੱਥੇ ਨੂੰ ਹੱਥ ਲਾਇਆ।

—ਕਹੋ ਪਾਦਰੀ ਕਹੋ, ਆਪ ਨੂੰ ਇਜਾਜ਼ਤ ਦੀ ਲੋੜ ਨਹੀਂ ਹੈ। ਆਪ ਦੇ ਖ਼ਿਆਲ ਅਸਾਂ ਨੂੰ ਸਕੂਨ ਦਿੰਦੇ ਨੇ।'

—ਹਜ਼ੂਰ, ਇਕ ਸ਼ਹਿਨਸ਼ਾਹ ਬੇਸ਼ੱਕ ਪੂਰੀ ਪ੍ਰਿਥਵੀ ਉਪਰ ਰਾਜ ਕਰਦਾ ਹੈ। ਉਹ ਆਪਣੀ ਰਿਆਇਆ ਦੇ ਸਰੀਰਾਂ ਉਪਰ ਵੀ ਆਪਣਾ ਹੱਕ ਜਮਾ ਲੈਂਦਾ ਹੈ। ਉਹਨਾਂ ਨੂੰ ਗ਼ੁਲਾਮ ਬਣਾ ਲੈਂਦਾ ਹੈ। ਇਸ ਦੇ ਉਲਟ, ਲੋਕਾਂ ਵਿਚੋਂ ਉਠਿਆ, ਇਕ-ਅੱਧ ਸ਼ਖ਼ਸ, ਜੋ ਹਕੂਮਤ ਨੂੰ ਅੱਖਾਂ ਵਿਖਾਉਂਦਾ ਹੈ। ਉਸਦੀ ਸ਼ਾਹੀ ਤਾਕਤ ਤੋਂ ਨਾਬਰ ਹੁੰਦਾ ਹੈ। ਜੋ ਸਦਾ ਆਪਣੇ ਲੋਕਾਂ ਦੇ ਹਿੱਤਾਂ ਦੀ ਰਾਖੀ ਕਰਦਾ ਹੈ, ਉਹ ਲੋਕਾਂ ਦੇ ਮਨਾਂ ਉੱਪਰ ਰਾਜ ਕਰਦਾ ਹੈ।'

—ਤਾਂ ਕੀ ਹਿੰਦ ਦੇ ਲੋਕ ਆਪਣੇ ਮਨ ਤੋਂ ਅਸਾਂ ਨੂੰ ਸ਼ਹਿਨਸ਼ਾਹ ਨਹੀਂ ਮੰਨ ਰਹੇ ?' ਅਕਬਰ ਦੇ ਮੱਥੇ ਉਪਰ ਤਿਉੜੀਆਂ ਉੱਭਰ ਆਈਆਂ।

—ਮੰਨਦੇ ਹਨ ਸ਼ਹਿਨਸ਼ਾਹ। ਹਿੰਦ ਦੇ ਲੋਕ ਹਜ਼ੂਰ ਨੂੰ ਸ਼ਹਿਨਸ਼ਾਹ ਮੰਨਦੇ ਹਨ। ਪਰ ਇਸ ਮੰਨਣ ਵਿਚ ਆਪਦੀ ਤਾਕਤ ਦਾ ਡਰ ਵਧੇਰੇ ਸ਼ਾਮਲ ਹੁੰਦਾ ਹੈ। ਇਹ ਸਚਾਈ ਹੈ। ਮੈਨੂੰ ਅਫਸੋਸ ਹੈ, ਇਹ ਸਚਾਈ ਜਾਣ ਕੇ ਆਪ ਨੂੰ ਬਹੁਤੀ ਖੁਸ਼ੀ ਨਹੀਂ ਹੋਵੇਗੀ। ਪਰ ਇਸ ਸਚਾਈ ਨੂੰ ਹਜ਼ੂਰ ਵਲੋਂ ਸਦਾ ਧਿਆਨ ਵਿਚ ਰੱਖਣਾ ਚਾਹੀਦਾ ਹੈ। ਹੋਣੀ ਨੂੰ ਮਨੁੱਖ ਨਹੀਂ ਜਾਣਦਾ, ਜਿਵੇਂ ਅਸੀਂ ਮਨ ਵਿਚ ਇਕੱਠੀਆਂ ਹੋਈਆਂ ਗੱਲਾਂ ਨਹੀਂ ਜਾਣ ਸਕਦੇ।' ਆਖਕੇ ਮੋਨਸ਼ਰਾਟੇ ਉੱਠ ਖੜ੍ਹਾ ਹੋਇਆ।

ਅਕਬਰ ਹੈਰਾਨੀ ਨਾਲ ਪਾਦਰੀ ਵੱਲ ਵੇਖਣ ਲੱਗਾ।

—ਜਹਾਂ ਪਨਾਂਹ, ਮੈਨੂੰ ਆਗਿਆ ਦਿਉ, ਮੈਂ ਜਾਣਾ ਚਾਹੁੰਦਾ ਹਾਂ।' ਪਾਦਰੀ ਨੇ ਨਿਮਰਤਾ ਨਾਲ ਕਿਹਾ।

—ਕੁਝ ਹੋਰ ਕਹੋ ਪਾਦਰੀ, ਚੰਗਾ ਲਗਦਾ ਹੈ।' ਅਕਬਰ ਨੇ ਜਾਣੋ ਬੇਨਤੀ ਕੀਤੀ ਹੋਵੇ।

—ਜਹਾਂ ਪਨਾਂਹ, ਜ਼ਿੰਦਗੀ ਵਿਚ ਸੈਆਂ ਅਜਿਹੇ ਮੌਕੇ ਮਿਲਦੇ ਨੇ ਜਦ ਹਯਾਤੀ ਦੇ ਬਾਲ ਨੇ ਪਹਿਲੀ ਵਾਰ ਆਪਣਾ ਮੂੰਹ ਖੋਹਲਿਆ ਹੋਵੇ ਤਾਂ ਉਸ ਵੇਲੇ ਜੋ ਕੁਝ ਤੁਹਾਡੇ ਪਾਸ ਚੰਗਾ ਖਾਣ-ਯੋਗ ਹੈ, ਉਸਦੇ ਮੂੰਹ ਵਿਚ ਪਾ ਦਿਉ। ਉਸਦੇ ਕੋਮਲ ਅੰਗਾਂ ਨੂੰ, ਪੂਰੇ ਸੱਚੇ ਮਨ ਨਾਲ ਪਿਆਰ ਦਿਉ। ਉਹ ਆਪ ਦਾ ਸਦੀਵੀ ਮਿੱਤਰ ਬਣ ਜਾਏਗਾ। ਫੇਰ ਏਸ ਸੰਸਾਰ 'ਤੇ ਨਾ ਕੋਈ ਹਾਕਮ ਪੈਦਾ ਹੋਵੇਗਾ ਨਾ ਬਾਗ਼ੀ। ਸਭ ਇਨਸਾਨ ਹੋਣਗੇ।' ਆਖਕੇ ਪਾਦਰੀ ਨੇ ਆਪਣੀ ਛਾਤੀ ਉਪਰ ਸਲੀਬ ਦਾ ਨਿਸ਼ਾਨ ਬਣਾਇਆ।

—ਬਿਲਕੁਲ ਸਹੀ ਹੈ ਪਾਦਰੀ। ਹਿੰਦ ਦਾ ਸ਼ਹਿਨਸ਼ਾਹ ਆਪ ਦਾ ਮਸ਼ਵਰਾ ਹਮੇਸ਼ਾ ਆਪਣੇ ਜ਼ਿਹਨ ਵਿਚ ਰੱਖੇਗਾ। ਮੈਂ ਯਤਨ ਕਰਦਾ ਰਹਾਂਗਾ, ਇਸ ਮੁਲਕ ਦੇ ਲੋਕ ਮੇਰੀ ਤਾਕਤ ਦੇ ਡਰ ਕਾਰਨ ਨਹੀਂ, ਮੇਰੀ ਭਲਾਈ ਦੇ ਕੰਮਾਂ ਕਾਰਨ ਮੈਨੂੰ ਮਨੋਂ ਬਰਦਾਸ਼ਤ ਕਰਨ। ਆਪਣੇ ਇਸ ਮਸ਼ਵਰੇ ਲਈ ਸ਼ੁਕਰੀਆ।' ਅਕਬਰ ਦੇ ਚਿਹਰੇ ਉਪਰ ਮਨੋਸ਼ਰਾਟੇ ਲਈ ਪ੍ਰਸ਼ੰਸਾ ਸੀ।

—ਸ਼ੁਕਰੀਆ ਜਹਾਂ ਪਨਾਂਹ। ਆਖਦਿਆਂ ਮੋਨਸ਼ਰਾਟੇ ਨੇ ਝੁਕ ਕੇ ਸਲਾਮ ਕੀਤਾ ਤੇ ਮਹਿਮਾਨ-ਏ-ਖ਼ਾਸ ਵਿਚੋਂ ਬਾਹਰ ਨਿਕਲ ਆਇਆ।

ਬਾਂਦੀ ਸ਼ਹਿਨਸ਼ਾਹ ਦਾ ਪਿਆਲਾ ਫੇਰ ਭਰ ਗਈ। ਪਾਦਰੀ ਚਲਿਆ ਗਿਆ। ਉਸਦੀਆਂ ਗੱਲਾਂ ਅਕਬਰ ਦੇ ਦਿਮਾਗ਼ ਵਿਚ ਘੁੰਮ ਰਹੀਆਂ ਸਨ। ਉਸਨੇ ਆਪਣੇ ਖਾਸ ਭਰੋਸੇਮੰਦ ਸ਼ਖ਼ਸ ਅਬੁਲ ਫਜ਼ਲ ਨੂੰ ਬੁਲਵਾਇਆ। ਉਸਦੇ ਆਉਣ 'ਤੇ ਗੁਪਤ ਸੰਦੇਸ਼ ਦਿੱਤਾ:

"ਨਿਜਾਮੁਦੀਨ ਤੱਕ ਖ਼ਬਰ ਪਹੁੰਚੇ, ਉਹ ਮੁਹਿੰਮ ਤੋਂ ਵਾਪਸ ਪਰਤ ਆਏ। ਮੁਰਾਦ ਨੂੰ ਕਹੋ, ਸ਼ਾਹੀ ਫੁਰਮਾਨ ਹੈ, ਪੰਜ ਸੌ ਹਾਥੀ ਔਰ ਪੰਜ ਹਜ਼ਾਰ ਘੋੜ ਸਵਾਰ ਲੈ ਕੇ ਮੋਰਚਿਆਂ ਉੱਪਰ ਜਾ ਡਟੇ। ਅਗਰ ਮੌਸਮ ਠੀਕ ਰਹੇ ਤਾਂ ਅੱਗੇ ਵਧੇ। ਹੋ ਸਕੇ ਤਾਂ ਮਹੁੰਮਦ ਹਾਕਿਮ ਦਾ ਪਿੱਛਾ ਕਰੇ। ਇਨਸ਼ਾ-ਅੱਲਾਹ ਫਤਿਹ ਨਸੀਬ ਹੋਵੇਗੀ।"

—ਹਜ਼ੂਰ ਬੇ-ਫ਼ਿਕਰ ਰਹਿਣ। ਹਜ਼ੂਰ ਦਾ ਹੁਕਮ ਵਕਤ-ਸਿਰ ਪਹੁੰਚਾ ਦਿੱਤਾ ਜਾਵੇਗਾ।' ਅਬੁਲ ਫਜ਼ਲ ਨੇ ਸਲਾਮ ਕਰਦਿਆਂ ਕਿਹਾ ਤੇ ਜਾਣ ਲਈ ਮੁੜਿਆ।

—ਔਰ ਸੁਨੋ।'

ਆਪਣੀ ਪਿੱਠ ਪਿੱਛੇ ਸ਼ਹਿਨਸ਼ਾਹ ਦੀ ਆਵਾਜ਼ ਸੁਣਕੇ, ਅਬੁਲ ਫਜ਼ਲ ਰੁੱਕ ਗਿਆ। ਪਿੱਛੇ ਘੁੰਮਿਆ ਤੇ ਅਗਲੇ ਹੁਕਮ ਦੀ ਉਡੀਕ ਕਰਨ ਲੱਗਾ।

—ਏਧਰ ਅਫਗਾਨਿਸਤਾਨ ਵਾਲੇ ਪਾਸੇ ਦਰਿਆ ਚਨਾਬ ਕੰਢੇ ਕੋਈ ਗਰਾਂ ਹੈ, ਉਥੋਂ ਦੇ ਵਾਸੀ ਬਾਗ਼ੀ ਹੋ ਰਹੇ ਨੇ। ਉਧਰ ਆਪਣਾ ਇਕ ਸੂਹੀਆ ਭੇਜਣ ਦਾ ਬੰਦੋਬਸਤ ਕੀਤਾ ਜਾਵੇ। ਪਤਾ ਲਗਾਇਆ ਜਾਵੇ। ਇਹ ਬਾਗ਼ੀ ਕੌਣ ਨੇ, ਕੀ ਮੰਗਦੇ ਨੇ ?' ਸੂਬਾ ਲਾਹੌਰ ਨੂੰ ਕਹੋ, ਸ਼ਹਿਨਸ਼ਾਹ ਨੂੰ ਪੂਰੀ ਇਤਲਾਹ ਮਿਲਣੀ ਚਾਹੀਦੀ ਹੈ।'

—ਹਜ਼ੂਰ ਦਾ ਇਕਬਾਲ ਬੁਲੰਦ ਰਹੇ। ਤਖ਼ਤ ਲਾਹੌਰ ਨੂੰ ਇਤਲਾਹ ਦੇਣ ਵਾਲੇ ਸ਼ਖ਼ਸ ਪਹਿਲਾਂ ਹੀ ਹਰ ਪਿੰਡ, ਹਰ ਨਗਰ ਵਿਚ ਆਪਣਾ ਕੰਮ ਕਰ ਰਹੇ ਨੇ।' ਅਬੁਲ ਫਜ਼ਲ ਨੇ ਜਾਣਕਾਰੀ ਦਿੱਤੀ।

—ਫਿਰ ਵੀ ਪਤਾ ਲਗਾਇਆ ਜਾਵੇ, ਕੋਈ ਇਕ ਸਖਸ਼ ਹੈ ਜਾਂ ਵਧੇਰੇ ਨੇ। ਹਥਿਆਰਬੰਦ ਨੇ ? ਅਗਰ ਹਥਿਆਰਬੰਦ ਨੇ, ਹਥਿਆਰ ਕਿਥੋਂ ਆਉਂਦੇ ਨੇ ? ਅਗਰ ਘੋੜ ਸਵਾਰ ਨੇ, ਤਾਂ ਘੋੜੇ ਕਿਥੋਂ ਖਰੀਦ ਕੀਤੇ ਨੇ ?' ਬਾਦਸ਼ਾਹ ਦੇ ਮੱਥੇ ਉੱਪਰ ਫਿਰ ਚਿੰਤਾ ਦੀਆਂ ਲਕੀਰਾਂ ਉਘੜੀਆਂ।

—ਹਜ਼ੂਰ ਦੇ ਹੁਕਮ ਦੀ ਤਾਮੀਲ ਹੋਵੇਗੀ।' ਆਖਦਿਆਂ ਅਬੁਲ-ਫਜ਼ਲ ਨੇ ਸਿਰ ਝੁਕਾਇਆ। ਫਿਰ ਅਹਿਸਤਾ ਜਿਹੇ ਕਿਹਾ—'ਹਜ਼ੂਰ ਓਧਰ ਚਨਾਬ ਦੇ ਆਸ ਪਾਸ ਭੱਟੀ ਰਾਜਪੂਤਾਂ ਦੇ ਪਿੰਡ ਨੇ। ਇਕ ਦੁੱਲਾ ਏ ਕੋਈ ਜੋ ਲੋਕਾਂ ਨੂੰ ਬਾਗ਼ੀ ਬਣਾ ਰਿਹਾ ਹੈ। ਅੱਜ ਹੀ ਓਸ ਇਲਾਕੇ ਵਲੋਂ ਕੋਈ ਮੁਖਬਰ ਆਇਆ ਏ।'

—ਕੌਣ ਹੈ ਇਹ ਦੁੱਲਾ ?'

—ਤਫ਼ਸੀਲ ਮਾਲੂਮ ਨਹੀਂ ਹਜ਼ੂਰ।'

—ਮਾਲੂਮ ਕਰੋ।'

—ਜੀ ਹਜ਼ੂਰ।' ਆਖਦਿਆਂ ਅਬੁਲ ਫਜ਼ਲ ਨੇ ਜਾਣ ਦੀ ਇਜਾਜ਼ਤ ਮੰਗੀ।

ਅਕਬਰ ਨੇ ਰਜ਼ਾਮੰਦ ਹੁੰਦਿਆਂ ਸਿਰ ਹਿਲਾਇਆ।

ਅਬੁਲ ਫਜ਼ਲ ਦੇ ਜਾਣ ਤੋਂ ਬਾਅਦ, ਅਕਬਰ ਦਾ ਮਨ ਪਹਿਲਾਂ ਵਾਂਗ ਹੀ ਪਰੇਸ਼ਾਨ ਰਿਹਾ। ਉਹ ਬੇਚੈਨੀ ਵਿਚ ਘੁੰਮਣ ਲੱਗਾ। ਬਾਂਦੀ ਸ਼ਰਾਬ ਦੀ ਸੁਰਾਹੀ ਲੈ ਕੇ ਫਿਰ ਆਈ ਤੇ ਸਹਿਮੇ ਜਿਹੇ ਨਖ਼ਰੇ ਨਾਲ ਉਸਦਾ ਪਿਆਲਾ ਭਰ ਕੇ ਚਲੀ ਗਈ।



ਬਾਹਰ ਮੌਸਮ ਸਾਫ਼ ਹੋ ਰਿਹਾ ਸੀ। ਭਾਵੇਂ ਅਜੇ ਵੀ ਕਦੇ ਕਦੇ ਬੱਦਲਾਂ ਦੀ ਗੜਗੜਾਹਟ ਸੁਣਦੀ ਸੀ। ਅਕਬਰ ਨੇ ਸੋਚਿਆ,....ਸ਼ੇਖੂ ਬਾਬਾ ਨੂੰ ਬੁਲਾਵਾਂ। ਪਹਿਰੇਦਾਰ ਵੀ ਸੱਦ ਲਿਆ, ਫਿਰ ਇਰਾਦਾ ਬਦਲ ਲਿਆ। ਅੰਦਰ ਅਰਾਮਗਾਹ ਵਿਚ ਚਲਿਆ ਗਿਆ। ਪਲੰਘ ਉਪਰ ਜਾ ਬੈਠਾ। ਮੱਥਾ ਫੜ ਲਿਆ। ਕੌਣ ਹੈ ਇਹ ਦੁੱਲਾ ? ਅਬੁਲ ਫਜ਼ਲ ਆਖਦਾ ਹੈ, ਤਫ਼ਸੀਲ ਮਾਲੂਮ ਨਹੀਂ। ਉਹ ਜਾਣ-ਬੁਝ ਕੇ ਤਾਂ ਮੈਨੂੰ ਹਨੇਰੇ ਵਿਚ ਨਹੀਂ ਰੱਖ ਰਿਹਾ। ਅਸਾਂ ਪਾਸ ਤਾਂ ਬੜੀਆਂ ਖ਼ਬਰਾਂ ਆਈਆਂ ਨੇ। —ਦੁੱਲਾ ਆਪਣੀ ਬਾਰ ਦੇ ਲੋਕਾਂ ਨੂੰ ਉਕਸਾ ਰਿਹਾ ਹੈ, ਦੁੱਲਾ ਕਿਸਾਨਾਂ ਨੂੰ ਆਖਦਾ ਹੈ ਬਾਦਸ਼ਾਹ ਨੂੰ ਲਗਾਨ ਨਹੀਂ ਦੇਣਾ। ਕਿਸੇ ਤਖ਼ਤ ਦਾ ਹੁਕਮ ਨਹੀਂ ਮੰਨਣਾ। ਜੇ ਇਹ ਖ਼ਬਰਾਂ ਅਸਾਂ ਕੋਲ ਪੁੱਜ ਸਕਦੀਆਂ ਨੇ ਤਾਂ ਸੂਬਾ ਲਾਹੌਰ ਕੋਲ ਕਿਉਂ ਨਹੀਂ ? ਸਾਰੇ ਮਿਲਕੇ ਕੋਈ ਸਾਜ਼ਸ਼ ਤਾਂ ਨਹੀਂ ਕਰ ਰਹੇ ? ਇਹ ਦੁੱਲਾ ਅਸਾਂ ਲਈ ਕੋਈ ਮੁਸੀਬਤ ਤੇ ਨਹੀਂ ਬਣ ਰਿਹਾ ? ਮੋਨਸ਼ਰਾਟੇ ਵੀ ਆਖਦਾ ਹੈ, ਐਸੇ ਲੋਕ ਰਿਆਇਆ ਦੇ ਮਨਾਂ ਉੱਪਰ ਰਾਜ ਕਰਦੇ ਨੇ। ਕੱਲ੍ਹ ਦਰਬਾਰ ਲਗਾਣਾ ਪਵੇਗਾ। ਤਾਂ ਹੀ ਇਲਾਕੇ ਦੀਆਂ ਵਾਰਦਾਤਾਂ ਬਾਰੇ ਜਾਣਕਾਰੀਆਂ ਪ੍ਰਾਪਤ ਹੋਣਗੀਆਂ।........

ਅਕਬਰ ਦੇਰ ਤੱਕ ਛੱਤ ਉਪਰ ਲਟਕਦੇ ਫਾਨੂਸ ਵੱਲ ਤੱਕਦਾ ਰਿਹਾ। ਫਿਰ ਪਤਾ ਨਹੀਂ ਕਦੋਂ ਉਸਨੂੰ ਨੀਂਦ ਆ ਗਈ।

ਸੌਣ ਤੋਂ ਪਹਿਲਾਂ ਉਸਨੇ ਸਵੇਰੇ ਦਰਬਾਰ ਲਗਾਉਣ ਦਾ ਫੁਰਮਾਨ ਜਾਰੀ ਕਰ ਦਿੱਤਾ ਸੀ।

ਕਿਲ੍ਹੇ ਅੰਦਰ ਸਾਰੀ ਰਾਤ ਬਾਦਸ਼ਾਹ ਨੇ ਅਹਿਲਕਾਰ, ਪਹਿਰੇਦਾਰ ਅਤੇ ਸਿਪਾਹੀ ਦਰਬਾਰ ਦੀ ਤਿਆਰੀ ਵਿਚ ਲੱਗੇ ਰਹੇ। ਸਭਨਾਂ ਨੂੰ ਆਪਣੇ ਰੁਤਬੇ ਅਨੁਸਾਰ ਕੰਮ ਸਮਝਾ ਦਿੱਤੇ ਗਏ।

ਕਿਲ੍ਹੇ ਅੰਦਰ ਪਹਿਰਾ ਹੋਰ ਵੀ ਸਖ਼ਤ ਕਰ ਦਿੱਤਾ ਗਿਆ।

## 18.

ਬੱਦਲ ਅੱਜ ਖਿੰਡ ਗਏ ਸਨ।

ਮੌਸਮ ਕੁਝ ਕੁਝ ਖੁਸ਼ਗਵਾਰ ਹੋ ਗਿਆ ਸੀ। ਕਿਲ੍ਹੇ ਅੰਦਰ ਸਜਾਏ ਸ਼ਾਹੀ ਦਰਬਾਰ ਦੀ ਚਕਾ ਚੌਂਧ ਅਤੇ ਜਲੌਅ ਵੇਖਣ ਵਾਲਾ ਸੀ। ਹੇਠਾਂ ਫਰਸ਼ ਉੱਪਰ ਪੱਟੀਆਂ ਵਿਛਾ ਕੇ, ਉੱਪਰੋਂ ਦੁੱਧ ਚਿੱਟੀਆਂ ਚਾਦਰਾਂ ਨਾਲ ਢਕੀਆਂ ਹੋਈਆਂ ਸਨ। ਸਿੰਘਾਸਨ ਦੇ ਦੋਹੀਂ ਪਾਸੀਂ ਸੁੰਦਰ ਬਾਂਦੀਆਂ ਹੱਥਾਂ ਵਿਚ ਵੱਡੇ ਪੱਖੇ ਲਈ ਝੱਲ ਮਾਰ ਰਹੀਆਂ ਸਨ। ਦਰਬਾਰੀ, ਅਮੀਰ, ਵਜ਼ੀਰ, ਮੁਨਸਬਦਾਰ ਆਪਣੇ ਆਪਣੇ ਰੁਤਬੇ ਮੁਤਾਬਕ ਕੁਝ ਬੈਠੇ ਹੋਏ ਸਨ, ਕੁਝ ਖੜ੍ਹੇ ਸਨ।

ਸ਼ਹਿਨਸ਼ਾਹ ਨੂੰ ਵਾਤਾਵਰਣ ਵਿਚ ਭਿੰਨੀ ਭਿੰਨੀ ਮਹਿਕ ਦਾ ਅਹਿਸਾਸ ਹੋਇਆ। ਮੁਰਾਦ ਸਿੰਧ ਵੱਲ ਆਪਣੀ ਸੈਨਾ ਲੈ ਕੇ ਰਵਾਨਾ ਹੋ ਗਿਆ ਸੀ। ਸਲੀਮ ਉਰਫ ਸ਼ੇਖੂ ਬਾਬਾ ਸ਼ਹਿਨਸ਼ਾਹ ਦੇ ਸੱਜੇ ਹੱਥ ਬਿਰਾਜਮਾਨ ਸੀ। ਸ਼ਹਿਨਸ਼ਾਹ ਦਾ ਇਸ਼ਾਰਾ ਪਾਕੇ, ਇਕ ਪਾਸੇ ਵਿਸ਼ੇਸ਼ ਆਸਣ ਉੱਪਰ ਗਾਉ ਤਕੀਏ ਦਾ ਸਹਾਰਾ ਲਈ ਬੈਠੇ ਤਾਨਸੈਨ ਨੇ ਤਾਨਪੁਰਾ ਰੁਖ਼ ਸਿਰ ਕੀਤਾ ਤੇ ਤਾਰਾਂ ਟੁਣਕ ਪਈਆਂ। ਪਲਾਂ ਵਿਚ ਹੀ ਹਰ ਪਾਸੇ ਵਾਹ; ਵਾਹ; ਖ਼ੂਬ ਖ਼ੂਬ ਹੋਣ ਲੱਗੀ। ਸੁਰ ਅਤੇ ਅਲਾਪ ਦੇ ਅਨੰਦ ਵਿਚ ਅਕਬਰ ਨੇ ਅੱਖਾਂ ਮੀਟ ਲਈਆਂ। ਦੂਰ ਕਿਧਰੇ ਮੋਰ ਕੂਕਿਆ। ਕਿਲ੍ਹੇ ਦੇ ਫ਼ਸੀਲ ਨਾਲ ਖਹਿਕੇ ਲੰਘਦੀ ਰਾਵੀ ਦਰਿਆ ਦੀਆਂ ਛੱਲਾਂ ਦਾ ਮੱਧਮ ਜਿਹਾ ਸ਼ੋਰ ਤਾਨਪੁਰੇ ਦੇ ਸੰਗੀਤ ਵਿਚ ਆ ਰਲਿਆ।

ਠੀਕ ਇਸ ਵੇਲੇ ਇਕ ਵਿਅਕਤੀ ਧਾਹਾਂ ਮਾਰਦਾ, ਪਹਿਰੇਦਾਰਾਂ ਦੇ ਸਖ਼ਤੀ ਨਾਲ ਰੋਕਣ 'ਤੇ ਵੀ ਦਰਬਾਰ ਵਿਚ ਹਾਜ਼ਰ ਹੋਣ ਦੀ ਜ਼ਿੱਦ ਕਰਨ ਲੱਗਾ। ਉਸਦੇ ਰੋਣ ਤੇ ਪਹਿਰੇਦਾਰਾਂ ਦੇ ਦਬਕਾਉਣ ਦੀਆਂ ਅਵਾਜ਼ਾਂ ਦਰਬਾਰ ਤੱਕ ਪੁੱਜ ਗਈਆਂ। ਸੁਰ ਤੇ ਅਲਾਪ ਦਾ ਤਲਿਸਮ ਭੰਗ ਹੋ ਗਿਆ। ਬਾਦਸ਼ਾਹ ਦੇ ਮੱਥੇ ਉਪਰ ਗੁੱਸੇ ਦੇ ਬਲ ਪੈ ਗਏ। ਤਾਨਸੈਨ ਨੇ ਤਾਨਪੁਰਾ ਇਕ ਪਾਸੇ ਰੱਖ ਦਿੱਤਾ।

—ਪਤਾ ਕਰੋ ਕੌਣ ਹੈ ਕਮਬਖ਼ਤ ?' ਹਜ਼ੂਰੀ ਵਿਚ ਖੜ੍ਹੇ ਕੋਤਵਾਲ ਵੱਲ ਅਕਬਰ ਖਾ ਜਾਣ ਵਾਲੀਆਂ ਅੱਖਾਂ ਨਾਲ ਝਾਕਿਆ।

ਕੋਤਵਾਲ ਜਿੰਨੀ ਤੇਜ਼ੀ ਨਾਲ ਗਿਆ, ਉਨੀ ਈ ਤੇਜ਼ੀ ਨਾਲ ਮੁੜਿਆ।

—ਹਜ਼ੂਰ, ਇਕ ਸ਼ਾਹੀ ਵਪਾਰੀ ਏ, ਮੇਧਾ ਖੱਤਰੀ ਨਾਂ ਏ। ਇਕ ਟੋਕਰੀ ਚੁੱਕੀ ਹੋਈ ਏ। ਆਖਦਾ ਏ, ਇਹ ਟੋਕਰੀ ਸ਼ਹਿਨਸ਼ਾਹ ਤੋਂ ਬਿਨਾਂ ਹੋਰ ਕਿਸੇ ਨੂੰ ਨਹੀਓਂ ਦੇ ਸਕਦਾ।

—ਕੀ ਹੈ ਟੋਕਰੀ ਵਿਚ ?' ਅਕਬਰ ਪਹਿਲਾਂ ਵਾਂਗ ਹੀ ਗੁੱਸੇ ਨਾਲ ਬੋਲਿਆ।

—ਵਿਖਾਂਦਾ ਨਹੀਂ ਹਜ਼ੂਰ। ਆਖਦਾ ਹੈ, ਬਾਦਸ਼ਾਹ ਨੂੰ ਹੀ ਵਖਾਣੀ ਏਂ।'

—ਕਿਧਰੋਂ ਆਇਆ ਹੈ ?'

—ਬਾਰ ਵਲੋਂ ਆਇਆ ਹੈ, ਪਿੰਡੀ ਤੋਂ, ਭੱਟੀ ਰਾਜਪੂਤਾਂ ਦਾ ਪਿੰਡ ਏ ਹਜ਼ੂਰ।'

ਅਕਬਰ ਸੋਚਣ ਲੱਗਾ, ਇਹ ਵਪਾਰੀ ਓਸ ਬਾਗ਼ੀ ਦੁੱਲੇ ਦੀ ਪਿੰਡੀ ਦਾ ਹੀ ਹੋ ਸਕਦਾ



ਹੈ। ਚਲੋ ਏਸ ਬਹਾਨੇ ਕੋਈ ਭੇਤ ਨਿਕਲ ਸਕਦਾ ਏ। —ਵੇਖਨੇ ਆਂ ਸ਼ਹਿਨਸ਼ਾਹ ਅੱਗੇ ਕੀ ਸੱਪ ਕੱਢਦਾ ਹੈ।....'ਲੰਘ ਆਉਣ ਦਿੱਤਾ ਜਾਵੇ—।'

ਪਹਿਰੇਦਾਰ ਪਿੱਛੇ ਹਟ ਗਏ। ਮੇਧਾ ਖੱਤਰੀ ਥਰ ਥਰ ਕੰਬਦਾ, ਰੋਂਦਾ ਸਿਰ ਉੱਪਰ ਲਾਲ ਕੱਪੜੇ ਨਾਲ ਢਕੀ ਟੋਕਰੀ ਚੁੱਕੀ ਕੋਤਵਾਲ ਦੇ ਪਿੱਛੇ ਤੁਰ ਪਿਆ। ਸਾਰੇ ਦਰਬਾਰੀ ਹੈਰਾਨ ਹੋਏ, ਇਸ ਮਾੜਚੂ ਜਿਹੇ ਵਪਾਰੀ ਵੱਲ ਤੱਕਣ ਲੱਗੇ। ਮੇਧੇ ਨੇ ਟੋਕਰੀ ਸ਼ਹਿਨਸ਼ਾਹ ਦੇ ਪੈਰਾਂ ਲਾਗੇ ਰੱਖ ਕੇ ਧਾਹ ਮਾਰੀ:

—ਦੁਹਾਈ ਹੈ ਹਜ਼ੂਰ।'

ਦਰਬਾਰੀਆਂ ਨੇ ਸਾਹ ਰੋਕ ਲਏ।

ਸ਼ਹਿਨਸ਼ਾਹ ਮੇਧੇ ਵੱਲ ਦਗ਼ਦੀਆਂ ਅੱਖਾਂ ਨਾਲ ਝਾਕਿਆ ਤਾਂ ਉਸਦੇ ਹੱਥ ਆਪ ਮੁਹਾਰੇ ਜੁੜ ਗਏ।

—ਮੈਂ ਸ਼ਾਹੂਕਾਰ ਹਾਂ ਹਜ਼ੂਰ। ਵਪਾਰ ਕਰਦਾ ਵਾਂ। ਸਾਂਦਲ ਬਾਰ ਦੇ ਦੁੱਲੇ ਭੱਟੀ ਨੇ ਮੈਨੂੰ ਤਬਾਹ ਕਰ ਦਿੱਤਾ ਈ ਹਜ਼ੂਰ।'

—ਸਾਫ਼ ਗੱਲ ਕਹਿ।' ਅਕਬਰ ਨੇ ਰੋਹਬ ਨਾਲ ਆਖਿਆ।

—ਹਜ਼ੂਰ ਬੱਗਾ ਮਲਕੀਰਾ, ਹਜ਼ੂਰ ਦੇ ਤਖ਼ਤ ਦਾ ਖ਼ੈਰ-ਖਵਾਹ ਵਪਾਰੀ ਏ। ਕਾਬਲ ਕੰਧਾਰ ਤੋਂ। ਉਹ ਹਜ਼ੂਰ ਲਈ ਤੋਹਫੇ ਲਈ ਕੇ ਆ ਰਿਹਾ ਸੀ। ਰਸਤੇ ਵਿਚ ਦੁੱਲੇ ਨੇ ਉਸ ਨੂੰ ਲੁੱਟ ਲਿਆ। ਫਿਰ ਮੈਨੂੰ ਮਾਲ ਖਰੀਦ ਕਰਨ ਲਈ ਬੁਲਾਇਆ ਹਜ਼ੂਰ। ਮੈਂ ਏਸ ਬਹਾਨੇ ਗਿਆ ਸਾਂ ਹਜ਼ੂਰ, ਲੁੱਟ ਦਾ ਮਾਲ ਖਰੀਦਕੇ ਹਜ਼ੂਰ ਦੀ ਭੇਟਾ ਕਰਾਂ। ਪਰ ਹਜ਼ੂਰ ਦੁੱਲੇ ਅਰ ਉਹਦੇ ਸਾਥੀਆਂ ਨੇ ਮੇਰਾ ਸਾਰਾ ਧਨ ਲੁੱਟ ਕੇ ਆਹ ਟੋਕਰੀ ਧੱਕੇ ਨਾਲ ਤਲਵਾਰ ਦੀ ਨੋਕ 'ਤੇ ਚੁਕਵਾ ਦਿੱਤੀ ਮੈਨੂੰ ਤੇ ਆਖਿਆ, ਬਾਦਸ਼ਾਹ ਨੂੰ ਭੇਟ ਕਰਕੇ ਆਵਾਂ। ਇਹ ਵੀ ਧਮਕੀ ਦਿੱਤੀ ਹਜ਼ੂਰ, ਜੇ ਭੇਟ ਕਰਨ ਨਾ ਗਿਆ ਤਾਂ ਸਿਰ ਲਾਹ ਦੇਵਾਂਗਾ।' ਮੇਧੇ ਦਾ ਰੋਣ ਨਿਕਲ ਗਿਆ ਤੇ ਉਹ ਮੋਟੇ ਮੋਟੇ ਹੰਝੂ ਡੇਗਣ ਲੱਗਾ।

—ਕੀ ਹੈ ਇਸ ਵਿਚ ?' ਅਕਬਰ ਟੋਕਰੀ ਵੱਲ ਤੱਕਣ ਲੱਗਾ।

—ਮੈਂ ਕੀ ਆਖਾਂ ਹਜ਼ੂਰ। ਮੇਰੀ ਔਕਾਤ ਈ ਕੀ ਏ ਆਖਣ ਦੀ। ਮੇਰੀ ਤਾਂ ਜੀਭ ਈ ਠਾਕੀ ਗਈ ਏ।' ਮੇਧੇ ਨੇ ਫੇਰ ਹੱਥ ਜੋੜੇ।

—ਕਪੜਾ ਹਟਾਓ ਇਸ ਉਪਰੋਂ।' ਅਕਬਰ ਨੇ ਕੋਤਵਾਲ ਨੂੰ ਹੁਕਮ ਦਿੱਤਾ।

ਸਭਨਾਂ ਦੀਆਂ ਅੱਖਾਂ ਟੋਕਰੀ ਉਪਰ ਜੰਮ ਗਈਆਂ।

ਕਪੜਾ ਹਟਾਉਂਦਿਆਂ ਹੀ ਕੋਤਵਾਲ ਘਬਰਾ ਕੇ ਇਕਦਮ ਪਿੱਛੇ ਹਟ ਗਿਆ। ਦਰਬਾਰੀਆਂ ਨੇ ਦੰਦਾਂ ਹੇਠ ਜੀਭਾਂ ਦੇ ਲਈਆਂ। ਉਹਨਾਂ ਦੀਆਂ ਅੱਖਾਂ ਟੱਡੀਆਂ ਗਈਆਂ।

ਟੋਕਰੀ ਵਿਚ ਬੱਗੇ ਮਲਕੀਰੇ ਦਾ ਸਿਰ ਪਿਆ ਸੀ।

ਅਕਬਰ ਗੁੱਸੇ ਵਿਚ ਸ਼ੇਰ ਵਾਂਗ ਦਹਾੜਿਆ—'ਓਸ ਗੁਸਤਾਖ਼ ਦੀ ਏਨੀ ਜੁਅਰਤ ?

ਏਨੀ ਹਿਮਾਕਤ ? ਕੌਣ ਹੈ ਇਹ ਦੁੱਲਾ, ਜਿਹੜਾ ਹਿੰਦ ਦੇ ਸ਼ਹਿਨਸ਼ਾਹ ਨੂੰ ਅੱਖਾਂ ਵਖਾਣ ਲੱਗਾ ਹੈ।'

ਬਦਾਯੂਨੀ ਖ਼ਿਮਾ ਮੰਗਦਿਆਂ ਅੱਗੇ ਆਇਆ;

—ਬਾਦਸ਼ਾਹ ਸਲਾਮਤ, ਹਜ਼ੂਰ ਦਾ ਇਕਬਾਲ ਬੁਲੰਦ ਰਹੇ.....'

—ਪਹਿਲੇ ਇਸਨੂੰ ਹਟਾਓ ਏਥੋਂ।' ਸ਼ਹਿਨਸ਼ਾਹ ਨੇ ਟੋਕਰੀ ਵੱਲ ਘ੍ਰਿਣਾ ਨਾਲ ਇਸ਼ਾਰਾ

ਕੀਤਾ। ਫੇਰ ਹੁਕਮ ਦਿੱਤਾ—'ਤੇ ਏਸ ਸ਼ਾਹੂਕਾਰ ਦੇ ਪੰਦਰਾਂ ਕੋੜੇ ਮਾਰਕੇ ਕਿੱਲ੍ਹੇ ਵਿਚੋਂ ਬਾਹਰ ਕੱਢ ਦਿਉ। ਇਸ ਨੇ ਸ਼ਾਹੀ ਦਰਬਾਰ ਵਿਚ ਮੂਰਖਤਾ ਕੀਤੀ ਹੈ।' ਪਹਿਰੇਦਾਰ ਝੱਟ ਟੋਕਰੀ ਚੁੱਕ ਕੇ ਤੇ ਮੇਧੇ ਖੱਤਰੀ ਨੂੰ ਫੜ ਕੇ ਪਾਸੇ ਲੈ ਗਏ।....

ਸ਼ਹਿਨਸ਼ਾਹ ਬਦਾਯੂਨੀ ਵੱਲ ਤੱਕਿਆ:

—ਇਹ ਦੁੱਲਾ ਸਾਂਦਲ ਬਾਰ ਦਾ ਰਾਠੌਰ ਰਾਜਪੂਤ ਏ। ਹਜ਼ੂਰ ਨੂੰ ਯਾਦ ਹੋਣਾ, ਬਹੁਤ ਵਰ੍ਹੇ ਪਹਿਲਾਂ, ਇਸ ਦੀ ਮਾਂ ਲੱਧੀ ਨੂੰ ਬੁਲਾਕੇ ਹਜ਼ੂਰ ਨੇ ਸਮਝਾਇਆ ਸੀ, ਏਸ ਗੰਵਾਰ ਲੜਕੇ ਨੂੰ ਕਿਸੇ ਚੰਗੇ ਮੌਲਵੀ ਤੋਂ ਤਾਲੀਮ ਦੁਆਈ ਜਾਵੇ। ਹਜ਼ੂਰ ਦੀ ਇੱਛਾ ਸੀ, ਏਸ ਜੰਗਲੀ ਘੋੜੇ ਨੂੰ ਤਾਲੀਮ ਦੀ ਲਗਾਮ ਦੇ ਕੇ ਏਥੇ ਦਰਬਾਰ ਵਿਚ ਕੋਈ ਨੌਕਰੀ ਦੇ ਕੇ, ਸ਼ਾਹੀ ਰਹਿਤਲ ਦੀ ਚਕਾ ਚੂੰਧ ਵਿਖਾ ਕੇ ਤਖ਼ਤ ਦਾ ਜੀ ਹਜ਼ੂਰੀਆ ਬਣਾ ਦਿਆਂਗੇ। ਇਹਦੀ ਮਾਂ ਲੱਧੀ ਨੇ ਇਹਨੂੰ ਪੜ੍ਹਨੇ ਪਾਇਆ ਵੀ ਸੀ। ਪਰ ਇਹ ਅੱਥਰਾ ਮੌਲਵੀ ਨੂੰ ਕੁੱਟ ਕੇ ਮਦਰੱਸੇ ਵਿਚੋਂ ਦੌੜ ਗਿਆ ਸੀ। ਹੁਣ ਤੇ ਸਾਂਦਲ ਬਾਰ ਵਿਚ ਇਹਦੀ ਬੜੀ ਦਹਿਸ਼ਤ ਏ। ਵੱਡੇ ਵੱਡੇ ਰਾਠਾਂ ਚੌਧਰੀਆਂ ਦੇ ਪਸ਼ੂ ਖੋਹਲ ਕੇ ਲੈ ਜਾਂਦਾ ਏ, ਵਪਾਰੀਆਂ ਸ਼ਾਹੂਕਾਰਾਂ ਨੂੰ ਲੁੱਟਦਾ ਏ, ਤੇ ਕਹਿੰਦੇ ਨੇ ਗਰੀਬਾਂ 'ਚ ਤਕਸੀਮ ਕਰ ਦਿੰਦਾ ਏ। ਏਹ ਓਹੀਓ ਦੁੱਲਾ ਏ ਹਜ਼ੂਰ, ਜਿਸਦੇ ਬਾਪ ਔਰ ਦਾਦੇ ਨੂੰ ਹਜ਼ੂਰ ਦੇ ਹੁਕਮ ਨਾਲ ਲਾਹੌਰ ਦੇ ਦਰਵਾਜ਼ਿਆਂ ਵਿਚ ਲਟਕਾ ਛੱਡਿਆ ਸੀ।

—ਇਸਦਾ ਮਤਲਬ ਹੈ, ਇਹ ਗੁਸਤਾਖ਼ ਨੂੰ ਫਿਰ ਦੱਸਣਾ ਪਵੇਗਾ, ਕਿ ਤਖ਼ਤ ਨੂੰ ਅੱਖਾਂ ਵਿਖਾਉਣ ਦਾ ਹਸ਼ਰ ਕੀ ਹੁੰਦਾ ਹੈ ?'

—ਸਹੀ ਫੁਰਮਾਉਂਦੇ ਹੋ ਹਜ਼ੂਰ।' ਬਦਾਯੂਨੀ ਨੇ ਸਹਿਮਤੀ ਪ੍ਰਗਟਾਈ।

—ਜਾਓ, ਸੌ ਘੋੜ ਸਵਾਰ ਲੈ ਜਾਓ ਔਰ ਦੁੱਲੇ ਨੂੰ ਬੰਨ੍ਹ ਕੇ ਅਸਾਂ ਸਾਹਮਣੇ ਪੇਸ਼ ਕਰੋ।' ਹੁਕਮ ਦੇ ਕੇ ਸ਼ਹਿਨਸ਼ਾਹ ਕੋਤਵਾਲ ਵੱਲ ਝਾਕਿਆ।

—ਜੋ ਆਗਿਆ ਜਹਾਂ ਪਨਾਂਹ।' ਕੋਤਵਾਲ ਨੇ ਸਿਰ ਝੁਕਾਇਆ।

—ਖ਼ਿਆਲ ਰਹੇ, ਦੁੱਲਾ ਅਸਾਂ ਅੱਗੇ ਜਿੰਦਾ ਪੇਸ਼ ਹੋਣਾ ਚਾਹੀਦਾ ਹੈ।'

—ਜੀ ਹਜ਼ੂਰ।' ਦੁਬਾਰਾ ਸਲਾਮ ਕਰਕੇ ਕੋਤਵਾਲ ਸਬੰਧਤ ਅਧਿਕਾਰੀ ਨੂੰ ਬਾਦਸ਼ਾਹ ਦਾ ਫੁਰਮਾਨ ਪਹੁੰਚਾਉਣ ਲਈ ਚਲਿਆ ਗਿਆ।

ਸਲੀਮ ਅਕਬਰ ਦੇ ਕੁਝ ਨੇੜੇ ਹੋਇਆ—'ਅੱਬਾ ਹਜ਼ੂਰ ਮੈਂ ਕੁਝ ਆਖਣਾ ਚਾਹੁੰਦਾ ਹਾਂ।'

—ਕਹੋ, ਸ਼ਹਿਨਸ਼ਾਹ-ਏ-ਹਿੰਦ ਦੇ ਦਰਬਾਰ ਵਿਚ ਹਰ ਸ਼ਖ਼ਸ ਨੂੰ ਆਪਣੀ ਗੱਲ ਰੱਖਣ ਦਾ ਹੱਕ ਹੈ।'

—ਮੈਨੂੰ ਇਕ ਮੌਕਾ ਦਿੱਤਾ ਜਾਵੇ। ਮੈਂ ਵੇਖਣਾ ਚਾਹੁੰਦਾ ਹਾਂ, ਇਹ ਦੁੱਲਾ ਕੀ ਚੀਜ਼ ਹੈ।' ਆਗਿਆ ਹੋਵੇ ਤਾਂ ਮੈਂ ਖ਼ੁਦ ਜਾਣਾ ਚਾਹੁੰਦਾ ਹਾਂ।'

—ਅਸਾਂ ਨੂੰ ਸ਼ਾਹੀ ਮਰਯਾਦਾ ਵਿਚ ਰਹਿਣਾ ਹੁੰਦਾ ਹੈ। ਸ਼ਾਹੀ ਬਸ਼ਿੰਦੇ ਆਮ ਰਿਆਇਆ ਨਾਲ ਸਿੱਧੀ ਟੱਕਰ ਤੋਂ ਬਚਦੇ ਨੇ, ਉਹਨਾਂ ਨੂੰ ਬਚਣਾ ਵੀ ਚਾਹੀਦਾ ਹੈ, ਕਿਉਂਕਿ, ਉਹਨਾਂ ਦੇ ਸਿਰਾਂ ਉਪਰ ਨਿਜ਼ਾਮ ਦੀ ਜ਼ਿਮੇਵਾਰੀ ਹੁੰਦੀ ਹੈ। ਲਿਹਾਜ਼ਾ ਸ਼ਾਹੀ ਬਸ਼ਿੰਦਿਆਂ ਨੂੰ ਆਮ ਲੋਕਾਂ ਨਾਲ ਬਹੁਤਾ ਮੇਲ ਜੋਲ ਨਹੀਂ ਰੱਖਣਾ ਚਾਹੀਦਾ।' ਅਕਬਰ ਨੇ ਸਲੀਮ ਨੂੰ ਸ਼ਾਹੀ ਵਰਤਾਰੇ ਦੀ ਜਾਣਕਾਰੀ ਦਿੱਤੀ।



—ਸ਼ਹਿਨਸ਼ਾਹ ਏ-ਹਿੰਦ ਮੈਂ ਏਸ ਗੱਲ ਦਾ ਪੂਰਾ ਖ਼ਿਆਲ ਰੱਖਾਂਗਾ। ਪਰ ਮੇਰੀ ਇੱਛਾ ਹੈ.....ਪਿੰਡੀ ਵੱਲ.......।'

—ਨਹੀਂ ਸ਼ੇਖੂ ਬਾਬਾ, ਹਿੰਦ ਦੇ ਤਖ਼ਤ ਦਾ ਵਾਰਿਸ ਇਸ ਤਰ੍ਹਾਂ ਜਾਵੇ, ਇਹ ਤਖ਼ਤ ਨੂੰ ਮਨਜ਼ੂਰ ਨਹੀਂ ਹੈ। ਜਦ ਕਿ ਹਕੂਮਤ ਪਾਸ ਸੂਬੇਦਾਰਾਂ, ਫੌਜਦਾਰਾਂ, ਮਨਸਬਦਾਰਾਂ ਸਿਪਾਹਸਾਲਾਰਾਂ ਔਰ ਸਿਪਾਹੀਆਂ ਦੀ ਵੱਡੀ ਫੌਜ ਹੈ। ਤੇਰੇ ਕਰਨ ਲਈ ਹੋਰ ਬੜੇ ਕੰਮ ਨੇ। ਤੂੰ ਕਿਸੇ ਸੂਬੇ ਦੀ ਵਾਗਡੋਰ ਸੰਭਾਲਣੀ ਹੈ।'

—ਮੈਂ ਸਮਝਦਾ ਹਾਂ ਅੱਬਾ ਹਜ਼ੂਰ, ਇਹ ਕੰਮ ਬਿਨਾ ਕਿਸੇ ਝੜਪ ਤੋਂ ਹੋ ਸਕਦਾ ਹੈ।'

—ਤੂੰ ਜ਼ਿੱਦ ਕਰਨਾ ਏਂ ਸ਼ੇਖੂ ਬਾਬਾ।'

—ਜ਼ਿੱਦ ਨਹੀਂ, ਮੈਂ ਬੇਕਸੂਰ ਲੋਕਾਂ ਨੂੰ ਮਾਰੇ ਜਾਣ ਤੋਂ ਬਚਾਉਣਾ ਚਾਹੁੰਨਾ।'

—ਸਲੀਮ, ਜੰਗਲ ਵਿਚ ਸ਼ੇਰਾਂ ਔਰ ਚੀਤਿਆਂ ਨਾਲ ਭੇਡਾਂ ਬੱਕਰੀਆਂ, ਹਿਰਨ, ਹੋਰ ਵੀ ਕਮਜ਼ੋਰ ਜਾਨਵਰ ਹੁੰਦੇ ਨੇ। ਉਹ ਇਸ ਲਈ ਹੁੰਦੇ ਨੇ ਤਾਂ ਕਿ ਜਦ ਵਕਤ ਆਏਗਾ, ਇਹ ਕਮਜ਼ੋਰ ਜਾਨਵਰ, ਉਹਨਾਂ ਦੀ ਖ਼ੁਰਾਕ ਬਣ ਸਕਣ।'

—ਆਪ ਦੀਆਂ ਨਸੀਹਤਾਂ ਦਾ ਖ਼ਿਆਲ ਰਹੇਗਾ ਅੱਬਾ ਹਜ਼ੂਰ, ਮੈਂ ਤਿਆਰੀ ਕਰਦਾ ਵਾਂ।'

—ਇਕ ਤਜਰਬੇ ਦੇ ਤੌਰ 'ਤੇ ਤੇਰੀ ਪਰਖ਼ ਹੋਵੇਗੀ। ਇਹ ਤੇਰੇ ਲਈ ਇਕ ਵੰਗਾਰ ਵੀ ਹੋਵੇਗੀ।'

—ਮੈਨੂੰ ਮਨਜ਼ੂਰ ਹੈ ਅੱਬਾ ਹਜ਼ੂਰ।'

—ਨਿਹੱਥੇ ਨਹੀਂ ਜਾਣਾ। ਘੋੜ ਸਵਾਰ ਔਰ ਅੰਗ ਰਖਿਅਕ ਤੇਰੇ ਨਾਲ ਹੋਣਗੇ। ਝੜਪ ਉਦੋਂ ਕਰਨੀ ਹੈ, ਜਦ ਲੋੜ ਹੋਵੇ। ਤਾਕਤ ਦਿਖਾਉਣ ਨਾਲੋਂ ਤਾਕਤ ਦਾ ਡਰ ਵਧੇਰੇ ਕਾਰਗਰ ਹੁੰਦਾ ਹੈ।' ਅਕਬਰ ਨੇ ਹਦਾਇਤ ਕੀਤੀ।

—ਮੈਂ ਯਤਨ ਕਰਾਂਗਾ, ਦੁੱਲਾ ਸੁਲਾਹ ਸਫ਼ਾਈ ਨਾਲ ਲਾਹੌਰ ਆਉਣ ਲਈ ਰਾਜ਼ੀ ਹੋਵੇ।

—ਮੂਰਖ਼ ਨੂੰ ਵਡਿਆ ਕੇ ਉਹ ਕੰਮ ਕਰਵਾਇਆ ਜਾ ਸਕਦਾ ਹੈ, ਜਿਹੜਾ ਤਲਵਾਰ ਦੇ ਜ਼ੋਰ ਨਾਲ ਵੀ ਸ਼ਾਇਦ ਮੁਮਕਿਨ ਨਾ ਹੋਵੇ।' ਸ਼ਹਿਨਸ਼ਾਹ ਨੇ ਆਪਣੇ ਤਜਰਬੇ ਦੀ ਗੱਲ ਦੱਸੀ। ਫਿਰ ਹੁਕਮ ਦੇਣ ਵਾਂਗ ਕਿਹਾ—'ਕੂਚ ਦੀ ਤਿਆਰੀ ਕਰੋ। ਇਹ ਕੰਮ ਅਸਾਂ ਦੇ ਲਾਹੌਰ ਰਹਿੰਦਿਆਂ ਹੋ ਜਾਣਾ ਚਾਹੀਦਾ ਹੈ।'

ਸਲੀਮ ਝੱਟ ਉੱਠ ਖੜ੍ਹਾ ਹੋਇਆ।

ਅਦਬ ਵਜੋਂ ਸਾਰੇ ਦਰਬਾਰੀ ਵੀ ਉੱਠ ਖਲੋਤੇ।

ਇਸ ਵੇਲੇ ਮੇਧਾ ਖੱਤਰੀ ਕਿਲ੍ਹੇ ਤੋਂ ਬਾਹਰ ਆਪਣੇ ਪਿੰਡੇ ਉਪਰ ਪਈਆਂ ਲਾਸ਼ਾਂ ਨੂੰ ਪਲੋਸਦਾ ਫ਼ਟੇ-ਹਾਲ ਰੋਂਦਾ ਜਾ ਰਿਹਾ ਸੀ।

## 19.

ਸਹਿਜ਼ਾਦਾ ਸਲੀਮ ਦੇ ਪਿੰਡੀ ਵੱਲ ਰਵਾਨਾ ਹੋਣ ਤੋਂ ਪਹਿਲਾਂ ਹੀ ਕੋਤਵਾਲ ਦੇ ਹੁਕਮ ’ਤੇ ਪੱਚੀ ਘੋੜ ਸਵਾਰਾਂ ਦੀ ਇਕ ਟੁਕੜੀ ਦੁੱਲੇ ਭੱਟੀ ਨੂੰ ਫੜਨ ਲਈ ਕੂਚ ਕਰ ਗਈ ਸੀ। ਸਲੀਮ ਨੂੰ ਜਦ ਪਤਾ ਲੱਗਿਆ ਤਾਂ ਉਸਨੇ ਉਹਨਾਂ ਨੂੰ ਉਡੀਕ ਲੈਣਾ ਹੀ ਬਿਹਤਰ ਸਮਝਿਆ।

ਲਾਹੌਰ ਦਾ ਸੂਬੇਦਾਰ ਵੀ ਇਹੀ ਚਾਹੁੰਦਾ ਸੀ। ਉਸਨੇ ਬੜੀ ਅਧੀਨਗੀ ਨਾਲ ਸਹਿਜ਼ਾਦੇ ਸਲੀਮ ਨੂੰ ਕਿਹਾ: ‘ਹਜ਼ੂਰ ਆਪ ਖਾਹਮਖਾਹ ਪਰੇਸ਼ਾਨੀ ਵਿਚ ਪਏ ਹੋ। ਦੁੱਲੇ ਲਈ ਤਾਂ ਸਾਡੇ ਪੰਝੀ ਸਵਾਰ ਵਾਧੂ ਨੇ। ਦੇਖਣਾ ਕੱਲ੍ਹ ਨਹੀਂ ਤਾਂ ਪਰਸੋਂ ਦੁੱਲਾ ਕਿੱਲ੍ਹੇ ਦੇ ਬੰਦੀਖਾਨੇ ਵਿਚ ਹੋਵੇਗਾ।

—ਖ਼ੁਦਾ ਕਰੇ ਐਸਾ ਹੀ ਹੋਵੇ। ਇਨਸ਼ਾ-ਅੱਲਾਹ ਮੈਂ ਪਿੰਡੀ ਵੇਖਾਂਗਾ ਜ਼ਰੂਰ।’ ਸਲੀਮ ਨੇ ਆਖਿਆ ਅਤੇ ਆਪਣੇ ਮਨ ਵਿਚ ਹੀ ਪਿੰਡੀ ਜਾਣ ਦੀ ਤਰਕੀਬ ਸੋਚਣ ਲੱਗਾ।

* * * *

ਜਿਸ ਵੇਲੇ ਲਾਹੌਰੋਂ ਚੱਲੀ ਸ਼ਾਹੀ ਸਿਪਾਹੀਆਂ ਦੀ ਟੁਕੜੀ ਦੁੱਲੇ ਨੂੰ ਫੜਨ ਲਈ ਰਸਤੇ ਵਿਚ ਸੀ, ਉਸ ਸਮੇਂ ਸਾਕਲਾ ਅਤੇ ਸਫ਼ਦਰਾਬਾਦ ਦੀਆਂ ਜੂਹਾਂ ਦੇ ਪਾਰਲੇ ਜੰਗਲਾਂ ਵਿਚ ਦੁੱਲਾ ਅਤੇ ਉਸਦੇ ਸਾਥੀ ਸ਼ੇਰ ਦੇ ਸ਼ਿਕਾਰ ਨੂੰ ਨਿਕਲੇ ਹੋਏ ਸਨ। ਪਿਰਥਾ, ਰੂੜਾ, ਸਦੀਕ ਰਮਜ਼ਾ, ਸੈਦਾ ਕਾਣਾ, ਤਾਰੀ, ਲਹਿਣਾ ਅਤੇ ਅੱਜ ਪੰਜ ਨਵੇਂ ਗੱਭਰੂ ਵੀ ਨਾਲ ਸਨ। ਗਾਹਣਾ ਲੁਹਾਰ ਨਹੀਂ ਸੀ ਆਇਆ, ਉਹ ਲਗਾਤਾਰ ਹਥਿਆਰ ਕੁੱਟਣ ਲੱਗਾ ਹੋਇਆ ਸੀ। ਫੱਤੂ ਮਰਾਸੀ ਵੀ ਨਹੀਂ ਸੀ ਆਇਆ। ਉਸਨੇ ਝਿੜੀ ਵਾਲੇ ਖੂਹ ਉੱਪਰ ਹੀ ਆਖ ਦਿੱਤਾ ਸੀ,....‘ਮੈਂ ਸ਼ਿਕਾਰ ਕੀ ਕਰਨਾ ਹੋਇਆ, ਸ਼ੇਰ ਨੂੰ ਵੇਖ ਕੇ ਤਾਂ ਮੇਰਾ ਮੂਤਰ ਨਿਕਲ ਜਾਂਦਾ।’

—ਤੂੰ ਅਸਾਂ ਦੇ ਨਾਲ ਤਾਂ ਤੁਰ ਵੇਖਣਾ, ਅਸਾਂ ਨੂੰ ਵੇਂਹਦਿਆਂ ਈ ਸ਼ੇਰ ਨੇ ਮੂਤਰ ਦੇਣਾ।’ ਆਖ ਕੇ ਦੁੱਲਾ ਹੱਸਿਆ ਸੀ ਤਾਂ ਅੱਗੋਂ ਫੱਤੂ ਨੇ ਕਿਹਾ ਸੀ—‘ਏਨੇ ਚਿੱਕੜ ਵਿਚ ਸ਼ਿਕਾਰ ਕਿੱਦਾਂ ਕਰਨਾ ਫੇਰ? ਦੋਹਾਂ ਦਾ ਮੂਤਰ ਈ ਗੋਡੇ ਗੋਡੇ ਹੋ ਜਾਣਾ।’

ਫੱਤੂ ਦੀਆਂ ਗੱਲਾਂ ਯਾਦ ਕਰਕੇ ਹੁਣ ਵੀ ਕਈਆਂ ਦੇ ਚਿਹਰਿਆਂ ਉਪਰ ਹਾਸਾ ਆ ਗਿਆ।

ਅਜੇ ਉਹ ਜੰਗਲ ਦੇ ਅੰਦਰ ਗਏ ਨਹੀਂ ਸਨ। ਲਾਹੌਰ ਵਾਲੇ ਪਸਿਓਂ ਉੱਡਦੀ ਧੂੜ ਨੂੰ ਗਹੁ ਨਾਲ ਵੇਖਦਿਆਂ ਰੂੜੇ ਨੇ ਆਖਿਆ—‘ਕੋਈ ਸੌਦਾਗਰ ਆ ਰਿਹਾ ਲਗਦਾ ਏ।’

—ਮੈਨੂੰ ਤਾਂ ਲਗਦਾ ਕੋਈ ਵਾਹਰ ਏ, ਨਾਲ ਊਠ ਗੱਡਾ ਤਾਂ ਕੋਈ ਹੈ ਨਹੀਂ।’ ਸਦੀਕ ਨੇ ਆਪਣੀ ਸਮਝ ਅਨੁਸਾਰ ਕਿਹਾ।

—ਕਿਹੜਾ ਸ਼ਿਕਾਰ ਕਰਨਾ ਈ ਦੁੱਲਿਆ, ਜੰਗਲ ਵਾਲਾ ਕਿ........।’ ਪਿਰਥੇ ਨੇ ਪੁੱਛਿਆ।

—ਲਾਗੇ ਤਾਂ ਆਉਣ ਦਿਉ ਜਣਿਓਂ।’ ਦੁੱਲੇ ਨੇ ਲਾਪਰਵਾਹੀ ਨਾਲ ਆਖਿਆ।



ਧੂੜ ਦੇ ਬੱਦਲ ਪਲ ਪਲ ਨੇੜੇ ਆਉਂਦੇ ਗਏ।

ਘੋੜ ਸਵਾਰਾਂ ਦੀਆਂ ਸ਼ਾਹੀ ਵਰਦੀਆਂ ਨੂੰ ਵੇਖ ਕੇ ਦੁੱਲੇ ਨੇ ਆਖਿਆ—

—ਇਹ ਧਾੜ ਕਿਧਰੇ ਅਸਾਂ ਲਈ ਤਾਂ ਨਹੀਂ ਭੇਜੀ? ਮੇਧਾ ਖੱਤਰੀ ਬੱਗੇ ਦਾ ਸਿਰ ਲੈ ਕੇ ਲਾਹੌਰ ਪੁੱਜ ਗਿਆ ਹੋਣੈ ਤੇ ਅਕਬਰ ਵੀ ਤਾਂ ਅੱਜ ਕੱਲ ਲਾਹੌਰ ਵਿਚ ਏ।’

ਅਜੇ ਗੱਲਾਂ ਕਰ ਹੀ ਰਹੇ ਸਨ। ਜੰਗਲ ਅੰਦਰੋਂ ਸ਼ੇਰ ਦੇ ਗਰਜਣ ਦੀ ਆਵਾਜ਼ ਸੁਣੀ। ਏਨੇ ਵਿਚ ਘੋੜ ਸਵਾਰਾਂ ਦੇ ਟੋਲੇ ਨੇ ਦੁੱਲੇ ਹੋਰਾਂ ਨੂੰ ਆ ਘੇਰਿਆ।

—ਦੁੱਲਾ ਰਾਠ ਹੈ ਕੋਈ ਜਣਿਆਂ ਵਿਚੋਂ?’ ਘੋੜ ਸਵਾਰਾਂ ਦੇ ਮੋਹਰੀ ਨੇ ਪੁੱਛਿਆ।

ਜੰਗਲ ਅੰਦਰੋਂ ਸ਼ੇਰ ਫੇਰ ਗਰਜ਼ਿਆ।

—’ਵਾਜ ਨਈ੍ਹੰ ਸੁਣਦੀ ਪਈ। ਦੁੱਲਾ ਅੰਦਰ ਜੰਗਲ ’ਚ ਬੁੱਕਦਾ ਪਿਐ।’ ਸਦੀਕ ਨੇ ਚੋਭ ਲਾਈ।

—ਮੈਂ ਦੁੱਲੇ ਬਾਰੇ ਪੁੱਛਿਆ ਏ?’ ਸਵਾਰਾਂ ਦਾ ਮੋਹਰੀ ਫਿਰ ਬੋਲਿਆ।

—ਦੱਸ ਤਾਂ ਦਿੱਤਾ ਈ।’

—ਸਰਕਾਰੀ ਬੰਦਿਆਂ ਨੂੰ ਮਜ਼ਾਕ ਨਹੀਂ ਕਰੀਦੇ। ਜੋ ਪੁੱਛਨੇ ਆ ਦੱਸੋ। ਸ਼ੇਰਾਂ ਵਾਂਗ ਗਰਜਣਾਂ ਸਾਨੂੰ ਵੀ ਆਂਦਾ ਏ। ਲਾਹੌਰ ਤਲਬ ਕੀਤਾ ਜਾ ਸਕਦਾ ਵੇ।’

—ਇਹ ਧੌਂਸ ਇਹ ਕਿ.....?’ ਪਿਰਥਾ ਕੁਝ ਆਖਣ ਲੱਗਾ ਸੀ, ਦੁੱਲੇ ਨੇ ਝੱਟ ਇਸ਼ਾਰੇ ਨਾਲ ਵਰਜ ਦਿੱਤਾ।

—ਕੀਹਨੂੰ ਪਕੜਨ ਆਏ ਜੇ?’ ਦੁੱਲੇ ਨੇ ਨਰਮੀ ਨਾਲ ਪੁੱਛਿਆ।

—ਏਧਰ ਬਾਰ ਵਿਚ ਇਕ ਦੁੱਲਾ ਏ।’ ਇਕ ਸਿਪਾਹੀ ਬੋਲਿਆ।

—ਏਥੇ ਸਾਰੇ ਈ ਦੁੱਲੇ ਹੈਨ। ਧਾਅਨੂੰ ਕਿਹੜਾ ਦੁੱਲਾ ਚਾਹੀਦਾ ਏ।’ ਦੁੱਲੇ ਨੇ ਪੁੱਛਿਆ।

—ਦੁੱਲਾ ਨਹੀਂ ਜਾਣਦੇ? ਸ਼ਾਹੀ ਵਪਾਰੀਆਂ ਨੂੰ ਲੁੱਟਦਾ ਏ, ਧਾੜੇ ਮਾਰਦਾ ਏ ਤੇ ਖ਼ੁਦ ਨੂੰ ਸਾਂਦਲ ਬਾਰ ਦਾ ਬਾਦਸ਼ਾਹ ਸਮਝਦਾ ਏ। ਲਾਹੌਰ ਦੇ ਦਰਵਾਜ਼ਿਆਂ ਵਿਚ ਜਣੇ ਦੇ ਪਿਉ-ਦਾਦੇ......।

—ਬੱਸ, ਅੱਗੇ ਕੁਝ ਨਾ ਆਖੀਂ, ਸਮਝ ਗਏ ਆਂ ਅਸੀਂ, ਓਸ ਦੁੱਲੇ ਨੂੰ ਅਸੀਂ ਨਹੀਂ ਜਾਣਦੇ।’ ਰੂੜੇ ਦੇ ਇਸਤਰ੍ਹਾਂ ਅਚਾਨਕ ਭੜਕ ਪੈਣ ਤੋਂ ਸਿਪਾਹੀ ਹੈਰਾਨ ਰਹਿ ਗਏ।

—ਮੈਂ ਜਾਣਨਾਂ ਓਸ ਦੁੱਲੇ ਨੂੰ।’ ਦੁੱਲੇ ਨੇ ਅੱਗੇ ਹੁੰਦਿਆਂ ਕਿਹਾ।

—ਘੋੜੇ ਰੱਖਣ ਦੀ ਆਗਿਆ ਕਿਸ ਨੇ ਦਿੱਤੀ ਏ?’ ਘੋੜ ਸਵਾਰਾਂ ਦੇ ਮੋਹਰੀ ਨੇ ਫਿਰ ਰੋਹਬ ਨਾਲ ਪੁੱਛਿਆ।

—ਦੁੱਲੇ ਨੇ।’ ਦੁੱਲੇ ਦਾ ਇਕ ਹੱਥ ਮੁੱਛ ’ਤੇ ਚਲਾ ਗਿਆ।

—ਕਿਥੇ ਵੇ ਦੁੱਲਾ?’

—ਕਾਹਲੇ ਨਾ ਪਉ, ਇਕ ਸ਼ਰਤ ’ਤੇ ਦੱਸਾਂਗਾ।’

ਜੰਗਲ ਵਿਚੋਂ ਸ਼ੇਰ ਦੀ ਆਵਾਜ਼ ਫਿਰ ਸੁਣਾਈ ਦਿੱਤੀ।

—ਕੀ ਸ਼ਰਤ ਏ?’ ਮੋਹਰੀ ਨੇ ਕਾਹਲੀ ਨਾਲ ਪੁੱਛਿਆ।

ਅਸੀਂ ਸ਼ੇਰ ਦਾ ਸ਼ਿਕਾਰ ਕਰਨ ਨਿਕਲੇ ਆਂ। ਜੇ ਤੁਸਾਂ ਸ਼ੇਰ ਮਾਰ ਲਿਆ ਤਾਂ ਦੁੱਲਾ ਤੁਸਾਂ ਨਾਲ ਟੋਰ ਦਿਆਂਗੇ, ਜੇ ਅਸਾਂ ਸ਼ੇਰ ਮਾਰ ਲਿਆ ਤਾਂ ਮੁੱਛਾਂ ਮੁੰਨ ਕੇ ਲਾਹੌਰ ਦੇ ਰਾਹ ਪਾਵਾਂਗੇ। ਮਨਜ਼ੂਰ ਈ?’ ਦੁੱਲਾ ਵੰਗਾਰਨ ਵਾਂਗ ਮੋਹਰੀ ਦੀਆਂ ਅੱਖਾਂ ਵਿਚ ਸਿੱਧਾ ਝਾਕਿਆ।

ਘੋੜ ਸਵਾਰਾਂ ਦਾ ਮੋਹਰੀ ਦੁਚਿੱਤੀ ਵਿਚ ਪੈ ਗਿਆ।ਅਸੀਂ ਪੰਝੀ ਹਾਂ, ਇਹ ਦਸ-ਬਾਰਾਂ ਨੇ। ਜੇ ਸ਼ੇਰ ਨਾ ਵੀ ਮਾਰਿਆ ਗਿਆ ਤਾਂ ਵੀ ਇਹਨਾਂ ਉਪਰ ਭਾਰੂ ਰਹਾਂਗੇ। ਜੇ ਸ਼ੇਰ ਮਾਰ ਲਿਆ, ਦੁੱਲੇ ਦੀਆਂ ਮੁਸ਼ਕਾਂ ਬੰਨ੍ਹ ਕੇ ਸ਼ਹਿਨਸ਼ਾਹ ਸਾਹਮਣੇ ਪੇਸ਼ ਕਰਾਂਗੇ। ਇਨਾਮ, ਤੋਹਫੇ, ਕੀ ਪਤਾ 50 ਘੋੜਿਆਂ ਦਾ ਰੁਤਬਾ ਬਖਸ਼ ਦੇਣ। ਸੌਦਾ ਤਾਂ ਖ਼ਰਾ ਏ।.....ਉਹ ਆਪਣੇ ਮਤਾਹਿਤ ਘੋੜ ਸਵਾਰਾਂ ਵੱਲ ਝਾਕਿਆ। ਉਹਨਾਂ ਦੀ ਰਜ਼ਾਮੰਦੀ ਵੇਖ ਕੇ ਬੋਲਿਆ—'ਮਨਜ਼ੂਰ ਏ।'

—ਸਹੀ ਏ, ਤੁਸੀਂ ਸੱਜਿਓਂ ਵਧੋ, ਅਸੀਂ ਖੱਬਿਓਂ ਵਧਨੇ ਆਂ।' ਦੁੱਲੇ ਆਖਿਆ।

—ਨਹੀਂ, ਪਾਸੇ ਦੀ ਚੋਣ ਅਸਾਂ ਦੀ ਮਰਜ਼ੀ ਹੋਵੇਗੀ।' ਮੋਹਰੀ ਨੇ ਸ਼ਰਤ ਰੱਖੀ।

—ਮਨਜ਼ੂਰ ਏ।' ਦੁੱਲਾ ਬੋਲਿਆ।

—ਅਸੀਂ ਖੱਬਿਓਂ ਵਧਾਂਗੇ।'

—ਇਹ ਵੀ ਮਨਜ਼ੂਰ ਏ।ਪਾਸੇ ਦੀ ਚੋਣ ਕਰਨਾ ਤੁਸਾਂ ਦਾ ਹੱਕ ਏ।' ਦੁੱਲੇ ਕਿਹਾ

—ਠੀਕ ਏ, ਅਸੀਂ ਏਥੇ ਈ ਮਿਲਾਂਗੇ।' ਸਿਪਾਹੀਆਂ ਦੇ ਮੋਹਰੀ ਨੇ ਆਖਿਆ।

ਦੋਹਾਂ ਧਿਰ ਨੇ ਘੋੜਿਆਂ ਨੂੰ ਅੱਡੀਆਂ ਲਾਈਆਂ ਤੇ ਆਪੋ ਆਪਣੇ ਪਾਸਿਆਂ ਤੋਂ ਜੰਗਲ ਅੰਦਰ ਦਾਖ਼ਲ ਹੋ ਗਏ।

ਕਈ ਥਾਈਂ ਤਾਂ ਜੰਗਲ ਏਨਾ ਸੰਘਣਾ ਸੀ, ਦੁਪਹਿਰ ਵੇਲੇ ਵੀ ਰਾਤ ਪਈ ਜਾਪਦੀ ਸੀ। ਕੁਝ ਦੇਰ ਬਾਅਦ ਭਿਅਨਕ ਲਲਕਾਰੇ ਅਤੇ ਘੋੜਿਆ ਦੀ ਹਿਣਹਿਣਾਹਟ ਜੰਗਲ ਵਿਚ ਗੂੰਜਣ ਲੱਗੀ। ਕਦੇ ਕਿਸੇ ਜਾਨਵਰ ਦੀ ਡਰਾਉਣੀ ਚੀਕ ਵੀ ਸੁਣਦੀ। ਵੱਡੇ ਭਾਰੇ ਬਿਰਖਾਂ ਉਪਰ ਬੈਠੇ ਪਰਿੰਦੇ ਅਚਾਨਕ ਚਿਲਚਲਾਹਟ ਕਰਦੇ ਉੱਡਣ ਲੱਗੇ। ਥੋੜੀ ਦੇਰ ਬਾਅਦ ਸ਼ੇਰ ਦਹਾੜਿਆ ਜਿਵੇਂ ਕਿਸੇ ਉੱਪਰ ਝੱਪਟਿਆ ਹੋਵੇ। ਪੰਛੀਆਂ, ਬਾਂਦਰਾਂ ਅਤੇ ਗਾਲ੍ਹੜਾਂ ਨੇ ਕੁਰਲਾਹਟ ਮਚਾ ਦਿੱਤੀ।

ਜੰਗਲ ਦੀ ਸ਼ਾਂਤੀ ਭੰਗ ਹੋ ਗਈ। ਛੋਟੇ ਜਾਨਵਰਾਂ ਅਤੇ ਪੰਛੀਆਂ ਲਈ ਪਰਲੋ ਆ ਗਈ।

ਦੁਪਹਿਰਾਂ ਢਲ ਰਹੀਆਂ ਸਨ।ਇਕ ਇਕ ਕਰਕੇ ਘੋੜ ਸਵਾਰ ਜੰਗਲ ਵਿਚੋਂ ਬਾਹਰ ਆਉਣ ਲੱਗ ਪਏ।ਰੁੱਖਾਂ ਦੀਆਂ ਟਾਹਣੀਆਂ ਅਤੇ ਕੰਡੇਦਾਰ ਝਾੜੀਆਂ ਕਾਰਨ ਬਹੁਤ ਜਣੇ ਜ਼ਖ਼ਮੀ ਸਨ।

ਕੁਝ ਦੇਰ ਬਾਅਦ ਦੁੱਲਾ ਵੀ ਬਾਹਰ ਆ ਗਿਆ।ਉਸਦੀ ਖੱਬੀ ਬਾਂਹ ਵਿਚੋਂ ਖ਼ੂਨ ਸਿੰਮ ਰਿਹਾ ਸੀ। ਪਗੜੀ ਦਾ ਲੜ ਕਿਸੇ ਟਾਹਣੀ ਵਿਚ ਅੜ ਕੇ ਖੁਲ੍ਹ ਗਿਆ ਸੀ ਤੇ ਮੋਢੇ ਉਪਰ ਲਮਕ ਆਇਆ ਸੀ।ਬਾਹਰ ਆਉਂਦਿਆਂ ਹੀ ਦੁੱਲੇ ਨੇ ਪਹਿਲਾਂ ਪਗੜੀ ਦਾ ਲੜ ਟੁੰਗਿਆ। ਉਸਨੂੰ ਖ਼ਾਲੀ ਹੱਥ ਖੜ੍ਹਾ ਵੇਖ ਕੇ ਸ਼ਾਹੀ ਸਵਾਰਾਂ ਦੀ ਟੁਕੜੀ ਦੇ ਚਿਹਰਿਆਂ ਉਪਰ ਰੌਣਕ ਆ ਗਈ।

ਥੋੜ੍ਹੀ ਦੇਰ ਬਾਅਦ ਉਹ ਕੀ ਵੇਖਦੇ ਹਨ, ਜੰਗਲ ਵਿਚੋਂ ਨਿਕਲੇ ਦੋ ਜਣਿਆਂ ਨੇ ਦੋ ਘੋੜਿਆਂ ਪਿੱਛੇ ਸ਼ੇਰ ਬੰਨ੍ਹਿਆਂ ਹੋਇਆ ਹੈ ਤੇ ਉਸਨੂੰ ਘੜੀਸੀ ਲਈ ਆ ਰਹੇ ਹਨ। ਸਿਪਾਹੀ ਘੋੜ ਸਵਾਰਾਂ ਦੇ ਚਿਹਰਿਆਂ ਉੱਪਰ ਪਿਲੱਤਣਾਂ ਫਿਰ ਗਈਆਂ।

ਦੁੱਲਾ ਹੁਣ ਅਗਾਂਹ ਵਧਿਆ।ਉਹਨਾਂ ਦੇ ਬਿਲਕੁਲ ਨੇੜੇ ਚਲਿਆ ਗਿਆ।ਪੁੱਛਿਆ; 'ਜਾਣਨਾ ਈ ਦੁੱਲਾ ਕੌਣ ਏ ?'



—ਏਹੀ ਜਾਨਣ ਤਾਂ ਆਏ ਸਾਂ, ਤੈਂ ਤਾਂ ਅਸਾਂ ਨੂੰ.....।'

—ਆਹ ਖੜ੍ਹਾ ਈ ਦੁੱਲਾ।ਸਾਂਦਲ ਬਾਰ ਦਾ ਸਰਦਾਰ ਦੁੱਲਾ ਭੱਟੀ।ਤੁਸਾਂ ਦੇ ਬਾਦਸ਼ਾਹ ਦੀ ਅੱਖ ਦਾ ਕਸੀਰ।' ਦੁੱਲੇ ਦਾ ਹੱਥ ਫੇਰ ਮੁੱਛ 'ਤੇ ਚਲਿਆ ਗਿਆ।

ਘੋੜ ਸਵਾਰਾਂ ਦਾ ਮੋਹਰੀ ਤਲਵਾਰ ਦੇ ਦਸਤੇ ਨੂੰ ਹੱਥ ਪਾਉਂਦਾ ਵੇਖ ਕੇ, ਪਿਰਥੇ ਨੇ ਲਲਕਾਰਾ ਮਾਰਿਆ—'ਖਬਰਦਾਰ।'

ਝੱਟ ਆਹਮੋ ਸਾਹਮਣੇ ਬਰਛੇ ਤਣ ਗਏ।'

—ਮੁੱਛਾਂ ਮੁੰਡਵਾਉਣ ਲਈ ਤਿਆਰ ਹੋ ਜਾਉ।' ਦੁੱਲੇ ਨੇ ਸਹਿਜ ਭਾਅ ਆਖਿਆ।

—'ਸਦੀਕ ਉਸਤਰਾ ਹੈ ਈ ਕਿ ਤਲਵਾਰ ਨਾਲ ਈ.....।'

ਦੁੱਲੇ ਦੇ ਸਾਥੀ ਹੱਸ ਪਏ। ਮੁਖੀਏ ਨੇ ਮਿਆਨ ਵਿਚੋਂ ਅੱਧੀ ਤਲਵਾਰ ਬਾਹਰ ਖਿੱਚ ਲਈ।

—ਇਹ ਅਸੂਲ ਦੀ ਲੜਾਈ ਏ। ਅਸਾਂ ਇਕ ਖੇਡ ਖੇਡੀ ਏ, ਤੁਸੀਂ ਹਾਰ ਗਏ ਜੇ। ਸ਼ਰਤ ਦੇ ਉਲਟ ਕੋਈ ਹਰਕਤ ਨਹੀਂ ਕਰਨੀ।ਹੁਣ ਏਥੇ ਦੁੱਲੇ ਦੀ ਜਦ ਵਿਚ ਫਿਰਦੇ ਓਂ।ਏਥੇ ਤੇਰੇ ਬਾਦਸ਼ਾਹ ਦੇ ਕਾਇਦੇ ਕਨੂੰਨ ਨਹੀਂਓਂ ਚੱਲਦੇ।ਏਥੇ ਦੁੱਲੇ ਦੀ ਬਾਦਸ਼ਾਹੀ ਏ।ਅੱਖਾਂ ਨੀਵੀਆਂ ਕਰ ਲਉ ਜਣਿਓਂ।ਜੇ ਕੁਝ ਕਰ ਬੈਠੇ ਤਾਂ ਕਬਰਾਂ ਨਸੀਬ ਨਹੀਓਂ ਹੋਣੀਆਂ।ਕਾਂ ਕੁੱਤੇ, ਗਿੱਦੜ ਖਾਣਗੇ ਲੋਥਾਂ।ਰੂੜਿਆ, ਲਾਹੋ ਇਹਨਾਂ ਨੂੰ ਘੋੜਿਆ 'ਤੋਂ।ਹੁਣ ਇਹਨਾਂ ਦੁੱਲੇ ਸਾਹਮਣੇ ਘੋੜਿਆਂ ਉਪਰ ਬੈਠਣ ਦਾ ਹੱਕ ਗੁਆ ਲਿਆ ਏ।'

ਦੁੱਲੇ ਦੇ ਤੇਵਰ, ਸਬਰ ਅਤੇ ਹੌਸਲਾ ਵੇਖਕੇ ਸ਼ਾਹੀ ਟੁਕੜੀ ਦਾ ਮੁਖੀਆ ਕੰਬਣ ਲੱਗਾ।ਉਹ ਦੁੱਲੇ ਵਲ ਝਾਕਿਆ।ਉਸ ਕੋਲੋਂ ਹੱਥ ਭਰ ਲੰਮਾ, ਤਕੜੀ ਦੇਹ, ਕੁੰਢੀਆਂ ਮੁੱਛਾਂ, ਮੂੰਗਲੀਆਂ ਵਰਗੀਆਂ ਬਾਹਾਂ, ਥਮ੍ਹਲੇ ਵਰਗੇ ਪੱਟ।......ਜਾਨ ਬਖਸ਼ੀ ਲਈ ਉਸਦੇ ਹੱਥ ਜੁੜ ਗਏ।

—ਸ਼ਰਤ ਪੂਰੀ ਕਰੋ।ਦੁੱਲਾ ਖ਼ਿਮਾ ਕਰਨ ਵੀ ਜਾਣਦਾ ਈ।'

ਸ਼ਾਹੀ ਟੁਕੜੀ ਆਪਣੇ ਆਗੂ ਦਾ ਇਸ਼ਾਰਾ ਪਾ ਕੇ ਘੋੜਿਆਂ ਉਪਰੋਂ ਹੇਠਾਂ ਉਤਰ ਆਈ।

****

ਸ਼ਾਮਾਂ ਪੈ ਗਈਆਂ ਸਨ।

ਲੋਕਾਂ ਵੇਖਿਆ ਸ਼ਾਹੀ ਸੈਨਾ ਦੇ ਕੁਝ ਸਿਪਾਹੀ, ਮੂੰਹ ਢਕੀ, ਪੈਦਲ ਲਾਹੌਰ ਵਲ ਜਾ ਰਹੇ ਸਨ।ਉਹ ਹੈਰਾਨ ਸਨ, ਬਾਦਸ਼ਾਹ ਨੂੰ ਏਨੀਆਂ ਭੀੜਾਂ ਪੈ ਗਈਆਂ, ਸਿਪਾਹੀਆਂ ਲਈ ਘੋੜੇ ਵੀ ਨਹੀਂ ਜੁੜਦੇ।

ਰਸਤੇ ਵਿਚ ਇਕ ਸਿਪਾਹੀ ਨੇ ਆਪਣੇ ਮੁਖੀਏ ਨੂੰ ਪੁੱਛਿਆ-'ਜਨਾਬ ਆਪਾਂ ਉਹਨਾਂ ਨਾਲ ਇਕ ਦੋ ਹੱਥ ਤਾਂ ਵੇਖਦੇ।ਉਹ ਆਪਣੇ ਨਾਲੋਂ ਅੱਧੇ ਸਨ ?'

—ਬਗ਼ਾਨੀ ਜੂਹ 'ਚ ਸਰਕਾਰੀ ਬੰਦਿਆਂ ਦਾ ਕੋਈ ਹਮਾਇਤੀ ਨਹੀਂ ਹੁੰਦਾ। ਏਹੀ ਸੋਚ ਕੇ ਤਾਂ ਮੈਂ.......।ਏਥੇ ਲਾਹੌਰ ਵੱਲ ਹੁੰਦਾ, ਫੇਰ ਵੇਖਦਾ ਮੇਰੇ ਹੱਥ।'

—ਹਾਂ ਉਹਨੇ ਆਖਿਆ ਵੀ ਸੀ, ਕਬਰਾਂ ਨਸੀਬ ਨਹੀਂ ਹੋਣੀਆਂ.......।' ਇਕ ਹੋਰ ਸਿਪਾਹੀ ਬੋਲਿਆ ਤੇ ਘਰੜੀਆਂ ਮੁੱਛਾਂ ਵਾਲੇ ਥਾਂ ਹੱਥ ਫੇਰਨ ਲੱਗਾ।

—ਅਜੇ ਤਾਂ ਲਾਹੌਰ ਬੜੀ ਦੂਰ ਈ— ।' ਇਕ ਹੋਰ ਸਿਪਾਹੀ ਬੋਲਿਆ।

ਸਾਰਿਆਂ ਦੀ ਚਾਲ ਥਕਾਵਟ ਕਾਰਨ ਮੱਠੀ ਪੈਣ ਲੱਗੀ ਸੀ।

* * * *

ਦੂਸਰੇ ਦਿਨ ਤ੍ਰਕਾਲਾਂ ਵੇਲੇ, ਮੂੰਹਾਂ ਉੱਪਰ ਪੱਲੇ ਲਈ ਸਿਪਾਹੀ ਲਾਹੌਰ ਦੀ ਜੂਹ ਵਿਚ ਦਾਖ਼ਲ ਹੋਏ।

ਤੇ ਉਸਤੋਂ ਅਗਲੇ ਦਿਨ ਕੋਤਵਾਲ ਨੇ ਸਿਪਾਹੀਆਂ ਨੂੰ ਸ਼ਾਹੀ ਦਰਬਾਰ ਵਿਚ ਪੇਸ਼ ਕੀਤਾ ਤਾਂ ਗੁੱਸੇ ਵਿਚ ਬਾਦਸ਼ਾਹ ਆਪਣੇ ਸਿੰਘਾਸਨ ਉਪਰੋਂ ਉੱਠ ਖੜ੍ਹਾ।

—ਕੌਣ ਹੈ ਇਹ ਬਦਬਖ਼ਤ ਜਿਹੜਾ ਲਾਹੌਰ ਤਖ਼ਤ ਦਾ ਨਿਰਾਦਰ ਕਰ ਰਿਹਾ ਹੈ ?' ਬਾਦਸ਼ਾਹ ਦੇ ਬੋਲਾਂ ਵਿਚ ਏਨੀ ਕੌੜ ਸੀ, ਜੇ ਦੋਸ਼ੀ ਸਾਹਮਣੇ ਹੋਵੇ ਤਾਂ ਉਸਨੂੰ ਕੱਚਾ ਚਬਾ ਜਾਵੇ।

—ਹਜ਼ੂਰ ਦੁੱਲਾ, ਦੁੱਲਾ ਭੱਟੀ।' ਕੋਤਵਾਲ ਨੇ ਧੀਮੀ ਸੁਰ ਵਿਚ ਕਿਹਾ।

—ਉਸਨੂੰ ਪਕੜਨ ਲਈ ਹੁਣ ਅਸਾਂ ਨੂੰ ਜਾਣਾ ਪਵੇਗਾ ਕੀ ?' ਅਕਬਰ ਨੇ ਕੋਤਵਾਲ ਵੱਲ ਕ੍ਰੋਧ ਨਾਲ ਤਕਦਿਆਂ ਪੁੱਛਿਆ।

—ਉਹ ਬੜਾ ਹੰਕਾਰਿਆ ਹੋਇਆ ਏ ਹਜ਼ੂਰ। ਹਜ਼ੂਰ ਦੀ ਸ਼ਾਨ ਵਿਚ ਵੀ ਬੜਾ ਕੁਝ ਬਕਦਾ ਰਹਿੰਦਾ ਏ।'

—ਤੇ ਅਸਾਂ ਦੇ ਸਿਪਾਹੀ ਤੀਵੀਆਂ ਤਰ੍ਹਾਂ ਮੂੰਹ ਮੁੰਡਵਾ ਕੇ ਨੱਠ ਆਏ। ਇਹਨਾਂ ਦੇ ਹੁਣ ਘੱਗਰੀਆਂ ਵੀ ਪਵਾ ਦਿਉ। ਪੰਜ ਪੰਜ ਕੋੜੇ ਲਗਾਕੇ ਪੂਰੇ ਸ਼ਹਿਰ ਵਿਚ ਘੁੰਮਾਓ, ਲਾਹੌਰ ਵਾਲੇ ਜਾਣ ਲੈਣ, ਸ਼ਹਿਨਸ਼ਾਹ-ਏ-ਹਿੰਦ ਦੀ ਫੌਜ ਵਿਚ ਕਿੰਨੇ ਬਹਾਦਰ ਸਿਪਾਹੀ ਨੇ।'

ਥਰ ਥਰ ਕੰਬਦੇ ਸਿਪਾਹੀਆਂ ਨੂੰ ਕੋਤਵਾਲ ਬਾਹਰ ਲੈ ਕੇ ਚਲਿਆ ਗਿਆ।

ਬਾਦਸ਼ਾਹ ਅਕਬਰ ਬਹੁਤ ਗੁੱਸੇ ਵਿਚ ਸੀ। ਦਰਬਾਰੀ ਸਹਿਮੇ ਹੋਏ ਸਨ। ਅਕਬਰ ਹੈਰਾਨ ਸੀ, ਕੋਈ ਬੰਦਾ ਏਨੀ ਜੁਅਰਤ ਵੀ ਕਰ ਸਕਦਾ ਹੈ। ਅਸਾਂ ਦੀਆਂ ਫੌਜਾਂ ਕੋਲੋਂ ਕਾਬਲ ਕੰਧਾਰ, ਦਿੱਲੀ-ਦੱਖਣ ਸਭ ਡਰਦੇ ਨੇ। ਕੀ ਹੈ ਇਹ ਸਾਂਦਲ ਬਾਰ ਔਰ ਉਸਦਾ ਗਰਾਂ ਪਿੰਡੀ ? ਏਸ ਬੰਦੇ ਨੂੰ ਕੋਈ ਡਰ-ਭੈਅ ਨਹੀਂ, ਇਲਮ ਨਹੀਂ ਅਸੀਂ ਉਸਦੇ ਬਾਪ-ਦਾਦੇ ਨਾਲ ਕੀ ਕਹਿਰ ਵਰਤਾਇਆ ਹੈ। ਉਹ ਜਾਣਦਾ ਨਹੀਂ ਜੇ ਬਾਲਪਨ ਦਾ ਬਾਦਸ਼ਾਹ ਇਹ ਕੁਝ ਕਰ ਸਕਦਾ ਹੈ ਤਾਂ ਹੁਣ ਕੀ ਕਰੇਗਾ ? ਵਪਾਰੀ ਦਾ ਸਿਰ ਅਸਾਂ ਨੂੰ ਭੇਟ ਕਰਨ ਦਾ ਕੀ ਮਕਸਦ ਹੋ ਸਕਦਾ ਹੈ ? ਭੱਟੀਆਂ ਦਾ ਬਾਗ਼ੀ ਲਹੂ ਅਜੇ ਹੈ ਉਸ ਅੰਦਰ ਜਾਂ ਉਸ ਔਰਤ ਦੇ ਦੁੱਧ ਅੰਦਰ ਹੀ ਏਨੀ ਅੱਗ ਹੈ ? ਕੁਝ ਚਿਰ ਤਾਂ ਸ਼ੇਖ਼ੂ ਬਾਬਾ ਨੇ ਵੀ ਉਸ ਔਰਤ ਦਾ ਦੁੱਧ ਪੀਤਾ ਹੈ, ਉਸ ਅੰਦਰ ਤਾਂ ਏਨੀ ਅੱਗ ਨਜ਼ਰ ਨਹੀਂ ਪੈਂਦੀ। ਬਹੁਤ ਵਰ੍ਹੇ ਪਹਿਲਾਂ ਹੀ ਮੈਂ ਜਾਣ ਗਿਆ ਸਾਂ— ਇਹ ਲੜਕਾ ਸ਼ੇਖ਼ੂ ਬਾਬਾ ਉੱਪਰ ਭਾਰੀ ਪਏਗਾ। ਅਚੂਕ ਨਿਸ਼ਾਨੇ ਲਾਉਂਦਾ ਸੀ ਤੇ ਘੋੜ ਸਵਾਰੀ ਵਿਚ ਕਮਾਲ ਸੀ। ਮੈਂ ਉਸ ਵੇਲੇ ਸੋਚਿਆ ਸੀ, ਇਹ ਲੜਕਾ ਜੁਆਨ ਹੋਕੇ ਤਕੜਾ ਯੋਧਾ ਬਣ ਸਕਦਾ ਹੈ, ਅਗਰ ਇਸਨੂੰ ਫੌਜ ਵਿਚ ਰੱਖ ਲਵਾਂ........

ਸੋਚਦਿਆਂ ਸੋਚਦਿਆਂ ਅਕਬਰ ਦੇ ਮੂੰਹੋਂ ਅਚਾਨਕ ਨਿਕਲਿਆ

—'ਤਕਲੀਆ......ਆ..... ।'

ਸਾਰੇ ਦਰਬਾਰੀ ਉਠਕੇ ਬਾਹਰ ਜਾਣ ਲੱਗੇ।



ਬਾਦਸ਼ਾਹ ਦੇ ਚਿਹਰੇ ਉੱਪਰ ਅਜੇ ਵੀ ਚਿੰਤਾ ਸੀ। ਸ਼ੇਖ਼ੂ ਬਾਬਾ ਨੇ ਕਿਹਾ ਸੀ, ਉਹ ਖ਼ੁਦ ਪਿੰਡੀ ਜਾਏਗਾ। ਰਵਾਨਾ ਤਾਂ ਨਹੀਂ ਹੋ ਗਿਆ। ਉਸਨੂੰ ਖ਼ਬਰਦਾਰ ਕਰਨਾ ਚਾਹੀਦਾ ਹੈ, ਚੌਕੰਨਾ ਰਹੇ, ਇਸ ਤਰ੍ਹਾਂ ਦੇ ਅੱਥਰੇ ਬੰਦੇ ਦਾ ਕੀ ਭਰੋਸਾ। ਵਸਾਹ ਨਾ ਕਰੇ।........

ਬਾਦਸ਼ਾਹ ਨਵੀਂ ਚਿੰਤਾ ਵਿਚ ਘਿਰ ਗਿਆ।

* * * *

ਸਲੀਮ ਕੁਝ ਸਿਪਾਹੀ ਅਤੇ ਅੰਗ ਰੱਖਿਅਕ ਲੈ ਕੇ ਪਿੰਡੀ ਵਲ ਰਵਾਨਾ ਹੋ ਗਿਆ। ਨਸ਼ੇ ਵਿਚ ਬਾਦਸ਼ਾਹ ਦੀ ਚਿੰਤਾ ਹੋਰ ਵਧ ਗਈ....ਸ਼ੇਖ਼ੂ ਬਾਬਾ ਨੂੰ ਸਮਝਾਇਆ ਤਾਂ ਬਹੁਤ ਸੀ, ਇਹ ਵੀ ਦੱਸਿਆ ਸੀ, ਬਾਦਸ਼ਾਹੀ ਮਰਯਾਦਾ ਕੀ ਹੁੰਦੀ ਹੈ। ਉਸਦੀ ਹਿਫਾਜ਼ਤ ਲਈ ਮਗਰ ਹੋਰ ਸੌ ਘੋੜ ਸਵਾਰ ਭੇਜਣੇ ਚਾਹੀਦੇ ਨੇ।......

ਆਪਣੀ ਅਰਾਮਗਾਹ ਵਿਚ ਬੇਚੈਨੀ ਨਾਲ ਘੁੰਮਦਿਆਂ ਅਕਬਰ ਨੂੰ ਇਹ ਵੀ ਯਾਦ ਨਹੀਂ ਸੀ, ਉਸਦੇ ਹੱਥ ਵਿਚ ਫੜਿਆ ਪਿਆਲਾ, ਉਸਦੇ ਰੇਸ਼ਮੀ ਲਿਬਾਸ ਉੱਪਰ ਛਲਕੀ ਜਾ ਰਿਹਾ ਹੈ। ਦੁੱਲਾ ਉਸਦੇ ਜਿਹਨ ਵਿਚ ਫਸਿਆ ਹੋਇਆ ਸੀ।......ਅਗਰ ਸੱਚ ਹੀ ਦੁੱਲਾ ਓਹੀ ਲੜਕਾ ਹੈ....... ਉਸ ਨੂੰ ਬਹੁਤ ਵਰ੍ਹੇ ਪਹਿਲਾਂ ਦੀ ਲਾਹੌਰ ਫੇਰੀ ਯਾਦ ਆ ਰਹੀ ਹੈ। ਉਸਦੇ ਸਵਾਗਤ ਲਈ ਖੇਡ ਤਮਾਸ਼ੇ ਔਰ ਮੰਨੋਰੰਜਨ ਦਾ ਪ੍ਰਬੰਧ ਕੀਤਾ ਗਿਆ ਸੀ।.....ਰੱਥਾਂ ਦੀ ਦੌੜ,......ਘੋੜਿਆਂ ਦੀ ਦੌੜ, ਕੁੱਕੜਾਂ-ਤਿੱਤਰਾਂ, ਬਟੇਰਿਆਂ ਦੀ ਲੜਾਈ, ਸਾਹਨਾਂ ਦੇ ਭੇੜ, ਤੀਰ ਅੰਦਾਜ਼ੀ, ਨਚਾਰਾਂ ਅਤੇ ਤਵਾਇਫਾਂ ਦੇ ਨਾਚ, ਕੁਸ਼ਤੀਆਂ, ਛਾਲਾਂ।......ਹੋਰ ਵੀ ਬੜਾ ਕੁਝ ਸੀ।

ਦੁੱਧ ਚਿੱਟੇ ਸ਼ਮਿਆਨੇ ਹੇਠ, ਸ਼ਾਹੀ ਠਾਠ ਦੇ ਜਲੌਅ ਵਿਚ ਖੀਵੇ ਹੋਏ ਅਕਬਰ ਨੂੰ ਇਕ ਦਰਬਾਰੀ ਨੇ ਆਖਿਆ ਸੀ।

—ਹਜ਼ੂਰ ਸਹਿਨਸ਼ਾਹ-ਏ-ਆਲਮ, ਏਥੇ ਇਕ ਬਾਰਾਂ ਕੁ ਵਰ੍ਹਿਆਂ ਦਾ ਲੜਕਾ ਆਇਆ ਏ, ਆਪਣੇ ਤੀਰਾਂ ਨਾਲ ਉੱਡਦੇ ਪਰਿੰਦੇ ਫੁੰਡਦਾ ਪਿਐ।'

—ਉਹ ਅਸਾਂ ਦੇ ਸ਼ੇਖ਼ੂ ਬਾਬਾ ਨਾਲੋਂ ਵੀ ਵੱਡਾ ਨਿਸ਼ਾਨਚੀ ਹੈ ?' ਅਕਬਰ ਨੇ ਘੁਮੰਡ ਨਾਲ ਪੁੱਛਿਆ।

—ਕੀ ਆਖ ਸਕਨੇ ਆਂ ਹਜ਼ੂਰ।'

—ਮੁਕਾਬਲੇ ਤਾਂ ਹੁੰਦੇ ਈ ਪਏ ਨੇ, ਓਸ ਗੰਵਾਰ ਲੜਕੇ ਦਾ, ਸ਼ੇਖ਼ੂ ਬਾਬਾ ਨਾਲ ਮੁਕਾਬਲਾ ਕਰਵਾਓ। ਖ਼ੂਬ ਮਜ਼ਾ ਆਏਗਾ।' ਅਕਬਰ ਨੇ ਖ਼ੁਸ਼ ਹੁੰਦਿਆਂ ਆਖਿਆ।

ਮੁਕਾਬਲੇ ਲਈ ਪ੍ਰਬੰਧ ਹੋਣ ਲੱਗਾ। ਤੀਰ ਅੰਦਾਜ਼ੀ ਲਈ ਵੱਖਰਾ। ਬੰਦੂਕਾਂ ਦੇ ਨਿਸ਼ਾਨੇ ਲਈ ਵੱਖਰਾ। ਬਾਂਸ ਗੱਡ ਕੇ ਉੱਪਰ ਕੁੱਜੇ ਮੂਧੇ ਮਾਰੇ ਗਏ। ਘੋੜ ਸਵਾਰੀ ਲਈ ਘੋੜੇ ਮੰਗਵਾ ਲਏ ਗਏ।

ਸ਼ਾਹੀ ਨਗਾਰਚੀ ਡੱਗੇ ਉਪਰ ਲਗਾਤਾਰ ਚੋਟਾਂ ਮਾਰੀ ਜਾ ਰਿਹਾ ਸੀ।

........ਉਹ ਸਾਰਾ ਦ੍ਰਿਸ਼ ਬਾਦਸ਼ਾਹ ਮੂਹਰੇ ਹੂ-ਬਹੂ ਸਾਕਾਰ ਹੋਇਆ ਹੈ.....ਉਸ ਵੇਲੇ ਅਸੀਂ ਸੋਚ ਰਹੇ ਸਾਂ......., ਕਿਧਰੇ ਇਹ ਨਾ ਹੋਵੇ, ਸ਼ੇਖ਼ੂ ਬਾਬਾ ਦਾ ਪਲੜਾ ਗਰਾਈਂ ਤੋਂ ਹਲਕਾ ਪੈ ਜਾਵੇ। ਰਿਆਇਆ ਵਿਚ ਸ਼ਾਹੀ ਨਮੋਸ਼ੀ ਦਾ ਅਰਥ ਪਤਾ ਨਹੀਂ ਕਿਸ ਤਰ੍ਹਾਂ ਲਿਆ ਜਾਵੇ। ਸ਼ੇਖ਼ੂ ਬਾਬਾ ਤਾਂ ਬਾਦਸ਼ਾਹੀ ਨੂਰ ਹੈ। ਅੱਗੇ ਜਾਕੇ ਉਸਨੇ ਤਖ਼ਤ ਦੀ ਵਾਗ ਡੋਰ ਸੰਭਾਲਣੀ ਹੈ। ਜੇ ਸ਼ੇਖ਼ੂ ਬਾਬਾ ਗਰਾਈਂ ਨਾਲੋਂ ਭਾਰੀ ਸਾਬਤ ਨਾ ਹੋਇਆ ਤਾਂ ਪਤਾ ਨਹੀਂ

ਉਸਦੇ ਮਨ ਉਪਰ ਕੀ ਅਸਰ ਪਵੇ। ਗਰਾਈਂ ਹਾਰ ਵੀ ਜਾਵੇ, ਕੋਈ ਫ਼ਰਕ ਨਹੀਂ ਪੈਣਾ। ਉਸਨੇ ਤਾਂ ਢੋਰ ਹੀ ਚਰਾਣੇ ਨੇ।.....ਮੈਂ ਇਕ ਦਰਬਾਰੀ ਨੂੰ ਸਮਝਾ ਵੀ ਦਿੱਤਾ ਸੀ।.....ਖ਼ਿਆਲ ਰਹੇ, ਗਰਾਈਂ ਏਸ ਮੁਕਾਬਲੇ ਵਿਚ ਹਾਰਨਾ-ਹੀ-ਹਾਰਨਾ ਹੈ।'

ਪਰ ਸਭ ਕੁਝ ਉਲਟ ਹੋ ਗਿਆ।

ਮੁਕਾਬਲੇ ਸ਼ੁਰੂ ਹੁੰਦਿਆਂ ਹੀ ਲੋਕਾਂ ਦੀ ਭੀੜ ਦੇ ਰੌਲੇ ਨੇ, ਲਾਹੌਰ ਸ਼ਹਿਰ ਸਿਰ ਉਪਰ ਚੁੱਕ ਲਿਆ ਜਿਵੇਂ।

ਤੀਰ ਅੰਦਾਜ਼ੀ ਹੋਈ, ਸ਼ੇਖ਼ੂ ਬਾਬਾ ਦਾ ਤੀਰ ਖੁੰਝ ਗਿਆ।

ਬੰਦੂਕ ਦਾ ਨਿਸ਼ਾਨਾ ਲਾਇਆ, ਪਹਿਲਾਂ ਤਾਂ ਗਰਾਈਂ ਬੰਦੂਕ ਚਲਾਉਣ ਤੋਂ ਡਰਿਆ, ਜਦੋਂ ਢੰਗ ਦਸਿਆ ਤਾਂ ਉਸਨੇ ਕੁੱਜੇ ਦੀਆਂ ਠੀਕਰੀਆਂ ਉਡਾ ਦਿੱਤੀਆਂ।

ਘੋੜ ਸਵਾਰੀ ਦੀ ਵਾਰੀ ਆਈ, ਸ਼ੇਖ਼ੂ ਬਾਬਾ ਦੋ ਵਾਰ ਘੋੜੇ ਉਪਰੋਂ ਡਿੱਗਦਾ ਡਿੱਗਦਾ ਬਚਿਆ।

ਗਰਾਈਂ ਬਾਜ਼ੀ ਮਾਰ ਗਿਆ।

.......ਅਸੀਂ ਤਾਂ ਨਮੋਸ਼ੀ ਵਿਚ ਉੱਠ ਕੇ ਚਲੇ ਆਏ ਸਾਂ। ਮੈਨੂੰ ਯਾਦ ਹੈ, ਦਰਬਾਰੀ ਵੀ ਫ਼ਿਕਰਮੰਦ ਸਨ। ਦੀਵਾਨ-ਏ-ਆਮ ਵਿਚ ਮੈਂ ਪੁੱਛਿਆ ਸੀ......'ਕੌਣ ਹੈ ਇਹ ਗੁਸਤਾਖ਼ ਗੰਵਾਰ ?'

—ਇਹ ਲੜਕਾ ਸਾਂਦਲ ਬਾਰ ਵਿਚ ਪਿੰਡੀ ਦਾ ਰਹਿਣ ਵਾਲਾ ਹੈ ਹਜ਼ੂਰ, ਦੁੱਲਾ ਨਾਮ ਹੈ।' ਇਕ ਦਰਬਾਰੀ ਨੇ ਦੱਸਿਆ ਸੀ।

ਤੇ ਜਦ ਉਹਨਾਂ ਤਫ਼ਸੀਲ ਨਾਲ ਦੱਸਿਆ ਤਾਂ ਮੈਂ ਕਿੰਨਾ ਹੈਰਾਨ ਹੋਇਆ ਸਾਂ.......
'ਇਹ ਗੰਵਾਰ ਓਹਨਾਂ ਬਾਗ਼ੀਆਂ ਦਾ ਤੁਖ਼ਮ ਹੈ ?'

—ਜੀ ਹਜ਼ੂਰ।'

—ਕੀ ਨਾਮ ਦੱਸਿਆ ਸੀ ?'

—ਦੁੱਲਾ, ਹਜ਼ੂਰੇ-ਆਲਾ।'

........ਮੈਂ ਉਦੋਂ ਵੀ ਫ਼ਿਕਰਾਂ ਵਿਚ ਸਾਂ, ਇਹ ਰੰਗ ਤਮਾਸ਼ੇ, ਇਹ ਮੁਕਾਬਲੇ, ਹੁਣ ਤਾਂ ਖੇਡਾਂ ਨੇ। ਕੱਲ੍ਹ ਨੂੰ ਇਹ ਕੋਈ ਖ਼ਤਰਨਾਕ ਸ਼ਕਲ ਵੀ ਅਖ਼ਤਿਆਰ ਕਰ ਸਕਦੇ ਨੇ। ਅਸਾਂ ਨੂੰ ਓਸ ਗੰਵਾਰ ਮੁੰਡੇ ਦੀਆਂ ਅੱਖਾਂ ਵਿਚ ਅਜੀਬ ਅੱਗ ਨਜ਼ਰ ਆਈ ਸੀ। ਐਸੀਆਂ ਨਜ਼ਰਾਂ, ਐਸੀਆਂ ਬਾਹਵਾਂ, ਐਸੀਆਂ ਫੁਰਤੀਆਂ ਕੱਲ੍ਹ ਨੂੰ ਬਾਦਸ਼ਾਹਤ ਲਈ ਖ਼ਤਰਾ ਬਣ ਸਕਦੀਆਂ ਨੇ। ਹੁਣ ਉਹ ਫ਼ਿਕਰ ਸੱਚ ਹੁੰਦੇ ਦਿਸ ਰਹੇ ਹਨ। ਬਾਗ਼ੀ ਲਹੂ ਦੇ ਬੀਜ ਅੰਦਰ ਚਿਣਗ ਤਾਂ ਮੈਂ ਵੇਖ ਲਈ ਸੀ, ਇਹ ਵੀ ਸੋਚਿਆ ਸੀ, ਏਸ ਅਗਨੀ ਨੂੰ ਭਾਂਬੜ ਨਹੀਂ ਬਣਨ ਦੇਣਾ। ਲਿਹਾਜ਼ਾ ਉਸਦੀ ਮਾਂ ਨੂੰ ਬੁਲਵਾ ਕੇ ਸਮਝਾਇਆ ਸੀ, ਇਸਨੂੰ ਤਾਲੀਮ ਦਿੱਤੀ ਜਾਵੇ।..... ਲਾਹੌਰ ਦਾ ਸੂਬੇਦਾਰ ਵੀ ਏਸ ਹੱਕ ਵਿਚ ਸੀ; ਉਸ ਆਖਿਆ ਸੀ—'ਏਸ ਗੰਵਾਰ ਨੂੰ ਦਰਬਾਰੀ ਰਹਿਤਲ ਦਾ ਸਬਕ ਪੜ੍ਹਾਨਾ ਲਾਜ਼ਮੀ ਏ। ਸ਼ਾਹੀ ਦਾਅ-ਪੇਚ ਏਹੀਓ ਆਖਦਾ ਹੈ ਹਜ਼ੂਰ, ਜਣਾ ਖੱਸੀ ਵੀ ਹੋ ਜਾਵੇ ਤੇ ਖੱਸੀ ਕਰਨ ਵਾਲੇ ਦੀ ਵਾਹ ਵਾਹ ਵੀ ਕਰੀ ਜਾਵੇ।..........

.......ਪਰ ਲਗਦਾ ਹੈ, ਅਸਾਂ ਦੀ ਸ਼ਾਹੀ ਨੀਤੀ ਵਿਚ ਹੀ ਕਿਧਰੇ ਨੁਕਸ ਰਹਿ ਗਿਆ। ਸੱਪ ਦੇ ਏਸ ਸਪੋਲੀਏ ਦੀ ਸਿਰੀ ਜੰਮਦਿਆਂ ਹੀ ਕੁਚਲ ਦੇਣੀ ਚਾਹੀਦੀ ਸੀ। ਹੁਣ ਕਰਨ ਵਾਲੇ ਤਾਂ ਹੋਰ ਵੱਡੇ ਕੰਮ ਪਏ ਨੇ। ਦੱਖਣ ਵੱਲ ਬਗਾਵਤ ਹੋ ਰਹੀ ਹੈ। ਮੁਹੰਮਦ ਹਾਕਿਮ



ਅੱਖਾਂ ਵਿਖਾਉਣ ਲੱਗਾ ਹੈ। ਕਸ਼ਮੀਰ ਦੀ ਤਰਫ਼ ਵੀ ਜਾਣਾ ਹੈ। ਇਹਨਾਂ ਮਮੂਲੀ ਗਰਾਵਾਂ, ਪਿੰਡਾਂ ਵਿਚ ਉਠਦੀਆਂ ਬਗਾਵਤਾਂ ਨਾਲ ਸਿੱਝਣ ਦਾ ਵਕਤ ਈ ਕਿਥੇ ਹੈ ? ਚਲੋ, ਦੇਖਦੇ ਹਾਂ, ਕੀ ਰੰਗ ਵਟਾਉਂਦਾ ਹੈ ਦੁੱਲਾ। ਇਹੋ ਜੇਹੇ ਸਿਰ ਫਿਰਿਆ ਪਿੱਛੇ ਆਪਣਾ ਸਿਰ ਖ਼ਰਾਬ ਕਰਨਾ ਵੀ ਸ਼ਾਹੀ ਤਖ਼ਤ ਦੀ ਤੌਹੀਨ ਹੈ। ਅਸਾਂ ਨੂੰ ਹੋਰ ਵੱਡੇ ਸੰਸੇ-ਫ਼ਿਕਰ ਨੇ। ਬੰਗਾਲ ਵੱਲ ਵੀ ਬਗਾਵਤ ਦਾ ਧੂੰਆਂ ਉੱਠਣ ਲੱਗਾ ਹੈ।.........

ਅਕਬਰ ਨੇ ਸਿਰ ਉੱਪਰੋਂ ਦੀ ਬਾਹਾਂ ਇਉਂ ਘੁੰਮਾਈਆਂ, ਜਿਵੇਂ ਸੋਚਾਂ ਅਤੇ ਫ਼ਿਕਰਾਂ ਦੀਆਂ ਗਿਰਝਾਂ ਨੂੰ ਉਡਾ ਰਿਹਾ ਹੋਵੇ। ਉਹ ਪਲੰਘ ਉਪਰ ਆ ਬੈਠਾ ਤੇ ਪਿਆਲਾ ਮੂੰਹ ਨੂੰ ਲਾਕੇ ਖ਼ਾਲੀ ਕਰ ਦਿੱਤਾ।........

ਪਲੰਘ ਉਪਰ ਵੱਡੇ ਸਿਰਹਾਣੇ ਨੂੰ ਢੋਅ ਲਾਕੇ ਅਧ-ਲੇਟਿਆ ਜਿਹਾ ਛੱਤ ਨੂੰ ਘੂਰਨ ਲੱਗਾ। ਨਸ਼ੇ ਵਿਚ ਹੋਣ ਦੇ ਬਾਵਜੂਦ, ਉਸਨੂੰ ਦੇਰ ਰਾਤ ਤੱਕ ਟੋਕਰੀ ਵਿਚ ਪਿਆ ਬੱਗੇ ਮਲਕੀਰੇ ਦਾ ਸਿਰ ਡਰਾਉਂਦਾ ਰਿਹਾ।

ਉਪਰ ਇਕ ਹੋਰ ਬਿਪਤਾ ਸ਼ੇਖ਼ੂ ਬਾਬਾ ਹੁਣ ਤੱਕ ਪਿੰਡੀ ਪੁੱਜ ਗਿਆ ਹੋਣਾ। ਅਗਰ ਮਲਕੀਰੇ ਵਾਂਗ, ਉਸਦਾ ਸਿਰ ਟੋਕਰੀ ਵਿਚ........'

—ਨਹੀਂ.....।' ਅੱਧ-ਸੁੱਤੇ ਜਿਹੇ ਨਸ਼ੱਈ ਅਕਬਰ ਦੀ ਭਿਆਨਕ ਲੇਰ ਵਰਗੀ ਆਵਾਜ਼ ਨਿਕਲੀ।

ਉਹ ਤ੍ਰਭੱਕ ਕੇ ਉੱਠ ਬੈਠਾ ਘਬਰਾ ਕੇ ਇਧਰ ਉਧਰ ਵੇਖਿਆ। ਕੋਈ ਨਹੀਂ ਸੀ। ਉਸਨੇ ਇਤਮੀਨਾਨ ਨਾਲ ਸਾਹ ਲਿਆ।

ਪਲੰਘ ਤੋਂ ਉਠਿਆ। ਹੱਥਾਂ ਦੀ ਪਿੱਛੇ ਕਰੰਗੜੀ ਪਾ ਲਈ ਤੇ ਡੂੰਘੇ ਫ਼ਿਕਰਾਂ ਵਿਚ ਗ੍ਰਸਿਆ ਇਧਰ ਤੋਂ ਉਧਰ ਚੱਕਰ ਕੱਟਣ ਲੱਗਾ।

ਰਾਤ ਜੂੰ ਦੀ ਤੋਰ ਰੀਂਗ ਰਹੀ ਸੀ।

## 20.

ਲਾਹੌਰ ਤੋਂ ਤੁਰਨ ਵੇਲੇ ਸਲੀਮ ਉਰਫ਼ ਸ਼ੇਖੂ ਬਾਬਾ ਦੁਬਿੱਧਾ ਵਿਚ ਸੀ।

........ਅੱਬਾ ਹਜ਼ੂਰ ਨੂੰ ਹਾਂ ਤਾਂ ਕਰ ਬੈਠਾਂ, ਜੇ ਦੁੱਲਾ ਮੇਰੀ ਪਕੜ ਵਿਚ ਨਾ ਆਇਆ। ਜੇ ਉਸਨੂੰ ਮੇਰੀ ਕਿਸੇ ਵੀ ਸਲਾਹ ਉਪਰ ਯਕੀਨ ਨਾ ਬੱਝਾ। ਜੇ ਉਲਟਾ ਮੇਰੇ ਉਪਰ ਹੀ ਹਮਲਾ ਕਰ ਦਿੱਤਾ। ਏਨੇ ਘੋੜ ਸਵਾਰਾਂ ਨਾਲ ਕੀ ਕਰਾਂਗਾ ਮੈਂ ? ਅੱਬਾ ਆਖਦਾ ਹੈ, ਕਿ ਇਕ ਬਾਦਸ਼ਾਹੀ ਮਰਯਾਦਾ ਹੁੰਦੀ ਹੈ। ਕੀ ਸੱਚ ਹੀ ਅਸਾਂ ਨੂੰ ਆਮ ਰਿਆਇਆ ਨਾਲੋਂ ਇਕ ਵਿੱਥ ਬਨਾਣੀ ਹੁੰਦੀ ਹੈ। ਪਰ, ਪਤਾ ਨਹੀਂ ਕੀ ਵਜਾਹ ਹੈ, ਦੁੱਲੇ ਦੀ ਸੂਰਮਗਤੀ ਮੈਨੂੰ ਏਨੀ ਰੜਕਦੀ ਨਹੀਂ। ਕੀ ਮੇਰੇ ਅੰਦਰ ਤਾਂ ਕੋਈ ਦੁੱਲਾ ਨਹੀਂ ਵੜ ਬੈਠਾ ? ਅੱਬਾ ਨੇ ਦੱਸਿਆ ਸੀ........ਮੈਂ ਵੀ ਕੁਝ ਸਮਾਂ ਉਸੇ ਮਾਂ ਦਾ ਦੁੱਧ ਚੁੰਘਿਆ ਹੈ। ਉਦੋਂ ਸ਼ਹਿਨਸ਼ਾਹ ਨੇ ਰਿਆਇਆ ਨਾਲ ਵਿੱਥ ਬਣਾ ਕੇ ਕਿਉਂ ਨਾ ਰੱਖੀ ? ਇਹ ਨਿਜ਼ਾਮ ਦੀ ਕੋਈ ਸਾਜ਼ਸ਼ ਸੀ ਜਾਂ ਇਕ ਬਾਪ ਦੀ ਮਜਬੂਰੀ ?....

ਅਨੇਕਾਂ ਸਵਾਲ, ਸਲੀਮ ਨੂੰ ਪ੍ਰੇਸ਼ਾਨ ਕਰ ਰਹੇ ਸਨ। ਆਖ਼ਰ ਉਸ ਫੈਸਲਾ ਲੈ ਲਿਆ, ਇਕ ਵਾਰ ਪਿੰਡੀ ਤਾਂ ਜ਼ਰੂਰ ਜਾਣਾ ਹੈ, ਰਵਾਨਾ ਹੋਣ ਵੇਲੇ ਅੱਬਾ ਨੂੰ ਵੀ ਮਿਲਣਾ ਨਹੀਂ, ਨਹੀਂ ਤਾਂ ਉਹਨਾਂ ਨੇ ਫੇਰ ਨਸੀਹਤਾਂ ਦੀ ਝੜੀ ਲਾ ਦੇਣੀ ਹੈ।......

ਤੇ ਸਲੀਮ, ਗਿਣਤੀ ਦੇ ਕੁਝ ਖ਼ਾਸ ਘੋੜਸਵਾਰ ਲੈ ਕੇ ਚੁੱਪ ਚੁਪੀਤੇ ਪਿੰਡੀ ਦੇ ਰਾਹ ਪੈ ਗਿਆ ਹੋਇਆ ਸੀ।

ਉਸਦੇ ਅੰਗ ਰਖਿਅਕ ਕੱਲ੍ਹ ਦੇ ਭਾਵੀ ਬਾਦਸ਼ਾਹ ਨੂੰ ਘੇਰੇ ਅੰਦਰ ਲਈ ਅੱਗੇ ਵਧਦੇ ਜਾ ਰਹੇ ਸਨ। ਸਲੀਮ ਸੋਚਾਂ ਵਿਚ ਘਿਰਿਆ ਹੋਇਆ ਸੀ। ਤੁਰਨ ਤੋਂ ਇਕ ਦਿਨ ਪਹਿਲਾਂ ਅੱਬਾ ਹਜ਼ੂਰ ਨਾਲ ਹੋਈ ਮੁਲਾਕਾਤ ਉਸਨੂੰ ਯਾਦ ਆ ਰਹੀ ਸੀ। ਉਸ ਵੇਲੇ ਤੱਕ ਕੋਤਵਾਲ ਦੀ ਭੇਜੀ ਟੁਕੜੀ, ਦੁੱਲੇ ਅਤੇ ਉਸਦੇ ਸਾਥੀਆਂ ਪਾਸੋਂ ਮੁੱਛਾਂ ਮੁੰਡਵਾ ਕੇ ਅਜੇ ਲਾਹੌਰ ਨਹੀਂ ਸੀ ਪੁੱਜੀ। ਮੈਂ ਅੱਬਾ ਹਜ਼ੂਰ ਨੂੰ ਕਿਹਾ ਸੀ—'ਮੈਂ ਦੁੱਲੇ ਦੀ ਮਾਂ ਨੂੰ ਸਲਾਮ ਕਰਨ ਦੇ ਬਹਾਨੇ ਜਾਵਾਂਗਾ, ਹੋ ਸਕਿਆ ਤਾਂ ਦੁੱਲੇ ਨੂੰ ਆਪਣਾ ਭਰਾ ਬਣਾ ਕੇ, ਲਾਹੌਰ ਸ਼ਹਿਰ ਦਿਖਲਾਵਣ ਦਾ ਲਾਲਚ ਦੇ ਕੇ ਕਿਲ੍ਹੇ ਅੰਦਰ ਲੈ ਆਵਾਂਗਾ।'

.....ਬੜਾ ਖੁਸ਼ ਹੋਏ ਸਨ ਅੱਬਾ ਹਜ਼ੂਰ। ਆਖਿਆ ਸੀ,—'ਸ਼ੇਖੂ ਬਾਬਾ ਤੇਰੀਆਂ ਰਗਾਂ ਵਿਚ ਸ਼ਾਹੀ ਖ਼ੂਨ ਹੈ, ਹਕੂਮਤਾਂ ਏਸੇ ਤਰ੍ਹਾਂ ਚਲਦੀਆਂ ਹਨ। ਅਸੀਂ ਦੁੱਲੇ ਨੂੰ ਬਿਨਾਂ ਖ਼ੂਨ ਡੋਲ੍ਹਿਆਂ ਕੈਦਖ਼ਾਨੇ ਵਿਚ............'

ਮੈਂ ਟੋਕਿਆ ਸੀ ਅੱਬਾ ਨੂੰ—'ਪਰ ਮੇਰੀ ਇਕ ਸ਼ਰਤ ਰਹੇਗੀ।'

—ਹੁਣ ਪੁੱਤਰ ਵੀ ਆਪਣੇ ਬਾਪ ਅੱਗੇ ਸ਼ਰਤਾਂ ਰੱਖਦਾ ਹੈ ?' ਉਹ ਹੈਰਾਨ ਹੋਏ ਸਨ।

—ਇਹਦੀ ਲੋੜ ਏ।' ਮੈਂ ਕਿਹਾ ਸੀ।

—ਆਖ ਮੰਨਣ-ਯੋਗ ਹੋਈ ਤਾਂ ਅਸੀਂ ਪਾਬੰਦ ਰਹਾਂਗੇ।'

—ਮੰਨਣੀ ਪਵੇਗੀ। ਸ਼ਹਿਨਸ਼ਾਹ-ਏ-ਹਿੰਦ ਨੂੰ ਵਾਅਦਾ ਦੇਣਾ ਹੋਵੇਗਾ।' ਮੈਂ ਪੁੱਤਰ



ਹੋਣ ਦੇ ਅਧਿਕਾਰ ਨਾਲ ਸਖ਼ਤ ਲਫਜ਼ਾਂ ਵਿਚ ਬੋਲਿਆ ਸਾਂ।........

—ਠੀਕ ਏ। ਕੀ ਆਖਣਾ ਚਾਹੁੰਦਾ ਹੈਂ ?'

—ਅਗਰ ਦੁੱਲਾ ਮੇਰੇ ਨਾਲ ਆਉਣ ਲਈ ਰਾਜ਼ੀ ਹੁੰਦਾ ਹੈ ਤਾਂ ਲਾਹੌਰ ਤੋਂ ਸਹੀ ਸਲਾਮਤ ਰੁਖ਼ਸਤ ਕਰਨਾ ਸ਼ਾਹੀ ਦਰਬਾਰ ਦੀ ਜ਼ਿਮੇਵਾਰੀ ਹੋਵੇਗੀ।'

—ਮੈਂ ਸ਼ੇਖੂ ਬਾਬਾ ਨੂੰ ਨਾਰਾਜ਼ ਨਹੀਂ ਕਰਾਂਗਾ।' ਅੱਬਾ ਹਜ਼ੂਰ ਸੁਸਤ ਜਿਹੇ ਬੋਲੇ ਸਨ।

—ਵਾਅਦਾ ਅੱਬਾ ਹਜ਼ੂਰ ?'

—ਪੱਕਾ।' ਉਹਨਾਂ ਨੇ ਤਸੱਲੀ ਦਿੱਤੀ ਸੀ। ਫਿਰ ਕਿਹਾ ਸੀ—'ਖਿਆਲ ਰਹੇ, ਸ਼ੇਖੂ ਬਾਬਾ ਕੋਈ ਆਮ ਸਖਸ਼ ਨਹੀਂ ਹੈ। ਉਹ ਸਹਿਜ਼ਾਦਾ ਵੀ ਹੈ ਔਰ ਦਿੱਲੀ-ਲਾਹੌਰ ਤਖ਼ਤ ਦਾ ਵਾਰਿਸ ਵੀ।'.........

ਪਿੰਡੀ ਦੀ ਜੂਹ ਅੰਦਰ ਵੜਦਿਆਂ ਸੋਚਾਂ ਦੀ ਲੜੀ ਟੁੱਟ ਗਈ। ਸਾਰੇ ਰੁਕ ਗਏ। ਸਸ਼ੋਪੰਜ ਵਿਚ ਪੈ ਗਏ। ਕਿਵੇਂ ਸਾਹਮਣਾ ਹੋਵੇਗਾ ਦੁੱਲੇ-ਭੱਟੀ ਨਾਲ ? ਰਾਹਗੀਰ ਅਤੇ ਹੋਰ ਲੋਕ ਉਹਨਾਂ ਵੱਲ ਹੈਰਾਨੀ ਨਾਲ ਵੇਖ ਰਹੇ ਸਨ। ਸਲੀਮ ਨੂੰ ਏਸ ਪਹਿਰਾਵੇ ਵਿਚ ਆਉਣ ਦਾ ਅਫਸੋਸ ਹੋਇਆ, ਸੋਚਿਆ, ਉਸਨੂੰ ਸਧਾਰਨ ਬੰਦਿਆਂ ਦੇ ਭੇਸ ਵਿਚ ਆਉਣਾ ਚਾਹੀਦਾ ਸੀ। ਚਲੋ ਖ਼ੁਦਾ ਨੂੰ ਜੋ ਮਨਜ਼ੂਰ ਹੈ, ਉਹੀ ਹੋਣਾ ਹੈ। ਜੇ ਲੋੜ ਪੈ ਗਈ ਅਸੀਂ ਏਨੇ ਕੁ ਜਣੇ ਪੰਜਾਹ ਸੱਠਾਂ ਉਪਰ ਤਾਂ ਭਾਰੂ ਰਹਾਵਾਂਗੇ।..........

ਸਲੀਮ ਦਾ ਇਸ਼ਾਰਾ ਪਾਕੇ ਸਾਰੇ ਫੇਰ ਤੁਰ ਪਏ।

ਪਿੰਡ ਲਾਗੇ ਪਹੁੰਚ ਕੇ ਇਕ ਗਰਾਈਂ ਨੂੰ ਸਿਪਾਹੀ ਨੇ ਪੁੱਛਿਆ:

—ਦੁੱਲੇ ਦਾ ਘਰ ਕਿਹੜੇ ਪਾਸੇ ਈ ਸੁਹਣਿਆਂ ?'

—ਕਿਧਰੋਂ ਆਏ ਜੇ ?' ਗਰਾਈਂ ਉਹਨਾਂ ਦੇ ਹਥਿਆਰਾਂ ਅਤੇ ਪਹਿਰਾਵੇ ਵੱਲ ਤੱਕਣ ਲੱਗਾ।

—ਲਾਹੌਰੋਂ ਆਏ ਆਂ।' ਉਸੇ ਘੋੜ ਸਵਾਰ ਨੇ ਦੱਸਿਆ।

—ਤੁਸਾਂ ਲੱਧੀ ਦੇ ਦੁੱਲੇ ਨੂੰ ਮਿਲਣਾ ਜੇ ?' ਗਰਾਈਂ ਨੇ ਫਿਰ ਪੁੱਛਿਆ।

—ਆਹੋ।'

—ਕੀ ਲੋੜ ਪੈ ਗਈ ?'

ਸਲੀਮ ਨੂੰ ਇਸ ਪੇਂਡੂ ਉੱਪਰ ਗੁੱਸਾ ਤਾਂ ਆਇਆ, ਪਰ ਉਸ ਜ਼ਾਹਰ ਨਹੀਂ ਹੋਣ ਦਿੱਤਾ। ਉਸਨੇ ਸੋਚਿਆ, ਲਾਹੌਰ, ਦਿੱਲੀ ਵਿਚ ਐਸੇ ਪੇਂਡੂ ਉਸ ਵੱਲ ਝਾਕਣ ਦੀ ਜੁਅਰਤ ਨਹੀਂ ਕਰਦੇ, ਇਹ ਅਸਾਂ ਨਾਲ ਬਹਿਸਣ ਲੱਗਾ ਹੋਇਆ। ਉਸਦਾ ਸਿਖਾਇਆ ਇਕ ਅੰਗ ਰਖਿਅਕ ਬੋਲਿਆ—'ਠਾਹਰ ਕਰਨੀ ਏ। ਰਾਤ ਰੁਕਾਂਗੇ ਤੇ ਫਜ਼ਰ ਵੇਲੇ ਤੁਰ ਪਵਾਂਗੇ। ਅੱਗੇ ਚੋਖਾ ਪੈਂਡਾ ਮਾਰਨਾ।'

—ਔਹ ਸਾਹਮਣੇ ਖੁਲ੍ਹਾ ਚਗਾਨ ਪਿਆ ਦਿਸਦਾ ਜੇ ਨਾ........ ?' ਗਰਾਈਂ ਨੇ ਬਾਂਹ ਲੰਮੀ ਕਰਕੇ ਇਸ਼ਾਰਾ ਕਰਦਿਆਂ ਪੁੱਛਿਆ।

—ਆਹੋ ਦਿੱਸਦਾ ਏ।'

—ਤੇ ਔਹ ਵੱਡੇ ਪਿੱਪਲ ਦੇ ਖੱਬੇ ਪਾਸੇ, ਓਥੇ ਪਹੁੰਚ ਕੇ ਪੁੱਛਣਾ, ਦੁੱਲੇ ਦੀ ਹਵੇਲੀ ਜਾਣਾ ਈ।'

—ਪੁੱਛਾਂਗੇ ਕੀਹਨੂੰ— ?' ਇਕ ਘੋੜ ਸਵਾਰ ਨੇ ਪੁੱਛਿਆ।

ਕੋਈ ਜਣਾ ਤਾਂ ਹੋਵੇਗਾ ਈ ਉਥੇ। ਨਹੀਂ ਤਾਂ ਉਂਜ ਈ ਹਾਕ ਦੇ ਦੇਣੀ, ਪਿੱਪਲ ਦੇ ਪੱਤਿਆਂ ਵੀ ਬੋਲ ਪੈਣਾ ਈ, ਦੁੱਲੇ ਦੀ ਹਵੇਲੀ ਕੇਹੜੀ ਏ। ਨਾ ਕੋਈ ਹੋਇਆ ਤਾਂ ਪਿੰਡੀ ਦੀਆਂ ਕੰਧਾਂ ਨੂੰ ਪੁੱਛ ਲੈਣਾ, ਉਹ ਵੀ ਦੱਸ ਦੇਵਣਗੀਆਂ—।' ਆਖਕੇ ਗਰਾਈਂ ਹੱਸਣ ਲੱਗਾ।

ਉਹ ਜਕੋ-ਤਕੀ ਵਿਚ ਤੁਰਨ ਲੱਗੇ ਤਾਂ ਗਰਾਈਂ, ਫੇਰ ਬੋਲਿਆ,—ਸਿੱਧੇ ਈ ਨਹੀਂ ਚਲੇ ਜਾਣਾ ਹਵੇਲੀ ਅੰਦਰ। 'ਵਾਜ਼ ਦੇ ਲੈਣਾ ਪਹਿਲਾਂ। ਦੁੱਲੇ ਦਾ ਗੁੱਸਾ ਬੜਾ ਡਾਹਢਾ ਈ, ਜੇ ਭੜਕ ਉਠਿਆ, ਫਿਰ ਛੇਤੀ ਵੱਤ ਨਹੀਂ ਆਉਣਾ। ਉਹ ਤਾਂ ਲਾਹੌਰ ਦੇ ਬਾਦਸ਼ਾਹ ਨੂੰ ਟਿੱਚ ਜਾਣਦਾ ਏ, ਹੋਰ ਕੀ ਆਖਾਂ। ਹਾਂ ਹਿੱਕ ਹੋਰ ਗੱਲ ਏ, ਜੇ ਉਹਦਾ ਵੱਡਾ ਭਾਈ ਜਾਨ ਮੇਹਰੂ ਪੋਸਤੀ ਹਵੇਲੀ ਹੋਇਆ ਫੇਰ ਕਾਈ ਡਰ ਨਹੀਂ। ਨਸ਼ਾ ਪੱਤਾ ਖੜ੍ਹਿਆ ਜੇ ਨਾਲ ?'

—ਨਸ਼ਾ ਵਾਧੂ ਏ। ਤੈਨੂੰ ਲੋੜ ਈ ਤਾਂ ਦੇਈਏ ?' ਘੋੜ ਸਵਾਰ ਨੇ ਪੁੱਛਿਆ।

—ਮੈਂ ਤਾਂ ਨਸ਼ਾ ਕਰਨ ਵਾਲਿਆਂ ਦੀ ਮਕਾਣੇ ਨਹੀਂ ਜਾਂਦਾ। ਮੇਹਰੂ ਪੋਸਤੀ ਨੂੰ ਦੇ ਛੱਡਣਾ।'

ਸਲੀਮ ਅਤੇ ਉਸਦੇ ਅੰਗ ਰਖਿਅਕਾਂ ਨੂੰ ਪਤਾ ਨਹੀਂ ਸੀ, ਇਹ ਪੇਂਡੂ ਦੁੱਲੇ ਦੀ ਢਾਣੀ ਦਾ ਰਮਜ਼ਾ ਸੀ, ਜਿਹੜਾ ਕਿਸੇ ਕੰਮ ਏਧਰ ਆਇਆ ਸੀ।

ਘੋੜ ਸਵਾਰ ਤੁਰ ਪਏ ਤਾਂ ਉਹਨਾਂ ਨੂੰ ਪੇਂਡੂ ਦੀ ਅਵਾਜ਼ ਫਿਰ ਸੁਣੀ ਉਹ ਖੜ੍ਹ ਗਏ।

—ਹਿੱਕ ਗੱਲ ਦਾ ਹੋਰ ਖਿਆਲ ਰੱਖਣਾ, ਹਵੇਲੀ ਲਾਗੇ ਜਾਕੇ ਘੋੜਿਆਂ ਤੋਂ ਉੱਤਰ ਵਹਿਣਾ, ਚੜ੍ਹੇ ਚੜ੍ਹਾਏ ਨਹੀਂ ਜਾਵਣਾਂ ਅੰਦਰ। ਆਪਣੇ ਸਾਹਮਣੇ ਦੁੱਲਾ ਭੱਟੀ ਕਿਸੇ ਨੂੰ ਘੋੜੇ ਉਪਰ ਨਹੀਂ ਬਹਿਣ ਦੇਂਦਾ।'

ਘੋੜ ਸਵਾਰ ਕੁਝ ਕੁਝ ਡਰੇ ਸਹਿਜ਼ਾਦਾ ਸਲੀਮ ਵੱਲ ਤੱਕਣ ਲੱਗੇ। ਸਲੀਮ ਵੀ ਅੰਦਰੋਂ ਡਰ ਰਿਹਾ ਸੀ, ਇਸ ਤਰ੍ਹਾਂ ਆ ਕੇ ਉਸਨੇ ਕੋਈ ਵੱਡੀ ਗਲਤੀ ਤਾਂ ਨਹੀਂ ਕਰ ਲਈ ?

ਤੇ ਫਿਰ ਉਹ ਹੌਲੀ ਹੌਲੀ ਵੱਡੇ ਪਿੱਪਲ ਵਲ ਵਧਣ ਲੱਗੇ।

ਰਮਜ਼ਾ ਚੱਕਵੇਂ ਪੈਰੀਂ ਸਿੱਧਾ ਝਿੜੀ ਵਾਲੇ ਖੂਹ ਵੱਲ ਹੋ ਤੁਰਿਆ।

* * * *

ਵੱਡੇ ਪਿੱਪਲ ਥੱਲੇ ਇਕ ਘੋੜਸਵਾਰ ਦੀ ਨਿਗਰਾਨੀ ਵਿਚ ਘੋੜੇ ਛੱਡ ਕੇ ਸਲੀਮ ਅਤੇ ਉਸਦੇ ਸਿਪਾਹੀ ਆਪਣੇ ਵਸਤਰਾਂ ਹੇਠ ਲੁਕਵੇਂ ਹਥਿਆਰ ਛੁਪਾ ਕੇ ਹਵੇਲੀ ਦੇ ਦਰਾਂ ਵਿਚ ਜਾ ਖੜ੍ਹੇ। ਉਸ ਵੇਲੇ ਲੱਧੀ ਵਿਹੜੇ ਵਿਚ ਬੈਠੀ ਦਾਲ ਚੁੱਗ ਰਹੀ ਸੀ, ਫੁੱਲਰਾਂ ਚੌਂਕੇ ਵਿਚ ਸੀ।

—ਏਹੀ ਹੋਵੇਗੀ ਦੁੱਲੇ ਦੀ ਮਾਂ.......। ਸਲੀਮ ਨੇ ਸੋਚਿਆ।

ਓਪਰੇ ਬੰਦਿਆਂ ਨੂੰ ਵੇਖ ਕੇ ਲੱਧੀ ਨੇ ਦਾਲ ਵਾਲਾ ਥਾਲ ਇਕ ਪਾਸੇ ਰੱਖਿਆ। ਫੁੱਲਰਾਂ ਕਾਹਲੀ ਨਾਲ ਅੰਦਰ ਚਲੀ ਗਈ। ਲੱਧੀ ਸਿਰ ਉਪਰਲੀ ਚਾਦਰ ਰੁਖ਼ ਸਿਰ ਕਰਦੀ ਦਰਵਾਜ਼ੇ ਵੱਲ ਆਈ।

—ਅੰਮੀ, ਮੈਂ ਸ਼ੇਖੂ, ਲਾਹੌਰ ਤੋਂ ਸਲਾਮ ਕਰਨ ਆਇਆ ਹਾਂ।' ਅਗਾਂਹ ਵਧਕੇ ਸਲੀਮ ਲੱਧੀ ਦੇ ਪੈਰਾਂ ਵੱਲ ਝੁਕਿਆ।

—ਸ਼ੇਖੂ ? ਕੌਣ ਸ਼ੇਖੂ ਪੁੱਤਰਾ ?' ਲੱਧੀ ਹੈਰਾਨ ਹੋਈ।



—ਅੰਮੀ, ਮੈਂ ਬਾਦਸ਼ਾਹ ਹਿੰਦ ਦਾ ਫਰਜ਼ੰਦ, ਸ਼ੇਖੂ ਬਾਬਾ। ਅੱਬਾ ਹਜ਼ੂਰ ਨੇ ਦੱਸਿਆ, ਤੇਰੀ ਇਕ ਮਾਂ ਪਿੰਡੀ ਵਿਚ ਏ, ਸਲਾਮ ਕਰਨ ਚਲਾ ਆਇਆ।'

—ਹਯਾਤੀਆਂ ਮਾਣ ਜਿਉਣ ਜੋਗਿਆ।' ਲੱਧੀ ਨੇ ਅਣਮੰਨੇ ਜਿਹੇ ਮਨ ਨਾਲ ਅਸੀਸ ਦਿੱਤੀ।

—ਆਪਣੇ ਭਰਾ ਦੁੱਲੇ ਨੂੰ ਵੀ ਮਿਲਣਾ ਏ ਅੰਮੀ। ਸੁਣਿਆ ਹੈ, ਉਹ ਤਾਂ ਬੜਾ ਬਹਾਦਰ ਯੋਧਾ ਨਿਕਲਿਆ ਹੈ।' ਸਲੀਮ ਨੇ ਵਡਿਆਈ ਕੀਤੀ।

—ਕਾਹਦਾ ਬਹਾਦਰ ਨਿਕਲਿਆ ਈ ਪੁੱਤਰਾ। ਹਿੱਕ ਤਾਂ ਉਹ ਅੱਥਰਾ ਬੜਾ ਈ, ਦੂਆ ਓਹਦੇ ਲੰਡੇ ਮੀਣੇ ਬੇਲੀ ਅੱਥਰੇ ਨੇ। ਜਿਸ ਪਾਸੇ ਜਾਂਦੇ ਨੇ ਦਹਿਸ਼ਤਾਂ ਪਾ ਆਂਦੇ ਨੇ। ਬਥੇਰਾ ਹਟਕਨੀ ਆਂ। ਮੇਰੇ ਕਹੇ ਕਿਥੇ ਰੁੱਕਦੇ ਨੇ। ਹੁਣ ਤੂੰ ਉਹਨੂੰ ਭਰਾ ਆਖਿਆ ਈ ਤਾਂ ਸਮਝਾ ਉਸ ਸ਼ੋਹਦੇ ਨੂੰ, ਉਸਦੇ ਖ਼ਾਨੇ ਵੜੇ ਕੋਈ ਗੱਲ।' ਲੱਧੀ ਨੇ ਜਾਣ ਬੁੱਝ ਕੇ ਦੁੱਲੇ ਦੀ ਨਖੇਧੀ ਕੀਤੀ।

—ਅੰਮੀ ਸ਼ਹਿਨਸ਼ਾਹ-ਏ-ਹਿੰਦ ਦਾ ਪੁੱਤਰ ਤਾਂ ਸਾਰੀ ਹਯਾਤੀ ਦਾ ਤੇਰਾ ਕਰਜ਼ਾਈ ਹੋਇਆ। ਜਦ ਪਤਾ ਲੱਗਿਆ, ਮੈਂ ਏਧਰ ਨੱਠਾ ਆਇਆ। ਤੇਰੇ ਲਈ ਤਾਂ ਅੰਮੀ, ਜੇਹਾ ਦੁੱਲਾ, ਤੇਹਾ ਮੈਂ।'

—ਜੀਵੇਂ ਪੁੱਤਰ ਜੀਵੇਂ......।' ਲੱਧੀ ਨੇ ਸਲੀਮ ਦਾ ਮੋਢਾ ਪਲੋਸਿਆ, ਫਿਰ ਬੋਲੀ—'ਉਧਰ ਦੀਵਾਨ ਖਾਨੇ ਬਹਵੋ ਪੁੱਤਰੋ। ਦੁੱਲਾ ਆਂਦਾ ਈ ਹੋਣਾ। ਮੈਂ ਕੁਝ ਖਾਣ ਪੀਣ ਲੈ ਆਵਾਂ। ਏਨੀਆਂ ਵਾਟਾਂ ਮੁਕਾ ਕੇ ਆਏ ਜੇ।'

ਸਲੀਮ ਅਤੇ ਉਸਦੇ ਸਿਪਾਹੀ ਦੀਵਾਨ-ਖ਼ਾਨੇ ਜਾ ਬੈਠੇ।

..................

ਲੱਧੀ ਅੰਦਰੋਂ ਡਰੀ ਹੋਈ ਸੀ। ਫੁੱਲਰਾਂ ਦੇ ਕੰਨ ਕੋਲ ਮੂੰਹ ਕਰਕੇ ਬੋਲੀ:

—ਧੀਏ, ਕੀ ਪਤਾ ਕਿਉਂ ਆਏ ਜੇ ? ਅਕਬਰਾ ਆਂਹਦੇ ਨੀ ਲਾਹੌਰ ਵਿਚ ਈ। ਪੁੱਤਰ ਨੂੰ ਕੋਈ ਭੇਤ ਪਾਉਣ ਭੇਜਿਆ ਹੋਸੀ। ਜਾਣਦੀ ਸਾਂ ਹਿੱਕ ਦਿਨ ਏਵੇਂ ਹੋਵੇਗਾ। ਭਲਾ ਤਖ਼ਤਾਂ ਨੂੰ ਕਦੋਂ ਸੁਖਾਂਦੇ ਨੇ ਦੁੱਲੇ ਵਰਗੇ ਜਣਿਆਂ ਦੇ ਕਾਰੇ। ਬਥੇਰਾ ਵਰਜਨੀ ਸਾਂ, ਕਪਾਹ ਦੀਆਂ ਫੁੱਟੀਆਂ ਨੂੰ ਮੂੰਹ ਨਾ ਮਾਰ, ਇਹਨਾਂ ਸੰਘੋਂ ਹੇਠਾਂ ਨਹੀਂ ਲਹਿਣਾ। ਹੁਣ ਇਹ ਸਭ ਕੁਝ ਵੇਖ ਭਾਲ ਜਾਣਗੇ, ਫੇਰ ਪਿਛੋਂ ਧਾੜ ਲੈ ਕੇ ਆ ਚੜ੍ਹਨਗੇ। ਇਹਨਾਂ ਨਾਲ ਲਿਹਾਜ਼ ਵੀ ਮਾੜੇ, ਇਹਨਾਂ ਨਾਲ ਵਿਗਾੜ ਵੀ ਮਾੜੇ। ਧੀਏ ਮੇਹਰੂ ਕਿਥੇ ਵੇ ? ਉਹਨੂੰ ਭੇਜਾਂ, ਦੁੱਲੇ ਨੂੰ ਖ਼ਬਰ ਕਰੇ। ਅਵੇਸਲੇ ਤਾਂ ਹਾਥੀਆਂ ਨੂੰ ਗਧੇ ਢਾਹ ਲੈਣ।

—ਹੁਣ ਪੋਸਤੀ ਦਾ ਕੀ ਪਤਾ ਅੰਮਾਂ ਕਿਥੇ ਹੋਣਾ। 'ਵਾਜ਼ਾਂ ਮਾਰੀ ਜਾਓ ਤਾਂ ਉਹ ਅੰਦਰ ਹੁੰਦਾ ਈ ਨਈ੍ਹਂ ਤੇ ਕਈ ਵਾਰ ਸਮਝੀ ਦਾ ਏ, ਉਹ ਕਿਧਰੇ ਹੋਣਾ, ਤੇ ਉਹ ਪੋਸਤ ਪੀਕੇ ਅੰਦਰ ਪਿਆ ਘੂਕ ਸੁੱਤਾ ਹੁੰਦਾ ਏ।'

—ਫੁੱਲਰਾਂ ਗੱਲ ਲੰਮੀ ਨਾ ਕਰ ਧੀਏ..........।

—ਪਰ ਅੰਮਾਂ ਇਹ ਆਖਣ ਕੀ ਆਏ ਨੇ ?' ਫੁੱਲਰਾਂ ਦੇ ਚਿਹਰੇ ਉੱਪਰ ਵੀ ਡਰ ਸੀ।

—ਆਖਣਾ ਕੀ ਸੂ, ਆਖਦਾ ਏ ਮੈਂ ਅਕਬਰ ਬਾਦਸ਼ਾਹ ਦਾ ਪੁੱਤਰ ਆਂ।'

—ਹਾਏ ਨੀ ਅੰਮੀਂ, ਇਹ ਸੱਚ ਈ ?' ਫੁੱਲਰਾਂ ਨੇ ਕਾਲਜੇ ਉਪਰ ਹੱਥ ਰੱਖਿਆ।

—ਦਸਦਾ ਤਾਂ ਏਹੀਓ ਏ।'

ਬਖਤੋ ਤੇ ਸਲੇਮੋ ਪਿੱਛੇ ਆ ਖੜ੍ਹੀਆਂ ਸਨ।

—ਨੀ ਅੰਮੀਂ ਅਸੀਂ ਵੇਖ ਲਈਏ, ਬਾਦਸ਼ਾਹ ਦਾ ਪੁੱਤਰ ਕਿੱਦਾਂ ਦਾ ਹੁੰਦਾ ਏ ?'

—ਰਮਾਨ ਨਾਲ ਅੰਦਰ ਬਹੁ, ਨਹੀਂ ਤਾਂ ਗੁਤਨੀਆਂ ਨੂੰ ਮਰੋੜਾ ਦੇ ਦੇਣਾ ਈ ਮੈਂ।' ਲੱਧੀ ਨੇ ਝਿੜਕਿਆ।

—ਨੀ ਅੰਮਾਂ ਹਾੜੇ ਹਾੜੇ।' ਸਲੇਮੋ ਨੇ ਤਰਲਾ ਲਿਆ।

—ਚਲੋ ਕੁੜੀਓ ਅੰਦਰ।' ਫੁੱਲਰਾਂ ਨੇ ਦਬਕਾ ਮਾਰਿਆ ਤਾਂ ਕੁੜੀਆਂ ਬੁੱਲ੍ਹ ਕੱਢਦੀਆਂ ਅੰਦਰ ਚਲੀਆਂ ਗਈਆਂ।

—ਨੂਰੇ ਨੂੰ ਵੀ ਆਖੀਂ ਉਹਨਾਂ ਦੇ ਸਾਹਮਣੇ ਨਾ ਆਵੇ। ਵਹੁਟੀ ਨੂੰ ਵੀ ਬਾਹਰ ਨਾ ਨਿਕਲਣ ਦੇਵੀਂ। ਏਹਨਾਂ ਮੁਗਲੇਟਿਆਂ ਦਾ ਕੀ ਭਰੋਸਾ। ਮੈਂ ਵੇਖਨੀ ਆਂ ਮੇਹਰੂ ਕਿਥੇ ਵੇ।' ਤੂੰ ਕਾੜ੍ਹਨੀ 'ਚੋਂ ਦੁੱਧ ਕੱਢਕੇ ਸ਼ੱਕਰ ਮਿਲਾ।'

* * * *

ਮੇਹਰੂ ਹਵੇਲੀ ਦੇ ਪਿਛਵਾੜੇ ਪਸ਼ੂਆਂ ਵਾਲੇ ਪਾਸੇ, ਇਕ ਪੜਛੱਤੀ ਹੇਠ ਢਿੱਲੀ ਜਿਹੀ ਮੰਜੀ ਉਪਰ ਔਂਧੇ ਮੂੰਹ ਪਿਆ ਮਿਲ ਗਿਆ।

—ਜੁੱਗ ਜੁੱਗ ਜੀਵੇਂ ਮੇਰਿਆ ਬੱਚਿਆ। ਦਿਹੁੰ ਚੜ੍ਹੇ ਤੋਂ ਤੇਰੀ ਸ਼ਕਲ ਨਹੀਂ ਵੇਖੀ। ਮਾਂ ਦਾ ਕਲੇਜਾ ਤਪਦਾ ਪਿਆ ਸੀ। ਉੱਠ ਪੁੱਤਰ।' ਲੱਧੀ ਮੇਹਰੂ ਦੇ ਸਿਰ ਦੇ ਵਾਲਾਂ ਵਿਚ ਹੱਥ ਫੇਰਨ ਲੱਗੀ।

—ਏਨੇ ਮੋਹ-ਪਿਆਰ ਨਾਲ ਤਾਂ ਤੂੰ ਮੈਨੂੰ ਲੋਰੀ ਵੀ ਨਹੀਂ ਦਿੱਤੀ ਹੋਣੀ। ਅੱਜ ਵੱਖਰੀ ਕੀ ਗੱਲ ਏ ਮਾਂ ?' ਔਖਾ ਜਿਹਾ ਹੋਕੇ ਸਿੱਧਾ ਹੁੰਦਿਆਂ ਮੇਹਰੂ ਨੇ ਪੁੱਛਿਆ।

—ਜਾਹ ਬੱਚਿਆ, ਦੁੱਲੇ ਨੂੰ ਖ਼ਬਰ ਕਰ, ਲਾਹੌਰ ਦਰਬਾਰੋਂ ਅਕਬਰ ਦਾ ਪੁੱਤਰ ਆਇਆ ਈ। ਝਬਦੇ ਘਰ ਆ।' ਲੱਧੀ ਦੇ ਬੋਲਾਂ ਵਿਚ ਤਰਲਾ ਸੀ।

—ਦੇਹ ਤਾਂ ਸਾਰੀ ਖਿੱਲਰੀ ਪਈ ਐ ਮਾਂ। ਲੱਤਾਂ ਬਾਹਾਂ 'ਚ ਤਾਂ ਉੱਕਾ ਈ ਜਾਨ ਕੋਈ ਨਹੀਂ ਵੇਖ ਲੈ ਇਹ ਤਾਂ ਮਰੀਆਂ ਪਈਆਂ ਨੀ। ਬੱਸ ਸਾਹ ਵਗਦਾ ਏ ਮੇਰਾ, ਲਗਦਾ ਏ ਘੜੀ ਬਿੰਦ ਨੂੰ ਇਹ ਵੀ ਨਹੀਂ ਰਹਿਣਾ। ਨਸ਼ਾ ਹੈਗਾ ਵੇ ਤੇਰੇ ਕੋਲ ਤਾਂ ਦੱਸ।' ਮੇਹਰੂ ਲੱਤਾਂ ਬਾਹਵਾਂ ਅਕੜਾਉਣ ਲੱਗਾ।

—ਵੇ ਬੱਚਿਆ ਮੈਂ ਕੀ ਜਾਣਾ...........

—ਤੈਨੂੰ ਸਾਰਾ ਪਤਾ ਹੁੰਦਾ ਮਾਂ। ਫੱਤੂ ਮਰਾਸੀ ਆ ਜਵੇ ਤਾਂ ਝੱਟ ਉਹਨੂੰ ਮਸ਼ਕ ਚਕਾ ਦਿੰਨੀ ਏਂ।'

—ਨਸ਼ੇ ਬਿਨਾਂ ਤਾਂ ਪੁੱਤਰਾ ਤੂੰ ਅਸਲੋਂ ਥੱਲੇ ਲਹਿ ਜਾਨਾ ਏਂ। ਕਿਥੋਂ ਚੰਮੇੜ ਲਈ ਏ ਸੌਗਾਤ ? ਮੈਂ ਵੇਖਨੀਂ ਆਂ ਕਿਸੇ ਅੰਦਰ ਕੁਝ ਪਿਆ ਹੋਇਆ ਤਾਂ। ਜੇ ਦੁੱਲੇ ਨੂੰ ਪਤਾ ਚੱਲ ਗਿਆ, ਉਹਨੇ ਮੇਰੀ ਗੁੱਤ ਪੁੱਟਣ ਆਉਣਾ ਈ।'

ਲੱਧੀ ਤੇਜ਼ੀ ਨਾਲ ਹਵੇਲੀ ਅੰਦਰ ਮੁੜ ਆਈ।

* * * *

ਮੇਹਰੂ ਨੇ ਲੱਧੀ ਕੋਲੋਂ ਝੁਪੱਟ ਮਾਰਨ ਵਾਂਗ ਸ਼ਰਾਬ ਦਾ ਛੰਨਾ ਫੜਿਆ ਤੇ ਹਾਬੜਿਆਂ ਵਾਂਗ ਡੀਕ ਕੇ ਅੱਧਾ ਛੰਨਾ ਖ਼ਾਲੀ ਕਰ ਦਿੱਤਾ।



—ਆਹ ਹੋਈ ਨਾ ਗੱਲ। ਅੱਗੇ ਤਾਂ ਛੱਪੜ ਦਾ ਪਾਣੀ ਹੀ ਪੀਂਦੇ ਰਹੇ।' ਮੇਹਰੂ ਨੇ ਧੁੜਧੜੀ ਲਈ।—'ਹੁਣ ਦੱਸ ਕਿਥੇ ਜਾਣਾ ਈ ?' ਕੌਣ ਆਇਆ ਈ ਲਾਹੌਰੋਂ ?'

—ਵੇ ਪੁੱਤ ਦੁੱਲੇ ਨੂੰ ..........।'

—ਖੂਹ 'ਚ ਸੁੱਟ ਦੁੱਲੇ ਨੂੰ ਮਾਂ। ਲਾਹੌਰ ਵਾਲੀ ਗੱਲ ਕਰ। ਮੈਂ ਸਿੱਧਾ ਈ ਮੱਥਾ ਲਾਵਾਂ ਉਹਨਾਂ ਨਾਲ ਕੌਣ ਚਿੜੀ-ਜਨੌਰ ਨੇ।' ਮੇਹਰੂ ਨੇ ਬਾਕੀ ਅੱਧਾ ਛੰਨਾ ਵੀ ਮੂੰਹ ਨੂੰ ਲਾ ਲਿਆ। ਖ਼ਾਲੀ ਕਰਕੇ ਲਲਕਾਰਾ ਮਾਰਿਆ—'ਮੈਂ ਤਾਂ ਜਿੰਨ-ਭੂਤ ਬਣਕੇ ਚਿੰਬੜ ਜਾਊਂ ਉਏ.......।'

—ਵੇ ਨਾ ਬੱਚਿਆ।' ਲੱਧੀ ਨੇ ਡਰ ਕੇ ਉਸਦੇ ਮੂੰਹ ਉਪਰ ਹੱਥ ਰੱਖਿਆ—'ਕੰਧਾਂ ਦੇ ਵੀ ਕੰਨ ਹੁੰਦੇ ਨੇ ਪੁੱਤਰਾ। ਮੁਗਲੇਟਿਆਂ ਦਾ ਅੱਗਾ ਬੜਾ ਉੱਚਾ ਈ। ਤੂੰ ਜਾਹ ਮੇਰਾ ਪੁੱਤਰ, ਮੇਰਾ ਸ਼ੇਰ। ਦੁੱਲੇ ਨੂੰ ਖ਼ਬਰ ਕਰ।'

—ਮੈਨੂੰ ਪੰਸੇਰੀ ਪੋਸਤ ਚਾਹੀਦਾ ਏ ਮਾਂ।' ਮੇਹਰੂ ਨੇ ਰਿਹਾੜ ਕੀਤੀ।

—ਮੈਂ ਤੈਨੂੰ ਧੜੀ* ਦੇਊਂ ਪੁੱਤਰਾ।' ਲੱਧੀ ਫਿਰ ਉਹਦੇ ਵਾਲਾਂ 'ਚ ਹੱਥ ਫੇਰਨ ਲੱਗੀ।

ਨਸ਼ੇ ਦੀ ਲੋਰ ਵਿਚ ਮੇਹਰੂ ਉਠਿਆ।

—ਵੇ ਪੁੱਤਰਾ ਪਹਿਲਾਂ ਸਿੱਧਾ ਅੰਬਾਂ ਵਾਲੇ ਖੂਹ 'ਤੇ ਜਾਈਂ।'

ਮੇਹਰੂ ਨੇ ਜੁੱਤੀਆਂ ਕੱਛ ਵਿਚ ਲਈਆਂ ਤੇ ਪੂਰੀ ਤੇਜ਼ੀ ਨਾਲ ਹਵੇਲੀ ਦੇ ਪਿਛਵਾੜਿਓਂ ਹੀ ਬਾਹਰ ਨਿਕਲ ਗਿਆ।

ਰੇਵੀਏ ਚਾਲ ਪਏ ਜਾਂਦੇ ਮੇਹਰੂ ਨੂੰ ਪਿੱਪਲ ਹੇਠ ਬੈਠਿਆਂ ਵਿਚੋਂ ਕਿਸੇ ਨੇ ਛੇੜਿਆ।

—ਹਵਾ ਨੂੰ ਗੰਢਾਂ ਦੇਈ ਜਾਨੈ ਪੋਸਤੀਆ, ਖੈਰ ਸੁੱਖ ਏ ?'

—ਆਹੋ।' ਮੇਹਰੂ ਨੇ ਉਂਗਲ ਨਾਲ ਝਿੜੀ ਵੱਲ ਇਸ਼ਾਰਾ ਕੀਤਾ।

—ਉਏ ਜੁੱਤੀ ਤਾਂ ਪਾ ਲੈਣੀ ਸੀ— ?' ਇਕ ਹੋਰ ਬੋਲਿਆ।

—ਏਨਾ ਵੇਲਾ ਕਿਹੜੇ ਭੜੂਏ ਕੋਲ ਈ।' ਹਵਾ ਵਿਚ ਬਾਂਹ ਖੜ੍ਹੀ ਕਰਕੇ ਉਹ ਹੋਰ ਤੇਜ਼ ਹੋ ਗਿਆ।

ਪਿੱਪਲ ਤੋਂ ਥੋੜ੍ਹਾ ਹੱਟਕੇ ਘੋੜੇ ਲਈ ਖੜ੍ਹਾ ਸਲੀਮ ਦਾ ਸਿਪਾਹੀ ਵੀ ਮੁਸਕਰਾਉਣ ਲੱਗਾ।

—ਖੋਟਾ ਸਿੱਕਾ ਵੀ ਕਦੀ ਚੱਲ ਈ ਜਾਂਦਾ।' ਇਕ ਹੋਰ ਬੋਲਿਆ। ਪਿੱਪਲ ਹੇਠ ਬੈਠੇ ਸਾਰੇ ਜਣੇ ਹੱਸ ਪਏ।

ਏਨੇ ਵਿਚ ਤਾਂ ਮੇਹਰੂ ਦੂਰ ਨਿਕਲ ਗਿਆ ਸੀ।

ਪਿੱਪਲ ਹੇਠ ਬੈਠੇ ਸਾਰੇ ਜਣੇ ਇਕ ਦੂਸਰੇ ਨੂੰ ਘੋੜਿਆਂ ਬਾਰੇ ਸੈਨਤੋ-ਸੈਨਤੀ ਹੋ ਰਹੇ ਸਨ। ਪਰ ਪਤਾ ਕਿਸੇ ਨੂੰ ਨਹੀਂ ਸੀ।..........ਇਹ ਕੌਣ ਹਨ।

---

* ਦਸ ਸੇਰ

## 21.

ਮੇਹਰੂ ਦੇ ਝਿੜੀ ਵਿਚ ਪਹੁੰਚਣ ਤੋਂ ਪਹਿਲਾਂ, ਰਮਜ਼ੇ ਨੇ ਲਾਹੌਰੋਂ ਆਈ ਸੈਨਾ ਦੀ ਟੁਕੜੀ ਨਾਲ ਹੋਈ ਸਾਰੀ ਗਲਬਾਤ ਦਾ ਵੇਰਵਾ ਦੱਸ ਦਿੱਤਾ ਸੀ। ਕਿਹੜੇ ਢੰਗ ਨਾਲ ਹਵੇਲੀ ਪੁੱਜਣਾ ਹੈ, ਇਸ ਬਾਰੇ ਉਹ ਵਿਚਾਰਾਂ ਕਰ ਹੀ ਰਹੇ ਸਨ, ਮੇਹਰੂ ਵੀ ਆ ਗਿਆ। ਅੱਜ ਉਹ ਰੰਗ ਵਿਚ ਕੁਝ ਵਧੇਰੇ ਹੀ ਸੀ।

ਉਸਦੀਆਂ ਗੱਲਾਂ ਸੁਣਕੇ, ਫੱਤੂ ਮਰਾਸੀ ਹੱਸਿਆ—'ਕਦੇ ਨਸ਼ਾ ਏਹਦੇ ਥੱਲਿਓਂ ਦੀ ਹੁੰਦਾ ਤੇ ਕਦੇ ਉਤੋਂ ਦੀ, ਪਰ ਅੱਜ ਤਾਂ ਮੇਹਰੂ ਦੀਆਂ ਕੁੱਤੀਆਂ ਅਸਮਾਨੀ ਭੌਂਕਦੀਆਂ ਨੇ। ਹੁਣ ਤਾਂ ਇਹਨੂੰ ਆਪਾਂ ਵੀ ਲਾਹੌਰੋਂ ਆਏ ਬੰਦੇ ਈ ਲਗਦੇ ਹੋਵਾਂਗੇ।'

ਜਦੋਂ ਪਿਰਥੇ ਨੇ ਕਿਹਾ,—'ਅਸੀਂ ਬੱਗਾ ਮਲਕੀਰਾ ਵੀ ਲੁੱਟਿਆ ਤੇ ਮੇਧਾ ਖੱਤਰੀ ਵੀ। ਸ਼ਾਹੀ ਸਿਪਾਹੀਆਂ ਦੇ ਘੋੜੇ ਖੋਹੇ, ਉਹਨਾਂ ਦੀਆਂ ਮੁੱਛਾਂ ਮੁੰਡੀਆਂ। ਮੁਗਲੇਟੇ ਚੁਪ-ਚਪੀਤੇ ਈ ਨਾ ਚੜ੍ਹ ਆਏ ਹੋਣ, ਪਤਾ ਤਾਂ ਕਰੀਏ ?'

ਦੁੱਲੇ ਨੂੰ ਕੁਝ ਫ਼ਿਕਰ ਹੋਇਆ,—'ਘਰ ਔਰਤਾਂ ਵੀ 'ਕੱਲੀਆਂ ਨੇ—।'

—ਏਥੇ ਬੈਠਿਆਂ ਤਾਂ ਕੁਝ ਨਹੀਂ ਹੋਣਾ।' ਰੁੜਾ ਬੋਲਿਆ।

—ਉੱਠੋ ਫਿਰ।' ਦੁੱਲੇ ਦੇ ਆਖਣ ਦੀ ਦੇਰ ਸੀ। ਸਾਰੇ ਝੱਟ ਤਿਆਰ ਹੋ ਗਏ।

—ਸੈਦਿਆ ਤੂੰ ਜਾਹ ਬਈ, ਆਪਣੇ ਬੰਦਿਆਂ ਨੂੰ ਖਬਰਦਾਰ ਕਰ, ਆਖੀਂ ਦੁੱਲੇ ਕਿਹਾ, ਪੰਝੀਂ, ਤੀਹ ਚਾਲੀ ਜਿੰਨੇ ਹੈਨ, ਹਥਿਆਰ ਲਈ ਕੇ ਤਿਆਰ-ਬਰ-ਤਿਆਰ ਰਹਿਣ।'

ਸੈਦਾ ਉਸੇ ਵੇਲੇ ਦੌੜ ਗਿਆ।

****

ਪਿੱਪਲ ਦੇ ਕੋਲ ਖੜ੍ਹੇ ਘੋੜੇ ਅਤੇ ਉਹਨਾਂ ਦਾ ਨਿਗਰਾਨ ਵੇਖਕੇ ਸਾਰੇ ਜਣੇ ਹੈਰਾਨ ਰਹਿ ਗਏ।—'ਇਹ ਤਾਂ ਅੱਠ ਦਸ ਜਣੇ ਲਗਦੇ ਨੇ, ਵਾਹਰ ਕਿਤੇ ਬਾਹਰ ਤਾਂ ਨਹੀਂ ਰੋਕ ਆਏ ?' ਸਦੀਕ ਨੇ ਪੁੱਛਿਆ।

ਪਿੱਪਲ ਹੇਠ ਥੜ੍ਹੇ ਉਪਰ ਇਕ ਓਪਰਾ ਬਜ਼ੁਰਗ ਬੈਠਾ ਸੀ। ਪਿੰਡੀ ਦਾ ਤਾਂ ਨਹੀਂ ਸੀ। ਦੁੱਲਾ ਕੋਲ ਗਿਆ, ਪੁੱਛਿਆ—'ਮੀਆਂ ਕਿਹੜੇ ਪਾਸਿਓਂ ਜੇ ? ਏਧਰ ਪਿੰਡੀ 'ਚ ਤਾਂ ਕਦੇ ਵੇਖਿਆ ਨਹੀਂ।'

—ਮੈਂ ਤਾਂ ਵਾਢਿਓਂ ਆਂ ਸ਼ੇਰਾ।' ਬਜ਼ੁਰਗ ਬੋਲਿਆ।

—ਏਥੇ ਸਾਕ ਸਕੀਰੀ ਏ ?'

—ਆਹੋ, ਨੇੜੇ ਦੇ ਸਾਕੋਂ ਈ ਆਂ।'

—ਕਿਹੜਿਆਂ ਦੇ ?'



—ਮੁਹੰਮਦ ਸਦੀਕੇ ਦੇ।'

—ਮੀਆਂ ਸ਼ੇਰ ਮੁਹੰਮਦ ਵਾਲੇ ਸਦੀਕੇ ਦੇ ?'

—ਆਹੋ।'

—ਆ ਜਾ ਫਿਰ ਦੁੱਧ-ਲੱਸੀ-ਪਾਣੀ ਸੇਵਾ ਕਰੀਏ ਕੋਈ।'

—ਜਿਉਂਦਾ ਰਹਿ ਸ਼ੇਰਾ ਅੱਲਾਹ ਰਾਜ਼ੀ ਰੱਖੇ। ਘਰੋਂ ਖਾ ਪੀ ਆਇਆ ਸਭ।'

—ਕਿੰਨੀ ਕੁ ਦੇਰ ਤੋਂ ਏਥੇ ਬੈਠਾ ਏਂ ਬਾਬਾ ?' ਦੁੱਲੇ ਨੇ ਪੁੱਛਿਆ।

—ਧਾਅੜੇ ਆਵਣ ਤੋਂ ਬਿੰਦ-ਝੱਟ ਈ ਪਹਿਲਾਂ ਆਇਆਂ।'

—ਹਵੇਲੀ ਅੰਦਰ ਕੌਣ ਗਏ ਨੇ ਪਤਾ ਈ, ਆਹ ਘੋੜੇ ਵੀ ਖੜ੍ਹੇ ਨੇ ?'

—ਮੈਨੂੰ ਤਾਂ ਸਾਰੇ ਈ ਓਪਰੇ ਨੇ.....।'

ਘੋੜਿਆਂ ਦੀ ਨਿਗਰਾਨੀ ਰੱਖ ਰਿਹਾ ਘੋੜ ਸਵਾਰ ਪੂਰੇ ਧਿਆਨ ਨਾਲ ਇਹਨਾਂ ਦੀਆਂ ਗੱਲਾਂ ਸੁਣਨ ਦੇ ਯਤਨ ਵਿਚ ਸੀ।

—ਪਿਰਥਿਆ ਆ ਫਿਰ ਟੱਕਰੀਏ, ਵੇਖੀਏ ਕੌਣ ਨੇ ?' ਦੁੱਲਾ ਪਿਰਥੇ ਅਤੇ ਬਾਕੀ ਸਭਨਾਂ ਵੱਲ ਝਾਕਿਆ ਤੇ ਸਾਰੇ ਹਵੇਲੀ ਵੱਲ ਤੁਰ ਪਏ।

—ਜੇ ਲਾਹੌਰੋਂ ਵਾਹਰ ਲੈ ਕੇ ਆਏ ਹੋਏ ?' ਸਦੀਕ ਨੇ ਡਰ ਜ਼ਾਹਰ ਕੀਤਾ।

—ਕੋਈ ਵੀ ਹੋਵੇ, ਹੁਣ ਬਾਹਰ ਤਾਂ ਨਹੀਂ ਖੜ੍ਹੇ ਰਹਿਣਾ। ਮੱਥੇ ਤਾਂ ਲੱਗਣਾ ਈ ਪੈਣਾ। ਦੁੱਲੇ ਦਾ ਪਰਛਾਵਾਂ ਵੇਖ ਲੈਣ ਤਾਂ ਜੂਨ ਵਟਾ ਲੈਣ। ਵੇਖਦੇ ਆਂ ਕੀਹਨੇ ਜੇਰਾ ਕੀਤਾ ਈ, ਸ਼ੇਰ ਦੇ ਘੁਰਨੇ ਵਿਚ ਪੈਰ ਧਰਨ ਦਾ।.......ਆਓ.......।'

ਸਾਰੇ ਹਵੇਲੀ ਅੰਦਰ ਲੰਘ ਆਏ।

ਇਸਤੋਂ ਪਹਿਲਾਂ ਕਿ ਲੱਧੀ ਉਹਨਾਂ ਦਾ ਅੱਗਾ ਵੱਲ ਕੇ ਖ਼ਬਰਦਾਰ ਕਰਦੀ, ਦੁੱਲਾ ਅਤੇ ਉਹਦੇ ਸਾਥੀ ਦੀਵਾਨ ਖ਼ਾਨੇ ਅੰਦਰ ਚਲੇ ਗਏ।

ਇਕੋ ਜੇਹੇ ਗੇਲੀਆਂ ਵਰਗੇ ਬੰਦੇ, ਅਚਾਨਕ ਸਿਰਾਂ ਉਪਰ ਆਣ ਖੜ੍ਹੇ ਵੇਖਕੇ ਸਲੀਮ ਅਤੇ ਉਸਦੇ ਅੰਗ ਰਖਿਅਕ ਘਬਰਾ ਗਏ। ਇਕ ਵਾਰ ਤਾਂ ਸਭਨਾਂ ਦੇ ਸਾਹ ਸੁੱਕ ਗਏ। ਦੁੱਲੇ ਹੋਰੀਂ ਹਥਿਆਰ ਬੰਦ ਸਨ ਤੇ ਲਾਹੌਰ ਵਾਲੇ ਅਵੇਸਲੇ। ਕੁਝ ਪਲ ਤਾਂ ਉਹਨਾਂ ਦੀ ਅਕਲ ਨੂੰ ਜੰਦਰੇ ਵੱਜ ਗਏ।

ਸਲੀਮ ਹੌਸਲਾ ਕਰਕੇ ਉੱਠਿਆ ਤੇ ਬਾਹਾਂ ਖਲਾਰ ਕੇ ਅੱਗੇ ਵਧਦਾ ਬੋਲਿਆ—'ਮੈਂ ਆਪਣੇ ਭਰਾ ਦੁੱਲੇ ਭੱਟੀ ਨੂੰ ਮਿਲਣ ਆਇਆ ਹਾਂ। ਦੁੱਲੇ ਭੱਟੀ ਦੀ ਬਹਾਦਰੀ ਦੇ ਚਰਚੇ ਹੁਣ ਲਾਹੌਰ ਦਰਬਾਰ ਵਿਚ ਹੋਣ ਲੱਗੇ ਨੇ।'

—ਜ਼ਰ ਤੇ ਜ਼ੋਰ ਵਾਲੇ ਭੱਟੀਆਂ ਦੀ ਪਿੰਡੀ ਆਏ ਨੇ, ਮਨਸੂਬੇ ਠੀਕ ਨਹੀਂ ਜਾਪਦੇ ਲਾਹੌਰ ਦਰਬਾਰ ਦੇ।' ਦੁੱਲੇ ਨੇ ਸਲੀਮ ਦੀਆਂ ਅੱਖਾਂ ਵਿਚ ਅੱਖਾਂ ਪਾਉਂਦਿਆਂ ਕਿਹਾ।

—ਆਪਣੇ ਭਰਾ ਆਪਣੇ ਭਾਈ ਜਾਨ ਨੂੰ ਮਿਲਣ ਆਏ ਆਂ। ਤੂੰ ਹੀ ਏਂ ਨਾ ਅਬਦੁੱਲਾ ?'

—ਹਾਂ ਤਾਂ ਮਝੀਓਂ, ਪਰ ਮੈਂ ਅਬਦੁੱਲਾ ਨਹੀਂ, ਦੁੱਲਾ ਆਂ, ਦੁੱਲਾ ਭੱਟੀ। ਅਬਦੁੱਲੇ ਤਖ਼ਤਾਂ ਦੇ ਹੁੰਦੇ ਨੇ। ਹਾਲੇ ਵੀ ਮੈਨੂੰ ਯਕੀਨ ਨਹੀਂ ਬੱਝਦਾ ਪਿਆ, ਲਾਹੌਰ ਨੂੰ ਕੀ ਭਾਜੜਾਂ ਪੈ

ਗਈਆਂ। ਇਹ ਤਾਂ ਰਾਵੀ ਪੁੱਠੀ ਵਗ ਤੁਰੀ ਏ। ਇਸ ਤਰ੍ਹਾਂ ਤਾਂ ਰੱਬ ਦੇ ਵਰਤਾਰੇ ਦੀਆਂ ਚੂਲਾਂ ਨਿਕਲ ਜਾਣੀਆਂ। ਸਮਝ ਨਹੀਂ ਪੈਂਦੀ, ਸਲਾਮ ਕਰਾਂ ਕਿ ਕਲਾਵੇ 'ਚ ਲਵਾਂ।' ਦੁੱਲਾ ਵਿਅੰਗ ਨਾਲ ਹੱਸਿਆ।

—ਮੈਂ ਤਾਂ ਕਲਾਵੇ ਵਿਚ ਲੈਣ ਆਇਆਂ ਭਾਈ ਜਾਨ।' ਸਲੀਮ ਹੋਰ ਦੁੱਲੇ ਵੱਲ ਵਧਿਆ।

—ਏਹ ਤਰਾਂ ਤਾਂ ਬਾਦਸ਼ੀਆਂ ਦੇ ਧੁਰੇ ਉੱਖੜ ਜਾਣੇ ਨੀ। ਕਿਉਂ ਪਿਰਥਿਆ ?' ਦੁੱਲਾ ਪਿਰਥੇ ਵੱਲ ਝਾਕਿਆ।—'ਨਾ ਕਦੀ ਅੱਗੇ, ਨਾ ਪਿੱਛੇ, ਕਦੀ ਸੁਣਿਆ ਈ, ਜਿਹੜੇ ਬੰਦੇ ਖ਼ੁਦ ਨੂੰ ਅੱਲਾਹ ਪਏ ਸਮਝਦੇ ਹੋਣ ਤੇ ਉਹ ਪਿੰਡੀ ਦੇ ਰਾਹਾਂ ਦੀਆਂ ਧੂੜਾਂ ਫਕਦੇ ਆਵਣ।'

—ਮੈਂ ਵਿੱਡੋਂ ਆਖਦਾ ਹਾਂ ਅਬਦੁੱਲਾ ਭਾਈ.........।'

—ਨਾ, ਅਬਦੁੱਲਾ ਨਹੀਂ, ਦੁੱਲਾ, ਦੁੱਲਾ ਭੱਟੀ ਵੀ ਆਖ ਸਕਨੈਂ।'

—ਹਾਂ ਹਾਂ, ਦੁੱਲਾ ਭੱਟੀ, ਰਾਠ, ਸੂਰਮਾ......।'

—ਅਸਾਂ ਲਾਹੌਰੋਂ ਤੁਰੇ ਆਂ ਅੰਮੀ ਲੱਧੀ ਨੂੰ ਸਲਾਮ ਆਖਣ, ਏਹਦੇ ਪੈਰਾਂ ਨੂੰ ਹੱਥ ਲਾਵਣ। ਏਸ ਮਿੱਟੀ ਨੂੰ ਸਲਾਮ ਕਰਨ। ਥੋੜਾ ਚਿਰ ਹੀ ਸਹੀ, ਮੈਂ ਦੁੱਧੋਂ ਵੀ ਤੇਰਾ ਭਰਾ ਹਾਂ। ਮੈਂ ਤਾਂ ਏਹੀ ਸੁਣਿਆ ਹੈ।' ਆਖਦਾ ਸਲੀਮ ਉਵੇਂ ਬਾਹਾਂ ਖਿਲਾਰੀ ਖੜ੍ਹਾ ਰਿਹਾ।—

—ਇਹ ਸਹੀ ਏ ਜਾਂ ਕੁਫ਼ਰ ਏ, ਅੱਲਾਹ ਜਾਣਦਾ ਏ ਜਾਂ ਮਾਂ ਲੱਧੀ ਜਾਣਦੀ ਏ। ਕੁਝ ਲੋਕ ਵੀ ਆਖਦੇ ਨੇ। ਜੇ ਤੂੰ ਵੀ ਤਸਲੀਮ ਕਰਨਾ ਏਂ ਤੇ ਖ਼ੁਦਾ ਨੂੰ ਪਤਾ ਏ ਜੇ ਵਿੱਡੋਂ ਸਾਫ਼ ਏ ਤਾਂ ਆ ਫਿਰ......।' ਦੁੱਲਾ ਵੀ ਬਾਹਾਂ ਫੈਲਾਅ ਕੇ ਅਗਾਂਹ ਵਧਿਆ।

ਦੋਵੇਂ ਇਕ ਦੂਸਰੇ ਦੇ ਗਲੀਂ ਜਾ ਲਗੇ।

—ਮਾਸ਼ਾ-ਅਲੱਾਹ।' ਇਕ ਅੰਗ ਰਖਿਅਕ ਦੇ ਮੂੰਹੋਂ ਨਿਕਲਿਆ ਤੇ ਉਹਨਾਂ ਦੇ ਸਾਹ ਤੁਰ ਪਏ।

****

ਦੀਵਾਨ ਖ਼ਾਨੇ ਦੇ ਬਾਹਰ, ਕੰਧ ਦੀ ਓਟ ਵਿਚ ਬਿੜਕ ਲੈ ਰਹੀ ਲੱਧੀ ਨੇ ਸੁੱਖ ਦਾ ਸਾਹ ਲਿਆ।

ਅੰਦਰ ਮਹਿਫ਼ਲ ਜੁੜ ਗਈ ਸੀ। ਰੂੜਾ, ਫੱਤੂ, ਸਦੀਕ ਸਾਰੇ ਸੇਵਾ ਵਿਚ ਲੱਗੇ ਹੋਏ ਸਨ। ਸ਼ਾਹੀ ਬੰਦਿਆਂ ਅੱਗੇ ਲੁੱਟੀਆਂ ਸ਼ਾਹੀ ਨਿਆਮਤਾਂ ਹੀ ਪਰੋਸੀਆਂ ਜਾ ਰਹੀਆਂ ਸਨ।

ਦੀਵਾਨਖ਼ਾਨੇ ਦਾ ਬਾਹਰਲਾ ਬੂਹਾ ਅਚਾਨਕ ਖੜਕਿਆ। ਦੁੱਲਾ ਹੈਰਾਨ ਹੋਇਆ। ਰੂੜੇ ਨੂੰ ਬੂਹਾ ਖੋਹਲਣ ਲਈ ਇਸ਼ਾਰਾ ਕੀਤਾ। ਸਲੀਮ ਅਤੇ ਉਸਦੇ ਅੰਗ ਰਖਿਅਕ ਚੌਕੰਨੇ ਹੋ ਗਏ।

ਹਾਜ਼ੀ ਮੀਆਂ ਚਿਰਾਗ਼ਦੀਨ ਜ਼ਰਾ ਕੁ ਅੰਦਰ ਆਇਆ ਤਾਂ ਦੁੱਲੇ ਨੇ ਝੱਟ ਉੱਠਕੇ ਅੱਧਾ ਝੁਕਦਿਆਂ ਆਖਿਆ—'ਸਲਾਮ ਆਖਦਾ ਹਾਜੀ ਮੀਆਂ।'

ਮੀਆਂ ਚਿਰਾਗਦੀਨ ਤਸਬੀ ਵੀ ਫੇਰਦਾ ਰਿਹਾ ਤੇ ਸਭਨਾਂ ਦੀ ਸਲਾਮ ਦਾ ਜਵਾਬ ਵੀ ਦਿੰਦਾ ਰਿਹਾ। ਓਪਰੇ ਪ੍ਰਾਹੁਣਿਆਂ ਵੱਲ ਵੇਖਕੇ, ਹਾਜੀ ਦੁੱਲੇ ਵੱਲ ਝਾਕਿਆ।

—ਇਹ ਪ੍ਰਾਹੁਣੇ ਲਾਹੌਰੋਂ ਆਏ ਨੇ ਬਾਬਾ।' ਦੁੱਲਾ ਬੋਲਿਆ।



—ਜੰਮ ਜੰਮ ਆਓ ਸੋਹਣਿਓਂ....।' ਹਾਜੀ ਨੇ ਕਿਹਾ।

ਦੁੱਲੇ ਨੇ ਤਫ਼ਸੀਲ ਨਾਲ ਦੱਸਿਆ ਤਾਂ ਹਾਜੀ ਬੋਲਿਆ:

—ਪੁੱਤਰੋ ਗੱਲ ਇਹ ਵੇ, ਬੰਦਾ ਜੇ ਆਪਣਾ ਵਸੇਬ ਤੇ ਸੁਭਾਅ ਬਦਲ ਲਏ ਤਾਂ ਵੈਰ, ਦੁਸ਼ਮਣੀਆਂ ਬੜੀਆਂ ਪਿੱਛੇ ਰਹਿ ਜਾਂਦੀਆਂ ਨੇ। ਪਰ ਗੱਲ ਗੌਰ ਕਰਨ ਵਾਲੀ ਇਹ ਵੇ, ਬੰਦਾ ਸੁਭਾਅ ਬਦਲੇ ਕਿੰਦਾਂ। ਜੇ ਬਦਲ ਲਏ ਤਾਂ ਖ਼ੁਦਾ ਬਣ ਜਾਏ। ਬੰਦਾ ਤਾਂ ਸ਼ੈਤਾਨੀਆਂ ਕਰਦਾ ਰਹਿੰਦਾ ਏ, ਤੇ ਸ਼ੈਤਾਨੀਆਂ ਤੋਂ ਲੜਾਈ ਪੈਦਾ ਹੁੰਦੀ ਏ। ਜਣਾ ਪੁੱਛਦਾ ਏ ਅੱਗ ਕਿਥੋਂ ਆਈ ? ਦੂਸਰਾ ਆਖਦਾ ਏ, ਅੰਗਾਰਾਂ 'ਚੋਂ। ਜਣਾ ਪੁੱਛਦਾ ਏ, ਅੰਗਾਰ ਕੌਣ ਲੈ ਕੇ ਆਇਆ ? ਦੂਸਰਾ ਆਖਦਾ ਏ, ਇਕ ਲੜਾਈ। ਲੜਾਈ ਦਾ ਸਮਾਂ ਕਲਜੁੱਗ ਹੁੰਦਾ ਏ ਬਰਖ਼ੁਰਦਾਰੋ।'.......

—ਹਾਜੀ ਬਾਬਾ ਇਹ ਮਾਂ ਨੂੰ ਸਲਾਮ ਕਰਨ ਆਏ ਨੇ।' ਦੁੱਲੇ ਨੇ ਹੋਰ ਸਪੱਸ਼ਟ ਕਰਦਿਆਂ ਕਿਹਾ।

—ਜੀ ਸਦਕੇ ਆਵਣ। ਸਾਰਾ ਮੁਲਕ ਏਹਨਾਂ ਦਾ ਵੇ। ਸਾਰੀ ਖ਼ਲਕਤ ਚਾਕਰ ਏ। ਹਿੱਕ ਗੱਲ ਈ ਪੁੱਤਰੋ, ਜੇ ਦੁਨੀਆਂ ਦਾ ਗਵੇੜ ਏਸਤਰ੍ਹਾਂ ਬਣ ਜਾਵੇ, ਜਿਹੜੇ ਅੱਜ ਉੱਚੇ ਨੇ, ਉਹ ਨੀਵੇਂ ਹੋ ਜਾਣ ਤੇ ਜਿਹੜੇ ਨੀਵੇਂ ਨੇ ਉਹ ਉੱਚੇ ਹੋ ਜਾਣ, ਇਹ ਦੁਨੀਆ ਸਵਰਗ ਬਣ ਜਾਏ। ਪਰ ਹੁੰਦਾ ਕੀ ਵੇ, ਜਿਹੜੇ ਨੀਵੇਂ ਨੇ ਉਹ ਹੋਰ ਥੱਲੇ ਲਹੀ ਜਾਂਦੇ ਨੇ ਤੇ ਜਿਹੜੇ ਉੱਚੇ ਨੇ, ਹੋਰ ਉੱਚੇ ਉੱਠੀ ਜਾਂਦੇ ਨੇ।'........

—ਸਹੀ ਫੁਰਮਾਉਂਦੇ ਹੋ ਮੀਆਂ ਜੀ।' ਇਸ ਵਾਰ ਸਲੀਮ ਬੋਲਿਆ।

—ਚੱਲਨਾ ਵਾਂ ਪੁੱਤਰੋ, ਤੁਸਾਂ ਦੇ ਰੰਗ ਵਿਚ ਭੰਗ........।'

—ਨਹੀਂ, ਨਹੀਂ ਹਾਜੀ ਬਾਬਾ, ਦੱਸਿਆ ਨਹੀਂ ਅੱਜ ਕਿਵੇਂ ਏਸ ਵੇਲੇ......।'

—ਏਧਰੋਂ ਲੰਘਦਾ ਪਿਆ ਸਾਂ ਬਰਖ਼ੁਰਦਾਰਾ। ਗੱਲਾਂ ਹੁੰਦੀਆਂ ਸੁਣੀਆਂ, ਬੂਹਾ ਖੜਕਾ ਦਿੱਤਾ। ਮਨ ਆਇਆ ਦੁੱਲੇ ਪੁੱਤਰ ਨਾਲ ਚਾਰ ਗੱਲਾਂ ਕਰ ਲਈਏ, ਏਥੇ ਤਾਂ ਮਜਲਸਾਂ ਲਾਈਆਂ ਨੇ।' ਚਿਰਾਗ਼ ਦੀਨ ਮੁੜ ਪਿਆ। ਫਿਰ ਬੂਹੇ ਵਿਚ ਜਾ ਕੇ ਬੋਲਿਆ।

—ਦੁੱਲੇ ਪੁੱਤਰ, ਬਰਕਤਾਂ ਦਾ ਘਰ ਤਾਂ ਲੰਘਾ, ਉਹਨਾਂ ਦਾ ਕੁੱਤਾ ਬੜਾ ਭੈੜਾ ਈ।'

ਦੁੱਲਾ ਉੱਠਕੇ, ਹਾਜ਼ੀ ਮੀਆਂ ਦੀ ਬਾਂਹ ਫੜਕੇ ਲੈ ਤੁਰਿਆ।

ਥੋੜ੍ਹਾ ਪਰ੍ਹਾਂ ਜਾਕੇ ਚਿਰਾਗ਼ਦੀਨ ਮੀਆਂ ਖੜ੍ਹ ਗਿਆ—'ਵੇਖ ਬਰਖ਼ੁਰਦਾਰ ਮੈਂ ਤੈਨੂੰ ਬਹਾਨੇ ਨਾਲ ਬਾਹਰ ਲਿਆਇਆ ਵਾਂ। ਬਰਕਤਾਂ ਦੇ ਘਰ ਤਾਂ ਕੋਈ ਕੁੱਤਾ ਹੈ ਈ ਨਹੀਂ। ਪਰ ਹਿੱਕ ਸ਼ਾਹੀ ਕੁੱਤਾ ਤੇਰੀ ਹਵੇਲੀ ਜ਼ਰੂਰ ਬੈਠਾ ਏ। ਖ਼ਬਰਦਾਰ ਰਹੀਂ। ਸਿੱਧੇ ਬੰਦਿਆਂ ਨੂੰ ਵਡਿਆ ਕੇ ਹਾਕਮ ਆਪਣੇ ਵੱਡੇ ਮਕਸਦ ਸੌਖਿਆਂ ਹੱਲ ਕਰ ਲੈਂਦੇ ਨੀ।

—ਮੈਂ ਖ਼ਿਆਲ ਰੱਖਾਂਗਾ ਬਾਬਾ। ਇਹਨਾਂ ਨੂੰ ਤੋਰ ਕੇ ਕੱਲ੍ਹ ਮਿਲਣ ਆਵਾਂਗਾ।' ਦੁੱਲੇ ਨੇ ਪੈਰਾਂ ਵੱਲ ਹੱਥ ਵਧਾਏ।

—ਜਿਉਂਦਾ ਰਹੁ ਪੁੱਤਰ।' ਤਸਬੀ ਫੇਰਦਾ ਚਿਰਾਗ ਦੀਨ ਤੁਰ ਪਿਆ।

—ਦੀਵਾਨਖ਼ਾਨੇ ਅੰਦਰ ਆਉਂਦਿਆਂ ਹੀ ਦੁੱਲੇ ਨੇ ਫੱਤੂ ਮਰਾਸੀ ਨੂੰ ਕਿਹਾ,

—ਜਾਹ ਅੰਦਰੋਂ ਇੱਕ ਦੋਹਣੀ ਹੋਰ ਚੁੱਕ ਲਿਆ।

ਹਨੇਰੀ ਰਾਤ ਨੇ ਪਿੰਡੀ ਉੱਪਰ ਕਾਲੀ ਚਾਦਰ ਤਾਣ ਦਿੱਤੀ।

ਦੁੱਲੇ ਦੇ ਦੀਵਾਨਖ਼ਾਨੇ ਵਿਚ ਅੱਧੀ ਰਾਤ ਤੀਕਰ ਕਹਿਕਹੇ ਗੂੰਜਦੇ ਰਹੇ।

ਲੱਧੀ ਘਬਰਾਈ ਅਤੇ ਡਰੀ ਹੋਈ ਬਾਰ ਬਾਰ ਦੀਵਾਨ ਖਾਨੇ ਦੀਆਂ ਕੰਧਾਂ ਨਾਲ ਆ ਕੰਨ ਜੋੜਦੀ।

ਕੁੜੀਆਂ ਸਹਿਜ਼ਾਦੇ ਦੀ ਇਕ ਝਲਕ ਲੈਣ ਲਈ ਉਚੱੜ-ਪੈੜੀਆਂ ਲੈਂਦੀਆਂ ਰਹੀਆਂ।

ਮੇਹਰੂ ਨਸ਼ੇ ਵਿਚ ਟੱਲੀ ਪਸ਼ੂਆਂ ਅਤੇ ਘੋੜੇ-ਘੋੜੀਆਂ ਵਿਚਕਾਰ ਘੂਕ ਸੁੱਤਾ ਰਿਹਾ।

ਨੂਰਾ ਅਤੇ ਵਹੁਟੀ ਖਾ ਪੀ ਕੇ ਕਦੋਂ ਦੇ ਆਪਣੀ ਕੋਠੀ ਅੰਦਰ ਪੈ ਗਏ ਸਨ।

* * * *

ਉਧਰ ਲਾਹੌਰ ਵਿਚ ਸ਼ਹਿਨਸ਼ਾਹ-ਏ-ਹਿੰਦ ਜਲਾਲਦੀਨ ਅਕਬਰ ਦੀ ਨੀਂਦਰ ਉੱਡੀ ਹੋਈ ਸੀ।

ਮੁਰਾਦ ਸਿੰਧ ਵੱਲ ਫੌਜ ਲੈ ਕੇ ਗਿਆ ਹੋਇਆ ਸੀ।

ਸ਼ੇਖੂ ਬਾਬਾ ਬਾਗੀਆਂ ਦੇ ਪਿੰਡ ਵਿਚ।

ਜੇ ਦੋਵੇਂ ਪੁੱਤਰ ਖੁਹਾ ਲਏ ?—ਨਰਮ ਗੱਦਿਆਂ ਵਾਲੇ ਪਲੰਘ ਉਪਰ ਲੇਟੇ ਸ਼ਹਿਨਸ਼ਾਹ ਨੂੰ ਨੀਂਦ ਨਹੀਂ ਸੀ ਆ ਰਹੀ।



## 22.

ਸ਼ਹਿਨਸ਼ਾਹ ਅਕਬਰ ਦੇ ਸੂਹੀਆਂ ਨੇ ਜਿਵੇਂ ਹੀ ਉਸਨੂੰ ਦੋ ਬਹੁਤ ਅਹਿਮ ਖਬਰਾਂ ਸੁਣਾਈਆਂ ਤਾਂ ਬਾਦਸ਼ਾਹ ਲਈ ਮੌਸਮ ਇਕਦਮ ਖੁਸ਼ਗਵਾਰ ਹੋ ਗਿਆ।

'ਮਿਰਜ਼ਾ ਨਿਜਾਮੁਦੀਨ ਦੀ ਅਗਵਾਈ ਵਿਚ ਗਜ਼ਨੀ ਉੱਪਰ ਫਤਿਹ ਹਾਸਲ ਹੋਈ ਹੈ। ਛੋਟੇ ਸਹਿਜ਼ਾਦੇ ਮੁਰਾਦ ਨੇ ਜੰਗ ਵਿਚ ਬੜੇ ਜੌਹਰ ਦਿਖਾਏ ਨੇ, ਫੌਜਾਂ ਲਾਹੌਰ ਵਲ ਪਰਤਣ ਲੱਗੀਆਂ ਨੇ।' ਇਹ ਪਹਿਲੀ ਖ਼ਬਰ ਸੀ।

'ਸ਼ੇਖੂ ਬਾਬਾ, ਦੁੱਲੇ ਭੱਟੀ ਨੂੰ ਨਾਲ ਲਈ ਲਾਹੌਰ ਵੱਲ ਆ ਰਿਹਾ ਹੈ।' ਇਹ ਦੂਜੀ ਖ਼ਬਰ ਸੀ।

ਨਿਜਾਮੁਦੀਨ ਬਾਰੇ ਤਾਂ ਅਕਬਰ ਨੂੰ ਕੋਈ ਭਰਮ ਨਹੀਂ ਸੀ। ਪਰ ਸ਼ੇਖੂ ਬਾਬਾ ਆਪਣੀ ਮੁਹਿੰਮ ਨੂੰ ਇਸ ਤਰ੍ਹਾਂ ਅੰਜਾਮ ਦੇਵੇਗਾ, ਇਸਦਾ ਤਾਂ ਉਸਨੇ ਸੁਪਨਾ ਵੀ ਨਹੀਂ ਲਿਆ ਸੀ। ਇਹ ਤਾਂ ਸ਼ੇਖੂ ਨੇ ਅਜਮਤ* ਕਰ ਵਿਖਾਈ। ਉਹ ਆਪਣੀ ਪਹਿਲੀ ਅਜਮਾਇਸ਼ ਵਿਚ ਹੀ ਖ਼ਰਾ ਉਤਰਿਆ ਹੈ।

ਖੁਸ਼ੀ ਮੁਦਰਾ ਵਿਚ ਅਕਬਰ ਆਪਣੀ ਰਿਹਾਇਸ਼ਗਾਹ ਤੋਂ ਬਾਹਰ ਖੜ੍ਹਾ ਕਿਲ੍ਹੇ ਦੀ ਕੰਧ ਨਾਲ ਖਹਿਕੇ ਲੰਘਦੇ ਝੱਗੋ-ਝੱਗ ਹੋਏ ਰਾਵੀ ਦਰਿਆ ਦਾ ਸ਼ੋਰ ਸੁਣ ਰਿਹਾ ਸੀ। ਅੱਜ ਇਹ ਸ਼ੋਰ ਉਸਨੂੰ ਤਾਨਸੈਨ ਦੇ ਸੰਗੀਤ ਵਾਂਗ ਮਦਹੋਸ਼ ਕਰ ਰਿਹਾ ਸੀ।

* * * *

ਦੁੱਲੇ ਅਤੇ ਉਸਦੇ ਸਾਥੀਆਂ ਨੇ ਵਰ੍ਹਿਆਂ ਬਾਅਦ ਲਾਹੌਰ ਵੇਖਣਾ ਸੀ। ਸਾਰੇ ਬੇ-ਹੱਦ ਖੁਸ਼ੀ ਦੇ ਰੌਂਅ ਵਿਚ ਸਨ।

ਭਾਵੇਂ ਲਾਹੌਰ ਵੱਲ ਜਾ ਰਹੇ ਦੁੱਲੇ ਨੂੰ ਪਿੰਡੀ ਤੋਂ ਤੁਰਨ ਵੇਲੇ ਮਾਂ ਲੱਧੀ ਬਹੁਤ ਪਰੇਸ਼ਾਨ ਸੀ। ਦੁੱਲੇ ਨੇ ਉਸਨੂੰ ਸਖ਼ਤੀ ਨਾਲ ਵਰਜ ਰੱਖਿਆ ਸੀ,—ਮਾਂ ਇਹ ਨਾ ਆਖਣਾ, ਲਾਹੌਰ ਵੱਲ ਜਾਂਦਾ ਰਾਹ ਮੌਤ ਦਾ ਰਾਹ ਈ।' ਮਾਂ ਦੇ ਮੂੰਹੋਂ ਫੇਰ ਵੀ ਨਿਕਲ ਗਿਆ ਸੀ, 'ਏਸ ਕੂਟ ਵੱਲ ਜਾਣ ਦੀ ਭੱਟੀਆਂ ਨੂੰ ਮਨਾਹੀ ਏ ਪੁੱਤਰਾ।'

—ਮਾਂ, ਬਾਰ ਦੀ ਮਿੱਟੀ ਵਿਚ ਜੰਮਿਆ ਮੈਂ......।'

—ਵੇ ਪੁੱਤਰਾ, ਉਹ ਚੁਗੱਤੇ, ਪਤਾ ਨਹੀਂ ਕਿਹੜੇ ਦਾਅ 'ਤੇ ਆਏ ਨੇ।'

—ਮਾਂ ਡਰਾ ਨਾ ਮੈਨੂੰ। ਜੇ ਉਹ ਕਿਸੇ ਤਾਕ ਵਿਚ ਨੇ ਤਾਂ ਤੇਰਾ ਦੁੱਲਾ ਵੀ ਕਿਸੇ ਤਾਕ ਵਿਚ ਹੈ। ਜੇ ਉਹ ਕਿਸੇ ਬਹਾਨੇ ਮੈਨੂੰ ਲਾਹੌਰ ਵੱਲ ਲੈ ਚੱਲੇ ਨੇ ਤਾਂ ਮੈਂ ਵੀ ਬਹਾਨੇ ਨਾਲ ਵੇਖ ਆਵਾਂ, ਸ਼ਾਹੀ ਅਦਬ-ਅਦਾਬ ਕੀ ਹੁੰਦਾ ਏ। ਉਹ ਵੀ ਸ਼ਾਹੀ ਮਹਿਮਾਨ ਬਣਕੇ। ਰੋਕ ਨਾ ਮੈਨੂੰ ਮਾਂ। ਅਸੀਸ ਦੇਹ, ਦੁਆਵਾਂ ਕਰ, ਮੈਂ ਉਹ ਥਾਂਵਾਂ ਤੱਕ ਆਵਾਂ, ਜਿੱਥੇ ਅੱਬਾ ਔਰ

---

* ਕਰਾਮਾਤ

ਦਾਦਾ......।' ਇਸ ਤੋਂ ਅੱਗੇ ਦੁੱਲੇ ਤੋਂ ਕੁਝ ਬੋਲਿਆ ਨਹੀਂ ਸੀ ਗਿਆ।

—ਵੇ ਕਿਵੇਂ ਦੁਆਵਾਂ ਦੇਵਾਂ ਪੁੱਤਰਾ।' ਲੱਧੀ ਦੇ ਚਿਹਰੇ ਉਪਰ ਡਰ ਸੀ।

—ਮਾਂ ਤੂੰ ਤਾਂ ਸੱਚ ਹੀ ਡਰੀ ਜਾਨੀ ਏਂ ?'

—ਕੀ ਕਰਾਂ ਪੁੱਤਰਾ, ਮਾਂ ਜੋ ਹੋਈ ਡਰ ਤਾਂ ਆ ਜਾਂਦਾ ਈ।' ਲੱਧੀ ਦੀਆਂ ਅੱਖਾਂ ਭਰ ਆਈਆਂ।

ਪਰ ਇਹ ਸਾਰੀਆਂ ਗੱਲਾਂ ਯਾਦ ਕਰਦਾ ਦੁੱਲਾ ਅੰਦਰੋਂ ਪੂਰਾ ਖੁਸ਼ ਸੀ। ਉਸਦੀ ਢਾਣੀ ਵੀ ਮੱਛਰੀ ਹੋਈ ਸੀ। ਦੁੱਲੇ ਨੂੰ ਇਕ ਹੀ ਵੱਡਾ ਫ਼ਿਕਰ ਸੀ। ਉਹ ਆਪਣੇ ਨਾਲ ਪਿੰਡੀ ਅਤੇ ਆਸ-ਪਾਸ ਦੇ ਪਿੰਡਾਂ ਤੋਂ, ਗਭਰੂਆਂ ਦਾ ਇਕ ਵੱਡਾ ਟੋਲਾ ਆਪਣੇ ਨਾਲ ਲਿਆਉਣਾ ਚਾਹੁੰਦਾ ਸੀ। ਸਲੀਮ ਨੇ ਸਮਝਾਇਆ, 'ਏਨੇ ਜਣੇ ਵੇਖਕੇ ਸ਼ਹਿਨਸ਼ਾਹ ਨਾਰਾਜ਼ ਹੋਣਗੇ। ਅਸਾਂ ਤਾਂ ਸ਼ਾਹੀ ਤਖ਼ਤ ਨਾਲ ਰਾਬਤਾ ਬਣਾਈ ਰੱਖਣ ਲਈ ਰਵਾਇਤ ਬਨਾਉਣੀ ਹੈ। ਆਪਣੀ ਤਾਕਤ ਵਿਖਾਉਣ ਥੋੜਾ ਈ ਜਾਣਾ ਹੈ। ਬੜੇ ਮੌਕੇ ਆਉਣਗੇ, ਸਭਨਾਂ ਨੂੰ ਵਾਰੀ ਨਾਲ ਲਾਹੌਰ ਦਿਖਾ ਦੇਣਾ। ਬਾਦਸ਼ਾਹ ਨੇ ਤਾਂ ਆਖਿਆ ਸੀ, 'ਦੁੱਲਾ ਭੱਟੀ ਇਕੱਲਾ ਆਏ ਤਾਂ ਖ਼ੂਬ ਮਜਲਿਸ ਹੋਵੇਗੀ।'

ਦੁੱਲਾ ਫੇਰ ਵੀ ਆਪਣੇ ਹਮ-ਪਿਆਲਾ ਸਾਥੀ ਨਾਲ ਲੈ ਤੁਰਿਆ ਸੀ। ਪਰ ਉਸਨੂੰ ਅਜੀਬ ਲੱਗ ਰਿਹਾ ਸੀ।.......ਏਨੇ ਕੁ ਜਣੇ ਤਾਂ ਅਸੀਂ ਜੰਗਲ ਪਾਣੀ ਜਾਣ ਲਈ ਜੁੜ ਜਾਨੇ ਆਂ। ਕਦੇ ਉਸਨੂੰ ਲਗਦਾ, ਅਸਾਂ ਨਾਲ ਕੋਈ ਧੋਖਾ ਤਾਂ ਨਹੀਂ ਹੋ ਰਿਹਾ ? ਰਸਤੇ ਵਿਚ ਇਕ ਪੜਾਅ 'ਤੇ ਦੁੱਲੇ ਨੇ ਮੌਕਾ ਵੇਖਕੇ, ਪਿਰਥੇ, ਸਦੀਕ, ਰੂੜੇ, ਲਹਿਣੇ ਅਤੇ ਰਮਜ਼ੇ ਕੋਲ ਖਦਸ਼ਾ ਜ਼ਾਹਰ ਕੀਤਾ.....'ਜੇ ਲਾਹੌਰ ਅਸਾਂ ਨੂੰ ਬੰਦੀ ਬਣਾ ਲਿਆ ਤਾਂ....... ?'

—ਇਹ ਬਾਦਸ਼ਾਹ ਦਾ ਪੁੱਤਰ ਤਾਂ ਆਖਦਾ, ਦੁੱਲਾ ਦੁਧੋਂ ਵੀ ਮੇਰਾ ਭਾਈ ਜਾਨ ਏ। ਪਿਰਥੇ ਨੇ ਫ਼ਿਕਰ ਨਾਲ ਕਿਹਾ।

—ਇਹਨਾਂ ਮੁਗਲਾਂ ਦਾ ਨਾ ਕੋਈ ਪਿਉ ਆਪਣਾ, ਨਾ ਕੋਈ ਪੁੱਤਰ ਤੇ ਨਾ ਕੋਈ ਭਰਾ ਆਪਣਾ। ਤਖ਼ਤ ਦੀ ਖਾਤਰ ਤਾਂ ਇਹ....... ।'

—ਜਾਣਨਾ ਰੂੜਿਆ, ਜੇ ਇਹ ਗੱਲ ਹੋਈ ਤਾਂ ਆਪਾਂ ਕਿਹੜਾ ਵੰਗਾਂ ਪਾਈਆਂ ਨੇ।' ਦੁੱਲੇ ਨੇ ਟੋਕਦਿਆਂ ਕਿਹਾ—'ਜਿੰਨੇ ਜਣੇ ਆਂ, ਏਸ ਤੋਂ ਦੂਣਿਆਂ ਦੇ ਸਿਰ ਤਾਂ ਲੈ ਈ ਲਵਾਂਗੇ।'

—ਬਿਨਾਂ ਹਥਿਆਰਾਂ ਤੋਂ ਦੁੱਲਿਆ ਕਿਵੇਂ........ ?'

—ਪਿਰਥਿਆ, ਮੌਕਾ ਪਿਆ, ਹਥਿਆਰ ਤਾਂ ਇਹਨਾਂ ਤੋਂ ਈ ਖੋਹ ਲੈਣੇ ਨੇ।' ਦੁੱਲਾ ਸਮਝਦਾ ਹੈ, ਸਾਥੀਆਂ ਜਾਂ ਵੈਰੀ ਸਾਹਮਣੇ ਇਹ ਨਹੀਂ ਜਾਹਰ ਹੋਣ ਦੇਣਾ।.....ਕਿ ਅਸੀਂ ਡਰੇ ਹੋਏ ਆਂ। ਉਹ ਫੇਰ ਬੋਲਿਆ,—'ਇਹਨਾਂ ਮੁਗਲਾਂ ਨੂੰ ਏਹੀ ਪਤਾ ਲੱਗੇ, ਅਸੀਂ ਤਾਂ ਲਾਹੌਰ ਮੇਲਾ ਵੇਖਣ ਆਏ ਆਂ। ਤਖ਼ਤ ਆਪਣੀ ਖੇਡ ਖੇਡੇਗਾ ਤੇ ਅਸੀਂ ਆਪਣੀ ਖੇਡ ਖੇਡਾਂਗੇ। ਅਸੀਂ ਮੌਤ ਤੋਂ ਡਰਨ ਵਾਲੇ ਕਦੋਂ ਹੋ ਗਏ ਪਿਰਥਿਆ, ਬਾਬਾ ਚਿਰਾਗ਼ ਦੀਨ ਆਖਦਾ ਹੁੰਦਾ,—'ਜਿੰਨਾ ਚਿਰ ਅਸੀਂ ਜਿਉਣਾ ਏ, ਕੋਈ ਮਾਰ ਨਹੀਂ ਸਕਦਾ ਤੇ ਜਦ ਮਰਨਾ ਹੋਇਆ, ਕੋਈ ਬਚਾ ਨਹੀਂ ਸਕਦਾ।'

ਦੁੱਲੇ ਦੀਆਂ ਗੱਲਾਂ ਸੁਣਕੇ ਸਾਰੇ ਜਣੇ ਹੌਸਲੇ ਵਿਚ ਹੋ ਗਏ।

* * * *



ਸਹਿਜ਼ਾਦਾ ਸਲੀਮ ਦੇ ਸਵਾਗਤ ਲਈ ਕਿਲ੍ਹੇ ਅੰਦਰ ਦਰਬਾਰ ਸਜਾਇਆ ਗਿਆ ਸੀ। ਸ਼ਹਿਨਸ਼ਾਹ ਅਕਬਰ ਅਤੇ ਦਰਬਾਰੀ ਉਡੀਕ ਵਿਚ ਸਨ। ਸੂਹੀਏ ਪਲਪਲ ਦੀ ਖ਼ਬਰ ਸ਼ਹਿਨਸ਼ਾਹ ਤੱਕ ਪੁੱਜਦੀ ਕਰ ਰਹੇ ਸਨ।

ਸ਼ਾਹੀ ਕਾਇਦੇ ਕਾਨੂੰਨ ਅਨੁਸਾਰ, ਕਿੱਲੇ ਦਾ ਵੱਡਾ ਦਰਵਾਜ਼ਾ ਸਿਰਫ ਸ਼ਹਿਨਸ਼ਾਹ ਅਕਬਰ ਅਤੇ ਉਸਦੇ ਖ਼ਾਸ ਚਹੇਤਿਆਂ ਲਈ ਹੀ ਖੁਲਦਾ ਸੀ। ਬਾਕੀ ਸਭਨਾਂ ਦਰਬਾਰੀਆਂ, ਅਹਿਲਕਾਰਾਂ, ਅਮੀਰਾਂ, ਵਜ਼ੀਰਾਂ ਨੂੰ ਦਰਵਾਜ਼ੇ ਦੀ ਛੋਟੀ ਬਾਰੀ ਵਿਚੋਂ ਦੀ ਝੁਕ ਕੇ ਲੰਘਣਾ ਪੈਂਦਾ ਸੀ।

ਦਰਵਾਜ਼ੇ ਦੇ ਠੀਕ ਸਾਹਮਣੇ, ਸ਼ਹਿਨਸ਼ਾਹ ਅਕਬਰ ਨੇ ਆਪਣਾ ਸਿੰਘਾਸਨ ਅੱਜ ਇਸ ਤਰ੍ਹਾਂ ਲਗਵਾਇਆ ਹੋਇਆ ਸੀ, ਕਿ ਬਾਰੀ ਵਿਚੋਂ ਕਿਲ੍ਹੇ ਅੰਦਰ ਆਉਂਦਾ ਹਰ ਬੰਦਾ ਆਪਣੇ ਆਪ ਬਾਦਸ਼ਾਹ ਅੱਗੇ ਝੁੱਕ ਜਾਂਦਾ ਸੀ।

ਕਿਲ੍ਹੇ ਦੇ ਸਾਹਮਣੇ ਆ ਕੇ ਸਲੀਮ ਦਾ ਕਾਫ਼ਲਾ ਰੁੱਕ ਗਿਆ।

ਸਲੀਮ ਅਤੇ ਉਸਦੇ ਅੰਗ ਰਖਿਅਕ ਘੋੜਿਆਂ ਉੱਪਰੋਂ ਉੱਤਰ ਖਲੋਤੇ। ਦੁੱਲਾ ਅਤੇ ਉਸਦੇ ਸਾਥੀ ਅਜੇ ਘੋੜਿਆਂ ਉਪਰ ਹੀ ਸਨ।

—ਏਥੇ ਉਤਰਨਾ ਪੈਣਾ ਹੈ। ਘੋੜੇ ਕਿਲ੍ਹੇ ਅੰਦਰ ਨਹੀਂ ਜਾਣੇ।' ਸਲੀਮ ਨੇ ਕਿਹਾ।

—ਕਿਲ੍ਹੇ ਦਾ ਦੁਆਰਾ ਖੋਲ੍ਹਣ ਲਈ ਆਖ, ਘੋੜੇ ਲੰਘ ਜਾਣੇ ਨੀ ਅੰਦਰ।' ਦੁੱਲਾ ਬੋਲਿਆ।

—ਸ਼ਾਹੀ ਮਰਯਾਦਾ ਹੈ, ਘੋੜੇ ਕਿਲ੍ਹੇ ਅੰਦਰ ਨਹੀਂ ਜਾ ਸਕਦੇ।' ਸਲੀਮ ਨੇ ਦੱਸਿਆ।

ਦੁੱਲਾ ਅਤੇ ਸਾਥੀ ਹੈਰਾਨ ਹੋਏ ਘੋੜਿਆ 'ਤੋਂ ਉੱਤਰ ਆਏ।

—ਹੁਣ ਤਾਂ ਜਾ ਸਕਨੇ ਆਂ ਅੰਦਰ ? ਦੁੱਲੇ ਨੇ ਵਿਅੰਗ ਨਾਲ ਪੁੱਛਿਆ।

—ਆਉ।' ਸਲੀਮ ਛੋਟੀ ਬਾਰੀ ਵੱਲ ਇਸ਼ਾਰਾ ਕਰਦਿਆਂ ਅੱਗੇ ਵਧਿਆ।

—ਇਹ ਦੁਆਰ ਕਿਉਂ ਨਹੀਂ ਖੁਲ੍ਹਦਾ ?' ਦੁੱਲੇ ਨੇ ਪੁੱਛਿਆ।

—ਇਹ ਸਿਰਫ ਸ਼ਹਿਨਸ਼ਾਹ ਲਈ ਖੁਲ੍ਹਦਾ ਹੈ।'

—ਕੋਈ ਖ਼ਤਰਾ ਏ ?'

—ਸ਼ਹਿਨਸ਼ਾਹੀਆਂ ਨੂੰ ਸੌ ਖ਼ਤਰੇ ਨੇ। ਕੀ ਪਤਾ ਕੋਈ ਦੁਸ਼ਮਣ ਤਾਕ ਵਿਚ ਹੋਵੇ ਤੇ ਦਰਵਾਜ਼ਾ ਖੁਲ੍ਹਦਿਆਂ ਹੀ ਝੱਟ ਅੰਦਰ ਹਾਥੀ ਘੋੜੇ ਤੋਪਾਂ ਲੈ ਕੇ ਲੰਘ ਆਵੇ। ਹਿਫਾਜ਼ਤ ਪੱਖੋਂ ਇਹ ਸਭ ਕਰਨਾ ਪੈਂਦਾ ਹੈ।' ਸਲੀਮ ਨੇ ਸਮਝਾਇਆ।

—ਹਲਾ, ਅਸੀਂ ਤਾਂ ਜਾਣਿਆ ਸੀ, ਬਾਦਸ਼ਾਹੀਆਂ ਡਰਾਵਣ ਹੀ ਜਾਣਦੀਆਂ ਨੇ, ਇਹ ਖ਼ੁਦ ਵੀ ਡਰੀਆਂ ਹੋਂਦੀਆਂ ਨੇ, ਅੱਜ ਪਤਾ ਲੱਗਿਆ ਸੂ।' ਦੁੱਲਾ ਹੱਸਣ ਲੱਗਾ।

ਸਲੀਮ ਨੂੰ ਇਹ ਗੱਲ ਤਾਂ ਚੁੱਭੀ ਪਰ ਉਸ ਜਾਹਰ ਨਾ ਹੋਣ ਦਿੱਤਾ। ਉਹ ਬਾਰੀ ਲਾਗੇ ਹੋ ਕੇ ਬੋਲਿਆ—'ਆ ਮੇਰੇ ਪਿੱਛੇ ਆ।' ਸਲੀਮ ਪੂਰਾ ਝੁੱਕ ਕੇ ਅੰਦਰ ਲੰਘ ਗਿਆ ਤਾਂ ਦੁੱਲਾ ਝੱਟ ਸ਼ਾਹੀ ਰਹਿਤਲ ਦੀ ਨੀਅਤ ਸਮਝ ਗਿਆ। ਉਸਨੇ ਆਪਣੇ ਸਾਥੀਆਂ ਨੂੰ ਕਿਹਾ-'ਏਥੇ ਆਪਾਂ ਬੁੱਧੂਆਂ ਅਤੇ ਸਿਧਰਿਆਂ ਦਾ ਸਾਂਗ ਕਰਨਾ ਜੇ।'

—ਅੰਦਰ ਲੰਘ ਕੇ ਸਲੀਮ ਨੇ ਦੁੱਲੇ ਨੂੰ ਲੰਘ ਆਉਣ ਲਈ ਫੇਰ ਕਿਹਾ।

ਦੁੱਲੇ ਨੇ ਪਹਿਲਾਂ ਆਪਣਾ ਖੱਬਾ ਪੈਰ ਅੰਦਰ ਕੀਤਾ, ਫਿਰ ਸੱਜਾ ਤੇ ਆਪਣੀ ਪੱਗ ਦਾ

ਸ਼ਮੂਲਾ ਬਾਰੀ ਨਾਲ ਲੱਗਣ ਤੋਂ ਬਚਾਉਂਦਾ ਅੰਦਰ ਲੰਘ ਕੇ ਸਿੱਧਾ ਜਾ ਖੜ੍ਹਾ। ਦੁੱਲੇ ਦੇ ਸਾਥੀ ਵੀ ਏਵੇਂ ਲੰਘ ਗਏ।

ਦਰਬਾਰੀਆਂ, ਅਹਿਲਕਾਰਾਂ ਨੇ ਮੂੰਹ ਵਿਚ ਉਂਗਲਾਂ ਲੈ ਲਈਆਂ।

—ਯਾ ਖ਼ੁਦਾ, ਦੁੱਲੇ ਭੱਟੀ ਤਾਂ ਸ਼ਹਿਨਸ਼ਾਹ-ਏ-ਹਿੰਦ ਨੂੰ ਜੁੱਤੀਆਂ ਵਿਖਾਈਆਂ ਨੇ।'

ਸ਼ਹਿਨਸ਼ਾਹ ਅਕਬਰ ਦੁੱਲੇ ਦੀ ਹਮਾਕਤ ਤਾੜ ਰਿਹਾ ਸੀ।

ਜਦੋਂ ਸਾਰੇ ਅੰਦਰ ਲੰਘ ਆਏ। ਸਲੀਮ ਉਹਨਾਂ ਦੇ ਅੱਗੇ ਲੱਗ ਤੁਰਿਆ। ਸਲੀਮ ਦੇ ਸਵਾਗਤ ਲਈ ਦਰਬਾਰੀ ਉੱਠਕੇ ਖੜ੍ਹੇ ਹੋ ਗਏ। ਝੁਕ ਝੁਕ ਸਲਾਮਾਂ ਹੋਈਆਂ। ਸਲੀਮ ਨੇ ਵੀ ਸ਼ਹਿਨਸ਼ਾਹ ਦੇ ਲਾਗੇ ਜਾਕੇ ਅੱਧਾ ਝੁਕ ਕੇ ਸਲਾਮ ਕੀਤੀ।

ਦੁੱਲਾ ਅਤੇ ਉਸਦੇ ਸਾਥੀ ਬੁੱਧੂ ਜਿਹੇ ਬਣੇ, ਇਧਰ ਉਧਰ ਕਿੱਲ੍ਹੇ ਵੱਲ ਵੇਖਣ ਲੱਗੇ। ਦਰਬਾਰੀਆਂ ਵਲ ਝਾਕੇ। ਬਾਦਸ਼ਾਹ ਵੱਲ ਤੇ ਸਿੰਘਾਸਨ ਵੱਲ ਵੀ ਅੱਖਾਂ ਟੱਡ ਟੱਡ ਵੇਖਣ ਲੱਗੇ। ਸ਼ਾਹੀ ਰਵਾਇਤ ਅਨੁਸਾਰ ਨਾ ਉਹ ਬਾਦਸ਼ਾਹ ਅੱਗੇ ਝੁਕੇ ਨਾ ਸਲਾਮ ਆਖੀ।

ਰਮਜ਼ਾ ਖੁਸ਼ ਹੁੰਦਾ ਉੱਚੀ ਆਵਾਜ਼ ਵਿਚ ਬੋਲਿਆ—'ਦੁੱਲਿਆ ਔਹ ਹਾਥੀ ਵੇਖ-।' ਸਾਰੇ ਉਧਰ ਪਾਂਗਲਾ ਵਾਂਗ ਵੇਖਣ ਲੱਗੇ।

—ਔਧਰ ਘੋੜੇ ਵੀ.....।' ਸਦੀਕ ਨੇ ਇਸ਼ਾਰਾ ਕੀਤਾ।

ਦਰਬਾਰੀਆਂ ਦੇ ਚਿਹਰੇ ਪੀਲੇ ਪੈ ਗਏ। ਬਾਦਸ਼ਾਹ ਦਾ ਲਹੂ ਅੰਦਰੇ ਅੰਦਰ ਖੌਲਣ ਲੱਗਾ। ਸ਼ਾਹੀ ਦਰਬਾਰ ਦੀ ਏਨੀ ਤੌਹੀਨ? ਇਹਨਾਂ ਗੰਵਾਰਾਂ ਨੂੰ ਅਕਲ ਈ ਕੋਈ ਨਹੀਂ, ਸ਼ਹਿਨਸ਼ਾਹ ਅੱਗੇ ਪੇਸ਼ ਕਿਵੇਂ ਹੋਣਾ ਹੈ। ਆਪਣੇ ਗੁੱਸੇ ਉਪਰ ਕਾਬੂ ਪਾਉਂਦਿਆਂ, ਅੱਖਾਂ ਵਿਚ ਲਾਲੀ ਆ ਗਈ। ਸ਼ੇਖ਼ੂ ਵੱਲ ਕਹਿਰੀਆਂ ਅੱਖਾਂ ਨਾਲ ਵੇਖਿਆ, ਜਿਵੇਂ ਆਖ ਰਿਹਾ ਹੋਵੇ.... 'ਏਹੀ ਕੁਝ ਸਿਖਾ ਕੇ ਲਿਆਇਆ ਹੈਂ?' ਅਗਰ ਪੁੱਤਰ ਨਾਲ ਵਾਅਦਾ ਨਾ ਕੀਤਾ ਹੁੰਦਾ ਤਾਂ ਅਜਿਹੀ ਗੁਸਤਾਖ਼ੀ ਕਰਨ ਵਾਲੇ ਦਾ ਸਿਰ ਏਥੇ ਹੀ ਕਲਮ ਕਰਵਾ ਦੇਂਦਾ।......

ਦਰਬਾਰੀ ਅਜੇ ਵੀ ਬੈਠੇ ਨਹੀਂ ਸਨ, ਸਹਿਮੇ ਖੜ੍ਹੇ ਸਨ। ਸਲੀਮ ਵੀ ਸਕਤੇ ਵਿਚ ਸੀ। ਉਸ ਲਈ ਸਮਾਂ ਏਨਾ ਭਿਆਨਕ ਸੀ, ਨਾ ਉਹ ਅੱਬਾ ਹਜ਼ੂਰ ਤੋਂ ਖ਼ਿਮਾ ਮੰਗ ਸਕਦਾ ਸੀ, ਨਾ ਸਭਨਾਂ ਦੇ ਸਾਹਮਣੇ ਦੁੱਲੇ ਨੂੰ ਕੁਝ ਆਖ ਸਕਦਾ ਸੀ।

ਦੁੱਲੇ ਭੱਟੀ ਤੇ ਉਸਦੇ ਸਾਥੀ, ਬੇਪਰਵਾਹ, ਸ਼ਾਹੀ ਦਰਬਾਰ ਦੀ ਚਕਾ ਚੌਂਧ ਵੱਲ ਵੇਖਣ ਲੱਗੇ ਹੋਏ ਸਨ। ਅੰਦਰੋਂ ਦੁੱਲਾ, ਅਕਬਰ ਬਾਦਸ਼ਾਹ ਦੇ ਦੁਆਲੇ ਬੈਠੇ ਵੱਡੇ ਲੋਕਾਂ, ਆਸ ਪਾਸ ਖੜ੍ਹੇ ਪਹਿਰੇਦਾਰਾਂ ਵਲ ਵੇਖਦਾ ਸੋਚ ਰਿਹਾ ਸੀ, ਆਪਣੀ ਰਾਖ਼ੀ ਲਈ ਬਾਦਸ਼ਾਹ ਨੂੰ ਐਨੇ ਜਣੇ ਰਖਣੇ ਪੈਂਦੇ ਨੇ। ਐਨਾ ਵੱਡਾ ਕਿੱਲ੍ਹਾ, ਹਾਥੀ ਘੋੜੇ ਅਸਾਂ ਨੂੰ ਤਾਂ ਆਖਿਆ ਸੀ, ਘੋੜੇ ਅੰਦਰ ਨਹੀਂ ਜਾਂਦੇ। ਅੰਦਰ ਤਾਂ ਪੂਰੀ ਫੌਜ ਏ। ਜੇ ਏਥੇ ਅਸਾਂ ਨੂੰ ਕਤਲ ਕਰ ਦੇਵਣ? ਉਹ ਘੁੰਮਕੇ ਪਿੱਛੇ ਕਿਲ੍ਹੇ ਦੇ ਦਰਵਾਜ਼ੇ ਵਲ ਝਾਕਿਆ, ਏਥੇ ਹੀ ਲਟਕਦੀਆਂ ਹੋਣਗੀਆਂ ਮੇਰੇ ਅੱਬਾ ਅਤੇ ਦਾਦੇ ਦੀਆਂ ਲੋਥਾਂ।..........

ਹੁਣ ਦੁੱਲੇ ਦਾ ਲਹੂ ਉਬਾਲੇ ਮਾਰਨ ਲੱਗਾ। ਗੁੱਸੇ ਵਿਚ ਮੁੱਛਾਂ ਫਰਕਣ ਲੱਗੀਆਂ। ਦਰਬਾਰੀ ਅਜੇ ਵੀ ਭੈ-ਭੀਤ ਸਨ। ਅਜਿਹੀ ਕਰਾਮਤ ਉਹਨਾਂ ਨਾ ਕਦੀ ਸੁਣੀ ਨਾ ਵੇਖੀ। ਕੋਈ ਆਮ ਬੰਦਾ ਸ਼ਹਿਨਸ਼ਾਹ ਦੇ ਸਾਹਮਣੇ ਖੜ੍ਹਾ ਹੋਕੇ ਐਸੀਆਂ ਹਰਕਤਾਂ ਵੀ ਕਰ ਸਕਦਾ ਹੈ?.......



ਅਬੁਲ ਫਜ਼ਲ ਤਾਂ ਨੇੜੇ ਹੋਕੇ ਦੁੱਲੇ ਨੂੰ ਛੂਹਕੇ ਵੇਖਣਾ ਚਾਹੁੰਦਾ ਸੀ। ਇਹ ਸੱਚ ਮੁੱਚ ਹੀ ਸਾਡੇ ਵਰਗਾ ਹੱਡ-ਮਾਸ ਦਾ ਬੰਦਾ ਏ ਜਾਂ ਇਹਨੂੰ ਕੋਈ ਵੱਖ਼ਰੀ ਮਿੱਟੀ ਲੱਗੀ ਏ।

ਸਲੀਮ ਸ਼ਰਮਸ਼ਾਰ ਹੁੰਦਾ, ਅੱਬਾ ਹਜ਼ੂਰ ਲਾਗੇ ਹੋਕੇ ਬੋਲਿਆ;

—ਇਹਨਾਂ ਪੇਂਡੂ ਗੰਵਾਰਾਂ ਨੂੰ ਕੀ ਪਤਾ ਸ਼ਾਹੀ ਮਰਯਾਦਾ ਕੀ ਹੁੰਦੀ ਹੈ। ਇਹ ਜਾਹਲ ਲੋਕ ਨੇ। ਸ਼ਾਹੀ ਦਰਬਾਰ ਵੇਖਕੇ ਇਹਨਾਂ ਦੇ ਹੋਸ਼ ਗੁੰਮ ਹੋ ਗਏ ਨੇ।'

—ਅਸਾਂ ਨੂੰ ਇਹ ਏਡਾ ਜਾਹਲ ਨਹੀਂ ਜਾਪਦਾ ਸ਼ੇਖ਼ੂ ਬਾਬਾ। ਸ਼ਾਹੀ ਤਾਕਤ ਤੋਂ ਤਰਿੰਹਦੇ ਮਵੇਸ਼ (ਪਸ਼ੂ) ਵੀ ਸਿੰਗ ਨੀਵੇਂ ਕਰ ਲੈਂਦੇ ਨੇ। ਇਹ ਤਾਂ ਅਸਾਂ ਨੂੰ ਜੁੱਤੀਆਂ ਵਿਖਾਉਂਦਾ ਏ।'

—ਸਹੀ ਫੁਰਮਾਉਂਦੇ ਓ ਅੱਬਾ ਹਜ਼ੂਰ। ਪਰ ਏਨਾ ਸੋਚਣ ਦੀ ਅਕਲ ਕਿਥੇ ਹੈ ਇਹਨਾਂ ਵਿਚ। ਲਾਹੌਰ ਸ਼ਹਿਰ ਵਿਖਾਵਣ ਦੇ ਬਹਾਨੇ ਮੈਂ ਇਥੋਂ ਲੈ ਜਾਨਾਂ ਇਹਨੂੰ ਨੂੰ, ਫਿਰ ਉਧਰ ਬਾਹਰੇ-ਬਾਹਰ ਹੀ ਰੁਖ਼ਸਤ ਕਰ ਦਿਆਂਗਾ।' ਸਲੀਮ ਨੇ ਆਪਣਾ ਮੂੰਹ ਬਾਦਸ਼ਾਹ ਦੇ ਕੰਨ ਲਾਗੇ ਕਰ ਲਿਆ ਸੀ।

—ਇਹ ਦੁੱਲਾ ਓਹੀ ਏ, ਜਿਸ ਦੀਆਂ ਸ਼ਕਾਇਤਾਂ ਮਿਲਦੀਆਂ ਨੇ, ਕਿ ਕਿਸੇ ਹੋਰ ਨੂੰ ਹੀ ਲੈ ਆਇਆ ਏਂ?'

—ਓਹੀ ਦੁੱਲਾ ਹੈ, ਅੱਬਾ ਹਜ਼ੂਰ, ਸਾਂਦਲ ਬਾਰ ਦਾ ਦੁੱਲਾ।'

—ਓਹ ਤਾਂ ਸਾਂਦਲ ਬਾਰ ਦਾ ਮੁਕੱਦਮ ਬਣਿਆ ਫਿਰਦਾ ਹੈ। ਰਾਹਕਾਂ ਨੂੰ ਆਖਦਾ ਹੈ, ਲਗਾਨ ਨਹੀਂ ਦੇਣਾ। ਏਹ ਸਖ਼ਸ਼ ਤਾਂ ਨੀਮ-ਪਾਗਲ ਜਾਪਦਾ ਹੈ।' ਅਕਬਰ ਅਜੇ ਵੀ ਦੁੱਲਾ ਅਤੇ ਉਸਦੇ ਸਾਥੀਆਂ ਨੂੰ ਕਹਿਰੀਆਂ ਅੱਖਾਂ ਨਾਲ ਘੂਰ ਰਿਹਾ ਸੀ।

—ਆਖਦਾ ਵੀ ਹੋਵੇ, ਅਸਾਂ ਸਾਹਮਣੇ ਇਹ ਹੈ ਕੀ ਚੀਜ਼।' ਸਲੀਮ ਬਾਦਸ਼ਾਹ ਦੇ ਤੇਵਰ ਨਰਮ ਕਰਨੇ ਚਾਹੁੰਦਾ ਸੀ।

ਦੁੱਲਾ ਅਤੇ ਸਾਥੀ ਅਜੇ ਵੀ ਪੁੱਠੀਆਂ-ਸਿੱਧੀਆਂ ਹਰਕਤਾਂ ਕਰਨ ਲੱਗੇ ਹੋਏ ਸਨ। ਰੂੜੇ ਨੇ ਇਕ ਤਿਪਾਈ ਉਪਰ ਪਏ ਫੁੱਲਦਾਨ ਵਿਚੋਂ ਫੁੱਲ ਕੱਢ ਲਿਆ ਤੇ ਸੁੰਘਣ ਲੱਗਾ।

—ਇਹ ਸਹੀ ਹੈ, ਅਸਾਂ ਤੇਰੇ ਨਾਲ ਵਾਅਦਾ ਕੀਤਾ ਹੈ। ਪਰ ਇਹ ਮੌਕਾ......।'

—ਨਹੀਂ ਅੱਬਾ ਹਜ਼ੂਰ। ਹੋਰ ਬੜੇ ਮੌਕੇ ਆਉਣੇ ਨੀ। ਮੈਂ ਦੁੱਲੇ ਦੀ ਮਾਂ ਨਾਲ ਵਾਅਦਾ ਕਰਕੇ ਆਇਆ ਹਾਂ। ਦੁੱਲਾ ਸਹੀ ਸਲਾਮਤ ਪਿੰਡੀ ਜ਼ਰੂਰ ਪਰਤੇਗਾ।'

—ਤਖ਼ਤਾਂ ਲਈ ਬੜਾ ਕੁਝ ਦਾਅ ਉੱਪਰ ਲਾਉਣਾ ਪੈਂਦਾ ਹੈ ਸ਼ੇਖ਼ੂ ਬਾਬਾ। ਹਕੂਮਤ ਲਈ ਵਾਅਦੇ ਕੁਰਾਨ ਦੀਆਂ ਆਇਤਾਂ ਨਹੀਂ ਹੁੰਦੀਆਂ।' ਅਕਬਰ ਨੇ ਸਲੀਮ ਨੂੰ ਨਿਜ਼ਾਮ ਦੀ ਸਿਆਸਤ ਸਮਝਾਉਣੀ ਚਾਹੀ।

—ਇਸ ਵਾਰ ਨਹੀਂ ਅੱਬਾ ਹਜ਼ੂਰ। ਸ਼ਹਿਨਸ਼ਾਹ-ਏ-ਹਿੰਦ ਵਾਅਦਾ ਖਿਲਾਫ਼ੀ ਕਰ ਸਕਦਾ ਹੈ, ਪਰ ਇਕ ਅੱਬਾ ਨਹੀਂ। ਅਗਰ ਇਹ ਆਪਣੀਆਂ ਹਰਕਤਾਂ ਤੋਂ ਬਾਜ਼ ਨਾ ਆਇਆ, ਪੰਜਾਹ ਘੋੜ ਸਵਾਰ ਕਾਫ਼ੀ ਨੇ, ਸੰਘੀ ਨੱਪ ਆਉਣਗੇ। ਏਸ ਤਰ੍ਹਾਂ ਕਰਨ ਨਾਲ, ਹਜ਼ੂਰ ਦੀ ਵੀ ਰਹਿ ਜਾਵੇਗੀ ਤੇ ਮੇਰੀ ਵੀ।'

ਦਰਬਾਰੀ ਅਜੇ ਵੀ ਸਾਹ ਰੋਕੀ, ਇਹ ਨਵਾਂ ਤਮਾਸ਼ਾ ਵੇਖ ਰਹੇ ਸਨ। ਧੀਮੀ ਸੁਰ ਵਿਚ ਸ਼ਹਿਨਸ਼ਾਹ ਅਤੇ ਸਹਿਜ਼ਾਦੇ ਦੀ ਗੁਫਤਗੂ ਦਾ ਰਹੱਸ, ਉਹਨਾਂ ਦੇ ਮਨਾਂ ਅੰਦਰ ਬੇ-ਸ਼ੁਮਾਰ ਤੌਖਲੇ ਪੈਦਾ ਕਰ ਰਿਹਾ ਸੀ।

ਅਚਾਨਕ ਸ਼ਹਿਨਸ਼ਾਹ ਅਕਬਰ ਦੀ ਆਵਾਜ਼ ਸਭਨਾਂ ਨੂੰ ਸੁਣੀ:

—ਇਹਨਾਂ ਗਰਾਈਆਂ ਨੂੰ ਲਾਹੌਰ ਸ਼ਹਿਰ ਘੁੰਮਾਓ, ਇਹ ਸਹਿਜ਼ਾਦਾ ਸਲੀਮ ਦੇ ਪ੍ਰਾਹੁਣੇ ਨੇ, ਮਹਿਮਾਨ ਨੇ। ਇਹਨਾਂ ਨੂੰ ਇਲਮ ਹੋਵੇ, ਬਾਦਸ਼ਾਹ ਆਪਣੀ ਰਿਆਇਆ ਪਾਸੋਂ ਲਗਾਨ ਕਿਉਂ ਵਸੂਲ ਕਰਦਾ ਹੈ। ਸ਼ਹਿਰ ਘੁੰਮ ਕੇ ਇਹ ਵੇਖ ਲੈਣ, ਰਿਆਇਆ ਦੀ ਜਾਨ-ਮਾਲ ਦੀ ਹਿਫ਼ਾਜ਼ਤ ਹਕੂਮਤ ਕਿਸ ਤਰ੍ਹਾਂ ਕਰਦੀ ਹੈ।'

ਸ਼ਾਹੀ ਫੁਰਮਾਨ ਸੁਣਦਿਆਂ ਹੀ ਸਲੀਮ ਦੁੱਲੇ ਅਤੇ ਉਸਦੇ ਸਾਥੀਆਂ ਨੂੰ ਤੁਰੰਤ ਕਿਲ੍ਹੇ ਵਿਚੋਂ ਬਾਹਰ ਲੈ ਆਇਆ ਤੇ ਆਖਿਆ:

—ਜਾਓ, ਲਾਹੌਰ ਦੇ ਬਾਜ਼ਾਰ ਵੇਖੋ। ਪਰ ਹੁੜਦੰਗ ਨਹੀਂ ਜੇ ਕਰਨਾ। ਇਹ ਸ਼ਹਿਰੀ ਬੰਦੇ ਨੇ, ਹੋ ਹੱਲਾ ਪਸੰਦ ਨਹੀਂ ਕਰਦੇ। ਇਕ ਹੋਰ ਖ਼ਿਆਲ ਰੱਖਣਾ, ਸ਼ਹਿਨਸ਼ਾਹ ਲਾਹੌਰ ਵਿਚ ਹੀ ਏ। ਵੇਲੇ ਨਾਲ ਮੁੜ ਜਾਣਾ, ਤੁਸਾਂ ਦੀ ਠਾਹਰ ਦਾ ਬੰਦੋਬਸਤ ਨਹੀਂ ਕੀਤਾ ਅਸੀਂ।'

—ਤੂੰ ਤੇ ਆਖਦਾ ਸੈਂ ਲਾਹੌਰ ਭਾਵੇਂ ਮਹੀਨਾ ਭਰ ਰਹੋ ਤੇ ਹੁਣ ਇੱਕ ਰਾਤ ਵੀ.....।'

—ਦੁੱਲੇ ਭਾਈ ਜਾਨ, ਸ਼ਹਿਨਸ਼ਾਹ ਨੇ ਕਸ਼ਮੀਰ ਵੱਲ ਜਾਣਾ ਹੈ ਤੇ ਪਿੱਛੋਂ ਕੋਈ......।'

—ਸਮਝ ਗਏ ਆਂ।' ਦੁੱਲਾ ਪਹਿਲਾਂ ਹੀ ਬੋਲ ਪਿਆ—'ਦੂਸਰੀ ਗੱਲ ਈ, ਸਾਨੂੰ ਠਾਹਰਾਂ ਦਾ ਫ਼ਿਕਰ ਨਈ੍ਹੀਂ। ਲਾਹੌਰੋਂ ਨਿਕਲ ਜਾਈਏ, ਠਾਹਰਾਂ ਬੜੀਆਂ। ਜੇ ਕੋਈ ਨਾ ਦੇਵੇ ਅਸੀਂ ਖ਼ੁਦ ਬਣਾ ਲੈਣੀ। ਘੋੜੇ ਮੰਗਵਾ 'ਸਾਡੇ.......।'

* * * *

ਲਾਹੌਰ ਦੇ ਬਜ਼ਾਰਾਂ ਵਿਚ ਘੁੰਮਦੀ ਢਾਣੀ ਖੁਲ੍ਹ ਕੇ ਹੱਸੀ। ਸਦੀਕ ਬੋਲਿਆ—'ਬਾਦਸ਼ਾਹ ਦਾ ਜਣਿਆ ਆਖਦਾ ਏ, ਹੁੜਦੰਗ ਨਹੀਂ ਕਰਨਾ। ਹੁੜਦੰਗ ਤਾਂ ਕਰਨ ਆਏ ਆਂ।'

—ਕਰਨਾ ਵੀ ਤਾਂ ਏ, ਬਾਦਸ਼ਾਹ ਲਾਹੌਰ ਵਿਚ ਈ।' ਰੂੜਾ ਬੋਲਿਆ।

—ਦੁਕਾਨਾਂ ਵਾਲੇ ਕਿਵੇਂ ਵੇਂਹਦੇ ਪਏ ਨੇ। ਇਹਨਾਂ ਪਹਿਲਾਂ ਕਦੀ ਬੰਦੇ ਨਹੀਂ ਜੇ ਵੇਖੇ ?' ਰਮਜ਼ਾ ਹੱਸਿਆ, ਉਹ ਬਜ਼ਾਰਾਂ ਦੀ ਰੌਣਕ ਵੇਖ ਵੇਖ ਹੈਰਾਨ ਹੋ ਰਿਹਾ ਸੀ।

—ਬੰਦੇ ਤਾਂ ਬੜੇ ਵੇਖੇ ਹੋਣੇ ਨੀ, ਪਿੰਡੀ ਦੇ ਰਾਠ ਨਹੀਂ ਵੇਖੇ ਹੋਣੇ। ਉਹ ਅੱਜ ਵੇਖਣ ਡਹੇ ਨੇ।' ਲਹਿਣਾ ਬੋਲਿਆ ਤੇ ਸਾਹਮਣੇ ਹਲਵਾਈਆਂ ਦੀਆਂ ਦੁਕਾਨਾਂ ਵੱਲ਼ ਲਲਚਾਈਆਂ ਅੱਖਾਂ ਨਾਲ ਵੇਖਣ ਲੱਗਾ।

—ਲਾਲਾਂ ਵਗ ਪਈਆਂ ਨੀ— ?' ਦੁੱਲੇ ਨੇ ਛੇੜਿਆ।

—ਤੇਰੇ ਸ਼ਾਹੀ ਦਰਬਾਰ ਨੇ ਤਾਂ ਪਾਣੀ ਵੀ ਨਹੀਂ ਪੁੱਛਿਆ। ਭੁੱਖੇ ਢਿੱਡ ਤਾਂ ਪੈਂਡਾ ਵੀ ਨਹੀਂ ਮਾਰਿਆ ਜਾਣਾ।'

ਲਹਿਣੇ ਦੀ ਗੱਲ ਤਾਂ ਸਹੀ ਸੀ ਪਰ ਦੁੱਲਾ ਚਾਹੁੰਦਾ ਸੀ, ਘੁੰਮ ਫਿਰ ਕੇ ਪਿੰਡੀ ਦੇ ਰਾਹ ਪਈਏ। ਫਿਰ ਵੀ ਬੋਲਿਆ—'ਵੇਖ ਲੈ ਲਹਿਣਿਆ, ਆਪਾਂ ਬੰਦੇ ਥੋੜੇ ਆਂ ਤੇ ਹਾਂ ਵੀ ਲਾਹੌਰ ਵਿਚ।'

—ਆਪਾਂ ਤਾਂ ਸ਼ਾਹੀ ਪ੍ਰਾਹੁਣੇ ਆਂ।'

—ਹਲਵਾਈਆਂ ਦੇ ਤਾਂ ਨਹੀਂ।

—ਭੁੱਖਿਆਂ ਤਾਂ ਅਸੀਂ ਨਹੀਂ ਜਾਣਾ ਫਿਰ।' ਪਿਰਥਾ ਵੀ ਲਹਿਣੇ ਨਾਲ ਸਹਿਮਤ ਹੋ ਗਿਆ।



—ਜਿਧਰ ਅਸੀਂ ਵਧਨੇ ਪਏ ਆਂ, ਏਧਰੋਂ ਵਾਪਸੀ ਦਾ ਰਾਹ ਕੋਈ ਨਹੀਂ ਪਿਰਥਿਆ। ਝੜਪ ਹੋ ਗਈ ਤਾਂ ਟਾਲਾ ਮੇਰੇ ਕੋਲੋਂ ਵੱਟਿਆ ਨਹੀਂ ਜਾਣਾ। ਆਪਣੀ ਤਿਆਰੀ ਵੀ ਕੋਈ ਨਹੀਂ ਤੇ ਇਹ ਮੌਕਾ ਵੀ ਨਈਂ। ਚਿਰਾਗ਼ਦੀਨ ਮੀਆਂ ਦੱਸਦਾ ਹੁੰਦਾ ਜੇ ਆਪਣਾ ਪਾਸਾ ਕਮਜ਼ੋਰ ਹੋਵੇ, ਤਾਂ ਟੱਕਰ ਟਾਲਣੀ ਚਾਹੀਦੀ ਏ।' ਦੁੱਲੇ ਨੇ ਸਮਝਾਇਆ।

—ਦੁੱਲਿਆ, ਸ਼ਾਹੀ ਰਹਿਤਲ ਵੇਖਕੇ ਕਮਜ਼ੋਰੀ ਵਿਖਾਨਾ ਏਂ।' ਰੂੜੇ ਨੇ ਰੜਕਾਇਆ।

—ਇਹ ਗੱਲ ਹੈ ਤਾਂ ਆਓ ਫਿਰ।'

ਤੇ ਸਾਰੇ ਹਲਵਾਈਆਂ ਦੀਆਂ ਦੁਕਾਨਾਂ ਵਿਚ ਜਾ ਵੜੇ।

* * * *

ਜਿਸ ਵੇਲੇ, ਪਿੰਡੀ ਦੇ ਰਾਹ ਪਏ ਦੁੱਲਾ ਅਤੇ ਉਸਦੇ ਸਾਥੀ ਇਕ ਸੰਘਣੇ ਤੂਤ ਦੀ ਛਾਂਵੇਂ ਬੈਠੇ, ਮਠਿਆਈਆਂ ਦੇ ਨਾਂ ਲੈ ਕੇ ਉਹਨਾਂ ਦੇ ਸੁਆਦੀ ਅਤੇ ਬੇ ਸੁਆਦੀ ਹੋਣ ਦੇ ਵਧਾ ਚੜ੍ਹਾ ਕੇ ਚਰਚੇ ਕਰ ਰਹੇ ਸਨ। ਠੀਕ ਉਸ ਵੇਲੇ ਲਾਹੌਰ ਦੇ ਹਲਵਾਈ ਕਿਲ੍ਹੇ ਦੇ ਬਾਹਰ ਇਕੱਠੇ ਹੋਕੇ ਬੂ-ਪਾਹਰਿਆ ਕਰਨ ਲੱਗੇ ਹੋਏ ਸਨ।

ਬਾਦਸ਼ਾਹ ਦੀ ਰਜ਼ਾਮੰਦੀ ਨਾਲ ਕੁਝ ਹਲਵਾਈਆਂ ਨੂੰ ਉਹਨਾਂ ਸਾਹਮਣੇ ਜਾਕੇ ਫਰਿਆਦ ਕਰਨ ਲਈ ਹੁਕਮ ਹੋਇਆ।

—ਹਜ਼ੂਰ ਪੇਂਡੂਆਂ ਨੇ ਸਾਡਾ ਸਭ ਕੁਝ ਘੱਟੇ ਵਿਚ ਮਿਲਾ ਦਿੱਤਾ।' ਦੁਕਾਨਦਾਰ ਰੋਣ ਪਿੱਟਣ ਲੱਗੇ।

—ਦੁਕਾਨਾਂ ਅੰਦਰ ਵੜਨ ਕਿਉਂ ਦਿੱਤਾ ਉਹਨਾਂ ਨੂੰ— ?' ਬਾਦਸ਼ਾਹ ਨੇ ਗੁੱਸੇ 'ਚ ਪੁੱਛਿਆ।

—ਹਜ਼ੂਰ ਉਹ ਆਖਦੇ ਪਏ ਸਨ, ਅਸੀਂ ਬਾਦਸ਼ਾਹ ਦੇ ਪ੍ਰਾਹੁਣੇ ਆਂ। ਉਹਨਾਂ ਤਾਂ ਹਜ਼ੂਰ ਦਾ ਖ਼ੌਫ਼ ਈ ਦਿਲੋਂ ਕੱਢ ਛੱਡਿਆ, ਹਜ਼ੂਰ ਲਾਹੌਰ ਵਿਚ ਨੇ।' ਦੂਸਰਾ ਹਲਵਾਈ ਰੋਂਦਾ ਬੋਲਿਆ।

—ਪੇਂਡੂ ਜੰਗਲੀ ਖੋਤੇ ਹੁੰਦੇ ਨੇ, ਏਨੀ ਸਮਝ ਹੁੰਦੀ ਤਾਂ......। ਅਕਬਰ, ਸਲੀਮ ਵੱਲ ਝਾਕਿਆ।

—ਹਜ਼ੂਰ ਮਾਈ ਬਾਪ, ਖੋਤੇ ਜੌਂ ਵੀ ਚਰ ਗਏ ਨਾਲੇ ਅਸਾਂ ਨੂੰ ਟੀਟਣੇ ਮਾਰ ਗਏ।' ਹਲਵਾਈ ਰੋਂਦੇ ਘੱਟ ਸਨ, ਮਕਰ ਵਧ ਕਰ ਰਹੇ ਸਨ।

ਸਲੀਮ ਨੇ ਹਲਵਾਈਆਂ ਨੂੰ ਸਮਝਾਇਆ, ਤੁਸੀਂ ਆਪਣਾ ਧੰਦਾ ਵੇਖੋ ਜਾਕੇ। ਇਸ ਵੇਲੇ ਸ਼ਹਿਨਸ਼ਾਹ ਦੀਆਂ ਪੁੜਪੁੜੀਆਂ ਗਰਮ ਨੇ। ਮੈਂ ਇਹਨਾਂ ਦਾ ਰਵੱਈਆ ਵੇਖ ਕੇ ਗੱਲ ਤੋਰਾਂਗਾ।'

—ਹਜ਼ੂਰ ਨੂੰ ਆਖੋ, ਲੁਟੇਰੇ ਤਾਂ ਭੋਏਂ 'ਤੇ ਪੈਰ ਨਹੀਂ ਸਨ ਲਾਉਂਦੇ। ਹੁਣ ਤਾਂ ਭੇਡਾਂ ਦੇ ਵੀ ਸਿੰਗ ਉੱਗਣ ਲੱਗੇ ਨੇ। ਉਹ ਤਾਂ ਬਾਦਸ਼ਾਹ ਦੀ ਸ਼ਾਨ ਵਿਚ ਵੀ ਅਬਾ-ਤਬਾ ਪਏ ਬੋਲਦੇ ਸਨ।' ਇਕ ਹਲਵਾਈ ਨੇ ਬਲਦੀ ਅੱਗ ਵਿਚ ਹੋਰ ਲੱਕੜ ਡਾਹੀ।

—ਤੁਸੀਂ ਜਾਉ ਹੁਣ, ਮੈਂ ਆਪ ਵੇਖਣ ਆਵਾਂਗਾ, ਕਿੰਨਾ ਨੁਕਸਾਨ ਕਰ ਗਏ ਨੇ।'

ਸਲੀਮ ਨੇ ਹਲਵਾਈ ਤਾਂ ਤੋਰ ਦਿੱਤੇ, ਪਰ ਆਪ ਚਿੰਤਾ ਵਿਚ ਡੁੱਬ ਗਿਆ।...... ਇਹ ਦੁੱਲਾ ਸ਼ਾਹੀ ਮਿਹਰਬਾਨੀਆਂ ਦਾ ਉਲਟਾ ਮਤਲਬ ਤਾਂ ਨਹੀਂ ਲੈ ਰਿਹਾ ? ਓਸ ਦੀ ਹਰ

ਹਰਕਤ ਟਕਰਾਓ ਵਾਲੀ ਹੈ। ਹਿੰਦ ਦੇ ਸ਼ਹਿਨਸ਼ਾਹ ਨੂੰ ਸਲਾਮ ਨਾ ਕਰਕੇ, ਇਕ ਤਰ੍ਹਾਂ ਨਾਲ ਉਸਨੇ ਤਖ਼ਤ ਦੀ ਹੱਤਕ ਕੀਤੀ ਹੈ। ਹੁਣ ਲਾਹੌਰ ਦੇ ਬਾਜ਼ਾਰ ਵਿਚ ਖੇਹ ਉਡਾ ਕੇ ਗਿਆ ਹੈ। ਪਿੰਡੀ ਜਾਕੇ ਟਾਹਰਾਂ ਮਾਰੇਗਾ, ਦੁੱਲੇ ਦੀ ਹਵਾ ਵੱਲ ਨਹੀਂ ਕੋਈ ਤੱਕਦਾ। ਉਸਨੂੰ ਪਤਾ ਨਹੀਂ ਅਸੀਂ ਤਾਂ ਪੂਰੀ ਹਿੰਦ ਨੂੰ ਆਪਣੀਆਂ ਜੰਘਾਂ ਹੇਠਾਂ ਦੀ ਲੰਘਾ ਦਿੱਤਾ ਹੈ। ਰਾਜਪੂਤ ਆਪਣੀਆਂ ਧੀਆਂ ਦੇ ਰਿਸ਼ਤੇ ਲੈ ਕੇ ਆਉਂਦੇ ਨੇ। ਅਸੀਂ ਤਾਂ ਜੈਮਲ ਔਰ ਫੱਤੇ ਜਿਹੇ ਰਾਜਪੂਤਾਂ ਨੂੰ ਸਾਹ ਨਹੀਂ ਕੱਢਣ ਦਿੱਤਾ। ਦੁੱਲੇ ਨੂੰ ਸ਼ਾਇਦ ਆਪਣੀ ਤਾਕਤ ਦਾ ਵਧੇਰੇ ਹੀ ਗੁਮਾਨ ਹੋ ਗਿਆ ਹੈ। ਏਹੀ ਗੱਲਾਂ ਜੇ ਅੱਬਾ ਹਜ਼ੂਰ ਕੋਲ ਆਖ ਬਹਵਾਂ........

—ਪਰ ਤਖ਼ਤਾਂ ਨੂੰ ਹੋਰ ਵੱਡੇ ਕੰਮ ਹੁੰਦੇ ਨੇ। ਇਹੋ ਜੇਹੇ ਦੁੱਲਿਆਂ ਨੂੰ ਤਾਂ ਸਾਡੇ ਪਹਿਰੇਦਾਰ ਈ ਕਾਫ਼ੀ ਨੇ। ਚਲੋ ਦੇਖਨੇ ਆਂ, ਸਿਆਰ ਦੀ ਜਦ ਕਜ਼ਾ ਆਉਂਦੀ ਹੈ ਤਾਂ ਉਹ ਜੰਗਲ ਵਲੋਂ ਸ਼ਹਿਰ ਵਲ ਦੌੜਦਾ ਹੈ। ਚਲੋ, ਪਹਿਲਾਂ ਅੱਬਾ ਹਜ਼ੂਰ ਦੀ ਪਰੇਸ਼ਾਨੀ ਤਾਂ ਦੂਰ ਕਰਾਂ.....।

****

ਉਧਰ ਰਸਤੇ ਵਿਚ ਦੁੱਲੇ ਦੇ ਸਾਥੀ ਇਕ ਪਿੰਡ ਵਿਚ ਚੌਧਰੀਆਂ ਦੀ ਹਵੇਲੀ ਵੇਖ ਕੇ ਡਾਕਾ ਮਾਰਨ ਦੀਆਂ ਵਿਉਂਤਾਂ ਬਨਾਉਣ ਵਿਚ ਰੁੱਝੇ ਹੋਏ ਸਨ।

—ਹਥਿਆਰ ਵੀ ਤਾਂ ਅੱਜ ਕੋਲ ਨਹੀਂ ਕੋਈ।' ਸਦੀਕ ਨੇ ਮੱਥਾ ਖੁਰਕਦਿਆਂ ਕਿਹਾ।

—ਜੰਗਲ ਆਪਣੇ ਈ ਨੇ। ਖੁੰਗਰੀਆਂ ਆਲੇ ਜਾਤੂ ਭੰਨ ਲੈਨੇ ਆਂ। ਟਿਕਾਣੇ 'ਤੇ ਵੱਜ ਗਿਆ ਤਾਂ ਇਕ ਈ ਨੀ ਪਾਣੀ ਮੰਗਣ ਦਿੰਦਾ।' ਡਾਕੇ ਦੇ ਨਾਂ ਤੋਂ ਹੀ ਰਮਜ਼ੇ ਦੇ ਹੱਥਾਂ ਵਿਚ ਜਲੂਣ ਹੋਣ ਲੱਗ ਪਈ ਸੀ।

ਹਨੇਰਾ ਹੋਏ ਤੋਂ ਉਹ ਪਿੰਡ ਦੀਆਂ ਹਵੇਲੀਆਂ ਤੱਕਣ ਗਏ। ਹਰ ਪਾਸੇ ਲੱਠ ਮਾਰ ਘੁੰਮਦੇ ਵੇਖੇ। ਘੋੜੇ ਉਹਨਾਂ ਜੰਗਲ ਵਿਚ ਬੰਨ੍ਹ ਦਿੱਤੇ ਸਨ।

ਗੇੜਾ ਦੇ ਕੇ ਉਹ ਮੁੜ ਆਏ।

—ਡਾਕੇ ਦਾ ਕੰਮ ਅੱਗੇ ਪਾ ਦੁੱਲਿਆ।' ਪਿਰਥੇ ਨੇ ਰਾਇ ਦਿੱਤੀ।

—ਡਾਕੇ ਲਈ ਵੱਡਾ ਜੁਗਾੜ ਕਰਨਾ ਪੈਣਾ।'

—ਤੇਰੇ ਬਾਦਸ਼ਾਹ ਅਕਬਰ ਨੇ ਆਖਣਾ, ਤੀਵੀਆਂ ਵਾਂਗਰ ਆਏ, ਤੀਵੀਆਂ ਵਾਂਗਰ ਮੁੜ ਗਏ। ਇਹ ਤਾਂ ਪਿੰਡੀ ਦੇ ਭੱਟੀਆਂ ਨੂੰ ਮਿਹਣਾ ਈ।' ਰਮਜ਼ਾ ਅੱਜ ਕੁਝ ਕਰਨ ਦੇ ਰੌਂਅ ਵਿਚ ਸੀ।

—ਵੇਖ ਲਉ ਸਾਰੇ ਉੱਚੇ ਥਾਂ ਪੰਜਾ ਲੜ ਜਾਣੈ ਤੇ ਫੇਰ ਪਿਛਾਂਹ ਨਹੀਂ ਹਟਿਆ ਜਾਣਾ।' ਦੁੱਲੇ ਨੇ ਖ਼ਬਰਦਾਰ ਕੀਤਾ।'

—ਕਿਸੇ ਸੱਪ ਨੂੰ ਖੁੱਡ ਵਿਚੋਂ ਤਾਂ ਕੱਢੀਏ।' ਰਮਜ਼ਾ ਕਾਹਲਾ ਸੀ।

—ਜੇ ਨਿਕਲਦਿਆਂ ਹੀ ਡੰਗ ਮਾਰ ਗਿਆ ? ਰੂੜਾ ਬੋਲਿਆ।

—ਏਹ ਤਾਂ ਭੀੜਾਂ ਪਈਆਂ ਤੋਂ ਨਤਾਰਾ ਹੋਣਾ। ਅਸਾਂ ਪਹਿਲਾਂ ਸਿਰੀ ਫੇਹ ਦਿੱਤੀ ਤਾਂ ਫਤਿਹ, ਜੇ ਉਹਦਾ ਦਾਅ ਪੈ ਗਿਆ ਤਾਂ ਮਾਤ।'

—ਪਿਰਥਿਆ, ਮਾਤ ਵੇਖਣੀ ਬੜੀ ਔਖੀ ਏ। ਚਿਰਾਗ਼ਦੀਨ ਮੀਆਂ ਨੇ ਮੱਤ ਦਿੱਤੀ ਸਈ, ਲੜਾਈ ਤਾਂ ਕਦੋਂ ਵੀ ਲੜੀ ਜਾ ਸਕਦੀ ਏ, ਪਰ ਸਿਆਣਾ ਬੰਦਾ, ਉਸੇ ਲੜਾਈ ਵਿਚ ਕੁੱਦਦਾ ਏ, ਜਿਸ ਵਿਚ ਜਿੱਤ ਭਾਵੇਂ ਨਾ ਹੋਵੇ, ਪਰ ਹਾਰਨ ਦਾ ਵੀ ਡਰ ਨਾ ਹੋਵੇ।



—ਦੁੱਲਿਆ ਤੂੰ ਤਾਂ ਹਰ ਮੌਕੇ ਚਿਰਾਗ਼ਦੀਨ ਈ ਬਣਿਆ ਰਹਿੰਨੈ।' ਪਿਰਥਾ ਹੱਸਿਆ।

—ਮੈਂ ਤਾਂ ਧਾਅਨੂੰ ਦੱਸਿਆ ਏ ਬਈ। ਡਾਕਾ ਮਾਰਨਾ ਹੈ ਤਾਂ ਉੱਠੋ, ਅੱਗੇ ਮੈਂ ਹੋਵਾਂਗਾ।' ਦੁੱਲੇ ਨੇ ਦਲੇਰੀ ਨਾਲ ਆਖਿਆ।

ਸਾਰੇ ਜਣੇ ਜੰਗਲ ਵਿਚ ਬੈਠੇ ਸਨ। ਤਸੱਲੀ ਨਾਲ ਘਾਹ ਚਰ ਕੇ ਘੋੜੇ ਰੱਜੇ ਖੜ੍ਹੇ ਸਨ।

ਠੀਕ ਇਸ ਵੇਲੇ ਘੋੜ ਸਵਾਰਾਂ ਦੀ ਇਕ ਟੋਲੀ ਧੂੜ ਉਡਾਉਂਦੀ ਕੋਲੋਂ ਦੀ ਲੰਘ ਗਈ। ਸਾਰੇ ਹੈਰਾਨ ਏ।

—ਅਕਬਰ ਦੇ ਸਿਪਾਹੀ ਤਾਂ ਨਹੀਂ ?' ਰੂੜੇ ਨੇ ਪੁੱਛਿਆ।

—ਏਸ ਵੇਲੇ ਕਿਧਰ ਜਾਂਦੇ ਹੋਏ ?'

—ਪਿੰਡੀ ਤਾਂ ਨਹੀਂ ਚਲੇ।'

—ਕੀ ਪਤਾ।'

—ਘੋੜੇ ਠੀਕ ਤਰ੍ਹਾਂ ਬੰਨ੍ਹੇ ਹੋਏ ਨੀ ?' ਦੁੱਲੇ ਪੁੱਛਿਆ।

—ਆਹੋ।' ਰਮਜ਼ਾ ਬੋਲਿਆ।

—ਸੌਂ ਲਈਏ ਦੋ ਘੜੀ। ਪਹਿਰ ਦੇ ਤੜਕੇ ਤੁਰਾਂਗੇ। ਫਜ਼ਰ ਦੀ ਨਮਾਜ਼ ਤੋਂ ਵੀ ਪਹਿਲਾਂ।' ਦੁੱਲੇ ਨੇ ਆਖਿਆ ਤੇ ਘਾਹ ਉਪਰ ਲੇਟ ਗਿਆ।

—ਨੀਂਦ ਹੁਣ ਕਿਥੇ ਆਣੀ ਊ।' ਆਖਦਾ ਸਦੀਕ ਉੱਠ ਬੈਠਾ—'ਬੋਝੇ 'ਚ ਸਕਰਪਾਰੇ ਚੁੱਭਣ ਡਹੇ ਨੀ।' ਉਹ ਮੁੱਠ ਮੁੱਠ ਸਾਰਿਆਂ ਨੂੰ ਵੰਡਣ ਲੱਗਾ।

—ਤੂੰ ਆਪਣੀ ਆਦਤ ਤੋਂ ਬਾਜ਼ ਨਾ ਆਇਆ।' ਦੁੱਲਾ ਸਕਰਪਾਰੇ ਖਾਂਦਾ ਹੱਸਿਆ।

ਕੁਝ ਦੇਰ ਬਾਅਦ ਸਾਰੇ ਚੁੱਪ ਹੁੰਦੇ ਗਏ।

ਸੁੱਤੇ ਉਨੀਂਦੇ ਵਿਚ ਦੁੱਲੇ ਨੂੰ ਸੁਣਿਆ, ਪੰਛੀ ਚਹਿਕਣ ਲੱਗੇ ਸਨ। ਉਹ ਹੈਰਾਨ ਹੋਇਆ, ਦਿਨ ਏਡੀ ਛੇਤੀ ਚੜ੍ਹ ਗਿਆ ? ਉਸਨੇ ਦੇਖਿਆ, ਨੂਰਾਂ ਸਿਰਹਾਣੇ ਖੜ੍ਹੀ ਹੈ। ਨੂਰਾਂ ਏਥੇ ਜੰਗਲ ਵਿਚ ? ਉਹ ਤ੍ਰਭਕ ਕੇ ਉਠਿਆ। ਇਧਰ ਉਧਰ ਝਾਕਿਆ, ਅੱਖਾਂ ਮਲੀਆਂ, ਸਭ ਕੁਝ ਛਾਈਂ-ਮਾਈਂ ਹੋ ਗਿਆ। ਨਾ ਪੰਛੀ ਚਹਿਕਦੇ ਸਨ, ਨਾ ਹੀ ਕਿਧਰੇ ਨੂਰਾਂ ਸੀ। ਉਹ ਤਾਰਿਆਂ ਵੱਲ ਝਾਕਿਆ। ਖਿੱਤੀਆਂ ਘੁੰਮ ਗਈਆਂ ਸਨ। ਅਜੇ ਫਜ਼ਰ ਦਾ ਤਾਰਾ ਚੜ੍ਹਿਆ ਨਹੀਂ ਸੀ........ਦੁੱਲਾ ਡੂੰਘੀਆਂ ਸੋਚਾਂ ਵਿਚ ਪੈ ਗਿਆ, ਨੂਰਾਂ ਕਿਉਂ ਦਿਸੀ ? ਕਿਸੇ ਮੁਸੀਬਤ ਵਿਚ ਤਾਂ ਨਹੀਂ ? ਸਭ ਕੁਝ ਛੱਡ ਛਡਾ ਕੇ ਉਹ ਮੇਰੇ ਨਾਲ ਤੁਰ ਆਈ। ਮੈਨੂੰ ਉਸਦੀ ਠੀਕ ਤਰ੍ਹਾਂ ਪਰਵਾਹ ਕਰਨੀ ਚਾਹੀਦੀ ਸੀ।....ਉਹ ਆਪਣੇ ਆਪ ਨੂੰ ਧਿਰਕਾਰਨ ਲੱਗਾ।.....ਹੁਣ ਪਿੰਡੀ ਜਾਕੇ ਪਹਿਲਾਂ ਨੂਰਾਂ ਕੋਲ ਹੀ ਵੱਜਾਂਗਾ.......

ਫਿਰ ਬਾਕੀ ਰਹਿੰਦੀ ਰਾਤ ਦੁੱਲੇ ਨੂੰ ਨੀਂਦ ਨਹੀਂ ਆਈ। ਤਾਰਿਆਂ ਵਿਚੋਂ ਦੀ ਉਸਨੂੰ ਨੂਰਾਂ ਦਾ ਚਿਹਰਾ ਹੀ ਦਿਸਦਾ ਰਿਹਾ।

## 23.

ਸੂਰਜ ਸਿੱਖਰਾਂ ਉੱਪਰ ਸੀ। ਆਪਣੇ ਪਰਛਾਵੇਂ ਵੀ ਪੈਰਾਂ ਹੇਠਾਂ ਆਏ ਹੋਏ ਸਨ। ਪਿੰਡੀ ਉਪਰ ਇਕਦਮ ਧੂੜ ਦੇ ਬੱਦਲ ਛਾ ਗਏ। ਹੈਰਾਨ ਹੋਏ ਲੋਕ ਘਰਾਂ ਦੀਆਂ ਛੱਤਾਂ ਉਪਰ ਚੜ੍ਹਕੇ ਵੇਖਣ ਲੱਗੇ,......ਇਹ ਕੀ ਬਲਾ ਹੋਈ ? ਕੁਝ ਲੋਕ ਬਾਹਰ ਗਲੀਆਂ ਵਿਚ ਆ ਗਏ।

ਲੋਕਾਂ ਨੂੰ ਮੱਝਾਂ, ਗਾਈਆਂ, ਕੱਟਿਆਂ ਵੱਛਿਆਂ ਦੇ ਅਰੰਭਣ ਤੇ ਰਿੰਗਣ ਦੀਆਂ ਆਵਾਜ਼ਾਂ ਸੁਣੀਆਂ।

—ਏਨਾ ਵੱਡਾ ਵੱਗ ਕਿਧਰੋਂ ਆਉਂਦਾ ਪਿਆ ਏ ਪਿੰਡੀ ਵਲ ? ਅਕਬਰ ਦੀਆਂ ਫੌਜਾਂ, ਲੋਕਾਂ ਨੂੰ ਭੁਲੇਖਾ ਦੇਣ ਲਈ ਅੱਗੇ ਪਸ਼ੂ ਲਗਾਕੇ ਤਾਂ ਨਹੀਂ ਤੁਰੀਆਂ ਆਉਂਦੀਆਂ ਪਿੱਛੇ ? ਲੋਕਾਂ ਨੂੰ ਸਮਝ ਨਹੀਂ ਸੀ ਆ ਰਹੀ। ਬਹੁਤਿਆਂ ਨੇ ਦੰਦਾਂ ਹੇਠਾਂ ਉਂਗਲਾਂ ਦਬਾਈਆਂ ਹੋਈਆਂ ਸਨ।

ਉਧਰ ਦੁੱਲਾ ਅਤੇ ਉਸਦੇ ਸਾਥੀ ਪਸ਼ੂਆਂ ਨੂੰ ਅੱਗੇ ਲਾਈ ਖਰਮਸਤੀਆਂ ਕਰਦੇ ਆ ਰਹੇ ਸਨ।

—ਜਣਾ ਰੁੱਖ ਨਾਲ ਬੰਨ੍ਹਿਆ ਬੈਠਾ ਹੋਣਾ ਕਿ ਆ ਗਏ ਹੋਣੇ ਨੇ ਵਾਹਰੂ ?' ਸਦੀਕ ਨੇ ਪੁੱਛਿਆ।

—ਅੱਲਾਹ ਜਾਣੇ ਆਪਾਂ ਤਾਂ ਜੋ ਕਾਰਵਾਈ ਕਰਨੀ ਸੀ ਕਰ ਦਿੱਤੀ ਊ।' ਰਮਜ਼ਾ ਹੱਸਿਆ।

—ਤੇਰੇ ਹੱਥਾਂ 'ਚ ਈ ਜਲੂਣ ਹੁੰਦੀ ਪਈ ਸੀ ਬਹੁਤੀ।' ਪਿਰਥਾ ਬੋਲਿਆ।

—ਹੋਰ ਕੀ ਕਰਦਾ ਡਾਕਾ ਤਾਂ ਵੱਜਿਆ ਨਹੀਂ, ਮੈਂ ਸੋਚਿਆ ਜਾਂਦੇ ਜਾਂਦੇ ਚੌਧਰੀਆਂ ਦੇ ਪਿੰਡ ਦੇ ਪਸ਼ੂ ਈ ਹੱਕ ਲਈਏ। ਭੱਜੇ ਜਾਂਦੇ ਚੋਰ ਦੀ ਪੱਗ ਈ ਹੱਥ 'ਚ ਆ ਜਾਏ ਬੜੀ ਗੱਲ ਹੁੰਦੀ ਏ।' ਰਮਜ਼ੇ ਨੇ ਕਿਹਾ ਸੀ।

—ਸੋਚ ਲਓ, ਅਕਬਰ ਦੇ ਥੱਲੇ ਨੂੰ ਮਿਰਚਾਂ ਲੜ ਜਾਣੀਆਂ। ਓਧਰ ਹਲਵਾਈ ਵੀ ਰੋਣ ਪਿੱਟਣ ਡਹੇ ਹੋਣੇ ਨੇ।'

—ਸਦੀਕਿਆ, ਅਕਬਰ ਨੂੰ ਮਿਰਚਾਂ ਈ ਲੜਾਂਦੇ ਤਾਂ ਫਿਰਨੇ ਆਂ।' ਦੁੱਲੇ ਦੇ ਬੋਲਾਂ ਵਿਚ ਘ੍ਰਿਣਾ ਸੀ।

—ਇਕ ਵਾਰੀ ਹੋਰ ਸੋਚ ਲੈ ਰਮਜ਼ਿਆ, ਜੇ ਪਿੱਛੇ ਵਾਹਰ ਆ ਗਈ ਤਾਂ ਫਿਰ ਪਿੱਛੇ ਨਹੀਂ ਹਟ ਹੋਣਾ।'

—ਪਿਰਥਿਆ, ਇਹ ਤੂੰ ਕੀ ਮੈਨੂੰ ਆਖਦਾ ਰਹਿੰਨੈ.......ਪਿੱਛੇ ਨਹੀਂ ਹੱਟ ਹੋਣਾ, ਪਿੱਛੇ ਨਹੀਂ ਹੱਟ ਹੋਣਾ। ਏਨੇ ਵਰ੍ਹੇ ਹੋ ਗਏ 'ਕੱਠੇ ਰਹਿੰਦਿਆਂ, ਰਮਜ਼ੇ ਦੇ ਸੁਭਾਅ ਨੂੰ ਨਹੀਂ ਜਾਣਦਾ ਤੂੰ। ਹੱਗ ਕੇ ਅੱਗੇ ਹੋਈਦਾ ਏ ਭਰਾਵਾ, ਪਿੱਛੇ ਨਹੀਂ ਹੋਈਦਾ। ਪਸ਼ੂ ਨਿਗਾਹ ਹੇਠ



ਕਰੋ, ਪਿੰਡੀ ਦੀ ਜੂਹ ਤੱਕ ਖੜਨਾ ਰਮਜ਼ੇ ਦਾ ਕੰਮ ਰਿਹਾ।' ਰਮਜ਼ੇ ਨੇ ਪਿਰਥੇ ਦੀ ਗੱਲ ਤੋਂ ਵੱਟ ਖਾਂਦਿਆਂ ਆਖਿਆ ਸੀ।

ਤੇ ਫਿਰ ਉਹਨਾਂ ਜੋ ਕੁਝ ਚੌਧਰੀਆਂ ਦੇ ਪਿੰਡ ਕੀਤਾ ਸੀ। ਪਿੰਡੀ ਦੇ ਲੋਕ ਅੱਖਾਂ ਟੱਡੀ ਵੇਖ ਰਹੇ ਸਨ।

ਪਸ਼ੂ ਪਿੰਡੀ ਪੁੱਜ ਗਏ ਤੇ ਵੱਗਾਂ ਵਾਲੇ ਖੁਲ੍ਹੇ ਥਾਂ ਜਿਵੇਂ ਪਸ਼ੂਆਂ ਦੀ ਮੰਡੀ ਲੱਗ ਗਈ।

ਦੁੱਲੇ ਹੋਰਾਂ ਨੂੰ ਅੱਗੇ ਹੋਕੇ ਮਿਲਣ ਵਾਲਾ ਸਭ ਤੋਂ ਪਹਿਲਾ ਬੰਦਾ ਫੱਤੂ ਮਿਰਾਸੀ ਸੀ। ਅੱਜ ਤਾਂ ਬਿਨਾਂ ਕੁਝ ਬੋਲਣ ਤੋਂ ਵੀ ਉਸਦੀ ਅੱਖ ਫ਼ਰਕਣ ਲੱਗੀ ਬਾਰ ਬਾਰ। ਫੱਤੂ ਜਿਵੇਂ ਗਿਆ ਸੀ,—ਉਹਨੀਂ ਪੈਰੀਂ ਵਾਪਸ ਮੁੜਿਆ। ਪਿੱਪਲ ਹੇਠਾਂ ਜੁੜੀ ਭੀੜ ਕੁਝ ਪੁੱਛਣਾ ਚਾਹੁੰਦੀ ਸੀ, ਪਰ ਫੱਤੂ ਹੱਥ ਖੜ੍ਹਾ ਕਰਕੇ ਸਬਰ ਰੱਖਣ ਲਈ ਆਖ ਕੇ , ਕਾਹਲੇ ਕਦਮੀ ਆਪਣੇ ਘਰ ਵੱਲ ਤੁਰ ਗਿਆ।

ਥੋੜੀ ਦੇਰ ਬਾਅਦ ਲੋਕਾਂ ਨੂੰ ਫੱਤੂ ਮਰਾਸੀ ਦਾ ਪੀਪਾ ਖੜਕਦਾ ਸੁਣਿਆ।

—ਚੁੱਪ ਕਰੋ ਉਏ ਸੁਣੋ।' ਇਕ ਨੇ ਪਿੱਪਲ ਹੇਠਾਂ ਖੜ੍ਹੇ ਲੋਕਾਂ ਨੂੰ ਦਬਕਾ ਮਾਰਿਆ।

ਫੱਤੂ ਮਰਾਸੀ ਦਾ ਹੋਕਾ ਗਲੀਆਂ ਵਿਚੋਂ ਦੀ ਹੋ ਕੇ ਉਪਰ ਵੱਲ ਉਠਿਆ, ਬਨੇਰਿਆਂ ਵੱਲ, ਘਰਾਂ ਦੀਆਂ ਛੱਤਾਂ ਵੱਲ, ਚੌਧਰੀਆਂ ਦੇ ਚੌਬਾਰਿਆਂ ਵੱਲੋਂ ਹੋ ਕੇ ਫਿਰ ਪਿੱਪਲ ਦੇ ਹੇਠਾਂ ਖੜ੍ਹੇ ਲੋਕਾਂ ਨੂੰ ਵੀ ਸੁਣਿਆ।

"ਪਿੰਡੀ ਦੇ ਵਾਸੀਆਂ ਨੂੰ ਦੁੱਲਾ ਭੱਟੀ ਅਰਜ਼ ਕਰਦਾ ਏ, ਜਿਸ ਘਰ ਵਿਚ ਲਵੇਰਾ ਨਹੀਂ ਹੈਗਾ, ਉਹ ਵੱਡੇ ਪਿੱਪਲ ਦੇ ਸਾਹਮਣੇ ਵੱਗਾਂ ਵਾਲੀ ਥਾਂ ਆਕੇ ਮੱਝੀਂ ਗਾਈਂ ਵੈਹੜ, ਝੋਟੀ, ਜੋ ਲੈਣਾ ਚਾਹੁੰਦਾ ਏ, ਲੈ ਜਾਵੇ। ਇਕ ਪੰਡ ਤੂੜੀ ਦੀ ਦੁੱਲਾ ਆਪਣੇ ਪਾਸੋਂ ਦੇਵੇਗਾ। ਜਿਸ ਕੋਲ ਪਹਿਲਾਂ ਹੀ ਲਵੇਰਾ ਹੈ, ਉਸਨੂੰ ਆਉਣ ਦੀ ਲੋੜ ਨਹੀਂ।"

ਪੀਪਾ ਸਾਰੀ ਪਿੰਡੀ ਵਿਚ ਖੜਕਿਆ। ਲੋਕ ਵੱਗਾਂ ਵਾਲੀ ਥਾਂ ਜੁੜਨ ਲੱਗੇ। ਪਲਾਂ ਵਿਚ ਹੀ ਲੋਕਾਂ ਦੀ ਭੀੜ ਹੋ ਗਈ। ਅਜੀਬ ਮੰਜਰ ਸੀ, ਔਂਟਲੇ ਫਿਰਦੇ ਕੱਟਰੂ-ਵੱਛਰੂ ਬਾਂ ਬਾਂ ਕਰਦੇ ਆਪਣੀਆਂ ਮਾਂਵਾਂ ਲਭਦੇ ਫਿਰਦੇ ਸਨ।

ਰੂੜੇ, ਪਿਰਥੇ, ਸਦੀਕ ਹੋਰਾਂ ਨੇ ਹਥਿਆਰ ਮੰਗਵਾ ਲਏ ਸਨ ਤੇ ਲਾਹੌਰ ਵਲੋਂ ਆਉਂਦੇ ਰਾਹ ਵੱਲ ਤਕਦੇ ਤਿਆਰ-ਬਰ-ਤਿਆਰ ਖੜ੍ਹੇ ਸਨ।

ਫਿਰ ਦੁੱਲੇ ਦੀ ਬੁਲੰਦ ਆਵਾਜ਼ ਲੋਕਾਂ ਨੂੰ ਸੁਣੀ।

—ਅਗਰ ਕਿਸੇ ਜਣੇ ਨੇ ਲੁੱਟ ਦਾ ਮਾਲ ਸਮਝਕੇ ਪਸ਼ੂ ਭੁੱਖਾ ਰੱਖਿਆ ਤਾਂ ਦੁੱਲੇ ਦੇ ਕਹਿਰ ਤੋਂ ਬਚਣ ਲਈ ਪਿੰਡੀ ਛੱਡਣੀ ਪੈਣੀ ਊ।'

ਇਕ ਜਣਾ ਕਾਹਲੀ ਵਿਚ ਘਰੋਂ ਰੱਸਾ ਲਿਆਉਣਾ ਭੁੱਲ ਗਿਆ, ਉਸਨੇ ਤੇੜ ਬੰਨ੍ਹੀ ਲੁੰਗੀ ਹੀ ਮੱਝ ਦੇ ਗਲ ਪਾ ਲਈ।

ਭੁੱਖੇ ਅੜਿੰਗਦੇ ਪਸ਼ੂਆਂ ਨੂੰ ਪਾਣੀ ਮਿਲਿਆ। ਪੱਠੇ ਖਾਣ ਨੂੰ ਮਿਲੇ। ਬਹੁਤੇ ਜਣਿਆਂ ਨੇ ਚਾਅ ਨਾਲ ਨੁਹਾ ਕੇ ਉਹਨਾਂ ਦੇ ਪਿੰਡੇ ਲਿਸ਼ਕਾ ਦਿੱਤੇ। ਕਿਸੇ ਨੇ ਘਰ ਅੰਦਰ ਵਾੜਦਿਆਂ ਚਾਂਦੀ ਸੁੰਘਾਈ। ਓਪਰੇ ਥਾਂ ਵੀ ਪਸ਼ੂ ਸ਼ਾਂਤ ਹੋ ਗਏ।

ਸੁੰਨੇ ਵਿਹੜਿਆਂ ਵਿਚ ਕਿੱਲਿਆਂ ਨਾਲ ਬੱਧੇ ਲਵੇਰੇ ਵੇਖ ਕੇ ਬਹੁਤੇ ਪਿੰਡੀ ਵਾਸੀ ਦੁੱਲੇ ਨੂੰ ਦੁਆਵਾਂ ਦੇਣ ਲੱਗੇ।

****

ਪਿੰਡੀ ਵਿਚ ਦੁੱਲੇ ਦੀ ਦਲੇਰੀ ਦੀਆਂ ਗੱਲਾਂ ਹੋਣ ਲੱਗੀਆਂ।

ਉੱਚੇ ਪਾਸੇ ਵਾਲੇ ਚੌਧਰੀਆਂ, ਦੁੱਲੇ ਦੇ ਚਾਚਾ ਜਲਾਲਦੀਨ, ਮੌਲਵੀ ਅਤੇ ਦੁਰਗਾ ਬ੍ਰਾਹਮਣ ਦੇ ਪੈਰ ਜਿਵੇਂ ਅੰਗਿਆਰਾਂ ਉਪਰ ਜਾ ਟਿਕੇ ਹੋਣ। ਅਹਿਮਦ ਚੌਧਰੀ ਤਾਂ ਕੁਝ ਵਧੇਰੇ ਹੀ ਖ਼ਫਾ ਸੀ।

—ਗ਼ਰੀਬ-ਗੁਰਬੇ ਤਾਂ ਹੁਣ ਦੁੱਲੇ ਨੂੰ ਹੀ ਬਾਦਸ਼ਾਹ ਸਮਝਣ ਲੱਗੇ ਹੈਨ।'

—ਬਾਦਸ਼ਾਹ ਬਣਨਾ ਏਨਾ ਸੌਖਾ ਨਹੀਂ ਚੌਧਰੀ, ਵੇਖਦਾ ਜਾਈਂ ਪਿੰਡ ਉੱਪਰ ਕਰੋਪੀ ਆਨੀ ਏ ਹੁਣ।' ਮੌਲਵੀ ਨੇ ਲੋਕਾਂ ਨੂੰ ਡਰਾਇਆ।

—ਅੱਗੇ ਦੁੱਲੇ ਦੇ ਪਿਊ ਹੋਰਾਂ ਲੋਕਾਂ ਦਾ ਜੀਣਾ ਦੁੱਭਰ ਕੀਤਾ ਸਾਈ ਹੁਣ.....।'

—ਹੁਣ ਕੀ.......।' ਕੋਲ ਬੈਠਾ ਪਿੰਡ ਦਾ ਇਕ ਹੋਰ ਬਜ਼ੁਰਗ ਇਲਮਦੀਨ ਬੋਲਿਆ, —'ਅਗਲਿਆਂ ਦੇ ਰਾਹ, ਪਿਛਲਿਆਂ ਦੇ ਪੈਂਤੜੇ।'

—ਉਹ ਤੇ ਠੀਕ ਏ ਮੀਆਂ ਇਲਮਦੀਨਾ, ਅੱਗੇ ਤਾਂ ਜੋ ਹੋਇਆ ਸੋ ਹੋਇਆ। ਹੁਣ ਤਾਂ ਅਕਬਰ ਬਾਦਸ਼ਾਹ ਪੂਰੀ ਹਿੰਦ 'ਤੇ ਕਾਬਜ਼ ਹੋਇਆ ਬੈਠਾ। ਓਸ ਏਹੋ ਜੇਹਿਆਂ ਪਿੱਛੇ ਕੀ ਆਵਣਾ।'

—ਮੈਂ ਸਮਝਨਾ ਤਖ਼ਤਾਂ ਨੂੰ ਨਾਰਾਜ਼ ਕਰਨਾ ਕੋਈ ਸਿਆਣੀ ਮੱਤ ਨਹੀਂ। ਦੁੱਲੇ ਨੂੰ ਸਗੋਂ ਬਾਦਸ਼ਾਹ ਦਾ ਅਹਿਸਾਨ ਮੰਦ ਹੋਣਾ ਚਾਹੀਦਾ। ਏਥੇ ਉਲਟੀ ਗੱਲ ਈ, ਅਕੇ, ਉਹ ਤੇਰੀਆਂ ਨਮਾਜ਼ਾਂ ਪੜ੍ਹੇ ਤੂੰ ਉਹਦੇ ਲੋਟੇ ਭੰਨੇ।' ਮੌਲਵੀ ਵੀ ਪਿੰਡੀ ਦੇ ਚੌਧਰੀਆਂ ਦੀ ਸੁਰ ਨਾਲ ਸੁਰ ਮਿਲਾਉਂਦਾ ਸੀ।

—ਇਲਮਦੀਨਾ, ਲਾਹੌਰ ਜਾਣ ਤੋਂ ਪਹਿਲਾਂ ਦੁੱਲਾ ਮੈਨੂੰ ਧਮਕੀਆਂ ਦੇ ਗਿਆ ਸੀ, ਮੈਂ ਤਾਂ ਗੱਲਾਂ ਲਾਹੌਰ ਤੱਕ ਘੱਲ ਦਿੱਤੀਆਂ ਨੇ।' ਅਹਿਮਦ ਚੌਧਰੀ ਨੇ ਦੱਸਿਆ।

—ਹੁਣ ਉਹ ਚੌਧਰੀਆਂ ਨੂੰ ਧਮਕੀਆਂ ਦੇਣ ਜੋਗਾ ਹੋ ਗਿਆ ਈ?' ਇਲਮਦੀਨ ਹੈਰਾਨ ਹੋਇਆ।

—ਕੀ ਗੱਲਾਂ ਕਰਦਾ ਪਿਐ ਇਲਮਦੀਨਾਂ, ਕਿਥੇ ਰਹਿੰਨਾ ਵੇਂ। ਮੌਲਵੀ ਨੂੰ ਪੁੱਛ ਇਹਨੂੰ ਪਤਾ ਵੇ, ਉਹ ਤਾਂ ਲਗਾਨ ਨਹੀਂ ਵਸੂਲਣ ਦਿੰਦਾ। ਮੈਨੂੰ ਆਂਹਦਾ ਚੌਧਰੀਆ ਮੈਂ ਤੇਰੀ ਇੱਜ਼ਤ ਕਰਨਾ ਵਾਂ। ਜੇ ਪਿੰਡੀ 'ਚ ਨਹੀਓਂ ਵਸਣਾ ਤਾਂ ਲਗਾਨ ਉਗਰਾਹ ਲੈ। ਜੇ ਵਸਣਾ ਈ ਤਾਂ ਚੁੱਪ ਕਰਕੇ ਆਪਣੀ ਹਵੇਲੀ 'ਚ ਜਾ ਬਹੁ। ਲਾਹੌਰੋਂ ਕੋਈ ਜਵਾਬ ਤਲਬੀ ਕਰਨ ਆਇਆ ਤਾਂ ਮੇਰੇ ਵੱਲ ਭੇਜ ਦੇਈਂ। ਇਲਮਦੀਨਾ ਤੈਨੂੰ ਇਲਮ ਏ, ਪਿਛਲੀ ਰਬੀ ਦਾ ਪਿੰਡੀ ਦੇ ਰਾਹਕਾਂ ਤੋਂ ਦੁੱਲੇ ਲਗਾਨ ਨਹੀਂ ਵਸੂਲ ਕਰਨ ਦਿੱਤਾ ਤੇ ਹੁਣ ਖਰੀਫ਼ ਸਿਰ 'ਤੇ ਆਈ ਖੜ੍ਹੀ ਏ, ਵੇਖਨੇ ਆਂ, ਕੀ ਕਰਦਾ ਈ। ਉਹ ਤਾਂ ਹੋਰਾਂ ਪਿੰਡਾਂ ਵਿਚ ਵੀ ਬੰਦੇ ਭੇਜ ਕੇ ਆਖਣ ਡਿਹਾ ਏ-ਕਿਸੇ ਲਗਾਨ ਨਹੀਓਂ ਦੇਣਾ ਤੇ ਜੱਟ-ਬੂਟ ਤਾਂ ਭਾਲਦੇ ਨੇ ਇਹ ਗੱਲਾਂ।'

ਗੱਲਾਂ ਕਰਦਿਆਂ ਤੋਂ ਹੀ ਉਹਨਾਂ ਕੋਲ ਹਾਜੀ ਚਿਰਾਗ਼ਦੀਨ ਆ ਬੈਠਾ ਸੀ। ਦੁਆ ਸਲਾਮ ਤੋਂ ਬਾਅਦ ਹਾਜੀ ਨੇ ਕਿਹਾ—'ਚੌਧਰੀ ਸਾਹਬ, ਜਿਸਦੀ ਪੈਦਾਇਸ਼ ਹੋਈ ਏ, ਉਸਨੂੰ ਹਿੱਕ ਦਿਨ ਕਜ਼ਾ ਵੀ ਆਣੀਂ ਏ। ਆਣੀ ਏ ਕਿ ਨਹੀਂ— ?' ਹਾਜੀ ਸਭਨਾਂ ਵੱਲ ਝਾਕਿਆ।

—ਕਜ਼ਾ ਤਾਂ ਆਣੀ ਏ ਹਾਜੀ ਮੀਆਂ।' ਮੌਲਵੀ ਬੋਲਿਆ।

—ਅੱਲਾਹ ਦਾ ਹਿੱਕ ਵੀ ਬੰਦਾ ਐਸਾ ਨਹੀਂ ਜਿਹੜਾ ਕਬਰੀਂ ਨਾ ਪਵੇ। ਪਰ ਦੁੱਲਾ ਤਾਂ ਕੋਈ ਵਿਰਲਾ ਈ ਬਣਦਾ ਏ। ਅਸਾਂ ਤੁਸਾਂ ਤਾਂ ਤੱਤੀ 'ਵਾ ਨਹੀਓਂ ਝਲਦੇ।'



—ਹਾਜੀ ਮੀਆਂ ਠੀਕ ਆਖਨਾਂ ਪਿਐਂ, ਦੁੱਲਾ ਤਾਂ ਕੋਈ ਵਿਰਲਾ ਈ ਬਣਦਾ ਏ। ਹੁਣ ਪਿੰਡੀ ਵੀ ਤਾਂ ਏਸੇ ਦੁੱਲੇ ਕਾਰਨ ਉਜੜਨੀ ਏਂ। ਵੇਖ ਲੈਨਾਂ ਇਹ ਗੱਲਾਂ ਬਹੁਤੀਆਂ ਲੰਮੀਆਂ ਨਹੀਂ ਪੈਣੀਆਂ। ਬਾਦਸ਼ਾਹੀਆਂ ਐਵੇਂ ਤਾਂ ਨਹੀਂ ਨਾ ਚਲਦੀਆਂ।'

—ਚੌਧਰੀ ਇਹ ਚੰਗੀ ਗੱਲ ਏ, ਤੂੰ ਬਾਦਸ਼ਾਹੀਆਂ ਦੀਆਂ ਸਿਫਤਾਂ ਕਰਨਾ ਪਿਐਂ। ਕਰਨੀਆਂ ਵੀ ਚਾਹੀਦੀਆਂ ਨੇ, ਜਦ ਉਹਨਾਂ ਦਾ ਰਿਜ਼ਕ ਖਾਨੇ ਆਂ। ਪਰ ਹਿੱਕ ਗੱਲ ਏ, ਨਾ ਅਸਾਂ ਬੋਲਣ ਦੀ ਖੁਲ੍ਹ ਏ, ਨਾ ਆਪਣੀ ਮਰਜ਼ੀ ਨਾਲ ਰਹਿਣ-ਵਸਣ ਦੀ। ਮੈਂ ਸਮਝਨਾਂ, ਉਹ ਪੰਛੀ ਕੇਡਾ ਮੂਰਖ ਹੁੰਦਾ ਏ, ਜਿਹੜਾ ਬੈਠਾ ਤਾਂ ਇਕ ਰੁੱਖ ਦੀ ਟਾਹਣੀ ਉੱਪਰ ਹੁੰਦਾ ਏ, ਸਾਹ ਵੀ ਖੁਲ੍ਹੀ ਹਵਾ 'ਚ ਲੈਂਦਾ ਏ, ਉੱਡ ਵੀ ਜਾਵੇ ਜਿਧਰ ਜੀਅ ਕਰਦਾ ਏ, ਫਿਰ ਵੀ ਉਹ ਸਿਫ਼ਤਾਂ ਵਡਿਆਈਆਂ ਪਿੰਜਰੇ ਦੀਆਂ ਕਰੀ ਜਾਵੇ।' ਆਖਕੇ ਚਿਰਾਗ਼ੀਨ ਨੇ ਤਸਬੀ ਹੱਥ ਵਿਚ ਫੜ ਲਈ।

—ਹਾਜੀ ਮੀਆਂ, ਬੰਦਾ ਜਿਉਂ ਜਿਉਂ ਬੁੱਢਾ ਹੁੰਦਾ ਚਲਿਆ ਜਾਂਦਾ ਏ ਨਾ, ਉਹਦੇ ਅੰਦਰ ਜੋ ਵੀ ਚੰਗਾ ਏ, ਸਭ ਸੜ-ਸੁੱਕ ਜਾਂਦਾ ਏ। ਨਾ ਉਹਨੂੰ ਬਾਦਸ਼ਾਹ ਚੰਗੇ ਲਗਦੇ ਨੇ, ਨਾ ਬਾਦਸ਼ਾਹੀਆਂ ਦੇ ਕੰਮ ਚੰਗੇ ਲਗਦੇ ਨੇ। ਉਹ ਹਯਾਤੀ ਨੂੰ ਔਝੜੇ ਰਾਹੀਂ ਪਾ ਲੈਂਦਾ ਏ।' ਆਖਦਿਆਂ ਚੌਧਰੀ ਮੀਆਂ ਚਿਰਾਗ਼ਦੀਨ ਵੱਲ ਤੱਕਣ ਲੱਗਾ।

ਚਿਰਾਗ਼ਦੀਨ, ਚੌਧਰੀ ਦੀਆਂ ਰਮਜ਼ਾਂ ਸਮਝਦਾ ਸੀ। ਉਸਨੇ ਬਹਿਸ ਵਿਚ ਪੈਣਾ ਚੰਗਾ ਨਹੀਂ ਸਮਝਿਆ। ਬਹਿਸ ਵਿਚ ਉਹ ਪੈਂਦਾ ਵੀ ਨਹੀਂ ਸੀ। ਜਾਂ ਗੱਲ ਹੋਰ ਪਾਸੇ ਪਾ ਲੈਂਦਾ ਜਾਂ ਉਥੋਂ ਉੱਠਕੇ ਤੁਰ ਪੈਂਦਾ। ਹੁਣ ਵੀ 'ਯਾ-ਅੱਲਾਹ ਮਿਹਰ ਕਰੀਂ।' ਕਹਿੰਦਿਆਂ ਉੱਠ ਖੜ੍ਹਾ।

ਉਸ ਵੇਲੇ ਪੀਪਾ ਖੜਕਣ ਦੀ ਆਵਾਜ਼ ਏਸ ਪਾਸਿਓਂ, ਆਉਂਦੀ ਸੁਣੀ ਜਿਵੇਂ ਕੋਈ ਏਧਰ ਹੀ ਆ ਰਿਹਾ ਹੋਵੇ।

—ਬਹੀ ਜਾ ਹਾਜੀ ਮੀਆਂ ਝੱਟ। ਸੁਣ ਲਈਏ ਆਹ ਹੋਰ ਕੀ ਹੋਣ ਲੱਗਾ ਈ।' ਚੌਧਰੀ ਅਹਿਮਦ ਨੇ ਤਨਜ਼ ਨਾਲ ਕਿਹਾ।

ਹੁਣ ਪਿੰਡੀ ਵਿਚ ਨਿੱਤ ਨਵੇਂ ਤਮਾਸ਼ੇ।' ਆਖਕੇ ਇਲਮਦੀਨ ਹੱਸਿਆ

ਹਾਜੀ ਚਿਰਾਗ਼ਦੀਨ ਰੁਕ ਗਿਆ।

ਪਿੰਡੀ ਦੇ ਚੌਕੀਦਾਰ ਦੀ ਆਵਾਜ਼ ਸੁਣੀ:

"ਪਿੰਡੀ ਵਾਸੀ ਤੇ ਹਰ ਆਮ ਖ਼ਾਸ ਨੂੰ ਇਤਲਾਹ ਹੈ, ਲਾਹੌਰ ਤੋਂ ਕਾਨੂੰਗੋ ਆਇਆ ਹੋਇਆ ਹੈ। ਸਭਨਾਂ ਰਾਹਕਾਂ ਨੂੰ, ਕਿਸਾਨਾਂ ਨੂੰ, ਜੱਟਾਂ ਨੂੰ, ਪਟਵਾਰਖ਼ਾਨੇ ਪਹੁੰਚਣ ਦਾ ਫੁਰਮਾਨ ਹੈ।"

—ਲਓ ਆ ਗਏ ਜੇ ਖ਼ਸਮ।' ਚੌਧਰੀ ਦੇ ਚਿਹਰੇ ਉੱਪਰ ਰੌਣਕ ਆ ਗਈ।

—ਤੇ ਮੌਲਵੀ ਮੀਆਂ, ਜਲਾਲਦੀਨ ਨੂੰ ਆਖ, ਅਸਾਂ ਨੂੰ ਲਾਹੌਰ ਜਾਣਾ ਪੈਣਾ। ਏਸ ਤਰ੍ਹਾਂ ਤਾਂ ਦੁੱਲੇ ਨੇ ਸਾਡੀਆਂ ਪੱਗਾਂ ਘੱਟੇ 'ਚ ਰੋਲ ਦੇਣੀਆਂ।'

ਚੌਂਕੀਦਾਰ ਦੂਰ ਨਿਕਲ ਗਿਆ। ਪਰ ਉਸਦਾ ਪੀਪਾ ਖੜਕਦਾ ਅਜੇ ਵੀ ਸੁਣਦਾ ਸੀ।

****

ਸੂਰਜ ਢਲ ਗਿਆ ਸੀ। ਝਨਾਂ ਦੇ ਉੱਤਰ ਵੱਲ, ਲਿਪੇ ਸੁਆਰੇ ਘਰ ਵਿਚ, ਨੂਰਾਂ ਦੇ ਪੱਟਾਂ ਉਪਰ ਸਿਰ ਰੱਖੀ ਪਿਆ ਦੁੱਲਾ, ਉਸਨੂੰ ਲਾਹੌਰ ਦਰਬਾਰ ਦੀਆਂ ਗੱਲਾਂ ਸੁਣਾ ਰਿਹਾ ਸੀ। ਜਦੋਂ ਦੁੱਲੇ ਨੇ ਦੱਸਿਆ, ਅਸੀਂ ਕਿਵੇਂ ਬੁੱਧੂ ਜਿਹੇ ਬਣਕੇ ਬਾਦਸ਼ਾਹ ਦੇ ਦਰਬਾਰ ਵਿਚ ਹਰਕਤਾਂ ਕੀਤੀਆਂ ਤਾਂ ਹੱਸਦੀ ਅਵੇਸ਼ ਆਈ ਨੂਰਾਂ ਦੁੱਲੇ ਦੇ ਸਿਰ ਨੂੰ ਦੋਹਾਂ ਬਾਹਾਂ ਵਿਚ ਘੁੱਟ ਲੈਂਦੀ।

ਦੇਰ ਰਾਤ ਤੱਕ ਦੁੱਲਾ ਉਸਨੂੰ ਕਦੇ ਹਲਵਾਈਆਂ ਦੀਆਂ, ਕਦੇ ਪਸ਼ੂ ਹੱਕ ਕੇ ਲਿਆਉਣ ਦੀਆਂ ਤੇ ਕਦੇ ਅਕਬਰ ਦੇ ਪੁੱਤਰ ਦੀਆਂ ਗੱਲਾਂ ਸੁਣਾਉਂਦਾ ਰਿਹਾ।

—ਹਾਏ ਤੂੰ ਤਾਂ ਮੈਨੂੰ ਚੁੱਲ੍ਹਾ ਵੀ ਨਹੀਂ ਬਾਲਣ ਦਿੱਤਾ।' ਨੂਰਾਂ ਨੂੰ ਚੇਤਾ ਆਇਆ ਤਾਂ ਉਹ ਦੁੱਲੇ ਦੇ ਸਿਰ ਨੂੰ ਸਿਰਹਾਣੇ ਵਲ ਧੱਕ ਕੇ ਉੱਠ ਖੜ੍ਹੀ।

ਦੁੱਲ ਨੇ ਝੱਟ ਉਹਨੂੰ ਕਲਾਵੇ 'ਚ ਲੈਂਦਿਆਂ ਆਪਣੇ ਉੱਪਰ ਖਿੱਚ ਲਿਆ।

ਅੱਧਾ ਕੁ ਦਿਸਦਾ ਚੰਨ ਵੀ ਬੱਦਲੀ ਨੇ ਢਕ ਲਿਆ।



## 24.

ਗਰਮੀ ਦਾ ਮੌਸਮ ਲੰਘਦਾ ਜਾ ਰਿਹਾ ਸੀ।

ਅੱਧੀ ਰਾਤ ਤੋਂ ਪਿਛੋਂ ਖੇਸ ਦਾ ਪਾਲਾ ਹੋਣ ਲੱਗਾ ਸੀ।

ਸਵੇਰੇ ਸਵੇਰੇ ਫੁੱਲਰਾਂ ਚੌਂਕੇ ਵਿਚ ਝਾੜੂ ਦੇਣ ਲੱਗੀ ਹੋਈ ਸੀ। ਹਵੇਲੀ ਦੇ ਪਿਛਵਾੜੇ ਅਤੇ ਵਿਹੜੇ ਵਿਚ ਬਹੁਕਰ-ਬੁਹਾਰੀ ਅਤੇ ਗੋਹੇ-ਕੂੜੇ ਦਾ ਕੰਮ ਤਾਂ ਸ਼ੱਲੇ ਟੁੰਡੇ ਦੇ ਛੋਟੇ ਭਰਾ ਦੀ ਤੀਵੀਂ ਅੱਲਾਹ-ਰੱਖੀ ਕਰਦੀ ਸੀ। ਉਹ ਵੱਡੇ ਦਿਨ ਚੜ੍ਹੇ ਆਉਂਦੀ ਹੁੰਦੀ ਸੀ। ਲੱਧੀ ਨੇ ਦੁੱਧ ਰਿੜਕ ਕੇ ਚਾਟੀ ਵਿਚੋਂ ਮਧਾਣੀ ਕੱਢ ਲਈ ਤੇ ਸਾਫ਼ ਕਰਕੇ ਇਕ ਪਾਸੇ ਟਿਕਾ ਦਿੱਤੀ। ਫਿਰ ਮੱਖਣ ਦੇ ਪਿੰਨਿਆਂ ਨਾਲ ਛੰਨਾ ਭਰਕੇ, ਇਕ ਵੱਡੇ ਕੂੰਡੇ ਹੇਠਾਂ ਢਕ ਕੇ, ਫੁੱਲਰਾਂ ਕੋਲ ਆਣ ਖੜ੍ਹੀ।

—ਅੜੀਏ ਸੂਰਜ ਹੱਥ ਭਰ ਚੜ੍ਹ ਆਇਆ, ਦੁੱਲਾ ਉਠਿਆ ਨੀ ਹਾਲੇ ?'

—ਉੱਠ ਪੈਸੀ ਅੰਮਾਂ, ਅੱਧੀ ਰਾਤ ਤੋਂ ਪਿਛੋਂ ਤਾਂ ਹਵੇਲੀ ਆਇਆ।' ਫੁੱਲਰਾਂ ਨੇ ਲਾਪਰਵਾਹੀ ਨਾਲ ਕਿਹਾ ਤੇ ਬਹੁਕਰ ਇਕ ਪਾਸੇ ਰੱਖ ਦਿੱਤੀ।

—ਕਿਥੋਂ ਆਇਆ ਏਨੇ ਕੁਵੇਲੇ ?' ਲੱਧੀ ਨੇ ਫ਼ਿਕਰ ਨਾਲ ਪੁੱਛਿਆ।

—ਅੰਮਾਂ ਕੋਈ ਇਕ ਥਾਂ ਹੋਵੇ ਤਾਂ ਦੱਸਾਂ। ਪਤਾ ਤਾਂ ਹੈ ਤੈਨੂੰ ਕਿੰਨ੍ਹਾ ਨਾਲ ਹੁੰਦਾ ਵੇ। ਓਹੀ ਸੱਸੂ ਦੀਆਂ ਮੇਲਣਾਂ, ਜੁਲਾਹੀਆਂ ਤੇ ਤੇਲਣਾਂ। ਨਹੀਂ ਤਾਂ ਫਿਰ ਓਧਰ ਹੋਣਾ ਜਿਹੜੀ ਝਨਾ ਦੇ ਕੰਢੇ ਰੱਖੀ ਊ।'

—ਮੈਂ ਤਾਂ ਕੁੜੇ ਬਥੇਰਾ ਕਲਪਦੀ ਆਂ ਸਿਰ ਫਿਰੇ ਨੂੰ। ਅਲੱਾਹ ਦੀ ਮੇਹਰ ਨਾਲ ਵੇਲ ਵਧੀ ਊ। ਅਕਬਰੇ ਦੀ ਅੱਖ ਵਿਚ ਤਾਂ ਭੱਟੀਆਂ ਦਾ ਪਿੰਡ ਇਹ ਪਹਿਲਾਂ ਤੋਂ ਈ ਰੜਕਦਾ ਆਇਆ। ਇਹਨੂੰ ਵੇਲਾ-ਕੁਵੇਲਾ ਭੁਗਤਾਣਾ ਨਹੀਂ ਆਉਂਦਾ। ਹੁਣ ਲਾਹੌਰ ਜਾਕੇ ਪਤਾ ਨੀ ਕੀ ਖੇਹ ਉਡਾ ਕੇ ਆਇਆ ਹੋਣਾ।.....ਤੇ ਪਸ਼ੂ ਪਤਾ ਨਹੀਂ ਕਿੰਨ੍ਹਾਂ ਕਿਨ੍ਹਾਂ ਦੇ ਹੱਕ ਲਿਆਏ ਨੀ, ਪੂਰਾ ਪਿੰਡ ਈ ਖ਼ਾਲੀ ਕਰ ਦਿੱਤਾ ਹੋਣਾ। ਮੈਂ ਲੈਨੀਆਂ ਇਹਦੀ ਖ਼ਬਰ.....।' ਮੂੰਹ ਵਿਚ ਬੁੜ ਬੁੜ ਕਰਦੀ ਲੱਧੀ, ਦੁੱਲੇ ਨੂੰ ਜਗਾਉਣ ਤੁਰ ਪਈ।

ਜਦੋਂ ਦੁੱਲੇ ਉਪਰੋਂ ਲੱਧੀ ਨੇ ਝਟਕੇ ਨਾਲ ਖੇਸ ਖਿੱਚਿਆ ਤਾਂ ਉਹ ਤ੍ਰਭੱਕ ਕੇ ਉੱਠ ਬੈਠਾ। ਹੈਰਾਨ ਹੋਇਆ ਮਾਂ ਵੱਲ ਝਾਕਿਆ।......ਉਹ ਤਾਂ ਨੂਰਾਂ ਨਾਲ ਝਨਾਂ ਵਿਚ ਤਾਰੀਆਂ ਲਾ ਰਿਹਾ ਸੀ।.....ਡੁੱਬਦੇ ਸੂਰਜ ਦੀ ਲਾਲੀ ਵਿਚ, ਉਸਦਾ ਤਾਜ਼ੇ ਗੁਲਾਬ ਦਾ ਫੁੱਲਾਂ ਵਰਗਾ ਚਿਹਰਾ ਸੋਨੇ ਵਾਂਗ ਡਲ੍ਹਕਾਂ ਮਾਰ ਰਿਹਾ ਸੀ, ਉਸਦੀਆਂ ਮੋਟੀਆਂ ਭੂਰੀਆਂ ਅੱਖਾਂ ਪਾਣੀ ਵਿਚ ਭਿੱਜੀਆਂ ਦਾਖ਼ੀ ਗੂੜ੍ਹੀਆਂ ਹੋ ਗਈਆਂ ਸਨ। ਤੇ ਭਿੱਜੀ ਨੂਰਾਂ ਜਲ-ਪਰੀ ਲਗਦੀ ਸੀ।.....ਦੁੱਲੇ ਨੇ ਸਿਰ ਝਟਕਿਆ.....ਸਭ ਗੁੜ-ਗੋਬਰ ਹੋ ਗਿਆ।....'ਕੀ ਕਰ ਦਿੱਤਾ ਈ ਮਾਂ, ਸੌਣ ਦੇਂਦੀ ਨਾ ਦੋ ਘੜੀ.....।' ਰੋਸਾ ਕਰਦਿਆਂ, ਮਾਂ ਹੱਥੋਂ ਖੇਸ ਖੋਹਕੇ ਉਸਨੇ ਫਿਰ ਉਪਰ ਤਾਣ ਲਿਆ ਤੇ ਅੱਖਾਂ ਮੀਚ ਕੇ ਟੁੱਟੇ ਸੁਪਨੇ ਦੀ ਤੰਦ ਫੜਨ ਲੱਗਾ।

—ਵੇ ਸੌਣ ਦਾ ਲਗਦਿਆ, ਉਪਰੋਂ ਕੀ ਬਣੀਆਂ ਨੀ, ਤੈਨੂੰ ਸੌਣ ਕਿਵੇਂ ਸੁਝਦਾ ਐ ਵੇ ?' ਲੱਧੀ ਨੇ ਫੇਰ ਖੇਸ ਖਿੱਚਣਾ ਚਾਹਿਆ।

—ਤੂੰ ਤਾਂ ਜਾਗਦੀ ਐਂ ਨਾ ਮਾਂ।' ਘੁੱਟ ਕੇ ਫੜੇ ਖੇਸ ਦੇ ਅੰਦਰੋਂ ਦੀ ਦੁੱਲਾ ਬੋਲਿਆ।

—ਤੀਵੀਆਂ ਦੇ ਜਾਗਣ ਦਾ ਕੀ ਮੁੱਲ ਪਾਂਦੇ ਨੇ ਮਰਦ।' ਮੈਂ ਤਾਂ ਤੇਰੇ ਅੱਬਾ ਤੇ ਦਾਦੇ ਵੇਲੇ ਵੀ ਜਾਗਦੀ ਸਾਂ। ਮੇਰੀ ਹਿੱਕ ਵੀ ਮੰਨ ਲੈਂਦੇ ਤਾਂ......।'

—ਮਾਂ ਹਾੜੇ, ਸੌਣ ਦੇ ਮੈਨੂੰ।'

—ਵੇ ਚੌਂਕੀਦਾਰ ਕੱਲ੍ਹ ਦਾ ਪੀਪਾ ਕੁੱਟਣ ਡਿਹਾ। ਕਾਨੂੰਗੋ ਆਇਆ ਈ ਪਿੰਡ 'ਚ।' ਲੱਧੀ ਨੇ ਫ਼ਿਕਰ ਨਾਲ ਦੱਸਿਆ।

—ਕਾਨੂੰਗੋ ਆਇਆ ਈ ਤਾਂ ਆਵੇ ਪਿਆ, ਸੌਣ ਦੇ ਮੈਨੂੰ।' ਦੁੱਲੇ ਨੇ ਹੋਰ ਟੇਡਾ ਹੋ ਕੇ ਮੂੰਹ ਹੇਠਾਂ ਕਰ ਲਿਆ।

—ਵੇ ਸੌਣ ਕਿਵੇਂ ਦੇਵਾਂ ?' ਜਿੰਨ੍ਹਾਂ ਦੀਆਂ ਮੱਝੀਂ ਗਾਈਆਂ ਹੱਕ ਲਿਆਏ ਸਉਂ, ਕੀ ਪਤਾ ਉਹਨਾਂ ਤਫਤੀਸ਼ ਘੱਲੀ ਏ।'

—ਓ ਮਾਂ ਕੱਲ੍ਹ ਦੇ ਮੋਏ, ਕੱਲ੍ਹ ਦੱਬੇ ਗਏ। ਤੂੰ ਜਾਹ ਕੰਮ ਕਰ ਆਪਣਾ। ਜਦੋਂ ਮੈਨੂੰ ਸੱਦਾ ਆਇਆ ਵੇਖ ਲਵਾਂਗੇ।'

—ਵੇ ਪੁੱਤ ਵੇਲਾ ਟਾਲ.....।'

ਦੁੱਲੇ ਨੇ ਖਿੱਝ ਕੇ ਖੇਸ ਪਰ੍ਹਾਂ ਵਗਾਹ ਮਾਰਿਆ ਤੇ ਉੱਠ ਬੈਠਾ।

—ਤੈਨੂੰ ਪਤਾ ਈ ਮਾਂ, ਇਹ ਸਭ ਮੈਂ ਕਿਉਂ ਕਰਦਾਂ ?'

—ਮੈਂ ਕੀ ਜਾਣਾ ਪੁੱਤ। ਮੈਂ ਤਾਂ ਸਮਝਣੀ ਆਂ —ਵਿਹਲਿਆਂ ਖੋਤਿਆਂ ਦੀ ਮੌਜ ਟੀਟਣੇ।'

—ਨਹੀਂ ਮਾਂ, ਅਸੀਂ ਮੌਜ ਨਾਲ ਟੀਟਣੇ ਨਹੀਂ ਮਾਰਦੇ, ਨਾ ਹੀ ਵੇਹਲੇ ਆਂ। ਜਦੋਂ ਦੀ ਤੂੰ ਮੈਨੂੰ ਵਰਤੀ-ਵਿਹਾਣੀ ਸੁਣਾਈ ਏ, ਇੱਕ ਗੱਲ ਅੱਜ ਮੇਰੀ ਸੁਣ ਲੈ, ਮੈਂ ਪਿਊ ਦਾਦੇ ਆਲੇ ਰਾਹ ਈ ਪੈਣਾ। ਸੁੱਤਾ ਹੋਵਾਂ, ਜਾਗਦਾ ਹੋਵਾਂ, ਮੈਨੂੰ ਰੋਕੀਂ ਨਾ। ਚਾਚਾ ਜਲਾਲਦੀਨ, ਪਿੰਡੀ ਦੇ ਚੌਧਰੀ, ਹੋਰ ਵੀ ਹੋਣੇ ਨੇ, ਜੋ ਮਰਜ਼ੀ ਪਏ ਆਖਣ, ਮੈਂ ਅਕਬਰੇ ਤੋਂ ਵੈਰ ਕੱਢਣਾ। ਜੇ ਉਸਨੇ ਮੇਰੀ ਨੀਂਦਰ ਹਰਾਮ ਕੀਤੀ ਊ, ਸੁੱਖ ਦੀ ਨੀਂਦਰ ਮੈਂ ਉਸਨੂੰ ਵੀ ਨਹੀਂ ਸੌਣ ਦੇਣਾ। ਬਾਰ ਬਾਰ ਤਾਂ ਬੰਦਾ ਜੰਮਦਾ ਨਹੀਂ ਹੁੰਦਾ ਮਾਂ। ਮੈਂ ਹੁਣ ਬਾਦਸ਼ਾਹ ਦਾ ਕੋਈ ਬੰਦਾ ਨਹੀਂ ਬਖਸ਼ਣਾ, ਸ਼ਾਹੂਕਾਰ ਹੋਇਆ, ਵਪਾਰੀ ਹੋਇਆ ਤੇ ਭਾਵੇਂ ਚੌਧਰੀ ਹੋਇਆ। ਪਿੰਡੀ ਲਾਗਿਓਂ ਦੀ ਜਿਹੜਾ ਲੰਘਸੀ, ਦੁੱਲੇ ਨੂੰ ਲਗਾਨ ਦੇਣਾ ਈ ਪੈਸੀ। ਚਾਹੇ ਲੁੱਟ-ਖੋਹ ਕੇ ਲਵਾਂ ਤੇ ਚਾਹੇ ਸਿਰ ਲਾਹ ਕੇ ਲਵਾਂ....।'

—ਇਹ ਤਰ੍ਹਾਂ ਤੇ ਪੁੱਤਰਾ ਤੂੰ ਵੈਰ ਨਹੀਂ ਕੱਢਦਾ, ਵੈਰ ਵਿਹਾਜਣ ਲੱਗਾ ਹੋਇਆਂ।'

—ਜੋ ਜੀ ਆਵੇ ਸਮਝ ਲੈ, ਪਰ ਅਕਬਰਾ ਹੁਣ ਸਾਡੀ ਪਹੁੰਚ ਤੋਂ ਬਾਹਰ ਨਹੀਂ।'

—ਏਨਾ ਵਿੰਗਾ ਨਾ ਜਾਹ ਪੁੱਤਰ, ਉਹ ਫੌਜਾਂ ਲਸ਼ਕਰਾਂ ਵਾਲੇ, ਘੋੜੇ ਹਾਥੀ, ਤੋਪਾਂ ਵਾਲੇ....।'

—ਮਾਂ ਭੂਤ ਡਰਦਿਆਂ ਨੂੰ ਈ ਡਰਾਉਂਦੇ ਨੇ। ਅਕਬਰ ਲਗਾਨ ਮੰਗਦਾ ਈ ਆਪਣੀਆਂ ਐਸ਼ਾਂ ਕਰਨ ਲਈ, ਅਸੀਂ ਲਗਾਨ ਨਹੀਂ ਦੇਣਾ, ਆਪਣੇ ਢਿੱਡ ਭਰਨ ਲਈ। ਉਹ ਫੇਰ ਵੀ ਚੌਧਰੀਆਂ ਨੂੰ ਚੰਗੇ ਲਗਦੇ ਨੇ ਤੇ ਅਸੀਂ ਬੁਰੇ। ਅਮੀਰਾਂ ਗੂੰਹ ਖਾਧਾ ਦਵਾਈ ਲਈ, ਗਰੀਬਾਂ



ਗੂੰਹ ਖਾਧਾ ਢਿੱਡ ਭਰਨ ਲਈ।' ਦੁੱਲਾ ਉੱਠ ਕੇ ਖੜ੍ਹਾ ਹੋ ਗਿਆ। ਤੇੜ ਬੱਧਾ ਚਾਦਰਾ, ਘੁੱਟ ਕੇ ਦੁਬਾਰਾ ਬੰਨ੍ਹਿਆ ਤੇ ਪੈਰੀਂ ਜੁੱਤੀ ਪਾਉਣ ਲੱਗਾ।

—ਤੇਰੇ ਨਾਲ ਕੌਣ ਸਿਰ ਖਪਾਵੇ। ਤੇਰੀ ਤਾਂ ਜਿੱਦ ਈ ਪੁੱਠੀ ਹੁੰਦੀ ਏ। ਤੇਰੀਆਂ ਕੀਤੀਆਂ ਮੇਰੇ ਪੇਸ਼ ਆਉਣੀਆਂ ਨੇ ਦੁੱਲਿਆ। ਚੰਦਰਿਆ ਇਹ ਤਾਂ ਸੋਚ ਲੈ ਘਰ ਮੁਟਿਆਰ ਧੀਆਂ ਨੇ। ਨੂਰੇ ਨੇ ਹੁਣੇ ਹੁਣੇ ਨਿਕਾਹ ਕੀਤਾ ਏ। ਤੇਰੀ ਬੀਵੀ ਏ, ਮਾਂ ਏ ਤੇ ਹਿੱਕ ਉਹ ਏ, ਘੋੜਿਆਂ ਦੀ ਰੰਨ ਜੀਹਨੇ ਲੋਕ-ਲਾਜ ਕਿੱਲੀ ਉੱਪਰ ਟੰਗ ਛੱਡੀ ਊ।...ਨੂਰਾਂ। ਝਨਾਂ ਦੀਆਂ ਮੱਛੀਆਂ ਖਾਣ ਵਾਲੀ....।'

—ਮਾਂ ਓਸ ਬਾਰੇ ਹੋਰ ਅਗਾਂਹ ਨਾ ਆਖੀਂ ਕੋਈ ਗੱਲ।' ਦੁੱਲਾ ਇਕਦਮ ਭੜਕ ਉਠਿਆ।

—ਕਿਵੇਂ ਨਾ ਆਖਾਂ ਵੇ, ਦੋ ਥਾਈਂ ਰੰਨਾਂ ਰੱਖ ਕੇ ਕਿਵੇਂ ਵਸੇਬਾ ਹੋਣਾ। ਜੇ-ਉਹ-ਫੌਜਾਂ ਚਾੜ੍ਹ ਲਿਆਏ, ਸਭ ਨੂੰ ਬਾਧਾਂ ਬਣਾ ਲੈ ਵੰਞਣਗੇ। ਤੇ ਤੂੰ ਆਖੀ ਜਾਈਂ ਡਰਦਿਆਂ ਨੂੰ ਭੂਤ ਡਰਾਉਂਦੇ ਨੇ।'

—ਊਠ ਤੇ ਚੜ੍ਹੀ ਵੀ ਰੋਈ ਜਾਨੀ ਐਂ ਮਾਂ। ਜਾਹ ਕੰਮ ਕਰ ਆਪਣਾ। ਲੱਸੀ ਦਾ ਡੋਲ ਮੇਰੇ ਸਿਰਹਾਣੇ ਰੱਖ ਜਾ, ਸੋਚਣ ਦੇ ਮੈਨੂੰ ਦੋ ਘੜੀ। ਫੇਰ ਪਟਵਾਰਖਾਨੇ ਜਾਕੇ ਦੇਖਦਾਂ ਕਿਹੜਾ ਚੌਧਰੀ ਲਗਾਨ ਉਗਰਾਹੀ ਕਰਨ ਦੀ ਹਾਮੀ ਭਰਦਾ।'

ਲੱਧੀ ਜਾਣ ਲੱਗੀ ਤਾਂ ਦੁੱਲਾ ਫਿਰ ਬੋਲਿਆ—'ਇੱਕ ਗੱਲ ਮੇਰੀ ਯਾਦ ਰੱਖੀ ਮਾਂ, ਮੈਨੂੰ ਨੂਰਾਂ ਦਾ ਮਿਹਣਾ ਫੇਰ ਕਦੀ ਨਾ ਮਾਰੀਂ।'

ਲੱਧੀ ਕੁਝ ਪਲ ਖੜ੍ਹੀ ਦੁੱਲੇ ਵੱਲ ਵੇਂਹਦੀ ਰਹੀ, ਫੇਰ ਉਸ ਲਈ ਲੱਸੀ ਲੈਣ ਚਲੀ ਗਈ।

* * * *

ਦੁੱਲਾ ਤਿਆਰ ਹੋਕੇ ਬਾਹਰਲੇ ਦਰਵਾਜ਼ੇ ਵੱਲ ਵਧਿਆ। ਅਜੇ ਉਹ ਵਿਹੜੇ ਦੇ ਅੱਧ-ਵਿਚਕਾਰ ਹੀ ਸੀ, ਪਿੱਛੋਂ ਫੁੱਲਰਾਂ ਦੀ ਆਵਾਜ਼ ਸੁਣੀ—'ਟੁੱਕੜ ਤਾਂ ਝੁਲਸ ਜਾਂਦਾ ਹੁਣ ? ਪਿੱਛੋਂ ਤੇਰੀ ਮਾਂ ਨੇ ਲੜਨੈ, ਮੇਰਾ ਪੁੱਤਰ ਢਿੱਡੋਂ ਭੁੱਖਾ ਤੁਰ ਗਿਆ।'

—ਇਹਨੂੰ ਥੋੜਾ ਠੰਡਾ ਕਰਲੈ, ਏਨੇ ਤੱਤੇ ਨਾਲ ਤਾਂ ਜੀਭ ਸੜ ਜਾਣੀ ਊ, ਸੰਘੋਂ ਥੱਲੇ ਕਿਵੇਂ ਹੋਊ ?' ਦੁੱਲਾ ਫੁੱਲਰਾਂ ਵੱਲ ਗੁੱਝਾ ਝਾਕ ਕੇ ਹੱਸਿਆ।

—ਬਾਹਰ ਜਿਹੜੀ ਸੌਂਕਣ ਰੱਖੀ ਊ, ਉਹ ਤਾਂ ਪੱਖੀਆਂ ਝੱਲ ਕੇ ਖਆਉਂਦੀ ਹੋਣੀ ਐਂ। ਨਾਲੇ ਖ਼ੀਰਾਂ ਰਿੱਝਦੀਆਂ ਹੋਣੀਆਂ ਓਥੇ।'

—ਆਖੇ ਤਾਂ ਤੇਰੇ ਲਈ, ਲਈ ਆਵਾਂ ?' ਦੁੱਲਾ ਹੱਸਿਆ।

—ਓਹਦੀ ਖ਼ੀਰ ਖਾਂਦੀ ਏ ਮੇਰੀ ਜੁੱਤੀ।' ਗੁੱਸੇ ਵਿਚ ਫੁੱਲਰਾਂ ਨੇ ਅੱਡੀ ਭੁੰਜੇ ਮਾਰੀ।

—ਸਾਰਾ ਦਿਨ ਮਿਰਚਾਂ ਦਾ ਫੱਕਾ ਮਾਰੀ ਰੱਖਨੀਂ ਐਂ....'

—ਤੂੰ ਤਾਂ ਮਿਸਰੀ ਚੱਬਦਾ ਹੋਣੈਂ।'

—ਬੱਗੇ ਮਲਕੀਰੇ ਦੇ ਮੇਵਿਆਂ ਨਾਲ ਢਿੱਡ ਭਰਿਐ।'

—ਮੇਵਿਆਂ ਨਾਲ ਢਿੱਡ ਭਰਲੈ, ਚਾਹੇ ਟੁੱਕੜ ਨਾਲ ਭਰ ਲੈ। ਸੰਘੋਂ ਹੇਠਾਂ ਹੋਇਆ, ਜੇਹਾ ਗੁੜ ਤੇਹਾ ਗੋਹਾ।' ਫੁੱਲਰਾਂ ਨੱਕ ਮਰੋੜਦੀ ਚੌਂਕੇ ਵੱਲ ਚਲੀ ਗਈ।

ਦੁੱਲਾ ਕੁਝ ਆਖਣ ਲੱਗਾ ਸੀ, ਪਰ ਕੁਝ ਸੋਚ ਕੇ ਮੁੜਿਆ ਤੇ ਬੂਹਿਓਂ ਬਾਹਰ ਨਿਕਲ ਗਿਆ।

ਲੱਧੀ ਲੱਸੀ ਵਾਲਾ ਛੰਨਾ ਚੌਂਕੇ ਵਿਚ ਰੱਖਣ ਆਈ ਤਾਂ ਫੁੱਲਰਾਂ ਨੇ ਉਸੇ ਲਹਿਜ਼ੇ ਵਿਚ ਪੁੱਛਿਆ—'ਹੁਣ ਕਿਧਰ ਤੋਰਿਆ ਈ ਆਪਣੇ ਸੂਰਮੇ ਨੂੰ ?'

—ਪਹਿਲੀ ਤਾਂ ਗੱਲ ਇਹ ਈ, ਤਈਨੂੰ ਕਿੰਨੀ ਵਾਰ ਹਟਕਿਆ ਏ, ਜਾਣ ਲੱਗੇ ਬੰਦੇ ਨੂੰ ਪਿੱਛੋਂ ਨਹੀਂ ਹਾਕ ਮਾਰੀਦੀ। ਪਰ ਤੇਰੀ ਜੀਭ ਤਾਂ ਕੁੱਤੇ ਦੀ ਪੂਛਲ ਏ।'

—ਅੰਮਾਂ, ਉਹ ਸਾਹਮਣੇ ਹੋਵੇ ਤਾਂ.....। ਮੈਂ ਤਾਂ ਜਦ ਵੇਖਾਂ ਉਹਦੀ ਪਿੱਠ ਹੀ ਦਿੱਸਦੀ ਏ। ਕੀ ਕਰਾਂ ਫੇਰ ? ਸਾਹਮਣੇ ਤਾਂ ਅਟਕਦਾ ਹੀ ਨਹੀਂ ਤੇਰਾ ਪੁੱਤਰ, ਜਿਵੇਂ ਮੈਂ ਡੈਣ ਹੋਵਾਂ।'

—ਨੀ ਮੇਰਾ ਪੁੱਤਰ ਤੇਰਾ ਕੁਝ ਨਹੀਂ ਲਗਦਾ ? ਸਿਰ ਦੇ ਖ਼ਸਮ ਨੂੰ ਏਦਾਂ ਬੋਲੀਦਾ ਏ ?' ਲੱਧੀ ਖਿੱਝੀ ਹੋਈ ਤਾਂ ਪਹਿਲਾਂ ਹੀ ਸੀ, ਗੁੱਸੇ ਵਿਚ ਆਈ ਕੁਝ ਵਧੇਰੇ ਉੱਚਾ ਬੋਲ ਬੈਠੀ। ਡਰਕੇ ਨੂਰੇ ਹੋਰਾਂ ਦੀ ਕੋਠੜੀ ਵੱਲ ਝਾਕੀ, ਕਿਤੇ ਮੁੰਡਾ ਤੇ ਵਹੁਟੀ ਸੁਣਦੇ ਈ ਨਾ ਪਏ ਹੋਣ....।

—ਹੋਰ ਕਿਵੇਂ ਬੁਲਾਵਾਂ ਉਹਨੂੰ ਅੰਮਾਂ ? ਮੇਰੇ ਵਿਚੋਂ ਤਾਂ ਉਹਨੂੰ ਬੂ ਆਂਦੀ ਏ। ਤੈਨੂੰ ਪਤਾ ਈ ਏ, ਹੋਰ ਕਿਥੇ ਠਾਹਰਾਂ ਬਣਾਈਆਂ ਨੇ। ਜਾਂ ਫਿਰ ਤੇਰੇ ਨਾਲ ਗੁਮਾਸ਼ਤੇ ਕਰਦਾ ਏ।'

—ਓਹ ਮੇਰੇ ਆਖੇ 'ਚ ਕਿਥੇ ਏ ਨੀ ? ਉਹ ਸੁਣਦਾ ਕਦੋਂ ਏ ਮੇਰੀ ? ਤੂੰ ਕਰ ਲੈ ਗੁਮਾਸ਼ਤੇ, ਤੂੰ ਤਾਂ ਰੰਨ ਏਂ ਉਹਦੀ।'

—ਉਹ ਮੰਨਦਾ ਕਦੋਂ ਐ ਮੈਨੂੰ ਆਪਣੀ ਰੰਨ। ਪੁਛਦੀਂ ਆਂ ਬਾਹਰ ਕੀ ਕਰਦਾ ਏਂ ਏਨੀ ਰਾਤ ਤੱਕ। ਆਖਦਾ ਏ ਤੀਵੀਆਂ ਨਹੀਂ ਪੁੱਛ ਪੜਤਾਲ ਕਰਦੀਆਂ। ਆਪਣੇ ਛੋਹਰ ਛੋਹਰੀਆਂ ਪਾਲ ਤੇ ਅੱਲਾਹ ਦਾ ਨਾਮ ਲੈ। ਰੋਹਬ ਮਾਰਦਾ ਰਹਿੰਦਾ, ਜੇ ਬਹੁਤੀ ਈ ਸਿਰ ਚੜ੍ਹੀ ਤਾਂ, ਦੂਈ ਨੂੰ ਸਿਰ 'ਤੇ ਲਿਆ ਬਿਠਾਊਂ।' ਫੁੱਲਰਾਂ ਰੋਣ ਲੱਗ ਪਈ।

—ਨੀ ਹੁਣ ਖ਼ਸਮ ਦੇ ਹੁੰਦੇ-ਸੁੰਦੇ ਰੋਣ ਡਹਿ ਪਈ, ਮੈਂ ਕੀਹਨੂੰ ਰੋ ਕੇ ਵਿਖਾਵਾਂ, ਜਿਸਦੇ ਸਾਈਂ ਨੂੰ ਗੋਰ ਵੀ ਨਸੀਬ ਨਾ ਹੋਈ।' ਲੱਧੀ ਫੇਰ ਗੁੱਸੇ ਵਿਚ ਆਉਣ ਲੱਗੀ।

—ਏਨਾ ਭੜਕ ਨਾ ਅੰਮੀ, ਤੇਰੇ ਪੁੱਤਰ ਦੇ ਜੇ ਏਹੀ ਲੱਛਣ ਰਹੇ ਤਾਂ ਮੈਂ ਵੀ ਸਾਰੀ ਹਯਾਤੀ ਤੇਰੇ ਆਂਗੂ.....।'

—ਕੀ ਸੱਪ ਆਂਗੂ ਪਾਟੀ ਜੀਭ ਆਲੀਏ, ਕੁਝ ਹਯਾ ਕਰ। ਖ਼ੁਦਾ ਤੋਂ ਡਰ। ਏਨਾ ਵਿੱਤੋਂ ਬਾਹਰ ਨਾ ਹੋ।'

ਅੰਦਰੋਂ ਉੱਠ ਕੇ ਕੋਲ ਆ ਬੈਠੀਆਂ ਬਖਤੋ ਤੇ ਸਲੇਮੋਂ ਆਪਣੀ ਮਾਂ ਅਤੇ ਅੰਮਾਂ ਦੀਆਂ ਝੜਪਾਂ ਵੇਖਣ ਸੁਣਨ ਲੱਗੀਆਂ।

—ਅੰਮਾਂ ਦਿਨ ਤਾਂ ਚੜ੍ਹ ਲੈਣ ਦੇਵੋ...।' ਬਖ਼ਤੋ ਨੇ ਅੰਗੜਾਈ ਲੈਂਦਿਆਂ ਕਿਹਾ।

—ਦੇਖ ਨਾ ਧੀਏ, ਫਜ਼ਰ ਵੇਲੇ ਕਿੱਦਾਂ ਦੀ ਭਾਖਿਆ ਕੱਢਦੀ ਏ ਮੂੰਹੋਂ ਤੇਰੀ ਮਾਂ।' ਲੱਧੀ ਦੁੱਖੀ ਹੁੰਦਿਆਂ ਬੋਲੀ।

—ਮਾਂ ਕਿਹੜਾ ਸਬਰ ਕਰਦੀ ਏ, ਇਹਦਾ ਗਲੋਟਾ ਤਾਂ ਹਮੇਸ਼ਾ ਘੂਰਿਆ ਰਹਿੰਦਾ।' ਸਲੇਮੋ ਹੱਸੀ।

—ਹੱਸ ਲਓ, ਜਿੰਨਾ ਹੱਸਣਾ ਈ, ਮੈਨੂੰ ਤਾਂ ਦਿੱਸਣ ਡਿਹਾ ਤੇਰੇ ਅੱਬਾ ਨੇ ਮੈਨੂੰ ਰੰਡੀ ਕਰ ਜਾਣਾ ਤੇ ਅਕਬਰ ਦੇ ਸਿਪਾਹੀਆਂ ਸਾਨੂੰ ਨੂੜ ਲੈਣਾ।'



—ਹੇ ਮੇਰੇ ਮਾਲਕਾ, ਯਾ ਖ਼ੁਦਾ, ਏਹ ਤਰ੍ਹਾਂ ਦੀਆਂ ਸੜੀਆਂ ਗੱਲਾਂ ਕਰਦੀ ਏ, ਤੇਰੀ ਜੀਭ ਨੂੰ ਕੀੜੇ ਨਹੀਓਂ ਪੈਂਦੇ ?' ਗੁੱਸੇ, ਹਰਖ਼ ਅਤੇ ਖਿਝ ਨਾਲ ਲੱਧੀ ਕੰਬਣ ਲੱਗੀ।

—ਕੀੜੇ ਵੀ ਪੈਣਗੇ ਅੰਮਾਂ ਦੇਖਦੀ ਜਾਈਂ। ਜਿਹੜੇ ਤੇਰੇ ਪੁੱਤ ਦੇ ਲੱਛਣ ਨੇ, ਏਹੀ ਕੁਝ ਹੋਣਾ, ਵੇਖ ਲਈਂ। ਭਲਾ ਦੱਸਾ ਖਾਂ,—ਬੱਗਾ ਲੁੱਟਣ ਦੀ ਕੀ ਲੋੜ ਹੋਈ ? ਚੱਲ ਲੁੱਟ ਲਿਆ, ਉਸਦਾ ਸਿਰ ਕੱਪਣ ਦੀ ਕੀ ਲੋੜ ਸਾਈ ? ਚੱਲ ਸਿਰ ਵੀ ਕੱਪ ਲਿਆ, ਟੋਕਰੀ ਵਿਚ ਰੱਖ ਕੇ ਅਕਬਰ ਨੂੰ ਭੇਜਣ ਦੀ ਕੀ ਲੋੜ ਸਾਈ ?....'

—ਇਹ ਤੂੰ ਆਪਣੇ ਖ਼ਸਮ ਨੂੰ ਪੁੱਛੀਂ।'

—ਖ਼ਸਮ ਨੂੰ ਕੀ ਪੁੱਛਾਂ, ਸ਼ਾਹੀ ਨੇਅਮਤਾਂ ਤੂੰ ਵੀ ਖਾਂਦੀ ਰਹੀ ਏਂ।'

—ਨੀ ਤੇਰੇ ਮਰ ਜਾਣ...,ਲੱਧੀ ਦਾ ਖਾਣ ਪੀਣ ਪਰਖਨੀ ਏਂ। ਲੱਧੀ ਥੁੱਕਦੀ ਏ ਅਕਬਰੇ ਉਪਰ ਤੇ ਓਹਦੀਆਂ ਨੇਅਮਤਾਂ ਉੱਪਰ। ਮੇਰੀਆਂ ਬਾਦਸ਼ਾਹੀਆਂ ਤਾਂ ਗਈਆਂ ਦੁੱਲੇ ਦੇ ਪਿਉ ਨਾਲ ਈ। ਖਾ-ਹੰਢਾ ਲਿਆ ਜੋ ਹੰਢਾਣਾ ਸੀ ਉਹਨਾਂ ਦੇ ਜੀਂਦਿਆਂ।' ਲੱਧੀ ਦਾ ਰੋਣ ਨਿਕਲ ਗਿਆ।

—ਖਾ ਹੰਢਾ ਕੇ ਤਾਂ ਸਾਰੇ ਈ ਥੁੱਕਦੇ ਨੇ।' ਫੁੱਲਰਾਂ ਨੇ ਨੱਕ-ਬੁੱਲ੍ਹ ਚੜ੍ਹਾਉਂਦਿਆਂ ਕਿਹਾ।

—ਨੀ ਹਰਾਮ ਖੋਰੇ, ਹਿੱਕ ਤੇਰਾ ਖਸਮ ਮੇਰਾ ਲਹੂ ਪੀਣ ਡਿਹਾ, ਦੂਈ ਤੂੰ ਮੇਰੀ ਸੌਂਕਣ ਬਣੀ ਬੈਠੀ ਏਂ। ਲਗਦਾ ਏ ਤੂੰ ਏਸ ਘਰ 'ਚੋਂ ਨਹੀਂ। ਜਲਾਲਦੀਨ ਦਾ ਪਰਛਾਵਾਂ ਪੈ ਗਿਆ ਈ ਤੇਰੇ 'ਤੇ।' ਆਖਦਿਆਂ ਲੱਧੀ ਨੇ ਚੁੰਨੀ ਨਾਲ ਨੱਕ-ਅੱਖਾਂ ਪੂੰਝੇ।

—ਮੈਂ ਕੀ ਸਮਝਨੀ ਆਂ ਪਰਛਾਵਿਆਂ ਨੂੰ। ਮੈਨੂੰ ਬੜੇ ਭੈੜੇ ਸੁਪਨੇ ਆਉਂਦੇ ਨੀ ਸੁੱਤਿਆਂ। ਪਿੰਡੀ ਥੇਹ ਹੋਈ ਦਿੱਸਦੀ ਏ। ਬਖ਼ਤੋ, ਸਲੇਮੋ ਨੂੰ ਮੁਗਲੇਟੇ ਧੂਈ ਫਿਰਦੇ ਨੇ। ਨੂਰਾ ਲਹੂ ਵਿਚ ਭਿੱਜਿਆ ਕੁਰਲਾਉਂਦਾ ਸੁਣਦਾ ਏ। ਉਹਦੀ ਵਹੁਟੀ ਦੁਹੱਥੜ ਪਿੱਟਦੀ ਪਈ ਏ।'...ਆਖਦੀ ਫੁੱਲਰਾਂ ਦਾ ਵੀ ਗਲਾ ਭਰ ਆਇਆ।

—ਨੂਰਾ ਉੱਠ ਪਿਆ ਧੀਏ ਤੇ ਬਹੂ ?' ਅਚਾਨਕ ਲੱਧੀ ਨੂੰ ਉਹਨਾਂ ਦੀ ਯਾਦ ਆਈ। ਅਜੇ ਤਾਂ ਸੁੱਤੇ ਹੋਏ ਨੀ ਅੰਮਾਂ।' ਆਖਦਿਆਂ ਸਲੇਮੋ ਨੇ ਸੰਗ ਕੇ ਨੀਵੀਂ ਪਾ ਲਈ।

ਲੱਧੀ, ਫੁੱਲਰਾਂ ਦੀਆਂ ਗੱਲਾਂ ਸੁਣਕੇ ਪਸੀਜ ਗਈ ਸੀ। ਹੌਲੀ ਜਿਹੀ ਬੋਲੀ;

—ਅੱਲਾਹ ਨੂੰ ਯਾਦ ਕਰਿਆ ਕਰ ਧੀਏ।'

—ਅੱਲਾਹ ਵਿਚਕਾਰ ਤੇਰਾ ਪੁੱਤਰ ਅੜਿਆ ਬੈਠਾ ਏ ਅੰਮੀ।' ਫੁੱਲਰਾਂ ਨੇ ਭਰ ਆਈਆਂ ਅੱਖਾਂ ਪੂੰਝੀਆਂ।

—ਘਾਬਰ ਨਾ ਧੀਏ, ਕੁੱਤਿਆਂ ਦੇ ਭੌਂਕਿਆਂ, ਹਾਥੀ ਪਿੜ ਨਹੀਓਂ ਛੱਡ ਜਾਂਦੇ। ਤੂੰ ਮੇਰੇ ਪੁੱਤਰ ਦੁੱਲੇ ਦੀ ਤੀਵੀਂ ਏ ਤੇ ਦੁੱਲੇ ਦੀਆਂ ਰਗਾਂ ਵਿਚ ਸਾਂਦਲ ਬਾਰ ਦੇ ਭੱਟੀਆਂ ਦਾ ਲਹੂ ਵਗਦਾ ਏ। ਪਟਵਾਰਖ਼ਾਨੇ ਗਿਆ ਈ, ਲਾਮ 'ਤੇ ਨਹੀਂ ਗਿਆ । ਪਟਵਾਰਖ਼ਾਨੇ ਗਿਆ ਵੀ ਪਿੰਡੀ ਦੇ ਲੋਕਾਂ ਲਈ ਏ। ਉਹ ਮਾਮਲਾ ਲੈਣ ਆਏ ਨੇ ਤੇ ਮਾਮਲਾ ਤਾਂ ਦੁੱਲੇ ਦੇ ਪਿਉ ਹੋਰਾਂ ਵੀ ਨਹੀਂ ਦਿੱਤਾ, ਦੁੱਲੇ ਨੇ ਕੀ ਦੇਣਾ।'

—ਨੀ ਅੰਮਾਂ, ਮਾਮਲਾ ਦੇਣਾ ਲੋਕਾਂ ਨੇ, ਦੇਣ ਭਾਵੇਂ ਨਾ ਦੇਣ। ਤੇਰਾ ਪੁੱਤਰ ਕਾਹਨੂੰ ਬੇਗ਼ਾਨੀ ਫੁੱਲਕਾਰੀ ਥੱਲੇ ਟਕੂਆ ਦੇਈ ਫਿਰਦਾ। ਉਸਨੂੰ ਆਪਣੀਆਂ ਧੀਆਂ ਦੀ ਆਬਰੂ ਨਹੀਂ ਦਿੱਸਦੀ ?' ਫੁੱਲਰਾਂ ਫਿਰ ਰੋਹ ਵਿਚ ਆ ਗਈ।

—ਅਕਲ ਨੂੰ ਹੱਥ ਮਾਰ ਨੀ ਭੈੜੀਏ ਰੰਨੇ। ਤੇਰੀ ਤਾਂ ਉਹ ਗੱਲ ਈ, ਬਾਣੀਆਂ ਵੀ ਢਿੱਲਾ ਤੇ ਗੁੜ ਵੀ ਢਿੱਲਾ। ਤੂੰ ਕਾਹਨੂੰ ਥੱਲੇ ਲਹੀ ਜਾਨੀ ਏਂ ? ਦੁੱਲੇ ਦੇ ਜੀਂਦਿਆਂ ਹੈ ਕਿਸੇ ਦਾ ਜੇਰਾ ਦੇਹਲੀਓਂ ਅੰਦਰ ਪੈਰ ਕਰੇ। ਨੀ ਮੁਗਲਾਂ ਲਈ ਤਾਂ ਮੇਰਾ ਪੁੱਤਰ ਮੇਹਰੂ ਹੀ ਭਾਰੀ ਪੈਣਾ।' ਲੱਧੀ ਨੇ ਗੁਮਾਨ ਨਾਲ ਕਿਹਾ।

—ਤੇਰੇ ਮੇਹਰੂ ਦੀ ਪੀਨਕ ਲੱਗ ਜਾਏ ਤਾਂ ਭਾਵੇਂ ਕੋਈ ਘਾਈ ਲਾਹ ਕੇ ਲੈ ਜਾਏ ਉਹਦੀ। ਨਸ਼ਾ ਟੁੱਟਿਆ ਹੋਵੇ ਤਾਂ ਉਹ ਪੈਂਦਾ ਵੀ ਮੂਧਾ ਈ।'

ਬਖ਼ਤੋ ਤੇ ਸਲੇਮੋ ਹੱਸਣ ਲੱਗੀਆਂ, ਉਹਨਾਂ ਮੂੰਹ ਗੋਡਿਆਂ ਵਿਚ ਛੁਪਾ ਲਏ।

—ਭੈੜੀਏ ਰੰਨੇ ਤੂੰ ਤਾਂ ਸਦਾ ਮਾੜਾ ਸੋਚਣਾ ਹੋਇਆ। ਜਿੰਨਾ ਚਿਰ ਲੱਧੀ ਜੀਂਦੀ ਏ, ਨਸ਼ਾ ਕਿਉਂ ਟੁੱਟਣਾ ਹੋਇਆ ਉਹਦਾ ਭਲਾ। ਤੂੰ ਜਾਣਦੀ ਨਹੀਂ, ਜੇ ਉਹ ਆਪਣੀ ਆਈ 'ਤੇ ਆ ਜਾਏ ਤਾਂ ਦਸਾਂ ਦਸਾਂ 'ਤੇ ਭਾਰੂ ਹੁੰਦਾ ਏ।'

—ਜਾਣਨੀ ਆਂ ਤੇਰੇ ਮੇਹਰੂ ਨੂੰ, ਜੇ ਉਹ ਆਪਣੀ ਆਈ 'ਤੇ ਨਾ ਆਵੇ ਤੇ ਨਸ਼ੇ ਟੁੱਟੇ ਹੋਣ, ਫੇਰ ਇਕ ਜਣਾ ਈ, ਦਸ ਪੋਸਤੀਆਂ ਨੂੰ ਕਬਰ ਖੋਦ ਕੇ ਦੱਬ ਆਵੇ।' ਇਸ ਵਾਰ ਫੁੱਲਰਾਂ ਦਾ ਚਿਹਰਾ ਵੀ ਕੁਝ ਟਹਿਕ ਪਿਆ।

—ਸਲੇਮੋ ਸਮਝਾ ਲੈ ਆਪਣੀ ਮਾਂ ਨੂੰ, ਜੇ ਮੇਰੇ ਅੱਗੇ ਬਦਸ਼ਗਨੀਆਂ ਕੂਣੋਂ ਨਾ ਟਲੀ ਤਾਂ ਮੈਂ ਗੁੱਤਨੀ ਪੁੱਟ ਕੇ ਹੱਥ 'ਚ ਫੜਾ ਦੇਣੀ ਊ।' ਲੱਧੀ ਹੁਣ ਥੱਕ ਗਈ ਲੱਗਦੀ ਸੀ।

—ਮਾਂ ਕਿਉਂ ਅੰਮੀ ਨਾਲ ਬਹਿਸਣ ਡਹੀ ਏਂ।' ਸਲੇਮੋ ਨੇ ਸੁਲਾਹ ਕਰਵਾਉਣ ਦੇ ਰੌਂਅ ਵਿਚ ਕਿਹਾ।

—ਚੁੱਪ ਕਰ ਨੀ, ਬਾਹਲੀ ਆਈ ਊ ਅੰਮਾਂ ਦੀ ਹੇਜਲੀ। ਚੱਲ ਅੰਦਰ ਬਹੁ ਜਾਕੇ। ਚਾਰ ਤਰੋਪੇ ਪਾ ਲੈ ਚਾਦਰ 'ਤੇ। ਨਕਾਹ ਵੇਲੇ ਮੇਰਾ ਸਿਰ ਖੜੇਂਗੀ ਨਾਲ ? ਕੁੜੀਆਂ ਨੀ ਬੋਲਦੀਆਂ ਬਹੁਤਾ। ਬਖਤੋ ਨੂੰ ਵੀ ਨਾਲ ਲਈ ਜਾ ਅੰਦਰ। ਨਾਲੇ ਆਪਣੀ ਭਾਬੀ ਨੂੰ ਉਠਾਲ। ਘਰ 'ਚ ਸੱਸ ਜਾਗਦੀ ਫਿਰਦੀ ਹੋਵੇ ਤੇ ਵਹੁਟੀ ਸੁੱਤੀ ਹੋਵੇ, ਇਹ ਕੋਈ.....।' ਕੁਝ ਆਖਦਿਆਂ ਆਖਦਿਆਂ ਚੁੱਪ ਕਰ ਗਈ ਤੇ ਲੱਧੀ ਵੱਲ ਝਾਕੀ....'ਅੰਮਾਂ ਨੇ ਸਿਰ ਚੜ੍ਹਾਈ ਊ ਬਹੁਤੀ, ਪੁੱਤ ਪੁੱਤ ਕਰਦੀ ਉਹਨੂੰ ਕਿਸੇ ਕੰਮ ਨੂੰ ਹੱਥ ਨਹੀਂ ਪਾਣ ਦਿੰਦੀ।'

ਲੱਧੀ ਕੁਝ ਬੋਲਣ ਲੱਗੀ ਸੀ, ਕਾਹਲੀ ਨਾਲ ਬਖ਼ਤੋ ਕੋਲ ਜਾ ਖੜ੍ਹੀ—'ਅੰਮਾਂ ਤੂੰ ਨਾ ਹੁਣ ਕੁਝ ਆਖੀਂ। ਹਾੜੇ...।' ਬਖ਼ਤੋ ਨੇ ਹੱਥ ਜੋੜੇ।...'ਮੇਰੀ ਮਾਂ ਨੇ ਤਾਂ ਅੱਜ ਉਠਦਿਆਂ ਈ ਭਰਿੰਡ ਖਾ ਲਏ ਨੇ।'

ਫੁੱਲਰਾਂ ਦੋਹਾਂ ਕੁੜੀਆਂ ਵੱਲ ਕੌੜ ਨਾਲ ਝਾਕੀ। ਉਹ ਅੰਦਰ ਚਲੀਆਂ ਗਈਆਂ।

—ਵੇਖਾਂ ਅੱਲਾਹ-ਰੱਖੀ ਆਈ ਊ ਕਿ ਨਹੀਂ।' ਬਹਾਨੇ ਨਾਲ ਏਥੋਂ ਟਲਣ ਲਈ ਲੱਧੀ ਪਸ਼ੂਆਂ ਵਾਲੇ ਪਾਸੇ ਜਾਣ ਲਈ ਉੱਠੀ।

ਉਦੋਂ ਹੀ, ਦੁੱਲਾ ਅਤੇ ਉਸਦੀ ਢਾਣੀ ਅੰਦਰ ਲੰਘ ਕੇ ਦੀਵਾਨ-ਖ਼ਾਨੇ ਵੱਲ ਚਲੇ ਗਏ।

ਲੱਧੀ ਕੁਝ ਦੇਰ ਵਿਹੜੇ ਵਿਚ ਖੜ੍ਹੀ ਸੋਚਦੀ ਰਹੀ। ਫਿਰ ਆਪਣੇ ਮਨ ਵਿਚ ਹੀ ਕੋਈ ਨਿਰਣਾ ਕਰ ਲਿਆ। ਮੂੰਹ ਵਿਚੋਂ ਬੋਲ ਕੁਝ ਵਧੇਰੇ ਹੀ ਉੱਚੀ ਸੁਰ ਵਿਚ ਨਿਕਲ ਗਏ:

—ਪਹਿਲਾਂ ਇਹਨਾਂ ਕੁੱਤਿਆਂ ਨਾਲ ਕਰਾਂ ਗੱਲ।'

ਤੇ ਉਹ ਸਿਰ ਦੀ ਚੁੰਨੀ ਸੂਤ ਕਰਦੀ ਦੀਵਾਨ ਖ਼ਾਨੇ ਵਲ ਤੁਰ ਪਈ।



## 25.

ਦੀਵਾਨਖ਼ਾਨੇ ਅੰਦਰ ਆਉਂਦਿਆਂ ਹੀ ਦੁੱਲੇ ਦੀ ਢਾਣੀ ਦੇ ਬੰਦੇ ਇਕ ਦੂਜੇ ਨੂੰ ਛੇੜਨ ਲੱਗੇ। ਸਾਰੇ ਕੁਝ ਵਧੇਰੇ ਹੀ ਮੱਛਰੇ ਹੋਏ ਸਨ।

ਪਰ, ਦੀਵਾਨਖ਼ਾਨੇ ਅੰਦਰ ਅਚਾਨਕ ਲੱਧੀ ਆਈ ਵੇਖ ਕੇ ਸਾਰਿਆਂ ਨੇ ਸਾਹ ਖਿੱਚ ਲਏ।

ਪਿਰਥਾ, ਰੂੜਾ ਤੇ ਲਹਿਣਾਂ ਤਾਂ ਇਕੱਠੇ ਹੀ ਬੋਲੇ—'ਪੈਰੀਂ ਪੈਨੇ ਆਂ ਅੰਮਾ ਲੱਧੀਏ।' ਲਹਿਣੇ ਨੇ ਤਾਂ ਉੱਠ ਕੇ ਪੈਰੀਂ ਹੱਥ ਵੀ ਲਾਏ।

ਬਾਕੀ ਚੋਰ ਅੱਖਾਂ ਨਾਲ ਲੱਧੀ ਦੇ ਤੇਵਰ ਤਾੜਨ ਲੱਗੇ।

—ਧਾਅਡੇ ਦਾਦਿਆਂ ਦੇ ਕੁਲ੍ਹੇ 'ਚ ਗੂੰਹ, ਔਂਤਰਿਓ ਅੰਮਾਂ ਵੀ ਆਖਦੇ ਓਂ ਤੇ ਨਾਂ ਵੀ ਲੈਨੇ ਓਂ।' ਲੱਧੀ ਦੇ ਚਿਹਰੇ ਉਪਰ ਝਲਕਦੇ ਗੁੱਸੇ ਵਿਚ ਵੀ ਬਹੁਤਿਆਂ ਨੂੰ ਮਮਤਾ ਦਿਸੀ।

—ਤੇਰੇ ਬੱਚੜੇ ਆਂ ਅੰਮਾਂ, ਚਾਹੇ ਔਂਤਰੇ ਆਖ, ਚਾਹੇ ਦਾਦਿਆਂ ਦੇ ਸਿਰਾਂ 'ਚ ਗੂੰਹ ਪਾ ਤੇ ਚਾਹੇ ਗਾਲ੍ਹਾਂ ਦੇਹ। ਮਾਵਾਂ ਦੀਆ ਝਿੜਕਾਂ ਤਾਂ ਨਸੀਬਾਂ ਵਾਲਿਆਂ ਨੂੰ ਮਿਲਦੀਆਂ ਨੇ ਅੰਮਾਂ। ਮਾਵਾਂ ਸਾਹਮਣੇ ਤਾਂ ਅੱਲਾਹ ਵੀ ਕੰਨ ਫੜ ਲੈਂਦਾ ਹੋਣਾ।' ਪਿਰਥਾ ਸੱਚ ਹੀ ਕੰਨ ਫੜਕੇ ਮੁਆਫੀ ਮੰਗਣ ਦਾ ਨਾਟਕ ਕਰਨ ਲੱਗਾ।

—ਤੂੰ ਵੇ ਪਿਰਥਿਆ ਕਦੋਂ ਦਾ ਐਡਾ ਸਿਆਣਾ ਹੋ ਗਿਆ ? ਵੱਡੀਆਂ ਵੱਡੀਆਂ ਗੱਲਾਂ ਸਿੱਖੀ ਬੈਠਾ ਏਂ। ਦੁੱਲੇ ਨੂੰ ਲੜਨ ਤੋਂ ਬਿਨਾਂ ਆਂਦਾ ਈ ਕਾਈ ਨਊਂ।' ਲੱਧੀ ਦੁੱਲੇ ਵੱਲ ਬੁਲ੍ਹ ਕੱਢ ਕੇ ਝਾਕੀ।

—ਐਵੇਂ ਨਾ ਦੁੱਲੇ ਨੂੰ ਝਿੜਕਾਂ ਮਾਰ ਅੰਮਾਂ। ਅੱਜ ਤਾਂ ਦੁੱਲੇ ਨੇ, ਸਾਰੇ ਚੌਧਰੀ, ਮੁਕੱਦਮ ਮੂਤਰ ਦੀ ਝੱਗ ਆਂਗੂ ਬਿਠਾ ਦਿੱਤੇ। ਜੇ ਦੋ ਤਿੰਨ ਦੁੱਲੇ ਹੋਰ ਹੁੰਦੇ ਤਾਂ ਅੰਮਾਂ, ਫੇਰ.....।'

—ਵੇ ਫਿੱਟੇ ਮੂੰਹ ਤੇਰੀਆਂ ਅਕਲਾਂ ਦੇ ਪਿਰਥਿਆ। ਮੈਂ ਤਾਂ ਜਾਣ ਬੈਠੀ ਸਾਂ ਤੂੰ ਸਿਆਣਾ ਹੋ ਗਿਆ ਏਂ। ਤੈਨੂੰ ਤਾਂ ਮਾਂਵਾਂ ਨਾਲ ਗੱਲ ਕਰਨ ਦਾ ਵੱਲ ਨਹੀਓਂ। ਅੰਨ੍ਹਾਂ ਜੁਲਾਹਾ, ਮਾਂ ਨੂੰ ਝੇਡਾਂ....,ਵੇ ਫੋਟ੍ਹ।' ਲੱਧੀ ਨੇ ਪਿਰਥੇ ਦੇ ਮੋਢੇ ਉਪਰ ਧੱਫਾ ਮਾਰਿਆ।

—ਅੰਮਾਂ ਅਸੀਂ ਤਾਂ ਹੋਏ ਡੰਗਰ,...ਢੋਰ। ਮਦਰੱਸੇ ਦਾ ਬੂਹਾ ਨਹੀਂ ਵੇਖਿਆ। ਅਕਲਾਂ ਕਿਥੋਂ ਆਣੀਆਂ ? ਤੇਰਾ ਦੁੱਲਾ ਤਾਂ ਮੌਲਵੀ ਨੂੰ ਕੁੱਟ ਕੇ ਦੌੜ ਆਇਆ ਸਾਈ। ਹੁਣ ਸਾਡਾ ਏਹੀ ਮਨਸਬਦਾਰ ਏ, ਏਹੀ ਮੁਕੱਦਮ ਏ, ਏਹੀ ਚੌਧਰੀ ਏ, ਏਹੀ ਬਾਦਸ਼ਾਹ ਏ। ਜਿਧਰ ਦੁੱਲਾ, ਓਧਰ ਅਸੀਂ। ਇਕ ਈ ਗੱਲ ਆਖਣੀ ਏ ਅੰਮਾਂ, ਸਾਡੇ ਲਈ ਤਾਂ ਉਪਰ ਅੱਲਾਹ, ਭੋਏਂ 'ਤੇ ਦੁੱਲਾ।' ਪਿਰਥਾ ਗਰਵ ਨਾਲ ਦੁੱਲੇ ਵਲ ਝਾਕਿਆ।

—ਵੇ ਇਹਦੀਆਂ ਸਿਫ਼ਤਾਂ ਕਰ ਕਰ ਅਸਮਾਨੇ ਚਾੜ੍ਹਿਆ ਈ, ਤਾਹੀਓਂ ਤਾਂ ਘਰੇ ਪੈਰ ਨਹੀਂ ਲਾਉਂਦਾ। ਹੁਣ ਕੋਈ ਨਵਾਂ ਸਿਆਪਾ ਤੇ ਨਹੀਂ ਸਹੇੜ ਆਏ ਪਟਵਾਰਖ਼ਾਨੇ ?' ਲੱਧੀ ਨੇ ਫ਼ਿਕਰ ਨਾਲ ਪੁੱਛਿਆ।

—ਅੰਮਾਂ ਕਾਬਲ ਦੇ ਜੰਮਿਆਂ ਨੂੰ ਨਿੱਤ ਭਾਜੜਾਂ।' ਫੱਤੂ ਬੋਲਿਆ।

—ਤੂੰ ਚੁੱਪ ਕਰ ਵੇ, ਖਵਾਜੇ ਦੀ ਗਵਾਹ ਮੇਂਡਕੀ। ਦੁੱਲਿਆ ਤੂੰ ਕਿਉਂ ਨੀ ਕੂੰਦਾ, ਕੰਡ ਕਿਉਂ ਕਰੀ ਬੈਠਾ ਏਂ ਮਾਂ ਵੱਲ ?'

—ਮਾਂ ਉਥੇ ਸੌ ਵੰਨੀਆਂ ਦੀ ਖ਼ਿਲਕਤ ਜੁੜੀ ਸੀ, ਕਾਨੂੰਗੋ ਆਇਆ ਸੀ ਲਾਹੌਰ ਤੋਂ ਫ਼ੁਰਮਾਨ ਲੈ ਕੇ। ਸ਼ਾਹੀ ਮੋਹਰ ਵਾਲਾ ਪਰਵਾਨਾ ਪੜ੍ਹ ਕੇ ਸੁਣਾਇਆ ਉਸਨੇ,—ਲਗਾਨ 'ਕੱਠਾ ਕਰੇ ਪਿੰਡ ਦਾ ਚੌਧਰੀ, ਨਹੀਂ ਤਾਂ ਪਿੰਡੀ ਵਾਲੇ ਬਾਦਸ਼ਾਹ ਦਾ ਕਹਿਰ ਝੱਲਣ ਲਈ ਤਿਆਰ ਰਹਿਣ। ਫੇਰ ਉਸ ਪੁੱਛਿਆ, ਪਿੰਡੀ ਦਾ ਚੌਧਰੀ ਕਿਹੜਾ ਵੇ ?' ਆਖਕੇ ਦੁੱਲਾ ਚੁੱਪ ਕਰ ਗਿਆ।

—ਫੇਰ ਕੀ ਹੋਇਆ ?' ਲੱਧੀ ਨੇ ਕਾਹਲੀ ਪੈਂਦਿਆਂ ਪੁੱਛਿਆ।

—ਹੋਣਾ ਕੀ ਸੀ, ਪਹਿਲਾਂ ਅਹਿਮਦ ਚੌਧਰੀ ਖੜ੍ਹਾ ਹੋਇਆ, ਫੇਰ ਫਜ਼ਲਦੀਨ ਚੌਧਰੀ ਤੇ ਨਾਲ ਚਾਚਾ ਜਲਾਲਦੀਨ ਵੀ ਖੜ੍ਹ ਗਿਆ। ਚੌਧਰੀਆਂ ਆਖਿਆ—'ਸਾਡੀ ਤਾਂ ਏਥੇ ਸੁਣਦਾ ਈ ਕੋਈ ਨਹੀਂ। ਹੁਣ ਤਾਂ ਦੁੱਲਾ ਈ ਪਿੰਡ ਦਾ ਫ਼ੌਜਦਾਰ ਏ। ਇਹਨੂੰ ਪੁੱਛ ਲਓ ਲਗਾਨ ਦਿੰਦਾ ਏ ਤਾਂ।'

—ਫੇਰ ਪੁੱਤ ?' ਲੱਧੀ ਦੁੱਲੇ ਦੇ ਹੋਰ ਨੇੜੇ ਹੋ ਗਈ।

—ਮਾਂ, ਮੈਂ ਆਖਿਆ, ਮੈਨੂੰ ਕੀ ਪੁੱਛਣਾ, ਪਿੰਡੀ ਦੇ ਕਿਸਾਨ ਖਲੋਤੇ ਹੋਏ ਨੇ ਬਾਹਰ, ਉਹਨਾਂ ਨੂੰ ਪੁੱਛ ਲਉ।'

.....ਕਾਨੂੰਗੋ ਮੇਰੇ ਵੱਲ ਅੱਖਾਂ ਕੱਢ ਕੇ ਬੋਲਿਆ, ਤੈਈਨੂੰ ਕੀ ਤਕਲੀਫ਼ ਏ ?'—'ਮੈਨੂੰ ਵੱਟ ਚੜ੍ਹ ਗਿਆ, ਮੈਂ ਆਖਿਆ, ਤਕਲੀਫ਼ ਹੈ ਵੇ ਤਾਂ ਆਖਿਆ ਈ, ਰਾਹਕਾਂ ਨੂੰ ਪੁੱਛ ਲਓ। ਕਾਨੂੰਗੋ ਨੇ ਕਿਹਾ—ਤੂੰਹੀਓਂ ਦੱਸ ਦੇ, ਤੂੰ ਉਹਨਾਂ ਦਾ ਮੋਹਰੀ ਬਣ ਕੇ ਅਇਆ ਏਂ। ਮੈਂ ਕਿਹਾ, ਆਪਣੀ ਭੋਏਂ ਵਾਹਨੇ ਆਂ ਅਸੀਂ, ਬੀਜਨੇ ਆਂ ਅਸੀਂ, ਪਾਲਣ ਪੋਸਣ ਕਰਨੇ ਆਂ ਅਸੀਂ। ਜਦ ਫ਼ਸਲ ਆਂਦੀ ਏ ਤਾਂ ਬਾਦਸ਼ਾਹ ਹਿੱਸਾ ਕਾਹਦਾ ਭਾਲਦਾ ਏ ? ਅਸਾਂ ਦੀ ਮਰਜ਼ੀ ਏ ਦੇਈਏ, ਅਸਾਂ ਦੀ ਮਰਜ਼ੀ ਏ ਨਾ ਦੇਈਏ। ਜਾਕੇ ਆਖ ਛੱਡ ਹਾਕਮਾਂ ਨੂੰ, ਪਿੰਡੀ ਦੇ ਰਾਹਕਾਂ ਤਾਂ ਲਗਾਨ ਨਹੀਂ ਦੇਣਾ। ਏਹ ਚੌਧਰੀ ਔਰ ਚਾਚਾ ਜਲਾਲਦੀਨ ਉਗਰਾਹ ਕੇ ਦੇਂਦੇ ਨੇ ਤਾਂ ਲਈ ਜਾਹ, ਅਸਾਂ ਨਹੀਂ ਰੋਕਣਾ।' ਤੇ ਮਾਂ ਕਾਨੂੰਗੋ ਉਠਿਆ। ਪਟਵਾਰਖ਼ਾਨੇ 'ਚੋਂ ਬਾਹਰ ਆ ਕੇ ਵੇਖਣ ਲੱਗਾ। ਕਿਸਾਨਾਂ ਦੀ ਭੀੜ ਵੇਖ ਕੇ ਡਰ ਗਿਆ ਹੋਣਾ। ਆਪਣੀ ਹਿਫਾਜ਼ਤ ਲਈ ਦੋ ਸਿਪਾਹੀ ਲਈ ਆਇਆ ਸੀ, ਉਹਨਾਂ ਵੱਲ ਝਾਕਿਆ, ਉਹ ਤਾਂ ਪਹਿਲਾਂ ਹੀ ਡਰ ਨਾਲ ਕੰਬਦੇ ਪਏ ਸਨ।....ਫੇਰ ਪਟਵਾਰੀ ਨੇ ਉਹਨਾਂ ਕੋਲ ਜਾਕੇ ਪਤਾ ਨਹੀਂ ਕੀ ਘੁਸਰ-ਮੁਸਰ ਕੀਤੀ। ਆਪਣੇ ਖ਼ਾਤੇ ਸਮੇਟ ਕੇ ਉਹ ਰਫ਼ੂ-ਚੱਕਰ ਹੋ ਗਏ।'

ਦੁੱਲੇ ਦੀ ਗੱਲ ਸੁਣਕੇ ਸਾਰੇ ਹੱਸਣ ਲੱਗ ਪਏ।

—ਉਹ ਰਫ਼ੂ-ਚੱਕਰ ਨਹੀਂ ਹੋਏ ਦੁਸ਼ਟੋ, ਲਾਹੌਰ ਜਾਕੇ ਉਹਨਾਂ ਇੱਕ ਦੀਆਂ ਚਾਰ ਚਾਰ ਬਣਾ ਕੇ ਦੱਸਣੀਆਂ ਨੇ। ਜਦੋਂ ਉਹ ਫੌਜਾਂ ਚਾੜ੍ਹ ਲਿਆਏ, ਫੇਰ ਤੁਸਾਂ ਨੂੰ ਰਫ਼ੂ-ਚੱਕਰ ਹੋਣ ਦਾ ਵੇਲਾ ਵੀ ਨਹੀਓਂ ਲੱਭਣਾ। ਕਿਉਂ ਪਿੰਡੀ ਦੀਆਂ ਜੜ੍ਹਾਂ ਨੂੰ ਤੇਲ ਦੇਣ ਡਹੇ ਓਂ। ਉਹ ਡਾਹਢੇ ਨੀ ਬੱਚਿਓ। ਲੱਧੀ ਨੇ ਬੜੇ ਔਖੇ ਵੇਲੇ ਵੇਖੇ ਨੀ। ਕਰਤੂਤਾਂ ਤੁਸੀਂ ਕਰਨੇ ਓਂ ਤੇ ਭੱਠੀ 'ਚ ਮੈਂ ਭੁੱਜਨੀ ਪਈ ਆਂ। ਉਹ ਵੇਲੇ ਫੇਰ ਮੁੜ ਆਣੇ ਨੀ ਪੁੱਤਰੋ, ਯਾਦ ਰੱਖਣਾ ਮੇਰੀ ਗੱਲ।

—ਜਦੋਂ ਵੇਲੇ ਮੁੜੇ, ਵੇਖ ਲਵਾਂਗੇ ਮਾਂ। ਹੁਣ ਤੂੰ ਜਾਹ ਅੰਦਰ। ਅਸਾਂ ਨੂੰ ਕਰਨ ਦੇਹ



ਮੌਜ ਦੋ ਘੜੀਆਂ। ਕੀ ਪਤਾ, ਤੇਰੇ ਆਖਣ ਆਂਗੂ ਮੁਗਲੇਟੇ ਕਦ ਚੜ੍ਹ ਆਉਣ। ਖਾ ਪੀ ਲਈਏ। ਅਸਾਂ ਨੂੰ ਏਹੀ ਲਾਹਾ।' ਦੁੱਲੇ ਲਾਪਰਵਾਹੀ ਨਾਲ ਕਿਹਾ।

—ਮੈਂ ਕਦ ਆਖਨੀ ਆਂ, ਨਾ ਖਾਓ ਪੀਓ। ਪਰ ਸੱਪਾਂ ਦੀਆਂ ਖੁੱਡਾਂ ਵਿਚ ਤਾਂ ਹੱਥ ਨਾ ਪਾਓ ਬੱਚਿਓ। ਇਹ ਮੁਗਲੇਟੇ, ਨਾ ਆਪਣੇ ਪਿਊ ਦੇ ਸਕੇ, ਨਾ ਆਪਣੇ ਪੁੱਤਾਂ ਦੇ ਸਕੇ, ਨਾ ਆਪਣੇ ਭਾਈਆਂ ਦੇ ਸਕੇ, ਤੁਸੀਂ ਕੀ ਲਗਦੇ ਓਂ ਉਹਨਾਂ ਦੇ—। ਉਹਨਾਂ ਨੂੰ ਤਾਂ ਆਪਣੇ ਤਖ਼ਤਾਂ ਦਾ ਹੇਜ ਈ।' ਲੱਧੀ ਦੇ ਚਿਹਰੇ ਉਪਰ ਤਰਲਾ ਸੀ।

—ਠੀਕ ਏ ਮਾਂ, ਜਿਵੇਂ ਤੂੰ ਆਖ ਸੇਂ, ਉਵੇਂ ਹੀ ਕਰਾਂਗੇ। ਹੁਣ ਤਾਂ ਅੱਲਾਹ ਦੇ ਵਾਸਤੇ ਅੰਦਰ ਜਾਹ। ਦੋ ਘੜੀਆਂ ਤਾਂ ਚੈਨ ਨਾਲ ਬਹੀਏ।'

ਲੱਧੀ ਲੰਮਾ ਸਾਹ ਲੈ ਕੇ ਉੱਠ ਖੜ੍ਹੀ।

—ਦੇਖ ਮਾਂ,'—ਦੁੱਲਾ ਰੜਕ ਨਾਲ ਬੋਲਿਆ; 'ਅਕਬਰੇ ਅਸਾਂ ਨਾਲ ਬਥੇਰੀ ਕੀਤੀ ਏ। ਹੁਣ ਅਕਬਰੇ ਦਾ ਬੰਦਾ ਤਾਂ ਅਸਾਂ ਛੱਡਣਾ ਈ ਕੋਈ ਨਹੀਂ। ਉਹ ਅਸਾਂ ਤੋਂ ਭਾਲਦਾ ਏ ਮਾਮਲਾ ਤੇ ਅਸੀਂ ਉਹਦੇ ਬੰਦਿਆਂ ਤੋਂ ਭਾਲਦੇ ਆਂ। ਪਿੰਡੀ ਨੂੰ ਮਾਮਲਾ ਦੇਣ ਤੋਂ ਬਿਨਾਂ ਤਾਂ ਅਸਾਂ ਏਧਰੋਂ ਜਨੌਰ ਵੀ ਨਹੀਂ ਲੰਘਣ ਦੇਣਾ। ਤੂੰ ਆਖ ਟੁੱਕੜ ਨਹੀਂ ਖਾਣਾ, ਨਹੀਂ ਖਾਵਾਂਗੇ, ਤੂੰ ਆਖ ਪਾਣੀ ਨਹੀਂ ਪੀਣਾ, ਨਹੀਂ ਪੀਆਂਗੇ, ਤੂੰ ਬੇਸ਼ਕ ਆਖ ਸਾਹ ਨਹੀਓਂ ਲੈਣਾ, ਉਹ ਵੀ ਨਹੀਂ ਲਵਾਂਗੇ, ਪਰ ਜਿਹੜੀ ਗੱਲ ਅਕਬਰ ਤੇ ਸਾਡੇ ਰਾਹ ਵਿਚ ਆਏਗੀ, ਉਹ ਨਹੀਂ ਜੇ ਅਸੀਂ ਮੰਨਣੀ। ਮਾਂ ਆਪਣੀ ਥਾਂ ਏ ਤੇ ਸਾਡੇ ਮਨਸੂਬੇ ਆਪਣੀ ਥਾਂ ਨੇ। ਬੱਸ ਮੈਂ ਹੋਰ ਕੁਝ ਨਹੀਂ ਜੇ ਆਖਣਾ।'

ਲੱਧੀ ਦੇ ਚਿਹਰੇ ਉਪਰ, ਚਿੰਤਾ, ਫ਼ਿਕਰ ਅਤੇ ਗਰਵ ਦੇ ਕਈ ਰਲਵੇਂ ਪ੍ਰਭਾਵ ਆਏ। ਉਹ ਸਾਰਿਆਂ ਵੱਲ ਵਾਰੀ ਵਾਰੀ ਝਾਕੀ। ਮੂੰਹ ਵਿਚ ਬੁੜ ਬੁੜ ਕੀਤੀ,—'ਕਿਥੋਂ ਕੁੱਤਿਆਂ ਦਾ ਟੋਲਾ 'ਕੱਠਾ ਹੋਇਆ ਈ।' ਤੇ ਦੀਵਾਨਖ਼ਾਨੇ ਵਿਚੋਂ ਬਾਹਰ ਨਿਕਲ ਗਈ।

—ਅੰਮਾਂ ਤਾਂ ਖ਼ਫਾ ਹੋ ਗਈ ਲਗਦੀ ਏ।' ਰੂੜੇ ਨੇ ਫ਼ਿਕਰ ਨਾਲ ਕਿਹਾ।

—ਮਾਵਾਂ ਨੂੰ ਫ਼ਿਕਰ ਹੋਂਦਾ ਈ ਏ।' ਰਮਜ਼ੇ ਨੇ ਦੁੱਖ ਨਾਲ ਕਿਹਾ, ਉਸ ਦੀ ਮਾਂ ਦੋ ਸਾਲ ਪਹਿਲਾਂ ਮਰ ਗਈ ਸੀ।

—ਕੀ ਸੋਚਣ ਡਿਹੈਂ ਪਿਰਥਿਆ ?' ਡੂੰਘੀਆਂ ਸੋਚਾਂ ਵਿਚ ਬੈਠੇ ਪਿਰਥੇ ਨੂੰ ਦੁੱਲੇ ਨੇ ਹਲੂਣਿਆ।

—ਮੈਂ ਸੋਚਣ ਡਿਹਾਂ, ਕਾਨੂੰਗੋ ਵਾਲਾ ਪੰਗਾ ਮਹਿੰਗਾ ਤਾਂ ਨਹੀਂ ਪਏਗਾ ?'

ਦੁੱਲਾ ਹੱਸਿਆ—'ਜਦ ਹੋਇਆ ਈ ਪੰਗਾ, ਫੇਰ ਮਹਿੰਗਾ ਕੀ ਤੇ ਸਸਤਾ ਕੀ। ਉਹ ਆਂਹਦੇ ਹੁੰਦੇ ਐ ਨਾ, ਉਖਲੀ 'ਚ ਸਿਰ ਈ ਦੇਅਤਾ ਤਾਂ....।'

—ਵੱਡੇ ਵੱਡੇ ਖਾਤਿਆਂ ਵਿਚ ਵੇਂਹਦਾ ਕੀ ਪਿਆ ਸੀ ਕਾਨੂੰਗੋ ?' ਰਮਜ਼ੇ ਨੇ ਪੁੱਛਿਆ।

—ਕੀ ਪਤਾ, ਮੈਨੂੰ ਤਾਂ ਆਪ ਇੱਲ-ਕੁੱਕੜ ਨਹੀਂ ਆਂਦਾ।'

—ਅੰਮਾ ਨੇ ਪੜ੍ਹਨੇ ਤਾਂ ਪਾਇਆ ਸਾਈ ਮੌਲਵੀ ਕੋਲ। ਜੇ ਮਦਰੱਸਿਓਂ ਨਾ ਨੱਠਦੇ ਤਾਂ ਆਪਾਂ ਮੁੱਲਾਂ ਮੁਲਾਣਿਆਂ ਨੂੰ ਦੋ ਨਹੀਂ ਸਾਂ ਗਿਣਨ ਦੇਂਦੇ।'

—ਹੁਣ ਕਿਹੜਾ ਗਿਣਨ ਦੇਨੇ ਆਂ।' ਦੁੱਲਾ ਫੇਰ ਹੱਸਿਆ।

—ਹੁਣ ਹੋਰ ਗੱਲ ਈ।'

—ਹੋਰ ਕਿਹੜੀ ਗੱਲ ਏ ? ਪਿਰਥਿਆ ਤੂੰ ਘੁੰਡੀਆਂ ਬੜੀਆਂ ਪਾਨਾ ਏਂ ਗੱਲਾਂ 'ਚ।' ਦੁੱਲਾ ਖਿੱਝ ਗਿਆ।

—ਘੁੰਡੀਆਂ ਨਹੀਂ ਪਾਂਦਾ ਦੁੱਲਿਆ। ਕਿਸੇ ਨੂੰ ਦਲੀਲ ਨਾਲ ਚੁੱਪ ਕਰਾਣਾ ਹੋਰ ਗੱਲ ਹੋਂਦੀ ਏ ਤੇ ਧੌਂਸ ਨਾਲ ਚੁੱਪ ਕਰਾਣਾ ਹੋਰ ਗੱਲ ਹੋਂਦੀ ਏ।'

—ਹਾਂਅ, ਏਹ ਤੇਰੀ ਗੱਲ ਤਾਂ ਕੁਝ ਕੁਝ ਸਮਝ ਪੈਂਦੀ ਊ।'

—ਹੁਣ ਪਤਾ ਲਗਦਾ ਏ ਨਾ, ਮਦਰੱਸਿਓਂ ਨੱਠ ਕੇ ਚੰਗਾ ਨਹੀਂ ਕੀਤਾ।'

—ਕੀ ਕਰਦਾ, ਨੱਠਣਾ ਤਾਂ ਪੈਣਾ ਸਈ।'

—ਹੋਇਆ ਕੀ ਸਾਈ ?'

—ਰੂੜੇ ਨੂੰ ਪੁੱਛ ਲੈ, ਇਹ ਵੀ ਤਾਂ ਮੇਰੇ ਨਾਲ ਈ.......।'

—ਨਾ ਨਾ, ਮੈਨੂੰ ਕੀ ਪਤਾ, ਮੈਂ ਤਾਂ ਦੁੱਲੇ ਤੋਂ ਵੀ ਇੱਕ ਦਿਨ ਪਹਿਲਾਂ ਈ ਮੌਲਵੀ ਨੂੰ ਸਲਾਮ ਆਖ ਆਇਆ ਸਾਂ।' ਰੂੜਾ ਹੱਸਿਆ।

—ਦੁੱਲਾ ਸਰਦਾਰ ਤਾਂ ਫਿਰ ਆਲਮ-ਫਾਜ਼ਲ ਹੋਕੇ ਨਿਕਲਿਆ।' ਫੱਤੂ ਨੇ ਟਕੋਰ ਲਾਈ।

—ਮੈਂ ਕਿਥੇ ਜਾਣਾ ਸੀ ਮਦਰੱਸੇ ਪਿਰਥਿਆ। ਮਾਂ ਨੇ ਆਖਿਆ, ਬਾਦਸ਼ਾਹ ਦਾ ਹੁਕਮ ਆਇਆ ਈ,....ਤੈਨੂੰ ਪੜ੍ਹਨੇ ਪਾਵਾਂ। ਮੈਨੂੰ ਮਦਰੱਸੇ ਛੱਡ ਆਈ।'

—ਉਹ ਤਾਂ ਪਤਾ ਈ ਦੁੱਲਿਆ, ਪਰ ਤੂੰ ਨੱਸਿਆ ਕਿਉਂ ?' ਪਿਰਥਾ ਅੱਜ ਖਹਿੜੇ ਹੀ ਪਿਆ ਹੋਇਆ ਸੀ।

—ਆਖਿਆ ਤਾਂ ਹੈ, ਰੂੜੇ ਨੂੰ ਪੁੱਛ ਲੈ।'

—ਤੂੰ ਆਪੂੰ ਕਿਉਂ ਨਹੀਂ ਕੂੰਦਾ ? ਅੱਲਾਹ ਨੇ ਐਡੀ ਜੀਭ ਲਾਈ ਊ।' ਰੂੜੇ ਨੇ ਦੁੱਲੇ ਦੇ ਹੁੱਝ ਮਾਰਦਿਆਂ ਕਿਹਾ।

—ਗੱਲ ਤਾਂ ਕੋਈ ਨਹੀਂ ਸੀ ਏਡੀ, ਏਡੀ ਹੈ ਵੀ ਸੀ। ਮੈਂ ਤਾਂ ਚਾਹਨਾਂ ਸਾਂ, ਬੀਤੇ ਦੀਆਂ ਕਬਰਾਂ ਕੀ ਪੁੱਟਣੀਆਂ। ਪਰ ਤੁਸੀਂ ਹਟਦੇ ਈ ਨਹੀਂ ਜੇ। ਮੈਨੂੰ ਦੋ ਤਿੰਨ ਦਿਨ ਈ ਹੋਏ ਸਨ, ਮਦਰੱਸੇ ਜਾਂਦਿਆਂ। ਇੱਕ ਦੁਪਹਿਰਾਂ ਵੇਲੇ ਮੌਲਵੀ ਆਇਆ। ਹੱਥ 'ਚ ਬੈਂਤ ਪਕੜਿਊ ਸੂ। ਮੇਰੇ ਕੋਲ ਆਕੇ ਆਂਹਦਾ,—'ਫਰੀਦ ਦਿਆ ਨਿੱਕਿਆ, ਖੜ੍ਹਾ ਹੋਕੇ ਆਪਣਾ ਸਬਕ ਸੁਣਾ।' ਮੈਂ ਕਿਹਾ—'ਮੌਲਵੀ ਮੀਆਂ, ਮੈਨੂੰ ਮੇਰੇ ਨਾਂ ਨਾਲ ਬੁਲਾ।' ਉਹਦੇ ਤਾਂ ਮੱਥੇ 'ਤੇ ਵੱਟ ਚੜ੍ਹ ਗਏ। ਆਂਹਦਾ ਮੈਂ ਉਸਤਾਦ ਆਂ, ਜਿਵੇਂ ਚਾਹਵਾਂ ਬੁਲਾਵਾਂ, ਤੂੰ ਏਦਾਂ ਅੱਗਿਓਂ ਬੋਲਣ ਵਾਲਾ ਕੌਣ ਏਂ ?'

.....ਮੈਂ ਕਿਹਾ,— 'ਮੇਰੀ ਮਾਂ ਨੇ ਮੇਰਾ ਨਾਂ ਦੁੱਲਾ ਰੱਖਿਆ ਈ, ਮੈਨੂੰ ਦੁੱਲਾ ਆਖ ਕੇ ਸੱਦ।' ਮੌਲਵੀ ਤਾਂ ਅੱਗ ਵਾਂਗ ਸੂਹਾ ਹੋ ਗਿਆ, ਆਂਹਦਾ ਮੈਂ ਤੇਰੇ ਵਰਗੇ ਖੋਤਿਆਂ ਨੂੰ ਹੀ ਅਕਲ ਦੇਣ ਲਈ ਮਦਰੱਸਾ ਚਲਾਨਾ ਵਾਂ। ਮੈਂ ਤੈਨੂੰ ਬੰਦਾ ਬਣਾ ਛੋੜ ਸਾਂ। ਬਾਦਸ਼ਾਹ ਦਾ ਹੁਕਮ ਏ, ਤਾਲੀਮ ਹਾਸਲ ਕਰਕੇ, ਤੂੰ ਵੱਡਿਆਂ ਦੀ ਇੱਜ਼ਤ ਕਰਨੀ ਸਿੱਖੇਂਗਾ ਤੇ ਬਾਦਸ਼ਾਹ ਤੈਨੂੰ ਰਾਜ ਦਰਬਾਰ ਵਿਚ ਚੰਗਾ ਰੁਤਬਾ ਦਏਗਾ।'....

—ਫੇਰ ?' ਪਿਰਥੇ ਦੀਆਂ ਅੱਖਾਂ ਵਿਚ ਸ਼ਰਾਰਤ ਭਰੀ ਚਮਕ ਸੀ।

—ਅਗਲੇ ਦਿਨ ਵੀ ਏਵੇਂ ਹੋਇਆ, ਤੇ ਫੇਰ ਉਸਤੋਂ ਅਗਲੇ ਦਿਨ ਵੀ, ਮੌਲਵੀ ਨੇ ਉਵੇਂ ਆਖਿਆ—'ਨਿੱਕਿਆ ਫਰੀਦ ਦਿਆ, ਸਬਕ ਸੁਣਾ ਉੱਠਕੇ।'



......ਮੈਂ ਖੜ੍ਹਾ ਤਾਂ ਹੋ ਗਿਆ, ਪੁੱਛਿਆ, ਮੀਆਂ ਜੀ, ਸਬਕ ਯਾਦ ਕਰਕੇ ਕੀ ਹੋਸੀ ?' ਉਸ ਆਖਿਆ, ਤੈਨੂੰ ਅਕਲ ਆਵੇਗੀ।' ਮੈਂ ਪੁੱਛਿਆ ਅਕਲ ਕੀ ਕਰੀਦੀ ਏ ?' ਉਸ ਆਖਿਆ,.....ਤੂੰ ਸਿਆਣਾ ਬਣੇਗਾ, ਤੇਰਾ ਨਾਂ ਹੋਵੇਗਾ, ਤੇਰੀ ਮਸ਼ਹੂਰੀ ਹੋਵੇਗੀ।'.....

—ਮੈਂ ਕਿਹਾ, ਮੀਆਂ ਜੀ, ਇਹ ਤਾਂ ਬੜਾ ਲੰਮਾ ਪੈਂਡਾ ਈ। ਝੱਟ ਮਸ਼ਹੂਰੀ ਕਰਵਾਣੀ ਹੋਵੇ ਤਾਂ ਕੋਈ ਹੋਰ ਵੀ ਰਾਹ ਹੈਗਾ ਈ ?'

—ਮੌਲਵੀ ਆਖਿਆ—'ਬੁਰੇ ਕੰਮ ਕਰੇਂਗਾ ਤਾਂ ਹਰ ਪਾਸੇ ਤੇਰੀ ਬਦਨਾਮੀ ਹੋਏਗੀ। ਸਾਰੇ ਲੋਕ ਤੈਨੂੰ ਬੁਰਾ ਭਲਾ ਆਖਣਗੇ।'

.....ਮੈਂ ਤਾਂ ਫਿਰ ਮੌਲਵੀ ਨੂੰ ਚੁੱਕ ਕੇ ਪੁੱਠਾ ਪਟਕਾ ਮਾਰਿਆ। ਮਦਰੱਸੇ ਵਿਚ ਰੌਲਾ ਪੈ ਗਿਆ। ਮੈਂ ਨੱਠ ਆਇਆ, ਹਰ ਪਾਸੇ 'ਦੁੱਲਾ-ਦੁੱਲਾ' ਹੋ ਗਈ।'.....

ਸਾਰੇ ਹੱਸਣ ਲੱਗ ਪਏ।

—ਫੇਰ— ?' ਪਿਰਥੇ ਦਾ ਅਜੇ ਵੀ ਹਾਸਾ ਨਹੀਂ ਸੀ ਰੁੱਕ ਰਿਹਾ।

—ਫੇਰ ਧਾਅਨੂੰ ਪਤਾ ਈ ਏ, ਓਦੋਂ ਤੋਂ ਧਾਅਡੇ ਨਾਲ ਈ ਆਂ। ਕਦੇ ਨੰਦੀ ਮਰਾਸਣ ਤੋਂ ਗਾਲ੍ਹਾਂ ਖਾ ਲਈਆਂ, ਕਦੇ ਮਾਂ ਤੋਂ। ਇੱਕ ਦਿਨ ਬਾਹਰੋਂ ਆਇਆ ਤਾਂ ਮੇਰਾ ਕੰਨ ਮਰੋੜ ਕੇ ਮਾਂ ਨੇ ਪੁੱਛਿਆ,—'ਕਿਥੋਂ ਆਇਐਂ ਖੋਤਿਆ ?'

—ਮੈਂ ਕਿਹਾ, 'ਬਹੁੜੀ ਊ ਕੰਨ ਤਾਂ ਛੱਡ ਪਹਿਲਾਂ।' ਮੈਂ ਦੋਹਾਂ ਹੱਥਾਂ ਨਾਲ ਆਪਣਾ ਕੰਨ ਫੜਿਆ ਹੋਇਆ ਸੀ, ਕਿਧਰੇ ਜੜੋਂ ਪਟੀਕੇ ਮਾਂ ਦੇ ਹੱਥਾਂ 'ਚ ਈ ਨਾ ਚਲਿਆ ਜਾਏ।' ਦੁੱਲੇ ਦੀ ਗੱਲ ਸੁਣਕੇ ਸਾਰਿਆਂ ਦਾ ਫੇਰ ਹਾਸਾ ਨਿਕਲ ਗਿਆ।

—ਹੱਸਣ ਵਾਲੀਆਂ ਗੱਲਾਂ ਨਹੀਂ। ਮਾਂ ਤਾਂ ਮੈਨੂੰ ਫੜਕੇ ਬੈਠ ਗਈ ਆਂਹਦੀ ਪੜ੍ਹਨੇ ਤੂੰ ਪਿਆ ਨਈਂ। ਚਾਰ ਅੱਖਰ ਸਿੱਖ ਜਾਂਦਾ ਤਾਂ ਅਕਬਰ ਕੋਈ ਅਹੁਦਾ ਬਖਸ਼ ਦੇਂਦਾ। ਉਹਨੇ ਮੈਨੂੰ ਆਖਿਆ ਵੀ ਹੋਇਆ ਸੀ। ਪਰ ਸ਼ਾਇਦ ਮੇਰੇ ਸਿਰ ਵਿਚ ਈ ਅਕਲ ਵਾਲਾ ਖ਼ਾਨਾ ਨਹੀਂ ਹੋਣਾ। ਇੱਕ ਦਿਨ ਮੀਆਂ ਚਿਰਾਗ਼ਦੀਨ ਨਾਲ ਗੱਲਾਂ ਹੋਂਦੀਆਂ ਪਈਆਂ ਸਨ। ਉਸ ਆਖਿਆ,—'ਦੁੱਲਿਆ, ਅਕਬਰ ਤੈਨੂੰ ਏਦਾਂ ਈ ਨਹੀਂ ਪੜ੍ਹਨੇ ਪਾਂਦਾ ਹੋਣਾ। ਇਸਦਾ ਕੋਈ ਮਤਲਬ ਹੋਣਾ ਈ ਜ਼ਰੂਰ। ਉਹ ਸੋਚਦਾ ਹੋਣਾ ਦੁੱਲਾ ਥੋੜ੍ਹਾ ਪੜ੍ਹ ਜਾਏ ਤਾਂ ਏਥੇ ਦਰਬਾਰ ਵਿਚ ਮੁਲਾਜ਼ਮ ਬਣਾ ਕੇ ਰੱਖ ਲਵਾਂ ਤੇ ਫੇਰ ਸਾਰੀ ਹਯਾਤੀ ਤਖ਼ਤ ਨੂੰ ਸਲਾਮਾਂ ਕਰਦਾ ਰਹੇ। ਉਹਦੇ ਅੰਦਰ ਡਰ ਹੋਣਾ, ਕਿਤੇ ਆਪਣੇ ਪਿਉ ਦਾਦੇ ਵਾਂਗ ਰਾਹਕਾਂ ਨੂੰ ਭੜਕਾ ਕੇ ਕੋਈ ਬਗਾਵਤ ਫੇਰ ਨਾ ਖੜ੍ਹੀ ਕਰ ਦਏ। ਅੱਜ ਮੈਨੂੰ ਉਹ ਸਾਰੀਆਂ ਗੱਲਾਂ ਕੁਝ ਕੁਝ ਸਮਝ ਪੈਂਦੀਆਂ ਨੇ।'

—ਜਜਮਾਨੋ ਮੇਰੇ ਇੱਕ ਹੋਰ ਗੱਲ ਸਮਝ ਪੈਂਦੀ ਊ।' ਫੱਤੂ ਬੋਲਿਆ।

—ਲਉ, ਇਹਨੂੰ ਵੀ ਹੁਣ ਗੱਲਾਂ ਸਮਝ ਆਉਣ ਲੱਗ ਪਈਆਂ।' ਰਮਜ਼ੇ ਨੇ ਟਿੱਚਰ ਕਰਨ ਵਾਂਗ ਆਖਿਆ।

—ਇਹਦੀ ਵੀ ਸੁਣ ਲਓ ਯਾਰ।' ਸਦੀਕ ਨੇ ਆਖਿਆ।

—ਮੀਰ ਜਾਦਿਆ, ਕੀ ਸਮਝ ਆਇਆ ਈ— ?' ਪਿਰਥੇ ਨੇ ਪੁੱਛਿਆ।

—ਮੈਨੂੰ ਸਮਝ ਪੈਂਦੀ ਏ ਆਪਣਾ ਖੂਹ ਓਦਰ ਗਿਆ ਹੋਣਾ।'

—ਖੂਹ ਤਾਂ ਪਤਾ ਨਹੀਂ ਓਦਰਿਆ ਹੋਣਾ ਕਿ ਨਹੀਂ, ਤੇਰੀ ਜੀਭ ਓਦਰੀ ਲਗਦੀ ਏ, ਇਹ ਮੂਤਰਨ ਡਹੀ ਹੋਣੀ ਏਂ।' ਸਦੀਕ ਨੇ ਕਿਹਾ ਤਾਂ ਫੱਤੂ ਫਿੱਕਾ ਜਿਹਾ ਹੱਸਿਆ।

—ਠੀਕ ਏ, ਮਾੜੇ ਬੰਦੇ ਦੀ ਚੰਗੀ ਗੱਲ ਵੀ ਘੱਟੇ ਈ ਪੈ ਜਾਂਦੀ ਊ।' ਫੱਤੂ ਢਿੱਲਾ ਜਿਹਾ ਬੋਲਿਆ।

—ਚਲੋ ਯਾਰ, ਮੀਰਜਾਦੇ ਨੇ ਬਾਰ ਬਾਰ ਆਖਣੀ ਏ ਗੱਲ, ਅੱਜ ਖੂਹ 'ਤੇ ਹੋਵਨੇ ਆਂ 'ਕੱਠੇ।' ਦੁੱਲੇ ਨੇ ਐਲਾਨ ਕਰ ਦਿੱਤਾ।......'ਜਦ ਦੇ ਲਾਹੌਰੋਂ ਮੁੜੇ ਆਂ, ਖੂਹ ਦੀ ਸਾਰ ਨਹੀਂ ਲਈ।'

—ਤ੍ਰਕਾਲਾਂ ਵੇਲੇ ?' ਰੂੜੇ ਨੇ ਪੁੱਛਿਆ।

—ਤ੍ਰਕਾਲਾਂ ਤੋਂ ਵੀ ਪਿੱਛੋਂ।' ਆਖ ਕੇ ਦੁੱਲਾ ਉੱਠ ਖੜ੍ਹਾ। ਫਿਰ ਅਚਾਨਕ ਉਸਨੂੰ ਯਾਦ ਆਇਆ, ਸਦੀਕ ਨੂੰ ਕਿਹਾ—'ਅੱਜ ਗਾਹਣੇ ਨੂੰ ਵੀ ਸੱਦਾ ਦੇਈਂ। ਪਤਾ ਕਰੀਏ ਕਿੰਨੀ ਕੁ ਤਿਆਰੀ ਕੀਤੀ ਊ।'

ਤੇ ਸਾਰੇ ਦੀਵਾਨਖ਼ਾਨੇ ਵਿਚੋਂ ਬਾਹਰ ਆ ਗਏ।



## 26.

ਅੰਬਾਂ ਦੀ ਝਿੜੀ ਤੋਂ ਪਾਰ, ਝਨਾਂ ਦੀਆਂ ਲਹਿਰਾਂ ਵਿਚ ਡੁਬਦੇ ਸੂਰਜ ਦਾ ਪ੍ਰਤੀਬਿੰਬ ਅੱਖਾਂ ਚੁੰਧਿਆਉਂਦਾ ਸੀ। ਖੂਹ ਲਾਗੇ ਥੜ੍ਹੇ ਉਪਰ ਦੁੱਲੇ ਦੀ ਢਾਣੀ ਦੇ ਬੰਦੇ ਇਕ ਇਕ ਕਰਕੇ ਜੁੜ ਰਹੇ ਸਨ।

ਉਧਰ ਪਿੰਡੀ ਵਿਚ ਚੌਧਰੀਆਂ ਵਾਲੇ ਉੱਚੇ ਪਾਸੇ ਮਸੀਤ ਦੇ ਬਾਹਰ ਬੋਹੜ ਹੇਠਾਂ ਥੜ੍ਹੇ ਉਪਰ ਬੈਠੇ ਚੌਧਰੀਆਂ ਵਿਚ ਹੁੱਕੇ ਦੀ ਨੜੀ ਘੁੰਮ ਰਹੀ ਸੀ। ਤਿੱਖੇ ਤਮਾਖੂ ਦੀ ਗੰਧ ਥੜ੍ਹੇ ਦੇ ਮਾਹੌਲ ਵਿਚ ਮੰਡਰਾ ਰਹੀ ਸੀ।

ਜੁਲਾਹਿਆਂ ਦੀ ਬਸਤੀ ਵਲੋਂ ਫੱਤੂ ਮਰਾਸੀ ਪੂਰਾ ਸਜਿਆ ਫਬਿਆ ਆਉਂਦਾ ਚੌਧਰੀਆਂ ਨੂੰ ਦਿੱਸਿਆ।

—ਅਹਿਮਦ ਸ਼ਾਹਾ ਆਹ ਮੀਰਜਾਦਾ ਕੁਝ ਵਾਧੂ ਈ 'ਵਾ ਦੇ ਘੋੜੇ ਚੜ੍ਹਿਆ ਨਹੀਂ ਰੈਂਹਦਾ ਭਲਾ ?' ਏਹਦੀ ਟੌਹਰ-ਸ਼ੌਹਰ ਤਾਂ ਵੇਖ।' ਚੌਧਰੀ ਫਜ਼ਲਦੀਨ ਨੇ ਕਿਹਾ ਤਾਂ ਸਾਰੇ ਉਧਰ ਦੇਖਣ ਲੱਗੇ।

ਅੱਜ ਫੱਤੂ ਮਰਾਸੀ, ਮਾਵਾ ਲੱਗੀ ਪੱਗ ਬੰਨ੍ਹੀ ਆਉਂਦਾ ਸੀ। ਪੱਗ ਦਾ ਸ਼ਮਲਾ ਮਸਤੀ ਵਿਚ ਆਏ ਕਬੂਤਰ ਦੀ ਪੂਛ ਵਾਂਗ ਉਪਰ ਵੱਲ ਫੈਲਰਿਆ ਹੋਇਆ ਸੀ। ਕੁਝ ਹੋਰ ਨੇੜੇ ਆਇਆ ਤਾਂ ਚੌਧਰੀਆਂ ਨੂੰ, ਫੱਤੂ ਦੇ ਤੇੜ ਬੱਧਾ ਨਵਾਂ ਤੰਬਾ ਅਤੇ ਪੈਰੀਂ ਪਾਈ ਨੋਕਾਂ ਵਾਲੀ ਨਵੀਂ ਜੁੱਤੀ ਵੀ ਦਿਸੀ।

—ਫ਼ਜ਼ਲਦੀਨਾਂ ਗੱਲ ਇਹ ਵੇ, ਫੱਤੂ ਚੜ੍ਹਿਆ ਹੋਇਆ ਦੁੱਲੇ ਦੇ ਹੱਥੀਂ। ਸਿਆਣੇ ਆਖਦੇ ਨੇ, ਸੱਦਿਆ ਪੈਂਚ, ਅਣਸੱਦਿਆ ਭੜੂਆ। ਇਹ ਜਣੇ ਖਣੇ ਦਾ ਭੜੂਆ ਬਣਿਆ ਰਹਿੰਦਾ। ਜਿਧਰੋਂ ਖਾਣ ਨੂੰ ਮਿਲੇ, ਹਵਾ-ਕੁੱਕੜ ਆਂਗੂ ਇਹਦਾ ਮੂੰਹ ਓਧਰੇ ਘੁੰਮ ਜਾਂਦਾ।'

ਏਨੇ ਚਿਰ ਵਿਚ ਫੱਤੂ ਉਹਨਾਂ ਦੇ ਲਾਗੇ ਆ ਗਿਆ।

—ਅੱਜ ਤਾਂ ਬਈ ਮੀਰਜ਼ਾਦਾ, ਜਾਂ ਸਹੁਰੇ ਚੱਲਿਆ ਤੇ ਜਾਂ ਸਹੁਰਿਓਂ ਮੁੜਿਐ।' ਜਲਾਲਦੀਨ ਚੌਧਰੀ ਨੇ ਟਿੱਚਰ ਦੇ ਲਹਿਜ਼ੇ ਵਿਚ ਫੱਤੂ ਨੂੰ ਛੇੜਿਆ।

—ਭਲਾ ਹੋਵੇ ਚੌਧਰੀਓ। ਸਰਦਾਰੀਆਂ ਬਣੀਆ ਰਹਿਣ। ਬੋਹੜਾਂ ਦੀ ਛਾਵੇਂ ਬੈਠੇ ਰਹੋਂ— ।'—ਫੇਰ ਗਿੱਚੀ ਖੁਰਕਦਾ ਬੋਲਿਆ—'ਅਸਾਂ ਗਰੀਬਾਂ ਕਾਹਦਾ ਸਹੁਰੇ ਜਾਣਾ ਹੋਇਆ।'

—ਚੜ੍ਹਾਈ ਤਾਂ ਪੂਰੀ ਐ ਮਰਾਸੀਆ।' ਜਲਾਲਦੀਨ ਫੇਰ ਬੋਲਿਆ।

—ਦੇਖ ਲੋ ਚੌਧਰੀਓ, ਤੁਰ੍ਹਲੇ ਵਾਲੀ ਪੱਗ ਵੀ ਬੰਨ੍ਹ ਲਈ। ਚਾਂਦੀ ਦੇ ਬੀੜਿਆਂ ਵਾਲੀ ਕਮੀਜ਼ ਵੀ ਪਾ ਲਈ। ਨਵਾਂ ਤੰਬਾ ਵੀ ਬੰਨ੍ਹ ਲਿਆ। ਨੋਕਾਂ ਵਾਲੀ ਕੁਰਮ ਦੀ ਜੁੱਤੀ ਵੀ ਪਾ ਲਈ, ਫੇਰ ਵੀ ਮਜ਼ਾ ਨੀ ਆਇਆ ਚੌਧਰੀਓ।' ਫੱਤੂ ਦੀ ਅੱਖ ਆਪ ਮੁਹਾਰੇ ਦੱਬੀ ਗਈ।

—ਕਿਉਂ ਸਾਲੀਆਂ ਰੁੱਸ ਗਈਆਂ ?' ਫਜ਼ਲਦੀਨ ਨੇ ਵੀ ਸੁਆਦ ਲਿਆ।—'ਕਿ ਖਾਣ ਪੀਣ ਨੀ ਚੰਗਾ ਹੋਇਆ ?'

—ਗ਼ਰੀਬਾਂ ਦਾ ਕਾਹਦਾ ਖਾਣ ਪੀਣ ਸਰਦਾਰੋ, ਖਾਣਾ ਤਾਂ ਅਮੀਰਾਂ ਤਾਂ ਹੁੰਦਾ ਏ। ਉਹਨਾਂ ਖਾਣਾ ਜੋ ਦਿਲ ਕਰੇ, ਗਰੀਬਾਂ ਖਾਣਾ ਜਦ ਮਿਲ ਜਾਏ। ਸਾਡਾ ਕੀ ਏ, ਘਰ ਦੇ ਪੀਰਾਂ ਨੂੰ ਤੇਲ ਦੇ ਮਰੂੰਡੇ।' ਮਰਾਸੀ ਦੀ ਅੱਖ ਫੇਰ ਦੱਬੀ ਗਈ।

—ਜੇ ਇਹ ਗੱਲ ਈ ਤਾਂ ਮਰਾਸੀ ਦੀਏ ਜਾਤੇ ਮਜ਼ੇ ਕਾਹਨੂੰ ਪਰਖ਼ਨਾ ਏ ?' ਅਹਿਮਦ ਚੌਧਰੀ ਨੇ ਰਤਾ ਤਿੱਖਾ ਹੁੰਦਿਆਂ ਪੁੱਛਿਆ।

—ਬੱਸ ਜੀ, ਅੱਲਾਹ ਝੂਠ ਨਾ ਬੁਲਾਵੇ, ਸਹੁਰੀਂ ਗਿਆ ਮੈਂ ਤਾਂ ਐਵੇਂ ਚੌਧਰੀ ਜਿਮ੍ਹਾ ਈ ਲੱਗੀ ਜਾਵਾਂ। ਭਲਾ ਹੋਵੇ, ਸਰਦਾਰੀਆਂ ਬਣੀਆਂ ਰਹਿਣ।' ਆਖ ਕੇ ਫੱਤੂ ਤੇਜ਼ੀ ਨਾਲ ਤੁਰ ਗਿਆ।

ਚੌਧਰੀ ਨੂੰ ਕੁਝ ਪਲ ਸਮਝ ਨਾ ਆਈ। ਉਹ ਹੱਕੇ ਬੱਕੇ ਜਿਹੇ ਹੋਏ ਤੁਰੇ ਜਾਂਦੇ ਫੱਤੂ ਵੱਲ ਵੇਂਹਦੇ ਰਹੇ। ਫਿਰ ਫਜ਼ਲਦੀਨ ਬੋਲਿਆ—'ਇਹ ਮਰਾਸੀ ਤਾਂ ਆਪਣੀ ਹੀ ਝੰਡ ਕਰ ਗਿਆ ਲਗਦਾ।'

—ਚੌਧਰੀ ਫ਼ਜ਼ਲਦੀਨਾ, ਮਰੀਜ਼ਾਦਾ ਮਾਰਦਾ ਈ ਟੀਟਣੇ। ਲੁੱਟਾਂ, ਖੋਹਾਂ, ਧਾੜੇ ਮਾਰਦਾ ਈ ਦੁੱਲਾ ਤੇ ਇਹਦੇ ਵਰਗੇ ਓਥੇ ਖਾਣ ਪੀਣ ਨੂੰ ਥੱਲਾ ਮਾਰੀ ਬੈਠੇ ਰਹਿੰਦੇ ਨੇ ਵਾਧੂ। ਤਾਹੀਓਂ ਤਾਂ ਇਹਨਾਂ ਦੇ ਢਿੱਡਾਂ 'ਚ ਡੈਣ ਵੜੀ ਰਹਿੰਦੀ ਉ। ਇਹਨਾਂ ਨੇ ਤਾਂ ਪੁੱਠਾ ਬੋਲਣਾ ਈ ਹੋਇਆ। ਇਲਮਦੀਨ ਆਖਦਾ ਹੁੰਦਾ ਏ ਨਾ, ਇਹਨਾਂ ਲੋਕਾਂ ਦਾ ਕੀ ਏ, ਖਾਣਾ ਹਲਵਾਈਆਂ ਦੇ, ਭੌਂਕਣਾ ਕਸਾਈਆਂ ਦੇ।'

ਗੱਲਾਂ ਕਰਦਿਆਂ ਤੋਂ ਫੱਤੂ ਦੂਰ ਨਿਕਲ ਗਿਆ ਸੀ।

ਉਸ ਵੇਲੇ ਇਕ ਸਾਈਂ ਦਰਵੇਸ਼ ਕੱਛ ਵਿਚ ਗੱਠੜੀ ਲਈ ਮਸੀਤ ਅੱਗੇ ਆ ਖਲੋਤਾ, ਨਾਲ ਉਸਦੇ ਇਕ ਮਲੂਕ ਜਿਹਾ ਸੁਨੱਖਾ ਲੜਕਾ ਵੀ ਸੀ।

—ਅੱਲਾਹ ਦੇ ਬੰਦਿਓ, ਏਥੇ ਘੜੀ ਬਹਿ ਲਵਾਂ ?' ਸਾਂਈਂ ਨੇ ਪੁੱਛਿਆ।

ਚੌਧਰੀਆਂ ਨੇ ਵੇਖਿਆ, ਸਾਂਈਂ ਅਤੇ ਲੜਕੇ ਦੇ ਪੈਰ ਧੂੜ ਨਾਲ ਅੱਟੇ ਪਏ ਸਨ। ਕੱਪੜੇ ਮੈਲੇ ਸਨ। ਸਾਂਈਂ ਦੇ ਸਿਰ ਦੀ ਪਗੜੀ ਢਿੱਲੀ ਹੋਈ ਸੀ, ਦਾੜ੍ਹੀ ਵੀ ਖਿੱਲਰੀ ਸੀ।

—ਕਿਹੜੇ ਦੇਸੋਂ ਆਏ ਜੇ ਸਾਂਈਂ ਲੋਕਾਂ ?' ਅਹਿਮਦ ਚੌਧਰੀ ਨੇ ਪੁੱਛਿਆ।

—ਸੱਪ, ਸੀਂਹ, ਫ਼ਕੀਰ ਦਾ ਦੇਸ਼ ਕੇਹਾ।' ਗਠੜੀ ਹੇਠਾਂ ਰੱਖ ਕੇ ਬਹਿੰਦਿਆਂ ਸਾਂਈਂ ਨੇ ਕਿਹਾ।

ਚੌਧਰੀ ਆਪਣੀਂ ਗੱਲੀਂ ਪੈ ਗਏ।

ਸਾਂਈਂ ਅਤੇ ਉਸਦੇ ਸਾਥ ਵਾਲਾ ਲੜਕਾ ਇਕ ਪੋਟਲੀ ਖੋਹਲ ਕੇ, ਰੁੱਖਾ ਸੁੱਕਾ ਟੁੱਕਰ ਖਾਣ ਲੱਗੇ।

ਚੌਧਰੀ ਕਦੇ ਦੁੱਲੇ ਦੀਆਂ, ਕਦੀ ਦੁੱਲੇ ਦੇ ਪਿਉ-ਦਾਦੇ ਦੀਆਂ ਕਦੀ, ਅਕਬਰ ਦੀਆਂ ਗੱਲਾਂ ਕਰਦੇ ਰਹੇ। ਕਦੇ ਕਦੇ ਸਾਈਂ ਚੌਧਰੀਆਂ ਦੀਆਂ ਗੱਲਾਂ ਵੱਲ ਧਿਆਨ ਦਿੰਦਾ, ਕਦੇ ਮਸਤੀ ਵਿਚ ਅੱਖਾਂ ਮੀਟ ਲੈਂਦਾ। ਅਚਾਨਕ ਸਾਈਂ ਨੇ ਸੱਦ ਲਾਈ;

ਜਹਾਂ ਦੇਖੋ ਤਹਾਂ ਕਪਟ ਹੈ, ਕਹੂੰ ਨਾ ਪਾਇਓ ਚੈਨ।
ਦਗ਼ਾ ਬਾਜ਼ ਸੰਸਾਰ ਤੇ ਗੋਸ਼ਾ ਪਕੜਿ ਹੁਸੈਨ॥

ਗਾਉਂਦਾ ਗਾਉਂਦਾ ਸਾਈਂ ਉੱਠ ਕੇ ਨੱਚਣ ਲੱਗ ਪਿਆ। ਲੜਕਾ ਵੀ ਨਾਲ ਨੱਚਣ ਲੱਗਾ। ਚੌਧਰੀ ਅਚੰਭੇ ਨਾਲ ਦੋਹਾਂ ਵੱਲ ਵੇਖਣ ਲੱਗੇ।



—ਸਾਈਂ ਬਾਬਾ ਦੀਆਂ ਵੱਡੀਆਂ ਬਰਕਤਾਂ, ਕੋਈ ਅਸਾਂ ਲਈ ਦੁਆ ਕਰੋ.....।' ਅਹਿਮਦ ਚੌਧਰੀ ਨੇ ਨੱਚੀ ਜਾ ਰਹੇ ਦਰਵੇਸ਼ ਨੂੰ ਕਿਹਾ।

ਸਾਈਂ ਰੁਕ ਗਿਆ। ਪੁੱਛਿਆ,—ਕਿੰਨਾ ਲਈ ਦੁਆ ਕਰਾਂ ?'

—ਅਸਾਂ ਲਈ ਦੁਆ ਕਰ ਸਾਈਂ ਲੋਕਾ।'

—ਕੀ ਹੋਇਆ ਜੇ ਤੁਸਾਂ ਨੂੰ ?' ਸਾਈਂ ਨੇ ਪੁੱਛਿਆ।

—ਇਕ ਬੰਦਾ ਹੈ ਵੇ, ਉਸਨੇ ਸਾਡੀਆਂ ਨਮਾਜ਼ਾਂ ਨੂੰ, ਸਾਡੇ ਅੱਲਾਹ ਨੂੰ ਬਿਪਤਾ ਵਿਚ ਪਾਇਆ ਹੋਇਆ ਈ।' ਅਹਿਮਦ ਚੌਧਰੀ ਨੇ ਦੱਸਿਆ।

—ਹੁਣ ਅੱਲਾਹ 'ਤੇ ਵੀ ਬਿਪਤਾ ਆਣ ਪਈ ?' ਸਾਈਂ ਹੱਸਿਆ। ਫਿਰ ਚੁੱਪ ਹੋ ਗਿਆ। ਨੀਵੀਂ ਪਾ ਲਈ।

—ਸਾਈਂ ਲੋਕਾ ਦੱਸਿਆ ਨਹੀਂ, ਕਿਥੋਂ ਆਇਆ ਵੇਂ ?'

—ਤੁਸੀਂ ਕੌਣ ਜੇ, ਪਹਿਲਾਂ ਦੱਸੋ ?'

—ਅਸੀਂ ਪਿੰਡੀ ਦੇ ਚੌਧਰੀ ਆਂ। ਤਾਂਹੀ ਆਖਿਆ, ਸਾਡੇ ਲਈ ਦੁਆ ਕਰੋ।'

—ਚੌਧਰੀਆਂ ਲਈ ਦੁਆ ਕਰਾਂ ਕਿ ਪਿੰਡੀ ਦੇ ਲੋਕਾਂ ਲਈ ?'

—ਅਸਾਂ ਲਈ ਸਾਈਂ ਬਾਬਾ। ਅਸਾਂ ਦੀਆਂ ਹਯਾਤੀਆਂ ਲਈ। ਅਸਾਂ ਦੇ ਹੱਕਾਂ ਲਈ।'

—ਕੀ ਹੋਇਆ ਏ ਤੁਸਾਂ ਦੇ ਹੱਕਾਂ ਨੂੰ ?'

—ਇਕ ਗੰਵਾਰ ਧਾੜਵੀ ਏ, ਅਸਾਂ ਦੀਆਂ ਪਗੜੀਆਂ ਰੋਲਣ ਡਿਹਾ ਏ।'

—ਕੌਣ ਏ ਗਵਾਰ ?' ਸਾਈਂ ਨੇ ਪੁੱਛਿਆ।

—ਏਥੋਂ ਦਾ ਈ ਏਂ, ਪਿੰਡੀ ਦਾ। ਦੁੱਲਾ ਨਾਂ ਏਂ। ਰੰਡੀ ਤੀਵੀਂ ਦਾ ਪੁੱਤਰ ਏ।'

—ਸੁਹਾਗਣ ਦਾ ਹੋਵੇ, ਚਾਹੇ ਰੰਡੀ ਦਾ ਹੋਵੇ, ਪੁੱਤਰ ਤਾਂ ਪੁੱਤਰ ਈ ਹੁੰਦਾ ਏ। ਕੀ ਆਖਦਾ ਏ ਉਹ ?'

—ਆਖਦਾ ਏ, ਪਿੰਡ ਦੇ ਚੌਧਰੀ ਮੇਰੀ ਜੁੱਤੀ ਉੱਪਰ ਨੇ। ਮਾਮਲਾ ਨਾ ਖ਼ੁਦ ਦੇਂਦਾ ਏ, ਨਾ ਕਿਸੇ ਹੋਰ ਨੂੰ ਦੇਣ ਦੇਂਦਾ ਏ।' ਫਜ਼ਲਦੀਨ ਨੇ ਦੱਸਿਆ।

ਸਾਈਂ ਸੋਚਾਂ ਵਿਚ ਪੈ ਗਿਆ।

ਕੁਝ ਦੇਰ ਬਾਅਦ ਸਾਈਂ ਨੇ ਪੁੱਛਿਆ—'ਇਹ ਬੰਦਾ ਜ਼ੋਰ-ਜ਼ੁਲਮ ਨਾਲ ਲੋਕਾਂ ਨੂੰ ਮਗਰ ਲਾਉਂਦਾ ਈ ਕਿ ਆਪੂੰ ਈ ਲੋਕ ਉਹਦੇ ਪਿੱਛੇ ਤੁਰਨ ਲੱਗੇ ਨੇ ?'

—ਉਹਦਾ ਨਾਂ ਡਾਹਢਾ ਈ ਸਾਈਂ ਲੋਕਾ। ਸੁਣਦਿਆਂ ਈ ਅਗਲਾ ਭਿੱਜੀ ਬਿੱਲੀ ਬਣ ਬਹਿੰਦਾ ਈ।'

ਦਰਵੇਸ਼ ਹੱਸ ਪਿਆ ਤੇ ਹੱਸਦਾ ਰਿਹਾ।

—ਹੱਸਣ ਡਿਹਾ ਏਂ ਸਾਈਂ ਲੋਕਾ ?' ਫਜ਼ਲਦੀਨ ਨੇ ਹੈਰਾਨੀ ਨਾਲ ਪੁੱਛਿਆ।

—ਕੀ ਨਾਂ ਦੱਸਿਆ ਈ ਉਹਦਾ ?'

—ਦੁੱਲਾ, ਦੁੱਲਾ ਭੱਟੀ।'

—ਗੱਲ ਇਹ ਵੇ, ਦੇਸ ਪੰਜਾਬ ਅੰਦਰ ਘਰ ਘਰ ਦੁੱਲੇ ਜੰਮ ਪੈਣੇ ਨੇ। ਤੁਸਾਂ ਦਾ ਫ਼ਿਕਰ ਬਣਦਾ ਏ। ਹੁਣ ਇਸ ਦਾ ਇਲਾਜ ਕੋਈ ਨਹੀਂ। ਮੇਰੀ ਦੁਆ ਬੇ-ਅਸਰ ਜਾਣੀ ਉ ਚੌਧਰੀਓ। ਇਹ ਤਾਂ ਹੋਣਾ ਈ ਸੀ। ਅੱਲਾਹ ਦਾ ਸ਼ੁਕਰ ਕਰੋ, ਦੁੱਲਾ ਏਥੇ ਪਿੰਡੀ 'ਚ ਜੰਮਿਆ ਏ।'

—ਕੂੜ ਆਖਦਾ ਏਂ ਸਾਈਂ ਲੋਕਾ। ਉਸ ਰੰਡੀ ਦੇ ਪੁੱਤਰ ਨੇ ਸਾਡਾ ਜੀਣਾ ਹਰਾਮ ਕਰ ਛੱਡਿਆ ਸੂ। ਤੂੰ ਆਖਦਾ ਏਂ, ਓਹਦੇ ਏਥੇ ਜੰਮਣ 'ਤੇ ਅਸੀਂ ਅਲਾਹ ਦਾ ਸ਼ੁਕਰ ਕਰੀਏ ?' ਅਹਿਮਦ ਚੌਧਰੀ ਗੁੱਸੇ ਨਾਲ ਬੋਲਿਆ।

—ਦਰਵੇਸ਼ਾਂ, ਪੀਰਾਂ, ਫਕੀਰਾਂ, ਕੂੜ ਆਖਕੇ ਕੀ ਕੱਢਣਾ ਪਾਉਣਾ ਹੋਇਆ। ਅਸਾਂ ਦਾ ਕੋਈ ਦੇਸ ਨਾ ਟਿਕਾਣਾ, ਨਾ ਉੱਪਰ ਨਾ ਹੇਠਾਂ।'

—ਬਾਦਸ਼ਾਹਾਂ ਦਾ ਤਾਂ ਦੇਸ ਹੁੰਦਾ ਏ ਨਾ ਫ਼ੱਕਰ ਮੀਆਂ ਤੇ ਉਹਦੇ ਕਾਇਦੇ-ਕਨੂੰਨ ਵੀ ਹੁੰਦੇ ਨੇ। ਅਲਾਹ ਦੀ ਰਜ਼ਾ ਹੁੰਦੀ ਏ ਤਾਂਹੀ ਤਾਂ ਰਾਜ-ਭਾਗ ਮਿਲਦਾ ਏ।'

—ਕੌਣ ਆਖਦਾ ਈ ਇਹ ਗੱਲਾਂ ?' ਸਾਈਂ ਸਾਰੇ ਚੌਧਰੀਆਂ ਵਲ ਝਾਕਿਆ।

—ਸਾਰੀ ਖ਼ਲਕਤ ਜਾਣਦੀ ਏ।'

—ਇਹ ਗ਼ਲਤ ਹੈ ਰੱਬ ਦੇ ਬੰਦਿਓ। ਖ਼ੁਦਾ ਕਿਸੇ ਨੂੰ ਵੀ ਕਿਸੇ ਦੇ ਵੱਸ ਨਹੀਂ ਪਾਉਂਦਾ। ਹਰ ਬੰਦਾ ਆਪਣੀ ਤਕਦੀਰ ਦਾ ਖ਼ੁਦ ਮਾਲਕ ਏ।'

—ਇਹ ਗੱਲ ਬਾਦਸ਼ਾਹ ਤੱਕ ਅਪੜ ਗਈ ਤਾਂ ?' ਫਜ਼ਲਦੀਨ ਨੇ ਸਾਈਂ ਨੂੰ ਡਰਾਇਆ।

—ਤਾਂ ਕੀ ਏ। ਫ਼ਕੀਰ ਦੀ ਗੱਠੜੀ ਵਿਚ ਕਿਹੜਾ ਮੋਹਰਾਂ ਨੇ, ਤੁਸਾਂ ਦਾ ਬਾਦਸ਼ਾਹ ਜ਼ਬਤ ਕਰ ਲਏਗਾ। ਪਕੜ ਕੇ ਲੈ ਜਾਏਗਾ, ਲੈ ਜਾਏ। ਅਸਾਂ ਦਾ ਕੀ ਏ, ਜੇਹਾ ਬਾਹਰ, ਤੇਰਾ ਬਾਦਸ਼ਾਹ ਦੀ ਕੈਦ ਅੰਦਰ। ਹਰ ਇਕ ਨੂੰ ਜੋ ਪੈਦਾ ਹੋਇਆ ਏ, ਉਸਨੂੰ ਆਪਣੇ ਢੰਗ ਨਾਲ ਸਾਹ ਲੈਣ ਦਾ ਹੱਕ ਏ। ਜਿਵੇਂ ਬਾਦਸ਼ਾਹ ਚਾਂਹਦਾ ਏ, ਉਵੇਂ ਲੋਕ ਜੀਣ, ਇਹ ਅਪਰਾਧ ਏ। ਅਸਾਂ ਤਾਂ ਅੱਲਾਹ ਦਾ ਸ਼ੁਕਰ ਕਰਨਾ, ਜਦ ਮੌਕਾ ਮਿਲਿਆ ਕਰ ਲੈਣਾ।' ਸਾਈਂ ਨੇ ਉੱਪਰ ਵੱਲ ਉਂਗਲੀ ਸਿੱਧੀ ਤਾਣ ਕੇ ਕਿਹਾ।

—ਇਹ ਸਹੀ ਏ, ਤੈਨੂੰ ਕੋਈ ਫ਼ਰਕ ਨਹੀਂ ਪੈਣਾ ਸਾਈਂ ਬਾਬਾ, ਪਰ ਇਹ ਦੁੱਲਾ ਤੇ ਉਹਦੇ ਬੰਦੇ ਲੋਕਾਂ ਨੂੰ ਬਲਦੀ ਅੱਗ 'ਚ ਝੋਕਣ ਡਹੇ ਨੇ, ਉਹਨਾਂ ਨੂੰ ਬਾਦਸ਼ਾਹ ਦਾ ਡਰ ਨਹੀਂ ਹੈਗਾ ?'

—ਦੁੱਲੇ ਨੂੰ ਇਲਮ ਹੋਣਾ, ਇਹ ਪੰਜਾਬ ਦੀ ਮਿੱਟੀ ਬੜੀ ਅਣਖ ਆਬਰੂ ਵਾਲੀ ਏ। ਇਹ ਮਿੱਟੀ ਬਾਦਸ਼ਾਹੀਆਂ ਤੋਂ ਨਾਬਰ ਈ। ਏਥੇ ਹਾਕਮਾਂ ਦੇ ਹੁਕਮ ਨਹੀਂ ਚਲਦੇ। ਏਸ ਭੋਏਂ 'ਤੇ ਅੱਲਾਹ ਦੇ ਬੰਦੇ ਵਸਦੇ ਨੀ। ਉਹਨਾਂ ਦਾ ਸਿਰ ਖ਼ੁਦਾ ਅੱਗੇ ਹੀ ਝੁਕਦਾ ਏ ਤੇ ਜਿਨ੍ਹਾਂ ਦਾ ਸਿਰ ਇਕ ਵੇਰ ਖ਼ੁਦਾ ਅੱਗੇ ਝੁਕ ਗਿਆ, ਉਹ ਸਿਰ ਫਿਰ ਬਾਦਸ਼ਾਹ ਅੱਗੇ ਨਹੀਂ ਝੁਕਦਾ।....ਮੈਂ ਅੱਲਾਹ ਦੇ ਬੰਦਿਆਂ ਨੂੰ ਮਿਲਣ ਲਈ ਏਧਰ ਘੁੰਮਦਾ ਪਿਆਂ। ਤੁਸਾਂ ਨੂੰ ਇੱਕ ਦੁੱਲੇ ਦਾ ਫ਼ਿਕਰ ਏ, ਏਥੇ ਪੰਜਾਬ ਦੀ ਮਿੱਟੀ ਵਿਚ ਤਾਂ ਦੁੱਲਿਆਂ ਦੀ, ਨਸਲ ਤੁਰਦੀ ਰਹਿਣੀ ਏਂ। ਏਥੇ ਦੁੱਲੇ ਜੰਮਦੇ ਰਹਿਣੇ ਨੀ। ਤੁਸੀਂ ਚੌਧਰੀ ਜੇ, ਅਸੂਲਾਂ ਦੀ, ਕਾਇਦੇ-ਕਾਨੂੰਨਾਂ ਦੀ ਗੱਲ ਕਰਦੇ ਪਏ ਓਂ। ਜਾਣ ਲਓ, ਕਾਇਦੇ—ਕਾਨੂੰਨਾਂ ਦੀਆਂ ਅੱਖਾਂ ਨਹੀਂ ਹੁੰਦੀਆਂ। ਕਿਸੇ ਉਪਰ ਦਇਆ ਕਰਨ ਤੇ ਅਮਨ-ਅਮਾਨ ਨਾਲੋਂ ਦੁਨੀਆਂ ਉੱਪਰ ਕੋਈ ਵੱਡਾ ਕਾਇਦਾ-ਕਾਨੂੰਨ ਨਹੀਂ। ਇਹ ਗੱਲਾਂ ਆਖ ਦੇਣਾ ਆਪਣੇ ਬਾਦਸ਼ਾਹ ਨੂੰ।' ਆਖ ਕੇ ਸਾਈਂ ਨੇ ਆਪਣੇ ਸਾਥ ਲੜਕੇ ਨੂੰ ਕਿਹਾ—'ਮਾਧੋ ...ਐ....., ਮਾਧੋ ਲਾਲ, ਮੇਰਾ ਲਾਲ ਹੁਸੈਨ......।'

ਮਾਧੋ ਸਮਝ ਗਿਆ। ਉੱਠਕੇ ਨੱਚਣ ਲੱਗਾ ਤੇ ਗਾਉਣ ਲੱਗਾ ਸਾਈਂ ਵੀ ਨੱਚਣ ਲੱਗ ਪਿਆ।



ਮੀਆਂ ਗੱਲ ਸੁਣੀ ਨਾ ਜਾਂਦੀ ਸੱਚੀ,
ਸੱਚੀ ਗੱਲ ਸੁਣੀ ਵੇ ਕਿਉਂਕਰ,
ਕੱਚੀ ਹੱਡਾਂ ਵਿਚ ਰਚੀ।........

ਦੋਵੇਂ ਗਾਉਂਦੇ ਰਹੇ। ਨੱਚਦੇ ਰਹੇ। ਉਹਨਾਂ ਦੁਆਲੇ ਲੋਕਾਂ ਦੀ ਭੀੜ ਜਮ੍ਹਾਂ ਹੋ ਗਈ। ਥੋੜ੍ਹੀ ਦੇਰ ਬਾਅਦ ਉਹ ਰੁਕੇ ਤੇ ਜਾਣ ਲਈ ਗੱਠੜੀ ਕੱਛ ਵਿਚ ਲੈ ਲਈ।

—ਫੱਕਰ ਸਾਈਂ ਅਸਾਂ ਤੈਨੂੰ ਦੁਆ ਕਰਨ ਲਈ ਕਿਹਾ ਸੀ, ਤੂੰ ਸਾਨੂੰ ਸਰਾਪ ਦੇ ਚੱਲਿਆ ਏਂ, ਦੁੱਲੇ ਜੰਮਦੇ ਰਹਿਣਗੇ। ਹੁਣ ਅਸੀਂ ਤਹਿਖ਼ਾਨਿਆਂ 'ਚ......।'

—ਰੱਬ ਦੇ ਬੰਦਿਓ, ਇਹ ਸਾਈਂ ਨੇ ਨਹੀਂ ਆਖਿਆ। ਇਹ ਦਰਵੇਸ਼ਾਂ ਦੀ ਕੀ ਔਕਾਤ, ਬਾਦਸ਼ਾਹ ਦੇ ਅਮੀਰਾਂ, ਵਜ਼ੀਰਾਂ, ਚੌਧਰੀਆਂ ਦੀ ਸ਼ਾਨ ਵਿਚ ਕੋਈ ਗੁਸਤਾਖੀ ਕਰੇ।'

—ਸਾਈਂ ਲੋਕਾਂ ਤੂੰ ਹੁਣ ਤਾਈਂ ਨਹੀਂ ਦੱਸਿਆ, ਕਿਧਰੋਂ ਆਇਆ ਏਂ, ਤੇ ਜਾਤ ਕਿਹੜੀ ਦਾ ਏਂ ?' ਅਹਿਮਦ ਚੌਧਰੀ ਨੇ ਫਿਰ ਪੁੱਛਿਆ।

—ਦੱਸਿਆ ਤਾਂ ਸੀ, ਦਰਵੇਸ਼ਾਂ ਦੀ ਕੋਈ ਜਾਤ ਨਹੀਂ ਹੁੰਦੀ, ਕੋਈ ਸ਼ਹਿਰ ਗਰਾਂ ਨਹੀਂ ਹੁੰਦਾ।'

—ਦੁੱਲੇ ਨੂੰ ਜਾਣਨਾ ਏਂ ਸਾਈਂ ਲੋਕਾ ?'

—ਦੁੱਲਿਆਂ ਨੂੰ ਸਾਰੀ ਖ਼ਲਕਤ ਜਾਣਦੀ ਹੁੰਦੀ ਏ। ਆਪਣੀ ਮਿੱਟੀ ਵਿਚ ਦੁੱਲਿਆਂ ਦੀ ਲੋਅ ਬਲਦੀ ਹੁੰਦੀ ਏ ਤੇ ਚੌਧਰੀ ਜਣੋ, ਲੋਕਾਈ ਦੁੱਲਿਆਂ ਲਈ ਕੰਧਾਂ ਦੀ ਓਟ ਬਣ ਵਹਿੰਦੀ ਏ।'

—ਏਹ ਤਰ੍ਹਾਂ ਨਾ ਬੋਲ ਸਾਈਂ ਲੋਕਾ। ਕੀ ਪਤਾ ਮੁਗਲ ਸਿਪਾਹੀ ਭੇਸ ਬਦਲ ਕੇ ਤੇਰੀ ਕੋਈ ਗੱਲ ਸੁਣ ਜਾਣ ਤੇ ਫਿਰ.......।'

—ਇਕ ਗੱਲ ਸਾਈਂ ਦੀ ਯਾਦ ਰੱਖਣਾ, ਜਦ ਲੋਕ ਇਕ-ਮੁੱਠ ਹੋਕੇ ਤੁਰਦੇ ਨੇ ਤਾਂ ਬਾਦਸ਼ਾਹ ਕੀ, ਰਾਠ ਕੀ ਤੇ ਚੌਧਰੀ ਕੀ, ਸਭ ਲੋਕਾਂ ਦੇ ਹੜ੍ਹ ਅੱਗੇ ਰੁੜ੍ਹ ਜਾਂਦੇ ਨੇ।' ਆਖ ਕੇ ਸਾਈਂ ਤੁਰ ਪਿਆ।

—ਹੁਣ ਕਿਧਰ ਸਾਈਂ ਬਾਬਾ ?' ਫਜ਼ਲਦੀਨ ਨੇ ਪੁੱਛਿਆ।

—ਫ਼ਕੀਰਾਂ ਦਾ ਜਿਧਰ ਮੂੰਹ ਹੋਇਆ ਤੁਰ ਪੈਣਾ। ਇਸ ਮਿੱਟੀ ਦਾ ਜਣਿਆ ਦੁੱਲਾ ਵੇਖਣਾ ਸੀ ਕਿੱਦਾਂ ਦਾ ਬੰਦਾ ਈ ਅੱਲਾਹ ਦਾ, ਜਿਸ ਕੋਲੋਂ ਚੌਧਰੀ ਏਨਾ ਭੈਅ ਖਾਂਦੇ ਨੀ।'

—ਜਿਧਰ ਮੂੰਹ ਈ, ਏਧਰੇ ਲਗਿਆ ਜਾਹ। ਅੱਗੇ ਕਿਸੇ ਬੰਦੇ ਨੂੰ ਪੁੱਛ ਲੈਣਾ ਅੰਬਾਂ ਵਾਲੇ ਖੂਹ 'ਤੇ ਜਾਣਾ ਈ। ਓਥੇ ਈ ਹੋਣਾ ਦੁੱਲਾ।'

—ਵਸਦੇ ਰਹੁ।' ਆਖਕੇ ਸਾਈਂ ਗਾਉਂਦਾ ਤੁਰ ਪਿਆ;

ਨਿਮਾਣਿਆਂ ਦੀ ਰੱਬਾ ਰੱਬਾ ਹੋਈ,
ਭੱਠ ਪਈ ਤੇਰੀ ਚਿੱਟੀ ਚਾਦਰ,
ਚੰਗੀ ਫਕੀਰਾਂ ਦੀ ਲੋਈ.........

ਸਾਈਂ ਗਾਉਂਦਾ ਜਾ ਰਿਹਾ ਸੀ। ਚੌਧਰੀ ਪਹਿਲਾਂ ਨਾਲੋਂ ਵੀ ਵਧੇਰੇ ਫ਼ਿਕਰਾਂ ਵਿਚ ਡੁੱਬ ਗਏ।

—ਹੁਣ ਤਾਂ ਸਾਈਂ ਲੋਕ ਵੀ ਦੁੱਲੇ ਦੇ ਹੱਕ 'ਚ ਭੁਗਤਦੇ ਪਏ ਨੀ।' ਫਜ਼ਲਦੀਨ ਨੂੰ ਬੜਾ ਦੁੱਖ ਹੋਇਆ।

—ਅਸੀਂ ਹੋਏ ਪਿੰਡ ਦੇ ਚੌਧਰੀ। ਜੇ ਬਾਦਸ਼ਾਹ ਅੱਖਾਂ ਫੇਰ ਲਈਆਂ ਤਾਂ ਚੌਧਰੀਆਂ ਵੀ ਖੁੱਸ ਜਾਣੀਆਂ। ਵੇਲੇ ਨਾਲ ਖ਼ਬਰ ਦੇਈਏ।'

—ਪਿੰਡੀ ਦੇ ਲੋਕ ਦੁੱਲੇ ਨੂੰ ਇਉਂ ਸਲਾਮਾਂ ਕਰਦੇ ਨੇ, ਜਿਵੇਂ ਓਹੀ ਲਾਹੌਰ ਦਾ ਹਾਕਮ ਹੁੰਦਾ।' ਅਹਿਮਦ ਚੌਧਰੀ ਪੂਰਾ ਹਰਖਿਆ ਬੈਠਾ ਸੀ।

—ਰਿੱਛ ਡਰਦਾ ਈ ਸੱਸ ਦਾ ਸੂਤਰ ਕੱਤਦਾ ਏ, ਚੌਧਰੀ।' ਜਲਾਲਦੀਨ ਬੋਲਿਆ।

—ਅਸਾਂ ਦਾ ਤਾਂ ਲੋਕਾਂ ਨੂੰ ਡਰ ਈ ਕਾਈ ਨਹੀਂ ਰਿਹਾ ਫਿਰ?'

—ਮੈਂ ਇਕ ਵਾਰ ਲਾਹੌਰ ਜਾ ਆਵਾਂ, ਫੇਰ ਵੇਖਣਾ।' ਜਲਾਲਦੀਨ ਦੀ ਗੱਲ ਸੁਣਕੇ, ਗੁੱਸੇ ਦੇ ਰੌਂਅ ਵਿਚ ਸਾਰੇ ਚੌਧਰੀ ਉਠ ਖੜ੍ਹੇ।

............................

ਉਧਰ ਸਾਈਂ ਦਰਵੇਸ਼ ਅਤੇ ਮਾਧੋ ਲਾਲ ਅੰਬਾਂ ਦੀ ਝਿੜੀ ਵਾਲੇ ਖੂਹ ਵੱਲ ਜਾ ਰਹੇ ਸਨ। ਪਿੰਡੀ ਦੇ ਲੋਕ, ਇਕ ਓਪਰੇ ਫ਼ਕੀਰ ਵੱਲ ਹੈਰਾਨੀ ਨਾਲ ਤੱਕਦੇ ਸਨ।

ਉਹ ਦੋਵੇਂ ਜਣੇ, ਬੇਪਰਵਾਹ, ਤੁਰੇ ਜਾਂਦੇ ਘੁੰਮ ਘੁੰਮ ਕੇ ਨੱਚ ਵੀ ਰਹੇ ਸਨ ਤੇ ਗਾ ਵੀ ਰਹੇ ਸਨ।



## 27.

ਝਿੜੀ ਵਿਚ, ਖੂਹ ਉਪਰ ਸਾਰੇ ਜਣੇ ਦੁੱਲੇ ਦੀ ਉਡੀਕ ਵਿਚ ਸਨ।

ਰੂੜਾ, ਪਿਰਥਾ, ਗਾਹਣਾ, ਲਹਿਣਾ, ਸਦੀਕ, ਰਮਜ਼ਾ, ਸੈਦਾ, ਤਾਰੀ ਹੋਰ ਵੀ ਨਵੇਂ ਗੱਭਰੂ ਸਨ ਜਿਹੜੇ ਦੁੱਲੇ ਦੀ ਢਾਣੀ ਵਿਚ ਸ਼ਾਮਲ ਹੋਏ ਸਨ।

—ਸ਼ੱਲਾ ਤੇ ਫੱਤੂ ਵੀ ਪਤਾ ਨਹੀਂ ਕਿਧਰ ਮਰ ਗਏ?' ਸਦੀਕ ਖਿੱਝ ਰਿਹਾ ਸੀ।

—ਦੁੱਲੇ ਵੀ ਆਖਿਆ ਸੀ, ਖੂਹ 'ਤੇ ਮਿਲਾਂਗੇ।' ਰਮਜ਼ਾ ਬੋਲਿਆ

ਸਾਰੇ ਹੀ ਪਰੇਸ਼ਾਨ ਸਨ।

ਏਨੇ ਵਿਚ ਪਿਰਥੇ ਨੇ ਵੇਖਿਆ, ਫੱਤੂ ਝਿੜੀ ਵੱਲ ਆਉਂਦੇ ਰਾਹ ਉਪਰ ਚੱਕਵੇਂ ਪੈਰੀਂ ਆ ਰਿਹਾ ਸੀ—'ਮੀਰਜਾਦਾ ਤਾਂ ਔਹ ਲਗਾ ਆਉਂਦਾ ਈ।'

ਸਾਰੇ ਉਧਰ ਵੇਖਣ ਲੱਗੇ—'ਇਹ ਤਾਂ ਲਾੜਾ ਬਣਿਆ ਹੋਇਆ ਸੂ।' ਰੂੜਾ ਹੈਰਾਨੀ ਨਾਲ ਬੋਲਿਆ।

ਫੱਤੂ ਉਹਨਾਂ ਕੋਲ ਝਿੜੀ ਵਿਚ ਪੁੱਜ ਗਿਆ।

—ਹੁਣ ਤਾਂ ਭੇਡਾਂ ਵੀ ਮੱਕੇ ਚੱਲੀਆਂ ਨੀ ਸਦੀਕਿਆ।' ਗਾਹਣੇ ਨੇ ਫੱਤੂ ਦੀ ਟੌਹਰ ਵੇਖ ਕੇ ਮਸ਼ਕਰੀ ਕੀਤੀ।'

—ਅੱਲਾਹ ਰੱਖਿਓ, ਕਰ ਲਓ ਝੇਡਾਂ, ਫੱਤੂ ਤੁਸਾਂ 'ਚ ਈ ਖੇਡਿਆ, ਪਲਿਆ ਏ। ਅੱਲਾਹ ਮਲਕੀਰੇ ਨੂੰ ਜੱਨਤ ਵਿਚ ਹੂਰਾਂ ਬਖਸ਼ੇ, ਓਹਦੇ ਥਾਨ ਦਾ ਕੱਪੜਾ ਈ ਸਿਉਂਤਾ ਊ। ਸਾਡੀ ਗ਼ਰੀਬਾਂ ਦੀ ਤਾਂ ਏਨੀ ਕੁ ਈ ਖੁਸ਼ੀ ਹੁੰਦੀ ਏ, ਅਕੇ ਸਿਰੋਂ ਨੰਗੀ, ਭੱਖੜਿਆਂ 'ਚ ਕਲਾਬਾਜੀਆਂ। ਧਾਅਨੂੰ ਏਹ ਵੀ ਨਈਂ ਸੋਂਹਦੀਆਂ ਗੱਲਾਂ ਬਈ ਫੱਤੂ ਅੱਜ ਨੋਕਾਂ ਵਾਲੀ ਜੁੱਤੀ ਵੀ ਪਾਈ ਆਉਂਦਾ।' ਫੱਤੂ ਨੇ ਤੰਬਾ ਚੁੱਕ ਕੇ ਜੁੱਤੀ ਵਿਖਾਈ।

—ਗੁੱਸਾ ਕਰ ਗਿਆਂ ਮੀਰਜਾਦਿਆ।'

—ਅਸਾਂ ਗ਼ਰੀਬਾਂ ਦੇ ਕਾਹਦੇ ਗੁੱਸੇ ਰਮਜ਼ਿਆ ਤੇ ਕਾਹਦੀਆਂ ਖੁਸ਼ੀਆਂ। ਗੁੱਸਾ ਕਰਕੇ ਕਰਾਂਗੇ ਵੀ ਕੀ? ਘਰ ਤੰਦ ਨਾ ਤਾਣੀ, ਜੁਲਾਹਿਆਂ ਨਾਲ ਡਾਂਗੋ ਡਾਂਗੀ।' ਆਖ ਕੇ ਫੱਤੂ ਨੇ ਗੱਲ ਹਾਸੇ ਪਾ ਲਈ।

—ਦੁੱਲਾ ਨਹੀਂ ਵੇਖਿਆ?' ਪਿਰਥੇ ਨੇ ਪੁੱਛਿਆ।

—ਨਾ, ਏਥੇ ਈ ਆਣਾ ਸੀ ਓਹਨੇ ਵੀ।'

—ਕਿੱਧਰ ਗਿਆ ਹੋਇਆ। ਸ਼ੱਲਾ ਵੀ ਆਇਆ ਨਈਂ। ਉਹ ਤਾਂ ਸਭ ਤੋਂ ਪਹਿਲਾਂ ਆਂਦਾ ਹੁੰਦਾ।'

—ਇਸ ਤਰ੍ਹਾਂ 'ਕੱਲਾ ਤਾਂ ਉਹ ਕਿਧਰੇ ਨਹੀਂ ਜਾਂਦਾ। ਗਾਹਣਿਆਂ, ਤੂੰ ਵਗ ਜਾ ਪਤਾ ਤਾਂ ਕਰ ਜਾ ਕੇ ਅੰਮਾਂ ਲੱਧੀ........।'

—ਸਦੀਕ ਮੈਂ ਨਹੀਂ ਜਾਣਾ ਅੰਮਾਂ ਲੱਧੀ ਕੋਲ। ਮੇਰੀ ਤੌਬਾ।' ਗਾਹਣੇ ਨੇ ਕੰਨ ਫੜੇ।

—ਚੱਲ ਅੰਮਾਂ ਕੋਲ ਨਾ ਜਾਹ, ਸ਼ੱਲੇ ਟੁੰਡੇ ਦੇ ਘਰ ਤਾਂ ਚਲਾ ਜਾਹ।'

—ਟੁੰਡੇ ਦਾ ਅੱਬਾ ਬੜਾ ਕੱਬਾ ਈ ਯਾਰ। ਮੈਨੂੰ ਵੇਂਹਦਿਆਂ ਈ ਓਹਨੇ ਗਾਲ੍ਹੀਂ ਉੱਤਰ ਆਉਣਾ।' ਗਾਹਣੇ ਨੇ ਲੱਤ ਨਾ ਲਾਈ।

—ਫੱਤੂ ਤੂੰ ਈ ਚਲਾ ਜਾ, ਵਾਹਵਾ ਲਿਸ਼ਕਿਆ-ਪੁਸ਼ਕਿਆ ਫਿਰਨੈਂ....।'

—ਜਿਥੇ ਛਿੱਤਰ ਪੌਲਾ ਹੋਣਾ ਹੋਵੇ, ਓਥੇ ਫੱਤੂ ਮਰਾਸੀ ਨੂੰ ਧੱਕ ਦਿਆ ਕਰੋ। ਜਦ ਲੁੱਟ ਦਾ ਮਾਲ ਵੰਡੀਣਾ ਹੁੰਦਾ, ਉਦੋਂ ਆਖਦੇ ਨੇ, ਮੀਰਜਾਦਿਆ ਥੋੜ੍ਹਾ ਪਰ੍ਹੇ ਹਟ ਕੇ ਬਹੁ। ਜਦ ਅੰਗੂਰੀਆਂ ਦੇ ਪਿਆਲੇ ਭਰ ਭਰ ਹਲਕ ਥੱਲੇ ਸੁੱਟਦੇ ਓਂ ਤਦ ਫੱਤੂ ਦੀ ਲਿਸ਼ਕ-ਪੁਸ਼ਕ ਨਹੀਓਂ ਦਿਸਦੀ। ਮੈਂ ਤਾਂ ਲੂਣ ਦੀ ਡਲੀ ਚੱਟਣ ਜੋਗਾ ਈ ਰਹਿ ਜਾਨਾਂ। ਪਿਰਥਾ ਜਾਵੇ, ਲਹਿਣਾ ਜਾਵੇ, ਸਦੀਕਾ ਜਾਵੇ, ਰਮਜ਼ਾ ਜਾਵੇ, ਰੂੜਾ ਜਾਵੇ, ਇਹਨਾਂ ਦੇ ਪੈਰਾਂ ਥੱਲੇ ਫੋੜਾ ਨਿਕਲਿਆ ?' ਫੱਤੂ ਮਰਾਸੀ ਆਪਣੇ ਰੰਗ ਵਿਚ ਆ ਗਿਆ।.....'ਨਾਲੇ ਅੱਜ ਮੈਂ ਮਰਾਸਣ ਨੂੰ ਆਖ ਆਇਆਂ ਤਿਆਰ ਰਹਵੇ, ਫੱਤੂ ਮਰਾਸੀ ਪੂਰੀ ਚੜ੍ਹਾਈ 'ਚ ਆਣਾ ਈ।'

—ਮੀਰਜਾਦਿਆ ਤੂੰ ਚੜ੍ਹਾਈ ਕਰ ਚਾਹੇ ਉਤਰਾਈ ਕਰ, ਤੂੰ ਜਾਣੇ ਤੇ ਮਰਾਸਣ ਜਾਣੇ, ਪਰ ਮੈਨੂੰ ਓਧਰ ਜਾਣ ਲਈ ਨਾ ਆਖ। ਸਾਡਾ ਤਾਂ ਮੂੰਹ ਤੇਰੇ ਅੱਲਾਹ ਨੇ ਕੁਹਾੜੇ ਨਾਲ ਪਾੜ ਛੱਡਿਆ। ਟੁੰਡੇ ਦਾ ਪਤਾ ਕਰਨ ਗਿਆ, ਕਿਧਰੇ ਵਿਆਹ 'ਚ ਬੀਅ ਦਾ ਲੇਖਾ ਨਾ ਪਾ ਆਵਾਂ। ਉਹਨੇ ਅੱਗੋਂ ਗਾਲ੍ਹ ਕੱਢਣੀ ਏ ਤੇ ਮੈਥੋਂ ਰਿਹਾ ਨੀ ਜਾਣਾ। ਫੇਰ ਟੁੰਡੇ ਦਾ ਅੱਬਾ ਦਵਾ ਖ਼ਾਨੇ ਪਿਆ ਹੋਊ ਜਾਂ ਰੂੜਾ ਜੱਟ।' ਸਾਰੇ ਰੂੜੇ ਵੱਲ ਝਾਕੇ।

ਲਹਿਣੇ ਨੇ, ਝਿੜੀ ਵੱਲ ਤੁਰੇ ਆਉਂਦੇ ਦੋ ਜਣੇ ਵੇਖ ਕੇ ਆਖਿਆ—'ਕੋਈ ਓਪਰੇ ਬੰਦੇ ਲਗਦੇ ਨੀ।'

—ਇੱਕ ਤਾਂ ਕੋਈ ਫ਼ਕੀਰ ਜਾਪਦਾ ਈ।' ਪਿਰਥਾ ਬੋਲਿਆ।

—ਇਹ ਤਾਂ ਨੱਚਣ ਗਾਉਣ ਡਹੇ ਨੀ।'

—ਇਹ ਘਰਾਂ ਵਲ ਨਹੀਂ ਜਾਂਦੇ, ਏਧਰੋਂ ਕੀ ਮਿਲਣਾ।'

ਉਹ ਜਿਵੇਂ ਜਿਵੇਂ ਨੇੜੇ ਆਉਂਦੇ ਗਏ, ਆਵਾਜ਼ ਸਪੱਸ਼ਟ ਹੁੰਦੀ ਗਈ।

ਤੇਰੇ ਸ਼ਹੁ ਆਵਣ ਦੀ ਵੇਰਾ
ਸੁੱਤੀ ਹੈਂ ਤਾਂ ਜਾਗ
ਤੇਰੇ ਸ਼ਹੁ ਆਵਣ ਦੀ ਵੇਰਾ।

ਸਾਰੇ ਉੱਠ ਖੜ੍ਹੇ ਹੋਏ। ਸਦੀਕ ਨੇ ਥੜ੍ਹੇ ਉਪਰ ਇਕ ਚਾਦਰ ਵਿਛਾ ਦਿੱਤੀ।

—ਆਸਣ ਕਰੋ ਬਾਬਾ।' ਪਿਰਥੇ ਨੇ ਝੁੱਕ ਕੇ ਚਾਦਰ ਵੱਲ ਇਸ਼ਾਰਾ ਕੀਤਾ।

—ਤੁਸਾਂ 'ਚੋਂ ਦੁੱਲਾ ਕੌਣ ਈ ?' ਸਾਈਂ ਨੇ ਪੁੱਛਿਆ ਤੇ ਚਾਦਰ ਉਪਰ ਬੈਠ ਗਿਆ।

—ਦੁੱਲੇ ਨੂੰ ਤਾਂ ਅਸੀਂ ਆਪ ਉਡੀਕਣੇ ਪਏ ਆਂ ਬਾਬਾ।'

—ਮਾਧੋ ਉੱਠ ਰਾਹ ਪਈਏ।'

ਮਾਧੋ ਉੱਠ ਖੜ੍ਹਾ।

—ਬਾਬਾ ਜੀ ਦੁੱਲਾ ਆਂਦਾ ਈ ਹੋਣਾ।' ਰਮਜ਼ਾ ਫ਼ਿਕਰ ਨਾਲ ਬੋਲਿਆ।

ਸਾਈਂ ਗਾਉਣ ਲੱਗਾ;
ਕਿਥੇ ਨੀ ਤੇਰੇ ਮਾਣਕ ਮੋਤੀ,
ਅਹੁ ਦੇਖ ਜੰਜ ਤੇਰੀ ਆਇ ਖਲੋਤੀ,



ਦੋਵੇਂ ਨੱਚਣ ਲੱਗ ਪਏ।'.....(ਗਾਉਂਦੇ ਰਹੇ)
ਕਹੇ ਹੁਸੈਨ ਫ਼ਕੀਰ ਨਿਮਾਣਾ,
ਪਉ ਸਾਈਂ ਦੇ ਰਾਹਿ.........।.....ਕਿਥੇ ਨੀ ਤੇਰੇ ਮਾਣਕ ਮੋਤੀ......।

ਗਾਉਂਦੇ ਗਾਉਂਦੇ ਉਹ ਤੁਰ ਪਏ। ਪਿਰਥੇ ਹੋਰਾਂ ਦੇ ਰੋਕਦਿਆਂ ਵੀ ਨਹੀਂ ਰੁਕੇ। ਉਹ ਕਹਿੰਦੇ ਹੀ ਰਹਿ ਗਏ.....'ਅਸਾਂ ਨੂੰ ਖਿਦਮਤ ਦਾ ਮੌਕਾ ਤਾਂ ਦੇਵੋ ਬਾਬਾ।'

ਪਰ ਸਾਈਂ ਅਤੇ ਮਾਧੋ ਝਿੜੀ 'ਚੋਂ ਬਾਹਰ ਨਿਕਲ ਗਏ।

ਸੂਰਜ ਹੁਣ ਛਿੱਪ ਗਿਆ ਸੀ।

ਦੁੱਲਾ ਅਜੇ ਵੀ ਨਹੀਂ ਸੀ ਆਇਆ।

****

ਸਾਰੇ ਫ਼ਿਕਰਮੰਦ ਸਨ। ਰੂੜੇ ਨੇ ਕਿਧਰੇ ਵੀ ਜਾਣ ਤੋਂ ਸਾਫ਼ ਇਨਕਾਰ ਕਰ ਦਿੱਤਾ ਸੀ। ਪਿਰਥੇ ਨੂੰ ਹੋਰ ਵੀ ਫ਼ਿਕਰ ਸੀ, ਸਾਈਂ ਨੇ ਆਕੇ ਉਹਨਾਂ ਦਾ ਪਾਣੀ ਤੱਕ ਨਹੀਂ ਪੀਤਾ। ਦੁੱਲੇ ਬਾਰੇ ਪੁੱਛਿਆ ਤੇ ਉੱਠ ਕੇ ਤੁਰ ਪਏ, ਕਿਤੇ ਇਹ ਲਾਹੌਰ ਦੇ ਸੂਹੀਏ ਤਾਂ ਨਹੀਂ ਭੇਸ ਵਟਾਈ ਫਿਰਦੇ ?

—ਦੁੱਲਾ ਕਿਥੇ ਰਹਿ ਗਿਆ ਹੋਇਆ ?' ਇਹ ਵੱਡੀ ਚਿੰਤਾ ਦੀ ਗੱਲ ਸੀ।

ਆਖ਼ਰ ਰਮਜ਼ਾ ਉਠਿਆ—'ਮੈਂ ਚੱਲਿਆਂ ਅੰਮਾਂ ਲੱਧੀ ਵੱਲ।' ਤੇ ਤੁਰ ਪਿਆ।

—ਉਏ ਖੋਤਿਆ ਸਿੱਧਾ ਨਾ ਅੰਦਰ ਵੜ ਜਾਈਂ, ਹਾਕ ਦੇ ਲਈਂ ਪਹਿਲਾਂ।' ਪਿਛੋਂ ਪਿਰਥੇ ਨੇ ਉੱਚੀ ਆਵਾਜ਼ ਵਿਚ ਖਬਰਦਾਰ ਕੀਤਾ।

****

ਕਾਫ਼ੀ ਦੇਰ ਪਿਛੋਂ ਰਮਜ਼ਾ ਮੁੜਿਆ। ਉਸਦੀ ਢਿੱਲੀ ਜਿਹੀ ਤੋਰ ਵੇਖਕੇ ਸਾਰੇ ਸਮਝ ਗਏ। ਫਿਰ ਵੀ ਉਸਦੇ ਦੁਆਲੇ ਹੋ ਗਏ।

—ਦੁੱਲਾ ਘਰ ਵੀ ਨਹੀਂ ਹੈਗਾ।' ਰਮਜ਼ੇ ਨੇ ਦੱਸਿਆ।

—ਆਖਿਆ ਕੀ ਅੰਮਾਂ ਨੇ ?'

—ਆਖਣਾ ਕੀ ਐ, ਮੈਨੂੰ ਚਾਰ ਗਾਲ੍ਹਾਂ ਪੁਆਣੀਆਂ ਸੀ, ਪੁਆ ਦਿੱਤੀਆਂ। ਪਹਿਲਾਂ ਤਾਂ ਆਂਹਦੀ, ਜੀਣ ਜੋਗਿਆ ਉਹ ਤਾਂ ਘਰ ਨਈ੍ਹੀਂ। ਜਦ ਮੈਂ ਕਿਹਾ: ਉਹ ਖੂਹ 'ਤੇ ਵੀ ਨਹੀਂ ਆਇਆ ਤਾਂ ਆਂਹਦੀ ਏਹ ਵੇਲੇ ਖੂਹ 'ਤੇ ਕੀ ਭੱਦਰਕਾਰੀਆਂ ਕਰਦੇ ਜੇ ?' ਮੈਂ ਆਖਿਆ,—ਇਹ ਨਾ ਪੁੱਛੀਂ ਅੰਮਾਂ।'

—ਕਿਉਂ ਨਾ ਪੁੱਛਾਂ, ਥੇਹ ਹੋਣਿਆਂ, ਨਿਰਲੱਜਾ, ਔਂਤਰਿਆ, ਕੀ ਕੀ ਨਹੀਂ ਆਖਿਆ ਅੰਮਾਂ ਨੇ। ਮੈਂ ਕਿਹਾ ਅੰਮਾਂ ਜੋ ਮਰਜ਼ੀ ਆਖ, ਅਸਾਂ ਕੁਰਾਨ ਦੀਆਂ ਕਸਮਾਂ ਲਈਆਂ ਨੇ, ਸਾਡੀ ਢਾਣੀ ਬੁੱਕਲ ਨਸ਼ਰ ਨਹੀਓਂ ਕਰਦੀ।' ਮੈਨੂੰ ਕਹਿੰਦੀ—'ਢੱਠੇ ਖੂਹ 'ਚ ਪੈ, ਦੁੱਲੇ ਦੀ ਸਾਰੀ ਢਾਣੀ ਆਪਣੀ ਖੋਪੜੀ 'ਤੇ ਸਿੰਗ ਲਈ ਫਿਰਦੀ ਐ।' ਮੈਂ ਤਾਂ ਫਿਰ ਦੌੜ ਆਇਆ ਏਧਰ।'

ਰਮਜ਼ੇ ਦੀਆਂ ਗੱਲਾਂ ਸੁਣਕੇ ਸਾਰੇ ਸੋਚੀਂ ਪੈ ਗਏ। ਏਸ ਵੇਲੇ ਜਾਣ ਕਿਥੇ। ਉੱਤੋਂ ਰਾਤ ਪੈਣ ਲੱਗੀ ਸੀ। ਸਾਰਿਆਂ ਦੇ ਚਿਹਰਿਆਂ ਉੱਪਰ ਡਰ ਸੀ। ਸਾਰੇ ਦੁੱਲੇ ਦੇ ਨਾਲ ਹੀ ਸ਼ੇਰ ਸਨ।

—ਫੁੱਤੂ ਨੂੰ ਆਖੀਏ ਪੀਪਾ ਖੜਕਾ।' ਸਦੀਕ ਦੇ ਬੋਲਾਂ ਵਿਚ ਉਦਾਸੀ ਸੀ।

—ਏਸ ਤਰ੍ਹਾਂ ਤਾਂ ਸਾਰੇ ਲੋਕਾਂ ਜਾਣ ਲੈਣਾ।'

ਪਿਰਥੇ ਨੇ ਅਜੇ ਕਿਹਾ ਹੀ ਸੀ, ਦੋ ਘੋੜ ਸਵਾਰ ਇਕ ਦਮ ਉਹਨਾਂ ਦੇ ਸਿਰਾਂ ਉੱਤੇ ਆਣ ਖੜ੍ਹੇ। ਸਾਰੇ ਤ੍ਰਭਕ ਗਏ। ਝਿੜੀ ਅੰਦਰ ਹਨੇਰਾ ਹੋ ਗਿਆ ਸੀ। ਇਕ ਜਣੇ ਨੂੰ ਘੋੜੇ ਉਪਰੋਂ ਉੱਤਰਦਿਆਂ ਡੀਲ-ਡੌਲ ਤੋਂ ਸਾਰਿਆਂ ਨੇ ਝੱਟ ਪਛਾਣ ਲਿਆ।

—ਦੁੱਲਿਆ ਤੂੰ ਤਾਂ ਅੱਜ ਸਾਡੇ ਸਾਹ ਹੀ ਸੂਤ ਲਏ ਯਾਰਾ।' ਪਿਰਥੇ ਨੇ ਬਗਲ ਗੀਰ ਹੁੰਦਿਆਂ ਉਲਾਭਾਂ ਦਿੱਤਾ।

—ਵੇਲਾ ਈ ਖੁੰਝ ਗਿਆ ਬੇਲੀਓ ਤੇ ਤੁਰਦਿਆਂ ਤੁਰਦਿਆਂ ਅਵੇਰ ਹੋ ਗਈ।'

—ਖ਼ਬਰ ਤਾਂ ਕਰਦਾ......।'

—ਖ਼ਬਰ ਆਲੀ ਤੰਦ ਈ ਟੁੱਟੀ ਰਹੀ.....।' ਦੁੱਲਾ ਹੱਸਿਆ।

—ਨਾਲ ਦਾ ਬੇਲੀ ਕੌਣ ਈ, ਘੋੜੇ ਵੀ ਓਪਰੇ ਨੇ।' ਸਦੀਕ ਨੇ ਪੁੱਛਿਆ।

—ਜਦ ਬੇਲੀ ਆਖ ਦਿੱਤਾ, ਫਿਰ ਘੋੜੇ ਓਪਰੇ ਕਾਹਦੇ ਹੋਏ। ਆਪਣੇ ਈ ਨੇ ਤੇ ਬੰਦਾ ਈ ਅਲੀ ਸੌਦਾਗਰ, ਘੋੜਿਆਂ ਦਾ ਵਪਾਰੀ।'

—ਹਲਾ, ਅਲੀ ਖਾਂ, ਤੇ ਇਹ ਘੋੜੇ ਉੱਪਰ ਈ ਕਿਉਂ ਬੈਠਾ ਹੋਇਆ ? ਥੱਲੇ ਲਹਿ ਪਉ ਮੀਆਂ।' ਰੂੜਾ ਖੁਸ਼ ਹੋ ਗਿਆ। ਅਲੀ ਖਾਂ ਨੂੰ ਸਾਰੇ ਜਾਣਦੇ ਸਨ। ਉਹ ਬਾਦਸ਼ਾਹ ਅਕਬਰ ਲਈ ਕੰਧਾਰੀ ਅਤੇ ਤੁਰਕੀ ਨਸਲ ਦੇ ਘੋੜੇ ਖਰੀਦ ਕੇ ਲਿਆਉਂਦਾ ਏ। ਦੁੱਲੇ ਕੋਲ ਉਸ ਤਿੰਨ ਕੁ ਵਾਰ ਪਹਿਲਾਂ ਵੀ ਠਾਹਰ ਕੀਤੀ ਸੀ। ਜਦੋਂ ਅਲੀ ਦੁੱਲੇ ਪਾਸ ਠਹਿਰਦਾ ਹੈ ਤਾਂ ਖ਼ੂਬ ਦਾਅਵਤਾਂ ਚਲਦੀਆਂ ਨੇ, ਗੋਸ਼ਤ ਪੱਕਦੇ ਹਨ ਤੇ ਅੰਗੂਰੀਆਂ ਉੱਡਦੀਆਂ ਹਨ।

ਅਲੀ ਵੀ ਜਾਣਦਾ ਹੈ, ਦੁੱਲੇ ਪਾਸ ਠਹਿਰਿਆਂ, ਉਸਨੂੰ ਕੋਈ ਖ਼ਤਰਾ ਨਹੀਂ ਹੁੰਦਾ। ਨਹੀਂ ਤਾਂ ਏਨਾ ਕੀਮਤੀ ਮਾਲ ਵੇਖਕੇ, ਕਿਸੇ ਦੀ ਵੀ ਨੀਅਤ ਵਿਗੜ ਸਕਦੀ ਹੈ।

—ਅਸੀਂ ਤਾਂ ਬੜੇ ਫ਼ਿਕਰ ਵਿਚ ਸਾਂ ਦੁੱਲਿਆ, ਕਿਤੇ ਅਕਬਰ ਦੇ ਸਿਪਾਹੀਆਂ ਹੱਥ ਨਾ ਚੜ੍ਹ ਗਿਆ ਹੋਵੇ।' ਰੂੜੇ ਦੇ ਬੋਲਾਂ ਵਿਚ ਫ਼ਿਕਰ ਅਤੇ ਖੁਸ਼ੀ ਦਾ ਰਲੇਵਾਂ ਸੀ।

ਉਦੋਂ ਹੀ ਇਕ ਜਣਾ ਹੌਂਕਦਾ ਹੌਂਕਦਾ ਥੜ੍ਹੇ ਕੋਲ ਆ ਖੜ੍ਹਾ।

—ਉਏ ਟੁੰਡਿਆ ਤੂੰ ਕਿਥੇ ਰਹਿ ਗਿਆ ਸੈਂ ?' ਸਦੀਕ ਨੇ ਰੋਹਬ ਨਾਲ ਪੁੱਛਿਆ।

—ਦੁੱਲੇ ਨੂੰ ਪੁੱਛ।' ਟੁੰਡੇ ਨੇ ਵੱਡੇ ਵੱਡੇ ਸਾਹ ਲੈਂਦਿਆਂ ਕਿਹਾ।

—ਉਏ ਏਨਾ ਪਿੱਛੇ ਰਹਿ ਗਿਆ ਤੂੰ।' ਦੁੱਲੇ ਨੇ ਹੱਸਦਿਆਂ ਪੁੱਛਿਆ।

—ਮੈਂ ਕਿਹੜਾ ਧਾਅਡੇ ਆਂਗੂ ਚਾਰ ਟੰਗਾਂ 'ਤੇ ਸੀ ?' ਮੇਰੀ ਤਾਂ ਬਾਂਹ ਵੀ ਹਿੱਕੋ ਈ ਏ।'

ਸ਼ੱਲੇ ਦੀ ਗੱਲ ਸੁਣਕੇ ਸਾਰੇ ਹੱਸਣ ਲੱਗੇ। ਬੋਝਲ ਮਾਹੌਲ ਸੁਖਾਵਾਂ ਲੱਗਣ ਲਗ ਪਿਆ।

—ਲੈ ਵੀ ਮਿੱਤਰੋ, ਅਲੀ ਖਾਂ ਸਾਡਾ ਮਹਿਮਾਨ ਈ, ਗਾਹਣਿਆਂ ਤੂੰ ਕੋਈ ਕੱਟਰੂ ਵੱਛਰੂ ਹਿੱਕ ਲਿਆ ਪਿੰਡੋਂ। ਏਥੇ ਈ ਦੇਗਾ ਚਾੜ੍ਹ ਦਿੰਨੇ ਆਂ। ਬਾਲਣ ਵਾਧੂ ਈ ਤੇ ਰਾਤ ਆਪਣੀ ਊ। ਸਦੀਕਿਆ ਤੂੰ ਕੋਈ ਦੋਹਣੀ-ਮਸ਼ਕ ਕੱਢ ਦੱਬੀ ਹੋਈ। ਅਲੀ ਨੂੰ ਅੱਜ ਸ਼ਾਹੀ ਦਾਅਵਤ ਕਰਨੀ ਏਂ।

ਸਾਰੇ ਖੁਸ਼ ਹੋ ਗਏ।

—ਰੂੜਿਆ ਪਹਿਲਾਂ ਘੋੜੇ ਬੰਨ੍ਹਦੇ ਪਰ੍ਹਾਂ। ਧਿਆਨ ਨਾਲ ਜਾਵੀਂ। ਜਾਨਵਰ ਓਪਰਾ ਵੀ ਮੰਨ ਜਾਂਦਾ ਹੁੰਦਾ। ਘੋੜੇ ਵੇਖੀਂ। ਪੰਜ ਸੌ ਘੋੜੇ ਲੈ ਕੇ ਚੱਲਿਆ ਈ ਆਪਣਾ ਯਾਰ ਅਕਬਰੇ ਪਾਸ। ਘੋੜਾ ਇੱਕ ਤੋਂ ਇੱਕ ਚੜ੍ਹਦਾ ਏ। ਪਿੰਡੇ ਉਤੋਂ ਮੱਖੀ ਤਿਲਕਦੀ ਏ।'



ਘੋੜਿਆਂ ਦੀਆਂ ਸਿਫਤਾਂ ਸੁਣਕੇ ਅਲੀ ਸੌਦਾਗਰ ਮੁੱਛਾਂ ਨੂੰ ਤਾਅ ਦੇਣ ਲੱਗਾ।

ਦਾਅਵਤ ਦੀ ਤਿਆਰੀ ਹੋਣ ਲੱਗੀ।

ਗਾਹਣਾ ਪਿੰਡ ਵੱਲ ਨੱਠ ਗਿਆ।

ਸਦੀਕ ਸ਼ਰਾਬ ਦੀ ਦੋਹਣੀ ਕੱਢ ਲਿਆਇਆ।

ਫੱਤੂ, ਤਾਰੀ ਅਤੇ ਸ਼ੱਲਾ ਭੱਠੀ ਵਿਚ ਅੱਗ ਬਾਲਣ ਜਾ ਲੱਗੇ।

ਲਹਿਣੇ ਨੇ ਇਕ ਮਸ਼ਾਲ ਬਾਲ ਕੇ, ਥੜ੍ਹੇ ਲਾਗੇ ਅੰਬ ਦੇ ਦੁਸਾਂਗੇ ਵਿਚ ਟੰਗ ਦਿੱਤੀ। ਜੰਗਲ ਵਿਚ ਮੰਗਲ ਹੋ ਗਿਆ।

ਰੂੜਾ ਘੋੜੇ ਬੰਨ੍ਹ ਕੇ ਮੁੜਿਆ ਤਾਂ ਆਂਹਦਾ,—'ਦੁੱਲਿਆ, ਸੱਚ ਈ ਘੋੜਿਆਂ ਨੂੰ ਵੇਖ ਕੇ ਭੁੱਖ ਲਹਿੰਦੀ ਏ। ਜੀ ਕਰਦਾ ਏ, ਪਲਾਕੀ ਮਾਰਕੇ ਬਹਿ ਜਾਵਾਂ ਤੇ ਉੱਡ ਜਾਵਾਂ ਅੰਬਰੀਂ।'

—ਅੱਜ ਰਹਿਣ ਦੇ ਰੂੜਿਆ। ਹਿੱਕ ਤਾਂ ਨੇਰ੍ਹਾ ਈ ਤੇ ਉੱਪਰੋਂ ਬੱਦਲ ਵਾਈ ਸੰਘਣੀ ਏ ਤੇ ਘੋੜੇ ਵੀ ਓਪਰੇ ਨੇ। ਮੈਨੂੰ ਲਗਦਾ ਏ ਤੂੰ ਬੱਦਲਾਂ 'ਚ ਈ ਫਸੀ ਜਾਣੈ।'

ਫੱਤੂ ਮਰਾਸੀ ਦੀ ਗੱਲ 'ਤੇ ਸਾਰੇ ਹੱਸ ਪਏ।

......................

ਦੁੱਲਾ ਇਸ਼ਾਰੇ ਨਾਲ ਪਿਰਥੇ ਨੂੰ ਇਕ ਪਾਸੇ ਲੈ ਗਿਆ ਤੇ ਕੁਝ ਦੇਰ ਉਸ ਨਾਲ ਗੁਫਤਗੂ ਕਰਦਾ ਰਿਹਾ। ਫਿਰ ਅਲੀ ਸੌਦਾਗਰ ਕੋਲ ਬਹਿੰਦਿਆਂ, ਦੁੱਲੇ ਨੇ ਪਿਰਥੇ ਨੂੰ ਕਿਹਾ, 'ਸਦੀਕੇ ਨੂੰ ਨਾਲ ਖੜ ਲੈ, ਤੇ ਪਿੰਡੋਂ ਹੋਰ.....।'

—ਕਰ ਲਵਾਂਗੇ ਅਸੀਂ ਸਭ, ਤੁਸੀਂ ਬੇ-ਫ਼ਿਕਰ ਹੋਕੇ ਦਾਅਵਤਾਂ ਉੜਾਓ....।' ਪਿਰਥਾ ਸਦੀਕ ਨੂੰ ਨਾਲ ਲੈ ਕੇ ਖਿਸਕ ਗਿਆ।

* * * *

ਦੁੱਲੇ ਦੀ ਦਆਵਤ ਅੰਤਮ ਪੜਾਅ ਉਪਰ ਸੀ। ਸਾਰੇ ਸ਼ਰਾਬੀ ਸਨ। ਲਹਿਣੇ ਦੀ ਤਾਂ ਜੀਭ ਵੀ ਸ਼ਰਾਬਣ ਹੋਈ ਪਈ ਸੀ।

ਨਸ਼ੇ ਵਿਚ ਤਾਂ ਅਲੀ ਸੌਦਾਗਰ ਵੀ ਸੀ। ਉਹ ਧੱਕੇ ਨਾਲ ਆਪਣੇ ਆਪ ਨੂੰ ਚੁਕੰਨਾ ਦਿਖਾਉਣ ਦਾ ਯਤਨ ਕਰ ਰਿਹਾ ਸੀ। ਉਸਨੂੰ ਆਪਣੇ ਘੋੜਿਆਂ ਦਾ ਵੀ ਫ਼ਿਕਰ ਸੀ ਤੇ ਆਪਣੇ ਪੜਾਅ ਉੱਪਰ ਵੀ ਪੁੱਜਣਾ ਸੀ।

—ਦੁੱਲਾ ਖ਼ਾਨ, ਅਸੀਂ ਤਾਰੇ ਖੜ੍ਹਿਆਂ ਈ ਫਜ਼ਰ ਵੇਲੇ ਨਿਕਲਣਾ ਈ ਘੋੜੇ ਲੈ ਕੇ ਲਾਹੌਰ ਵੱਲ ਮੈਨੂੰ ਪੜਾਅ 'ਤੇ ਛੱਡ ਆ ਹੁਣ।' ਪੂਰਾ ਜ਼ਬਤ ਰਖਦਿਆਂ ਵੀ ਅਲੀ ਖਾਂ ਦੇ ਬੋਲ ਲੜਖੜਾ ਗਏ।

—ਘੋੜੇ ਜਿਥੇ ਪੁੱਜਣੇ ਸੀ ਪੁੱਜ ਗਏ ਨੀ ਅਲੀ ਖਾਂ। ਏਨਾ ਕਾਹਨੂੰ ਫ਼ਿਕਰ ਕਰਨਾ ਏਂ। ਹੁਣ ਤੂੰ ਆਪਣਾ ਫ਼ਿਕਰ ਕਰ, ਆਪਣੇ ਪੈਰੀਂ ਮੁੜਨਾ ਏ ਕਿ ਚਾਰ ਜਣੇ ਛੱਡ ਕੇ ਆਵਣ ?' ਦੁੱਲੇ ਦੇ ਤੇਵਰ ਅਚਾਨਕ ਬਦਲੇ ਤਾਂ ਉਸਦੇ ਸਾਥੀ ਵੀ ਹੈਰਾਨ ਰਹਿ ਗਏ।

ਅਲੀ ਖਾਂ ਸੌਦਾਗਰ ਦਾ ਤਾਂ ਨਸ਼ਾ ਹੀ ਉੱਤਰ ਗਿਆ।

—ਕੀ ਆਖਨਾਂ ਏ ਦੁੱਲੇ ਭਰਾ। ਯਾਰ ਮਾਰ ਕਰਨ ਲੱਗਾ ਏਂ ?'

—ਇਹ ਯਾਰ ਮਾਰ ਨਹੀਂ ਅਲੀ ਖਾਂ, ਇਹ ਤਾਂ ਅਕਬਰ ਨੂੰ ਭਾਜੀ ਮੋੜਨ ਦਾ ਸਬੱਬ ਈ। ਉਹਦਾ ਕੋਈ ਸ਼ਾਹੂਕਾਰ, ਵਪਾਰੀ, ਸੌਦਾਗਰ, ਏਧਰੋਂ ਅਸੀਂ ਲੰਘਣ ਨਹੀਂ ਦੇਂਦੇ।'

—ਸੋਚ ਲੈ ਦੁੱਲਿਆ। ਘੋੜੇ ਅਲੀ ਖਾਂ ਕੋਲੋਂ ਨਹੀਂ ਖੋਂਹਦਾ ਪਿਆ, ਬਾਦਸ਼ਾਹ ਅਕਬਰ ਕੋਲੋਂ ਖੋਂਹਦਾ ਪਿਐਂ।' ਅਲੀ ਦੇ ਬੋਲਾਂ ਵਿਚ ਧੌਂਸ ਵੀ ਸੀ, ਤਰਲਾ ਵੀ ਸੀ।

—ਤੂੰ ਕਾਹਦਾ ਫ਼ਿਕਰ ਕਰਨਾ ਏ ਫਿਰ ?' ਦੁੱਲਾ ਨਸ਼ੇ ਵਿਚ ਹੱਸਿਆ।

—ਇਹ ਘੋੜੇ ਬਾਦਸ਼ਾਹ ਦੀ ਅਮਾਨਤ ਨੇ ਦੁੱਲਿਆ।'

—ਬਾਦਸ਼ਾਹ ਦੀ ਅਮਾਨਤ ਨੇ ਤਾਂਹੀ ਖੋਹੇ ਨੇ। ਤੇਰੇ ਨਾਲ ਮੇਰਾ ਕੋਈ ਵੈਰ ਨਹੀਂ ਅਲੀ ਖਾਂ। ਮੇਰੇ ਬੰਦੇ ਤੈਨੂੰ ਕੁਝ ਨਹੀਂ ਆਖਣਗੇ। ਨਹੀਂ ਤਾਂ ਵੇਲਾ ਵਿਚਾਰ ਲੈ। ਏਥੇ ਝਿੜੀ ਵਿਚ ਤਾਂ ਹਾਥੀ ਖਪਾ ਦੇਈਏ ਅਸੀਂ—।'

ਅਲੀ ਸੌਦਾਗਰ ਨੇ ਵੇਖਿਆ, ਅੱਧੀ ਰਾਤ ਦਾ ਵੇਲਾ, ਚੁਫੇਰੇ ਸੰਘਣੇ ਰੁੱਖਾਂ ਦਾ ਝੁੰਡ। ਲਾਗਿਓਂ ਦੀ ਵਹਿੰਦਾ ਦਰਿਆ।.....ਉਸਦਾ ਚਿਹਰਾ ਫ਼ੱਕ ਹੋ ਗਿਆ। ਏਥੇ ਤਾਂ ਕਿਸੇ ਨੂੰ ਮੇਰੀ ਚੀਕ ਵੀ ਨਹੀਂ ਸੁਣਨੀ। ਦੁੱਲੇ ਦੇ ਸਾਥੀਆਂ ਤਾਂ ਆਪਣੇ ਹੱਥਾਂ ਹੇਠਾਂ ਹਥਿਆਰ ਵੀ ਕਰ ਲਏ ਨੇ। ਦੜ ਵੱਟਣ 'ਚ ਈ ਭਲਾ ਏ। ਇਕ ਵਾਰ ਏਥੋਂ ਨਿਕਲ ਜਾਵਾਂ। ਬਾਦਸ਼ਾਹ ਹਿਸਾਬ ਕਿਤਾਬ ਬਰਾਬਰ ਕਰ ਲਏਗਾ ਆਪੇ। ਉਸਦੇ ਡਰੇ ਸਹਿਮੇ ਬੋਲ ਨਿਕਲੇ,—'ਦੁੱਲਿਆ, ਮੈਂ ਤਾਂ ਚਲਾ ਜਾਵਾਂਗਾ। ਸੌਦਾਗਰ ਆਂ, ਘਾਟਾ ਵਾਧਾ ਹੁੰਦਾ ਈ ਆਇਆ। ਪਰ ਇਹ ਸੌਦਾ ਬਾਦਸ਼ਾਹ ਦਾ ਏ ਉਹਦੇ ਕਹਿਰ ਤੋਂ ਬਚੀਂ।'

—ਅਲੀ ਖਾਂ ਤੂੰ ਆਪਣੀ ਖ਼ੈਰ ਮਨਾ। ਜਦ ਤੇਰੇ ਬਾਦਸ਼ਾਹ ਦਾ ਵੇਲਾ ਆਇਆ ਵੇਖੀ ਜਾਊ। ਇੱਕ ਘੋੜਾ ਮੇਰੇ ਵਲੋਂ ਲਈ ਜਾ ਤੋਹਫ਼ਾ। ਆਖਰ ਤਾਂ ਅਸਾਂ ਦਾ ਯਾਰ ਏ ਤੂੰ। ਪੈਰੀਂ ਤਾਂ ਨਹੀਂ ਤੋਰਨਾ। ਦਿਨ ਚੜ੍ਹਨ ਤੋਂ ਪਹਿਲਾਂ ਪਹਿਲਾਂ ਪਿੰਡੀ ਦੀ ਜੂਹ ਛੱਡ ਜਾ ਤੇ ਘੋੜਾ ਵੀ ਓਥੇ ਈ ਛੱਡ ਦਈਂ। ਮੇਰੇ ਬੰਦੇ ਲੈ ਆਵਣਗੇ।' ਪਿਆਲਾ ਹੋਰ ਪੀਣਾ ਈ ਤਾਂ ਦੱਸ।' ਦੁੱਲੇ ਨੇ ਉਸਦਾ ਮੋਢਾ ਥਪਥਪਾਇਆ।

—ਪਿਆਲੇ ਜਿਹੜੇ ਪੀਣੇ ਸੀ, ਪੀ ਲਏ ਨੇ ਦੁੱਲਿਆ ਤੇਰੇ ਨਾਲ। ਏਨਾ ਯਾਦ ਰੱਖੀਂ ਤੂੰ ਓਸ ਬਾਦਸ਼ਾਹ ਦੀ ਮੁੱਛ ਨੂੰ ਹੱਥ ਪਾਇਆ ਈ, ਜੀਹਨੇ ਤੇਰੇ ਪਿਉ......

—ਅਲੀ ਖਾਂ.....।' ਅਚਾਨਕ ਸ਼ੇਰ ਵਾਂਗ ਦਹਾੜਿਆ ਦੁੱਲਾ—'ਬੱਸ, ਜੇ ਇਕ ਵੀ ਲਫ਼ਜ਼ ਹੋਰ ਬੋਲਿਆ ਤਾਂ ਮੈਂ ਜ਼ਬਾਨ ਬਾਹਰ ਖਿੱਚ ਲੈਣੀ ਊ। ਮੈਂ ਅੱਕ ਗਿਆ ਸੁਣ ਸੁਣ ਕੇ। ਅਕਬਰ ਨੇ ਉਹਨਾਂ ਨੂੰ ਇੱਕ ਵਾਰ ਲਟਕਾਇਆ ਈ ਤੇ ਤੁਸੀਂ ਉਹਨਾਂ ਨੂੰ ਹਰ ਰੋਜ਼ ਲਟਕਾਂਦੇ ਓ। ਅੱਗੇ ਕੁਝ ਨਾ ਬੋਲੀਂ ਹੁਣ ਨਹੀਂ ਤਾਂ ਮੇਰੇ ਬੰਦਿਆਂ ਤੈਨੂੰ ਏਥੇ ਈ ਦੇਗੇ ਰਿੰਨ੍ਹ ਛੱਡਣਾ। ਆਖ ਦਈਂ ਜਾਕੇ ਆਪਣੇ ਬਾਦਸ਼ਾਹ ਨੂੰ ਫ਼ਰੀਦ ਭੱਟੀ ਦੇ ਪੁੱਤਰ ਦੁੱਲਾ ਭੱਟੀ ਨੇ ਘੋੜੇ ਖੋਹ ਲਏ ਨੀ। ਹੌਸਲਾ ਹੈ ਤਾਂ ਮੁੜਵਾ ਕੇ ਲੈ ਜਾਏ। ਜੇ ਤੇਰੇ ਵਿਚ ਅਣਖ ਰੜਕਦੀ ਹੋਈ ਤੂੰ ਵੇਖ ਲਈਂ, ਜਦ ਜੀ ਕਰੇ। ਦੁੱਲਾ ਤੇ ਉਹਦੇ ਸਾਥੀ ਤੈਨੂੰ ਸ਼ਰੇਆਮ ਵੰਗਾਰਦੇ ਨੇ। ਤੈਨੂੰ ਏਸ ਕਰਕੇ ਕੁਝ ਨਹੀਂ ਆਖਿਆ, ਤੂੰ 'ਕੱਲਾ ਏ ਤੇ ਤੇਰੇ ਕੋਲ ਹਥਿਆਰ ਵੀ ਨਹੀਂ ਅੱਜ। ਜਾਹ ਰੱਬ ਰਾਖਾ।'

ਅਲੀ ਖਾਂ ਸੌਦਾਗਰ, ਦੁੱਲੇ ਦੇ ਚੌਂਹ ਸਾਥੀਆਂ ਵਿਚ ਘਿਰਿਆ, ਪਿੰਡ ਦੀ ਜੂਹ ਵਿਚੋਂ ਨਿਕਲਣ ਲਈ, ਘੋੜੇ ਉੱਪਰ ਜਾ ਬੈਠਾ।



## 28.

ਪਿੰਡੀ ਦੀਆਂ ਗਲੀਆਂ ਵਿਚ, ਫੱਤੂ ਮਰਾਸੀ ਪੀਪਾ ਖੜਕਾਉਂਦਾ, ਅੱਗੇ ਅੱਗੇ ਫਿਰਦਾ ਸੀ। ਉਸਦੇ ਪਿਛੇ ਦੁੱਲਾ, ਪਿਰਥਾ, ਰੂੜਾ, ਗਾਹਣਾ, ਸਦੀਕ, ਰਮਜ਼ਾ ਤੇ ਹੋਰ ਵੀ ਸਨ ਕੁਝ ਤਮਾਸ਼ਬੀਨ। ਨਾਲ ਬੱਚਿਆਂ ਦੀ ਹੇੜ ਵੀ ਸੀ। ਰੂੜੇ, ਪਿਰਥੇ ਹੋਰੀਂ ਬੱਚਿਆਂ ਨੂੰ ਦੱਬਕੇ ਮਾਰਦੇ, ਉਹ ਥੋੜ੍ਹਾ ਪਿੱਛੇ ਹਟ ਜਾਂਦੇ ਰੁਕ ਜਾਂਦੇ, ਪਰ ਅਗਲੇ ਪਲ ਦੌੜ ਕੇ ਉਹਨਾਂ ਦੇ ਨਾਲ ਜਾ ਰਲਦੇ।

ਉਹ ਪਿੰਡੀ ਦੇ ਘਰ ਘਰ ਜਾ ਰਹੇ ਸਨ।

—ਜਮਾਲਦੀਨ ਚਾਚਾ ਘਰ ਈ ਹੈਗਾਂ ?' ਇਕ ਘਰ ਅੱਗੇ ਜਾ ਕੇ ਸਦੀਕ ਨੇ ਹਾਕ ਮਾਰੀ ਤੇ ਕੁੰਡਾ ਖੜਕਾਇਆ।

ਜਮਾਲਦੀਨ ਕਾਹਲੀ ਨਾਲ ਬਾਹਰ ਆਇਆ।—'ਹਲਾ ਸਦੀਕਾ ਈ....., ਨਾਲ ਦੁੱਲਾ ਵੀ ਏ....., ਉਹ ਪੂਰਾ ਟੋਲਾ ਈ ਏ ਕਿ।' ਵੇਖਕੇ ਜਮਾਲਦੀਨ ਖ਼ੁਸ਼ ਹੋ ਗਿਆ।

—ਚਾਚਾ ਜਦ ਫੱਤੂ ਪੀਪਾ ਖੜਕਾਂਦਾ ਏ ਨਾ ਤਾਂ ਜਾਣ ਲਓ ਦੁੱਲਾ ਈ ਹੋਣਾ।' ਪਿਰਥੇ ਨੇ ਅੱਗੇ ਹੋਕੇ ਕਿਹਾ।

—ਮੇਰੇ ਭਾਣੇ ਤਾਂ ਤੁਸੀਂ ਸਾਰੇ ਈ ਦੁੱਲੇ ਓਂ। ਲੰਘ ਆਓ ਅੰਦਰ।'

—ਅੰਦਰ ਆਉਣ ਜੋਗੀ ਵਿਹਲ ਕਿਥੇ ਊ ਚਾਚਾ। ਪਹਿਲਾਂ ਇਹ ਦੱਸ ਕਿੱਦਾਂ ਦੀ ਹੋਈ ਏ ਫ਼ਸਲ ? ਦੁੱਲੇ ਪੁੱਛਿਆ।

—ਅੱਲਾਹ ਈ ਮੇਹਰ ਈ ਦੁੱਲਿਆ। ਇਨਸ਼ਾ ਅੱਲਾਹ ਜੇ ਵੇਲੇ ਸਿਰ ਮੀਂਹ ਵਰ੍ਹ ਗਿਆ ਤਾਂ ਟੱਬਰ ਦੇ ਖਾਣ ਜੋਗੇ ਦਾਣੇ ਕਰ ਲਵਾਂਗੇ।'

—ਜੇ ਟੱਬਰ ਦੇ ਖਾਣ ਜੋਗੇ ਈ ਤਾਂ ਚਾਚਾ ਅਕਬਰ ਨੂੰ ਕੀ ਦਏਂਗਾ ?' ਦੁੱਲੇ ਨੇ ਫਿਰ ਪੁੱਛਿਆ।

—ਅਕਬਰ ਲੈ ਜਾਏ ਜਾਂ ਟੱਬਰ ਖਾ ਲਏ। ਇੱਕ ਜਣੇ ਦਾ ਪੇਟ ਈ ਭਰਨਾ ਦੁੱਲਿਆ।' ਜਮਾਲਦੀਨ ਨੇ ਸੱਚੀ ਗੱਲ ਆਖੀ।

—ਚਾਚਾ ਟੱਬਰ ਦਾ ਢਿੱਡ ਭਰੋ ਪਹਿਲਾਂ, ਕੁਝ ਬਚ ਰਹੇ ਤਾਂ ਅਕਬਰੇ ਦਾ। ਅਸੀਂ ਘਰ ਘਰ ਏਹੀ ਆਖਣ ਡਹੇ ਆਂ।

—ਪੁੱਤਰ ਦੁੱਲਿਆ, ਉਹਦੀ ਮਾਰ ਕੌਣ ਸਹੇਗਾ ?' ਜਲਾਮਦੀਨ ਦੀਆਂ ਅੱਖਾਂ ਵਿਚ ਦੁੱਲੇ ਨੂੰ ਡਰ ਦਿੱਸਿਆ

—ਚਾਚਾ ਤੇਰੇ ਤੱਕ ਅਪੜਣ ਤੋਂ ਪਹਿਲਾਂ, ਬਾਦਸ਼ਾਹ ਨੂੰ ਅਸਾਂ ਨਾਲ ਦੋ ਹੱਥ ਕਰਨੇ ਪੈਣਗੇ। ਆਹ ਦਿੱਸਦੀ ਏ ਸਾਡੀ ਫੌਜ। ਹੁਣ ਹਰ ਪਿੰਡ 'ਚ ਇਹ ਫੌਜ ਹੋਣੀ ਏ।'

—ਮਾਸ਼ਾ-ਅੱਲਾਹ ! ਜੀਂਦੇ ਰਹੋ ਪੁੱਤਰੋ। ਤੁਸਾਂ ਦੇ ਹੁੰਦਿਆਂ ਪਿੰਡੀ ਦਾ ਨਾਮ ਰਹੇਗਾ। ਭੱਟੀਆਂ ਦੇ ਲਹੂ ਦਾ ਮੁੱਲ ਤਾਰਿਆ ਈ ਸੋਹਣਿਆ। ਹੁਣ ਤਾਂ ਡਰ ਈ ਕੋਈ ਨਹੀਂ। ਮੈਂ ਤਾਂ

ਆਖ ਛੱਡਣਾ, ਦੁੱਲਾ ਲਗਾਨ ਦਿੰਦਾ ਈ ਤਾਂ ਮੈਂ ਵੀ ਰਾਜ਼ੀ ਆਂ।' ਆਖ ਕੇ ਜਮਾਲਦੀਨ ਹੱਸਣ ਲੱਗਾ।

—ਏਸੇ ਗੱਲ ਤੇ ਅੜਿਆ ਰਹੀਂ ਚਾਚਾ।'

—ਅੱਲਾਹ ਨੂੰ ਜਾਨ ਦੇਣੀ ਊ ਦੁੱਲਿਆ।' ਜਮਾਲਦੀਨ ਨੇ ਕਸਮ ਲੈਣ ਵਾਂਗ ਆਪਣੀ ਹਿੱਕ ਉੱਪਰ ਹੱਥ ਰੱਖਿਆ।

ਦੁੱਲਾ ਅਤੇ ਉਸਦੇ ਸਾਥੀ ਅਗਲੇ ਬੂਹੇ ਵਲ ਵਧੇ। ਸਦੀਕ ਦਾ ਅੱਬਾ ਪਹਿਲਾਂ ਹੀ ਬਾਹਰ ਨਿਕਲਿਆ ਖੜ੍ਹਾ ਸੀ। ਹੋਰ ਘਰਾਂ ਦੇ ਮੋਹਰੀ ਵੀ ਆਪਣੇ ਘਰਾਂ ਅੱਗੇ ਖੜ੍ਹੇ ਵੇਖ ਰਹੇ ਸਨ, ਦੁੱਲਾ ਤੇ ਉਹਦੀ ਢਾਣੀ ਅੱਜ ਕਰਦੀ ਕੀ ਫਿਰਦੀ ਏ।

—ਆਪਣਿਆਂ 'ਤੇ ਈ ਧਾੜਾ ਮਾਰਨ ਆਏ ਜੇ ?' ਸਦੀਕ ਦਾ ਅੱਬਾ ਜਾਵੇਦ ਮੀਆਂ ਹੱਸਿਆ।

—ਸਦੀਕ ਦੇ ਅੱਬਾ ਦਾ ਘਰ ਈ, ਏਸ ਲਈ ਇਹ ਘਰ ਲੁੱਟਣ ਤੋਂ ਛੱਡਿਆ ਹੋਇਆ ਏ। ਨਹੀਂ ਤਾਂ ਤੈਨੂੰ ਪਤਾ ਈ ਏ, ਲਾਗੇ-ਚਾਗੇ ਦੇ ਚੌਧਰੀਆਂ ਨੂੰ ਨੀਂਦਰ ਨਹੀਂ ਪੈਂਦੀ ਰਾਤ ਨੂੰ।' ਦੁੱਲੇ ਨੇ ਹਾਸੇ ਨਾਲ ਆਖਿਆ।

—ਅਸਾਂ ਨੂੰ ਗਲੀ ਵਿਚੋਂ ਲੰਘਦਿਆਂ ਵੇਖ ਕੇ ਚੌਧਰੀਆਂ ਦੇ ਤੰਬੇ ਗਿੱਲੇ ਹੋ ਜਾਂਦੇ ਨੀ। ਫੇਰ ਨੱਠਦੇ ਨੇ ਦਿੱਲੀ ਲਾਹੌਰ ਵੱਲ।'

—ਅੱਜ ਕੀ ਤਮਾਸ਼ਾ ਈ ਪੁੱਤਰੋ ?' ਜਾਵੇਦ ਮੀਆਂ ਨੇ ਪੁੱਛਿਆ।

—ਤਮਾਸ਼ਾ ਕੋਈ ਨਈ੍ਹਂ ਚਾਚਾ, ਅਸੀਂ ਤਾਂ ਹੋਕਾ ਦੇਂਦੇ ਫਿਰਨੇ ਆਂ, ਮਾਮਲਾ ਵਸੂਲ ਕਰਨਾ ਈ ਲਾਹੌਰੋਂ ਆਕੇ ਸਰਕਾਰੀ ਬੰਦਿਆਂ ਤੇ ਅਸੀਂ ਕੋਈ ਮਾਮਲਾ ਦੇਣਾ ਨਈ੍ਹਂ।' ਦੁੱਲੇ ਨੇ ਦੱਸਿਆ।

—ਦੁੱਲਿਆ ਪੁੱਤਰਾ, ਉੱਚੇ ਥਾਂ ਹੱਥ ਪਾਉਣ ਲੱਗੇ ਓਂ। ਉਹ ਤਕੜੇ ਨੀ, ਵੱਡੇ ਲੋਕ ਨੀ, ਉਹ.......।'

—ਬੱਸ ਚਾਚਾ, ਬੜੀਆਂ ਸੁਣ ਲਈਆਂ ਇਹ ਗੱਲਾਂ। ਉਹ ਸਾਡੇ ਵਾਂਗ ਵੀ ਜੰਮੇ ਨੇ। ਬਾਦਸ਼ਾਹ ਹੋਵੇ, ਫ਼ਕੀਰ ਹੋਵੇ, ਭੀਖ਼ ਮੰਗਾ ਹੋਵੇ, ਜੰਮ ਕੇ ਈ ਮੁਲਖ਼ ਵੇਖਦਾ ਏ ਨਾ ? ਫੌਤ ਹੋਕੇ ਚਲਿਆ ਜਾਂਦਾ ਏ। ਹਾਜੀ ਮੀਆਂ ਤਾਂ ਏਹੀ ਆਖਦਾ ਏ ਚਾਚਾ, ਹੋਰ ਕੋਈ ਰਾਹ ਈ ਨਹੀਂ ਹੈਗਾ। ਜੇ ਕੋਈ ਹੋਰ ਰਾਹ ਹੈਗਾ ਏ ਤਾਂ ਦੱਸ ?'

—ਰਾਹ ਤਾਂ ਇਕੋ ਈ ਦੁੱਲਿਆ।' ਜਾਵੇਦ ਮੀਆਂ ਢਿੱਲਾ ਜਿਹਾ ਬੋਲਿਆ।

—ਫੇਰ ? ਜਦ ਆਖ਼ਰ ਫੌਤ ਈ ਹੋਣਾ ਏ ਤਾਂ ਮੌਤ ਨੂੰ ਅੱਖਾਂ ਵਿਖਾਈਏ ਤੇ ਆਖੀਏ, ਆ ਫਿਰ ਸਾਡੇ ਨਾਲ ਦੋ ਹੱਥ ਕਰਨੇ ਈ ਤਾਂ ਕਰ ਲੈ।' ਦੁੱਲਾ ਹਿੱਕ ਤਾਣ ਕੇ ਬੋਲਿਆ।

—ਸਹੀ ਆਖਦਾ ਏਂ ਪੁੱਤਰਾ, ਪਰ ਤੇਰਾ ਵੀ ਘਰ ਬਾਰ ਏ,—ਬਾਲ ਬੱਚੇ ਨੇ। ਸਦੀਕਾ ਵੀ ਬਾਲ-ਪਰਿਵਾਰ ਵਾਲਾ ਏ, ਆਪਣਾ ਟੱਬਰ ਏ। ਮੈਂ ਤਾਂ ਆਖਨਾਂ ਸਾਰੇ ਈ ਓਂ ਤੁਸੀਂ......ਮਾਂ, ਪੁੱਤਰ, ਧੀਆਂ, ਵਹੁਟੀਆਂ ਧਾਅਡੇ ਮੂੰਹ ਵੇਖਣ ਨੂੰ ਤਰਸ ਜਾਂਦੀਆਂ ਨੇ ਸੋਹਣਿਓਂ....।'

—ਚਾਚਾ ਮੋਹ ਦੇ ਸੰਗਲ ਨਾ ਮਾਰ ਸਾਨੂੰ। ਅਸੀਂ ਬੜੀ ਦੂਰ ਨਿਕਲ ਆਏ ਆਂ। ਦੂਈ ਗੱਲ ਮੀਆਂ ਚਿਰਾਗ ਦੀਨ ਦੀ ਆਖਣ ਲੱਗਾ ਵਾਂ, ਉਹ ਦੱਸਦਾ ਹੁੰਦਾ ਏ, ਡਰ ਬੰਦੇ ਨੂੰ ਆਈ ਮੌਤ ਤੋਂ ਪਹਿਲਾਂ ਈ ਮਾਰ ਦਿੰਦਾ ਈ। ਤੇ ਬੰਦਾ ਨਿੱਤ ਮਰਦਾ ਈ।'

—ਸਹੀ ਏ ਪੁੱਤਰਾ।'



—ਚਾਚਾ ਲਗਾਨ ਦੇਣਾ ਹੀ ਹੋਇਆ ਤਾਂ ਦੇਵਾਂਗੇ, ਖ਼ੈਰਾਤ ਵਾਂਗ। ਦੇਵਾਂਗੇ ਵੀ ਤਾਂ ਜੇ ਵਾਧੂ ਹੋਇਆ। ਜੇ ਉਹ ਲਗਾਨ ਮੰਗਣ ਆਂਵਦੇ ਨੇ ਤਾਂ ਮੰਗਤਿਆਂ ਵਾਂਗ ਆਉਣ। ਧਾੜਵੀਆਂ ਤੇ ਹਾਕਮਾਂ ਵਾਂਗ ਨਹੀਂ। ਜੇ ਉਹ ਧੌਂਸ ਨਾਲ ਆਉਂਦੇ ਨੇ ਤਾਂ ਅਸੀਂ ਉਹਨਾਂ ਨੂੰ ਪਿੰਡੀ ਦੀ ਜੂਹ ਅੰਦਰ ਪੈਰ ਨਹੀਂ ਪਾਉਣ ਦੇਣਾ।' ਆਖਦਿਆਂ ਦੁੱਲੇ ਦੇ ਚਿਹਰੇ ਉੱਪਰ ਲਾਲੀ ਆ ਗਈ।

ਪੂਰੀ ਟੋਲੀ ਅਗਲੇ ਦਰਵਾਜ਼ੇ ਵੱਲ ਤੁਰ ਪਈ।

.......................

......................

ਫੱਤੂ ਨੇ ਚੌਧਰੀਆਂ ਵਾਲੇ ਉੱਚੇ ਪਾਸੇ ਮਸੀਤ ਲਾਗੇ ਜਾਕੇ ਵੀ ਪੀਪਾ ਖੜਕਾਇਆ। ਬੋਹੜ ਹੇਠਾਂ ਥੜ੍ਹੇ ਉਪਰ ਬੈਠੇ ਚੌਧਰੀ ਪਹਿਲਾਂ ਹੀ ਪਰੇਸ਼ਾਨ ਸਨ।

—ਖ਼ੁਦਾ ਦਾ ਕਹਿਰ ਟੁੱਟੇ ਏਸ ਢਾਂਡੇ ਉੱਪਰ, ਏਹਨੇ ਤਾਂ ਅਸੀਂ ਦੀ ਨੀਂਦਰ ਈ ਖੋਹ ਲਈ ਊ।' ਵਧੇਰੇ ਹੁੱਕਾ ਪੀਣ ਕਾਰਨ ਬੁਲ੍ਹਾਂ ਕੋਲੋਂ ਧੁਆਂਖੀ ਦਾੜ੍ਹੀ ਖੁਜਲਾਉਂਦਿਆਂ ਚੌਧਰੀ ਫਜ਼ਲਦੀਨ ਨੇ ਸੜ-ਬਲ ਕੇ ਕਿਹਾ।

—ਕੀਹਦੀ ਗੱਲ ਕਰਨਾ ਪਿਆ ਏਂ ਚੌਧਰੀਆ ?' ਕੋਲ ਬੈਠੇ ਮੌਲਵੀ ਨੇ ਪੁੱਛਿਆ।

—ਪਿੰਡ ਵਿਚ ਹਿੱਕ ਈ ਤੇ ਢਾਂਡਾ। ਦੁੱਲਾ।'

—ਕਦੇ ਸਿੰਗ ਮਾਰਦਾ, ਕਦੇ ਛੜਾਂ ਮਾਰਦਾ।' ਮੌਲਵੀ ਬੋਲਿਆ।

—ਭੁਲਦਾ ਏਂ ਮੌਲਵੀ ਮੀਆਂ, ਪਿੰਡ ਵਿਚ ਤਾਂ ਹੁਣ ਢਾਂਡਿਆਂ ਦਾ ਵੱਗ ਈ ਪੂਰਾ।' ਜਲਾਦਦੀਨ ਨੇ ਹੋਰ ਜਾਣਕਾਰੀ ਦਿੱਤੀ।

—ਸਹੀ ਏ ਚੌਧਰੀ। ਦੁੱਲਾ ਤਾਂ ਹੁਣ ਹਰ ਕਿਸੇ ਨਾਲ ਵੈਰ ਸਹੇੜ ਬੈਠਾ ਈ। ਬੱਗਾ, ਮੇਧਾ ਖੱਤਰੀ ਤੇ ਹੁਣ ਅਲੀ ਖਾਂ ਦੇ ਘੋੜੇ ਖੋਹ ਲਏ ਨੇ।' ਅਹਿਮਦ ਚੌਧਰੀ ਵੀ ਪਿੰਡੀ ਦੀ ਸਾਰੀ ਖ਼ਬਰ ਰਖਦਾ ਸੀ।

—ਅਲੀ ਖਾਂ ਤਾਂ ਖ਼ਾਸ ਬੰਦਾ ਈ ਬਾਦਸ਼ਾਹ ਦਾ।' ਫਜ਼ਲਦੀਨ ਨੇ ਹੈਰਾਨ ਹੁੰਦਿਆਂ ਕਿਹਾ।

—ਖ਼ਾਸ ਹੋਵੇ, ਆਮ ਹੋਵੇ, ਇਹ ਪਰਵਾਹ ਕਰਦਾ ਏ ਕਿਸੇ ਦੀ ?'

—ਪਿੰਡੀ 'ਚ ਕੋਈ ਵੀ ਨਹੀਂ ਇਹਨੂੰ ਨੱਥ ਪਾਣ ਵਾਲਾ ?' ਮੌਲਵੀ ਨੇ ਡਾਹਢੇ ਦੁੱਖ ਨਾਲ ਕਿਹਾ।

—ਰੰਡੀ ਦਾ ਪੁੱਤਰ ਏ, ਨੱਥ ਪਾਵਾਂਗੇ, ਅੱਗਿਓਂ ਗਾਲ੍ਹ ਈ ਕੱਢੇਗਾ।' ਫਜ਼ਲਦੀਨ ਨੇ ਕਿਹਾ।

—ਹੁਣ ਤਾਂ ਬਾਦਸ਼ਾਹ ਦੀ ਮਾਰ ਪਵੇ ਤਾਂ ਹੀ ਅਕਲ ਠੀਕ ਥਾਂ ਬੈਠਣੀ ਏ।'

—ਸਾਰੇ ਡਰਦੇ ਨੇ ਲਾਹੌਰ ਵੱਲ ਜਾਣ ਤੋਂ। ਉੱਤੇ ਬਾਦਸ਼ਾਹ ਹੇਠਾਂ ਦੁੱਲਾ।'

—ਹੁਣ ਤਾਂ ਪਿੰਡੀ 'ਚ ਉਲਟ ਫੇਰ ਹੋ ਗਿਆ ਈ ਮੀਆਂ। ਹੁਣ ਉੱਤੇ ਦੁੱਲਾ ਈ, ਹੇਠਾਂ ਬਾਦਸ਼ਾਹ। ਆਖਦੇ ਹੁੰਦੇ ਈ ਨਾ, ਰੱਬ ਨੇੜੇ ਕਿ ਘਸੁੰਨ। ਗੱਲ ਇਹ ਵੇ।'

ਸਾਰੇ ਚੌਧਰੀ, ਮੌਲਵੀ ਆਪਣੇ ਆਪਣੇ ਦੁੱਖ ਰੋਣ ਲੱਗੇ ਹੋਏ ਸਨ।

ਫੱਤੂ ਮਰਾਸੀ ਦੇ ਖੜਕਦੇ ਪੀਪੇ ਦੀ ਆਵਾਜ਼ ਅਜੇ ਵੀ ਮੱਧਮ ਜਿਹੀ ਚੌਧਰੀਆਂ ਨੂੰ ਸੁਣਦੀ ਸੀ।

—ਮੌਲਵੀ ਮੀਆਂ ਤੇਰਾ ਤਾਂ ਦੁਰਗੇ ਬਾਹਮਣ ਨਾਲ ਵਰਤ-ਵਿਹਾਰ ਹੈਗਾ.....?' ਜਲਾਲਦੀਨ ਨੇ ਪੁੱਛਿਆ।

—ਨਾ ਨਾ ਚੌਧਰੀ, ਇਹ ਕੁਫ਼ਰ ਏ। ਵਰਤ-ਵਿਹਾਰ ਉੱਕਾ ਈ ਨਹੀਂ। ਮੇਰੇ ਲਈ ਤਾਂ ਉਹ ਕਾਫ਼ਰ ਏ। ਹਾਂ ਬਹਿਣ ਉਠਣ ਹੈਗਾ, ਕਦੀ ਰਾਹ-ਖ਼ੈਹੜੇ ਟਕਰਾ ਹੁੰਦਾ ਈ ਤਾਂ ਦੁਆ ਸਲਾਮ ਹੋ ਜਾਂਦੀ ਊ। ਬੱਸ! ਹਾਂ, ਹਿੱਕ ਗੱਲ ਸਾਨੂੰ ਦੋਹਾਂ ਨੂੰ ਪੁੱਗਦੀ ਏ, ਦੁੱਲੇ ਵਾਲੀ। ਜਿੰਨਾ ਮੈਂ ਦੁੱਲੇ ਨੂੰ......., ਓਨਾ ਈ ਉਹ ਵੀ.......। ਇਹ ਗੱਲਾਂ ਨਸ਼ਰ ਕਰਨ ਵਾਲੀਆਂ ਨਹੀਂ ਹੁੰਦੀਆਂ।' ਆਖ ਕੇ ਮੌਲਵੀ ਇਧਰ ਉਧਰ ਤੱਕਿਆ, ਜਿਵੇਂ ਉਸਨੂੰ ਡਰ ਹੋਵੇ, ਕੋਈ ਸੁਣ ਤਾਂ ਨਹੀਂ ਰਿਹਾ?

—ਮੌਲਵੀ ਸਾਹਬ, ਗੱਲ ਇਹ ਵੇ, ਦੁੱਲੇ ਸਾਨੂੰ ਛੱਪਾ ਈ ਐਸਾ ਪਾਇਆ, ਅਸੀਂ ਤਾਂ ਘਰ ਬੈਠੇ ਈ ਡਰੀ ਜਾਨੇ ਆਂ।' ਫਜ਼ਲਦੀਨ ਉਸਦੀਆਂ ਹਰਕਤਾਂ ਤਾੜਦਾ ਬੋਲਿਆ।

—ਚਿੰਤਾ ਤੇ ਫ਼ਿਕਰ ਬੰਦੇ ਨੂੰ ਵੇਲੇ ਤੋਂ ਪਹਿਲਾਂ ਕਬਰ 'ਚ ਪਾ ਦਿੰਦੇ ਨੇ ਚੌਧਰੀ।' ਮੌਲਵੀ ਨੇ ਕਿਹਾ।

—ਚਿੰਤਾ ਤੇ ਫ਼ਿਕਰ ਵਾਜਬ ਏ ਮੌਲਵੀ ਮੀਆਂ। ਦੁੱਲਾ ਹੁਣ 'ਕੱਲਾ ਨਹੀਂ ਏ। ਅੱਧੀ ਪਿੰਡੀ ਓਹਦੇ ਨਾਲ ਈ। ਬਾਰ ਦੇ ਸਾਰੇ ਡਾਕੂ ਧਾੜਵੀ ਓਹਦੇ ਕੋਲ ਆਣ ਲੱਗੇ ਨੇ। ਕੀ ਖਾਨਗਾਹ ਡੋਗਰਾਂ, ਕੀ ਰਸੂਲਪੁਰ, ਕੀ ਜਲਾਲਪੁਰ, ਕੀ ਸਾਕਲਾ, ਕਿਹੜੇ ਕਿਹੜੇ ਪਿੰਡ ਦਾ ਨਾਓਂ ਲਵਾਂ। ਹੁਣ ਦਿਨ ਰਾਤ ਗੁਮਾਸ਼ਤਿਆਂ ਦੀ ਖਿੱਚੜੀ ਪੱਕਦੀ ਊ। ਦੁੱਲੇ ਦੀਆਂ ਗੱਲਾਂ ਲਾਹੌਰ ਹੁੰਦੀਆਂ ਨੇ, ਦਿੱਲੀ ਹੁੰਦੀਆਂ ਨੇ। ਅਕਬਰ ਬਾਦਸ਼ਾਹ ਪਤਾ ਨਹੀਂ ਕਿਉਂ ਆਪਣੀ ਨੀਂਦਰ ਨਹੀਂ ਖੋਹਲਦਾ। ਇਕ ਹੱਲੇ ਦੀ ਮਾਰ ਈ ਸਾਰੇ ਜਣੇ। ਟਟੀਹਰੀ ਆਂਗੂ ਲੱਤਾਂ ਚੁੱਕ ਕੇ ਸੌਂਦੇ ਨੀ ਤੇ ਆਖਦੇ ਨੀ ਰੱਬ ਸਾਡਾ ਈ ਡੱਕਿਆ ਹੋਇਆ, ਨਈਂ ਤਾਂ ਹੇਠਾਂ ਆ ਪਵੇ।' ਫਜ਼ਲਦੀਨ ਨੇ ਗੁੱਸੇ ਅਤੇ ਨਫ਼ਰਤ ਨਾਲ ਕਿਹਾ।

—ਅਸੀਂ ਲੱਗੇ ਹੋਏ ਆਂ ਚੌਧਰੀ, ਆਪਣੇ ਢੰਗ ਨਾਲ। ਅਸੀਂ ਆਪਣੀ ਚਮੜੀ ਵੀ ਤਾਂ ਬਚਾਣੀ ਏ। ਦੁੱਲੇ ਨੂੰ ਮੈਂ ਜਾਣਨਾ, ਮੇਰੇ ਕੋਲ ਈ ਪੜ੍ਹਨੇ ਪਾਇਆ ਸੀ ਲੱਧੀ ਨੇ। ਓਹ ਤਾਂ ਛੋਟੀ ਉਮਰ ਈ ਬੜਾ ਅੱਥਰਾ ਛੋਹਰ ਹੁੰਦਾ ਸਾਈ। ਮੈਨੂੰ ਮਦਰੱਸੇ ਵਿਚ ਪਟਕਾ ਮਾਰਿਆ ਤੇ ਨੱਸ ਗਿਆ। ਹੁਣ ਏਹੇ ਜੇ ਬੰਦੇ ਨੂੰ ਸਿੱਧਾ ਕੀ ਟੱਕਰਨਾ। ਹੁਣ ਉਹਨਾਂ ਦਾ ਦਾਬਾ ਪਿੰਡੀ ਤੋਂ ਬਾਹਰ ਫੈਲ ਗਿਆ ਈ। ਪੂਰੀ ਪੰਜਾਬ ਵਿਚ ਲੋਕਾਂ ਨੂੰ ਪਤਾ ਈ, ਪਿੰਡੀ 'ਚ ਕੋਈ ਦੁੱਲਾ ਹੈਗਾ। ਤਾਹੀਓਂ ਤਾਂ ਉਹ ਭੋਏਂ 'ਤੇ ਪੈਰ ਨਹੀਂ ਧਰਦਾ। ਭਲਾ ਬੰਦਾ 'ਵਾ 'ਚ ਕਿੰਨਾ ਕੁ ਚਿਰ ਖੜ੍ਹਾ ਰਹਿਣਾ। ਬੱਸ ਸਬਰ ਰੱਖੋ, ਦੇਖਦੇ ਜਾਓ.....। ਜਿਹੜੀਆਂ ਉਹ ਹੱਥਾਂ ਨਾਲ ਦੇਣ ਡਿਹਾ ਜੇ, ਉਹ ਦੰਦਾਂ ਨਾਲ ਵੀ ਨਹੀਂ ਖੁਲ੍ਹਣੀਆਂ ਉਹਦੇ ਕੋਲੋਂ।' ਆਖਦਿਆਂ ਮੌਲਵੀ ਨੇ ਦੋ ਤਿੰਨ ਵਾਰ ਆਪਣੀ ਦਾੜ੍ਹੀ ਨੂੰ ਪਲੋਸਿਆ।

—ਦੁਰਗਾ ਹੈ ਕਿਥੇ ਵੇ, ਦਿਸਦਾ ਨਹੀਂ ਪਿਆ ਕੁਝ ਦਿਨਾਂ ਦਾ? ' ਫਜ਼ਲਦੀਨ ਨੇ ਪੁੱਛਿਆ।

ਮੌਲਵੀ ਕੁਝ ਹੋਰ ਨੇੜੇ ਹੋ ਗਿਆ ਤੇ ਹੌਲੀ ਜਿਹੀ ਦੱਸਿਆ—'ਉਹਨੂੰ ਲਾਹੌਰ ਭੇਜਿਆ ਈ। ਏਸੇ ਲਈ ਤਾਂ ਆਖਦਾਂ ਵੇਖਦੇ ਜਾਉ। ਇਹ ਗੱਲ ਆਪਣੇ ਢਿੱਡਾਂ 'ਚ ਈ ਰੱਖਣੀ ਊ ਹਾਲੇ।'

—ਏਨਾ ਕਿਉਂ ਡਰਨਾ ਏ ਮੌਲਵੀ ਮੀਆਂ— ?'



—ਡਰਨਾ ਈ ਪੈਂਦਾ। ਜਿਹੜਾ ਬੰਦਾ ਬੱਗੇ ਮਲਕੀਰੇ ਔਰ ਅਲੀ ਖਾਂ ਵਰਗਿਆਂ ਨੂੰ ਕੁਝ ਨਈਂ ਸਮਝਦਾ, ਪਰਵਾਹ ਨਹੀਂ ਕਰਦਾ, ਉਹ ਪੱਥਰਾਂ ਨੂੰ ਪੂਜਣ ਵਾਲੇ ਬਾਹਮਣ ਨੂੰ ਕੀ ਸਮਝਦਾ। ਜੇਹੀ ਕੁਕੜੀ ਦੀ ਧੌਣ ਮਰੋੜੀ, ਤੇਰੀ ਦੁਰਗੇ ਦੀ......।' ਆਖਕੇ ਮੌਲਵੀ ਪਰਛਾਵੇਂ ਵੇਖਦਾ ਉੱਠ ਖੜ੍ਹਾ ਤੇ 'ਅੱਲਾਹ ਹਾਫਿਜ਼' ਆਖਕੇ ਮਸੀਤ ਵੱਲ ਤੁਰ ਗਿਆ। ਉਸਦੀ ਨਮਾਜ਼ ਦਾ ਵਕਤ ਹੋਣ ਲੱਗਾ ਸੀ।

..............

..............

ਦੁੱਲਾ ਅਤੇ ਉਸਦੇ ਸਾਥੀ ਅਜੇ ਵੀ ਪਿੰਡੀ ਦੇ ਘਰ ਘਰ ਜਾਕੇ ਮਾਮਲਾ ਨਾ ਦੇਣ ਲਈ ਕਿਸਾਨਾਂ ਨੂੰ ਪੱਕਾ ਕਰਨ ਲੱਗੇ ਹੋਏ ਸਨ।

ਉਹਨਾਂ ਸਾਰਿਆਂ ਫੈਸਲਾ ਕੀਤਾ, ਅਗਲੇ ਦਿਨਾਂ ਵਿਚ ਉਹ ਗੁਆਂਢੀ ਪਿੰਡਾਂ ਵਿਚ ਵੀ ਜਾਣਗੇ। ਜਦੋਂ ਗਾਹਣੇ ਲੁਹਾਰ ਦੇ ਘਰ ਵੱਲ ਗਏ ਤਾਂ ਗਾਹਣੇ ਨੇ ਉਹਨਾਂ ਨੂੰ ਆਪਣੇ ਘਰ ਦੀ ਪਿਛਲੀ ਕੋਠੜੀ ਖੋਹਲ ਕੇ ਵਿਖਾਈ।

ਤਲਵਾਰਾਂ, ਛਵ੍ਹੀਆਂ, ਬਰਛੇ, ਢਾਲਾਂ ਦਾ ਢੇਰ ਵੇਖਕੇ ਦੁੱਲੇ ਅਤੇ ਉਸਦੇ ਸਾਥੀਆਂ ਦੀਆਂ ਅੱਖਾਂ ਚਮਕ ਉਠੀਆਂ। ਦੁੱਲੇ ਨੇ ਗਾਹਣੇ ਨੂੰ ਜੱਫੀ ਵਿਚ ਘੁੱਟ ਲਿਆ ਤੇ ਆਖਿਆ—'ਹੁਣ ਤੂੰ ਖੂਹ 'ਤੇ ਗੇੜਾ ਮਾਰ ਸਕਨਾਂ ਏਂ।'

ਹਨੇਰਾ ਹੋਣ ਤੱਕ ਪਿੰਡੀ ਦੇ ਲੋਕਾਂ ਨੂੰ ਫੱਤੂ ਮਰਾਸੀ ਦਾ ਖੜਕਦਾ ਪੀਪਾ ਸੁਣਦਾ ਰਿਹਾ।

## 29.

ਦੁੱਲੇ ਨੇ ਆਪਣੇ ਸਾਥੀਆਂ ਅਤੇ ਨਵੇਂ ਸ਼ਾਮਲ ਹੋ ਰਹੇ ਗੱਭਰੂਆਂ ਨੂੰ, ਤੀਰ ਅੰਦਾਜ਼ੀ, ਤਲਵਾਰ ਬਾਜ਼ੀ ਅਤੇ ਨੇਜ਼ਾ ਚਲਾਉਣ ਵਿਚ ਮਾਹਰ ਕਰਨ ਲਈ ਨਵਾਂ ਢੰਗ ਲੱਭਿਆ ਹੈ। ਉਹ ਸ਼ਿਕਾਰ ਉੱਪਰ ਨਿਕਲਦੇ ਹਨ। ਘਾਤ ਕਿਵੇਂ ਲਾਈਦੀ ਹੈ। ਅੱਖਾਂ ਵਿਚ ਅੱਖਾਂ ਪਾਕੇ ਬਿਨਾਂ ਅੱਖ ਝੱਪਕਿਆਂ ਸਾਹਮਣੀ ਧਿਰ ਉਪਰ ਕਿਵੇਂ ਝਪਟਣਾ ਹੈ, ਦੁੱਲਾ ਅਤੇ ਉਸਦੇ ਪੁਰਾਣੇ ਬੇਲੀ ਨਵਿਆਂ ਨੂੰ ਸਿਖਾਉਂਦੇ ਹਨ। ਮੰਨੋਰੰਜਨ ਵੀ ਹੁੰਦਾ ਹੈ ਤੇ ਝਿੜੀ ਵਿਚ ਭੱਠੀਆਂ ਉਪਰ ਦੇਗੇ ਵੀ ਚੜ੍ਹੇ ਰਹਿੰਦੇ ਹਨ।

ਦਰਿਆ ਪਾਰੋਂ ਅੱਜ ਉਹ ਹਿਰਨ ਦਾ ਸ਼ਿਕਾਰ ਕਰਕੇ ਮੁੜੇ ਸਨ। ਫੱਤੂ ਵੀ ਇਕ ਸਹਾ ਕੰਨਾਂ ਤੋਂ ਫੜੀ ਲਟਕਾਈ ਆਉਂਦਾ ਸੀ।

ਪਿਰਥਾ ਰੂੜਾ ਤੇ ਲਹਿਣਾ, ਫੱਤੂ ਨੂੰ ਛੇੜ ਰਹੇ ਸਨ, ਹੱਸ ਰਹੇ ਸਨ—'ਮੀਰਜ਼ਾਦਿਆ ਇਹਦੇ ਨਾਲ ਤਾਂ ਤੇਰੀ ਮਰਾਸਣ ਦਾ ਢਿੱਡ ਨਹੀਂ ਭਰਨਾ ਤੂੰ ਕੀ ਖਾਵੇਂਗਾ ?'

—ਮਰਾਸਣ ਮੇਰੇ ਨਾਲ, ਮੈਂ ਧਾਅਡੇ ਨਾਲ। ਐਵੇਂ ਤਾਂ ਨੀ ਅੱਧਾ ਕੋਹ ਹਿਰਨ ਮਗਰ ਭਜਦਾ ਰਿਹਾ। ਮੈਂ ਨਾ ਹੁੰਦਾ ਤਾਂ ਮਾਰ ਲੈਂਦੇ ਹਿਰਨ,......ਵੱਡੇ ਸ਼ਿਕਾਰੀ। ਤੀਰ ਕਮਾਨ ਮਗਰੋਂ ਚੁੱਕਦੇ ਜੇ, ਤੇ ਪਿਛੋਂ ਹਵਾ ਪਹਿਲਾਂ ਸਰਕ ਜਾਂਦੀ ਊ।'

ਪਰ੍ਹਾਂ ਝਾੜੀਆਂ ਦੇ ਉਹਲੇ ਸਦੀਕ ਰਮਜ਼ਾ ਤੇ ਤਾਰੀ ਹਿਰਨ ਦੀ ਖੱਲ ਲਾਹ ਕੇ ਸਾਫ ਸਫਾਈ ਕਰਦੇ ਹੱਸਣ ਲੱਗੇ।

ਸ਼ੱਲਾ ਭੱਠੀ ਦੁਆਲੇ ਹੋਇਆ ਖੜ੍ਹਾ ਸੀ ਤੇ ਦੇਗੇ ਵਿਚ ਪਾਣੀ ਵੀ ਭਰ ਰਿਹਾ ਸੀ। ਦੁੱਲਾ ਥੜ੍ਹੇ ਉਪਰ ਬੈਠਾ ਸਾਰਿਆਂ ਵੱਲ ਤੱਕ ਰਿਹਾ ਸੀ। ਅਜੀਬ ਜਿਹਾ ਮਾਹੌਲ ਸੀ। ਜੰਗਲ ਵਿਚ ਧੂੰਆਂ ਹੀ ਧੂੰਆਂ। ਦੁੱਲਾ ਹੈਰਾਨ ਸੀ, ਇਹ ਧੂੰਆਂ ਕਿਧਰੋਂ ਆਇਆ ? ਤਰ੍ਹਾਂ ਤਰ੍ਹਾਂ ਦੇ ਪੰਛੀਆਂ ਦੀਆਂ ਆਵਾਜ਼ਾਂ ਸੁਣ ਰਹੀਆਂ ਸਨ।

ਦੁੱਲਾ ਥੱਕਿਆ ਹੋਇਆ ਸੀ, ਜਾਗੋ ਮੀਟੀ ਵਿਚ ਕਦੇ ਅੱਖਾਂ ਮੀਟੀਆਂ ਜਾਂਦੀਆਂ ਕਦੇ ਖੁਲ੍ਹ ਜਾਂਦੀਆਂ। ਆਪਣੇ ਕੰਮਾਂ 'ਚ ਰੁੱਝੇ ਉਹਦੇ ਬੇਲੀ ਜਿਵੇਂ ਹਵਾ ਵਿਚ ਉੱਡੇ ਫਿਰਦੇ ਹੋਣ ਉਹ ਅੱਖਾਂ ਮਲਦਾ ਇਹ ਕੀ ਹੋ ਰਿਹੈ ਮੈਨੂੰ ?.......

ਉਦੋਂ ਹੀ ਦੁੱਲੇ ਨੇ ਵੇਖਿਆ, ਪਿੰਡ ਵਲੋਂ ਨੂਰਾ ਦੌੜਦਾ ਆਇਆ ਤੇ ਆ ਕੇ ਦੱਸਿਆ,—'ਅੱਬਾ ਲਾਹੌਰੋਂ ਬੇਗ਼ਮ ਆਈ ਜੇ ਅਕਬਰੇ ਦੀ, ਆਪਣੇ ਘਰ ਈ ਠਾਹਰ ਕੀਤੀ ਸੂ।

—ਏਥੇ ਕੀ ਲੈਣ ਆਈ ਏ ?' ਦੁੱਲਾ ਹੈਰਾਨ ਹੋਇਆ ਉੱਠ ਬੈਠਾ।

—ਅੰਮਾ ਨੇ ਸੱਦਿਆ ਈ, ਆਖਦੀ ਏ ਬੇਗ਼ਮ ਨੇ ਅੱਗੇ ਮੱਕੇ ਜਾਣਾ ਸੂ। ਤੈਨੂੰ ਘਰ ਬੁਲਾਇਆ ਸੂ। ਉਹਦੇ ਠਹਿਰਨ ਦਾ ਇੰਤਜਾਮ ਕਰਨਾ ਪੈਣਾ।'

—ਰੂੜਿਆ ਤੁਸੀਂ ਹਿਰਨ ਚਾੜ੍ਹੋ ਭੱਠੀ 'ਤੇ ਮੈਂ ਆਇਆ। ਨੂਰਾ ਆਖਦਾ ਬੇਗ਼ਮ ਆਈ ਏ ਲਾਹੌਰੋਂ।'



—ਬਾਦਸ਼ਾਹ ਦੀ ਬੇਗ਼ਮ ਆਈ ਵੇ, ਤਾਂ ਠੀਕ ਏ, ਪਰ ਤੂੰ ਕਿਉਂ ਤੰਬਾ ਚੰਘਾਂ 'ਚ ਘੁੱਟੀ ਜਾਨੈ ?' ਰੂੜੇ ਦੀ ਗੁੱਝੀ ਟਿੱਚਰ ਸੁਣਕੇ ਸਾਰੇ ਹੱਸਣ ਲੱਗੇ।

ਹਵੇਲੀ ਵੱਲ ਦੁੱਲਾ ਤੁਰ ਨਹੀਂ ਜਿਵੇਂ ਉੱਡ ਰਿਹਾ ਹੋਵੇ। ਉਸਨੇ ਵੇਖਿਆ ਹਵੇਲੀ ਦੇ ਬਾਹਰ, ਹਾਥੀ, ਘੋੜੇ, ਪਹਿਰੇਦਾਰ ਖੜ੍ਹੇ ਸਨ। ਏਨਾ ਲਾਮ ਲਸ਼ਕਰ। ਅੰਦਰ ਲੰਘਿਆ ਤਾਂ ਮਾਂ ਲੱਧੀ ਵੀ ਨਵੇਂ ਨਕੋਰ ਕਪੜੇ ਪਹਿਨੀ ਫਿਰਦੀ ਸੀ। ਫੁੱਲਰਾਂ ਨੇ ਲਾਲ ਰੰਗ ਦੀਆਂ ਚੂੜੀਆਂ ਕਦੋਂ ਚੜ੍ਹਾ ਲਈਆਂ ? ਬਖ਼ਤੋ ਸਲੇਮੋ ਨੂਰੇ ਦੀ ਵਹੁਟੀ ਇਹ ਸਾਰੇ ਏਨੇ ਖੁਸ਼ ਕਿਉਂ ਫਿਰਦੇ ਨੇ। ਏਨਾ ਚਾਅ ਤਾਂ ਨੂਰੇ ਦੇ ਵਿਆਹ ਵੇਲੇ ਕਿਸੇ ਨਹੀਂ ਕੀਤਾ। ਕੀ ਹੋ ਗਿਆ ਇਹਨਾਂ ਨੂੰ ? ਮੇਹਰੂ ਵੀ ਪੂਰਾ ਨਸ਼ੇ ਵਿਚ ਏ। ਨਸ਼ਾ ਕਿਥੋਂ ਲੈ ਆਇਆ ? ਕਾਹਦੀਆਂ ਖੁਸ਼ੀਆਂ ਚੜ੍ਹੀਆਂ ਹੋਈਆਂ ?

ਦੁੱਲੇ ਨੇ ਵੇਖਿਆ, ਅਕਬਰ ਦੀ ਬੇਗ਼ਮ ਅੰਦਰ ਰੰਗਲੇ ਪਲੰਘ ਉਪਰ ਬੈਠੀ ਹੈ। ਇਕ ਨੌਕਰਾਣੀ ਪੱਖਾ ਝੱਲ ਰਹੀ ਹੈ। ਰੰਗਲਾ ਪਲੰਘ ਕਿਥੋਂ ਆਇਆ ? ਪੂਰੀ ਹਵੇਲੀ ਵਿਚ ਅੱਤਰਾਂ ਦੀਆਂ ਮਹਿਕਾਂ ਕੌਣ ਖਲੇਰ ਗਿਆ ?

ਦੁੱਲਾ ਇਕਦਮ ਬੇਗ਼ਮ ਦੇ ਸਾਹਮਣੇ ਜਾ ਖੜ੍ਹਾ। ਨਾ ਦੁਆ ਨਾ ਸਲਾਮ, ਬੇਗ਼ਮ ਦੀਆਂ ਅੱਖਾਂ ਲਾਲ ਹੋ ਗਈਆਂ।—'ਇਸ ਮਰਦ ਨੂੰ ਕਿਸ ਨੇ ਅੰਦਰ ਆਉਣ ਦੀ ਇਜਾਜ਼ਤ ਦਿੱਤੀ ਹੈ ? ਪਹਿਰੇਦਾਰ ਕਿਥੇ ਹਨ ?'

ਦੁੱਲੇ ਦੇ ਦੂਸਰੇ ਸਾਥੀ ਵੀ ਅੰਦਰ ਆਣ ਵੜੇ। ਹੈਂਅ ? ਇਹ ਕਿਵੇਂ ਆ ਗਏ ? ਇਹਨਾਂ ਨੂੰ ਤਾਂ ਮੈਂ ਝਿੜੀ ਵਿਚ ਛੱਡ ਕੇ ਆਇਆ ਸਾਂ।

—ਪਿਰਥਿਆ ਖੂਹ 'ਤੇ ਕੌਣ ਈ ? ਧਾਅਨੂੰ ਆਖਿਆ ਸਈ ਹਿਰਨ ਚੁੱਲ੍ਹੇ ਉਪਰ ਚਾੜ੍ਹੋ, ਮੈਂ ਆਉਨਾਂ ਪਿਆਂ।' ਦੁੱਲਾ ਗੁੱਸੇ ਹੋਇਆ।

—ਅਸੀਂ ਬੇਗ਼ਮ ਵੇਖਣ ਆ ਗਏ। ਮਹਿਲਾਂ ਅੰਦਰ ਤਾਂ ਇਹਨਾਂ ਦੀ ਝਲਕ ਵੀ ਨਹੀਂ ਮਿਲਦੀ। ਸੋਚਿਆ ਦੇਖ ਆਈਏ-ਇਹ ਵੀ ਸਾਡੇ ਵਰਗੇ ਈ ਹੁੰਦੇ ਕਿ ਇਹਨਾਂ ਦੇ ਕੋਈ ਲੱਤ, ਬਾਂਹ ਵਾਧੂ ਲੱਗੀ ਹੁੰਦੀ ਏ।'

—ਠੀਕ ਏ, ਵੇਖ ਲਉ ਚੰਗੀ ਤਰ੍ਹਾਂ ?' ਦੁੱਲਾ ਬੇਗ਼ਮ ਵੱਲ ਵੇਖ ਕੇ ਖਿੜ-ਖਿੜਾ ਕੇ ਹੱਸਿਆ। ਫੇਰ ਅਚਾਨਕ ਪਤਾ ਨਈਂ ਉਸ ਵਿਚ ਭੂਤਨੇ ਆ ਵੜ੍ਹੇ। ਬੋਲਿਆ—'ਜੇ ਹੋਰ ਵੀ ਚੰਗੀ ਤਰ੍ਹਾਂ ਤਾਂ ਵੇਖਣਾ ਈ ਤਾਂ ਮੈਂ ਇਹਨੂੰ ਵਿਹੜੇ ਵਿਚ ਧੂ ਲੈਨਾਂ।' ਉਸਨੇ ਬੇਗ਼ਮ ਦੀ ਗੁੱਤ ਫੜੀ ਤੇ ਬਾਹਰ ਹਵੇਲੀ ਦੇ ਵਿਹੜੇ ਵਿਚ ਖਿੱਚ ਲਿਆਇਆ—'ਲੁੱਟ ਲਉ ਇਹਦਾ ਹਾਰ ਸ਼ਿੰਗਾਰ, ਧਨ-ਮਾਲ ਜੋ ਵੀ ਹੈਗਾ।'

ਲੱਧੀ, ਫੁੱਲਰਾਂ, ਬਖਤੋ, ਸਲੇਮੋ, ਨੂਰਾ, ਉਹਦੀ ਵਹੁਟੀ ਹੱਥ ਜੋੜੀ ਦੁੱਲੇ ਅੱਗੇ ਮਿੰਨਤਾਂ ਕਰਨ ਲੱਗੀਆਂ,—'ਇਹ ਕੀ ਕਰ ਬੈਠਾਂ ਦੋਜ਼ਖੀਆ, ਦੁਸ਼ਟਾ, ਤੇਰੀਆਂ ਕੀਤੀਆਂ ਅਸਾਂ ਨੂੰ ਭੁਗਤਣੀਆਂ ਪੈਣੀਆਂ।'

ਬੇਗ਼ਮ ਨੇ ਵੀ ਤਰਲੇ ਕੀਤੇ—'ਤੂੰ ਮੇਰੇ ਪੁੱਤਰ ਸ਼ੇਖ਼ੂ ਬਰਾਬਰ ਏਂ ਦੁੱਲਿਆ। ਇਹ ਧਨ-ਮਾਲ ਤਾਂ ਮੈਂ ਸੱਚੀ ਦਰਗਾਹ ਮੱਕੇ ਚੜ੍ਹਾਣਾ ਈ। ਪੀਰਾਂ ਫਕੀਰਾਂ ਨੂੰ ਨਾਰਾਜ਼ ਨਹੀਂ ਕਰੀਦਾ ਪੁੱਤਰਾ। ਪੀਰਾਂ ਦੀ ਮਾਰ ਬੁਰੀ ਹੁੰਦੀ ਏ। ਤੈਨੂੰ ਧਨ ਦੀ ਲੋੜ ਏ ਤਾਂ ਮੈਂ ਲਾਹੌਰ ਹੁਕਮ ਭੇਜ ਦੇਨੀ ਆਂ।'

—ਏਥੇ ਪਿੰਡੀ ਵਿਚ ਤੇਰਾ ਹੁਕਮ ਨਹੀਂ ਚਲਦਾ। ਏਥੇ ਦੁੱਲੇ ਦੀ ਬਾਦਸ਼ਾਹੀ ਏ। ਇੱਕ ਗੱਲ ਹੋਰ ਸੁਣ ਲੈ, ਦੁੱਲਾ ਕਦੇ ਖ਼ੈਰਾਤ ਵਾਂਗ ਧਨ ਨਹੀਂ ਲੈਂਦਾ। ਧਨ ਲੈਣ ਦਾ ਆਪਣਾ ਹੀ

ਢੰਗ ਏ ਦੁੱਲੇ ਦਾ। ਪਾਣੀ ਨਚੋੜਨਾ ਹੋਵੇ ਤਾਂ ਕਪੜੇ ਨੂੰ ਵੱਟ ਚਾੜ੍ਹੀਦਾ ਏ।' ਆਖਕੇ ਦੁੱਲੇ ਨੇ ਬੇਗ਼ਮ ਦੀ ਗੁੱਤ ਨੂੰ ਹੋਰ ਗੇੜਾ ਦੇ ਦਿੱਤਾ।

ਬੇਗ਼ਮ ਦੀ ਚੀਕ ਨਿਕਲ ਗਈ।

—ਇੱਕ ਗੱਲ ਹੋਰ ਦੱਸ ਦੇਈਂ ਆਪਣੇ ਬਾਦਸ਼ਾਹ ਨੂੰ, ਦੁੱਲਾ ਕਦੇ ਆਪਣੇ ਲਈ ਧਾੜੇ ਨਹੀਂ ਮਾਰਦਾ। ਨਾ ਹੀ ਬਾਦਸ਼ਾਹਾਂ ਵਾਂਗ ਕਿਧਰੇ ਮੰਗਣ ਜਾਂਦਾ ਏ। ਲਾਹੌਰ ਵਾਲੇ ਮੰਗਤਿਆਂ ਵਾਂਗ ਆਉਂਦੇ ਨੇ ਮਾਮਲਾ ਲੈਣ..... ਤੇ ਸਾਡੇ ਲੋਕਾਂ ਦੇ ਮੂੰਹ ਦਾ ਟੁੱਕਰ ਵੀ ਖੋਹ ਕੇ ਲੈ ਜਾਂਦੇ ਨੇ।'

—ਵੇ ਪੁੱਤਰ, ਸ਼ੇਖੂ ਤੈਨੂੰ ਆਪਣਾ ਭਰਾ ਤਸਲੀਮ ਕਰਦਾ ਏ। ਏਸ ਪਾਸਿਓਂ ਵੀ ਮੈਂ ਤੇਰੀ ਮਾਂ.....।' ਬੇਗਮ ਨੇ ਹੋਰ ਦਾਅ ਵਰਤਿਆ।

—ਤੂੰ ਸ਼ੇਖੂ ਦੀ ਮਾਂ ਏ, ਇਸਦਾ ਮੈਨੂੰ ਭੋਰਾ ਰੰਜ ਨਹੀਂ। ਤੂੰ ਮੇਰੀ ਮਾਂ ਵੀ ਬਣ ਸਕਨੀ ਏਂ। ਪਰ ਤੂੰ ਬਾਦਸ਼ਾਹ ਅਕਬਰ ਦੀ ਬੇਗਮ ਵੀ ਏਂ। ਮੇਰੇ ਲਈ ਤਾਂ ਏਹੀ ਵੱਡੀ ਗੱਲ ਈ।' ਦੁੱਲੇ ਨੇ ਗੁੱਤ ਹੋਰ ਮਰੋੜ ਦਿੱਤੀ।

—ਤੈਨੂੰ ਸ਼ਹਿਨਸ਼ਾਹ ਦੀਆਂ ਫੌਜਾਂ ਦਾ ਖ਼ੌਫ਼ ਨਹੀਂ— ?' ਪੀੜ ਨਾਲ ਬਹਿਬਲ ਹੁੰਦੀ ਬੇਗ਼ਮ ਅਸਲੀ ਰੰਗ ਵਿਚ ਆਉਣ ਲੱਗੀ।

—ਸ਼ਾਹੀ ਫੌਜਾਂ ਦੀ ਗੱਲ ਫੇਰ ਕਰੀਂ, ਹੁਣ ਤੂੰ ਆਪਣੀ ਨਬੇੜ।' ਦੁੱਲਾ ਬੇਗਮ ਨੂੰ ਵਿਹੜੇ ਵਿਚ ਚੱਕਰੀ ਗੇੜੇ ਘੁੰਮਾਉਣ ਲੱਗਾ।

—ਆਪਣੀ ਮੌਤ ਦਾ ਸਮਾਨ ਇਕੱਠਾ ਕਰਦਾ ਪਿਆ ਹੈਂ ਦੁੱਲਿਆ।'

—ਦੁੱਲੇ ਨੂੰ ਮੌਤ ਦਾ ਭੈਅ ਨਾ ਦੇਹ ਰਾਣੀਏਂ। ਤੂੰ ਏਥੇ ਦੁੱਲੇ ਦੀ ਬਾਦਸ਼ਾਹੀ ਵਿਚ ਆਕੇ ਅਸਾਂ ਨੂੰ ਇਜ਼ਤ ਬਖਸ਼ੀ ਏ। ਅਸਾਂ ਦਾ ਵੀ ਫਰਜ਼ ਬਣਦਾ ਏ ਤੇਰਾ ਮਾਣ ਕਰੀਏ। ਨੂਰਿਆ ਅੰਦਰੋਂ ਕੈਂਚੀ ਤਾਂ ਪਕੜਾ।'

ਨੂਰਾ ਝੱਟ ਕੈਂਚੀ ਲੈ ਆਇਆ।

ਡਰੀ ਹੋਈ ਬੇਗ਼ਮ ਨੇ ਫਿਰ ਚੀਕ ਮਾਰੀ। —'ਕੋਈ ਹੈ ?' ਉਸਨੇ ਤਾੜੀ ਮਾਰੀ।

ਏਨੀ ਚਿਰ ਵਿਚ ਦੁੱਲੇ ਨੇ ਗੁੱਤ ਨੂੰ ਹੋਰ ਮਰੋੜਾ ਦਿੱਤਾ ਤੇ ਕੈਂਚੀ ਨਾਲ ਗੁੱਤ ਜੜੋਂ ਕੱਟ ਦਿੱਤੀ। ਫਿਰ ਹਵੇਲੀ ਦੇ ਥਮ੍ਹਲੇ ਦੀ ਕਿੱਲੀ ਉਪਰ ਗੁੱਤ ਟੰਗਦਿਆਂ ਕਿਹਾ,—ਜਾਹ ਰਾਣੀਏਂ, ਹੁਣ ਭਾਵੇਂ ਮੱਕੇ ਜਾਹ ਤੇ ਭਾਵੇਂ ਲਾਹੌਰ ਜਾਹ। ਤੇਰੀ ਗੁੱਤ ਏਥੇ ਪਿੰਡੀ 'ਚ ਸਾਡੇ ਕਿੱਲੇ ਉੱਪਰ ਲਟਕੀਂਦੀ ਰਹੇਗੀ। ਆਪਣਾ ਧਨ-ਮਾਲ ਵੀ ਲਈ ਜਾਹ। ਦੁੱਲੇ ਨੂੰ ਧਨ-ਮਾਲ ਬਥੇਰਾ।

ਲੱਧੀ ਦੁਹਾਈਆਂ ਪਾਉਣ ਲੱਗੀ। ਪਿੱਟਦੀ ਪਿੱਟਦੀ ਜਾਕੇ ਦੁੱਲੇ ਨੂੰ ਕੁੱਟਣ ਲੱਗੀ। ਦੁੱਲਾ ਵੀ ਉੱਚੀ ਉੱਚੀ ਰੌਲਾ ਪਾਉਣ ਲੱਗਾ। ਫੇਰ ਪਿਰਥੇ, ਰੂੜੇ ਹੋਰੀਂ ਵੀ ਦੁੱਲੇ ਨੂੰ ਕੁੱਟਣ ਲੱਗ ਪਏ।

ਉਹ ਤ੍ਰਭੱਕ ਕੇ ਉਠਿਆ। ਉਸਦੇ ਸਾਥੀ ਉਸਨੂੰ ਹਲੂਣ ਰਹੇ ਸਨ। ਉਹ ਭਮੱਤਰਿਆ ਇਧਰ ਉਧਰ ਵੇਖਣ ਲੱਗਾ। ਨਾ ਏਥੇ ਹਵੇਲੀ ਸੀ, ਨਾ ਬੇਗ਼ਮ, ਨਾ ਹਾਥੀ ਨਾ ਘੋੜੇ। ਉਹ ਖੂਹ ਦੇ ਥੜ੍ਹੇ ਉਪਰ ਪਿਆ ਸੀ। ਸਾਰਾ ਸਰੀਰ ਮੁੜ੍ਹਕੇ ਨਾਲ ਭਿੱਜਾ ਹੋਇਆ ਸੀ।

—ਘੋੜੇ ਵੇਚਕੇ ਸੁੱਤਾ ਹੋਇਆਂ, ਕਦ ਦੇ ਜਗਾਣ ਡਹੇ ਆਂ ਤੈਨੂੰ।'

ਦੁੱਲੇ ਨੇ ਸਿਰ ਫੜ ਲਿਆ। ਓਪਰਿਆਂ ਵਾਂਗ ਝਿੜੀ ਵੱਲ ਵੇਖਣ ਲੱਗਾ।

—ਪਹਿਲਾਂ ਕਦੀ ਝਿੜੀ ਨਹੀਂ ਵੇਖੀ ?' ਪਿਰਥੇ ਨੇ ਹੁੱਝ ਮਾਰੀ। ਦੁੱਲੇ ਨੇ ਸਿਰ ਝਟਕਿਆ।



—ਹੋਇਆ ਕੀ ?' ਰੂੜੇ ਨੇ ਫ਼ਿਕਰ ਨਾਲ ਪੁੱਛਿਆ।

—ਹੋਇਆ ਤਾਂ ਕੁਝ ਨਹੀਂ.....।' ਦੁੱਲਾ ਫਿੱਕਾ ਜਿਹਾ ਹੱਸਿਆ।

—ਗੋਸ਼ਤ ਕਦ ਦਾ ਰਿੱਝਿਆ ਪਿਆ ਈ। ਵੇਲੇ ਨਾਲ ਖਾ ਲਓ ਨਹੀਂ ਤਾਂ ਏਹਨੇ ਫੇਰ-ਜੰਗਲ ਵੱਲ ਚੁੰਗੀਆਂ ਭਰ ਜਾਣੀਆਂ ਨੀ।' ਫੱਤੂ ਨੇ ਭੱਠੀ ਕੋਲੋਂ ਹੀ ਆਖਿਆ।

ਦੁੱਲਾ ਪਿਰਥੇ ਅਤੇ ਰੂੜੇ ਨੂੰ ਇਕ ਪਾਸੇ ਲੈ ਗਿਆ। ਜਦ ਮੁੜੇ ਤਾਂ ਪਿਰਥੇ ਨੇ ਸਦੀਕ ਨੂੰ ਕਿਹਾ,—'ਘੋੜਾ ਤਿਆਰ ਕਰ।'

ਕੁਝ ਦੇਰ ਬਾਅਦ ਦੁੱਲਾ ਘੋੜੇ ਉਪਰ ਬੈਠਾ, ਹੱਥ ਵਿਚ ਬਰਛਾ ਲਈ ਝਨਾਂ ਦੇ ਉਤਰ ਵਲ ਤੁਰਨ ਤੋਂ ਪਹਿਲਾਂ ਸਮਝਾ ਗਿਆ,—'ਕੋਈ ਖ਼ਾਸ ਈ ਗੱਲ ਹੋਈ ਤਾਂ ਆਣਾ ਈ ਓਧਰ, ਨਹੀਂ ਤਾਂ ਏਥੇ ਈ ਮਿਲਾਂਗੇ ਕੱਲ੍ਹ।'

****

ਬਰਛਾ ਕੰਧ ਨਾਲ ਖੜ੍ਹਾ ਕਰਕੇ, ਦੁੱਲੇ ਨੇ ਘੋੜਾ ਬੰਨ੍ਹਿਆ, ਕਾਹਲੀ ਅਤੇ ਚਾਅ ਵਿਚ ਭੱਜੀ ਆਈ ਨੂਰਾਂ ਦੀ ਸਿਰੋਂ ਚੁੰਨੀ ਲਹਿ ਗਈ।

ਦੁੱਲੇ ਨੇ ਘੋੜੇ ਦੀ ਕਾਠੀ ਨਾਲ ਬੰਨ੍ਹਿਆ ਡੋਲ੍ਹਣਾ ਖੋਹਲ ਕੇ ਨੂਰਾਂ ਨੂੰ ਫੜਾਉਂਦਿਆਂ ਕਿਹਾ, ਇਹਨੂੰ ਕਿਸੇ ਹੋਰ ਭਾਂਡੇ ਪਾ ਲੈ ਤੇ ਵੇਖ ਖਾਂ ਦਾਰੂ-ਸ਼ਾਰੂ ਦਾ ਕੋਈ ਕੁੱਜਾ ਪਿਆ ਈ ਤਾਂ।'

—ਇਹ ਕੀ ਵੇ— ?' ਨੂਰਾਂ ਨੇ ਪੁੱਛਿਆ।

—ਗੋਸ਼ਤ ਈ। ਹਿਰਨ ਦਾ ਸ਼ਿਕਾਰ ਖੇਡਿਆ ਈ ਅੱਜ। ਮੇਰੇ ਬੇਲੀ ਝਿੜੀ 'ਚ ਖਾਣ ਡਹੇ ਨੀ ਤੇ ਮੈਂ....।' ਦੁੱਲਾ ਇਸ ਤਰ੍ਹਾਂ ਝਾਕਿਆ ਮੋਹ ਨਾਲ, ਨੂਰਾਂ ਦੀ ਜਿਵੇਂ ਜਿੰਦ ਹੀ ਨਿੱਕਲ ਗਈ, ਮੂੰਹੋਂ ਨਿਕਲਿਆ—'ਹਾਏ ਮੈਂ ਮਰਜਾਂ।'

ਬਾਹਰਲਾ ਬੂਹਾ ਬੰਦ ਕਰਕੇ, ਵਿਹੜੇ ਵਿਚ ਮੰਜਾ ਡਾਹਕੇ ਨੂਰਾਂ ਖਾਣ ਪੀਣ ਦਾ ਓਹੜ ਪੋਹੜ ਕਰਨ ਲੱਗੀ। ਅੰਦਰ ਦੀਵਾ ਬਾਲ ਆਈ।

...............

—ਨੂਰੀ, ਅੱਜ ਤਾਂ ਬੱਲੀਏ ਬੜਾ ਭੈੜਾ ਸੁਪਨਾ ਵੇਖਿਆ ਈ।' ਜੇ ਘੜੀ ਪਲ ਮੇਰੇ ਯਾਰ ਬੇਲੀ ਜਗਾਂਦੇ ਨਾ ਮੈਂ ਤਾਂ ਬੇਗ਼ਮ ਨੂੰ ਹਵੇਲੀ ਵਿਚੋਂ ਘਸੀਟ ਕੇ ਬਾਹਰ ਸੁੱਟ ਦੇਣਾ ਸੀ।

—ਹਾਏ ਅੱਲਾਹ, ਹੁਣ ਕਿਹੜੀਆਂ ਬੇਗ਼ਮਾਂ ਦਿੱਸਣ ਡਹੀਆਂ ਨੇ ਤੈਨੂੰ ?' ਨੂਰਾਂ ਹੈਰਾਨ ਹੋਈ।

ਤੇ ਦੁੱਲਾ ਨੂਰਾਂ ਨੂੰ ਸੁਪਨਾ ਸਨਾਉਣ ਲੱਗ ਪਿਆ।

ਹੈਰਾਨੀ ਨਾਲ ਕਦੇ ਨੂਰਾਂ ਦੀਆਂ ਅੱਖਾਂ ਫੈਲ ਜਾਂਦੀਆਂ। ਕਦੇ ਮੂੰਹ ਟੱਡਿਆ ਜਾਂਦਾ। ਕਦੇ ਘਬਰਾ ਕੇ ਉਹ ਦੁੱਲੇ ਨੂੰ ਕਲਾਵੇ ਵਿਚ ਲੈ ਲੈਂਦੀ ਤੇ ਉਸ ਨਾਲ ਲਿਪਟ ਜਾਂਦੀ।

—ਸੁਫ਼ਨਾ ਤਾਂ ਬੜਾ ਭੈੜਾ ਆਇਆ ਈ। ਰਾਣੀ ਦੀ ਗੁੱਤ ਮੁੰਨਣੀ ਮਾੜਾ ਸ਼ਗਨ ਹੁੰਦਾ। ਕੀ ਪਤਾ ਅਕਬਰ ਏਧਰ ਫੌਜਾਂ ਚਾੜ੍ਹ ਲਿਆਵੇ ?' ਨੂਰਾਂ ਨੇ ਸੰਸੇ ਨਾਲ ਆਖਿਆ ਤੇ ਦੁੱਲੇ ਦਾ ਹੱਥ ਆਪਣੇ ਹੱਥਾਂ 'ਚ ਲੈ ਕੇ ਸਹਿਲਾਉਣ ਲੱਗੀ।

—ਮੈਂ ਏਹੀ ਤਾਂ ਚਾਹਨਾਂ ਨੂਰੀਏ, ਇਕ ਵਾਰ ਆਹਮੋ-ਸਾਹਮਣਾ ਹੋਵੇ। ਮੈਂ ਅਕਬਰ ਦੀਆਂ ਅੱਖਾਂ 'ਚ ਅੱਖਾਂ ਪਾ ਕੇ ਵੇਖਾਂ। ਉਹ ਜਾਣ ਲਵੇ ਸਾਂਦਲ ਬਾਰ ਦੇ ਭੱਟੀ, ਬਾਦਸ਼ਾਹਾਂ

ਦੀਆਂ ਅੱਖਾਂ 'ਚ ਵੇਖਣ ਦੀ ਜੁਅਰਤ ਕਰ ਸਕਦੇ ਨੇ.....।' ਦੁੱਲੇ ਨੇ ਨੂਰਾਂ ਦੇ ਗਲ ਦੁਆਲੇ ਬਾਂਹ ਵਲਾ ਕੇ ਆਪਣੀ ਵੱਖੀ ਨਾਲ ਘੁੱਟ ਲਿਆ।

—ਬਾਦਸ਼ਾਹਾਂ ਨੂੰ ਕੀ ਪਈ ਏ, ਉਹ ਜਣੇ ਖਣੇ ਦੀਆਂ ਅੱਖਾਂ ਵਿਚ ਝਾਕਦੇ ਫਿਰਨ। ਉਹਨਾਂ ਵਲੋਂ ਤਾਂ ਨਿੱਤ ਸੈਆਂ ਮਰਦੇ ਨੇ। ਜੇਹੇ ਬੰਦੇ, ਤੇਹੇ ਕੀੜੇ ਪਤੰਗੇ।' ਨੂਰਾਂ ਮੂੰਹ ਉਤਾਂਹ ਚੁੱਕ ਕੇ ਦੁੱਲੇ ਵੱਲ ਝਾਕੀ।

—ਇਉਂ ਨਾ ਆਖ ਨੂਰੀਏ, ਮਰਦੇ ਹੋਣਗੇ ਸੈਆਂ, ਤੇਰਾ ਦੁੱਲਾ ਨਾ ਜਣਾ ਖਣਾ ਈ ਨਾ ਕੀੜਾ ਪਤੰਗਾ ਈ। ਸਾਂਦਲ ਬਾਰ ਵਿਚ ਮਾਂ ਨੇ ਇੱਕੋ ਈ ਦੁੱਲਾ ਜੰਮਿਆਂ। ਏਨੇ ਵਰ੍ਹੇ ਬੀਤ ਗਏ, ਕੋਈ ਬਾਦਸ਼ਾਹ ਦੀਆਂ ਅੱਖਾਂ ਵਿਚ ਨਹੀਂ ਝਾਕਿਆ। ਮੈਂ ਤਾਂ ਹੁਣ ਬਾਰ ਦੇ ਹਰ ਗੱਭਰੂ ਨੂੰ ਦੁੱਲਾ ਬਣਾ ਦੇਣਾ ਈ........।'

ਨੂਰਾਂ ਘੁੰਮਕੇ ਦੁੱਲੇ ਦੇ ਸਾਹਮਣੇ ਹੋ ਗਈ। ਉਹਦਾ ਸਿਰ ਆਪਣੀ ਹਿੱਕ ਨਾਲ ਲਾ ਲਿਆ। ਫਿਰ ਦੋਹਾਂ ਹੱਥਾਂ ਵਿਚ ਸਿਰ ਲੈ ਕੇ ਪਿਛਾਂਹ ਕਰਕੇ ਉਸਦੀਆਂ ਅੱਖਾਂ ਵਿਚ ਝਾਕੀ। ਵੇਂਹਦੀ ਰਹੀ ਉਸ ਵਲ। ਫਿਰ ਤਰਸ ਅਤੇ ਮੋਹ ਨਾਲ ਬੋਲੀ,—'ਕੀ ਕਰ ਦਿੰਨਾ ਏਂ ਤੂੰ ਮੈਨੂੰ, ਦੂਰ ਹੁੰਦਾ ਏਂ ਤਾਂ ਗਾਲ੍ਹਾਂ ਕੱਢਦੀ ਆਂ, ਖਿੱਝਦੀ ਆਂ। ਕੋਲ ਹੁੰਨਾਂ ਏ ਤਾਂ ਮੇਰੀ ਜੀਭ ਠਾਕੀ ਜਾਂਦੀ ਏ। ਮੈਂ ਤਾਂ ਗੂੰਗੀ ਹੋ ਜਾਨੀਂ ਆਂ। ਸੋਚਨੀ ਆਂ, ਤੇਰੀ ਮਾਂ ਏ, ਬੀਵੀ ਏ, ਪੁੱਤਰ ਧੀਆਂ ਨੇ, ਮੇਰੇ ਹਿੱਸੇ ਕਿੰਨ੍ਹਾ ਕੁ ਆਨਾ ਏ ਤੂੰ ? ਬਾਦਸ਼ਾਹ ਨਾਲ ਵੀ ਟੱਕਰ ਲਈ ਸੂ। ਤੇਰੇ ਨਾਲ ਕਿੰਨੇ ਜਣਿਆਂ ਦੀ ਹਯਾਤੀ ਬੱਝੀ ਏ। ਤੂੰ ਸੰਭਲ ਕੇ ਕਿਉਂ ਨਹੀਂ ਚਲਦਾ, ਤੇਰੇ ਬਾਝੋਂ.......।'

ਦੁੱਲੇ ਨੇ ਉਸਦੇ ਮੂੰਹ ਉਪਰ ਹੱਥ ਰੱਖ ਦਿੱਤਾ।

—ਬੱਸ ਨੂਰਾਂ, ਮੋਹ ਪਿਆਰ ਨਾ ਮੈਨੂੰ ਕਰਨਾ ਆਉਂਦਾ, ਨਾ ਮੈਥੋਂ ਸੁਣਿਆ ਜਾਂਦਾ। ਏਨਾ ਜਾਣ ਲੈ, ਤੇਰਾ ਦੁੱਲਾ ਬਾਦਸ਼ਾਹ ਅਕਬਰ ਦੀ ਧੌਂਸ ਸਹਿਣ ਲਈ ਨਹੀਂ ਜੰਮਿਆਂ। ਤੈਨੂੰ ਦੱਸਿਆ ਸੀ, ਮਾਂ ਨੇ ਸਾਣ ਲੱਗੀ ਤਲਵਾਰ ਦੇ ਪਾਣੀ ਦੀ ਗੁੜ੍ਹਤੀ ਦਿੱਤੀ ਸਾਈ। ਇਹ ਗੁੜ੍ਹਤੀ ਮੈਨੂੰ ਚੈਨ ਨਾਲ ਸੌਣ ਨਹੀਂ ਦੇਂਦੀ ਨੂਰਾਂ। ਅੱਖ ਲਗਦੀ ਏ ਤਾਂ ਮੈਨੂੰ ਅੱਬਾ, ਦਾਦਾ ਦਿੱਸਦੇ ਨੇ। ਪਿੰਡੀ ਉੱਜੜੀ ਦਿਸਦੀ ਏ। ਮਾਂ ਵਿਰਲਾਪ ਕਰਦੀ ਸੁਣਦੀ ਏ। ਕੀ ਕਰਾਂ ? ਤੂੰ ਹੀ ਦੱਸ ਨੂਰਾਂ। ਮੇਰੀਆਂ ਅੱਖਾਂ ਨਾਲ ਨੀਂਦਰ ਰੁੱਸ ਬੈਠੀ ਏ। ਜੀ ਕਰਦਾ ਏ ਕੰਧਾਂ 'ਚ ਟੱਕਰਾਂ ਮਾਰਾਂ, ਝੋਏਂ ਪਾੜ ਦਿਆਂ, ਅੰਬਰਾਂ ਦੇ ਲੰਗਾਰ ਲਾਹ ਦਿਆਂ। ਫੇਰ ਮੈਨੂੰ ਨਾ ਆਪਣੀ ਰੰਨ ਦਿਸਦੀ ਏ, ਨਾ ਪੁੱਤਰ ਦਿੱਸਦਾ ਏ, ਨਾ ਧੀਆਂ ਦਿਸਦੀਆਂ ਨੇ, ਨਾ ਮਾਂ ਦਿੱਸਦੀ ਏ, ਸੱਚ ਆਖਾਂ ਤਾਂ ਮੈਨੂੰ ਤੂੰ ਵੀ ਨਹੀਂ ਦਿੱਸਦੀ, ਨੂਰਾਂ ਮਾਫ਼ ਕਰੀਂ ਮੈਨੂੰ। ਦੁੱਲਾ ਨੂਰਾਂ ਦੇ ਗਲ ਲੱਗ ਗਿਆ।

ਨੂਰਾਂ ਦੇ ਅੱਥਰੂ ਵਹਿ ਤੁਰੇ।

ਦੁੱਲੇ ਨੇ ਨੂਰਾਂ ਨੂੰ ਆਪਣੇ ਨਾਲੋਂ ਤੋੜ ਕੇ ਲਾਹਿਆ—'ਕੁਝ ਖਾਣ ਪੀਣ ਲਈ ਹੈਗਾ ਤਾਂ ਚੱਲ ਖਾਈਏ, ਰੋਣ ਧੋਣ ਦੇ ਬੜੇ ਵੇਲੇ ਆਣੇ ਨੇ।'

—ਚੌਂਕੇ ਵੱਲ ਹੀ ਆ ਜਾ।'

ਦੋਵੇਂ ਚੌਂਕੇ ਵਿਚ ਬੈਠ ਗਏ। ਨੂਰਾਂ ਨੇ ਚੁਲ੍ਹਾ ਬਾਲ ਲਿਆ।

* * * *



ਨੂਰਾਂ ਨੇ ਅਜੇ ਦੋ ਕੁ ਰੋਟੀਆਂ ਹੀ ਲਾਹੀਆਂ ਸਨ। ਦੁੱਲੇ ਨੇ ਆਖਿਆ ਸੀ,—'ਸਾਰੀਆਂ ਪਕਾ ਲੈ, 'ਕੱਠੇ ਖਾਵਾਂਗੇ।

ਉਦੋਂ ਹੀ ਕੋਈ ਬੂਹਾ ਭੰਨਣ ਲੱਗਾ।

ਦੁੱਲਾ ਤੇਜ਼ੀ ਨਾਲ ਉਠਿਆ। ਜਾਕੇ ਬੂਹਾ ਖੋਹਲਿਆ। ਫੱਤੂ ਮਰਾਸੀ ਸਾਹੋ ਸਾਹ ਹੋਇਆ ਅੰਦਰ ਆਇਆ।

—ਅੰਬਾਂ ਵਾਲੇ ਖੂਹ ਨੂੰ ਮੁਗਲਾਂ ਦੇ ਸਿਪਾਹੀਆਂ ਘੇਰਾ ਪਾ ਲਿਆ ਈ।'

—ਕਿੰਨੇ ਕੁ ਜਣੇ ਨੇ ?'

—ਪੰਝੀ ਤੀਹ ਤਾਂ ਹੋਣਗੇ।' ਫੱਤੂ ਅਜੇ ਵੀ ਹੌਂਕੀ ਜਾ ਰਿਹਾ ਸੀ।

ਦੁੱਲਾ ਸੋਚੀਂ ਪੈ ਗਿਆ।

—ਝਿੜੀ 'ਚ ਆਪਣੇ ਬੰਦੇ ਕਿੰਨੇ ਨੀ ?'

—ਸਾਰੇ ਘਿਰ ਗਏ ਨੀ ਸਰਦਾਰਾ।' ਫੱਤੂ ਰੋਣਹਾਕਾ ਹੋ ਗਿਆ।

—ਤੂੰ ਝੱਟ ਕਰ ਤੇ ਵਲਾ ਪਾਕੇ ਪਿੰਡ 'ਚ ਆਪਣੇ ਬੰਦਿਆਂ ਨੂੰ ਖਬਰ ਦੇਹ। ਆਖੀਂ ਜੋ ਵੀ ਹਥਿਆਰ ਹੱਥ ਲਗਦਾ ਈ ਲਈ ਕੇ ਝਿੜੀ ਵੱਲ ਆਵੋ।'

ਨੂਰਾਂ ਥਾਲ ਵਿਚ ਰੋਟੀ ਲਈ ਵਿਹੜੇ ਵਿਚ ਆਣ ਖੜ੍ਹੀ।

ਉਸ ਵੇਲੇ ਦੁੱਲਾ ਫੱਤੂ ਨੂੰ ਕੁਝ ਸਮਝਾ ਰਿਹਾ ਸੀ। ਸੁਣਦਿਆਂ ਹੀ ਫੱਤੂ ਝੱਟ ਹਵਾ ਬਣ ਗਿਆ।

ਦੁੱਲੇ ਨੇ ਕਾਹਲੀ ਨਾਲ ਘੋੜਾ ਆ ਖੋਹਲਿਆ।

—ਰੋਟੀ ?' ਪੁੱਛਦਿਆਂ ਨੂਰਾਂ ਦੇ ਸਾਹ ਰੁਕ ਗਏ।

—ਫੇਰ ਸਹੀ।' ਆਖਦਾ ਦੁੱਲਾ ਘੋੜੇ ਚੜ੍ਹਕੇ ਹੱਥ ਵਿਚ ਬਰਛਾ ਫੜੀ ਹਨੇਰੀ ਵਾਂਗ ਘਰੋਂ ਨਿਕਲਿਆ।

ਨੂਰਾਂ ਮੂੰਹ ਅੱਡੀ ਖੜ੍ਹੀ ਵੇਖਦੀ ਰਹਿ ਗਈ ਤੇ ਉਸਦੇ ਹੱਥੋਂ ਰੋਟੀ ਵਾਲਾ ਥਾਲ ਹੇਠਾਂ ਡਿੱਗ ਪਿਆ।

## 30.

ਅੰਬਾਂ ਦੀ ਝਿੜੀ ਦੂਹਰੇ ਘੇਰੇ ਵਿਚ ਘਿਰੀ ਹੋਈ ਸੀ।

ਮੁਗਲ ਸਿਪਾਹੀਆਂ ਨੇ ਝਿੜੀ ਨੂੰ ਘੇਰਾ ਪਾਇਆ ਹੋਇਆ ਸੀ।

ਫੱਤੂ ਮਿਰਾਸੀ ਅਤੇ ਝਿੜੀ ਵਿਚੋਂ ਦਾਅ ਲਾ ਕੇ ਨਿਕਲੇ ਸ਼ੱਲੇ ਹੋਰਾਂ ਦੀ ਫੁਰਤੀ ਨਾਲ ਪਿੰਡੀ ਵਿਚੋਂ ਇਕੱਠੇ ਕੀਤੇ ਗੱਭਰੂਆਂ ਨੇ ਮੁਗਲਾਂ ਨੂੰ ਘੇਰਾ ਪਾਇਆ ਹੋਇਆ ਸੀ। ਪਿਰਥੇ, ਰੂੜੇ, ਸਦੀਕ ਅਤੇ ਹੋਰ ਸਭ ਝਿੜੀ ਦੇ ਅੰਦਰ ਘਿਰੇ ਹੋਏ ਸਨ।

ਮੁਗਲ ਸਿਪਾਹੀ, ਅੰਦਰੋਂ ਵੀ ਤੇ ਬਾਹਰੋਂ ਵੀ ਦੁੱਲੇ ਦੇ ਸਾਥੀਆਂ ਦੀ ਮਾਰ ਹੇਠ ਸਨ। ਹੁਣ ਨਾ ਉਹ ਝਿੜੀ ਅੰਦਰ ਜਾ ਸਕਦੇ ਸਨ ਤੇ ਨਾ ਬਾਹਰ ਭੱਜ ਸਕਦੇ ਸਨ।

ਦੂਰੋਂ ਘੋੜਾ ਦੌੜਾਈ ਆਉਂਦੇ ਦੁੱਲੇ ਨੇ, ਨੇਜ਼ਾ ਉਲਾਰ ਕੇ ਜਦੋਂ ਲਲਕਾਰਾ ਮਾਰਿਆ....'ਤਕੜੇ ਹੋ ਜਾਓ ਜਣਿਓ—।' ਤਾਂ ਮੁਗਲ ਸਿਪਾਹੀ ਹੱਕੇ ਬੱਕੇ ਰਹਿ ਗਏ। ਉਹਨਾਂ ਵੇਖਿਆ, ਹਰ ਸਿਪਾਹੀ ਪਿੱਛੇ ਦੁੱਲੇ ਦੇ ਦੋ ਬੰਦੇ ਬਰਛੇ ਸੇਧੀ ਖੜ੍ਹੇ ਹਨ। ਉਹਨਾਂ ਦੇ ਸਾਹ ਸੁੱਕ ਗਏ। ਮੂੰਹ ਤੋਂ ਹਵਾਈਆਂ ਉੱਡਣ ਲੱਗੀਆਂ। ਹੱਥ ਵਿਚ ਫੜੇ ਬਰਛਿਆਂ ਅਤੇ ਕਮਰਬੰਦਾਂ ਨਾਲ ਬੰਨ੍ਹੀਆਂ ਤਲਵਾਰਾਂ ਦੇ ਹੁੰਦਿਆਂ ਵੀ ਉਹ ਘੋੜਿਆਂ ਉੱਪਰ ਬੈਠੇ ਕੰਬਣ ਲੱਗੇ।

—ਜਿਉਂਦੇ ਮੁੜਨਾ ਈ ਕਿ ਦੋ ਹੱਥ ਵੇਖਣੇ ਨੇ ?' ਦੁੱਲੇ ਨੇ ਵੰਗਾਰਿਆ।

ਮੁਗਲ ਸਿਪਾਹੀਆਂ ਦਾ ਮੋਹਰੀ ਘੋੜੇ ਉਪਰੋਂ ਉੱਤਰਿਆ। ਹੱਥ ਵਿਚ ਫੜਿਆ ਬਰਛਾ ਉਲਟਾ ਕਰ ਲਿਆ। ਦੁੱਲੇ ਵੱਲ ਆਇਆ। ਕਮਰਬੰਦ ਨਾਲ ਬੰਧੀ ਤਲਵਾਰ ਖੋਹਲੀ ਤੇ ਦੋਵੇਂ ਹਥਿਆਰ ਜ਼ਮੀਨ ਉੱਪਰ ਰੱਖ ਕੇ ਦੁੱਲੇ ਅੱਗੇ ਝੁਕ ਗਿਆ।

—ਅਸੀਂ ਤਾਂ ਮੁਲਾਜਮ ਆਂ ਸਰਦਾਰ। ਸਰਕਾਰ ਦੇ ਚਾਕਰ। ਹੁਕਮ ਦੇ ਗ਼ੁਲਾਮ। ਹਾਕਮਾਂ ਆਖ ਦਿੱਤਾ ਜਾਓ, ਦੁੱਲੇ ਦੇ ਹੱਥ ਪੈਰ ਬੰਨ੍ਹ ਕੇ ਧੂਹ ਲਿਆਓ। ਅਸੀਂ ਤੁਰ ਪਏ ਸਰਦਾਰਾ। ਨਾਬਰ ਹੁੰਦੇ ਸਾਂ, ਉਧਰ ਵੀ ਮੌਤ ਸੀ, ਇਧਰ ਵੀ ਮੌਤ ਸੀ। ਅਸੀਂ ਜਾਣਨੇ ਸਾਂ,.....ਇਹ ਸਭ ਨਹੀਂ ਹੋਣਾ। ਅਸੀਂ ਬਾਲ-ਬੱਚੇਦਾਰ ਆਂ ਸਰਦਾਰ। ਸਾਨੂੰ ਬਖ਼ਸ਼ ਸਹੀ ਸਲਾਮਤ ਜਾਣ ਦੇ ਸਾਨੂੰ। ਆਖ ਦੇਵਾਂਗੇ ਦੁੱਲਾ ਤਾਂ ਲੱਭਾ ਈ ਨਈ੍ਹੀਂ।' ਮੋਹਰੀ ਝੁਕਿਆ ਬੈਠਾ ਹੀ ਆਖੀ ਗਿਆ।

—ਧਾਅਡਾ ਬਾਦਸ਼ਾਹ ਕਿਥੇ ਈ ਅੱਜ ਕੱਲ੍ਹ ?' ਦੁੱਲੇ ਨੇ ਪੁਛਿਆ।

—ਸੁਣਨੇ ਆਂ ਹਜ਼ੂਰ ਕਸ਼ਮੀਰ ਵਲੋਂ ਕੂਚ ਕੀਤਾ ਹੋਇਆ ਏਧਰ। ਰਾਹ ਵਿਚ ਈ ਹੋਣਾ ਕਿਤੇ। ਆਖਦੇ ਨੇ ਲਾਹੌਰ ਪੁੱਜਣ ਵਾਲਾ ਏ। ਪੱਕਾ ਪਤਾ ਨਈ੍ਹੀਂ ਸਾਨੂੰ। ਬਾਦਸ਼ਾਹਾਂ ਦੀਆਂ ਗੱਲਾਂ ਉੱਤਲੇ ਈ ਜਾਣਦੇ ਨੇ। ਅਸੀਂ ਉਹਨੂੰ ਵੇਖਿਆ ਕੋਈ ਨਈ੍ਹੀਂ। ਅਸਾਂ ਲਈ ਤਾਂ ਸੂਬਾ ਲਾਹੌਰ ਈ ਬਾਦਸ਼ਾਹ ਈ। ਉਹਨੇ ਆਖਿਆ,....ਸ਼ਹਿਨਸ਼ਾਹ ਦਾ ਹੁਕਮ ਏ, ਦੁੱਲੇ ਦੀਆਂ ਮੁਸ਼ਕਾਂ ਬੰਨ੍ਹ ਕੇ ਪੇਸ਼ ਕਰੋ।'



—ਧਾਅਡਾ ਬਾਦਸ਼ਾਹ, ਲਾਹੌਰ ਬੈਠਾ ਹੋਵੇ, ਚਾਹੇ ਦਿੱਲੀ ਬੈਠਾ ਹੋਏ ਚਾਹੇ ਕਸ਼ਮੀਰ ਬੈਠਾ ਹੋਵੇ, ਉਹ ਦੂਰੋਂ ਈ ਮਸਲੇ ਛਾਂਟਣ ਡਿਹਾ ਏ। ਮੁਸ਼ਕਾਂ ਬੰਨ੍ਹਣੀਆਂ ਈ ਦੁੱਲੇ ਦੀਆਂ ਤਾਂ ਖ਼ੁਦ ਮੱਥਾ ਲਾਕੇ ਵੇਖੇ। ਨਹੀਂ ਤਾਂ ਆਪਣੇ ਪੁੱਤਰਾਂ ਨੂੰ ਭੇਜੇ। ਆਖੋ ਜਾ ਕੇ ਉਹਨਾਂ ਨੂੰ।'

—ਅਸੀਂ ਠਹਿਰੇ ਗ਼ੁਲਾਮ। ਚਾਰ ਸਿੱਕੇ ਦਿੰਦੇ ਨੀ ਤਾਂ ਟੁੱਕੜ ਚਲਦਾ ਏ। ਸ਼ਾਹੀ ਦਰਬਾਰੀਆਂ ਦੇ ਤਾਂ ਮੂੰਹ ਖੁਲ੍ਹੇ ਹੋਏ ਨੇ। ਜੋ ਮਰਜ਼ੀ ਪਏ ਹੁਕਮ ਦੇਣ। ਅਸਾਂ ਨੂੰ 'ਜੀ ਹਜ਼ੂਰ' ਆਖਣਾ ਪੈਂਦਾ। ਮੁਲਾਜ਼ਮ ਜੋ ਹੋਏ। ਅੱਲਾਹ ਜਾਣਦਾ ਈ, ਏਧਰ ਆਵਣ ਲਈ ਅਸੀਂ ਢਿੱਡੋਂ ਰਾਜ਼ੀ ਨਹੀਂ ਸਾਂ ਭੱਟੀ ਸਰਦਾਰਾ।' ਮੋਹਰੀ ਤਰਲਿਆਂ 'ਤੇ ਉੱਤਰ ਆਇਆ।

—ਤੇਰੇ ਲਾਹੌਰ ਵਾਲੇ ਤਾਂ ਅੱਡੀਆਂ ਚੁੱਕ ਚੁੱਕ ਵੇਂਹਦੇ ਪਏ ਹੋਣੇ ਨੇ, ਕਿ ਦੁੱਲਾ ਕਿਸੇ ਘੋੜੇ ਪਿੱਛੇ ਬੰਨ੍ਹਿਆ ਘਸੀਟੀਦਾ ਆਂਦਾ ਹੋਣਾ ?' ਦੁੱਲਾ ਹੱਸਿਆ।

—ਅਸਾਂ ਨੂੰ ਬਖਸ਼। ਸਾਡੀ ਖ਼ਤਾ ਮਾਫ਼ ਕਰ। ਲਾਹੌਰ ਵਾਲੇ ਤਾਂ ਯਬਲ੍ਹੀਆਂ ਮਾਰਦੇ ਪਏ ਨੇ। ਅਸੀਂ ਆਪਣੇ ਮੂੰਹੋਂ ਕਿੱਦਾਂ ਆਖੀਏ।'

—ਖੜ੍ਹਾ ਹੋ।' ਦੁੱਲੇ ਨੇ ਹੁਕਮ ਦੇਣ ਵਾਂਗ ਰੋਹਬ ਨਾਲ ਕਿਹਾ।

ਸਿਪਾਹੀ ਕੰਬਦੀਆਂ ਲੱਤਾਂ ਨਾਲ ਖੜ੍ਹਾ ਹੋ ਗਿਆ। ਡਰ ਨਾਲ ਅੱਖਾਂ ਫੈਲ ਗਈਆਂ। ਕੀ ਪਤਾ, ਬਰਛਾ ਆਰ ਪਾਰ ਕਰ ਦੇਵੇ। ਉਸਦੇ ਹੱਥ ਜੁੜ ਗਏ।

—ਆਪਣੇ ਬਾਦਸ਼ਾਹ ਨੂੰ ਆਖੀਂ, ਦੁੱਲਾ ਫੜਨਾ ਈ ਤਾਂ ਮੰਗ ਪਾ ਕੇ ਫੜ ਲਓ। ਪੰਜਾਹ ਸੌ ਬੰਦਿਆਂ ਨਾਲ ਨਹੀਂ ਫੜੀਂਦਾ ਦੁੱਲਾ।'

ਏਨੇ ਵਿਚ ਘਾਤ ਲਾਕੇ ਅੱਗੇ ਵਧਦੇ ਪਿਰਥਾ, ਰੂੜਾ, ਗਾਹਣਾ.....ਸਭ ਸਾਥੀ ਝਿੜੀ ਵਿਚੋਂ ਬਾਹਰ ਆ ਗਏ।

ਆਪਣੇ ਸਾਥੀਆਂ ਨੂੰ ਵੇਖ ਕੇ ਸਦੀਕ ਨੇ ਲਲਕਾਰਾ ਮਾਰਿਆ—'ਯਾ ਅਲੀ।' ਫਿਰ ਸਭਨਾਂ ਨੇ ਬਰਛੇ, ਤਲਵਾਰਾਂ ਲਹਿਰਾ ਕੇ 'ਯਾ ਅਲੀ' ਕਿਹਾ ਤਾਂ ਝਿੜੀ ਦੇ ਰੁੱਖਾਂ ਤੇ ਬੈਠੇ ਪੰਛੀ ਘਬਰਾ ਕੇ ਉੱਡ ਗਏ। ਘੋੜੇ ਵੀ ਤਰਿਹ ਕੇ ਪੌੜ ਮਾਰਨ ਲੱਗੇ।

—ਪਿਰਥਿਆ, ਇਹਨਾਂ ਤੋਂ ਘੋੜੇ ਲੈ ਕੇ ਝਿੜੀ 'ਚ ਬੰਨ੍ਹ ਤੇ ਰੂੜਿਆ ਤੂੰ ਹਥਿਆਰ ਜਮ੍ਹਾ ਕਰਵਾ।' ਦੁੱਲੇ ਨੇ ਹੁਕਮ ਸੁਣਾਇਆ।

—ਇਹਨਾਂ ਦਾ ਕੀ ਕਰਨਾ ਈ.... ?' ਰਮਜ਼ੇ ਨੇ ਦੁੱਲੇ ਨੂੰ ਪੁੱਛਿਆ।

—ਇਹਨਾਂ ਨੂੰ ਜਾਣ ਦਿਉ।'

—ਮੈਂ ਉਸਤਰਾ ਲਿਆਵਾਂ ਸਰਦਾਰ ?' ਸ਼ੱਲੇ ਨੇ ਚਾਂਭਲ ਕੇ ਪੁੱਛਿਆ।

—ਉਸਤਰਾ ਕੀ ਕਰਨਾ ਈ ਉਏ ?' ਦੁੱਲੇ ਨੇ ਝਿੜਕਿਆ।

—ਮੇਰਾ ਜੀ ਕਰਦਾ ਏ, ਹਥਿਆਰਾਂ ਦੇ ਨਾਲ ਨਾਲ ਮੁੱਛਾਂ ਵੀ ਜਮ੍ਹਾਂ ਕਰ ਲਈਏ।' ਸ਼ੱਲੇ ਦੇ ਚਿਹਰੇ ਉਪਰ ਸ਼ਰਾਰਤ ਸੀ।

—ਇਸ ਵਾਰ ਸਣੇ ਮੁੱਛਾਂ ਜਾਣ ਦਿਉ। ਫੇਰ ਏਧਰ ਮੂੰਹ ਕਰਨਗੇ ਤਾਂ......।'

—ਮੁੱਛਾਂ ਮੂਤਰ ਨਾਲ.....।'

—ਚੁੱਪ ਕਰ ਉਏ ਸ਼ੱਲਿਆ, ਟੁੱਟੇ ਛਿੱਤਰ ਵਾਂਗ ਵਧਦਾ ਈ ਜਾਨੈਂ—।'

ਦੁੱਲੇ ਦੀ ਫ਼ਟਕਾਰ ਸੁਣਕੇ ਸ਼ੱਲੇ ਨੇ ਜੀਭ ਟੁੱਕ ਲਈ ਤੇ ਟੁੰਡ ਨਾਲ ਕੰਨ ਖੁਰਕਣ ਲੱਗ ਪਿਆ।

ਫੱਤੂ ਮਿਰਾਸੀ ਵੀ ਕੋਲ ਆਣ ਖੜ੍ਹਾ ਸੀ। ਉਸ ਨੇ ਸ਼ੱਲੇ ਦੀ ਗੱਲ ਸੁਣ ਲਈ ਸੀ ਤੇ ਦੁੱਲੇ ਦਾ ਦਬਕਾ ਵੀ। ਉਹ ਸ਼ੱਲੇ ਵੱਲ ਝਾਕਦਾ ਬੋਲਿਆ—'ਅੱਖਰ ਇਕ ਨਾ ਜਾਣਦਾ ਨਾਂ ਇਲਮਦੀਨ।'

ਫੱਤੂ ਦੀ ਅੱਖ ਬਾਰ ਬਾਰ ਮਿਚਣ ਲੱਗੀ। ਦੁੱਲਾ ਅਤੇ ਉਸਦੇ ਸਾਥੀ ਹੱਸ ਪਏ।

ਮੁਗਲ ਸਿਪਾਹੀ ਨੀਵੀਆਂ ਪਾਈ ਖੜ੍ਹੇ ਸਨ।

* * * *

ਪੂਰੀ ਬਾਰ ਵਿਚ ਦੁੱਲੇ ਦੀਆਂ ਧੁੰਮਾਂ ਪੈ ਗਈਆਂ। ਘਰ ਘਰ ਗੱਲਾਂ ਹੋਣ ਲੱਗੀਆਂ। ਚੌਧਰੀਆਂ ਨੇ ਆਪਣੀਆਂ ਹਵੇਲੀਆਂ ਦੁਆਲੇ ਰਾਤ ਦਾ ਪਹਿਰਾ ਹੋਰ ਵੀ ਸਖ਼ਤ ਕਰ ਦਿੱਤਾ।

ਪਿੰਡੀ ਵਿਚ ਵੀ, ਬੋਹੜਾਂ, ਪਿੱਪਲਾਂ ਥੱਲੇ ਦੁੱਲੇ ਦੀ ਢਾਣੀ ਦੇ ਹੀ ਚਰਚੇ ਹੁੰਦੇ। ਹਾਜੀ ਚਿਰਾਗ਼ਦੀਨ ਨੂੰ ਵਧੇਰੇ ਫ਼ਿਕਰ ਸੀ। ਉਸਨੂੰ ਡਰ ਸੀ, ਪਿੰਡੀ ਉੱਪਰ ਕੋਈ ਭਿਆਨਕ ਕਹਿਰ ਟੁੱਟਣ ਵਾਲਾ ਹੈ। ਪਿੰਡੀ ਫੇਰ ਉਜੜੇਗੀ, ਥੇਹ ਹੋਵੇਗੀ। ਘਰ ਘਰ ਵਿਰਲਾਪ ਸੁਣਨਗੇ। ਇਹਨਾਂ ਫ਼ਿਕਰਾਂ ਵਿਚ ਘਿਰਿਆ, ਉਹ ਦੁੱਲੇ ਨੂੰ ਮਿਲਣ ਤੁਰ ਪਿਆ।

ਤ੍ਰਕਾਲਾਂ ਦਾ ਵੇਲਾ ਸੀ। ਵੱਗ ਘਰਾਂ ਵਿਚ ਮੁੜਦੇ ਧੂੜ ਦੇ ਬੱਦਲ ਬਣਾਈ ਆਉਂਦੇ ਸਨ। ਔਰਤਾਂ ਅਤੇ ਕੁੜੀਆਂ ਘੜੇ ਸਿਰਾਂ ਉਪਰ ਚੁੱਕੀ ਖੂਹ ਵੱਲ ਜਾ ਰਹੀਆਂ ਸਨ, ਕੁਝ ਜਣੀਆਂ ਪਾਣੀ ਲਈ ਮੁੜ ਪਈਆਂ ਸਨ। ਬੱਚੇ ਗਲੀਆਂ ਵਿਚ ਹੋ-ਹੱਲਾ ਕਰਦੇ ਦੁੜੰਗੇ ਲਾਉਂਦੇ ਇਕ ਦੂਸਰੇ ਉੱਪਰ ਮਿੱਟੀ ਦੇ ਬੁੱਕ ਸੁੱਟ ਰਹੇ ਸਨ। ਪਿੰਡੀ ਦੀ ਮਹਿਰੀ ਰੱਜੋ ਨੇ ਵੱਡੇ ਪਿੱਪਲਾਂ ਦੇ ਖੱਬੇ ਹੱਥ ਵੱਲ ਥੋੜਾ ਹਟਕੇ ਆਪਣੀ ਦਾਣਿਆਂ ਵਾਲੀ ਭੱਠੀ ਤਪਾ ਲਈ ਸੀ। ਉਸਦਾ ਥੱਕਿਆ ਹਾਰਿਆ ਜਿਹਾ ਘਰ ਵਾਲਾ ਕੁੱਢਣ ਨਾਲ ਬਾਲਣ ਭੱਠੀ ਦੇ ਨੇੜੇ ਕਰਨ ਲੱਗਾ ਹੋਇਆ ਸੀ। ਪੰਜ ਛੇ ਜਣੇ ਝੋਲੀਆਂ ਵਿਚ ਦਾਣੇ ਪਾਈ ਭੱਠੀ ਦੇ ਦੁਆਲੇ ਖੜ੍ਹੇ ਸਨ।

ਹਾਜੀ ਚਿਰਾਗ਼ ਦੀਨ ਹੱਥ ਵਿਚ ਤਸਬੀ ਫੜੀ, ਕੁਰਾਨ ਦੀਆਂ ਆਇਤਾਂ ਦਾ ਰਟਨ ਕਰਦਾ ਦੁੱਲੇ ਦੀ ਹਵੇਲੀ ਲਾਗੇ ਆਇਆ ਤਾਂ ਪਿੱਪਲ ਥੱਲੇ ਬੈਠੇ ਇਕ ਜਣੇ ਨੇ ਦੱਸਿਆ—'ਮੀਆਂ ਜੀ ਦੁੱਲਾ ਤਾਂ ਗਾਹਣੇ ਲੁਹਾਰ ਦੇ ਘਰ ਈ।'

ਚਿਰਾਗ਼ਦੀਨ ਗਾਹਣੇ ਦੇ ਘਰ ਵੱਲ ਮੁੜ ਗਿਆ।

....................

ਦੁੱਲਾ ਇਸ ਵੇਲੇ, ਗਾਹਣੇ ਦੀ ਭੱਠੀ ਉੱਪਰ ਬੈਠਾ, ਬਰਛੇ, ਬਲਮਾਂ ਅਤੇ ਤਲਵਾਰਾਂ ਦੀ ਪਰਖ਼ ਕਰ ਰਿਹਾ ਸੀ।

—ਧਾਰਾਂ ਹੋਰ ਤਿੱਖੀਆਂ ਕਰ ਬਈ ਗਾਹਣਿਆਂ। ਹਥਿਆਰ ਆਪਣੇ ਭਾਰ ਨਾਲ ਈ ਕੰਮ ਤਮਾਮ......।'

ਮੀਆਂ ਚਿਰਾਗ਼ਦੀਨ ਨੂੰ ਇਕਦਮ ਆਪਣੇ ਸਿਰ ਤੇ ਆਇਆ ਵੇਖਕੇ ਦੁੱਲੇ ਦੇ ਬੋਲ ਟੁੱਟ ਗਏ ਤੇ ਉਹ ਅੱਧਾ ਕੁ ਨਿਉਂ ਕੇ ਬੋਲਿਆ—'ਸਲਾਮ ਆਖਨਾਂ ਬਾਬਾ।'

—ਵਾ ਲੇਕਮ ਸਲਾਮ ਬਰਖ਼ੁਰਦਾਰ, ਜਿਉਂਦਾ ਰਹੁ, ਲੰਮੀ ਹਯਾਤੀ ਹੋਵੇ।'

ਗਾਹਣੇ ਨੇ ਵੀ ਸਲਾਮ ਕੀਤੀ।

—ਬਾਬਾ ਅੱਜ ਏਧਰ ਕਿਵੇਂ.....?' ਦੁੱਲੇ ਨੇ ਪੁੱਛਿਆ।



—ਤੈਨੂੰ ਈ ਲੱਭਦਾ ਆਇਆਂ।'

—ਕਿਸੇ ਨੂੰ ਆਖ ਘੱਲਣਾ ਸੀ, ਮੈਂ ਚਲਾ ਆਉਂਦਾ।'

—ਸਬਰ ਈ ਨੀ ਹੋਇਆ ਦੁੱਲਿਆ। ਬੜਾ ਰੌਲਾ ਪਿਆ ਹੋਇਆ ਪਿੰਡ 'ਚ। ਜਿੰਨੀਆਂ ਜੀਭਾਂ ਓਨੀਆਂ ਈ ਗੱਲਾਂ। ਸੁਣ ਸੁਣ ਕੇ ਮੇਰੇ ਤਾਂ ਕੰਨ ਥੱਕ ਗਏ ਨੀ। ਇਹ ਸੱਚ ਈ ਤੂੰ ਮੁਗਲ ਸਿਪਾਹੀਆਂ ਦੇ ਘੋੜੇ ਖੋਹ ਲਏ ਨੇ ਤੇ ਹਥਿਆਰ ਵੀ?' ਹਾਜੀ ਦੇ ਚਿਹਰੇ ਉੱਪਰ ਦੁੱਖ ਤੇ ਚਿੰਤਾ ਸੀ।

—ਇਹ ਸੱਚ ਈ ਏ ਹਾਜੀ ਮੀਆਂ।'

—ਬਰਖ਼ੁਰਦਾਰਾ ਤੈਨੂੰ ਪਤਾ ਈ ਇਹਦਾ ਹਸ਼ਰ ਕੀ ਨਿਕਲਣਾ ਏ?'

—ਬਾਬਾ, ਬਾਦਸ਼ਾਹ ਨੇ ਮੈਨੂੰ ਪਕੜੀਣ ਲਈ ਸਿਪਾਹੀ ਘੱਲੇ ਸਨ। ਆਏ ਤਾਂ ਉਹ ਸਨ, ਅਸੀਂ ਤਾਂ ਨਹੀਂ ਗਏ। ਅੱਜ ਉਹ ਝਿੜੀ 'ਚ ਆਏ ਨੇ ਕੱਲ੍ਹ ਸਾਡੇ ਘਰੀਂ ਆਉਣਗੇ, ਰੋਕਣਾ ਤਾਂ ਪਏਗਾ ਈ ਬਾਬਾ।'

—ਤਾਹੀਓਂ ਤੈਨੂੰ ਲੱਭਦਾ ਆਇਆਂ ਦੁੱਲਿਆ। ਮੇਰੀ ਹਯਾਤੀ ਲੰਘ ਗਈ ਏ। ਧੌਲੇ ਆ ਗਏ ਨੀ। ਮੈਂ ਬੜਾ ਕੁਝ ਵੇਖਿਆ ਜਰਿਆ ਈ। ਤੂੰ ਜੰਮ ਜੰਮ ਧਾੜੇ ਮਾਰ। ਸੂਰਮੇ ਧਾੜੇ ਮਾਰਦੇ ਹੀ ਆਏ ਨੇ। ਪਰ ਤੂੰ ਜ਼ਿੱਦ ਨਾਲ ਬਾਦਸ਼ਾਹ ਦੇ ਬੰਦਿਆਂ ਦਾ ਨੁਕਸਾਨ ਕਰਦਾ ਏਂ, ਇਹ ਸਹੀ ਗੱਲ ਨਹੀਂ ਪੁੱਤਰਾ।'.....

—ਹਾਜੀ ਬਾਬਾ ਗੱਲ ਇਹ ਈ.....।'

—ਹਾਲੀ ਨਾ ਬੋਲ ਪੁੱਤਰਾ, ਮੇਰੀ ਗੱਲ ਪੂਰੀ ਹੋਵਣ ਦੇ ਪਹਿਲਾਂ,—'ਮੀਆਂ ਚਿਰਾਗ਼ਦੀਨ ਨੇ ਟੋਕਿਆ—'ਬੱਗਾ ਮਲਕੀਰਾ ਲੁੱਟਿਆ, ਉਹਦਾ ਸਿਰ ਲਾਹੌਰ ਘੱਲਿਆ....ਹੋਰ ਵੀ ਤੂੰ ਜੋ ਕੀਤਾ ਈ, ਬਾਦਸ਼ਾਹ ਦੀ ਤਾਕਤ ਨੂੰ ਸਿੱਧਾ ਵੰਗਾਰ ਰਿਹਾ ਏਂ। ਤੇਰੇ ਲਈ ਬੜੀਆਂ ਔਕੜਾਂ ਖੜ੍ਹੀਆਂ ਹੋ ਜਾਣੀਆਂ ਦੁੱਲਿਆ। ਲੁੱਟਾਂ, ਖੋਹਾਂ, ਹੱਤਿਆਵਾਂ, ਇਹ ਤਾਂ ਸ਼ਰਾਅ 'ਚ ਨਹੀਂ ਪੁੱਤਰਾ। ਨਾਬਰੀ ਦਾ ਵੀ ਕੋਈ ਢੰਗ ਹੁੰਦਾ ਏ।'

—ਹਾਜੀ ਬਾਬਾ, ਦੁੱਲਾ ਆਪਣੇ ਲਈ ਕਦੀ ਨਾਬਰ ਨਹੀਂ ਹੋਇਆ। ਜਦ ਗਰੀਬਾਂ ਦੇ ਘਰੀਂ ਜਾਨਾਂ, ਉਹਨਾਂ ਕੋਲ ਖਾਣ ਜੋਗੇ ਦਾਣੇ ਨਹੀਂ ਹੁੰਦੇ। ਮਾਮਲਾ ਕਿਥੋਂ ਦੇਵਣ? ਤੂੰ ਸਹੀ ਆਖਨਾਂ ਏਂ, ਮੈਂ ਅਕਬਰ ਦੇ ਬੰਦਿਆਂ ਦਾ ਨੁਕਸਾਨ ਕਰਨਾ। ਉਹ ਸਾਰਾ ਮਾਲ ਗ਼ਰੀਬਾਂ 'ਚ ਵੰਡੀਚ ਗਿਆ ਬਾਬਾ। ਜਿਹੜੇ ਘਰਾਂ ਨੇ ਸਾਰੀ ਉਮਰ ਕਦੀ ਲਵੇਰਾ ਨਹੀਂ ਸੀ ਵੇਖਿਆ, ਉਹਨਾਂ ਦੇ ਕਿੱਲਿਆਂ ਤੇ ਮੱਝੀਂ ਬੰਨ੍ਹ ਆਇਆ। ਜੇ ਦਾਣੇ ਹੱਥ ਲੱਗੇ ਤਾਂ ਦਾਣੇ ਸੁੱਟ ਆਇਆ।'

—ਇਹ ਗੱਲਾਂ ਕਿਸ ਕਿਸ ਕੋਲ ਜਾਕੇ ਸਮਝਾਏਂਗਾ ਦੁੱਲਿਆ?'

—ਹਾਜੀ ਬਾਬਾ ਸਮਝਾਣ ਦੀ ਲੋੜ ਕੀ ਏ। ਗ਼ਰੀਬਾਂ ਦੇ ਘਰਾਂ 'ਚ ਬਲਦੇ ਚੁਲ੍ਹਿਆਂ ਬੋਲਣਾ ਈ, ਬਾਲਾਂ ਦੇ ਰੱਜੇ ਢਿੱਡਾਂ ਬੋਲਣਾ ਈ, ਉਹਨਾਂ ਦੇ ਵਿਹੜਿਆਂ 'ਚ ਖੜ੍ਹੀਆਂ ਮੱਝੀਂ ਗਾਈਆਂ ਬੋਲਣਾ ਈ।' ਦੁੱਲੇ ਨੇ ਮਾਣ ਨਾਲ ਕਿਹਾ।

—ਦੁੱਲਿਆ ਏਹ ਗੁਮਾਨ ਨਾ ਕਰੀਂ, ਬਾਦਸ਼ਾਹ ਅਕਬਰ ਤੇਰੇ ਤੋਂ ਡਰਦਾ ਹੋਣਾ। ਉਹ ਡਰਦਾ ਏ, ਦੁੱਲੇ ਦੀ ਲਾਗ ਪੂਰੀ ਪੰਜਾਬ ਨੂੰ ਨਾ ਲੱਗ ਜਾਏ।'

—ਲਾਗ ਤਾਂ ਲੱਗ ਗਈ ਏ ਬਾਬਾ। ਹੁਣ ਘਰ ਘਰ ਦੁੱਲੇ ਨੇ। ਇਕ ਹੋਕਾ ਦਿਆਂਗਾ, ਸੈਂਕੜੇ ਦੁੱਲੇ ਹਥਿਆਰ ਲੈ ਕੇ ਪਲਾਂ 'ਚ ਆ ਖੜ੍ਹਨਗੇ। ਕਿਸੇ ਦਿਨ ਪਰਖ਼ ਕਰਨੀ ਊ ਤਾਂ ਵੇਖ ਲਈਂ। ਮੇਰੇ ਭਰਾ, ਮੇਰੇ ਵੀਰ ਸਾਡੇ ਗੱਭਰੂ ਆਪਣੀ ਮਿੱਟੀ ਲਈ ਤੇ ਆਪਣੇ ਘਰਾਂ ਪਰਿਵਾਰਾਂ

ਲਈ ਮੇਰੇ ਨਾਲ ਖੜ੍ਹੇ ਨੇ ਬਾਬਾ।' ਦੁੱਲੇ ਦੇ ਬੋਲਾਂ ਵਿਚ ਵਿਸਵਾਸ਼ ਝਲਕਦਾ ਸੀ।

—ਤਬਦੀਲੀ ਲੋਕਾਂ ਨੂੰ ਪਾਗਲ ਬਣਾਉਂਦੀ ਏ ਬਰਖੁਰਦਾਰ ਪਰ ਬਾਦਸ਼ਾਹੀ ਦੇ ਨਿਜ਼ਾਮ ਵਿਚ ਜੀਣ ਲਈ ਬੰਦੇ ਨੂੰ ਆਪਣੀ ਥਾਂ ਲੱਭਣੀ ਪੈਂਦੀ ਊ ਤੇ ਹੋਰਾਂ ਦੇ ਸਿਰ ਆਪਣੇ ਅੱਗੇ ਝਕਾਉਣ ਲਈ, ਆਪਣਾ ਸਿਰ ਤਖ਼ਤ ਅੱਗੇ ਝਕਾਉਣਾ ਪੈਂਦਾ।' ਹਾਜੀ ਚਿਰਾਗ਼ਦੀਨ ਜ਼ਿੰਦਗੀ ਦੇ ਤਜੁਰਬੇ ਵਿਚੋਂ ਬੋਲਿਆ।

—ਤਖ਼ਤ ਅੱਗੇ ਸਿਰ ਝਕਾਉਂਦੀ ਏ ਮੇਰੀ ਜੁੱਤੀ। ਹਾਜੀ ਬਾਬਾ ਜਿਹੜਾ ਸਿਰ ਖ਼ੁਦਾ ਅੱਗੇ ਝੁਕ ਗਿਆ, ਉਹ ਹੁਣ ਅਕਬਰ ਅੱਗੇ ਕਿਵੇਂ ਝੁਕੇ ? ਤੂੰ ਹੀ ਦੱਸ ਖ਼ੁਦਾ ਵੱਡਾ ਈ ਕਿ ਅਕਬਰ ?'

ਗਾਹਣਾ ਮੂੰਹ ਅੱਡੀ ਦੋਹਾਂ ਦੀਆਂ ਗੱਲਾਂ ਸੁਣ ਰਿਹਾ ਸੀ। ਉਸਦਾ ਧਿਆਨ ਹੀ ਨਹੀਂ ਸੀ, ਭੱਠੀ ਠੰਡੀ ਹੋਣ ਲੱਗੀ ਹੈ।

—ਦੁੱਲਿਆ, ਹੇਠਲੀ ਪੌੜੀ ਤੋਂ ਉਪਰਲੀ ਪੌੜੀ ਚੜ੍ਹਨ ਲਈ ਬੰਦੇ ਨੂੰ ਕਈ ਵਾਰ ਆਪਣਿਆਂ ਦੇ ਸਿਰਾਂ ਉੱਪਰ ਵੀ ਪੈਰ ਰੱਖਣਾ ਪੈਂਦਾ ਏ। ਮੁਗਲ ਨਿਜ਼ਾਮ ਏਦਾਂ ਈ ਚਲਦਾ ਏ ਪੁੱਤਰ। ਕਈ ਸਿਰ ਐਸੇ ਹੁੰਦੇ ਨੇ, ਜਿਨ੍ਹਾਂ ਨੂੰ ਸਲਾਮਤ ਰੱਖਣ ਲਈ, ਬੰਦਿਆਂ ਨੂੰ ਭੇਡਾਂ ਬੱਕਰੀਆਂ ਵਾਂਗ ਜਿਬਾਹ ਕਰ ਦਿੱਤਾ ਜਾਂਦਾ ਈ।'

—ਹਾਜੀ ਬਾਬਾ, ਤੇਰੀ ਗੱਲ ਸਹੀ ਹੋ ਸਕਦੀ ਏ। ਪਰ ਮੈਂ ਅਕਬਰ ਦੇ ਨਿਜ਼ਾਮ ਦੀ ਤੰਦ-ਤਾਣੀ ਦਾ ਮੋਹਰਾ ਨਹੀਂ ਹਾਂ। ਨਾ ਹੀ ਮੈਨੂੰ ਉਪਰਲੀ ਪੌੜੀ ਚੜ੍ਹਣ ਦਾ ਲਾਲਚ ਏ। ਮੈਂ ਤਾਂ ਐਨਾ ਜਾਣਨਾ ਬਾਬਾ, ਅਕਬਰ ਨਾਲ ਮੇਰੀ ਟੱਕਰ ਹੋਣੀ ਏ। ਮੇਰਾ ਜੰਮਣਾ ਰਾਹ ਜਾਂਦੀ ਟੱਕਰ ਏ। ਮੈਂ ਤਾਂ ਏਸ ਟੱਕਰ ਵਿਚੋਂ ਨਿਕਲਿਆ ਚੰਗਿਆੜਾ ਹਾਂ। ਟੱਕਰ ਦੇ ਅੰਜਾਮ ਦਾ ਮੈਨੂੰ ਇਲਮ ਏ। ਬੰਦਾ ਦੋ ਵਾਰ ਨਹੀਂ ਜੰਮਦਾ ਬਾਬਾ। ਇਹ ਗੱਲਾਂ ਤੂੰ ਹੀ ਸਿਖਾਈਆਂ ਨੇ ਬਾਬਾ। ਹੁਣ ਤੂੰ ਮੈਨੂੰ ਏਸ ਰਾਹੋਂ ਮੋੜਨਾ ਪਿਐਂ।' ਦੁੱਲਾ ਹਾਜੀ ਚਿਰਾਗ਼ਦੀਨ ਵੱਲ ਤੱਕ ਕੇ ਮੰਦ ਮੰਦ ਮੁਸਕਰਾਉਣ ਲੱਗਾ। ਹਾਜੀ ਨੀਵੀਂ ਪਾਕੇ ਸੋਚਾਂ ਵਿਚ ਲੱਥਾ ਤਸਬੀ ਫੇਰਦਾ ਰਿਹਾ। ਫਿਰ ਉਵੇਂ ਨੀਵੀਂ ਪਾਈ ਹੀ ਬੋਲਿਆ;

—ਮੈਨੂੰ ਤੇਰੀ ਮਾਂ ਦਿੱਸਦੀ ਏ, ਬੜੇ ਜ਼ੁਲਮ ਸਹੇ ਨੀ। ਪੂਰਾ ਕੁਨਬਾ ਤਬਾਹ ਕਰਵਾ ਲਿਆ।.....'

—ਏਸ ਲਈ ਤਾਂ ਬਾਬਾ ਮੈਂ ਤਖ਼ਤ ਨਾਲ ਟੱਕਰ ਲੈਣ ਲਈ ਹੀਲੇ ਵਰਤਦਾਂ ਪਿਆਂ। ਮੈਨੂੰ ਬਹੁਤੀਆਂ ਸਿਆਣੀਆਂ ਗੱਲਾਂ ਨਹੀਂ ਆਉਂਦੀਆਂ। ਮੈਂ ਥੋੜਾ ਸਿੱਧਾ ਜਿਹਾ ਵੀ ਹੈਗਾਂ। ਪਰ ਇਕ ਗੱਲ ਈ ਬਾਬਾ, ਪਿੰਡੀ ਦੇ ਲੋਕ ਵੇਖਣਗੇ, ਪਿੰਡੀ ਦੇ ਲੋਕ ਕੀ ਪੂਰੀ ਪੰਜਾਬ ਜਾਣੇਗੀ, ਦੁੱਲਾ ਜੀਂਦਾ ਰਹੇਗਾ ਤਾਂ ਸ਼ਾਨ ਨਾਲ, ਮਰੇਗਾ ਤਾਂ ਸ਼ਾਨ ਨਾਲ। ਅਕਬਰ ਦੀ ਧੌਂਸ ਦੁੱਲੇ ਕਦੀ ਨਹੀਂ ਮੰਨਣੀ....।'

ਮੀਆਂ ਚਿਰਾਗ਼ਦੀਨ ਨੇ ਉੱਪਰ ਵੱਲ ਹੱਥ ਕਰਕੇ ਦੁਆ ਮੰਗੀ। ਉਠ ਖਲੋਤਾ। ਤੁਰਨ ਲੱਗਾ ਰੁਕ ਗਿਆ।

—ਤੇਰੀ ਰਜ਼ਾ ਏ ਪੁੱਤਰ, ਇਨਸ਼ਾ ਅੱਲਾਹ ਤੂੰ ਆਪਣੀ ਗੱਲ ਪੁਗਾ ਲਵੇਂ। ਚੌਧਰੀਆਂ ਦੇ ਘਰਾਂ ਨੂੰ ਛੱਡ ਕੇ, ਪਿੰਡੀ ਦੇ ਸਾਰੇ ਲੋਕ ਤੇਰੇ ਨਾਲ ਆਂ ਪੁੱਤਰ। ਜਦ ਤੂੰ ਮੌਲਵੀ ਪਾਸੋਂ ਤਾਲੀਮ ਦੀ ਲਗਾਮ ਨਹੀਂ ਪਵਾਈ ਤੇਰੇ ਕੋਲੋਂ ਬਾਦਸ਼ਾਹ ਦੀ ਲਗਾਮ ਵੀ ਕਬੂਲ ਨਹੀਓਂ



ਹੋਣੀ। ਆਪਣਾ ਖ਼ਿਆਲ ਰੱਖਣਾ। ਹਰ ਵੇਲੇ ਖ਼ਬਰਦਾਰ ਰਹਿਣਾ। ਮੁਗਲ ਆਪਣੇ ਪਿਉਆਂ, ਭਰਾਵਾਂ ਪੁੱਤਰਾਂ ਦੇ ਸੱਕੇ ਨਹੀਂ ਬਣਦੇ।......ਤੂੰ ਤਾਂ.........।'

—ਬਾਬਾ ਮੈਂ ਮੁਗਲਾਂ ਦਾ ਪਿਉ ਪੁੱਤਰ ਭਰਾ ਨਹੀਂ ਆਂ। ਮੇਰੇ ਲਈ ਨਾ ਕੋਈ ਮੁਸਲਮਾਨ ਏ, ਨਾ ਹਿੰਦੂ ਏ, ਨਾ ਸਿੱਖ ਏ। ਮੇਰੇ ਨਾਲ ਰਾਮਦਾਸੀਏ ਨੇ, ਚੂਹੜੇ ਨੇ, ਮਹਿਰੇ ਨੇ ਜੱਟ ਨੇ, ਖੱਤਰੀ ਨੇ, ਅਸੀਂ ਸਾਰੇ ਇਕ ਦੂਏ ਨੂੰ ਭੋਏਂ ਦੇ ਪੁੱਤਰ ਸਮਝਨੇ ਆਂ। ਇਹਨਾਂ ਉੱਪਰ ਜੋ ਵੀ ਜ਼ੁਲਮ ਕਰਦਾ ਏ, ਉਹ ਚੌਧਰੀ ਏ ਜਾਂ ਬਾਦਸ਼ਾਹ, ਉਹ ਸਾਡਾ ਵੈਰੀ ਏ। ਹੋਰ ਮੈਂ ਕੁਝ ਨਹੀਂ ਆਖਣਾ ਬਾਬਾ।' ਦੁੱਲਾ ਪੈਰਾਂ ਵਲ ਝਾਕਿਆ।

—ਮੈਂ ਵੀ ਹੋਰ ਕੁਝ ਨਹੀਂ ਕਹਿਣਾ ਬਰਖ਼ੁਰਦਾਰ। ਖਬਰਦਾਰ ਰਹੀਂ। ਜਾਗਦਾ ਰਹੀਂ।' ਅੱਲਾਹ ਮੇਹਰ ਕਰੇਗਾ। ਅੱਲਾਹ ਵੀ ਜਾਗਦੇ ਬੰਦਿਆਂ ਉਪਰ ਮਿਹਰ ਕਰਦਾ ਏ।'

ਤਸਬੀ ਫੇਰਦਾ ਚਿਰਾਗ਼ਦੀਨ ਤੁਰ ਗਿਆ।

ਗਾਹਣਾ ਅਤੇ ਦੁੱਲਾ ਉਦੋਂ ਤੱਕ ਚਿਰਾਗ਼ਦੀਨ ਵੱਲ ਵੇਂਹਦੇ ਰਹੇ, ਜਦ ਤੱਕ ਉਹ ਮੋੜ ਮੁੜਕੇ ਓਹਲੇ ਨਹੀਂ ਹੋ ਗਿਆ।

—ਓਹ ਹੋ, ਭੱਠੀ ਠੰਡੀ ਹੋ ਗਈ, ਲੱਕੜਾਂ ਹੋਰ ਸੁੱਟ ਦੁੱਲਿਆ।' ਆਖ ਕੇ ਗਾਹਣੇ ਨੇ ਠੰਡਾ ਹੋਇਆ ਲੋਹਾ ਫੇਰ ਭੱਠੀ ਵਿਚ ਰੱਖ ਦਿੱਤਾ।

## 31.

ਹਵੇਲੀਓਂ ਬਾਹਰ ਨਿਕਲਦਿਆਂ ਹੀ ਦੁੱਲਾ ਪਹਿਲਾਂ ਪਿਰਥੇ ਦੇ ਘਰ ਗਿਆ।

—ਪਿਰਥਾ ਤਾਂ ਨਿਆਈਆਂ ਵੱਲ ਗਿਆ ਈ।' ਉਸਦੇ ਬਾਬੇ ਨੇ ਦੱਸਿਆ।

—ਮੈਂ ਉਧਰ ਹੀ ਚੱਲਿਆਂ ਬਾਬਾ, ਜੇ ਕਿਸੇ ਹੋਰ ਪਾਸਿਓਂ ਆ ਗਿਆ ਤਾਂ ਉਹਨੂੰ ਝਿੜੀ ਵੱਲ ਤੋਰ ਦੇਈਂ।

—ਮੈਂ ਤਾਂ ਗੁਰੂ ਦਰਬਾਰ ਜਾਣਾ ਈ ਨਨਕਾਣੇ, ਮੇਰੇ ਹੁੰਦੇ ਹੁੰਦੇ ਮੁੜ ਆਇਆ ਤਾਂ ਆਖ ਦਿਆਂਗਾ।'

ਪਿਰਥੇ ਦੇ ਬਾਬੇ ਦੀ ਗੱਲ ਸੁਣਕੇ ਦੁੱਲਾ ਮੁੜ ਪਿਆ। ਪਿਰਥਾ ਉਸਨੂੰ ਰਾਹ ਵਿਚ ਹੀ ਮਿਲ ਪਿਆ।

—ਪਿਰਥਿਆ ਆਪਣੇ ਬੰਦੇ ਸੱਦ ਝਿੜੀ 'ਚ ਜਿੰਨੇ ਕੁ 'ਕੱਠੇ ਹੋ ਸਕਦੇ ਨੀ, ਮੈਂ ਉੱਧਰ ਈ ਆਂ।'

—ਗੱਲ ਕੀ ਵੇ ?' ਪਿਰਥੇ ਨੇ ਹੈਰਾਨ ਹੋ ਕੇ ਪੁੱਛਿਆ।

—ਓਥੇ ਈ ਕਰਨੇ ਆਂ ਗੱਲਾਂ, ਆ ਜਾਓ ਝਬਦੇ.........।' ਆਖਕੇ ਦੁੱਲਾ ਝਿੜੀ ਵੱਲ ਤੁਰ ਗਿਆ।

ਥੋੜ੍ਹੀ ਦੇਰ ਬਾਅਦ ਰੂੜਾ, ਸਦੀਕ, ਪਿਰਥਾ, ਰਮਜ਼ਾ ਤੇ ਫੱਤੂ ਮਰਾਸੀ ਝਿੜੀ ਵਿਚ ਸਨ। ਬਾਕੀਆਂ ਨੂੰ ਖ਼ਬਰ ਭੇਜ ਦਿੱਤੀ ਸੀ।

—ਮਿੱਤਰੋ ਗੱਲ ਇਹ ਵੇ, ਪਤਾ ਲੱਗਿਆ, ਲਾਹੌਰੋਂ ਪਿੰਡੀ 'ਤੇ ਫੌਜ ਚਾੜ੍ਹਨ ਦੀਆਂ ਵਿਉਂਤਾਂ ਬਣਦੀਆਂ ਪਈਆਂ ਨੇ। ਆਪਾਂ ਵੀ ਸਾਵੇਂ ਹੋਈਏ। ਬੰਦੇ ਜੋੜੀਏ। ਰੂੜਿਆ ਕਿੰਨੇ ਕੁ ਜਣਿਆਂ ਦਾ ਜੁਗਾੜ ਕਰ ਸਕਨਾਂ ਏ ?'

—ਏਥੇ ਪਿੰਡੀ 'ਚ ਤਾਂ ਪੰਜ-ਸੱਤ ਹੈਗੇ ਨੇ ਬੇਲੀ।'

—ਹੁਣ ਪੰਜਾਂ ਸੱਤਾਂ ਨਾਲ ਮਸਲੇ ਨੀ ਹੱਲ ਹੋਣੇ। ਬਾਰ ਦੇ ਨਸੀਬ ਬਦਲਣੇ ਨੇ। ਹੁਣ ਸੈਂਕੜਿਆਂ ਦੀ ਲੋੜ ਪੈਣੀ ਊ। ਤੇਰੇ ਨਾਨਕੇ ਗਾਜੀਆਣੇ ਨੇ ?'

—ਓਥੇ ਈ ਨੇ।' ਰੂੜਾ ਬੋਲਿਆ।

—ਤੇਰੀ ਪੁੱਛ-ਦਸ ਹੈ ਵੇ ?'

—ਖਾਸੀ ਏ, ਮਾਮਿਆਂ ਆਖਿਆ ਹੋਇਆ ਭਾਣਜੇ ਲੋੜ ਪਈ ਤਾਂ ਪੂਰਾ ਗਾਜੀਆਣਾ ਢੋਅ ਦਿਆਂਗੇ।' ਰੂੜੇ ਨੇ ਮਾਣ ਨਾਲ ਦੱਸਿਆ।

—ਲੋੜ ਪੈ ਗਈ ਊ ਰੂੜਿਆ। ਅੱਗ ਲੱਗੀ ਤੋਂ ਮਸ਼ਕਾਂ ਨਹੀਂ ਲੱਭਣੀਆਂ ਆਪਾਂ, ਪਹਿਲਾਂ ਜੁਗਾੜ ਕਰਨਾ। ਝੱਟ ਵਗ ਜਾ, ਦਸ, ਵੀਹ, ਚਾਲੀ ਜਿੰਨੇ ਤੁਰਦੇ ਨੀ ਤੋਰ ਲਿਆ। ਹਥਿਆਰ ਹੈਗੇ ਨੇ ਤਾਂ ਵੀ, ਨਹੀਂ ਹੈਗੇ ਤਾਂ ਵੀ। ਸਾਰੇ ਆਪਣੀਆਂ ਸਾਕ ਸਕੀਰੀਆਂ 'ਚ ਨਿਕਲ ਜਾਓ......।'



—ਸਰਦਾਰੀਆਂ ਬਣੀਆਂ ਰਹਿਣ, ਮੈਂ ਪੀਪਾ ਨਾ ਖੜਕਾ ਆਵਾਂ ?' ਆਖਦਿਆਂ ਫੱਤੂ ਮਰਾਸੀ ਤੋਂ ਅੱਖ ਦੱਬੀ ਗਈ।

—ਓਏ ਮੀਰਜ਼ਾਦਿਆ ਤੂੰ ਉਪਰੋਂ ਡਿਗਿਆ ਸੈਂ, ਤੇਰੀ ਕੋਈ ਸਾਕ ਸਕੀਰੀ ਹੈ ਨਹੀਂ ?'

—ਆਇਆ ਤਾਂ ਮੈਂ ਵੀ ਚੌਧਰੀਆਂ ਆਲੇ ਰਾਹ ਈ ਆਂ। ਸਾਕ ਸਕੀਰੀਆਂ ਵੀ ਬੜੀਆਂ ਨੇ। ਪਰ ਅਸਾਂ ਪੀਪੇ ਈ ਖੜਕਾਣੇ ਨਾ ਜਾਂ ਢੋਲਕੀ ਕੁੱਟਣੀ ਹੁੰਦੀ ਏ। ਉਹਦੇ ਲਈ ਤਾਂ ਮੈਂ ਈ ਵਾਧੂ ਆਂ।'

—ਤੂੰ ਗਾਹਣੇ ਨੂੰ ਆਖ ਲੌਢੇ ਵੇਲੇ ਏਥੇ ਖੂਹ 'ਤੇ ਮਿਲੇ ਮੈਨੂੰ। ਦੌੜ ਜਾ, ਪਿੱਛੇ ਨਾ ਵੇਖੀਂ ਨਹੀਂ ਤਾਂ ਅੱਜ ਮੈਂ ਤੇਰਾ ਪੀਪਾ ਖੜਕਾ ਛੱਡਣਾ।'

—ਸਰਦਾਰੀਆਂ ਬਣੀਆਂ ਰਹਿਣ।' ਕਹਿੰਦਾ ਫੱਤੂ ਸੱਚ ਹੀ ਦੌੜ ਲਾਉਂਦਾ ਝਿੜੀ ਵਿਚੋਂ ਨਿਕਲ ਗਿਆ।

—ਵੇਲੇ ਨਾਲ ਜਾਈਏ ਫਿਰ— ?' ਸਦੀਕ ਨੇ ਪੁੱਛਿਆ।

ਦੁੱਲੇ ਦਾ ਇਸ਼ਾਰਾ ਪਾ ਕੇ, ਸਾਰੇ ਆਪਣੇ ਆਪਣੇ ਰਾਹ ਪੈ ਗਏ।

ਦੁੱਲਾ ਕੁਝ ਦੇਰ ਸੋਚੀਂ ਪਿਆ ਰਿਹਾ, ਫਿਰ ਉਠਿਆ ਤੇ ਝਿੜੀ ਵਿਚੋਂ ਨਿਕਲ ਕੇ ਦਰਿਆ ਦੇ ਨਾਲ ਨਾਲ ਉੱਤਰ ਵਲ ਤੁਰ ਪਿਆ।

* * * *

ਦੁੱਲੇ ਨੂੰ ਵੇਖਦਿਆਂ ਹੀ ਨੂਰਾਂ ਖਿੜ ਗਈ।

—ਅੱਜ ਫਜ਼ਰ ਵੇਲੇ ਈ ਰੱਸਾ ਲਾਹ ਦਿੱਤਾ ਖਰਲਾਂ ਦੀ ਰੰਨ ਨੇ ?' ਉਹ ਅੱਖਾਂ ਵਿਚ ਸ਼ਰਾਰਤ ਭਰਕੇ ਬੋਲੀ।

—ਨੂਰੀਏ ਕਿਉਂ ਫੱਟਾਂ 'ਤੇ ਮਿਰਚਾਂ ਧੂੜਨੀ ਏਂ। ਮਸਾਂ ਤਾਂ ਦੋ ਘੜੀਆਂ ਕੱਢਨਾਂ ਤੈਨੂੰ ਵੇਖਣ ਲਈ, ਤੂੰ ਹੱਥ 'ਚ ਕਟਾਰ ਫੜੀ ਰੱਖਨੀ ਏਂ ਹਰ ਵੇਲੇ।'

—ਫੱਟ ਵੀ ਤੇਰੇ ਨੇ ਤੇ ਮਿਰਚਾਂ ਵੀ ਤੇਰੀਆਂ ਨੇ। ਮੈਂ ਤਾਂ ਆਖਨੀ ਆਂ ਕਟਾਰ ਵੀ ਤੂੰ ਈ ਫੜਾ ਰੱਖੀ ਏ ਮੈਨੂੰ।' ਨੂਰਾਂ ਦੇ ਚਿਹਰੇ ਉਪਰ ਅਜੇ ਵੀ ਸ਼ਰਾਰਤ ਸੀ।

—ਅੱਜ ਕੀ ਖਾ ਬੈਠੀ ਏਂ ?'

—ਮਿਰਚਾਂ।' ਨੂਰਾਂ ਖਿੜ-ਖੜਾ ਕੇ ਹੱਸ ਪਈ। ਫਿਰ ਇਕਦਮ ਗੰਭੀਰ ਹੋ ਗਈ।....

—ਸਾਡਾ ਕਾਹਦਾ ਖਾਣਾ, ਨਾ ਸੁਹਾਗਣਾ 'ਚ, ਨਾ ਰੰਡੀਆਂ 'ਚ। ਮੈਂ ਤਾਂ ਬੋਲ ਪੁਗਾਏ ਨੀ, ਨਹੀਂ ਤਾਂ ਹੋਰ ਹੁੰਦੀ ਕੋਈ......।'

—ਏਹ ਤਰ੍ਹਾਂ ਨਾ ਆਖ ਨੂਰਾਂ। ਹਰ ਕੋਈ ਐਰੀ ਗੈਰੀ ਨੂਰਾਂ ਕਿਵੇਂ ਬਣ ਜਾਣੀ। ਮੈਨੂੰ ਤਾਂ ਅਜੇ ਵੀ ਤੂੰ ਉਵੇਂ ਦਿਸਨੀ ਏ, ਕੰਧ ਦੇ ਉਹਲੇ 'ਚ ਭੂਰੇ ਦਾ ਝੁੰਬ ਮਾਰੀ ਤੇ ਸਾਡਾ ਰਾਹ ਡੱਕਦੀ।' ਕੋਲ ਹੁੰਦਿਆਂ ਦੁੱਲੇ ਨੇ ਉਸਦੇ ਮੋਢਿਆਂ ਉਪਰ ਹੱਥ ਰੱਖ ਲਏ।

ਨੂਰਾਂ ਦੁੱਲੇ ਦੀਆਂ ਅੱਖਾਂ ਵਿਚ ਤੱਕਣ ਲੱਗੀ। ਤੱਕਦੀ ਰਹੀ।

—ਏਹ ਤਰ੍ਹਾਂ ਕੀ ਵੇਖਨੀ ਏਂ ?'

—ਵੇਖਨੀ ਆਂ ਇਹ ਓਹੀ ਦੁੱਲਾ ਏ, ਪਿੰਡੀ ਦਾ ਰਾਠ ਸੂਰਮਾ। ਮੱਸਿਆ ਦੀ ਰਾਤ ਸਾਡੇ ਪਸ਼ੂ ਖੋਹਲਣ ਵਾਲਾ। ਜਿਹੜਾ ਪਿਛੋਂ ਆਂਹਦਾ ਸੀ,—'ਆ ਨੂਰੀਏ ਬਾਕੀ ਹਯਾਤੀ 'ਕੱਠੇ ਜੀਵੀਏ—'ਤੇ ਮੈਂ ਆਪਣੇ ਅੱਬਾ ਚਾਚਿਆਂ ਨੂੰ ਆਖ ਆਈ ਸੀ।

—'ਮੇਰੇ ਪਿੱਛੇ ਨਹੀਂ ਆਵਣਾ। ਜੇ ਮੌਲਵੀ ਨੇ ਮੁਹਤਬਰ ਸੱਦ ਲਏ ਤਾਂ ਮੈਂ ਦੁੱਲੇ ਨਾਲ ਖੜ੍ਹਾਂਗੀ।

—ਤੇ ਮੈਂ ਆਖਿਆ ਸੀ—'ਤੇਰੇ ਪੈਰਾਂ ਥੱਲੇ ਤਲੀਆਂ ਦੇਆਂਗਾ ਨੂਰੀਏ।'

—ਦਿੱਤੀਆਂ ਫੇਰ ?' ਨੂਰਾਂ ਵੰਗਾਰਨ ਵਾਂਗ ਬੋਲੀ।

—ਤੂੰ ਹੇਠਾਂ ਵੇਖਦੀ ਕਦੋਂ ਏਂ.....। ਦੁੱਲਾ ਝੱਟ ਹੇਠਾਂ ਬਹਿ ਗਿਆ ਤੇ ਹੱਥ ਉਲਟੇ ਜ਼ਮੀਨ ਉੱਪਰ ਟਿਕਾ ਲਏ।....'ਪੈਰ ਤਾਂ ਰੱਖ ਆਪਣੇ।'

ਨੂਰਾਂ ਨੇ ਵੇਖਿਆ। ਉਹ ਵੀ ਬੈਠ ਗਈ—'ਤੇਰੀਆਂ ਏਹੀਓ ਗੱਲਾਂ ਤਾਂ ਮੈਨੂੰ ਧੂ ਲਿਆਈਆਂ ਨੇ ਤੇਰੇ ਨਾਲ। ਦਰਿਆ ਕੰਢੇ ਰਾਤੀਂ ਆਖਦਾ ਹੁੰਦਾ ਸੈਂ,......'ਇੱਕ ਚੰਨ ਤੇ ਉਪਰ ਹੈਗਾ ਖੜ੍ਹਾ ਤੇ ਇੱਕ ਚੰਨ ਮੇਰੀ ਗੋਦ ਵਿਚ ਏ, ਯਾਦ ਈ ?'

ਪਤਾ ਹੀ ਨਹੀਂ ਲੱਗਿਆ, ਦੁੱਲੇ ਦੀਆਂ ਬਾਹਾਂ ਕਦ ਆਪ ਮੁਹਾਰੀਆਂ ਖੁਲ੍ਹ ਗਈਆਂ ਤੇ ਨੂਰਾਂ ਦੁਆਲੇ ਵਲੀਆਂ ਗਈਆਂ। ਸਾਹ ਤੱਤੇ ਹੋ ਗਏ। ਨੂਰਾਂ ਨੂੰ ਆਪਣੇ ਨਾਲ ਘੁਟਦਾ ਹੌਲੀ ਜਿਹੀ ਬੋਲਿਆ—'ਉਹ ਚੰਨ ਤਾਂ ਅਜੇ ਵੀ ਮੇਰੀ ਬੁੱਕਲ ਵਿਚ ਏ। ਅੱਜ ਉਹ ਅੱਖਾਂ ਲਾ ਕੇ ਝੁਮਕੇ ਪਾਕੇ ਹੇਠਾਂ ਉੱਤਰ ਆਇਆ ਏ।'

ਨੂਰਾਂ ਸਾਰੀ ਦੀ ਸਾਰੀ ਪਿਘਲ ਗਈ।

* * * *

ਦੁੱਲਾ ਜਾਣ ਲਈ ਤਿਆਰ ਖੜ੍ਹਾ ਸੀ। ਨੂਰਾਂ ਚੁੱਪ ਸੀ, ਓਦਰੀ ਓਦਰੀ।

—ਨੂਰਾਂ ਵੇਲਾ ਬੜਾ ਡਾਹਢਾ ਆਉਣ ਵਾਲਾ ਈ। ਅਕਬਰ ਕਦੋਂ ਵੀ ਪਿੰਡੀ 'ਤੇ ਫ਼ੌਜਾਂ ਚਾੜ੍ਹ ਸਕਦਾ ਈ। ਅਸਾਂ ਹੁਣ ਤਿਆਰੀ ਵਿਚ ਰੁੱਝ ਜਾਣਾ।'

—ਤੂੰ ਮੈਨੂੰ ਆਖ ਕੀ ਕਰਨਾ ਏ। ਜੇ ਕਹੇਂ ਤਾਂ ਝਿੜੀ 'ਚ ਆ ਬਹਾਂ ?'

—ਝਿੜੀ ਜੋਗੇ ਅਸੀਂ ਬਹੁਤ ਆਂ ਨੂਰੀਏ। ਬੱਸ, ਮੇਰੇ ਵਲੋਂ ਮੂੰਹ ਨਾ ਮੋੜੀਂ ਨਾ ਅੱਖ ਮੈਲੀ ਕਰੀਂ। ਮੇਰੇ ਕੋਲੋਂ ਹੁਣ ਦੇਰ ਸਵੇਰ ਈ ਆਇਆ ਜਾਣਾ। ਦੁਆ ਕਰੀਂ, ਅਸੀਂ ਅਕਬਰ ਨੂੰ ਭਾਜੜਾਂ ਪਾਈਏ। ਫੇਰ ਮੈਂ ਸੋਚਨਾ, ਨੂਰਾਂ ਆਪਾਂ ਦਰਿਆਓਂ ਪਾਰ ਡੇਰਾ ਬਣਾ ਲੈਣਾ ਈ ਪੱਕਾ। ਏਧਰ ਨਹੀਂ ਆਣਾ ਕਦੀ।'

ਨੂਰਾਂ ਦੁੱਲੇ ਦੇ ਨੇੜੇ ਹੁੰਦਿਆਂ ਬੋਲੀ—'ਅੱਲਾਹ ਜਾਣਦਾ ਈ, ਦਰਿਆਓਂ ਆਰ ਰੱਖ ਚਾਹੇ ਦਰਿਆਓਂ ਪਾਰ ਰੱਖ ਨੂਰਾਂ ਤੇਰੇ ਸਾਹੀਂ ਜੀਂਦੀ ਏ। ਨੂਰਾਂ ਨੇ ਹੁਣ ਕਿਥੇ ਜਾਣਾ। ਤੂੰ ਆ ਜਾਨਾ ਏਂ ਤਾਂ ਜੀ ਉਠਨੀ ਆਂ, ਤੁਰ ਜਾਨਾਂ ਏ ਤਾਂ..........।' ਨੂਰਾਂ ਦੀਆਂ ਅੱਖਾਂ ਭਰ ਆਈਆਂ। ਉਸਨੇ ਮੂੰਹ ਘੁੰਮਾ ਲਿਆ।

—ਏਹ ਤਰ੍ਹਾਂ ਨਾ ਕਰ ਨੂਰਾਂ। ਹੱਸ ਕੇ ਤੋਰ ਮੈਨੂੰ। ਨਹੀਂ ਤਾਂ ਦੁੱਲਾ ਅਕਬਰ ਨੂੰ ਟੱਕਰ ਦੇਣ ਜੋਗਾ ਨਹੀਂ ਰਹਿਣਾ।'

ਨੂਰਾਂ ਨੇ ਦੁੱਲੇ ਵੱਲ ਮੂੰਹ ਫੇਰਿਆ ਤੇ ਭਰੀਆਂ ਅੱਖਾਂ ਨਾਲ ਮੁਸਕਰਾਉਣ ਦਾ ਯਤਨ ਕਰਨ ਲੱਗੀ।

ਦੁੱਲਾ ਆਪਣੇ ਹੱਥ ਛੁਡਾ ਕੇ ਝਿੜੀ ਵੱਲ ਤੁਰ ਆਇਆ।

* * * *



ਦੁੱਲੇ ਦੇ ਸਾਥੀ ਰਿਸ਼ਤੇਦਾਰੀਆਂ ਵਿਚ ਗਏ ਹੋਏ ਸਨ। ਗਾਹਣਾ ਲੁਹਾਰ, ਤਾਰੀ, ਫੱਤੂ ਅਤੇ ਸ਼ੱਲਾ, ਝਿੜੀ ਵਿਚ ਖੂਹ ਲਾਗੇ ਹੀ ਲੁਕਵੇਂ ਥਾਂ ਹਥਿਆਰਾਂ ਦਾ ਭੰਡਾਰ ਜਮਾਂ ਕਰਨ ਵਿਚ ਲੱਗੇ ਰਹੇ।

ਵਿਹਲੇ ਹੋਏ ਤਾਂ ਸ਼ੱਲਾ ਅਤੇ ਤਾਰੀ ਸ਼ਿਕਾਰ ਲੱਭਣ ਤੁਰ ਗਏ।

ਗਾਹਣਾ, ਦੁੱਲਾ ਅਤੇ ਫੱਤੂ ਥੜ੍ਹੇ ਉਪਰ ਆ ਬੈਠੇ।

ਸਭ ਤੋਂ ਪਹਿਲਾਂ ਪਿਰਥਾ ਮੁੜਿਆ। ਉਸਨੂੰ ਵੇਖਦਿਆਂ ਹੀ ਦੁੱਲਾ ਖੁਸ਼ ਹੋ ਗਿਆ।

—ਯਾਰਾਂ ਬੇਲੀਆਂ ਬਿਨਾਂ ਤਾਂ ਝਿੜੀ ਸੁੰਨੀ ਹੋ ਜਾਂਦੀ ਐ ਪਿਰਥਿਆ। ਕੁਝ ਪੱਲੇ ਪਿਆ ਈ ਕਿ ਵਾਟ ਖੋਟੀ ਕੀਤੀ ਊ।'

—ਪੱਲੇ ਤਾਂ ਬੜਾ ਕੁਝ ਪਿਆ ਈ। ਆਂਹਦੇ ਨਗਾਰੇ 'ਤੇ ਚੋਟ ਲਗਦਿਆਂ ਈ ਚਾਲ੍ਹੀ-ਪੰਜਾਹ ਵੀਹਾਂ ਬੰਦੇ 'ਨ੍ਹੇਰੀ ਬਣ ਜਾਣਗੇ ਪਿੰਡੀ ਵਲ। ਬਹੁਤੇ ਗੱਭਰੂ ਤਾਂ ਹੱਥਾਂ 'ਤੇ ਦੰਦੀਆਂ ਵੱਢਣ ਡਹੇ ਨੀ, ਆਖਦੇ ਨੇ ਧਾਅਡੀ ਹਾਕ ਪਿਛੋਂ ਸੁਣੇਗੀ ਅਸੀਂ ਪਹਿਲਾਂ ਖੜ੍ਹੇ ਹੋਵਾਂਗੇ। ਕਹਿੰਦੇ ਨੇ ਤਖ਼ਤ ਲਾਹੌਰ ਨਾਲ ਸਾਡਾ ਵੀ ਕੁਝ ਲੈਣ ਦੇਣ ਹੈਗਾ ਵੇ। ਦੁੱਲਿਆ, ਮੈਨੂੰ ਲਗਦਾ ਏ, ਏਹ ਵੇਲਾ ਛੇਤੀ ਆਣ ਵਾਲਾ ਈ।' ਪਿਰਥੇ ਨੇ ਫ਼ਿਕਰ ਨਾਲ ਕਿਹਾ।

—ਕੋਈ ਖ਼ਬਰ ਆਈ ਏ— ?'

—ਮੇਰੇ ਇੱਕ ਮਾਮੇ ਦਾ ਜੁਆਈ ਲਾਹੌਰ ਦਰਬਾਰ 'ਚ ਚਾਕਰੀ ਕਰਦਾ। ਉਹਨਾਂ ਮੈਨੂੰ ਦੱਸਿਆ,—ਸੂਬੇਦਾਰ ਦੁੱਲੇ ਉਪਰ ਡਾਹਢਾ ਔਖਾ ਈ, ਤੇ ਪਿੰਡੀ ਤੇ ਫੌਜ ਚਾੜ੍ਹਨ ਦੀਆਂ ਗੱਲਾਂ ਹੁੰਦੀਆਂ ਨੇ। ਮਾਮੇ ਆਖਿਆ ਈ, ਚੌਕੰਨੇ ਰਹੋ, ਉਹ ਸੁੱਤੇ ਪਿਆਂ ਨੂੰ ਨਾ ਆ ਪੈਣ।'

—ਗਾਹਣਿਆਂ ਹਥਿਆਰ ਤਾਂ ਨਹੀਂ ਥੁੜ ਜਾਣਗੇ ?' ਦੁੱਲੇ ਨੇ ਪੁੱਛਿਆ।

—ਏਧਰਲੇ ਪਾਸਿਓਂ ਬੇਫਿਕਰ ਹੋ ਜਾ। ਮੈਂ ਤਾਂ ਲੋਕਾਂ ਦੇ ਘਰੀਂ ਬੱਠਲ ਬਾਲਟੀਆਂ ਨੀ ਛੱਡੀਆਂ। ਤੂੰ ਇਹ ਫ਼ਿਕਰ ਕਰ, ਇਹ ਵਰਤਣੇ ਕਿੱਦਾਂ ਨੇ।' ਗਾਹਣੇ ਨੂੰ ਆਪਣੇ ਹੁਨਰ ਉਪਰ ਮਾਣ ਸੀ।

—ਸਦੀਕ, ਰਮਜ਼ੇ ਨੂੰ ਮੁੜ ਆਉਣ ਦਿਓ। ਨਵੇਂ ਮੁੰਡਿਆਂ ਨੂੰ ਦੱਸੋ, ਨੇਜ਼ਾ ਕਿਵੇਂ ਪੜਕਣਾ ਈ। ਵਾਰ ਕਿਵੇਂ ਰੋਕਣਾ। ਵਾਰ ਕਿਵੇਂ ਕਰਨਾ ਈ। ਤਲਵਾਰ ਕਿੱਦਾਂ ਵਾਹਣੀ ਊ। ਭੱਜੇ ਜਾਂਦੇ ਘੋੜੇ ਉਪਰ ਕਿਵੇਂ ਚੜ੍ਹਨਾ ਈ। ਘੋੜੇ ਉਪਰ ਬੈਠਿਆਂ ਪੈਂਤੜਾਂ ਕਿੱਦਾਂ ਲੈਣਾ ਈ।'

ਫਿਰ ਪਿਰਥਾ ਅਤੇ ਦੁੱਲਾ ਆਉਣ ਵਾਲੇ ਦਿਨਾਂ ਬਾਰੇ ਗੋਦਾਂ ਗੁੰਦਣ ਲੱਗੇ। ਜੰਗ ਲੜਨੀ ਪਈ ਤਾਂ ਮੁਗਲਾਂ ਨਾਲ ਕਿਵੇਂ ਸਿੱਝਣਾ ਹੈ। ਪਿੰਡੀ ਨੂੰ ਕਿਵੇਂ ਬਚਾਉਣਾ ਹੈ ?

ਉਸ ਵੇਲੇ ਸ਼ੱਲਾ ਅਤੇ ਤਾਰੀ ਇਕ ਖਰਗੋਸ਼ ਪੁੱਠਾ ਲਟਕਾਈ ਲਈ ਆਉਂਦੇ ਦਿਸੇ।

—ਆ ਗਏ ਨੀ ਤੇਰੇ ਸ਼ਿਕਾਰੀ।' ਫੱਤੂ ਨੇ ਟਾਂਚ ਲਾਈ।

—ਦੇਗਾ ਚਾੜ੍ਹ ਚੁਲ੍ਹੇ 'ਤੇ।' ਟੁੰਡੇ ਸ਼ੱਲੇ ਨੇ ਖਰਗੋਸ਼ ਉਤਾਂਹ ਚੁੱਕ ਕੇ ਦਿਖਾਉਂਦਿਆਂ ਕਿਹਾ।

—ਟਿੰਡ 'ਚ ਦਾਣੇ, ਘਰਾਟੀਆਂ ਨਾਲ ਸਾਈਆਂ।' ਫੱਤੂ ਹੱਸਿਆ—'ਇਹਦੇ ਨਾਲ ਤਾਂ ਲੂਣ ਮਿਰਚ ਵੀ ਨੀ ਵੇਖਿਆ ਜਾਣਾ।'

—ਇਹ ਆਪ ਸਾਲਾ ਡੱਕਾ ਨੀ ਤੋੜਦਾ, ਦੂਜਿਆਂ ਨੂੰ ਐਵੇਂ ਪ੍ਰਾਹੁਣੇ ਬਣਾਈ ਰੱਖਦਾ।' ਪਿਰਥੇ ਨੇ ਫੱਤੂ ਦੀ ਗਿੱਚੀ 'ਚ ਧੌਲ ਮਾਰਦਿਆਂ ਕਿਹਾ।

—ਭਲਾ ਹੋਵੇ, ਅੱਜ ਤਾਂ ਪਿਰਥੇ ਜੱਟ ਅੰਦਰ ਵੀ ਮਰਾਸੀਆਂ ਦਾ ਲਹੂ ਬੋਲਣ ਡਿਹਾ।' ਗਿੱਚੀ ਖੁਰਕਦਿਆਂ, ਪਿੱਛੇ ਹਟਕੇ ਫੱਤੂ ਨੇ ਮੋੜਵਾਂ ਵਾਰ ਕੀਤਾ।

ਹੁਣ ਦੁੱਲਾ ਸ਼ੱਲਾ ਅਤੇ ਤਾਰੀ ਵੀ ਹੱਸ ਪਏ।

ਸਾਰੇ ਅਜੇ ਹੱਸੀ ਜਾ ਰਹੇ ਸਨ, ਜਦ ਹਵੇਲੀ ਰਾਮ ਹਲਵਾਈ ਦਾ ਮੁੰਡਾ ਬੁੱਧ ਰਾਮ ਇਕ ਓਪਰੇ ਬੰਦੇ ਨੂੰ ਝਿੜੀ ਵਿਚ ਲੈ ਆਇਆ।

—ਆ ਬੈਠਾ ਈ ਦੁੱਲਾ ਸਰਦਾਰ।' ਬੁੱਧ ਰਾਮ ਨੇ ਇਸ਼ਾਰੇ ਨਾਲ ਦੱਸਿਆ।

ਓਪਰਾ ਬੰਦਾ ਦੁੱਲੇ ਦੇ ਪੈਰੀਂ ਡਿੱਗ ਪਿਆ—'ਦੁਹਾਈ ਐ ਸਰਦਾਰ। ਮੈਨੂੰ ਅਕਬਰ ਦੇ ਕਹਿਰ ਤੋਂ ਬਚਾਓ।'

ਦੁੱਲਾ ਹੈਰਾਨ ਹੋ ਕੇ ਪਿਰਥੇ ਵੱਲ ਝਾਕਿਆ।.....ਕੌਣ ਹੈ ਇਹ, ਪਿੰਡੀ ਕਿਵੇਂ ਆ ਗਿਆ ? ਅਕਬਰ ਦੀ ਚਾਲ ਤਾਂ ਨਹੀਂ ਕੋਈ ? ਤਖ਼ਤ ਬੜੀਆਂ ਸਾਜ਼ਿਸ਼ਾਂ ਕਰਦੇ ਨੀ। ਏਥੇ ਝਿੜੀ 'ਚ ਅਸਾਂ ਦੇ ਬੰਦੇ ਵੇਖਣ ਆਇਆ ਹੋਵੇ। ਬਾਦਸ਼ਾਹੀਆਂ ਬੜੀਆਂ ਹੇਠਾਂ ਲਹਿ ਜਾਂਦੀਆਂ ਨੇ।...........

ਪਿਰਥਾ ਸਮਝ ਗਿਆ, ਝੱਟ ਓਪਰੇ ਬੰਦੇ ਨੂੰ ਉਠਾ ਕੇ ਇਕ ਪਾਸੇ ਕੀਤਾ ਤੇ ਥੋੜਾ ਹਟ ਕੇ ਬੈਠਣ ਲਈ ਕਿਹਾ।

—ਕੌਣ ਏਂ ? ਕਿਥੋਂ ਆਇਆ ਏਂ ? ਕੀ ਕੀਤਾ ਈ ਅਕਬਰੇ ਨੇ ?' ਦੁੱਲੇ ਨੇ ਇਕੋ ਸਾਹੇ ਸੁਆਲ ਪੁੱਛੇ।

—ਤੇਰੀ ਬੜੀ ਵਡਿਆਈ ਸੁਣੀ ਏ, ਦੁੱਲਿਆ ਸਰਦਾਰਾ। ਲਾਹੌਰ ਤੱਕ ਗੱਲਾਂ ਹੁੰਦੀਆਂ ਨੇ ਤੇਰੀਆਂ। ਮੈਂ ਤਾਂ ਆਪਣੀ ਧੀ ਨਾਲ ਰਾਵੀ 'ਚ ਡੁੱਬ ਕੇ ਮਰਨ ਲੱਗਿਆ ਸਾਂ। ਇਕ ਭਲੇ ਬੰਦੇ ਨੇ ਆਖਿਆ ਪਿੰਡੀ ਜਾਹ, ਉਥੇ ਦੁੱਲਾ ਈ, ਓਹਦੇ ਕੋਲ ਫਰਿਆਦ ਕਰ।' ਓਪਰਾ ਜਣਾ ਫਿਰ ਰੋਣ ਲੱਗਾ।

ਦੁੱਲਾ ਖਿੱਝ ਗਿਆ।.....'ਘਾਣੀਆਂ ਨਾ ਪਾ, ਸਿੱਧੀ ਗੱਲ ਕਰ, ਹੋਇਆ ਕੀ ਏ ?'

—ਲਾਹੌਰ ਲਾਗੇ ਦੇ ਪਿੰਡ ਦਾ ਮੈਂ ਦੇਬੂ ਬ੍ਰਾਹਮਣ ਆਂ। ਮੇਰੀ ਇੱਕ ਧੀ ਏ ਸੁੰਦਰੀ, ਮੁਸ਼ਕਲ ਨਾਲ ਪੰਦਰਾਂ ਸਾਲਾਂ ਦੀ ਹੋਣੀ ਏ। ਪਿੰਡ ਦੇ ਚੌਧਰੀਆਂ ਲਾਹੌਰ ਜਾਕੇ ਬਾਦਸ਼ਾਹ ਦੇ ਅਮੀਰਾਂ-ਵਜ਼ੀਰਾਂ ਨੂੰ ਆਖਿਆ—'ਪੰਡਤ ਦੀ ਧੀ ਤਾਂ ਬਾਦਸ਼ਾਹ ਦੀ ਰਾਣੀ ਬਨਣ ਲਾਇਕ ਈ।' ਇਕ ਦਿਨ ਲਾਹੌਰ ਦਰਬਾਰ ਦੇ ਬੰਦੇ ਆਏ ਤੇ ਆਖਣ ਲੱਗੇ.....'ਪੰਡਤਾ ਤੇਰੀ ਧੀ ਬੜੀ ਖ਼ੂਬਸੂਰਤ ਏ, ਇਹ ਬਾਦਸ਼ਾਹ ਦੇ ਮਹਿਲਾਂ ਵਿਚ ਰਹਿਣ ਦੇ ਕਾਬਲ ਏ।'

—ਮੈਂ ਕਿਹਾ, ਮੇਰੀ ਧੀ ਤਾਂ ਅੰਞਾਣੀ ਏ। ਅਜੇ ਇਸਦੇ ਖੇਡਣ-ਮੌਲਣ ਦੇ ਦਿਨ ਨੇ। ਮਹਿਲਾਂ ਵਿਚ ਤਾਂ ਇਹਨੇ ਨੌਕਰਾਣੀ ਬਣਕੇ ਰਹਿ ਜਾਣਾ।' ਉਹਨਾਂ ਧਮਕੀ ਦਿੱਤੀ, ਮੁਗਲਾਂ ਦਾ 'ਯਾਸਾ' ਕਨੂੰਨ ਬਾਦਸ਼ਾਹ ਨੂੰ ਹੱਕ ਦੇਂਦਾ ਈ, ਜ਼ਮੀਨ ਔਰ ਅਸਮਾਨ ਦੇ ਦਰਮਿਆਨ ਜੋ ਵੀ ਚੀਜ਼ ਏ, ਮਖਲੂਕ ਏ, ਉਹ ਬਾਦਸ਼ਾਹ ਦੀ ਮਲਕੀਅਤ ਏ। ਲਿਹਾਜ਼ਾ ਜੋ ਵੀ ਸੋਹਣੀ ਔਰਤ ਏ, ਬਾਦਸ਼ਾਹ ਚਾਹਵੇ ਤਾਂ ਉਸਨੂੰ ਆਪਣੀ ਬੇਗ਼ਮ ਬਣਾ ਸਕਦਾ ਏ। ਤੂੰ ਖ਼ੁਦ ਹੀ ਆਪਣੀ ਬੇਟੀ ਦਾ ਨਿਕਾਹ ਬਾਦਸ਼ਾਹ ਨਾਲ ਪੜ੍ਹਾ ਦੇਹ।'

.....ਮੈਂ ਇਨਕਾਰੀ ਹੋਇਆ ਤਾਂ ਉਹ ਮੈਨੂੰ ਫੜ ਕੇ ਲਾਹੌਰ ਲੈ ਗਏ। ਮੈਂ ਉਥੇ ਵੀ ਅਰਜ਼ ਕੀਤੀ.........'ਹਜ਼ੂਰ ਆਪ ਮੁਸਲਮਾਨ ਹੋ, ਮੈਂ ਹਿੰਦੂ ਬ੍ਰਾਹਮਣ। ਮੇਰੀ ਧੀ ਦੀ ਜ਼ਿੰਦਗੀ



ਬਰਬਾਦ ਨਾ ਕਰੋ। ਨਾ ਮੈਨੂੰ ਕੋਈ ਲਾਲਚ ਏ, ਨਾ ਮੇਰੀ ਧੀ ਨੂੰ ਬੇਗ਼ਮ ਬਣਨ ਦੀ ਖਵਾਹਿਸ਼ ਏ।......

......ਬਾਦਸ਼ਾਹ ਮੰਨਿਆ ਨਹੀਂ। ਕੋਤਵਾਲ ਨੇ ਮੈਨੂੰ ਡਰਾਇਆ, 'ਸ਼ਹਿਨਸ਼ਾਹ ਤੇਰਾ ਸਿਰ ਕਲਮ ਕਰਵਾ ਦਏਗਾ। ਤੇਰੀ ਬੇਟੀ ਨਾਲ ਨਿਕਾਹ ਵੀ ਕਰ ਲਏਗਾ। ਤੇਰੇ ਟੱਬਰ ਨੂੰ ਦੇਸ਼ ਨਿਕਾਲਾ ਵੀ ਦੇ ਦਏਗਾ।.....ਤੈਨੂੰ ਤਾਂ ਬਾਦਸ਼ਾਹ ਦਾ ਸ਼ੁਕਰਗੁਜ਼ਾਰ ਹੋਣਾ ਚਾਹੀਦਾ ਏ, ਉਹ ਤੇਰੀ ਬੇਟੀ ਨੂੰ ਆਪਣੀ ਰਾਣੀ ਬਨਾਣ ਲੱਗੇ ਨੇ। ਸੋਚ ਲੈ, ਉਜੜਨਾ ਈ ਕਿ ਬਾਦਸਾਹ ਨਾਲ ਸਾਕ-ਸਕੀਰੀ ਪਾਣੀ ਏ।'

—ਮੇਰੇ ਘਰ ਦੁਆਲੇ ਪਹਿਰਾ ਲਾ ਦਿੱਤਾ। ਮੈਂ ਕਿਹਾ ਮੈਨੂੰ ਕੁਝ ਮੁਹਲਤ ਦੇਵੋ, ਮੈਂ ਆਪਣੀ ਬਿਰਾਦਰੀ ਨਾਲ ਗੱਲ ਕਰਾਂ। ਮੈਂ ਸੋਚਿਆ ਸਣੇ ਟੱਬਰ ਰਾਵੀ ਵਿਚ ਛਾਲ ਮਾਰਾਂ। ਫਿਰ ਤੇਰਾ ਨਾਂ ਸੁਣਿਆ-ਉਸ ਭਲੇ ਬੰਦੇ ਆਖਿਆ, ਸਾਂਦਲ ਬਾਰ ਵਿਚ ਦੁੱਲਾ ਭੱਟੀ ਬੜਾ ਗੈਰਤਮੰਦ ਬੰਦਾ ਏ ਤੇ ਸਰਦਾਰਾ ਮੈਂ ਆਪਣੀ ਧੀ ਲੈ ਕੇ ਰਾਵੀ ਪਾਰ ਕਰ ਆਇਆਂ।'.... ਗੱਲ ਮੁਕਾ ਕੇ ਬ੍ਰਾਹਮਣ ਨੇ ਅੱਖਾਂ ਪੂੰਝੀਆਂ।

—ਤੇਰੀ ਬੇਟੀ ਕਿਥੇ ਵੇ ?' ਦੁੱਲੇ ਨੇ ਪੁੱਛਿਆ।

—ਅੰਮਾ ਲੱਧੀ ਕੋਲ ਏ ਹਵੇਲੀ ਵਿਚ।' ਬੁੱਧ ਰਾਮ ਬੋਲਿਆ। 'ਸਬੱਬ ਨਾਲ ਮੈਂ ਓਧਰ ਜਾਂਦਾ ਪਿਆ ਸਾਂ, ਅੰਮਾਂ ਨੇ ਆਖਿਆ, ਇਹਨੂੰ ਦੁੱਲੇ ਕੋਲ ਲਈ ਜਾ।'

—ਪਿਰਥਿਆ ਤੂੰ ਏਧਰ ਰਹਿ। ਸਦੀਕ ਰਮਜ਼ੇ ਹੋਰਾਂ ਵੀ ਆਣਾ ਈ। ਮੈਂ ਘਰ ਹੋ ਆਵਾਂ।'

ਦੁੱਲਾ, ਦੇਬੂ ਬ੍ਰਾਹਮਣ ਅਤੇ ਬੁੱਧ ਰਾਮ, ਪਿੰਡੀ ਵੱਲ ਤੁਰ ਪਏ।

****

ਹਵੇਲੀ ਦੇ ਵਿਹੜੇ ਵਿਚ, ਲੱਧੀ, ਫੁੱਲਰਾਂ, ਬਖਤੋ ਅਤੇ ਸਲੇਮੋ, ਸੁੰਦਰੀ ਨੂੰ ਘੇਰੀ ਬੈਠੀਆਂ ਸਨ ਉਹ ਲਗਾਤਾਰ ਹੰਝੂ ਵਹਾਈ ਜਾ ਰਹੀ ਸੀ। ਨਾ ਉਸ ਕੁਝ ਖਾਧਾ ਸੀ, ਨਾ ਪੀਤਾ ਸੀ। ਲੱਧੀ ਉਸਨੂੰ ਦਿਲਾਸਾ ਦੇਣ ਲੱਗੀ ਹੋਈ ਸੀ।

ਦੁੱਲਾ, ਪੰਡਤ ਅਤੇ ਬੁੱਧ ਰਾਮ ਜਦ ਅੰਦਰ ਆਏ ਤਾਂ ਬਖ਼ਤੋ ਸਲੇਮੋ ਉੱਠ ਕੇ ਅੰਦਰ ਵੱਲ ਚਲੀਆਂ ਗਈਆਂ। ਦੁੱਲੇ ਨੇ ਵੇਖਿਆ, ਕੁੜੀ ਤਾਂ ਬਖ਼ਤੋ ਨਾਲੋਂ ਵੀ ਅੰਞਾਣੀ ਸੀ। ਰੋ ਰੋ ਉਸਨੇ ਅੱਖਾਂ ਸੁਜਾ ਲਈਆਂ ਸਨ।

ਦੁੱਲੇ ਨੇ ਆਪਣੇ ਸਿਰੋਂ ਪੱਗ ਉਤਾਰੀ ਤੇ ਖੋਹਲ ਕੇ ਚਾਦਰ ਵਾਂਗ ਸੁੰਦਰੀ ਦੇ ਸਿਰ ਉੱਪਰ ਦਿੰਦਿਆਂ ਕਿਹਾ—'ਅੱਜ ਤੋਂ ਤੂੰ ਮੇਰੀ ਧੀ ਏਂ। ਇਹ ਪੱਗ ਨਹੀਂ ਤੇਰੇ ਸਿਰ ਦੀ ਚਾਦਰ ਏ। ਜਿੰਨਾ ਚਿਰ ਦੁੱਲਾ ਭੱਟੀ ਜਿਉਂਦਾ ਏ ਤੇਰੇ ਸਿਰ ਦੀ ਚਾਦਰ ਨੂੰ ਹੱਥ ਪਾਣ ਵਾਲਾ ਕੋਈ ਪੈਦਾ ਨਹੀਂ ਹੋਇਆ।' ਤੇ ਉਸਨੇ ਸੁੰਦਰੀ ਦੇ ਸਿਰ ਉਪਰ ਹੱਥ ਰੱਖਿਆ।

ਦੇਬੂ ਬ੍ਰਹਮਣ ਦੀਆਂ ਭੁੱਬਾਂ ਨਿਕਲ ਗਈਆਂ। ਸੁੰਦਰੀ ਫਿਰ ਰੋਣ ਲੱਗੀ।

—ਪੰਡਤਾ ਰੋਣ ਧੋਣ ਨਾਲ ਕੁਝ ਨਹੀਂ ਹੋਣਾ। ਸੁੰਦਰੀ ਹੁਣ ਮੇਰੀ ਮੂੰਹ ਬੋਲੀ ਧੀ ਏ। ਅਕਬਰ ਨੂੰ ਆਖ, ਹਿੰਮਤ ਹੈ ਈ ਤਾਂ ਦੁੱਲੇ ਕੋਲੋਂ ਆਕੇ ਸੁੰਦਰੀ ਲੈ ਲੈ।'

ਬ੍ਰਾਹਮਣ ਦੁੱਲੇ ਦੇ ਪੈਰੀਂ ਢਹਿ ਪਿਆ। ਹੰਝੂਆਂ ਨਾਲ ਉਸਦੇ ਪੈਰ ਧੋ ਦਿੱਤੇ। ਦੁੱਲੇ ਨੇ ਉਠਾਇਆ। ਹੌਸਲਾ ਦਿੱਤਾ,—'ਤਕੜਾ ਹੋ, ਮਰਦ ਬਣ, ਤੂੰ ਹੁਣ ਦੁੱਲੇ ਦੀ ਜ਼ੈਲ ਵਿਚ ਏ।

ਜਾਹ ਆਪਣੀ ਬਿਰਾਦਰੀ ਦਾ ਕੋਈ ਲੜਕਾ ਲੱਭ। ਸੁੰਦਰੀ ਦਾ ਵਿਆਹ ਮੈਂ ਆਪ ਕਰਾਂਗਾ। ਬਾਰ ਦੇ ਲੋਕਾਂ ਨੂੰ ਤੇ ਅਕਬਰ ਨੂੰ ਪਤਾ ਲੱਗੇ, ਦੁੱਲਾ ਭੱਟੀ ਜੇ ਕਿਸੇ ਨੂੰ ਧੀ ਬਣਾਂਦਾ ਹੈ ਤਾਂ ਉਸਨੂੰ ਨਿਭਾਂਦਾ ਵੀ ਏ।'

ਬ੍ਰਾਹਮਣ ਨੇ ਆਪਣੇ ਆਪ ਨੂੰ ਸੰਭਾਲਿਆ।

ਫਿਰ ਦੁੱਲਾ ਲੱਧੀ ਵੱਲ ਹੋਇਆ—'ਮਾਂ ਤੂੰ ਇਹਨਾਂ ਨੂੰ ਬੁੱਧ ਰਾਮ ਦੇ ਘਰ ਛੱਡ ਆ। ਉਥੇ ਖਾ ਪੀ ਲੈਣਗੇ। ਬੁੱਧੂ ਰਾਮਾ.....ਰੱਖ ਲਏਂਗਾ ਨਾ ਘਰੇ ?' ਦੁੱਲੇ ਨੇ ਪੁੱਛਿਆ।

—ਮੈਨੂੰ ਦੁੱਖ ਹੋਇਆ ਦੁੱਲਿਆ ਤੈਨੂੰ ਪੁੱਛਣ ਦੀ ਲੋੜ ਪਈ।' ਬੁੱਧ ਰਾਮ ਨੇ ਸੱਚ ਹੀ ਦੁਖੀ ਹੋ ਕੇ ਕਿਹਾ।

—ਜਿੰਨੀ ਦੇਰ ਸੁੰਦਰੀ ਦਾ ਨਿਕਾਹ ਨਹੀਂ ਹੁੰਦਾ, ਏਹ ਤੇਰੇ ਘਰ ਈ ਰਹਿਣਗੇ।' ਦੁੱਲੇ ਨੇ ਕਿਹਾ, ਫਿਰ ਦੇਬੂ ਪੰਡਤ ਦਾ ਮੋਢਾ ਥਪਥਪਾਇਆ—'ਜਾਹ ਕੋਈ ਲੜਕਾ ਲੱਭ ਲੈ।'

—ਲੜਕਾ ਤਾਂ ਮੈਂ ਵੇਖਿਆ ਹੋਇਆ ਸਰਦਾਰਾ, ਇਹਦੇ ਵਿਆਹ ਦੀ ਗਲਬਾਤ ਚਲਦੀ ਪਈ ਸੀ।'

—ਕੱਲ੍ਹ ਸਵੇਰੇ ਵਗ ਜਾ। ਜੰਞ ਬਹੁਤੀ ਨਹੀਂ ਆਉਣੀ ਚਾਹੀਦੀ।' ਆਖ ਕੇ ਦੁੱਲਾ ਫਿਰ ਝਿੜੀ ਵਲ ਤੁਰ ਗਿਆ।

ਲੱਧੀ ਸੁੰਦਰੀ ਨੂੰ ਲੈ ਕੇ, ਬੁੱਧ ਰਾਮ ਦੇ ਘਰ ਜਾਣ ਲਈ ਉੱਠ ਖੜ੍ਹੀ।



## 32.

ਉੱਚੇ ਪਾਸੇ ਵਾਲੇ ਬੋਹੜ ਹੇਠਾਂ ਥੜ੍ਹੇ ਉਪਰ ਚੌਧਰੀ ਜੁੜੇ ਬੈਠੇ ਸਨ। ਹੁੱਕੇ ਦੀ ਨੜੀ ਵਾਰੀ ਵਾਰੀ ਸਭਨਾਂ ਦੇ ਹੱਥਾਂ ਵਿਚ ਘੁੰਮ ਰਹੀ ਸੀ। ਸਾਰੇ ਚੌਧਰੀ ਕੁਝ ਵਧੇਰੇ ਹੀ ਪਰੇਸ਼ਾਨ ਲਗਦੇ ਸਨ। ਦੁੱਲੇ ਭੱਟੀ ਵਲੋਂ ਇਕ ਹਿੰਦੂ ਬ੍ਰਾਹਮਣ ਅਤੇ ਉਸਦੀ ਧੀ ਨੂੰ ਪਿੰਡੀ ਵਿਚ ਬੁੱਧ ਰਾਮ ਦੇ ਘਰੇ ਪਨਾਹ ਦੇਣ ਵਾਲੀ ਗੱਲ ਉਹਨਾਂ ਨੂੰ ਹਜ਼ਮ ਨਹੀਂ ਸੀ ਹੋ ਰਹੀ। ਸਾਰੇ ਖ਼ਫਾ ਸਨ।

—ਗੱਲ ਇਹ ਵੇ ਜਲਾਲਦੀਨ ਚੌਧਰੀਆ ਤੇਰਾ ਭਤੀਆ ਤਾਂ ਸ਼ੇਰ ਦੀ ਪੂਛ ਖਿੱਚਣੋਂ ਹਟਦਾ ਈ ਨਹੀਓਂ ਪਿਆ। ਅਕਬਰ ਵੀ ਤਾਂ ਆਖ਼ਰ ਹਿੰਦ ਦਾ ਸ਼ਹਿਨਸ਼ਾਹ ਈ। ਹੁਣ ਜੇ ਬਾਦਸ਼ਾਹ ਨੂੰ ਕੋਈ ਬ੍ਰਾਹਮਣ ਲੜਕੀ ਪਸੰਦ ਆ ਗਈ ਤਾਂ ਕੋਈ ਜੱਗੋਂ ਤੇਰਵ੍ਹੀਂ ਗੱਲ ਤਾਂ ਨਹੀਂ ਨਾ। ਹਿੰਦ ਦੀ ਰਿਆਇਆ ਬਾਦਸ਼ਾਹ ਦੀ ਮਲਕੀਅਤ ਏ। ਇਹਦੀ ਹਰ ਚੰਗੀ ਮਾੜੀ ਚੀਜ਼ 'ਤੇ ਬਾਦਸ਼ਾਹ ਦਾ ਹੱਕ ਈ। ਇਹ ਬ੍ਰਾਹਮਣ ਆਪਣੀ ਧੀ ਲੈ ਕੇ ਦੁੱਲੇ ਦੀ ਬੁੱਕਲ 'ਚ ਆ ਬੈਠਾ ਈ। ਇਹ ਤਾਂ ਬਾਦਸ਼ਾਹ ਦੀ ਹੱਤਕ ਏ। ਬਾਦਸ਼ਾਹ ਆਪਣੀ ਮਰਜ਼ੀ ਨਹੀਂ ਪੁਗਾਏਗਾ, ਹੋਰ ਅਸਾਂ ਤੁਸਾਂ ਪੁਗਾਣੀ ਏਂ ? ਦੁੱਲੇ ਵਾਲੀ ਤਾਂ ਅੱਤ ਹੋ ਗਈ ਏ ਤੇ ਸੁਣਿਆ ਏ, ਦੁੱਲੇ ਨੇ ਆਖਿਆ ਈ, ਬ੍ਰਾਹਮਣ ਦੀ ਬੇਟੀ ਮੇਰੀ ਧੀ ਏ ਮੂੰਹ ਬੋਲੀ। ਏਸ ਤਰ੍ਹਾਂ ਹੋਇਆ ਏ ਕਦੀ ?' ਅਹਿਮਦ ਚੌਧਰੀ ਨੇ ਗੱਲ ਕਰਕੇ ਨਫ਼ਰਤ ਨਾਲ ਥੁੱਕਿਆ।

—ਅਜੇ ਤਾਂ ਅੱਤ ਹੋਰ ਹੋਣੀ ਏ ਚੌਧਰੀ। ਦੁੱਲਾ ਏਥੇ ਬ੍ਰਾਹਮਣ ਦੀ ਧੀ ਦਾ ਨਿਕਾਹ ਵੀ ਕਰਵਾ ਰਿਹਾ ਏ। ਇਹ ਤਾਂ ਬਾਦਸ਼ਾਹ ਨੂੰ ਸਿੱਧੀ ਧਮਕੀ ਏ। ਹੁਣ ਅਕਬਰ ਸ਼ਹਿਨਸ਼ਾਹ ਵੱਡਾ ਨਾ ਹੋਇਆ, ਦੁੱਲਾ ਵੱਡਾ ਹੋ ਗਿਆ।' ਜਲਾਲਦੀਨ ਨੇ ਗੁੱਸੇ ਵਿਚ ਹੁੱਕੇ ਦਾ ਕਸ਼ ਜ਼ੋਰ ਨਾਲ ਖਿੱਚਿਆ ਤਾਂ ਉਸਨੂੰ ਖੰਘ ਛਿੜ ਪਈ।

ਗੱਲਾਂ ਸੁਣੀ ਜਾਂਦੇ ਫਜ਼ਲਦੀਨ ਚੌਧਰੀ ਕੋਲੋਂ ਹੁਣ ਚੁੱਪ ਨਾ ਰਿਹਾ ਗਿਆ। ਬੋਲਿਆ— 'ਜਲਾਲਦੀਨਾ ਦੁੱਲਾ ਤਾਂ ਲਾਂਭੇ ਈ ਆਪਣੀ ਢਾਂਡੜੀ ਬਾਲੀ ਬੈਠਾ ਈ। ਉਸਨੂੰ ਇਲਮ ਈ ਨਹੀਂ ਹੈਗਾ, ਪਿੰਡ ਵਾਲਿਆਂ ਨੂੰ ਨਰਾਜ਼ ਕਰਨ ਦਾ ਹਸ਼ਰ ਕੀ ਹੁੰਦਾ ਈ।'

—ਫਜ਼ਲਦੀਨਾਂ ਸਿਆਣੇ ਆਖਦੇ ਨੀ, ਅੱਲਾਹ ਗੰਜੇ ਨੂੰ ਨਹੁੰ ਨਾ ਦੇਵੇ। ਦੁੱਲੇ ਨੇ ਵੀ ਆਪਣੇ ਪੈਰੀ ਆਪ ਕੁਹਾੜਾ ਮਾਰ ਲੈਣਾ ਈ। ਇਕ ਤਾਂ ਰੰਡੀ ਦਾ ਪੁੱਤਰ, ਉਪਰੋਂ ਅੜਬ ਟੱਟੂ, ਓਹੋ ਜੇਹੇ ਯਾਰ ਬੇਲੀ। ਗੰਜਾ ਆਪਣਾ ਸਿਰ ਜ਼ਖ਼ਮੀ ਕਰ ਲੈਂਦਾ ਏ, ਦੁੱਲੇ ਆਪਣਾ ਘਰ ਉਜਾੜ ਲੈਣਾ ਈ। ਵੇਖਦੇ ਰਹਿਣਾ।'

—ਵੇਖਦੇ ਈ ਪਏ ਆਂ ਜਲਾਲਦੀਨਾ ਚੌਧਰੀਆ।' ਰਹਿਮਤ ਅਲੀ ਅਤੇ ਅਹਿਮਦ ਇਕੱਠੇ ਬੋਲ ਪਏ। ਫਿਰ ਖਿਜ਼ਾਬੀ ਦਾੜ੍ਹੀ ਉਪਰ ਹੱਥ ਫੇਰਦਾ ਰਹਿਮਤ ਅਲੀ ਬੋਲਿਆ— 'ਬਾਦਸ਼ਾਹੀਆਂ ਏਨੀਆਂ ਢਿੱਲਾਂ ਕਿਥੇ ਦੇਂਦੀਆਂ ਨੇ। ਕੰਨਸੋਆਂ ਆਂਦੀਆਂ ਨੇ, ਬਾਦਸ਼ਾਹ ਏਧਰ ਵੱਲ ਫੌਜ ਭੇਜਣ ਲੱਗਾ ਸੂ।'

—ਭੇਜੇਗਾ ਈ, ਨਹੀਂ ਭੇਜੇਗਾ ਤਾਂ ਥਾਂ ਥਾਂ ਦੁੱਲੇ ਉੱਗ ਪੈਣੇ।' ਫਜ਼ਲਦੀਨ ਨੇ ਹੁੱਕੇ ਦੀ

ਨੜੀ ਮੂੰਹ ਵਿਚੋਂ ਕੱਢਦਿਆਂ ਕਿਹਾ। ਫਿਰ ਮਸੀਤ ਦੇ ਦਰਵਾਜ਼ੇ ਵਿਚ ਬੈਠੇ ਇਕ ਲੜਕੇ ਨੂੰ ਆਵਾਜ਼ ਮਾਰੀ—'ਉਏ ਛੋਹਰਾ, ਹੁੱਕੇ ਦਾ ਪਾਣੀ ਬਦਲ ਉਏ।'

—ਮੈਨੂੰ ਤਾਂ ਲਗਦਾ ਦੁੱਲਾ ਹੁਣ ਖੱਤਰੀਆਂ ਨੂੰ ਮਰਵਾਏਗਾ।' ਅਹਿਮਦ ਚੌਧਰੀ ਨੇ ਕਿਹਾ।

—ਆਹੋ ਬ੍ਰਾਹਮਣ ਤੇ ਓਹਦੀ ਧੀ ਬੁੱਧੂ ਦੇ ਘਰ ਈ ਏ।'

—ਤਾਂਹੀਓਂ ਬੁੱਧੂ ਏਧਰ ਵੇਖਿਆ ਨਹੀਂ।'

—ਤਰੀਹਾਂ ਵਰ੍ਹਿਆਂ ਨੂੰ ਤਾਂ ਬੁੱਧੂ ਢੁੱਕਣ ਡਿਹਾ ਏ, ਤੇ ਘਰ ਆ ਗਈ ਏ ਪੰਡਤ ਦੀ ਜੁਆਨ ਛੋਹਰੀ। ਕੀ ਪਤਾ ਸੋਚਦਾ ਹੋਵੇ, ਪੰਡਤ ਦੀ ਧੀ ਨੂੰ ਘਰ ਪਾ ਲਵਾਂ ?'

—ਹਲਾ, ਤਾਹੀਓਂ ਘਰੋਂ ਬਾਹਰ ਨਹੀਂ ਆਉਂਦਾ।'

—ਰੰਨਾਂ ਦਾ ਚੱਕਰ ਬੁਰਾ ਹੁੰਦਾ ਈ।' ਰਹਿਮਤ ਅਲੀ ਨੇ ਕਿਹਾ ਤਾਂ ਸਾਰੇ ਚੌਧਰੀ ਹੱਸਣ ਲੱਗ ਪਏ। ਰਹਿਮਤ ਅਲੀ ਜਦੋਂ ਬੋਲਦਾ ਸੀ ਤਾਂ ਜੀਭ ਵਾਂਗ ਉਸਦਾ ਸਾਹਮਣਾ ਇਕ ਦੰਦ ਵੀ ਹਿੱਲਣ ਲੱਗਦਾ ਸੀ।

ਮਸੀਤ ਦੇ ਬਾਹਰ ਬੈਠਾ ਲੜਕਾ ਪਾਣੀ ਬਦਲਣ ਲਈ ਹੁੱਕਾ ਚੁੱਕ ਕੇ ਲੈ ਗਿਆ।

ਅਹਿਮਦ ਚੌਧਰੀ ਨੇ ਵੇਖਿਆ, ਪਰਲੇ ਪਾਸੇ ਦੀ ਹੁੰਦੀ ਹੋਈ ਲੱਧੀ ਆਪਣੀ ਹਵੇਲੀ ਵੱਲ ਜਾ ਰਹੀ ਸੀ।.....'ਇਹ ਕਿਧਰੋਂ ਆਈ ਹੋਈ ?' ਉਸਨੇ ਹੈਰਾਨੀ ਨਾਲ ਜਿਵੇਂ ਆਪਣੇ ਆਪ ਨੂੰ ਹੀ ਪੁੱਛਿਆ।

—ਬੁੱਧੂ ਰਾਮ ਕੇ ਘਰੋਂ ਆਈ ਹੋਣੀ ਏਂ।' ਫਜ਼ਲਦੀਨ ਨੇ ਲੱਖਣ ਲਾਇਆ।

ਫਿਰ ਚੌਧਰੀ, ਹੁੱਕਾ ਲੈ ਕੇ ਗਏ ਲੜਕੇ ਦੀ ਉਡੀਕ ਕਰਨ ਲੱਗੇ।

****

ਝਿੜੀ ਵਾਲੇ ਖੂਹ ਉੱਪਰ ਮੇਲੇ ਵਾਂਗ ਰੌਣਕਾਂ ਸਨ।

ਦੁੱਲੇ ਦੇ ਸਾਥੀਆਂ ਨੇ ਚੁਲ੍ਹੇ ਅਤੇ ਭੱਠੀ ਉਪਰ ਦੇਗੇ ਚਾੜ੍ਹੇ ਹੋਏ ਸਨ। ਰਿੱਝ ਰਹੇ ਚੌਲਾਂ ਦੀ ਮਹਿਕ ਝਿੜੀ ਅੰਦਰ ਫੈਲੀ ਹੋਈ ਸੀ।

ਫੱਤੂ ਮਰਾਸੀ ਅੱਜ ਫੇਰ ਪੂਰੀ ਟੌਹਰ ਵਿਚ ਸੀ। ਉਹ ਹਰ ਇਕ ਨੂੰ ਪੁੱਛਦਾ,—'ਮੈਂ ਚੌਧਰੀਆਂ ਵਰਗਾ ਤਾਂ ਨਹੀਂ ਦਿੱਸਦਾ ?' ਜਦੋਂ ਅਗਲਾ ਆਖਦਾ:

—ਨਹੀਂ।' ਫੱਤੂ ਖੁਸ਼ ਹੋ ਜਾਂਦਾ,.....'ਤਾਂ ਫਿਰ ਠੀਕ ਆ।'

ਅੱਜ ਦੇਬੂ ਬ੍ਰਾਹਮਣ ਦੀ ਧੀ ਸੁੰਦਰੀ ਦੀ ਜੰਜ ਢੁੱਕਣੀ ਸੀ।

ਦੁੱਲੇ ਦੇ ਬੰਦੇ, ਹਥਿਆਰ ਚੁੱਕੀ, ਚੁਫੇਰੇ ਸਖ਼ਤ ਨਿਗਾਹ ਰੱਖ ਰਹੇ ਸਨ। ਕੁਝ ਬੰਦੇ ਝਿੜੀ ਦੇ ਬਾਹਰ ਖੜ੍ਹਾਏ ਸਨ। ਇਹ ਸਾਰਾ ਬੰਦੋਬਸਤ ਪਿਰਥੇ ਅਤੇ ਰੂੜੇ ਦੇ ਜ਼ਿੰਮੇ ਸੀ। ਦੁੱਲੇ ਨੇ ਸਭਨਾਂ ਨੂੰ ਹੁਸ਼ਿਆਰ ਰਹਿਣ ਲਈ ਕਿਹਾ ਸੀ। ਕੀ ਪਤਾ ਕਿਹੜੇ ਪਾਸਿਓਂ ਅਕਬਰ ਦੇ ਸਿਪਾਹੀ ਜਾਂ ਚੌਧਰੀਆਂ ਦੇ ਲੱਠਮਾਰ ਆ ਪੈਣ।

ਦੇਬੂ ਬ੍ਰਾਹਮਣ ਡਰਦਾ ਮਾਰਾ ਬਾਰ ਬਾਰ ਦੇਵੀ ਨੂੰ ਧਿਆ ਰਿਹਾ ਸੀ।

......................

ਦੁੱਲਾ ਭੱਟੀ ਇਸ ਵੇਲੇ ਤਿਆਰ ਹੋ ਕੇ ਹਵੇਲੀ ਵਿਚੋਂ ਬਾਹਰ ਨਿਕਲਿਆ। ਸੋਨੇ ਦੇ ਬਟਨਾਂ ਵਾਲੀ ਗੋਡਿਆਂ ਤੱਕ ਲੰਮੀ ਕਮੀਜ਼। ਕਾਲੀ ਸੂਫ ਦਾ ਚਾਦਰਾ, ਮੁੜਵੀਆਂ ਨੋਕਾਂ



ਵਾਲੀ ਤਿੱਲੇ ਦੀ ਜੁੱਤੀ। ਸਿਰ ਉਪਰ ਮਾਵਾ ਲੱਗੀ ਤੋਤੇ ਰੰਗੀ ਪੱਗ ਦਾ ਖੜ੍ਹਾ ਸ਼ਮ੍ਹਲਾ ਤੇ ਕੁੰਢੀਆਂ ਮੁੱਛਾਂ।

ਸ਼ੱਲੇ ਦਾ ਛੋਟਾ ਭਰਾ ਹਵੇਲੀ ਦੇ ਪਿਛਲੇ ਦਰਵਾਜ਼ਿਓਂ ਘੋੜੀ ਕੱਢ ਲਿਆਇਆ ਸੀ। ਸਾਹਮਣਿਓਂ ਆਉਂਦਾ ਹਾਜੀ ਚਿਰਾਗ਼ਦੀਨ ਮੱਥੇ ਲੱਗਿਆ।

ਦੁੱਲੇ ਨੇ ਸਲਾਮ ਆਖੀ।

—ਮਾਸ਼ਾ ਅੱਲਾਹ ! ਅੱਜ ਤਾਂ ਬਰਖੁਰਦਾਰ, ਵਾਂਢੇ ਚੱਲਿਆ ਈ।'

—ਬਾਬਾ ਦੇਬੂ ਪੰਡਤ ਦੀ ਧੀ ਦਾ ਨਿਕਾਹ ਏ ਅੱਜ। ਜੰਜ ਢੁੱਕਣੀ ਏਂ ਖੂਹ 'ਤੇ। ਵੇਹਲਾ ਹੋਵੇਂ ਤਾਂ ਆ ਜਾਈ ਓਧਰ।'

—ਤੈਨੂੰ ਵੇਖ ਕੇ ਰੂਹ ਦਾ ਰੱਜ ਹੋ ਜਾਂਦਾ ਏ ਪੁੱਤਰ। ਲਾਹੌਰ ਦੇ ਬਾਦਸ਼ਾਹ ਦਾ ਕੀ ਰੋਹਬ ਹੋਣਾ, ਜਿਹੜਾ ਅਸਾਂ ਦੀ ਪਿੰਡੀ ਦੇ ਬਾਦਸ਼ਾਹ ਦਾ ਰੋਹਬ ਏ।.....ਮਾਸ਼ਾ ਅੱਲਾਹ।' ਚਿਰਾਗ਼ਦੀਨ ਦੇ ਮੂੰਹੋਂ ਫਿਰ ਨਿਕਲਿਆ।

—ਘੋੜੀ ਉਪਰ ਲਈ ਚੱਲਾਂ ਬਾਬਾ ?'

—ਨਹੀਂ ਬਰਖੁਰਦਾਰ। ਆਪਣਾ ਖ਼ਿਆਲ ਰੱਖਣਾ। ਚੌਧਰੀ ਬੜੇ ਖ਼ਫ਼ਾ ਨੀ। ਲਾਹੌਰ ਤੱਕ ਮੁਖਬਰੀਆਂ ਹੋਈਆਂ ਨੇ।' ਚਿਰਾਗ਼ਦੀਨ ਦੇ ਚਿਹਰੇ ਉਪਰ ਫ਼ਿਕਰ ਸੀ।

—ਬਾਬਾ, ਚੌਧਰੀਆਂ ਤਾਂ ਅਕਬਰ ਪਾਸੋਂ ਇਨਾਮ-ਸ਼ਨਾਮ ਲੈਣੇ ਹੁੰਦੇ ਨੇ.....।'

—ਇਨਾਮ ਕੋਈ ਵੱਡੀ ਸ਼ੈਅ ਨਹੀਂ ਹੁੰਦੀ ਦੁੱਲਿਆ। ਹਯਾਤੀ ਤੋਂ ਕੋਈ ਵੱਡਾ ਇਨਾਮ ਨਹੀਂ ਹੁੰਦਾ।'

—ਬਾਬਾ ਜਦ ਤੱਕ ਅੱਲਾਹ ਤੇ ਲੋਕ ਮੇਰੇ ਨਾਲ ਨੇ, ਮੈਨੂੰ ਰੱਤੀ ਫ਼ਿਕਰ ਨਹੀਂ। ਦੁੱਲੇ ਨੇ ਆਪਣਾ ਕੌਲ ਨਿਭਾਣਾ ਈ। ਪੰਡਤ ਦੀ ਬੇਟੀ ਨੂੰ ਧੀ ਆਖਿਆ ਏ ਤੇ ਹੁਣ ਉਹਦਾ ਨਿਕਾਹ ਕਰਕੇ ਮਜ਼ਹਬ ਦੇ ਬਾਬਲ ਦਾ ਫਰਜ਼ ਵੀ ਪੂਰਾ ਕਰ ਦੇਣਾ। ਅੱਗੇ ਜੋ ਹੋਣਾ ਅੱਲਾਹ ਜਾਣਦਾ ਈ।' ਆਖ ਕੇ ਦੁੱਲਾ ਘੋੜੀ ਉਪਰ ਬਹਿ ਗਿਆ।

—ਜੀਵੇਂ ਪੁੱਤਰਾ ਜੀਵੇਂ।' ਮੀਆਂ ਚਿਰਾਗ਼ਦੀਨ ਨੇ ਉਪਰ ਵੱਲ ਹੱਥ ਕਰਕੇ ਦੁਆ ਮੰਗੀ।

ਦੁੱਲੇ ਨੇ ਘੋੜੀ ਨੂੰ ਅੱਡੀ ਲਾਈ।

ਉਸਦੀ ਪਿੱਠ ਨਿਹਾਰਦਾ ਮੀਆਂ ਚਿਰਾਗ਼ਦੀਨ ਕੁਝ ਦੇਰ ਖੜ੍ਹਾ ਰਿਹਾ। ਆਪਣੇ ਮਨ ਨਾਲ ਗੱਲਾਂ ਕਰਨ ਲੱਗਾ-'ਮੈਨੂੰ ਇਲਮ ਏ ਪੁੱਤਰ, ਤੇਰੀ ਹਯਾਤੀ ਬਹੁਤੀ ਲੰਮੀ ਨਹੀਂ ਹੋਣੀ। ਬਾਦਸ਼ਾਹੀਆਂ ਨੂੰ ਕਿਥੇ ਸੁਖਾਦੀਆਂ ਨੇ ਐਸੀਆਂ ਗੱਲਾਂ।......ਉਸਨੇ ਅੱਖਾਂ ਦੀ ਨਮੀ ਸਾਫ਼ ਕੀਤੀ ਤੇ ਤਸਬੀ ਫੇਰਦਾ ਅੱਗੇ ਤੁਰ ਪਿਆ।

****

ਜੰਞ ਵੇਲੇ ਨਾਲ ਈ ਆ ਗਈ, ਜਿਵੇਂ ਉਹਨਾਂ ਨੂੰ ਵੀ ਕੋਈ ਡਰ ਹੋਵੇ।

ਸ਼ਾਦੀ ਦੀਆਂ ਰਸਮਾਂ ਹੋਣ ਲੱਗੀਆਂ।

ਦੁੱਲੇ ਨੇ ਡੇਢ ਸੌ ਦੇ ਕਰੀਬ ਆਪਣੇ ਬੰਦਿਆਂ ਨੂੰ ਇਸ ਤਰ੍ਹਾਂ ਓਹਲੇ ਵਿਚ ਤਿਆਰ ਰਹਿਣ ਲਈ ਕਿਹਾ ਸੀ ਜੇ ਅਕਬਰ ਦੇ ਸਿਪਾਹੀ ਹਮਲਾ ਕਰਨ ਤਾਂ ਉਨਾਂ ਨੂੰ ਪਿਛੋਂ ਦੀ ਘੇਰਾ ਪਾ ਲਿਆ ਜਾਵੇ। ਝਿੜੀ ਅੰਦਰ ਵੀ ਬੰਦੇ ਲਗਾਤਾਰ ਗਸ਼ਤ ਉੱਪਰ ਸਨ।

ਉਹੀ ਗੱਲ ਹੋਈ। ਰਸਮਾਂ ਅਜੇ ਪੂਰੀਆਂ ਨਹੀਂ ਸਨ ਹੋਈਆਂ। ਚੌਧਰੀਆਂ ਦੇ ਲਠੈਤਾਂ ਝਿੜੀ ਨੂੰ ਘੇਰ ਲਿਆ।

ਸਦੀਕ ਰਾਹੀਂ ਗੱਲ ਦੁੱਲੇ ਤੱਕ ਪੁੱਜੀ। ਸਾਰੇ ਸਾਵਧਾਨ ਹੋ ਗਏ। ਕੁਝ ਬੰਦੇ ਮੰਡਪ ਦੀ ਹਿਫ਼ਾਜਤ ਲਈ ਛੱਡ ਕੇ ਸਾਰਿਆਂ ਨੇ ਸੋਚੀ ਵਿਉਂਤ ਅਨੁਸਾਰ ਮੋਰਚੇ ਮੱਲ ਲਏ।

ਝੜਪ ਤਾਂ ਹੋਈ। ਡਾਂਗਾ ਵੀ ਚੱਲੀਆਂ। ਲਠੈਤ ਸਮਝ ਗਏ, ਅਸੀਂ ਥੋੜੇ ਆਂ ਤੇ ਅੱਗੋਂ-ਪਿੱਛੋਂ ਮਾਰ ਹੇਠ ਹਾਂ। ਭੱਜਣ ਏਹਨਾਂ ਦੇਣਾ ਨਹੀਂ, ਹਥਿਆਰ ਸੁੱਟਣ 'ਚ ਭਲਾਈ ਏ। ਉਹ ਹੈਰਾਨ ਸਨ, ਦੁੱਲੇ ਦੇ ਬੰਦੇ ਕਿਸ ਤਰ੍ਹਾਂ ਦੇ ਨੇ, ਇਹ ਤਾਂ ਅੰਨ੍ਹੇ ਬੋਲੇ ਸਾਂਢ ਵਾਂਗ ਸਿੱਧੀ ਟੱਕਰ ਮਾਰਨ ਆਉਂਦੇ ਨੇ। ਮਰਣ ਤੋਂ ਡਰਦੇ ਈ ਨਹੀਂ ਏਹ ਤਾਂ......।

ਦੁੱਲੇ ਅੱਗੇ ਉਹਨਾਂ ਹਥਿਆਰ ਸੁੱਟ ਦਿੱਤੇ।

—ਪਿਰਥਿਆ ਇਹਨਾਂ ਦੇ ਹੱਥ ਬੰਨ੍ਹ ਪਿੱਛੇ ਕਰਕੇ ਤੇ ਚੌਧਰੀਆਂ ਵਾਲੇ ਪਾਸੇ ਮਸੀਤ ਦੇ ਬਾਹਰ ਲੈ ਚੱਲ। ਚੌਧਰੀ ਵੀ ਵੇਖ ਲੈਣ। ਫੱਤੂ ਕਿਥੇ ਈ, ਉਹਨੂੰ ਆਖ ਪੀਪਾ ਖੜਕਾ ਓਧਰ ਜਾਕੇ, ਅਸੀਂ ਧੀ ਤੋਰ ਕੇ ਆਏ।'

* * * *

ਮਸੀਤ ਦੇ ਅੱਗੇ ਚੁਗਾਨ ਵਿਚ ਪਿੰਡੀ ਦੇ ਲੋਕਾਂ ਦਾ ਹਜੂਮ ਇਕੱਠਾ ਹੋ ਗਿਆ। ਜਾਤਾਂ ਗੋਤਾਂ ਦੀ ਪਰਵਾਹ ਕਰੇ ਬਿਨਾਂ ਸਾਰੀ ਪਿੰਡੀ ਹੀ ਘਰੋਂ ਨਿਕਲ ਆਈ ਸੀ। ਔਰਤਾਂ ਕੁੜੀਆਂ ਲਾਗੇ ਘਰਾਂ ਦੀਆਂ ਛੱਤਾਂ ਉਪਰ ਜਾ ਚੜ੍ਹੀਆਂ। ਹੈਰਾਨ ਹੋਏ ਤਮਾਸ਼ਬੀਨਾਂ ਦਾ ਰੌਲਾ ਧੂੜ ਵਾਂਗ ਉੱਪਰ ਉਠ ਰਿਹਾ ਸੀ। ਪਰ ਸਾਰੇ ਚੌਧਰੀ ਸਾਹ ਰੋਕੀ ਬੈਠੇ ਸਨ।

ਏਨੇ ਵਿਚ ਦੁੱਲਾ ਅਤੇ ਉਸਦੇ ਸਾਥੀ ਆ ਪੁੱਜੇ।

ਸੱਥ ਵਿਚ ਸਨਾਟਾ ਛਾ ਗਿਆ।

ਥੜ੍ਹੇ ਉਪਰ ਬੈਠੇ ਚੌਧਰੀਆਂ ਦੇ ਹੁੱਕੇ ਦੀ ਗੁੜਗੁੜ ਵੀ ਬੰਦ ਹੋ ਗਈ।

ਸਭ ਨੂੰ ਦੁੱਲੇ ਭੱਟੀ ਦੀ ਬੁਲੰਦ ਆਵਾਜ਼ ਸੁਣੀ:—'ਪਿੰਡੀ ਵਾਲਿਓ ਇਹਨਾਂ ਪਾਹਰੂਆਂ ਇਕ ਗਰੀਬ ਬ੍ਰਾਹਮਣ ਦੀ ਧੀ ਦੇ ਨਿਕਾਹ ਵਿਚ ਅੜਿਕਾ ਪਾਇਆ ਸੀ। ਅਸਾਂ ਫੈਸਲਾ ਕੀਤਾ ਏ, ਇਹਨਾਂ ਦੇ ਸੌ ਸੌ ਛਿੱਤਰ ਲਾਏ ਜਾਣ ਤੇ ਮੂੰਹ ਕਾਲਾ ਕਰਕੇ ਜਿਧਰੋਂ ਆਏ ਨੇ ਓਧਰ ਤੋਰ ਦਿੱਤੇ ਜਾਣ। ਜੇ ਕਿਸੇ ਨੂੰ ਇਤਰਾਜ਼ ਈ ਤਾਂ ਬੋਲੇ।'

ਸਾਰਾ ਰੌਲਾ ਸ਼ਾਂਤ ਸੀ। ਦੁੱਲਾ ਥੜ੍ਹੇ ਉਪਰ ਮਜਲਿਸ ਲਾਈ ਬੈਠੇ ਚੌਧਰੀਆਂ ਵੱਲ ਝਾਕਿਆ। ਕੋਈ ਕੁਝ ਨਾ ਬੋਲਿਆ। ਬਾਹਰੋਂ ਆਏ ਲੱਠਮਾਰਾਂ ਵਿਚੋਂ ਇਕ ਨੇ ਕਿਹਾ—'ਸਾਨੂੰ ਮਾਫ ਕਰ ਦੇ ਭਰਾਵਾ ਅਸੀਂ ਤੇਰੇ ਕਸੂਰਵਾਰ ਆਂ।'

—ਉਹ ਵੇਲਾ ਖੁੰਝਾ ਦਿੱਤਾ ਈ ਜਣਿਓਂ। ਹੁਣ ਸੌ ਛਿੱਤਰ ਖਾਣੇ ਪੈਣੇ ਨੀ ਤੇ ਗਿਣਤੀ ਵੀ ਤੁਸਾਂ ਆਪੂੰ ਕਰਨੀ ਏਂ।'

—ਗਿਣਤੀ ਗ਼ਲਤ ਹੋ ਗਈ ਤਾਂ.....।' ਫੁੱਤੂ ਪੂਰਾ ਲਾਚੜਿਆ ਹੋਇਆ ਸੀ।

—ਗ਼ਲਤ ਕਰਨਗੇ ਤਾਂ ਇਕ ਤੋਂ ਫੇਰ ਸ਼ੁਰੂ ਕਰ ਲੈਣਾ।'

ਭੀੜ ਹੱਸਣ ਲੱਗੀ। ਲੱਠਮਾਰਾਂ ਧੌਣਾਂ ਨੀਵੀਆਂ ਕਰ ਲਈਆਂ। ਚੌਧਰੀਆਂ ਦੇ ਪੈਰਾਂ ਹੇਠ ਅੱਗ ਬਲਣ ਲੱਗੀ।

ਛਿੱਤਰ ਪੈਣ ਲੱਗੇ। ਜਦੋਂ ਗਿਣਤੀ ਪੂਰੀ ਹੋ ਜਾਂਦੀ ਤਾਂ ਉਸਦਾ ਮੂੰਹ ਕਾਲਾ ਕਰਕੇ ਛੱਡ ਦਿੱਤਾ ਜਾਂਦਾ।



—ਮੇਰੇ ਇਕ ਛਿੱਤਰ ਹੋਰ ਮਾਰੋ।' ਇਕ ਲਠੈਤ ਨੇ ਮਿੰਨਤ ਕੀਤੀ।

—ਹੋਰ ਨਹੀਓਂ ਮਾਰਨਾ, ਇਹ ਦੁੱਲੇ ਦੀ ਕਚਿਹਰੀ ਏ, ਤੇਰੇ ਬਾਦਸ਼ਾਹ ਦਾ ਦਰਬਾਰ ਨਹੀਂ।' ਦੁੱਲੇ ਆਖਿਆ।

—ਖ਼ੁਦਾ ਦੇ ਵਾਸਤੇ, ਇਕ ਛਿੱਤਰ ਹੋਰ ਮਾਰੋ।' ਲਠੈਤ ਨੇ ਤਰਲਾ ਲਿਆ। ਪਿੰਡ ਦੇ ਲੋਕ ਅਤੇ ਚੌਧਰੀ ਬੜੇ ਹੈਰਾਨ ਹੋਏ।

ਦੁੱਲੇ ਦੇ ਇਸ਼ਾਰੇ 'ਤੇ ਇਕ ਛਿੱਤਰ ਹੋਰ ਮਾਰ ਦਿੱਤਾ ਗਿਆ।

ਜਦੋਂ ਉਸਨੂੰ ਛੱਡਿਆ ਗਿਆ ਤਾਂ ਉਸਦੇ ਸਾਥੀ ਨੇ ਪੁੱਛਿਆ—'ਇਕ ਛਿੱਤਰ ਵਾਧੂ ਕਿਉਂ ਖਾਧਾ ?'

—ਗ਼ਲਤੀ ਲੱਗ ਗਈ ਸੀ, ਗਿਣਤੀ ਵਿਚ ਇਕ ਛਿੱਤਰ ਘੱਟ ਸੀ। ਮੈਂ ਡਰ ਗਿਆ ਜੇ ਕੋਈ ਹੋਰ ਗਿਣਦਾ ਹੋਇਆ, ਤਾਂ ਸੌ ਹੋਰ ਖਾਣੇ ਪੈਣੇ ਸੀ। ਸੌ ਹੋਰ ਖਾਣ ਨਾਲੋਂ ਇਕ ਵਾਧੂ ਚੰਗਾ।'

ਜਦੋਂ ਭੀੜ ਖਿੰਡਣ ਲੱਗੀ, ਦੁੱਲਾ ਘੋੜੀ ਚੜ੍ਹ ਬੈਠਾ ਤਾਂ ਚੌਧਰੀਆਂ ਵਿਚੋਂ ਕੋਈ ਬੋਲਿਆ;

—ਖ਼ੁਦ ਨੂੰ ਏਡਾ ਈ ਗ਼ੈਰਤਮੰਦ ਤੇ ਜੁਅਰਤ ਮੰਦ ਸਮਝਦਾ ਏ ਤਾਂ ਜਾਕੇ ਬਾਦਸ਼ਾਹ ਨਾਲ ਟੱਕਰ ਲਵੇ। ਏਥੇ ਦੋ ਚਾਰ ਬੰਦਿਆਂ ਉਪਰ ਰੋਹਬ ਦਿਖਾਕੇ.......।'

—ਕੌਣ ਆਪਣੀ ਮੌਤ ਨੂੰ ਹਾਕਾਂ ਮਾਰਦਾ ਈ ? ਜ਼ਰਾ ਸੂਰਤ ਤਾਂ ਵਿਖਾ ਆਪਣੀ।'

ਦੁੱਲੇ ਨੇ ਖੜ੍ਹੇ ਪੈਰਾਂ 'ਤੇ ਹੀ ਘੋੜੀ ਮੋੜ ਲਈ।

—ਮੈਂ ਆਖਨਾ ਪਿਆਂ।' ਥੜ੍ਹੇ ਉਪਰੋਂ ਉੱਠਕੇ ਜਲਾਲਦੀਨ ਰਤਾ ਅੱਗੇ ਆਇਆ।

—ਚਾਚਾ ਤੂੰ ਏਂ ?' ਦੁੱਲੇ ਦੇ ਚਿਹਰੇ ਉਪਰ ਵਿਅੰਗ ਸੀ।

—ਹਾਂ ਮੈਂ ਵਾਂ। ਮੱਥਾ ਲਾਣਾ ਈ ਤਾਂ ਤਖ਼ਤ ਨਾਲ ਲਾ, ਫੇਰ ਵੇਖਨੇ ਆਂ ਤੇਰੀ ਰਾਜਪੂਤੀ ਧੌਂਸ ਦੀ ਹਵਾ ਕਿਵੇਂ ਸਰਕਦੀ ਏ।' ਜਲਾਲਦੀਨ ਈਰਖਾ ਨਾਲ ਬੋਲਿਆ।

—ਤਖ਼ਤ ਨਾਲ ਮੱਥਾ ਲਾਵਣ ਖ਼ਾਤਰ ਤਾਂ ਇਹ ਵਾਰਦਾਤਾਂ ਕਰਨਾ ਪਿਆਂ। ਦਿੱਲੀ ਲਾਹੌਰ ਤੁਰਿਆ ਰਹਿਨਾਂ ਏਂ। ਜਾਹ ਆਖ ਆਪਣੇ ਬਾਦਸ਼ਾਹ ਨੂੰ ਜਾਕੇ, ਦੁੱਲਾ ਤੇ ਉਹਦੇ ਬੰਦੇ ਆਖਦੇ ਨੀ,.....ਇਕ ਵਾਰ ਸਾਹਮਣੇ ਤਾਂ ਆਵੇ। ਪਤਾ ਲੱਗ ਜਾਸੀ ਉਹਨੂੰ ਦੁੱਲਾ ਕੀ ਸ਼ੈਅ ਆ। ਏਥੇ ਬੋਹੜਾਂ ਥੱਲੇ ਬਹੀ ਕੇ ਗੱਲਾਂ ਕਰਨੀਆਂ ਸੁਖੱਲੀਆਂ ਨੀ ਚਾਚਾ। ਮੁਖ਼ਬਰੀਆਂ ਕਰਨ ਤਾਂ ਜਾਨਾ ਈ ਏ, ਹੋਰ ਵੀ ਚੌਧਰੀ ਜਾਂਦੇ ਨੇ, ਆਖ ਦਿਓ ਆਪਣੇ ਬਾਦਸ਼ਾਹ ਨੂੰ ਜਾਕੇ.....ਜਦੋਂ ਮਰਜ਼ੀ ਆ ਜਾਏ ਦੁੱਲਾ ਤਿਆਰ ਈ। ਦੁੱਲਾ ਹੁਣ ਮੌਤੋਂ ਨਹੀਂ ਡਰਨ ਵਾਲਾ।'

ਘੋੜੀ ਅੱਚਵੀ ਕਰਨ ਲੱਗੀ ਤਾਂ ਦੁੱਲਾ ਥਾਂ ਉਪਰ ਖੜ੍ਹਾ ਬੋਲਦਾ ਗੇੜਾ ਬੰਨ੍ਹੀ ਗਿਆ।

ਚੌਧਰੀ ਹੁੱਕਾ ਪੀਣਾ ਭੁੱਲ ਗਏ।

ਦੁੱਲਾ ਫੇਰ ਉਵੇਂ ਹੱਸਿਆ ਪਹਿਲਾਂ ਵਾਂਗ ਫਿਰ ਆਪਣੇ ਬੇਲੀਆਂ ਨਾਲ ਝਿੜੀ ਵਾਲੇ ਖੂਹ ਵੱਲ ਹਵਾ ਹੋ ਗਿਆ।

## 33.

ਸੰਨ 1589 ਦਾ ਫਰਵਰੀ ਮਹੀਨਾ

ਬਹਾਰ ਦਾ ਮੌਸਮ ਬਰੂਹਾਂ ’ਤੇ ਖੜ੍ਹਾ ਸੀ।

ਪਰ ਕਸ਼ਮੀਰ ਤੋਂ ਮੁੜੇ ਅਕਬਰ ਦੇ ਤੇਵਰ ਚੜ੍ਹੇ ਹੋਏ ਸਨ। ਪਿੰਡੀ ਤੋਂ ਆਪਣੇ ਘੋੜੇ ਅਤੇ ਹਥਿਆਰ ਖੁਹਾ ਕੇ ਆਏ ਸਿਪਾਹੀਆਂ ਦੀ ਇਤਲਾਹ ਉਸਨੂੰ ਮਿਲ ਚੁੱਕੀ ਸੀ। ਫਿਰ ਇਕ ਬ੍ਰਾਹਮਣ ਦੀ ਬੇਟੀ ਦਾ ਨਿਕਾਹ ਰੋਕਣ ਲਈ ਗਏ, ਰਾਠਾਂ ਅਤੇ ਚੌਧਰੀਆਂ ਦੇ ਲਠੈਤ, ਛਿੱਤਰ ਖਾਕੇ ਅਤੇ ਮੂੰਹ ਕਾਲੇ ਕਰਵਾਕੇ ਮੁੜੇ ਸਨ।

ਅਕਬਰ ਬੇਹੱਦ ਪਰੇਸ਼ਾਨ ਸੀ। ਸਾਂਦਲ ਬਾਰ ਦਾ ਇਹ ਬਾਗ਼ੀ ਰਾਜਪੂਤ ਆਖ਼ਰ ਚਾਹੁੰਦਾ ਕੀ ਏ ? ਇਹ ਬਾਗ਼ੀ ਟਕਰਾਓ ਦੀਆਂ ਮੁਸੱਲਸਲ ਵਾਰਦਾਤਾਂ ਕਰਕੇ ਮੇਰੀ ਹਸਤੀ ਦਾ ਮੌਜੂ ਬਣਾ ਰਿਹਾ ਏ ਜਾਂ ਉਸਨੂੰ ਏਨੀ ਸਮਝ ਹੀ ਨਹੀਂ, ਇਕ ਸ਼ਹਿਨਸ਼ਾਹ ਦੀ ਤਾਕਤ ਕੀ ਹੁੰਦੀ ਏ। ਅਸੀਂ ਤਾਂ ਅਜੇ ਤੱਕ ਉਸਨੂੰ ਇਕ ਧਾੜਵੀ ਔਰ ਗੰਵਾਰ ਹੀ ਸਮਝਦੇ ਰਹੇ। ਪਰ ਉਹ ਤਾਂ ਮੇਰੀ ਸੱਤਾ ਉੱਪਰ ਲਗਾਤਾਰ ਵਾਰ ਕਰੀ ਜਾ ਰਿਹਾ ਸੀ। ਮੇਰੇ ਸਿਪਾਹੀਆਂ ਦੀ, ਕਾਨੂੰਗੋ ਦੀ, ਪਟਵਾਰੀਆਂ ਦੀ, ਵਪਾਰੀਆਂ ਦੀ, ਚੌਧਰੀਆਂ ਦੀ ਤੌਹੀਨ ਵੀ ਕਰਦਾ ਏ ਤੇ ਜ਼ਲੀਲ ਵੀ ਕਰਦਾ ਏ।

ਇਹ ਦੁੱਲਾ ਅਸਾਂ ਲਈ ਮੁਸੀਬਤ ਤਾਂ ਨਹੀਂ ਬਣ ਰਿਹਾ ? ਸ਼ੇਖੂ ਲਾਹੌਰ ਲੈ ਆਇਆ ਸੀ, ਸਲਾਮ ਤਾਂ ਕੀ ਕਰਨੀ ਸੀ, ਪਹਿਲਾਂ ਜੁੱਤੀਆਂ ਵਿਖਾਈਆਂ। ਲਾਹੌਰ ਦੇ ਬਜ਼ਾਰਾਂ ਵਿਚ ਖਲਬਲੀ ਮਚਾ ਗਿਆ। ਹੁਣ ਤਾਂ ਉਹ ਤਮਾਮ ਹੱਦਾਂ ਪਾਰ ਕਰਦਾ ਜਾ ਰਿਹਾ ਏ। ਅਸੀਂ ਤਾਂ ਸੋਚਦੇ ਸਾਂ, ਕਮਜ਼ੋਰ ਬੰਦੇ ਨੂੰ ਹੱਲਾਸ਼ੇਰੀ ਦਿੰਦੇ ਜਾਓ, ਬਹੁਤੀ ਵੇਰ ਉਹ ਆਪਣੀ ਮੌਤ ਆਪ ਹੀ ਮਰ ਜਾਂਦਾ ਹੈ। ਪਰ ਇਹ ਤਾਂ ਰੱਸੀ ਤੋਂ ਸੱਪ ਬਣਦਾ ਜਾ ਰਿਹਾ ਹੈ। ਇਸਦਾ ਇਲਾਜ ਤਾਂ ਕਰਨਾ ਹੀ ਪਵੇਗਾ। ਖ਼ੁਦ ਜਾਵਾਂ....... ? ਪਰ ਮੇਰੇ ਏਨੇ ਮਨਸਬਦਾਰ, ਫੌਜਦਾਰ, ਸਿਪਾਹੀ ਕੀ ਸੋਚਣਗੇ, ਹਿੰਦ ਦਾ ਸ਼ਹਿਨਸ਼ਾਹ ਸਾਡੀ ਬਹਾਦਰੀ ਉਪਰ ਯਕੀਨ ਨਹੀਂ ਕਰਦਾ ? ਉਂਜ ਵੀ ਇਹ ਹਿੰਦ ਦੇ ਸ਼ਹਿਨਸ਼ਾਹ ਦੀ ਸ਼ਾਨ ਦੇ ਖ਼ਿਲਾਫ਼ ਹੈ। ਇਕ ਬਾਦਸ਼ਾਹ ਹੀ ਦੂਸਰੇ ਬਾਦਸ਼ਾਹ ਨੂੰ ਵੰਗਾਰ ਸਕਦਾ ਹੈ। ਅਸੀਂ ਤਾਂ ਸੁਣਿਆ ਹੈ, ਉਹ ਆਖਦਾ ਫਿਰਦਾ, ਹੋਏਗਾ ਕੋਈ ਹਿੰਦ ਦਾ ਬਾਦਸ਼ਾਹ, ਮੈਂ ਸਾਂਦਲਬਾਰ ਦਾ ਬਾਦਸ਼ਾਹ ਹਾਂ। ਨਿਜਾਮਦੀਨ ਨੂੰ ਲਾਹੌਰ ਪਰਤ ਆਵਣ ਦੇਂਦੇ ਹਾਂ, ਫਿਰ ਵੇਖਦੇ ਹਾਂ। ਨਿਜ਼ਾਮਦੀਨ ਲਾਹੌਰ ਦੇ ਰਾਹ ਵਿਚ ਹੀ ਹੈ। ਗਜ਼ਨੀ ਉੱਪਰ ਜਿੱਤ ਹਾਸਲ ਹੋ ਗਈ ਹੈ। ਅੱਜ ਤਾਂ ਸੂਬੇ ਲਾਹੌਰ ਵਿਚ ਜਸ਼ਨ ਮਨਾਉਣ ਦਾ ਮੌਕਾ ਸੀ।.....ਪਰ......।

ਦਰਬਾਰੀ ਸ਼ਹਿਨਸ਼ਾਹ ਦੀ ਚਿੰਤਾ ਨੂੰ ਸਮਝਦੇ ਸਨ। ਸ਼ਹਿਨਸ਼ਾਹ ਦੇ ਮਨ ਅੰਦਰ ਚਲਦੇ ਤਣਾਓ ਨੂੰ ਮਹਿਸੂਸ ਕਰਦੇ ਸਨ। ਅਕਬਰ ਦੇ ਨਿਜ਼ਾਮ ਦਾ ਰੋਜ਼ਨਾਮਚਾ ਲਿਖਣ ਵਾਲਾ ਬਦਾਯੂਨੀ ਤਾਂ ਬਾਦਸ਼ਾਹ ਨਾਲੋਂ ਵੀ ਵਧੇਰੇ ਚਿੰਤਤ ਸੀ। ਉਸਨੂੰ ਸ਼ੱਕ ਸੀ, ਐਸੀ ਹਾਲਤ ਵਿਚ ਸ਼ਹਿਨਸ਼ਾਹ ਕਦੇ ਵੀ ਪਿੰਡੀ ਉੱਪਰ ਫੌਜਾਂ ਚਾੜ੍ਹਨ ਦਾ ਹੁਕਮ ਦੇ ਸਕਦਾ ਸੀ।



ਬਾਦਸ਼ਾਹ ਲਈ ਤਾਂ ਹੋਰ ਵੀ ਵੱਡੀਆਂ ਚਣੌਤੀਆਂ ਅਤੇ ਮੁਸੀਬਤਾਂ ਨੇ। ਬੰਗਾਲ ਵਲੋਂ ਬਗ਼ਾਵਤ ਉਠ ਰਹੀ ਸੀ। ਰਾਣਾ ਪ੍ਰਤਾਪ ਦੀਆਂ ਨਿਜ਼ਾਮ ਵਿਰੋਧੀ ਹਰਕਤਾਂ ਸ਼ਹਿਨਸ਼ਾਹ ਨੂੰ ਸੁੱਖ ਦੀ ਨੀਂਦਰ ਸੌਣ ਨਹੀਂ ਸਨ ਦਿੰਦੀਆਂ। ਦੱਖਣ ਵਲੋਂ ਬਗਾਵਤਾਂ ਦੀਆਂ ਖ਼ਬਰਾਂ ਆ ਰਹੀਆਂ ਸਨ। ਗਿੱਠ ਭਰ ’ਚ ਫੈਲੀ ਸਾਂਦਲ ਬਾਰ ਤਾਂ ਇਕ ਹੱਲੇ ਦੀ ਮਾਰ ਏ। ਸ਼ਹਿਨਸ਼ਾਹ ਦੀਆਂ ਫੌਜਾਂ ਤਾਂ ਦੋ ਘੜੀਆਂ ਵਿਚ ਉਸਨੂੰ ਨੇਸਤੋ-ਨਾਬੂਦ ਕਰ ਸਕਦੀਆਂ ਨੇ। ਪਿੰਡੀ ਦਾ ਤਾਂ ਨਾਮੋ ਨਿਸ਼ਾਨ ਨਹੀਂ ਲੱਭਣਾ ਕਿਧਰੇ।.......

ਇਹਨਾਂ ਸੋਚਾਂ ਵਿਚ ਘਿਰਿਆ ਬਦਾਯੂਨੀ ਆਪਣਾ ਮੱਥਾ ਫੜੀ ਬੈਠਾ ਸੀ। ਜਦੋਂ ਇਕ ਪਹਿਰੇਦਾਰ ਨੇ ਆਕੇ ਕਿਹਾ;

—ਸ਼ਹਿਨਸ਼ਾਹ, ਜਨਾਬ ਨੂੰ ਯਾਦ ਕਰਦੇ ਨੇ।’

ਉਦਾਸ ਜਿਹਾ ਬਦਾਯੂਨੀ ਉੱਠ ਕੇ, ਪਹਿਰੇਦਾਰ ਦੇ ਨਾਲ ਹੀ ਤੁਰ ਪਿਆ।

****

—ਨਿਜ਼ਾਮੁਦੀਨ ਦੇ ਕਦ ਤੱਕ ਲਾਹੌਰ ਪੁੱਜਣ ਦੀ ਖ਼ਬਰ ਹੈ ?’ ਅਕਬਰ ਨੇ ਬਦਾਯੂਨੀ ਨੂੰ ਆਉਂਦਾ ਵੇਖਦਿਆਂ ਹੀ ਪੁੱਛਿਆ।

—ਜਹਾਂ ਪਨਾਹ, ਖ਼ਬਰ ਆਈ ਏ, ਉਹ ਸੂਰਜ ਅਸਤ ਹੋਣ ਵੇਲੇ ਤੱਕ, ਨਹੀਂ ਤਾਂ ਹੱਦ ਫਜ਼ਰ ਤੱਕ ਏਥੇ ਪੁੱਜ ਜਾਵੇਗਾ।’ ਨੇੜੇ ਆਕੇ ਯਦਾਯੂਨੀ ਇਬਾਦਤ ਕਰਨ ਦੇ ਲਹਿਜੇ ਵਿਚ ਝੁੱਕ ਗਿਆ।

—ਇਕ ਖ਼ਬਰ ਹੋਰ ਹੈ......।’ ਆਖਦਾ ਆਖਦਾ ਅਕਬਰ ਚੁੱਪ ਹੋ ਗਿਆ।

—ਫ਼ੁਰਮਾਈਏ ਜਹਾਂ ਪਨਾਹ।’

—ਦੁੱਲੇ ਬਾਗ਼ੀ ਨੇ ਏਸ ਵਾਰ ਫਿਰ.....।’ ਅਕਬਰ ਬਦਾਯੂਨੀ ਦੀਆਂ ਅੱਖਾਂ ਵਿਚ ਝਾਕਿਆ।

—ਬੁਰੀ ਖ਼ਬਰ ਏ ਹਜ਼ੂਰ। ਸਾਡੇ ਸਿਪਾਹੀ ਫਿਰ ਖ਼ਾਲੀ ਹੱਥ ਪਰਤੇ ਨੇ।’

—ਇਹਤਿਆਤ ਰਹੇ, ਰੋਜ਼ਨਾਮਚੇ ਵਿਚ ਬਾਰ ਦੀ ਕੋਈ ਵਾਰਦਾਤ ਔਰ ਤਖ਼ਤ ਵਲੋਂ ਕੀਤੀ ਕਿਸੇ ਵੀ ਕਾਰਵਾਈ ਦਾ ਜ਼ਿਕਰ ਨਹੀਂ ਆਉਣਾ ਚਾਹੀਦਾ।’ ਸ਼ਹਿਨਸ਼ਾਹ ਨੇ ਹਦਾਇਤ ਕੀਤੀ।

—ਇਸ ਤਰ੍ਹਾਂ ਹੀ ਹੋ ਰਿਹਾ ਹੈ ਹਜ਼ੂਰ।’ ਬਦਾਯੂਨੀ ਸਿਰ ਝੁਕਾਇਆ।

—ਕਿਸੇ ਵੀ ਸਰਕਾਰੀ ਫਰਿਸਤ ਵਿਚ ਦੁੱਲਾ ਭੱਟੀ ਔਰ ਉਹਦੇ ਵਾਲਦਾਂ ਦਾ ਜ਼ਿਕਰ ਨਹੀਂ ਆਵੇਗਾ।

—ਬਿਲਕੁਲ ਨਹੀਂ ਆਵੇਗਾ ਜਹਾਂ ਪਨਾਹ। ਏਸ ਗੱਲ ਦਾ ਪੂਰਾ ਖ਼ਿਆਲ ਰੱਖਿਆ ਜਾ ਰਿਹਾ ਏ।’

—ਮੁਗਲ ਨਿਜ਼ਾਮ ਅੰਦਰ ਅਜਿਹੀਆਂ ਲੋਕ-ਬਗ਼ਾਵਤਾਂ ਨੂੰ ਕੋਈ ਖਾਸ ਅਹਿਮੀਅਤ ਨਹੀਂ ਦਿੱਤੀ ਜਾ ਸਕਦੀ।’ ਅਕਬਰ ਨੇ ਫਿਰ ਹਦਾਇਤ ਦੇਣ ਵਾਂਗ ਕਿਹਾ।

—ਆਪ ਦਰੁਸਤ ਫਰਮਾ ਰਹੇ ਹੈਂ ਜਹਾਂਪਨਾਹ।’

ਤਮਾਮ ਦਰਬਾਰੀਆਂ, ਮਨਸਬਦਾਰਾਂ, ਸਿਪਾਹਾਸਲਾਰਾਂ ਔਰ ਸੂਬੇਦਾਰ ਨੂੰ ਇਤਲਾਹ ਕੀਤੀ ਜਾਵੇ, ਕੱਲ੍ਹ ਦਰਬਾਰ ਵਿਚ ਹਾਜ਼ਰ ਰਹਿਣ।’ ਅਕਬਰ ਨੇ ਹੁਕਮ ਦਿੱਤਾ।

—ਕੋਈ ਖ਼ਾਸ ਐਲਾਨ ਹੋਣਾ ਹੈ ਹਜ਼ੂਰ ?' ਬਦਾਯੂਨੀ ਨੇ ਝਿਜਕਦਿਆਂ ਪੁੱਛਿਆ।

—ਕੱਲ੍ਹ ਇਲਮ ਹੋ ਜਾਏਗਾ।' ਆਖ ਕੇ ਅਕਬਰ ਆਪਣੀ ਆਰਾਮਗਾਹ ਵੱਲ ਤੁਰ ਪਿਆ।

ਕਿਲ੍ਹੇ ਅੰਦਰ ਪਹਿਰਾ ਹੋਰ ਵੀ ਸਖ਼ਤ ਕਰ ਦਿੱਤਾ ਗਿਆ।

* * * *

ਰਾਤ ਵੇਲੇ ਅਕਬਰ ਕੁਝ ਵਧੇਰੇ ਹੀ ਪ੍ਰੇਸ਼ਾਨ ਸੀ। ਨੀਂਦ ਨਹੀਂ ਸੀ ਆ ਰਹੀ। ਸ਼ਰਾਬ ਦੇ ਪਿਆਲੇ ਵੀ ਕੋਈ ਅਸਰ ਨਹੀਂ ਸਨ ਵਿਖਾ ਰਹੇ। ਅਰਾਮਗਾਹ ਦੇ ਹਰ ਕੋਨੇ ਵਿਚ ਦੁੱਲੇ ਦਾ ਭੂਤ ਦਿੱਸਦਾ ਸੀ। ਉਹ ਸੋਚ ਰਿਹਾ ਸੀ, ਸ਼ਹਿਨਸ਼ਾਹੀਆਂ ਕੋਈ ਥਾਲ ਵਿਚ ਪਰੋਸ ਕੇ ਨਹੀਂ ਪੇਸ਼ ਕਰਦਾ। ਕਿੰਨੇ ਗਰਦਿਸ਼ ਦੇ ਦਿਨ ਵੇਖੇ ਸਨ ਅੱਬਾ ਹਮਾਯੂੰ ਨੇ।....ਸ਼ੇਰ ਸ਼ਾਹ ਸੂਰੀ ਤੋਂ ਹਾਰ ਖ਼ਾਕੇ ਸਿੰਧ—ਬਲੋਚਸਿਤਾਨ ਦੀਆਂ ਪਹਾੜੀਆਂ ਵਿਚ ਲੁੱਕ ਕੇ ਜਾਨ ਬਚਾਉਂਦਾ ਫਿਰਦਾ ਸੀ। ਬੈਰਮ ਖਾਂ ਦੱਸਿਆ ਕਰਦਾ ਸੀ। ਬਾਦਸ਼ਾਹ ਅੱਬਾ ਨੇ ਬਹੁਤ ਤਸੀਹੇ ਝੱਲੇ ਸਨ। ਪਰ ਹੌਂਸਲਾ ਨਹੀਂ ਸੀ ਛੱਡਿਆ। ਪੜ੍ਹਨ ਦਾ ਬੜਾ ਸ਼ੌਕ ਸੀ, ਆਪਣਾ ਕਿਤਾਬ-ਖ਼ਾਨਾ ਬਣਾਇਆ ਹੋਇਆ ਸੀ। ਅੱਬਾ ਨੇ ਤਾਂ ਮੈਨੂੰ ਵੀ ਪੜ੍ਹਾਉਣ ਦੇ ਬੜੇ ਯਤਨ ਕੀਤੇ। ਉਸਤਾਦਾਂ ਦਾ ਪ੍ਰਬੰਧ ਕੀਤਾ। ਮੈਂ ਹੀ ਕਬੂਤਰ ਉਡਾਉਣ ਵਿਚ ਮਸਤ ਰਿਹਾ।..........

....ਅੱਬਾ ਹਮਾਯੂੰ ਨੂੰ ਯਾਦ ਕਰਦਿਆਂ ਅਕਬਰ ਜਜ਼ਬਾਤੀ ਹੋ ਗਿਆ। ਖ਼ੁਦਾ ਜੱਨਤ ਨਸੀਬ ਕਰੇ, ਕਾਸ਼ ਅੱਜ ਉਹ ਵੇਖਦੇ ਉਸਦਾ ਪੁਤਰ ਸ਼ਹਿਨਸ਼ਾਹ-ਏ-ਹਿੰਦ ਹੈ।....ਮੈਂ ਤਾਂ ਤੇਰਾਂ ਸਾਲਾਂ ਦੀ ਉਮਰ ਤੋਂ ਜੰਗਾਂ ਲੜਦਾ ਆਇਆ ਹਾਂ।......ਹੁਣ ਕੋਈ ਸਾਂਦਲ ਬਾਰ 'ਚੋਂ ਸਿਰ ਚੁੱਕ ਲੈਂਦਾ ਹੈ, ਕੋਈ ਕਾਬਲ ਤੋਂ, ਕੋਈ ਬੰਗਾਲ ਤੋਂ। ਉਹ ਏਹ ਨਹੀਂ ਸਮਝਦੇ, ਜਿਨ੍ਹਾਂ ਨੇ ਤਖ਼ਤ ਹਾਸਲ ਕਰਨ ਲਈ, ਆਪਣੇ ਲਹੂ ਦੀ ਵੀ ਪਰਵਾਹ ਨਹੀਂ ਕੀਤੀ, ਉਹ ਏਨੀ ਅਸਾਨੀ ਨਾਲ ਤਖ਼ਤ ਤੋਂ ਲਾਂਭੇ ਕਿਵੇਂ ਹੋ ਜਾਣਗੇ ? ਸੱਤਾ ਉਪਰ ਕਾਬਜ਼ ਹੋਣਾ ਜਿੰਨਾ ਔਖਾ ਹੈ, ਸੱਤਾ ਨੂੰ ਸੰਭਾਲਣਾ ਉਸ ਨਾਲੋਂ ਵੀ ਵਧੇਰੇ ਔਖਾ ਹੈ। ਨਿਜ਼ਾਮ ਦੀ ਖ਼ਾਤਰ ਤਾਂ ਅਸੀਂ ਬੈਰਮ ਖਾਂ ਜੈਸਾ ਹੀਰਾ ਸਖ਼ਸ਼ ਗੁਆ ਲਿਆ। ਉਸਦੀਆਂ ਮਿਹਰਬਾਨੀਆਂ, ਵਫਾਦਾਰੀਆਂ ਅਸੀਂ ਕਿਵੇਂ ਭੁੱਲ ਸਕਦੇ ਹਾਂ। ਤੇਰਾਂ ਸਾਲਾਂ ਦੀ ਉਮਰ ਦੇ ਬਾਦਸ਼ਾਹ ਨੂੰ ਸੰਭਾਲਣ ਵਾਲਾ ਬੈਰਮ ਖਾਂ ਹੀ ਸੀ। ਪਰ ਹਵਸ ਬੜੀ ਜ਼ਾਲਮ ਹੁੰਦੀ ਹੈ। ਇਹ ਕਿਸੇ ਨੂੰ ਖ਼ਿਮਾ ਨਹੀਂ ਕਰਦੀ। ਅਸੀਂ ਉਸਨੂੰ ਸਭ ਕੁਝ ਛੱਡ ਛਡਾ ਕੇ ਮੱਕੇ ਜਾਣ ਦਾ ਹੁਕਮ ਦਿੱਤਾ ਤੇ ਰਸਤੇ ਵਿਚ ਹੀ ਉਸਦਾ ਕਤਲ ਹੋ ਗਿਆ।.........

—ਅਸੀਂ ਤਾਂ ਆਪਣੀ ਦਾਈ ਦੇ ਪੁੱਤਰ ਨੂੰ ਨਹੀਂ ਬਖਸ਼ਿਆ। ਬਾਰ ਦਾ ਬਾਗ਼ੀ ਇਹ ਨਹੀਂ ਜਾਣਦਾ, ਬਾਦਸ਼ਾਹ ਜੇ ਤਖ਼ਤ ਉਪਰ ਬੈਠਣਾ ਜਾਣਦਾ ਹੈ ਤਾਂ ਉਹ ਲੜਨ ਵੀ ਜਾਣਦਾ ਹੈ।.......ਮੈਂ ਤਾਂ ਇਕ ਪਾਗਲ ਹੋਏ ਹਾਥੀ ਨੂੰ ਭਾਜੜ ਪਾ ਦਿੱਤੀ ਸੀ, ਇਹ ਦੁੱਲਾ ਕੀ ਸ਼ੈਅ ਏ। ਮੈਂ ਤਾਂ ਆਪ ਅੱਗੇ ਹੋਕੇ ਜੰਗਾਂ ਲੜਦਾ ਰਿਹਾਂ। ਸ਼ਾਇਦ ਮੇਰੀਆਂ ਰਗਾਂ ਵਿਚ ਤੈਮੂਰ ਦਾ ਲਹੂ ਹੀ ਮੈਨੂੰ ਜੰਗਾਂ ਲਈ ਉਕਸਾਉਂਦਾ ਰਹਿੰਦਾ ਹੈ।......ਦੁੱਲਾ ਜਾਣਦਾ ਨਹੀਂ, ਰਾਣਾ ਉਦੈ ਸਿੰਘ ਵਰਗੇ ਰਾਜਪੂਤ ਮੇਰਾ ਨਾਮ ਸੁਣਕੇ ਹੀ ਮੈਦਾਨ ਛੱਡ ਕੇ ਨੱਸ ਗਏ ਸਨ। ਅਕਬਰ ਲੜਨ ਹੀ ਨਹੀਂ ਜਾਣਦਾ, ਬਹਾਦਰੀਆਂ ਦਾ ਮੁੱਲ ਵੀ ਪਾਉਣ ਜਾਣਦਾ ਹੈ। ਜੈਮਲ ਔਰ ਫੱਤਾ ਅਗਰ ਬਹਾਦਰੀ ਨਾਲ ਲੜੇ ਸਨ ਤਾਂ ਅਸੀਂ ਉਹਨਾਂ ਦੇ ਬੁੱਤ ਬਣਾ ਕੇ ਦਿੱਲੀ ਲਗਵਾਏ।........



......ਤੇ ਦੱਸਦੇ ਨੇ ਦੁੱਲਾ ਭੱਟੀ ਵੀ ਰਾਜਪੂਤਾਂ ਦੀ ਨਸਲ ਵਿਚੋਂ ਹੈ। ਅਬੁਲ-ਫਜ਼ਲ ਨੇ ਦੱਸਿਆ ਸੀ......ਇਹ ਮਹਾਰਾਜ ਭਾਟੀ ਔਲਾਦ ਵਿਚੋਂ ਨੇ।......ਇਹ ਰਾਜਪੂਤੀ ਲਹੂ ਹੀ ਸ਼ਾਇਦ ਇਹਨਾਂ ਨੂੰ ਟਿੱਕਣ ਨਹੀਂ ਦਿੰਦਾ। ਇਹ ਦੁੱਲਾ ਕਿਧਰੇ ਲਾਹੌਰ ਤਖ਼ਤ ਉਪਰ ਕਾਬਜ਼ ਹੋਣ ਦੇ, ਖ਼ਵਾਬ ਤਾਂ ਨਹੀਂ ਵੇਖ ਰਿਹਾ ? ਤਖ਼ਤ ਹਾਸਲ ਕਰਨ ਲਈ ਜਾਨ ਤਲੀ ਉਪਰ ਰੱਖ ਕੇ ਜੰਗ-ਏ-ਮੈਦਾਨ ਵਿਚ ਆਉਣਾ ਪੈਂਦਾ ਹੈ। ਬਾਜ਼ੀ ਮਾਰ ਲਈ ਤਾਂ ਤਖ਼ਤ, ਬਾਜ਼ੀ ਹਾਰ ਗਈ ਤਾਂ ਤਖ਼ਤਾ।..........

......ਦੁੱਲਾ ਮੇਰੇ ਸ਼ਾਹੀ ਦਰਬਾਰ ਦਾ ਜਲੌਅ ਵੇਖ ਗਿਆ ਹੋਇਆ ਇਕ ਵਾਰ। ਹੀਰੇ ਮੋਤੀਆਂ ਜੜਿਆ ਸਿੰਘਾਸਨ। ਪਿੱਛੇ ਖੜ੍ਹੀਆਂ ਪੱਖੇ ਝਲਦੀਆਂ ਹੁਸੀਨ ਬਾਂਦੀਆਂ, ਜੀ ਹਜ਼ੂਰੀ ਵਿਚ ਝੁਕ ਝੁਕ ਸਲਾਮਾ ਕਰਦੇ ਦਰਬਾਰੀ, ਅਮੀਰ, ਵਜ਼ੀਰ। ਇਕ ਪਾਸੇ ਚੀਤੇ ਨੂੰ ਪਟੇ ਤੋਂ ਫੜੀ ਖੜ੍ਹਾ ਸਾਈਸ। ਕਿਲ੍ਹੇ ਦੇ ਵਿਹੜੇ ਵਿਚ ਸ਼ਿੰਗਾਰੇ ਖੜ੍ਹੇ ਹਾਥੀ ਤੇ ਜਦ ਅਸੀਂ ਗੋਡਿਆਂ ਤੱਕ ਲਮਕਦਾ ਬਾਲਾ-ਪੋਸ਼ ਪਹਿਨੀ ਤੇ ਹੀਰਿਆਂ ਜੜ੍ਹੀ ਪਗੜੀ ਸਿਰ ਉਪਰ ਰੱਖੀ ਸਿੰਘਾਸਨ ਵੱਲ ਆਉਂਦੇ ਹਾਂ......। ਦੁੱਲੇ ਨੇ ਮੇਰਾ ਇਹੀ ਰੂਪ ਵੇਖਿਆ ਸੀ ਤੇ ਹੁਣ ਆਪਣੇ ਆਪ ਨੂੰ ਸਾਂਦਲ ਬਾਰ ਦਾ ਬਾਦਸ਼ਾਹ ਆਖਦਾ ਹੈ, ਕੱਲ੍ਹ ਨੂੰ ਲਾਹੌਰ ਦਾ ਆਖੇਗਾ।......

........ਮੈਨੂੰ ਇਲਮ ਹੈ, ਸਾਰੇ ਦਰਬਾਰੀ ਔਰ ਹੋਰ ਅਹਿਲਕਾਰ ਮੇਰੇ ਅੱਗੇ ਦਿਲੋਂ ਨਹੀਂ ਝੁਕਦੇ ਹੋਣੇ, ਉਹਨਾਂ ਅੰਦਰ ਡਰ-ਭੈਅ ਲਾਜ਼ਮੀ ਹੋਵੇਗਾ। ਅਬੁਲ-ਫਜ਼ਲ ਤਾਂ ਆਖਦਾ ਹੈ, ਯਸੂਹੀਆਂ ਦੀ ਰਾਇ ਮੇਰੇ ਬਾਰੇ ਚੰਗੀ ਨਹੀਂ ਹੈ। ਉਹ ਸਮਝਦੇ ਨੇ, ਬਾਦਸ਼ਾਹ ਪਖੰਡੀ ਹੈ, ਚਤੁਰ ਹੈ, ਕਪਟੀ ਹੈ ਤੇ ਹੋਰ ਪਤਾ ਨਹੀਂ ਕੀ ਕੀ ਆਖਦੇ ਨੇ। ਇਹ ਗੱਲ ਏਸ ਸ਼ਰਤ ਉਪਰ ਦੱਸੀ ਗਈ ਸੀ ਕਿ ਅੱਗੇ ਨਸ਼ਰ ਨਹੀਂ ਹੋਵੇਗੀ ਤੇ ਯਸੂਹੀ ਚੌਕੰਨੇ ਹੋ ਜਾਣਗੇ। ਉਹ ਤਾਂ ਇਹ ਵੀ ਆਖਦੇ ਸਨ ਬਾਦਸ਼ਾਹ ਆਪਣੀ ਵਡਿਆਈ ਦਾ ਭੁੱਖਾ ਹੈ, ਭਲਾ ਆਪਣੀ ਵਡਿਆਈ ਦਾ ਭੁੱਖਾ ਕੌਣ ਨਹੀਂ ਹੁੰਦਾ ? ਯਸੂਹੀ ਤਾਂ ਏਹ ਵੀ ਆਖਦੇ ਨੇ ਅਕਬਰ ਵਿਚ ਗੁਆਂਢੀ ਰਾਜਾਂ ਨੂੰ ਹੜੱਪਣ ਦੀ ਲਾਲਸਾ ਹੈ। ਇਸ ਵਿਚ ਕੀ ਗ਼ਲਤ ਹੈ ? ਜੇ ਮੈਂ ਨਹੀਂ ਹਮਲਾਵਰ ਹੋਵਾਂਗਾ ਤਾਂ ਦੂਸਰੇ ਹਮਲਾ ਕਰ ਸਕਦੇ ਨੇ, ਅਸਾਂ ਨੂੰ ਬੰਦੀ ਬਣਾ ਸਕਦੇ ਨੇ। ਬਾਦਸ਼ਾਹ ਨੂੰ ਹਮੇਸ਼ਾਂ ਸਮੇਂ ਤੋਂ ਪਾਰ ਦੀ ਗੱਲ ਸੋਚਣੀ ਚਾਹੀਦੀ ਹੈ।........

......ਦੁੱਲਾ ਹੁਣ ਬੜੀਆਂ ਆਪ-ਹੁਦਰੀਆਂ ਕਰਨ ਲੱਗਾ ਹੋਇਆ ਹੈ। ਉਸਦੀ ਲਗਾਮ ਤਾਂ ਫੜਨੀ ਹੀ ਪਵੇਗੀ। ਅਸੀਂ ਸਮਝਦੇ ਹਾਂ, ਪਿੰਡੀ ਉੱਪਰ ਫੌਜ ਚਾੜ੍ਹਨ੍ਹਾ ਇਸ ਤਰ੍ਹਾਂ ਲਗਦਾ ਹੈ, ਜਿਵੇਂ ਇਕ ਹਾਥੀ ਚੂਹੇ ਨੂੰ ਮਾਰਨ ਚੱਲਿਆ ਹੋਵੇ। ਮੇਰੀ ਰਿਆਇਆ ਕੀ ਸੋਚੇਗੀ ? ਹਿੰਦ ਦੇ ਸ਼ਨਿਹਸ਼ਾਹ ਨੂੰ ਪਿੰਡੀ ਦੇ ਇਕ ਮਮੂਲੀ ਜਿਹੇ ਬਾਗ਼ੀ ਨੂੰ ਸੋਧਣ ਲਈ ਫੌਜ ਦੀ ਲੋੜ ਪੈ ਗਈ। ਪਰ ਜਦ ਚੂਹਾ ਧਰਤੀ ਵਿਚ ਏਨੀਆਂ ਖੁੱਡਾਂ ਬਣਾ ਦੇਵੇ, ਹਾਥੀਆਂ ਦੇ ਪੈਰ ਧੱਸਣ ਲੱਗ ਪੈਣ ਤਾਂ.......। ਕੀ ਅਸਾਂ ਨੂੰ ਪਿੰਡੀ ਇਕ ਵਾਰ ਫੇਰ ਉਜਾੜਨੀ ਪਵੇਗੀ ? ਬੀਤੇ ਵਕਤ ਨੂੰ ਪੁੱਠਾ ਗੇੜਾ ਦੇਣਾ ਪਵੇਗਾ ?.........

ਬੇਚੈਨੀ ਵਿਚ ਅਕਬਰ ਨੇ ਪਹਿਰੇਦਾਰ ਭੇਜ ਕੇ ਆਪਣੇ ਚਹੇਤੇ ਬੀਰਬਲ ਨੂੰ ਬੁਲਵਾ ਲਿਆ।

ਦਰਬਾਰੀ ਤਾਂ ਹੁਕਮ ਮਿਲਦਿਆਂ ਹੀ ਇਸ ਤਰ੍ਹਾਂ ਨੱਠ ਪੈਂਦੇ ਸਨ, ਜਿਵੇਂ ਏਧਰ ਆਉਣ ਲਈ ਤਿਆਰ ਹੀ ਬੈਠੇ ਹੋਣ।

ਬੀਰਬਲ ਨੇ ਆਉਂਦਿਆਂ ਹੀ ਝੁੱਕ ਕੇ ਸਲਾਮ ਆਖੀ ਤੇ ਪੁੱਛਿਆ—'ਹਜ਼ੂਰ ਅਜੇ ਜਾਗਦੇ ਪਏ ਨੇ, ਪਰੇਸ਼ਾਨੀ ਦੀ ਵਜਾਹ ਜਾਣ ਸਕਦਾ ਹਾਂ ?'

—ਏਧਰ ਰਿਆਸਤ ਵਿਚ ਕੀ ਹੋ ਰਿਹਾ ਹੈ, ਇਲਮ ਹੈ ਸਭ ਨੂੰ ?' ਬਾਦਸ਼ਾਹ ਨੇ ਆਪਣਾ ਮੱਥਾ ਸਹਿਲਾਉਂਦਿਆਂ ਪੁੱਛਿਆ।

ਬੀਰਬਲ ਨੂੰ ਬਾਦਸ਼ਾਹ ਦੇ ਸੰਕੇਤ ਦੀ ਸਮਝ ਨਾ ਆਈ। ਉਹ ਉਵੇਂ ਹੀ ਸੁਆਲੀਆਂ ਨਿਸ਼ਾਨ ਬਣਿਆ ਖੜ੍ਹਾ ਰਿਹਾ।

—ਏਧਰ ਸਾਂਦਲ ਬਾਰ ਹੈ ਇਕ, ਉਥੋਂ ਦਾ ਦੁੱਲਾ ਮੇਰੀ ਪੱਗ ਨੂੰ ਹੱਥ ਪਾਉਣ ਲੱਗਾ ਹੈ।'

—ਖਾਹ ਮਖਾਹ ਪਰੇਸ਼ਾਨ ਹੁੰਦੇ ਹੋ ਹਜ਼ੂਰ। ਮੁਗਲ ਹਕੂਮਤ ਦੇ ਸਾਹਮਣੇ ਇਹ ਦੁੱਲੇ ਸ਼ੁੱਲੇ ਕੀ ਚੀਜ਼ ਨੇ।'

—ਬੀਰਬਲ ਤੈਨੂੰ ਪਤਾ ਏ ਉਸਨੇ ਕਿੰਨੀਆਂ ਵਾਰਦਾਤਾਂ ਕੀਤੀਆਂ ਨੇ ? ਸਾਡੇ ਸਿਪਾਹੀ ਪਿੰਡੀ ਵੱਲ ਜਾਣੋ ਇੰਜ ਡਰਦੇ ਨੇ, ਜਿਵੇਂ ਰਾਹ ਵਿਚ ਦੁੱਲੇ ਦੇ ਬੰਦੇ ਨਹੀਂ ਬਘਿਆੜ ਬੈਠੇ ਹੋਣ।'

—ਜਹਾਂ ਪਨਾਹ, ਭੱਠੀ ਵਿਚੋਂ ਦਾਣਾ ਭੁੜਕੇਗਾ, ਭੱਠੀ ਤਾਂ ਨਹੀਂ ਢਾਹੁਣ ਲੱਗਾ।' ਬੀਰਬਲ ਅਜੇ ਵੀ ਸੰਜੀਦਾ ਨਹੀਂ ਲੱਗ ਰਿਹਾ ਸੀ।

—ਦਾਣਾ ਭੁੜਕ ਕੇ ਅੱਖ ਵਿਚ ਵੀ ਲੱਗ ਸਕਦਾ ਏ ਬੀਰਬਲ।' ਬਾਦਸ਼ਾਹ ਦਾ ਰੌਅ ਹਾਕਮਾਨਾ ਹੋ ਗਿਆ।

—ਕੀ ਚਾਹੁੰਦੇ ਹੋ, ਹੁਕਮ ਕਰੋ, ਤਾਮੀਲ ਹੋਵੇਗੀ।'

—ਕੱਲ ਦਰਬਾਰ ਵਿਚ ਪਾਨਾਂ ਦਾ ਬੀੜਾ ਔਰ ਤਲਵਾਰ ਮਿਆਨ ਵਿਚੋਂ ਬਾਹਰ ਕੱਢ ਕੇ ਰੱਖੀ ਜਾਵੇ।' ਅਕਬਰ ਨੇ ਫੁਰਮਾਇਆ।

—ਏਵੇਂ ਹੋਵੇਗਾ ਹਜ਼ੂਰ। ਗੁਸਤਾਖ਼ੀ ਮੁਆਫ਼ ਹਜ਼ੂਰ ਕਿਸ ਨੂੰ ਭੇਜਣਾ ਚਾਹੁੰਦੇ ਹੋ ?'

—ਕੱਲ੍ਹ ਦਰਬਾਰ ਵਿਚ ਪਤਾ ਚੱਲ ਜਾਵੇਗਾ।'

—ਠੀਕ ਏ ਹਜ਼ੂਰ। ਆਪ ਅਰਾਮ ਫਰਮਾਓ......।'

ਫਿਰ ਬੀਰਬਲ ਆਗਿਆ ਲੈ ਕੇ ਬਾਹਰ ਨਿਕਲ ਗਿਆ।

ਬਾਦਸ਼ਾਹ ਬੇਚੈਨੀ ਵਿਚ ਹੱਥਾਂ ਦੀ ਪਿੱਛੇ ਕਰਿੰਗੜੀ ਪਾਈ ਕਮਰੇ ਦੇ ਚੱਕਰ ਕੱਟਣ ਲੱਗਾ।



## 34.

ਪਿੰਡੀ ਵਿਚ ਆਏ ਦਿਨ ਨਵੀਆਂ ਅਫਵਾਹਾਂ ਫੈਲਣ ਲੱਗੀਆਂ।

ਘਰਾਂ ਵਿਚ, ਸੱਥਾਂ ਵਿਚ, ਪਰ੍ਹਿਆਂ ਵਿਚ, ਪਿੱਪਲਾਂ, ਬੋਹੜਾਂ ਹੇਠ ਬਣੇ ਥੜ੍ਹਿਆਂ ਉਪਰ ਮਸੀਤ ਦੇ ਅੰਦਰ, ਮਸੀਤ ਦੇ ਬਾਹਰ। ਚੌਧਰੀਆਂ ਦੀਆਂ ਹਵੇਲੀਆਂ ਅੰਦਰ ਬਾਜੀਗਰਾਂ, ਰਾਸਗੀਰਾਂ ਦੀਆਂ ਝੁੱਗੀਆਂ ਅੰਦਰ, ਅਫਵਾਹਾਂ ਦਾ ਡਰ ਤੇ ਡਰ ਦੀਆਂ ਅਫਵਾਹਾਂ ਵਾ-ਵਰੋਲਿਆਂ ਵਾਂਗ ਘੁੰਮਣ ਲੱਗ ਪਈਆਂ।

—ਬਾਦਸ਼ਾਹ ਖ਼ੁਦ ਪਿੰਡੀ ਵੱਲ ਆਂਦਾ ਪਿਆ ਈ।'

—ਫੌਜਾਂ ਵੀ ਪਿੰਡੀ ਵੱਲ ਚੜ੍ਹੀਆਂ ਆਉਂਦੀਆਂ ਨੇ।'

—ਅਕਬਰ ਬਾਦਸ਼ਾਹ ਦਾ ਪੁੱਤਰ ਦੁੱਲੇ ਨੂੰ ਪਕੜੀਣ ਆਉਂਦਾ ਪਿਆ ਏ।'

—ਦੁੱਲੇ ਦੇ ਸਿਰ ਦਾ ਇਨਾਮ ਐਲਾਨ ਹੋ ਗਿਆ ਈ।'

—ਦੁੱਲੇ ਨੂੰ ਪਕੜਣ ਵਾਲੇ ਨੂੰ ਜੰਗੀਰਾਂ ਬਖਸ਼ੀਆਂ ਜਾਣੀਆਂ ਨੇ।'

—ਬਾਦਸ਼ਾਹ ਦੇ ਸੈਨਾਪਤੀਆਂ ਵਿਚ ਦੁੱਲੇ ਨੂੰ ਪਕੜੀਣ ਦਾ ਮੁਕਾਬਲਾ ਹੁੰਦਾ ਪਿਆ ਏ।'

ਜਿਵੇਂ ਜਿਵੇਂ ਅਫਵਾਹਾਂ ਫੈਲ ਰਹੀਆਂ ਹਨ, ਚੌਧਰੀਆਂ ਦੇ ਪੁੱਤਰ ਖੁਸ਼ ਹਨ, ਚੌਧਰੀਆਂ ਦੇ ਪੁੱਤਰਾਂ ਦੇ ਪੁੱਤਰ ਖੁਸ਼ ਹਨ। ਕੋਈ ਆਖਦਾ ਹੈ, ਦੁੱਲੇ ਤੋਂ ਬਦਲਾ ਲੈਣ ਦਾ ਏਹੀ ਮੌਕਾ ਏ। ਦੂਸਰਾ ਕੋਈ ਹੋਰ ਆਖਦਾ ਹੈ, ਨੂਰੇ ਨੂੰ ਹੁਣ ਸਬਕ ਪੜ੍ਹਾਣ ਦੇ ਵੇਲਾ ਆ ਚੁੱਕਾ ਈ।

ਇਹ ਅਫਵਾਹਾਂ ਅਤੇ ਗੱਲਾਂ, ਦੁੱਲੇ ਅਤੇ ਉਹਦੀ ਢਾਣੀ ਤੱਕ ਵੀ ਪੁੱਜੀਆਂ ਤੇ ਲੱਧੀ ਤੱਕ ਵੀ ਪੁੱਜੀਆਂ। ਮੇਹਰੂ ਤੋਂ ਬਿਨਾਂ ਸਾਰੇ ਹੀ, ਫੁੱਲਰਾਂ, ਕੁੜੀਆਂ, ਨੂਰਾ, ਵਹੁਟੀ ਇਕ ਦੂਸਰੇ ਦੇ ਸਾਹਮਣੇ ਹੋਣ ਤੋਂ ਡਰਨ ਲੱਗੇ। ਘਰ ਵਿਚ ਅਜੀਬ ਤਰ੍ਹਾਂ ਦੀ ਹੁੰਮਸ ਤਣਾਅ ਅਤੇ ਚੁੱਪ ਦਾ ਮਾਹੌਲ ਬਣ ਗਿਆ। ਇਹ ਚੁੱਪ ਉਹਨਾਂ ਦੇ ਕੰਨਾਂ ਵਿਚ ਹਰ ਸਮੇਂ ਚੀਕ ਚਿਹਾੜਾ ਪਾਉਂਦੀ ਰਹਿੰਦੀ।

ਲੱਧੀ ਤਾਂ ਤੁਰੀ ਫਿਰਦੀ ਬੋਲਦੀ ਰਹਿੰਦੀ। ਕੁੜੀਆਂ ਹੈਰਾਨ ਹੁੰਦੀਆਂ-ਅੰਮਾਂ ਕੀਹਦੇ ਨਾਲ ਗੱਲਾਂ ਪਈ ਕਰਦੀ ਏ ? ਆਟਾ ਗੁੰਨਣ ਲਗਦੀ ਤਾਂ ਪਰਾਂਤ ਵਿਚ ਏਨਾ ਜ਼ਿਆਦਾ ਪਾਣੀ ਪੈ ਜਾਂਦਾ-ਆਟਾ ਪੂੜੇ ਪਕਾਉਣ ਵਾਲਾ ਬਣ ਜਾਂਦਾ। ਹਾਰੇ ਵਿਚ ਦਾਲ ਧਰਦੀ ਤਾਂ ਪਾਣੀ ਦੇਖਣਾ ਭੁੱਲ ਜਾਂਦੀ, ਦਾਲ ਦਾ ਧੂੰਆਂ ਨਿਕਲ ਜਾਂਦਾ।

ਅਜਿਹੇ ਦਿਨਾਂ ਵਿਚ ਦੁੱਲਾ ਆਪਣੇ ਬੇਲੀਆਂ ਨਾਲ, ਅੰਬਾਂ ਦੀ ਝਿੜੀ ਵਿਚ ਬੈਠਾ ਸਲਾਹੀਂ ਪਿਆ ਹੋਇਆ ਸੀ।

—ਪਿਰਥਿਆ ਹੁਣ ਅਸਾਂ ਤੋਂ ਪਿੱਛੇ ਨਹੀਂ ਮੁੜਿਆ ਜਾਣਾ।' ਦੁੱਲਾ ਟੱਕਰ ਲੈਣ ਲਈ ਦ੍ਰਿੜ੍ਹ ਸੀ।

—ਪਿਛਾਂਹ ਨੂੰ ਮੁੜਨ ਵਾਲਾ ਅਸਾਂ 'ਚੋਂ ਹੈ ਈ ਕੌਣ ਦੁੱਲੇ ਵੀਰਿਆ।'

—ਅਫਵਾਹਾਂ ਬੜੀਆਂ ਸੁਣਨੇ ਆਂ ਰੋਜ਼। ਇਹ ਮੁੱਢੋਂ ਸੁੱਢੋਂ ਸਾਰੀਆਂ ਝੂਠੀਆਂ ਨਹੀਂ ਹੁੰਦੀਆਂ। ਲਾਹੌਰ ਦਰਬਾਰ ਦੀਆਂ ਗੱਲਾਂ ਕੁਝ 'ਵਾ ਕੰਧਾੜੇ ਤੇ ਕੁਝ ਚੌਧਰੀਆਂ ਦੇ ਕੰਧਾੜੇ ਚੜ੍ਹਕੇ ਏਥੋਂ ਤੱਕ ਆਈਆਂ ਨੇ। ਅਸਾਂ ਤਿਆਰੀ ਰੱਖੀਏ। ਇਹ ਨਾ ਹੋਵੇ, ਓਧਰ ਅੱਗ ਲੱਗ ਜਾਏ ਤੇ ਅਸਾਂ ਨੂੰ ਮਸ਼ਕਾਂ ਨਾ ਹੱਥ ਆਉਣ।'

—ਤਿਆਰੀ ਏ, ਪੂਰੀ ਤਿਆਰੀ ਏ ਦੁੱਲੇ ਭਰਾ। ਏਨੇ ਵਰ੍ਹਿਆਂ ਤੋਂ ਤਿਆਰੀ ਵਾਲੇ ਪਾਸੇ ਤੇ ਪਏ ਹੋਏ ਆਂ।' ਰੂੜਾ ਬੋਲਿਆ, ਉਹ ਬੈਠਾ ਬੈਠਾ ਤਲਵਾਰ ਉਪਰੋਂ ਪੱਥਰ ਨਾਲ ਜੰਗਾਲ ਲਾਹ ਰਿਹਾ ਸੀ।

—ਗਾਹਣਾ ਕਿਥੇ ਈ ?' ਦੁੱਲੇ ਪੁੱਛਿਆ।

—ਉਹ ਤਾਂ ਏਧਰ ਘੱਟ ਈ ਆਦਾਂ ਏ ਹੁਣ। ਉਹਦੀ ਭੱਠੀ ਮਘੀ ਰਹਿੰਦੀ ਏ। ਅਹਿਰਨ 'ਤੇ ਵਦਾਨ ਚਲਦਾ ਰਹਿੰਦਾ ਏ।' ਰੂੜੇ ਦੱਸਿਆ।

—ਉਹਨੂੰ ਆਖੀਂ, ਤੇਰੇ ਹਥਿਆਰਾਂ ਨੂੰ ਪਰਖਣ ਦੀ ਘੜੀ ਸਿਰ 'ਤੇ ਆਈ ਖੜ੍ਹੀ ਏ ਲੱਗਾ ਰਹੁ।'

ਫੱਤੂ ਮਰਾਸੀ ਭੱਠੀ ਵਾਲੇ ਪਾਸਿਓਂ ਆਇਆ—'ਅੱਲਾਹ ਭਾਗ ਲਾਈ ਰੱਖੇ, ਸਰਦਾਰੀਆਂ ਬਣੀਆਂ ਰਹਿਣ। ਏਸੇ ਗੱਲ ਦਾ ਕਾਈ ਫ਼ਿਕਰ ਨਾ ਕਰੋ। ਗਾਹਣੇ ਦਾ ਵਦਾਣ ਮਾਰਦਿਆਂ ਮਾਰਦਿਆਂ ਤਾਂ ਹੁਣ ਫੱਤੂ ਦੇ ਡੌਲਿਆਂ 'ਤੇ ਵੀ ਮੱਛੀਆਂ ਬਣਨ ਲੱਗੀਆਂ ਨੀ। ਜੇ ਆਖੋਂ ਤਾਂ ਵਖਾਵਾਂ— ?' ਫੱਤੂ ਆਪਣੇ ਡੌਲਿਆਂ ਦੀਆਂ ਮੱਛੀਆਂ ਉਭਾਰਨ ਲਈ ਬਾਂਹ ਅਕੜਾਉਣ ਲੱਗਾ।

ਪਿਰਥੇ ਨੇ ਚੋਭ ਲਾਈ—'ਮੀਰਜ਼ਾਦਿਆ ਵੇਖੀਂ ਬਹੁਤਾ ਜ਼ੋਰ ਨਾ ਲਾ ਬਹੀਂ, ਪਿਛੋਂ ਦੀ ਮੋਕ ਵਗ ਜਾਣੀ ਊ।'

ਸਾਰੇ ਗੜ੍ਹਾਕਾ ਮਾਰ ਕੇ ਹੱਸਣ ਲੱਗ ਪਏ।

—ਪਿਰਥਿਆ।' ਦੁੱਲਾ ਅਚਾਨਕ ਸੰਜੀਦਾ ਹੋ ਗਿਆ—'ਅਸਾਂ ਨਾਲ ਕਿੰਨੇ ਕੁ ਬੰਦੇ ਹੋਣੇ ਨੀ ਆਸੇ ਪਾਸੇ ਤੋਂ ਸਾਰੇ ?'

—ਜੇ ਲਾਹੌਰ ਦੀਆਂ ਫੌਜਾਂ ਨਾਲ ਜੋੜ ਕੇ ਵੇਖਣਾ ਈ ਤਾਂ ਬਹੁਤੇ ਵੀ ਨਈ੍ਹਂ ਤੇ ਜੇ ਆਪਾਂ ਜਿਵੇਂ ਆਪਣੇ ਨਾਲ ਜੋੜੇ ਨੀ ਤਾਂ ਥੋੜੇ ਵੀ ਨਈ੍ਹਂ।'

—ਸਿੱਧੀ ਗੱਲ ਕਿਉਂ ਨੀ ਆਖਦਾ— ?' ਦੁੱਲਾ ਕਾਹਲਾ ਪਿਆ ਹੋਇਆ ਸੀ।

—ਸੱਤਰ ਵੀਹਾਂ ਤਾਂ ਪਿਛਲੇ ਦਿਨੀਂ ਗਿਣੇ ਸਨ, ਹੋਰ ਵੀ ਨਵੇਂ ਆਏ ਨੇ ਅੱਠ- ਦੱਸ ਵੀਹਾਂ, ਇਕ ਦੋ ਨਵੇਂ ਆ ਈ ਜਾਂਦੇ ਨੇ ਰੋਜ਼।'

—ਹਥਿਆਰ ਹੈਗੇ ਨੇ ਉਹਨਾਂ ਜੋਗੇ— ?'

—ਸਾਰਿਆਂ ਕੋਲ ਇਕ ਇਕ ਤਾਂ ਹੈਗਾ।' ਗਾਹਣਾ ਬੜਾ ਹਿੰਮਤੀ ਜੇ, ਹਥਿਆਰਾਂ ਦੀ ਥੋੜ ਨਹੀਂ ਪੈਣ ਦਿੰਦਾ।'

—ਘੋੜੇ ਠੀਕ ਨੇ, ਸਹੀ ਨੇ, ਉਹਨਾਂ ਦੇ ਦਾਣੇ ਪਾਣੀ ਦਾ...... ।'

—ਕਿਉਂ ਫ਼ਿਕਰ ਕਰਦਾਂ ਭਰਾ। ਘੋੜੇ ਸਦੀਕੇ ਦੇ ਮੈਰੇ ਵਾਲੇ ਖੇਤਾਂ ਦੇ ਖੂਹ ਲਾਗੇ ਡੇਰੇ 'ਚ ਰੱਖੇ ਨੇ। ਸਦੀਕੇ ਦੇ ਕੁੱਤੇ ਕਾਹਦੇ ਨੇ ਬਘਿਆੜ ਨੇ, ਉਹ ਤਾਂ ਚਿੜੀ ਨੀ ਨੇੜੇ ਫਟਕਣ ਦੇਂਦੇ। ਨਾਲੇ ਓਥੇ ਘੋੜਿਆਂ ਨੂੰ ਘਾਹ ਵਾਧੂ, ਦਾਣਾ ਪਾਣੀ ਵਾਧੂ। ਪੰਝੀ ਤੀਹ ਨਵੇਂ ਮੁੰਡੇ ਤਾਂ



ਓਥੇ ਈ ਰਹਿੰਦੇ ਨੇ ਡੇਰੇ 'ਚ। ਅੱਜ ਵਖਾਲ ਕੇ ਲਿਆਉਂਗਾ ਤੈਨੂੰ। ਕਿਵੇਂ ਤਲਵਾਰਾਂ ਵਾਂਹਦੇ ਨੇ ਤੇ ਕਿਵੇਂ ਨੇਜ਼ੇ ਚਲਾਉਂਦੇ ਨੇ।' ਪਿਰਥੇ ਨੇ ਵਿਸਥਾਰ ਨਾਲ ਦੱਸਿਆ।

—ਚੰਗੀ ਗੱਲ ਏ। ਇਹਨਾਂ ਦੇ ਇਮਤਿਹਾਨ ਦੀ ਘੜੀ ਆਣ ਵਾਲੀ ਏ। ਤੂੰ ਹੁਣ ਇੰਜ ਕਰ ਸਦੀਕ ਨੂੰ ਰੂੜੇ ਨੂੰ, ਰਮਜੇ ਨੂੰ ਤੇ ਹੋਰ ਵੀ ਜੋ ਮਿਲੇ, ਆਖ, ਆਪਣੇ ਲਾਗੇ ਚਾਗੇ ਨਿਕਲ ਜਾਓ ਤੇ ਆਪਣੇ ਬੰਦਿਆਂ ਨੂੰ ਖਬਰਦਾਰ ਕਰ ਆਉ ਆਖੋ, ਤਿਆਰ ਰਹਿਣ। ਨਹੀਂ ਤਾਂ ਆਖੋ 'ਕੱਠੇ ਹੋਕੇ, ਝਿੜੀ ਵੱਲ ਆ ਜਾਣ ਤੇ ਕੁਝ ਸਦੀਕੇ ਦੇ ਡੇਰੇ 'ਤੇ ਪੁੱਜਣ। ਲੰਗਰ ਪਾਣੀ ਜਮ੍ਹਾਂ ਕਰੋ। ਏਥੇ ਵੀ ਤੇ ਝਿੜੀ 'ਚ ਵੀ ਹੁਣ ਵਾਂਢੇ-ਸਾਂਡੇ ਸਾਕ-ਸਕੀਰੀਆਂ ਵੱਲ ਕਿਸੇ ਨਈ੍ਹਂ ਜਾਣਾ। ਆਪਣੇ ਹਥਿਆਰ ਹੱਥ ਹੇਠ ਰੱਖਣ ਸਾਰੇ ਤੇ ਜਾਨਵਰਾਂ ਨੂੰ ਖਲਾ ਪਿਲਾ ਕੇ ਤਕੜਾ ਕਰਨ। ਅਕਬਰ ਨੂੰ ਪਤਾ ਲੱਗਣਾ ਚਾਹੀਦਾ, ਭਾੜੇ ਦੇ ਲੜਾਕੂਆਂ ਵਿਚ ਤੇ ਆਪਣੀ ਮਿੱਟੀ ਅਤੇ ਲੋਕਾਂ ਲਈ ਲੜਨ ਵਾਲਿਆਂ ਵਿਚ ਕੇਡਾ ਫਰਕ ਹੁੰਦਾ ਏ।' ਆਖਦਿਆਂ ਜੋਸ਼ ਵਿਚ ਦੁੱਲੇ ਦੀਆਂ ਮੁੱਛਾਂ ਫਰਕਣ ਲੱਗੀਆਂ।

—ਏਸ ਤਰ੍ਹਾਂ ਹੀ ਹੋਵੇਗਾ ਦੁੱਲਿਆ।' ਪਿਰਥੇ ਨੇ ਹੌਸਲੇ ਅਤੇ ਦੇਲਰੀ ਨਾਲ ਆਖਿਆ।

—ਤੇ ਜਦ ਅਕਬਰ ਸਿੰਘਾਸਨ 'ਤੇ ਬੈਠਾ ਆਪਣੇ ਦਰਬਾਰੀਆਂ ਕੋਲੋਂ ਖ਼ਤਬੇ ਸੁਣਦਾ ਪਿਆ ਹੋਵੇ, ਓਸ ਵੇਲੇ ਅਸੀਂ ਓਹਦੇ ਸਿਪਾਹੀਆਂ ਦੇ ਸ਼ੌਂਡੇ ਲਾਹ ਲਾਹ ਸੁਟੀਏ ਤੇ ਲਾਹੌਰ ਦੇ ਆਸ ਪਾਸ ਮੁਗਲੇਟੀਆਂ ਸਿਰ ਦੀਆਂ ਪੱਟੀਆਂ ਖੋਹਦੀਆਂ ਕੀਰਨੇ ਪਾਵਣ ਤੇ ਉਹਨਾਂ ਦੇ ਜਣਿਆਂ ਨੂੰ ਖ਼ਸਮਾਂ ਨੂੰ ਗੋਰ ਨਸੀਬ ਨਾ ਹੋਵੇ। ਜਾਓ, ਨਿਕਲ ਵੰਞੋ ਪਿੰਡਾਂ ਵੱਲ। ਆਖੋ ਇਹ ਸਾਂਦਲ ਬਾਰ ਦੇ ਲੋਕਾਂ ਵੱਲੋਂ ਜਹਾਦ ਏ। ਇਹ ਨਾ ਹੋਵੇ, ਚੁਗੱਤੇ ਫੌਜਾਂ ਚਾੜ੍ਹ ਲਿਆਉਣ ਤੇ ਅਸੀਂ ਸੁੱਤੇ ਪਏ ਹੋਈਏ।'

—ਅੱਲਾਹ ਭਾਗ ਲਾਈ ਰੱਖੇ, ਸਰਦਾਰਾ ਮੈਂ......।' ਫੱਤੂ ਮਰਾਸੀ ਕੁਝ ਆਖਣ ਲੱਗਾ।

—ਤੂੰ ਗਾਹਣੇ ਲੁਹਾਰ ਕੋਲ ਜਾਈਂ ਤੇ ਆਪਣੀਆਂ ਮੱਛੀਆਂ ਜ਼ਰਾ ਹੋਰ ਵੱਡੀਆਂ ਕਰ। ਜਦ ਮੁਗਲਾਂ ਨਾਲ ਆਹਮੋ-ਸਾਹਮਣੇ ਹੋਏ ਤਾਂ ਤੇਰਾ ਪੀਪਾ ਖੜਕਦਾ ਹੋਵੇ ਤੇ ਏਧਰ ਅਸੀਂ ਤਲਵਾਰਾਂ ਖੜਕਾਈਏ। ਹਾਲ ਦੀ ਘੜੀ ਤੂੰ ਏਥੇ ਬਹੁ। ਭੱਠੀ ਲਾਗੇ ਲਕੜਾਂ 'ਕੱਠੀਆਂ ਕਰ, ਏਹਨਾਂ ਦੀ ਬੜੀ ਲੋੜ ਪੈਣੀ ਏ। ਮੈਂ ਗਾਹਣੇ ਵੱਲ ਚੱਲਿਆਂ........।'

—ਜੇ ਆਖੇ ਤਾਂ ਸਰਦਾਰਾ ਮੈਂ ਨਾਲ ਚੱਲਾਂ ?' ਫੱਤੂ ਨੇ ਕਾਹਲੀ ਨਾਲ ਉਠਦਿਆਂ, ਢਿੱਲੀ ਹੋਈ ਤੰਬੀ ਕਸਦਿਆਂ ਪੁੱਛਿਆ।

—ਨਾ ਨਾ, ਤੈਨੂੰ ਆਖਿਆ ਤੇ ਹੈ, ਤੂੰ ਪੀਪਾ ਖੜਕਾਣਾ ਏ। ਓਥੇ ਗਾਹਣੇ ਦੀ ਭੱਠੀ ਦੇ ਸੇਕ ਨਾਲ ਤੇਰੇ ਡੌਲਿਆ ਦੀਆਂ ਮੱਛੀਆਂ ਦੌੜ ਜਾਣਾ ਈ।' ਦੁੱਲਾ ਹੱਸਿਆ।

—ਅੱਲਾਹ ਤੇਰਾ ਸ਼ੁਕਰ ਈ, ਹੁਣ ਤਾਂ ਸਰਦਾਰ ਵੀ ਅਸਾਂ ਦੇ ਭਾਈਚਾਰੇ 'ਚ ਰਲਣ ਡਿਹਾ ਈ।' ਫੱਤੂ ਨੇ ਦੁਆ ਮੰਗਣ ਵਾਂਗ ਉਪਰ ਹੱਥ ਚੁਕਦਿਆਂ ਕਿਹਾ।

ਸਾਰੇ ਜਣੇ ਫੇਰ ਹੱਸ ਪਏ।

* * * *

ਦੁੱਲਾ ਆਪਣੇ ਸਾਥੀਆਂ ਨਾਲ ਬਿਨਾਂ ਖੰਭਾਂ ਤੋਂ ਉੱਡਦਾ ਜਾ ਰਿਹਾ ਹੈ। ਰਮਜ਼ਾ, ਸਦੀਕ, ਰੂੜਾ ਹੈਰਾਨ ਹਨ,..... ਇਹ ਤਾਂ ਦੋ ਖੇਤਾਂ ਦੀ ਵਿੱਥ ਪਾ ਗਿਆ । ਕੀ ਹੋ ਗਿਆ ਇਹਨੂੰ ?

ਅਚਾਨਕ ਦੁੱਲਾ ਰੁਕਿਆ। ਵੇਖਿਆ ਝਨਾਂ ਪਾਰੋਂ ਪੱਛਮ ਵੱਲੋਂ ਕਾਲੀ ਘਟਾ ਚੜ੍ਹੀ ਆ ਰਹੀ ਹੈ।.......ਨਾਲ ਹੀ ਠੰਡੀ ਹਵਾ ਵਗਣ ਲੱਗ ਪਈ। ਕਾਲੀਆਂ ਚਿੜੀਆਂ ਦਾ ਝੁੰਡ ਉਹਦੇ ਸਿਰ ਉਪਰੋਂ ਦੀ ਲੰਘ ਗਿਆ। ਖੱਬੇ ਪਾਸਿਓਂ ਤਿੱਤਰ ਬੋਲਿਆ, 'ਸੁਜਾਨ ਤੇਰੀ ਕੁਦਰਤ'।.....ਝਿੜੀ ਵਾਲੇ ਪਾਸਿਓਂ ਮੋਰ ਦੇ ਕੂਕਣ ਦੀ ਆਵਾਜ਼ ਸੁਣੀ ਤਾਂ ਫਿਰ ਹਰ ਪਾਸਿਓਂ ਮੋਰਾਂ ਦੇ ਕੂਕਣ ਦੀਆਂ ਆਵਾਜ਼ਾਂ ਆਉਣ ਲੱਗੀਆਂ। ਹੈਂਅ.......? ਹਿਰਨਾਂ ਦੀ ਡਾਰ ਸਾਡੇ ਏਨੀ ਨੇੜੇ ਕਿਵੇਂ ਆ ਗਈ? ਦੁੱਲਾ ਹੈਰਾਨ ਹੋਇਆ। ਏਨੇ ਵਿਚ ਰਮਜ਼ਾ ਸਦੀਕ ਅਤੇ ਰੂੜਾ ਵੀ ਉਹਦੇ ਨਾਲ ਆ ਰਲੇ। ਰੂੜਾ ਤਾਂ ਇਕ ਹਿਰਨੀ ਦੀ ਕੰਡ ਪਲੋਸਣ ਲੱਗਾ।.....

ਦੁੱਲੇ ਨੇ ਰੂੜੇ ਨੂੰ ਪਿੱਛੇ ਵੇਖਣ ਦਾ ਇਸ਼ਾਰਾ ਕੀਤਾ।

ਸਾਰਿਆਂ ਦੇ ਹੋਸ਼ ਉੱਡ ਗਏ, ਦੁੱਲੇ ਦੀ ਰੱਖ ਵਿੱਚ ਅਕਬਰ ਬਾਦਸ਼ਾਹ ਅਤੇ ਬੀਰਬਲ ਸ਼ਿਕਾਰ ਖੇਡਦੇ ਫਿਰ ਰਹੇ ਹਨ। ਕਿਧਰ ਨੇ ਇਹਨਾਂ ਦੇ ਹਿਫਾਜ਼ਤੀ ਸਿਪਾਹੀ? ਜੇ ਅਸੀਂ ਹੁਣ ਇਨਾਂ ਨੂੰ ਘੇਰ ਲਈਏ? ਉਸਨੇ ਰੂੜੇ ਨੂੰ ਹੌਲੀ ਜਿਹੀ ਪੁੱਛਿਆ, ਪਿਰਥਾ, ਗਾਹਣਾ ਤੇ ਲਹਿਣਾ... ਕਿਥੇ ਨੇ— ?'

—ਉਹ ਤਾਂ ਝਿੜੀ 'ਚ ਨਵੇਂ ਮੁੰਡਿਆਂ ਨੂੰ ਤਲਵਾਰ ਵਾਹੁਣੀ ਅਤੇ ਵਾਰ ਰੋਕਣ ਦਾ ਵੱਲ ਸਿਖਾ ਰਹੇ ਨੇ।' ਰੂੜੇ ਦੱਸਿਆ।

ਹਿਰਨਾਂ ਦੀ ਡਾਰ ਤ੍ਰੱਭਕ ਕੇ ਇਕਦਮ ਭੱਜ ਖੜ੍ਹੀ, ਪਿਛੇ ਅਕਬਰ ਅਤੇ ਬੀਰਬਲ ਸਰਪਟ ਘੋੜੇ ਦੌੜਾਈ ਜਾ ਰਹੇ ਸਨ। ਦੁੱਲੇ ਨੇ ਆਪਨੇ ਸਾਥੀਆਂ ਵੱਲ ਵੇਖਿਆ। ਝੱਟ ਫੈਸਲਾ ਹੋ ਗਿਆ। ਉਹ ਬਾਦਸ਼ਾਹ ਅਤੇ ਬੀਰਬਲ ਦਾ ਪਿੱਛਾ ਕਰਨ ਲੱਗੇ।

ਪਰ ਇਹ ਕੀ? ਏਨਾ ਧੂੰਆਂ ਕਿਧਰੋਂ ਆ ਗਿਆ? ਕੁਝ ਵੀ ਦਿਖਾਈ ਨਈਂ ਦਿੰਦਾ। ਦੁੱਲਾ ਰਮਜ਼ੇ ਨੂੰ ਆਵਾਜ਼ਾਂ ਦੇਣ ਲੱਗਾ। ਬੱਦਲ ਏਨੇ ਨੀਵੇਂ ਕਿਵੇਂ ਆ ਗਏ?

ਉਹ ਅੰਨ੍ਹੇ ਵਾਹ ਘੋੜੇ ਦੁੜਾਉਂਦੇ ਰਹੇ। ਅੱਗੇ ਧੂੰਆਂ ਅਲੋਪ ਹੋ ਗਿਆ। ਬੱਦਲ ਵੀ ਕੁਝ ਉੱਚੇ ਹੋ ਗਏ। ਪਰ ਬਾਦਸ਼ਾਹ ਅਤੇ ਬੀਰਬਲ ਕਿਧਰ ਗਏ? ਤੇ ਹਿਰਨਾਂ ਦੀ ਡਾਰ? ਸਭ ਨੂੰ ਪਕੜ ਕੇ ਕਿਧਰੇ ਲੈ ਤਾਂ ਨਹੀਂ ਗਏ? ਦੁੱਲਾ ਅਤੇ ਉਸਦੇ ਸਾਥੀ ਸੋਚਾਂ ਵਿਚ ਖੜ੍ਹੇ ਹਨ। ਵੇਖਦੇ ਹਨ, ਸਾਹਮਣਿਓਂ ਦੋ ਭੱਟ ਆ ਰਹੇ ਹਨ। ਇਹ ਜੰਗਲ ਵਿਚ ਕੀ ਕਰਦੇ ਨੇ? ਪਰ ਭੱਟ ਦੁੱਲੇ ਦੀਆਂ ਸਿਫ਼ਤਾਂ ਕਰਨ ਲੱਗੇ। ਵਡਿਆਈਆਂ ਕਰਨ ਲੱਗੇ। ਉਸਦੇ ਵਡੇਰਿਆਂ ਦੇ ਨਾਂਵਾਂ ਤੇ ਖ਼ਤਬੇ ਗਾਉਣ ਲੱਗੇ। ਦੁੱਲੇ ਦੇ ਲਹੂ ਨੂੰ ਗ਼ੈਰਤਮੰਦਾਂ ਦਾ ਲਹੂ ਆਖਕੇ ਵਡਿਆਉਣ ਲੱਗੇ।

ਖੁਸ਼ ਹੋ ਕੇ ਦੁੱਲੇ ਨੇ ਭੱਟਾਂ ਨੂੰ ਘੋੜਾ ਖ਼ੈਰਾਤ ਵਿਚ ਦੇ ਦਿੱਤਾ।

ਭੱਟ ਦੁੱਲੇ ਦੀ ਖ਼ੈਰ ਮੰਗਦੇ ਤੁਰ ਗਏ। ਅਜੇ ਉਹ ਬਹੁਤੀ ਦੂਰ ਨਹੀਂ ਸਨ ਗਏ। ਉਹ ਫੇਰ ਅਕਬਰ ਬਾਦਸ਼ਾਹ ਅਤੇ ਬੀਰਬਲ ਬਣ ਗਏ। ਦੁੱਲਾ ਹੈਰਾਨ ਹੈ, ਇਹ ਕਾਲਾ ਇਲਮ ਤਾਂ ਨਹੀਂ ਜਾਣਦੇ?

ਦੁੱਲੇ ਦਾ ਘੋੜਾ ਦੁੱਲੇ ਵੱਲ ਵਾਪਸ ਆ ਰਿਹਾ ਹੈ। ਨੇੜੇ ਆਏ ਤੋਂ ਵੇਖਦਾ ਹੈ, ਘੋੜੇ ਦੀ ਪੂਛ ਅਤੇ ਕੰਨ ਕੱਟੇ ਹੋਏ ਨੇ। ਹੈਂਅ— ? ਇਹ ਤਾਂ ਅਕਬਰ ਨੇ ਮੇਰੀ ਤੌਹੀਨ ਕੀਤੀ ਏ, ਮੈਨੂੰ ਵੰਗਾਰਿਆ ਏ।

—ਪਿੱਛਾ ਕਰੋ।' ਦੁੱਲੇ ਨੇ ਆਪਨੇ ਸਾਥੀਆਂ ਨੂੰ ਲਲਕਾਰਿਆ।



ਇਹਨਾਂ ਨੇ ਤਾਂ ਪਲਾਂ ਵਿਚ ਅਕਬਰ, ਬੀਰਬਲ ਨੂੰ ਘੇਰ ਲਿਆ। ਕਾਬੂ ਵੀ ਕਰ ਲਏ। ਗੁੱਸੇ ਵਿਚ ਆਏ ਦੁੱਲੇ ਨੇ ਦੋਹਾਂ ਦੀਆਂ ਮੁੱਛਾਂ ਵੀ ਕੱਟ ਦਿੱਤੀਆਂ, ਉਹ ਤਾਂ ਉਹਨਾਂ ਦੇ ਕੰਨ ਵੀ ਕੱਟਣ ਲੱਗਾ ਸੀ। ਰਮਜ਼ੇ ਨੇ ਰੋਕ ਦਿੱਤਾ।......

ਅਚਾਨਕ ਲਾਹੌਰ ਵਾਲੇ ਪਾਸਿਓਂ.....ਫਿਰ ਧੂੰਆਂ ਉੱਠਣ ਲੱਗਾ। ਫੌਜਾਂ ਹਨੇਰੀ ਵਾਂਗ ਚੜ੍ਹੀਆਂ ਆਉਂਦੀਆਂ ਦਿੱਸੀਆਂ। ਦੁੱਲਾ ਆਪਨੇ ਸਾਥੀਆਂ ਵੱਲ ਵੇਖਣ ਲੱਗਾ ਤਾਂ ਕਿਧਰੇ ਨਹੀਂ ਦਿੱਸੇ। ਕਿਧਰ ਚਲੇ ਗਏ? ਡਰ ਗਏ? ਸਾਹਮਣੇ ਉੱਠਦਾ ਗਰਦੋ-ਗੁਬਾਰ ਪਿੰਡੀ ਵੱਲ ਵਧ ਰਿਹਾ ਸੀ। ਹੁਣ ਉਸਨੂੰ ਹਾਥੀ ਵੀ ਦਿੱਸਣ ਲੱਗ ਪਏ। ਤੋਪਾਂ ਦੇ ਗੋਲੇ ਫਟਣ ਦੀ ਆਵਾਜ਼ ਸੁਣੀ।.....ਇਕ ਗੋਲਾ ਤਾਂ ਦੁੱਲੇ ਦੀ ਹਵੇਲੀ ਦੇ ਵਿਹੜੇ ਵਿਚ ਆਣ ਫਟਿਆ।

ਮਾਂ ਲੱਧੀ ਜ਼ਖ਼ਮੀ ਹੋਈ ਦੁਹਾਈਆਂ ਪਾਉਣ ਲੱਗੀ। ਇਕ ਪਾਸੇ ਨੂਰਾ ਪਿਆ ਤੜਫਣ ਲੱਗਾ। ਫੁੱਲਰਾਂ ਬਖ਼ਤੋ ਸਲੇਮੋ, ਕਿਧਰ ਗਈਆਂ ਸਾਰੀਆਂ। ਮੁਗਲ ਸਿਪਾਹੀ ਬਾਂਧਾ ਬਣਾ ਕੇ ਤਾਂ ਨਹੀਂ ਲੈ ਗਏ?

ਦੁੱਲਾ ਆਪਨੇ ਸਾਥੀਆਂ ਨੂੰ ਉੱਚੀ ਉੱਚੀ ਆਵਾਜ਼ਾਂ ਮਾਰਨ ਲੱਗਾ। ਦਹਾੜਨ ਲੱਗਾ, ਲਲਕਾਰੇ ਮਾਰਨ ਲੱਗਾ।.............

ਮਾਘ ਮਹੀਨੇ ਦੀ ਅਤਿ ਠੰਡੀ ਰਾਤ ਨੂੰ ਦੁੱਲੇ ਦੇ ਲਲਕਾਰੇ ਸੁਣਕੇ ਸਾਰਾ ਟੱਬਰ ਉੱਠ ਬੈਠਾ। ਲੱਧੀ ਨੰਗੇ ਪੈਰੀਂ ਭੱਜੀ ਆਈ। ਦੁੱਲੇ ਨੂੰ ਹਲੂਣਿਆ। ਉਹ ਤ੍ਰੇਲੋ-ਤ੍ਰੇਲੀ ਹੋਇਆ ਤ੍ਰਭੱਕ ਕੇ ਉਠ ਬੈਠਾ। ਘਬਰਾ ਕੇ ਇਧਰ ਉਧਰ ਵੇਖਿਆ। ਹਨੇਰੇ ਵਿਚ ਕੁਝ ਵਿਖਾਈ ਨਾ ਦਿੱਤਾ। ਲੱਧੀ ਨੇ ਉਸਦੇ ਮੱਥੇ ਦਾ ਮੁੜ੍ਹਕਾ ਪੂੰਝਿਆ।......'ਕੀ ਹੋਇਆ ਪੁੱਤ?'

ਦੁੱਲਾ ਕੀ ਦੱਸੇ, ਫੁੱਲਰਾਂ, ਬਖਤੋ, ਸਲੇਮੋ, ਨੂਰਾ ਆਸ ਪਾਸ ਖੜ੍ਹੇ ਵੇਖ ਕੇ ਉਸ ਨੂੰ ਆਪਨੇ ਆਪ ਤੇ ਗਿਲਾਨੀ ਹੋਈ। ਅਜਿਹੇ ਅਜੀਬ ਸੁਪਨੇ ਨੂੰ ਚੇਤੇ ਕਰਦਿਆਂ ਅੱਖਾਂ ਫੇਰ ਬੰਦ ਕਰ ਲਈਆਂ।

.....ਕੱਟੀਆਂ ਮੁੱਛਾਂ ਵਾਲੇ ਅਕਬਰ ਤੇ ਬੀਰਬਲ, ਵੱਢੇ ਕੰਨਾਂ ਅਤੇ ਵੱਢੀ ਪੂਛ ਵਾਲਾ ਘੋੜਾ, ਭੱਟ, ਫੌਜਾਂ, ਹਾਥੀ, ਤੋਪਾਂ ਦੇ ਗੋਲੇ, ਜ਼ਖ਼ਮੀ ਮਾਂ, ਤੜਫਦਾ ਨੂਰਾ ਸਭ ਫੇਰ ਦਿਸੇ, ਉਵੇਂ ਦੇ ਉਵੇਂ। ਦੁੱਲੇ ਨੇ ਘਬਰਾ ਕੇ ਅੱਖਾਂ ਖੋਹਲੀਆਂ। ਉੱਠਕੇ ਵਿਹੜੇ ਵਿਚ ਆਇਆ।...... ਏਥੇ ਈ ਡਿਗਿਆ ਸੀ ਗੋਲਾ...., ਉਸਨੇ ਸੋਚਿਆ। ਠੰਡੀ ਹਵਾ ਉਸਨੂੰ ਕੰਬਣੀ ਛੇੜ ਗਈ।

ਭੈ-ਭੀਤ ਹੋਇਆ ਸਾਰਾ ਟੱਬਰ ਉਸਦੇ ਪਿੱਛੇ ਆਣ ਖੜ੍ਹਾ। ਲੱਧੀ ਸੋਚਣ ਲੱਗੀ, 'ਇਸਨੂੰ ਨੀਂਦ ਵਿਚ ਚੱਲਣ ਦੀ ਬੀਮਾਰੀ ਤਾਂ ਨਹੀਂ ਹੋਣ ਲੱਗੀ?'

—ਕੀ ਹੋਇਆ ਈ ਪੁੱਤਰ?' ਲੱਧੀ ਨੇ ਕੋਲ ਆਕੇ ਮੋਹ ਨਾਲ ਉਸਦੇ ਮੋਢੇ ਉਪਰ ਹੱਥ ਰੱਖਿਆ।

—ਮਾਂ ਤੇਰੇ 'ਸਾਬ ਨਾਲ ਤਾਂ ਬੜਾ ਮਾੜਾ ਸੁਪਨਾ ਵੇਖਿਆ ਈ।' ਦੁੱਲਾ ਅੰਦਰ ਵੱਲ ਤੁਰਿਆ ਤਾਂ ਲੱਧੀ ਨੇ ਅੱਲਾਹ ਦਾ ਸ਼ੁਕਰ ਕੀਤਾ......'ਪੁੱਤਰ ਜਾਗਦਾ ਈ।'

ਅੰਦਰ ਆਕੇ ਰਜਾਈ ਵਿਚ ਵੜਕੇ ਦੁੱਲੇ ਨੇ ਸੁਪਨਾ ਸੁਣਾਇਆ ਤੇ ਫਿਰ ਮਾਂ ਨੂੰ ਪੁੱਛਿਆ—'ਤੂੰ ਹੀ ਦੱਸ ਮਾਂ, ਮੈਨੂੰ ਏਹ ਤਰ੍ਹਾਂ ਦੇ ਸੁਪਨੇ ਕਿਉਂ ਆਉਣ ਲੱਗੇ ਨੇ? ਪਹਿਲਾਂ ਬੇਗ਼ਮ ਦੀ ਗੁੱਤ ਮੁੰਨ ਛੱਡੀ। ਹੁਣ ਅਕਬਰ ਦੀਆਂ ਮੁੱਛਾਂ ਕੱਟ ਦਿੱਤੀਆਂ। ਅਕਬਰ ਦੀਆਂ

ਫੌਜਾਂ ਪਿੰਡੀ ਵੱਲ ਚੜ੍ਹੀਆਂ ਆਉਂਦੀਆਂ ਦਿਸਦੀਆਂ ਨੇ। ਕਿਤੇ ਅਕਬਰ ਨਾਲ ਟੱਕਰ ਤਾਂ ਨਹੀਂ ਹੋਵਣ ਵਾਲੀ ? ਮੈਂ ਤਾਂ ਉਡੀਕਨਾ ਪਿਆਂ ਓਸ ਘੜੀ ਨੂੰ।' ਆਖਕੇ ਦੁੱਲੇ ਨੇ ਰਜ਼ਾਈ ਉਪਰ ਖਿੱਚ ਲਈ ਤੇ ਆਪਣਾ ਮੂੰਹ ਵੀ ਉਸ ਵਿਚ ਲਕੋ ਲਿਆ।

ਰਜ਼ਾਈ ਅੰਦਰਲੇ ਹਨੇਰੇ ਵਿਚ ਫਿਰ ਦਿੱਸਣ ਲੱਗੇ ਅਕਬਰ ਨੂੰ ਦੁੱਲਾ ਘੂਰਨ ਲੱਗਾ— 'ਅਕਬਰਾ ਏਹ ਤਰ੍ਹਾਂ ਟੱਕਰਣ ਨਾਲੋਂ ਮੈਦਾਨ 'ਚ ਦੱਸ ਕਦੋਂ ਟੱਕਰਨਾ ਈ।'

ਲੱਧੀ ਕੁਝ ਪਲ ਖੜ੍ਹੀ ਰਜਾਈ ਅੰਦਰ ਦੁੱਲੇ ਨੂੰ ਬੁੜ ਬੁੜ ਕਰਦੇ ਨੂੰ ਵੇਖਦੀ ਰਹੀ, ਫਿਰ ਠੰਡਾ ਸਾਹ ਭਰਕੇ ਉਸਦੀ ਕੋਠੜੀ ਵਿਚੋਂ ਬਾਹਰ ਆ ਗਈ।

* * * *

ਮਸੀਤ ਵਾਲੇ ਪਾਸੇ, ਬੋਹੜਾਂ ਲਾਗਿਓ ਦੀ ਜਿਹੜੀ ਢਲਾਣ ਦਰਿਆ ਨਾਲ ਉਤਰਦੀ ਹੈ, ਉਧਰ ਕੰਢੇ ਦੇ ਨਾਲ ਵਹਿਣ ਦੀ ਦਿਸ਼ਾ ਵਿਚ ਤੁਰੇ ਜਾਈਏ ਤਾਂ ਦੱਬ੍ਹ ਕਾਈ੍ਹ ਸਰਕੜਿਆਂ ਦਾ ਸੰਘਣਾ ਝੱਲ ਹੈ, ਵਿਚ ਦਲਦਲ ਵੀ ਹੈ। ਜੇ ਕੋਈ ਏਧਰੋਂ ਲੰਘੇ ਤਾਂ ਪੈਰਾਂ ਦੇ ਖੜਾਕ ਸੁਣਕੇ ਡੱਡੂ ਕੱਛੂ ਦਰਿਆ ਵਿਚ ਛਾਲਾਂ ਮਾਰਨ ਲਗਦੇ ਹਨ। ਕਈ ਵਾਰ ਤਾਂ ਖ਼ਤਰਨਾਕ ਸੱਪ ਵੀ ਰੀਂਗਦੇ ਫਿਰਦੇ ਦਿਸਦੇ ਹਨ।

ਪਹੁ ਫੁਟਾਲਾ ਅਜੇ ਹੋਇਆ ਨਹੀਂ ਹੈ। ਉਸ ਵੇਲੇ ਦੀ ਨਮਾਜ਼ ਦੀ ਮੱਧਮ ਜਿਹੀ ਬਾਂਗ ਦੀ ਆਵਾਜ਼ ਦੁੱਲੇ ਨੂੰ ਸੁਣੀ। ਉਹ ਸਰਕੜਿਆਂ ਤੋਂ ਥੋੜ੍ਹਾ ਹਟਕੇ ਮਿੱਟੀ ਦੀ ਇਕ ਉੱਚੀ ਜੇਹੀ ਢੇਰੀ ਉਪਰ ਬੈਠਾ ਸੀ। ਅਸਮਾਨ ਵਿਚ ਤਾਰੇ ਅਜੇ ਖਿੜੇ ਹੋਏ ਸਨ। ਗਾਹਣੇ ਲੁਹਾਰ ਦੀ ਦਾਤਰੀ ਬਣਿਆ ਚੰਨ, ਦੁੱਲੇ ਨੂੰ ਆਪਣੇ ਵੱਲ ਟਿਕਟਕੀ ਲਗਾ ਕੇ ਦੇਖ ਰਿਹਾ ਜਾਪਿਆ। ਠੰਢ ਕਾਂਬਾ ਛੇੜ ਰਹੀ ਸੀ।

ਚੁਫੇਰੇ ਸੁੰਨ ਸਰਾਂ ਸੀ। ਦਰਿਆ ਚੁੱਪ ਚਾਪ ਵਹਿ ਰਿਹਾ ਸੀ। ਪਲ ਪਲ ਘੱਟ ਰਹੀ ਚੰਨ ਤਾਰਿਆਂ ਦੀ ਮੱਧਮ ਜੇਹੀ ਲੋਅ ਚੁੱਪ ਸੀ। ਸਵੇਰੇ ਵੇਲੇ ਦੀ ਯਖ਼ ਹਵਾ ਚੁੱਪ ਸੀ। ਏਥੋਂ ਥੋੜ੍ਹੀ ਦੂਰ ਅੰਬਾਂ ਦੀ ਝਿੜੀ ਚੁੱਪ ਸੀ। ਸਰਕੜਿਆਂ ਵਿਚ ਛੁਪੇ ਬੈਠੇ ਬੀਂਡੇ, ਡੱਡੂ ਤੇ ਹੋਰ ਸੱਪ-ਸਲੂਤੇ ਚੁੱਪ ਸਨ। ਰਾਤੀਂ ਵੇਖੇ ਸੁਪਨੇ ਕਾਰਨ ਦੁੱਲਾ ਡਾਹਢਾ ਪ੍ਰੇਸ਼ਾਨ ਸੀ ਤੇ ਉਸਦਾ ਦਹਾੜ ਮਾਰ ਕੇ ਏਸ ਭਿਆਨਕ ਚੁੱਪ ਦੇ ਲੰਗਾਰ ਲਾਹਣ ਨੂੰ ਜੀ ਕਰਦਾ ਸੀ।

ਫੇਰ ਉਹ ਆਪਣੇ ਕੋਲ ਹਥਿਆਰਾਂ ਅਤੇ ਬੰਦਿਆਂ ਦੇ ਲੇਖੇ ਜੋਖੇ ਕਰਨ ਲੱਗਾ। ਘੋੜੇ ਵੀ ਹੈਗੇ ਨੇ, ਰਾਸ਼ਨ ਪਾਣੀ ਦੀ ਘਾਟ ਵੀ ਨਈਂ ਆਉਣ ਲੱਗੀ। ਕਿੰਨੀ ਕੁ ਲੰਮੀ ਟੱਕਰ ਹੋ ਸਕਦੀ ਏ.....। ਇਕ ਵਾਰ ਤਾਂ ਮੁਗਲੇਟਿਆਂ ਦੇ ਆਹੂ ਲਾਹ ਦਿਆਂਗੇ। ਬੰਦੇ ਲੋੜ ਪੈਣ ਤੇ ਧੋਖਾ ਤਾਂ ਨਹੀਂ ਦੇ ਜਾਣਗੇ ? ਵੇਖੀ ਜਾਏਗੀ ਹੁਣ ਤਾਂ। ਕੀ ਹੈ ਭੱਟੀਆਂ ਦੇ ਲਹੂ ਵਿਚ ? ਕੰਡਾ ਪਿੰਡੀ ਵਾਲਿਆਂ ਨੂੰ ਚੁਭਦਾ ਏ, ਪੀੜ ਸਾਨੂੰ ਹੁੰਦੀ ਏ। ਇਹ ਪੀੜ ਚੌਧਰੀਆਂ ਨੂੰ ਕਿਉਂ ਨਹੀਂ ਹੁੰਦੀ ? ਨਾ ਮੌਲਵੀ ਨੂੰ ਹੁੰਦੀ ਏ ਨਾ ਦੁਰਗੇ ਬ੍ਰਾਹਮਣ ਨੂੰ ਹੁੰਦੀ ਏ।'

ਹੁਣ ਆਪਣੇ ਬੰਦਿਆਂ ਦੀ ਪੜਤਾਲ ਕਰਵਾਣੀ ਪੈਣੀ ਊ। ਹੁਣ ਝਿੜੀ ਅੰਦਰ ਮੌਜ-ਮਸਤੀਆਂ ਕਰਨ ਦਾ ਵੇਲਾ ਨਹੀਂ ਹੈਗਾ। ਚੌਧਰੀਆਂ 'ਤੇ ਮੌਲਵੀ ਨਾਲ ਬਹਿਸ ਕਰਨ ਦਾ ਵੇਲਾ ਵੀ ਨਹੀਂ ਰਿਹਾ। ਹੁਣ ਧਿਆਨ ਏਧਰ ਲਾਣਾ ਪੈਣਾ ਈ। ਲੋਕਾਂ ਨੂੰ ਆਪਣੇ ਨਾਲ ਜੋੜਨਾ ਪੈਣਾ ਈ। ਬਾਬਾ ਚਿਰਾਗ਼ਦੀਨ ਆਖਦਾ ਹੁੰਦਾ,—'ਜੇ ਲੋਕ ਨਾਲ ਨੇ ਤਾਂ ਹਾਕਮਾਂ ਦੀਆਂ ਫੌਜਾਂ ਨੂੰ ਭਾਜੜਾਂ ਪਾਣੀਆਂ ਔਖੀਆਂ ਨਹੀਂ ਹੁੰਦੀਆਂ। ਲੜਨ ਦਾ ਵੱਲ ਆਣਾ ਚਾਹੀਦਾ ਏ।' ਤੇ ਲੜਨ ਦਾ ਵੱਲ ਤਾਂ ਮੇਰੇ ਬੰਦੇ ਸਿੱਖ ਰਹੇ ਨੀ। ਮੈਂ ਉਹਨਾਂ ਨੂੰ ਦੱਸਾਂਗਾ,...ਸੁੱਖ ਦੀ ਨੀਂਦਰ ਲੈਣ ਦਾ ਵੇਲਾ ਲੰਘ ਗਿਆ ਈ। ਹੁਣ ਜਾਗਦੇ ਰਹਿਣਾ ਹੋਏਗਾ। ਜਾਗਦਿਆਂ ਉਪਰ ਬਾਦਸ਼ਾਹ ਦੀ ਮਰਜ਼ੀ ਨਹੀਂ ਚਲਦੀ, ਜਾਗਦਿਆਂ ਨੂੰ ਸੰਗਲ ਮਾਰਨੇ ਬੜੇ ਔਖੇ ਨੇ।.....

ਪੂਰਬ ਦੀ ਕੁੱਖ ਵਿਚ ਸਰਘੀ ਰੱਤੀ ਰੱਤੀ ਦਿਸਣ ਲੱਗ ਪਈ। ਦੁੱਲੇ ਨੇ ਵੇਖਿਆ ਤਾਰੇ ਅਲੋਪ ਹੋ ਰਹੇ ਸਨ। ਹਨੇਰਾ ਛਟ ਰਿਹਾ ਸੀ ਦਰਿਆ ਦੇ ਪਰਲੇ ਕੰਢੇ ਦੁੱਲੇ ਨੂੰ ਕਾਲਾ ਪਰਛਾਵਾਂ ਜੇਹਾ ਦਿਸਿਆ, ਸ਼ਾਇਦ ਕੋਈ ਜਾਨਵਰ ਪਾਣੀ ਪੀਣ ਆਇਆ ਸੀ। ਦੁੱਲਾ ਉਠਿਆ, ਆਪਣੀ ਹਵੇਲੀ ਵੱਲ ਜਾਣ ਦੀ ਬਜਾਏ ਸਿੱਧਾ ਗਾਹਣੇ ਲੁਹਾਰ ਦੇ ਘਰ ਵੱਲ ਤੁਰ ਪਿਆ।

## 35.

ਸ਼ਾਹੀ ਕਿਲ੍ਹੇ ਅੰਦਰ ਤਖ਼ਤ ਲਾਹੌਰ ਦਾ ਦਰਬਾਰ

ਬਾਦਸ਼ਾਹ ਅਕਬਰ ਦੀ ਅਰਾਮ-ਗਾਹ ਤੋਂ ਲੈ ਕੇ ਦਰਬਾਰ ਤੱਕ ਮਖਮਲੀ ਗਲੀਚੇ ਵਿਛੇ ਹੋਏ ਸਨ। ਸੂਬਾ ਲਾਹੌਰ, ਅਮੀਰ, ਵਜ਼ੀਰ ਮਨਸਬਦਾਰ ਅਤੇ ਦਰਬਾਰੀ ਸ਼ਹਿਨਸ਼ਾਹ ਦੀ ਉਡੀਕ ਵਿਚ ਸਨ।

ਬਾਦਸ਼ਾਹ ਦੇ ਹੁਕਮ 'ਤੇ ਸ਼ਾਹੀ ਕਾਇਦੇ ਕਨੂੰਨ ਅਤੇ ਹਕੂਮਤੀ ਅੰਦਾਜ਼ ਵਿਚ ਪਾਨਾਂ ਦਾ ਬੀੜਾ ਅਤੇ ਤਲਵਾਰ ਮਿਆਨ ਵਿਚੋਂ ਬਾਹਰ ਕੱਢ ਕੇ ਰੱਖ ਦਿੱਤੀ ਗਈ ਸੀ। ਦਰਬਾਰੀ ਜਾਣਦੇ ਸਨ, ਇਹ ਪਿਰਤ ਮੰਗੋਲਾਂ ਅਤੇ ਚੰਗੇਜ਼ ਖਾਨ ਨੇ ਪਾਈ ਹੋਈ ਸੀ। ਇਸਦਾ ਮਕਸਦ ਹੁੰਦਾ ਸੀ ਜਿਹੜਾ ਸਖਸ਼ ਜਾਂ ਸੂਰਮਾ ਬਾਦਸ਼ਾਹ ਦੇ ਇਰਾਦੇ ਦੀ ਪੂਰਤੀ ਲਈ ਬੀੜਾ ਉਠਾਏਗਾ, ਉਹੀ ਸਖਸ਼ ਤਲਵਾਰ ਨੂੰ ਮਿਆਨ ਵਿਚ ਪਾਏਗਾ।

ਪੂਰਾ ਦਰਬਾਰ ਪਾਨਾਂ ਦਾ ਬੀੜਾ ਅਤੇ ਮਿਆਨ ਵਿਚੋਂ ਬਾਹਰ ਕੱਢੀ ਚੌਂਕੀ ਉਪਰ ਰੱਖੀ ਤਲਵਾਰ ਵੱਲ ਬਾਰ ਬਾਰ ਦੇਖ ਰਿਹਾ ਸੀ।

ਤਦੇ ਪਹਿਰੇਦਾਰ ਦੀ ਆਵਾਜ਼ ਸੁਣੀ:

—ਹੋਸ਼ਿਆਰ, ਖ਼ਬਰਦਾਰ ਜਹਾਂਪਨਾਹ, ਕਿਬਲਾਏ ਆਲਮ, ਰਮੂਜ਼ੇ ਸੁਲਤਨਤ ਸ਼ਾਹਿਨਸ਼ਾਹ-ਏ-ਹਿੰਦ ਜਲਾਲਦੀਨ ਅਕਬਰ ਪਧਾਰ ਰਹੇ ਹਨ।"

ਤਮਾਮ ਹਾਜ਼ਰ ਵਿਅਕਤੀ ਸਾਵਧਾਨ ਹੋ ਗਏ ਅਤੇ ਅਧ-ਝੁਕੇ ਸਲਾਮ ਕਰਨ ਦੀ ਮੁਦਰਾ ਵਿਚ ਖੜ੍ਹੇ ਹੋ ਗਏ।

ਅਕਬਰ ਸ਼ਹਿਨਸ਼ਾਹੀ ਅੰਦਾਜ਼ ਵਿਚ ਤੁਰਦਾ ਆਪਣੇ ਤਖ਼ਤ ਉਪਰ ਆ ਬੈਠਾ। ਉਸਦਾ ਇਸ਼ਾਰਾ ਪਾਕੇ ਦਰਬਾਰੀ ਅਤੇ ਬਾਕੀ ਸਾਰੇ ਵੀ ਉਠ ਗਏ।

ਤਖ਼ਤ ਉਪਰ ਬੈਠਦਿਆਂ ਹੀ ਅਕਬਰ ਨੇ ਸਭਨਾਂ ਵੱਲ ਵਾਰੀ ਵਾਰੀ ਨਿਗਾਹ ਫੇਰੀ ਤੇ ਆਖਰ ਉਸਦੀ ਨਜ਼ਰ ਪਾਨਾਂ ਦੇ ਬੀੜੇ ਅਤੇ ਚੌਂਕੀ ਉਪਰ ਪਈ ਨੰਗੀ ਤਲਵਾਰ ਉਪਰ ਜਾ ਟਿਕੀ।

ਦਰਬਾਰ ਵਿਚ ਸਨਾਟਾ ਛਾਇਆ ਹੋਇਆ ਸੀ। ਕੁਝ ਦਰਬਾਰੀਆਂ ਨੂੰ ਤਾਂ ਆਪਣੇ ਦਿਲ ਧੜਕਦੇ ਵੀ ਸੁਣਾਈ ਦੇ ਰਹੇ ਸਨ। ਦਰਬਾਰ ਵਿਚ ਏਨੀ ਚੁੱਪ ਸੀ, ਕਿਲ੍ਹੇ ਦੀ ਫ਼ਸੀਲ ਨਾਲ ਖਹਿ ਕੇ ਵਗਦੇ ਰਾਵੀ ਦਰਿਆ ਦੀਆਂ ਛੱਲਾਂ ਦਾ ਸ਼ੋਰ ਸੁਣਾਈ ਦੇਣ ਲੱਗਾ।

ਸ਼ਹਿਨਸ਼ਾਹ ਨੇ ਅਬੁਲ ਫਜ਼ਲ ਵੱਲ ਤੱਕਿਆ। ਉਹ ਝੱਟ ਉੱਠ ਖੜ੍ਹਾ। ਬਾਦਸ਼ਾਹ ਦੇ ਹਰ ਇਸ਼ਾਰੇ ਨੂੰ ਸਮਝਣ ਵਿਚ ਉਸਦੀ ਮੁਹਾਰਤ ਸੀ। ਉਹ ਦਰਬਾਰੀਆਂ ਨੂੰ ਮੁਖ਼ਾਤਿਬ ਹੋਇਆ।

"ਕਿਬਲਾਏ ਆਲਮ, ਜਹਾਂਪਨਾਹ ਕਾ ਖ਼ਾਸ ਹੁਕਮ ਹੈ। ਦੁੱਲਾ ਉਰਫ ਦੁੱਲਾ ਭੱਟੀ ਸਾਂਦਲ ਬਾਰ ਕਾ ਬਾਗੀ, ਫ਼ਰੀਦ ਕਾ ਪੁੱਤਰ, ਸਾਂਦਲ ਕਾ ਪੋਤਰਾ, ਸਾਕਨ ਪਿੰਡੀਂ ਗ੍ਰਿਫ਼ਤਾਰ



ਹੋਣਾ ਚਾਹੀਏ। ਜਿੰਦਾ। ਜਹਾਂ ਪਨਾਹ, ਦੁੱਲਾ ਕੈਦ ਕਰਨੇ ਵਾਲੇ ਕੋ ਜਗੀਰਾਂ ਵਾ ਇਨਾਮਾਂ ਸੇ ਮਾਲਾ ਮਾਲ ਕਰ ਦੇਂਗੇ। ਦਰਬਾਰ ਮੈਂ ਉਸਕੋ ਰੁਤਬਾ ਹਾਸਲ ਹੋਗਾ। ਜਹਾਂ ਪਨਾਹ ਕੀ ਤਰਫ਼ ਸੇ ਹਰ ਕਿਸਮ ਕੀ ਇਮਦਾਦ ਹਾਸਲ ਹੋਵੇਗੀ।"

ਐਲਾਨ ਤੋਂ ਬਾਅਦ ਵੀ ਦਰਬਾਰ ਵਿਚ ਪਹਿਲਾਂ ਵਾਂਗ ਹੀ ਸਨਾਟਾ ਛਾਇਆ ਰਿਹਾ। ਸਾਰੇ ਦਰਬਾਰੀ ਅਤੇ ਦੂਸਰੇ ਡਰੇ ਹੋਏ ਇਕ ਦੂਸਰੇ ਵੱਲ ਤੱਕਣ ਲੱਗੇ। ਬਾਦਸ਼ਾਹ ਤਿੱਖੀ ਨਜ਼ਰ ਨਾਲ ਸਭਨਾਂ ਨੂੰ ਤਾੜਨ ਲੱਗਾ।

ਸ਼ਹਿਨਸ਼ਾਹ-ਏ-ਹਿੰਦ ਹੈਰਾਨ ਸੀ, ਪ੍ਰੇਸ਼ਾਨ ਵਧੇਰੇ ਸੀ। ਉਹ ਸੋਚਣ ਲੱਗਾ।....... ਕੀ ਦੁੱਲਾ ਏਡੀ ਵੱਡੀ ਵੰਗਾਰ ਹੈ ਹਕੂਮਤ ਲਈ ? ਮੇਰੇ ਸਿਪਾਹਸਲਾਰ ਵੀ ਮਿਆਨ ਵਿਚੋਂ ਕੱਢੀ ਤਲਵਾਰ ਵੱਲ ਅੱਖ ਪੁੱਟ ਕੇ ਵੇਖਣ ਲਈ ਤਿਆਰ ਨਹੀਂ। ਕੀ ਇਹ ਸਾਰੇ ਏਨਾ ਵੀ ਨਹੀਂ ਸਮਝ ਸਕਦੇ,—ਸ਼ਹਿਨਸ਼ਾਹ ਨੂੰ ਦੁੱਲੇ ਜੇਹਿਆਂ ਤੋਂ ਔਰ ਉਹਨਾਂ ਵੱਲੋਂ ਉਕਸਾਏ ਜਾ ਰਹੇ ਨਾਬਰੀ ਦੇ ਵਿਚਾਰਾਂ ਤੋਂ ਭਾਰੀ ਖ਼ਤਰਾ ਹੈ ? ਮੁਗ਼ਲ ਸਲਤਨਤ ਵਿਚ ਕਿਸੇ ਨੂੰ ਉੱਚੀ ਧੌਣ ਕਰਕੇ ਜਿਉਣ ਦੀ ਮਨਾਹੀ ਹੈ ਔਰ ਖਾਸ ਕਰਕੇ ਬਾਰ ਦੇ ਬਸਿੰਦਿਆਂ ਨੂੰ, ਜੋ ਨਾਬਰੀ ਦੇ ਝੰਡੇ ਬੁਲੰਦ ਕਰੀ ਫਿਰਦੇ ਨੇ। ਲਿਹਾਜ਼ਾ ਇਹਨਾਂ ਨੂੰ ਮਿੱਟੀ ਵਿਚ ਰੋਲ ਕੇ ਖ਼ਲਕਤ ਸਾਹਮਣੇ ਨੀਵਾਂ ਦਿਖਾਉਣਾ ਜਰੂਰੀ ਹੈ। ਮੇਰੀ ਖਵਾਹਿਸ਼ ਹੈ, ਦੁੱਲੇ ਭੱਟੀ ਨੂੰ ਜੀਂਦੇ ਜੀ ਨਰੜ ਕੇ ਮੇਰੇ ਸਾਹਮਣੇ ਪੇਸ਼ ਕੀਤਾ ਜਾਏ। ਅਸੀਂ ਉਸਨੂੰ ਆਪਣੀ ਹਯਾਤੀ ਲਈ ਭੀਖ ਮੰਗਦਾ ਵੇਖਣਾ ਚਾਹੁੰਦੇ ਹਾਂ।.......ਪਰ ਇਹ ਸਾਰੇ ਜਨਾਨੀਆਂ ਵਾਂਗ ਨੀਵੀਆਂ ਪਾਈ...........।

ਦਰਬਾਰੀਆਂ, ਵਜ਼ੀਰਾਂ, ਮਨਸਬਦਾਰਾਂ ਦੇ ਝੁਕੇ ਸਿਰ ਵੇਖਕੇ ਬਾਦਸ਼ਾਹ ਦੀਆਂ ਅੱਖਾਂ ਵਿਚ ਸੁਰਖੀ ਉੱਤਰ ਆਈ।

ਠੀਕ ਇਸ ਵੇਲੇ, ਕੰਧਾਰ ਫਤਿਹ ਕਰਕੇ ਆਇਆ ਮਿਰਜ਼ਾ ਨਿਜਾਮੁਦੀਨ ਦਰਬਾਰ ਵਿਚ ਆਇਆ ਅਤੇ ਉਸਨੇ ਫਰਸ਼ੀ ਸਲਾਮ ਕੀਤਾ।

—ਤਸਲੀਮਾਤ ਜਹਾਂ ਪਨਾਹ।'

ਨਿਜਾਮੁਦੀਨ ਦੇ ਚਿਹਰੇ ਉਪਰ ਕੰਧਾਰ ਫਤਿਹ ਕਰਨ ਦਾ ਗਰੂਰ ਝਲਕ ਰਿਹਾ ਸੀ। ਪਹਿਲਾਂ ਉਹ ਦਰਬਾਰ ਦੀ ਸਾਜ਼ਸ਼ੀ ਚੁੱਪ ਤੋਂ ਹੈਰਾਨ ਹੋਇਆ। ਜਦ ਉਸਨੂੰ ਦਰਬਾਰੀਆਂ ਦੀਆਂ ਝੁਕੀਆਂ ਧੌਣਾਂ ਦੀ ਅਸਲੀਅਤ ਮਾਲੂਮ ਹੋਈ ਤਾਂ ਉਸਨੇ ਤੁਰੰਤ ਜਾਕੇ ਪਾਨਾਂ ਦਾ ਬੀੜਾ ਮੂੰਹ ਵਿਚ ਪਾਇਆ ਅਤੇ ਤਲਵਾਰ ਚੁੱਕ ਕੇ ਮਿਆਨ ਵਿਚ ਪਾ ਦਿੱਤੀ।

ਇਕ ਵਾਰ ਫਿਰ ਨਿਜਾਮੁਦੀਨ ਨੇ ਸ਼ਹਿਨਸ਼ਾਹ ਨੂੰ ਪੂਰਾ ਝੁਕਕੇ ਸਲਾਮ ਆਖੀ ਤੇ ਅਰਜ਼ ਕੀਤਾ—'ਹੁਕਮ ਦੀ ਤਾਮੀਲ ਕਰਨ ਦੀ ਇਜਾਜ਼ਤ ਦੇਵੋ ਜਹਾਂ ਪਨਾਹ।'

—ਇਜਜ਼ਾਤ ਹੈ।' ਦਰਬਾਰੀਆਂ ਅਤੇ ਹਾਜ਼ਰ ਮੁਹਤਬਰਾਂ ਨੂੰ ਅਕਬਰ ਦੀ ਪ੍ਰਭਾਵਸ਼ਾਲੀ ਆਵਾਜ਼ ਸੁਣੀ—'ਫਤਿਹ ਨਸੀਬ ਹੋਈ ਤਾਂ ਜਗੀਰਾਂ, ਮਰਤਬੇ ਔਰ ਕੁੱਲ ਫੌਜ ਦੀ ਮੁਖ਼ਤਾਰੀ ਹਾਸਲ ਹੋਵੇਗੀ। ਖ਼ਿਆਲ ਰਹੇ, ਦੁੱਲਾ ਅਸਾਂ ਸਾਹਮਣੇ ਜਿੰਦਾ ਪੇਸ਼ ਹੋਣਾ ਚਾਹੀਏ।'

—ਜਹਾਂ ਪਨਾਹ, ਮੇਰਾ ਪਿੰਡੀ ਜਾਣਾ ਔਰ ਵਾਪਸ ਆਣਾ ਹੀ ਏ। ਇਨਸ਼ਾ-ਅੱਲਾਹ ਦੁੱਲਾ ਸ਼ਹਿਨਸ਼ਾਹ-ਏ-ਹਿੰਦ ਦੇ ਕਦਮਾਂ ਵਿਚ ਹੋਵੇਗਾ।'

—ਆਮੀਨ।' ਸਾਰੇ ਹਾਜ਼ਰ ਇਕੱਠੇ ਬੋਲ ਪਏ ਅਤੇ ਦੁਆ ਲਈ ਉਹਨਾਂ ਦੇ ਹੱਥ ਅਸਮਾਨ ਵੱਲ ਉੱਠੇ।

—ਕੂਚ ਦੀ ਤਿਆਰ ਕਰੋ।' ਅਕਬਰ ਨੇ ਹੁਕਮ ਸੁਣਾਇਆ।

—ਮਿਰਜ਼ਾ ਨਿਜਾਮੁਦੀਨ ਉਤਸ਼ਾਹ ਦੇ ਖ਼ਾਸ ਰੌਂਅ ਵਿਚ ਤੇਜ਼ੀ ਨਾਲ ਦਰਬਾਰ ਵਿਚੋਂ ਚਲਿਆ ਗਿਆ।

ਦਰਬਾਰ ਵਿਚ ਕਾਨਾ ਫੂਸੀ ਹੋਣ ਲੱਗੀ।

ਕੋਤਵਾਲ ਨੇ ਆ ਕੇ ਸ਼ਹਿਨਸ਼ਾਹ ਨੂੰ ਇਤਲਾਹ ਦਿੱਤੀ—'ਪੰਜਾਬ ਦੇ ਮੱਲ ਮਹਿਤੇ ਦੂਰੋਂ ਦੂਰੋਂ ਆਪਣੇ ਇਲਾਕੇ ਦੀਆਂ ਵਾਰਦਾਤਾਂ ਬਾਰੇ ਇਤਲਾਹ ਕਰਨ ਆਏ ਹੋਏ ਨੇ।

—ਪੇਸ਼ ਕਰੋ।' ਅਕਬਰ ਵੀ ਆਪਣਾ ਧਿਆਨ ਦੁੱਲੇ ਵਲੋਂ ਹਟਾਉਣਾ ਚਾਹੁੰਦਾ ਸੀ।

ਸੂਈਏ, ਮੁਖਬਰ ਅਤੇ ਚੌਧਰੀ ਪੇਸ਼ ਹੁੰਦੇ ਰਹੇ। ਕੁਝ ਵਪਾਰੀ, ਸ਼ਾਹੂਕਾਰ ਤੋਹਫੇ ਲੈ ਕੇ ਆਏ। ਅਕਬਰ ਕੁਝ ਕੁਝ ਖੁਸ਼ੀ ਦੇ ਰੌਂਅ ਵਿਚ ਆਉਣ ਲੱਗਾ। ਕਦੇ ਕਦੇ ਬੀਰਬਲ ਵਪਾਰੀਆਂ ਸ਼ਾਹੂਕਾਰਾਂ ਨੂੰ ਨਿਸ਼ਾਨਾ ਬਣਾਕੇ ਆਪਣੇ ਫ਼ਨ ਦਾ ਮੁਜਹਰਾ ਕਰਦਾ ਤਾਂ ਬਾਦਸ਼ਾਹ ਹੱਸਣ ਲਗਦਾ। ਬਾਦਸ਼ਾਹ ਨੂੰ ਹੱਸਦੇ ਵੇਖ ਦਰਬਾਰੀਆਂ ਅਤੇ ਹੋਰਾਂ ਨੂੰ ਵੀ ਹੱਸਣਾ ਪੈਂਦਾ।

ਆਖਰ ਵਿਚ ਇਕ ਸ਼ਾਹੀ ਉਲਮਾਹ ਉਠਿਆ:

—ਹਜ਼ੂਰ ਦੀ ਇਜਾਜ਼ਤ ਹੋਵੇ ਤਾਂ ਅਰਜ਼ ਕਰਾਂ— ?'

ਬਾਦਸ਼ਾਹ ਉਸ ਵੱਲ ਰਜਾਮੰਦੀ ਦੇਣ ਵਾਂਗ ਝਾਕਿਆ।

—ਜਹਾਂਪਨਾਹ, ਏਥੇ ਲਾਹੌਰ ਵਿਚ ਇਕ, ਫੱਕਰ ਸਾਈਂ ਫਿਰਦਾ ਰਹਿੰਦਾ ਏ। ਹਜ਼ੂਰ ਪਾਸ ਪਹਿਲਾਂ ਵੀ ਸ਼ਿਕਾਇਤਾਂ ਪੁੱਜੀਆਂ ਨੇ, ਉਹ ਖ਼ੁਦ ਨੂੰ ਸੂਫ਼ੀ ਅਖਵਾਂਦਾ ਏ। ਇਸਲਾਮੀ ਸ਼ਰਾਂ ਦੇ ਵਿਰੁਧ ਉਸਨੇ ਦਾੜ੍ਹੀ-ਮੁੱਛਾਂ ਕਟਵਾ ਦਿੱਤੀਆਂ ਹੋਈਆਂ ਨੇ। ਹਿੰਦੂ ਪੀਰਾਂ ਵਾਂਗ ਲਾਲ ਕੱਪੜੇ ਪਾਂਦਾ ਏ। ਇਕ ਹਿੰਦੂ ਲੜਕਾ ਮਾਧੋ ਲਾਲ ਆਪਣੇ ਨਾਲ ਰੱਖਦਾ ਏ ਤੇ ਉਸਦੇ ਨਾਲ ਗਲੀਆਂ ਵਿਚ ਨੱਚਦਾ ਫਿਰਦਾ ਏ। ਇਹ ਫ਼ਕੀਰ ਸ਼ਰੀਅਤ ਵਿਰੁਧ ਹਰਕਤਾਂ ਕਰਦਾ ਏ। ਏਹਦੇ ਕਾਰਨ ਇਸਲਾਮ ਦੀ ਤੌਹੀਨ ਹੁੰਦੀ ਏ ਤੇ ਮਜ਼ਹਬ ਨੂੰ ਵੱਡਾ ਖ਼ਤਰਾ ਏ।'

—ਕੌਣ ਫ਼ਕੀਰ ਏ ?'

—ਹਜ਼ੂਰ ਉਹ ਆਪਣੇ ਆਪ ਨੂੰ ਸਾਈਂ ਸ਼ਾਹ-ਹੁਸੈਨ ਅਖਵਾਂਦਾ ਏ।' ਉਲਮਾਹ ਨੇ ਦੱਸਿਆ।

—ਕੋਤਵਾਲ' ਬਾਦਸ਼ਾਹ ਗੁੱਸੇ ਵਿਚ ਬੋਲਿਆ।

—ਕੋਤਵਾਲ ਨੇ ਝੱਟ ਹਾਜ਼ਰ ਹੋਕੇ ਸਲਾਮ ਆਖੀ।

—ਫ਼ਕੀਰ ਸ਼ਾਹ ਹੁਸੈਨ, ਜੋ ਵੀ ਹੈ, ਹੱਥਕੜੀਆਂ ਔਰ ਬੇੜੀਆਂ ਲਗਾਕੇ ਦਰਬਾਰ ਵਿਚ ਹਾਜ਼ਰ ਕੀਤਾ ਜਾਏ।' ਹੁਕਮ ਦੇਕੇ ਬਾਦਸ਼ਾਹ ਸਾਹੀ ਉਲਮਾਹ ਵੱਲ ਝਾਕਿਆ ਤੇ ਫੁਰਮਾਇਆ—'ਕੱਲ੍ਹ ਦਰਬਾਰ ਵਿਚ ਸਾਈਂ ਦੀ ਪੇਸ਼ੀ ਵੇਲੇ ਸਾਰੇ ਉਲਮਾਹ ਹਾਜ਼ਰ ਰਹਿਣਗੇ।'

ਕੋਤਵਾਲ ਸਲਾਮ ਕਰਕੇ ਚਲਿਆ ਗਿਆ।

****

ਸਾਈਂ ਸ਼ਾਹ ਹੁਸੈਨ ਲਾਹੌਰ ਦੀਆਂ ਗਲੀਆਂ ਵਿਚ ਗਾਉਂਦਾ ਘੁੰਮ ਰਿਹਾ ਸੀ। ਮਾਧੋ ਲਾਲ ਵੀ ਨਾਲ ਸੀ। ਪਹਿਲਾਂ ਸ਼ਾਹ ਹੁਸੈਨ ਬੋਲ ਕੱਢਦਾ। ਪਿੱਛੇ ਹੀ ਮਾਧੋ ਲਾਲ ਬੋਲ ਚੁੱਕਦਾ:

ਚੀਰੀ ਆਈ ਢਿੱਲ ਨਾ ਕਾਈ,
ਕਿਆ ਰਾਜਾ ਕਿਆ ਰਾਣਾ।......ਚੀਰੀ ਆਈ ਢਿੱਲ ਨਾ ਕਾਈ........



ਸੂਹੀਆਂ, ਮੁਖਬਰਾਂ ਕੋਤਵਾਲ ਤੱਕ ਖ਼ਬਰ ਪਹੁੰਚਾ ਦਿੱਤੀ। ਸਿਪਾਹੀ ਨਾਲ ਲੈ ਕੇ ਉਹ ਝੱਟ ਰਵਾਨਾ ਹੋ ਗਿਆ ਤੇ ਸ਼ਾਹ ਹੁਸੈਨ ਨੂੰ ਆ ਫੜਿਆ। ਸਹਿੰਦਾ ਸਹਿੰਦਾ ਰੋਹਬ ਮਾਰਿਆ:

—ਸਾਈਂ ਲੋਕਾ, ਤੈਨੂੰ ਇਲਮ ਕਾਈ ਨਹੀਂ। ਸ਼ਹਿਨਸ਼ਾਹ ਏਥੇ ਲਾਹੌਰ ਵਿਚ ਏ, ਤੂੰ ਗਲੀਆਂ ਵਿਚ ਭੌਂਦਾਂ ਫਿਰਦਾ ਏਂ ਤੇ ਇਹ ਵੇਸ ਕੀ ਬਣਾਇਆ ਈ ? ਨਾ ਤੂੰ ਮੁਸਲਮਾਨ ਦਿੱਸਦਾ ਏਂ ਨਾ ਹਿੰਦੂ ਦਿੱਸਦਾ ਏਂ ?'

—ਕੌਨ ਸ਼ਹਿਨਸ਼ਾਹ, ਕੌਣ ਪਾਤਸ਼ਾਹ ? ਸਭੇ ਪਾਤਸ਼ਾਹਾਂ ਦਾ ਪਾਤਸ਼ਾਹ ਏ ਮੇਰਾ ਅੱਲਾਹ, ਮੇਰਾ ਖੁਦਾ, ਮੇਰਾ ਸਾਂਵਲਾ। ਬਾਕੀ ਸਭ ਤੇ ਪਿਆਦੇ ਹੈਨ ਮੀਆਂ। ਹੁਕਮ ਆਂਵਦਾ ਏ ਤੇ ਸਭਨਾਂ ਨੂੰ ਲੈ ਵੰਞਦਾ ਏ, ਵਿਚੇ ਈ ਤੇਰਾ ਸ਼ਹਿਨਸ਼ਾਹ— ।' ਸ਼ਾਹ ਹੁਸੈਨ ਨੇ ਅਸਮਾਨ ਵੱਲ ਉਂਗਲੀ ਸਿੱਧੀ ਕੀਤੀ ਤੇ ਫਿਰ ਨੱਚਣ ਲੱਗਾ।

ਡਾਹਢੇ ਦੇ ਪਿਆਦੜੇ ਆਇ,
ਆਕੇ ਹੱਥ ਉਹਨਾਂ ਤਕੜੇ ਪਾਇ,
ਮੇਰਾ ਚਾਰਾ ਕੋਈ ਨਾ ਚੱਲੀ........

—ਸਾਈਂ ਲੋਕਾ ਰੁਕ ਜਾ।' ਕੋਤਵਾਲ ਨੇ ਰੁਤਬੇ ਦਾ ਰੋਹਬ ਮਾਰਿਆ। ਸ਼ਾਹ ਹੁਸੈਨ ਦੇ ਪੈਰ ਥੰਮ ਗਏ।

—ਸ਼ਹਿਨਸ਼ਾਹ ਦਾ ਹੁਕਮ ਏ, ਤੈਨੂੰ ਬੇੜੀਆਂ ਪਾਕੇ ਉਹਨਾਂ ਅੱਗੇ ਪੇਸ਼ ਕਰਾਂ। ਮੈਂ ਤੇਰੀ ਫ਼ਕੀਰੀ ਦੀ ਲਿਹਾਜ ਕਰਨਾ, ਮਤੇ ਕੋਈ ਬਦ-ਅਸੀਸ ਨਾ ਦੇ ਬਹੇਂ। ਜਾਹ ਰਾਵੀ ਪਾਰ ਚਲਾ ਜਾ। ਮੈਂ ਆਖ ਦਿਆਂਗਾ ਬਾਦਸ਼ਾਹ ਨੂੰ, ਮੈਨੂੰ ਸਾਈਂ ਕਿਧਰੇ ਨਹੀਂ ਲੱਭਾ।'

—ਨਾ ਏਥੇ ਤੇਰੇ ਸ਼ਹਿਨਸ਼ਾਹ ਬਹਿ ਰਹਿਣਾ, ਨਾ ਤੇਰੀਆਂ ਕੋਤਵਾਲੀਆਂ ਰਹਿਣੀਆਂ, ਨਾ ਮਨਸਬਦਾਰੀਆਂ ਰਹਿਣੀਆਂ।' ਸ਼ਾਹ ਹੁਸੈਨ ਨੇ ਉੱਪਰ ਅਸਮਾਨ ਵੱਲ ਤਕਦਿਆਂ ਕਿਹਾ।

—ਏਥੇ ਬਾਦਸ਼ਾਹੀਆਂ ਵੀ ਰਹਿਸਣ, ਕੋਤਵਾਲੀਆਂ ਵੀ ਰਹਿਸਣ।' ਮਲਿਕ ਅਲੀ ਕੋਤਵਾਲ ਨੇ ਆਪਣੀ ਧੌਣ ਅਕੜਾ ਕੇ ਕਿਹਾ ਤਾਂ ਸ਼ਾਹ ਹੁਸੈਨ ਫੇਰ ਗਾਉਂਦਿਆਂ ਨੱਚਣ ਲੱਗਾ।

ਕੈਂਦੇ ਘੋੜੇ ਹਸਤੀ ਮੰਦਰ,
ਕੈਂਦਾ ਹੈ ਧਨ ਮਾਲ
ਕਹਾਂ ਗਏ ਮੁੱਲਾਂ, ਕਹਾਂ ਗਏ ਕਾਜ਼ੀ,
ਕਹਾਂ ਗਏ ਕਟਕ ਹਜ਼ਾਰ...........

—ਇਸਨੂੰ ਪਕੜ ਕੇ ਰਾਵੀ ਪਾਰ ਛੱਡ ਆਓ।' ਕੋਤਵਾਲ ਨੇ ਸਿਪਾਹੀਆਂ ਨੂੰ ਹੁਕਮ ਦਿੱਤਾ।

ਦੋ ਸਿਪਾਹੀਆਂ ਨੇ ਨਚਦੇ ਸ਼ਾਹ ਹੁਸੈਨ ਨੂੰ ਕਾਬੂ ਕਰ ਲਿਆ। ਤੀਸਰੇ ਨੇ ਉਸਦੇ ਮੂੰਹ ਉਪਰ ਹੱਥ ਰੱਖ ਕੇ ਗਾਉਣਾ ਬੰਦ ਕਰਾ ਦਿੱਤਾ ਤੇ ਉਸਨੂੰ ਧੂ ਕੇ ਲੈ ਜਾਣ ਲੱਗੇ।

ਇਹ ਅਜਬ ਤਮਾਸ਼ਾ ਵੇਖਣ ਲਈ ਲੰਘਦੇ ਲੋਕ ਜੁੜਨ ਲੱਗੇ। ਕਾਫ਼ੀ ਭੀੜ ਹੋ ਗਈ। ਪਰ ਜਦੋਂ ਕੋਤਵਾਲ ਮਲਿਕ ਅਲੀ, ਹੱਥ ਵਿਚ ਬੈਂਤ ਦਾ ਡੰਡਾ ਫੜੀ, ਖੜ੍ਹੇ ਸ਼ਮਲੇ ਅਤੇ ਗਹਿਰੀਆਂ ਅੱਖਾਂ ਕਰਕੇ ਮੁੱਛਾਂ ਨੂੰ ਤਾਅ ਦਿੰਦਾ ਲੋਕਾਂ ਵੱਲ ਝਾਕਿਆ ਤਾਂ ਨਾ ਦੇਖਣ ਦਾ ਢੌਂਗ ਕਰਦੇ ਲੋਕ ਖਿਸਕਣ ਲੱਗ ਪਏ।

ਧੂਈ ਲਈ ਜਾਂਦੇ ਸ਼ਾਹ ਹੁਸੈਨ ਨੂੰ ਕੋਤਵਾਲ ਨੇ ਦਬਕਾ ਮਾਰਿਆ;

—ਜਦ ਤੀਕ ਸ਼ਹਿਨਸ਼ਾਹ ਲਾਹੌਰ ਵਿਚ ਏ, ਏਧਰ ਮੂੰਹ ਨਹੀਂ ਕਰਨਾ, ਨਹੀਂ ਤੇ ਬੰਦੀਖਾਨੇ ਵਿਚ ਸੁੱਟ ਦੇਣਾ ਈ।'

ਸ਼ਾਹ ਹੁਸੈਨ ਦੀ ਆਵਾਜ਼ ਅਜੇ ਵੀ ਸੁਣਦੀ ਸੀ:

ਕਹਾਂ ਗਏ ਮੁੱਲਾਂ, ਕਹਾਂ ਗਏ ਕਾਜ਼ੀ,
ਕਹਾਂ ਗਏ ਕਟਕ ਹਜ਼ਾਰ..........

* * * *

ਅਗਲੇ ਦਿਨ ਹੀ ਸਿਪਾਹੀ ਹੈਰਾਨ ਰਹਿ ਗਏ।

ਸ਼ਾਹ ਹੁਸੈਨ ਲਾਹੌਰ ਦੇ ਇਕ ਬਾਜ਼ਾਰ ਵਿਚ ਬੈਠਾ ਖਰਬੂਜ਼ੇ ਵੇਚ ਰਿਹਾ ਸੀ।

ਖ਼ਬਰ ਕੋਤਵਾਲ ਤੱਕ ਪੁੱਜ ਗਈ।

ਮਲਿਕ ਅਲੀ ਪੂਰੇ ਗੁੱਸੇ ਵਿਚ ਹੋਰ ਸਿਪਾਹੀ ਨਾਲ ਲੈ ਆਇਆ।

ਸ਼ਾਹ ਹੁਸੈਨ ਉਸ ਵੇਲੇ ਆਪਣੀ ਮਸਤੀ ਵਿਚ ਉੱਚੀ ਉੱਚੀ ਹੋਕਾ ਦੇ ਰਿਹਾ ਸੀ——ਟਕੇ ਟਕੇ ਦਾ ਖ਼ਰਬੂਜ਼ਾ, ਝੂੰਗੇ ਵਿਚ ਇਕ ਪੁੱਤਰ। ਟਕੇ ਟਕੇ ਦਾ ਖਰਬੂਜ਼ਾ, ਝੂੰਗੇ ਵਿਚ ਇਕ ਪੁੱਤਰ।'

ਖਰਬੂਜ਼ੇ ਖਰੀਦਣ ਲਈ ਜ਼ਨਾਨੀਆਂ ਦੀ ਭੀੜ ਲੱਗੀ ਹੋਈ ਸੀ।

ਕੋਤਵਾਲ ਨੇ ਆਉਂਦਿਆਂ ਹੀ ਰੋਹਬ ਮਾਰਿਆ—'ਸਾਈਂ ਲੋਕਾ ਤੈਨੂੰ ਲਾਹੌਰ ਅੰਦਰ ਦਾਖਲ ਹੋਣ ਦੀ ਮਨਾਹੀ ਕੀਤੀ ਏ। ਮੈਂ ਬਾਦਸ਼ਾਹ ਨੂੰ ਇਤਲਾਹ ਕੀਤੀ ਏ, ਸਾਈਂ ਤਾਂ ਬੜੀ ਦੇਰ ਦਾ ਲਾਹੌਰ ਛੱਡ ਗਿਆ ਹੋਇਆ। ਤੂੰ ਏਥੇ ਖਰਬੂਜ਼ੇ ਵੇਚਣ ਡਿਹੈਂ ?'

—ਖਰਬੂਜ਼ੇ ਮੇਰੇ ਨਹੀਓਂ......।' ਸਾਈਂ ਨੇ ਲਾਪਰਵਾਹੀ ਨਾਲ ਕਿਹਾ।

—ਕਿਸਦੇ ਨੇ ?'

—ਏਥੇ ਇਕ ਭਲਾ ਆਦਮੀ ਬੈਠਾ ਸੀ। ਉਸਨੂੰ ਕੰਮ ਪੈ ਗਿਆ ਕੋਈ। ਮੈਂ ਏਧਰ ਆਂਦਾ ਪਿਆ ਸਾਂ। ਉਸ ਆਖਿਆ, ਮੇਰੇ ਖ਼ਰਬੂਜਿਆਂ ਦੀ ਰਾਖੀ ਬਹੀਂ ਜ਼ਰਾ, ਮੈਂ ਕੰਮ ਕਰ ਆਵਾਂ। ਮੈਂ ਸੋਚਿਆ, ਉਹਦੇ ਆਣ ਤੀਕਰ ਖਰਬੂਜ਼ੇ ਈ ਵੇਚ ਛੱਡਾਂ।' ਆਖਕੇ ਸ਼ਾਹ ਹੁਸੈਨ ਨੇ ਫਿਰ ਹੋਕਾ ਦਿੱਤਾ।

—ਟਕੇ ਟਕੇ ਦਾ ਖ਼ਰਬੂਜ਼ਾ ਝੂੰਗੇ ਵਿਚ ਇਕ ਪੁੱਤਰ।'

—ਝੂੰਗੇ ਵਿਚ ਇੱਕ ਪੁੱਤਰ ਵਾਲੀ ਗੱਲ ਕੀ ਹੋਈ ?' ਕੋਤਵਾਲ ਨੇ ਹੈਰਾਨੀ ਨਾਲ ਪੁੱਛਿਆ—

—ਏਹ ਤਰ੍ਹਾਂ ਦੀ ਗੱਲ ਈ ਏ। ਜਿਹੜੀ ਰੰਨ ਸਾਈਂ ਦੇ ਹੱਥ ਦਾ ਖਰਬੂਜ਼ਾ ਖਾਏਗੀ, ਉਹਦੇ ਪੁੱਤਰ ਜੰਮਣਾ ਈ ਪੱਕਾ। ਜੇ ਤੇਰੀ ਰੰਨ ਨੂੰ ਪੁੱਤਰ ਨਹੀਂ ਪਿਆ ਹੋਂਦਾ ਤਾਂ ਹੁਣ ਟਕੇ 'ਚ ਵਿਕਦਾ ਈ। ਬੋਲ ਇਕ ਪੁੱਤਰ ਲੈਣਾ ਈ ਕਿ ਦੋ ?' ਸਾਈਂ ਹੱਸਿਆ।

—ਮੈਂ ਕੋੜਿਆਂ ਨਾਲ ਖੱਲ ਖਿੱਚ ਲਵਾਂਗਾ। ਦੌੜ ਜਾ ਏਧਰੋਂ। ਸ਼ਹਿਨਸ਼ਾਹ ਤੱਕ ਮੁਖਬਰੀ ਹੋ ਗਈ ਤਾਂ ਮੇਰੀ ਪੇਸ਼ੀ ਤਾਂ ਹੋਣੀ ਹੋਣੀ ਏ, ਤੈਨੂੰ ਵੀ ਬੰਦੀਖ਼ਾਨੇ ਵਿਚ ਸੁੱਟਣਾ ਪੈਣਾ ਈ।'

ਖਰਬੂਜ਼ੇ ਛੱਡ ਕੇ ਸ਼ਾਹ ਹੁਸੈਨ ਉੱਠ ਕੇ ਨੱਚਣ ਗਾਉਣ ਲੱਗਾ

ਡਾਹਢੇ ਦੇ ਪਿਆਦੜੇ ਨੀ ਆਏ,



ਆਣ ਕੇ ਹੱਥ ਉਹਨਾਂ ਤਕੜੇ ਨੀ ਪਾਏ......

ਕੋਤਵਾਲ ਦੇ ਇਸ਼ਾਰੇ 'ਤੇ ਸਿਪਾਹੀ ਸ਼ਾਹ ਹੁਸੈਨ ਨੂੰ ਪਕੜ ਕੇ ਲੈ ਗਏ ਤੇ ਫਿਰ ਰਾਵੀ ਪਾਰ ਛੱਡ ਆਏ।

* * * *

ਸ਼ਾਹ ਹੁਸੈਨ ਦੀਆਂ ਫ਼ੱਕਰ ਸ਼ਾਹੀਆਂ ਅਤੇ ਆਪ-ਹੁਦਰੀਆਂ ਦੀਆਂ ਖ਼ਬਰਾਂ ਰਾਵੀ ਪਾਰੋਂ ਵੀ ਆਉਣ ਲੱਗੀਆਂ। ਹਰ ਰੋਜ਼ ਕੋਈ ਨਾ ਕੋਈ ਸ਼ਿਕਾਇਤ ਬਾਦਸ਼ਾਹ ਪਾਸ ਪੁੱਜਣ ਲੱਗੀ। ਕੋਤਵਾਲ ਨੂੰ ਫਿਰ ਸੱਦਿਆ ਗਿਆ। ਉਸਨੂੰ ਬਾਦਸ਼ਾਹ ਦਾ ਕਹਿਰ ਝੱਲਣਾ ਪਿਆ।

—ਕੀ ਹੁਣ ਅਸਾਂ ਦਾ ਨਿਜ਼ਾਮ ਏਨਾ ਕਮਜ਼ੋਰ ਹੋ ਗਿਆ, ਇਕ ਫ਼ਕੀਰ ਨੂੰ ਨਹੀਂ ਪਕੜ ਸਕਦਾ ? ਅਸੀਂ ਸਾਂਦਲ ਬਾਰ ਦੇ ਬਾਗ਼ੀ ਨੂੰ ਕਿਸ ਤਰ੍ਹਾਂ ਪਕੜਾਂਗੇ ?'

ਗੁੱਸੇ ਵਿਚ ਆਏ ਕੋਤਵਾਲ ਨੇ ਕਾਫ਼ੀ ਭੱਜ ਦੌੜ ਪਿਛੋਂ ਰਾਵੀ ਤੋਂ ਪਾਰ ਸ਼ਾਹ ਹੁਸੈਨ ਨੂੰ ਪਕੜ ਲਿਆ।

—ਸਾਈਂ ਲੋਕਾ ਹੁਣ ਤੂੰ ਚਾਹੇ ਬਦ ਦੁਆਵਾਂ ਦੇਹ, ਚਾਹੇ ਗਾਲ੍ਹੀਆਂ ਦੇਹ, ਏਸ ਵਾਰ ਮੈਂ ਖਾਲੀ ਹੱਥ ਨਹੀਓਂ ਮੁੜਨਾ।'

ਬਾਦਸ਼ਾਹ ਦੇ ਹੁਕਮ ਅਨੁਸਾਰ ਸਾਈਂ ਨੂੰ ਬੇੜੀਆਂ ਪਾ ਕੇ ਦਰਬਾਰ ਵਿਚ ਹਾਜ਼ਰ ਕੀਤਾ ਗਿਆ।

ਲਾਹੌਰ ਦੇ ਸਾਰੇ ਮੌਲਵੀ ਕਾਜ਼ੀ ਬੁਲਾਏ ਗਏ।

ਅਕਬਰ ਬਾਦਸ਼ਾਹ ਨੇ, ਦਰਬਾਰ ਵਿਚ ਉਚੇਚੇ ਤੌਰ ਤੇ ਹਾਜ਼ਰ ਮਖਦੂਮਲ ਮੁਲਕ* ਨੂੰ ਕਿਹਾ—'ਇਸ ਫ਼ਕੀਰ ਉਪਰ ਦੋਸ਼ ਹੈ, ਇਹ ਇਸਲਾਮੀ ਸ਼ਰ੍ਹਾਅ ਦੇ ਵਿਰੁਧ ਹਰਕਤਾਂ ਕਰਦਾ ਹੈ। ਇਸ ਨਾਲ ਸਵਾਲ ਜਵਾਬ ਕਰਕੇ ਜਾਣਿਆ ਜਾਵੇ, ਇਹ ਸੱਚ ਹੀ ਅੱਲਾਹ ਦਾ ਕੋਈ ਬੰਦਾ ਹੈ ਜਾਂ ਕੋਈ ਪਖੰਡੀ ਹੈ।'

ਮਖਦੂਮਲ ਮੁਲਕ ਨੇ ਝੱਟ ਉਠਕੇ ਸਲਾਮ ਕੀਤਾ, ਫਿਰ ਕਿਹਾ:

—ਹਜ਼ੂਰ ਸਾਰੀ ਖ਼ਲਕਤ ਜਾਣਦੀ ਏ, ਇਹ ਫ਼ਕੀਰ ਇਸਲਾਮੀ ਧਰਮ ਦੀ ਤੌਹੀਨ ਕਰਦਾ ਏ।'

ਸੰਗਲਾਂ ਵਿਚ ਜਕੜਿਆ ਸ਼ਾਹ ਹੁਸੈਨ ਉਲਵੀ ਵੱਲ ਤੱਕ ਕੇ ਹੱਸਿਆ ਤੇ ਸੰਗਲ ਖੜਕਾਉਂਦਾ ਗਾਉਣ ਨੱਚਣ ਲੱਗਾ:

ਆਪ ਕਮੀਨਾ ਤੇਰੀ ਅਕਲ ਕਮੀਨੀ, ਕੌਣ ਕਹੇ ਤੂੰ ਦਾਨਾ,
ਇੰਨੀ ਰਾਹੀਂ ਜਾਂਦੇ ਡਿਠੜੇ ਮੀਰ ਮਲਕੁ ਸੁਲਤਾਨਾ।
ਆਪੇ ਮਾਰੇ ਤੇ ਆਪ ਜੀਵਾਲੇ, ਅਜ਼ਰਾਈਲ ਬਹਾਨਾ,
ਕਹੈ ਹੁਸੈਨ ਫ਼ਕੀਰ ਸਾਈਂ ਦਾ, ਬਿਨ ਮਸਲਤ ਉਠ ਜਾਣਾ।

—ਹਜ਼ੂਰ ਹੁਣ ਤੇ ਸਬੂਤ ਵੀ ਪੇਸ਼ ਹੋ ਗਿਆ ਈ। ਇਸ ਨੂੰ ਸਜ਼ਾ ਮਿਲਣੀ ਚਾਹੀਦੀ ਏ।' ਮੁਖਦੂਮਲ ਮੁਲਕ ਨੇ ਮੱਥੇ ਉਪਰ ਤਿਊੜੀਆਂ ਪਾਉਂਦਿਆਂ ਕਿਹਾ।

ਗਾਉਂਦਾ ਗਾਉਂਦਾ ਸ਼ਾਹ ਹੁਸੈਨ ਅਚਾਨਕ ਚੁੱਪ ਹੋ ਗਿਆ। ਪਹਿਲਾਂ ਉਹ ਬਾਦਸ਼ਾਹ ਵੱਲ ਝਾਕਿਆ, ਫਿਰ ਮਖਦੂਮਲ ਮੁਲਕ ਵੱਲ। ਬੋਲਿਆ:

---

* ਇਹ ਮੌਲਵੀ ਆਪਣੇ ਆਪ ਨੂੰ ਹਜ਼ਰਤ ਅਲੀ ਦੇ ਅੰਸ਼ ਵਿਚੋਂ 'ਉਲਵੀ' ਅਖਵਾਉਂਦਾ ਸੀ।

—ਮੱਥਾ ਕਿਉਂ 'ਕੱਠਾ ਕੀਤੋ ਈ ਅੱਲਾਹ ਦਿਆ ਬੰਦਿਆ। ਹੱਸ, ਖੇੜਾ ਲਿਆ। ਹਯਾਤੀ ਵਿਚ ਹੱਸਣ ਤੋਂ ਵੱਡੀ ਕੋਈ ਸ਼ੈਅ ਨਹੀਂ।' ਆਖਕੇ ਸ਼ਾਹ ਹੁਸੈਨ ਖੁਲ੍ਹ ਕੇ ਹੱਸਣ ਲੱਗਾ। ਫਿਰ ਬਾਦਸ਼ਾਹ ਵੱਲ ਦੇਖਕੇ ਪੁੱਛਿਆ;

—ਤੇਰੇ ਨੌਕਰ ਮੈਨੂੰ ਅੱਲਾਹ ਦੀ ਤੌਹੀਨ ਕਰਨ ਦੇ ਜੁਰਮ ਵਿਚ ਪਕੜ ਲਿਆਏ ਨੇ। ਇਹ ਸਹੀ ਏ ?'

—ਹਾਂ, ਤੇਰੇ ਉਪਰ ਇਲਜ਼ਾਮ ਹੈ ਤੂੰ ਇਸਲਾਮ ਦੀ ਤੌਹੀਨ ਕਰਦਾ ਹੈਂ।'

—ਮੈਂ ਤੇਰੇ ਉਲਵੀ ਅੱਗੇ ਇਕ ਸਵਾਲ ਰੱਖਣਾ ਵੇ।'

—ਇਜਾਜ਼ਤ ਹੈ।'

ਸ਼ਾਹ ਹੁਸੈਨ ਉਲਵੀ ਨੂੰ ਮੁਖ਼ਾਤਿਬ ਹੋਇਆ;

—ਤੂੰ ਆਪਣੇ ਆਪ ਨੂੰ 'ਉਲਵੀ' ਅਖਵਾਨਾ ਏ ਨਾ ?'

—ਅਖਵਾਂਦਾ ਨਹੀਂ, ਮੈਂ 'ਉਲਵੀ' ਹਾਂ। ਹਜ਼ਰਤ ਅਲੀ ਸਾਹਬ ਦੀ ਨਸਲ ਵਿਚੋਂ ਹਾਂ।' ਮੁਲਕ ਨੇ ਹੰਕਾਰ ਨਾਲ ਦੱਸਿਆ।

—ਠੀਕ ਏ, ਤੂੰ ਹਜ਼ਰਤ ਸਾਹਬ ਦੀ ਨਸਲ ਵਿਚੋਂ ਏਂ। ਤੂੰ ਸਮਝਨਾ ਏਂ ਜੇ ਤੂੰ ਨਾ ਹੋਵੇਂ ਤਾਂ ਇਸਲਾਮ ਨੂੰ ਵੱਡਾ ਖ਼ਤਰਾ ਏ ?'

—ਹਾਂ, ਮੈਂ ਸਮਝਨਾ ਵਾਂ।' ਉਲਵੀ ਨੇ ਘੁਮੰਡ ਨਾਲ ਕਿਹਾ।

—ਇਸਲਾਮ ਵਿਚ ਪੰਜ ਥੰਮ ਰੂਪੀ ਅਸੂਲ ਨੇ, ਇਹਨਾਂ ਵਿਚ ਤੇਰੀ ਵੀ ਤੌਹੀਦ* ਏ, ਮੇਰੀ ਵੀ ਤੌਹੀਦ ਏ। ਏਸ ਗੱਲ ਤੇ ਆਪਾਂ ਬਰਾਬਰ ਹੋਏ। ਬਾਕੀ ਰਹੇ ਚਾਰ, ਤੂੰ ਹੱਜ ਔਰ ਜ਼ਕਾਤ ਛੱਡੀ ਬੈਠਾ ਏਂ। ਮੈਂ ਰੋਜ਼ੇ ਔਰ ਨਮਾਜ਼ ਛੱਡੀ ਬੈਠਾਂ। ਫੇਰ ਮੈਨੂੰ, ਕੱਲੇ ਨੂੰ ਹੀ ਸਜ਼ਾ ਕਿਉਂ ਮਿਲੇ। ਤੂੰ ਵੀ ਸਜ਼ਾ ਦਾ ਭਾਗੀ ਏਂ।'........ਸ਼ਾਹ ਹੁਸੈਨ ਅਕਬਰ ਵੱਲ ਤੱਕਿਆ—'ਤੂੰ ਖ਼ੁਦ ਨੂੰ ਸ਼ਹਿਨਸ਼ਾਹ-ਏ-ਹਿੰਦ ਅਖਵਾਨਾਂ ਏਂ। ਤੂੰ ਆਪਣੀ ਰਿਆਇਆ ਨੂੰ ਕੀ ਦੇਨਾਂ ਏਂ ? ਮੇਰੇ ਪਾਸ ਬੜਾ ਕੁਝ ਏ ਦੇਣ ਲਈ। ਦਰਿਆ ਵਗਦਾ ਏ ਨਾ, ਏਹਦੇ ਕੋਲ ਵੀ ਬੜਾ ਕੁਝ ਹੁੰਦਾ ਏ, ਲੋਕਾਂ ਨੂੰ ਦੇਣ ਲਈ। ਕਈ ਦਰਿਆ ਐਸੇ ਵੀ ਹੋਂਦੇ ਨੇ, ਆਪਣੇ ਪਾਣੀ ਨੂੰ ਵਰਤਾਂਦੇ ਈ ਨਈ੍ਹੀਂ, ਭਰੇ ਭਰੇ ਸਾਗਰਾਂ ਵਿਚ ਜਾ ਡਿੱਗਦੇ ਨੇ। ਤੂੰ ਐਸਾ ਈ ਦਰਿਆ ਏਂ। ਸਾਈਂ ਨੂੰ ਐਸੇ ਦਰਿਆਵਾਂ ਦੀ ਰੱਤੀ ਕਦਰ ਨਹੀਂ। ਤੁਸੀਂ ਰਾਜੇ ਬਾਦਸ਼ਾਹ, ਸ਼ਹਿਨਸ਼ਾਹ ਉਲਮਾ ਸਭ ਏਦਾਂ ਦੀ ਈ ਓ। ਬੜਾ ਕੁਝ ਹੁੰਦਾ ਵੇ ਕੋਲ ਪਰ ਭਰੇ ਭਰਾਏ ਖਾਰੇ ਸਾਗਰ ਵਿਚ ਜਾ ਡਿਗਦੇ ਓਂ।'

ਸਾਈਂ ਸ਼ਾਹ ਹੁਸੈਨ ਦੀ ਜਿਰਾਹ ਸੁਣਕੇ ਅਕਬਰ ਸਕਤੇ ਵਿਚ ਆ ਗਿਆ। ਉਹ ਏਸ ਗੱਲੋਂ ਵੀ ਹੈਰਾਨ ਸੀ, ਇਸ ਫ਼ਕੀਰ ਨੂੰ ਤਾਂ ਬਾਦਸ਼ਾਹ ਦੀ ਪਰਵਾਹ ਵੀ ਨਹੀਂ, ਇਸਦੀ ਏਨੀ ਜੁਅਰਤ। ਜੇ ਇਸਨੂੰ ਕੈਦ ਕਰ ਵੀ ਲਿਆ, ਇਹ ਬੰਦੀਖ਼ਾਨੇ ਵਿਚ ਪਿਆ ਵੀ ਨਿਜ਼ਾਮ ਦੇ ਖ਼ਿਲਾਫ਼ ਬਕਦਾ ਰਹੇਗਾ। ਇਹ ਸਾਈਂ ਫ਼ਕੀਰ ਤਾਂ ਠੀਕ ਹੀ ਖ਼ੁਦਾ ਦਾ ਬੰਦਾ ਜਾਪਦਾ ਹੈ, ਨਾ ਇਸਨੂੰ ਕੈਦ ਵਿਚ ਕੋਈ ਫ਼ਰਕ ਪੈਣਾ ਹੈ, ਨਾ ਬਾਹਰ ਘੁੰਮਦਿਆਂ। ਇਹ ਵੀ ਹੋ ਸਕਦਾ ਹੈ, ਬੰਦੀਖਾਨੇ ਵਿਚ ਇਸਨੂੰ ਸੁੱਟਿਆਂ ਮੇਰੀ ਬਦਨਾਮੀ ਹੋਵੇ। ਏਸ ਤਰ੍ਹਾਂ ਦੇ ਫੱਕਰਾਂ ਨੂੰ ਬੰਦਸ਼ਾਂ ਵਿਚ ਰੱਖਣਾ ਸਹੀ ਨਹੀਂ ਹੈ। ਇਹਨਾਂ ਦੀਆਂ ਬਦ ਦੁਆਵਾਂ ਬੜੀ ਜਲਦੀ ਅਸਰ ਕਰਦੀਆਂ ਨੇ।....ਸੋਚਦਿਆਂ ਬਾਦਸ਼ਾਹ ਨੇ ਹੁਕਮ ਦਿੱਤਾ:

---

* ਵਿਸ਼ਵਾਸ



—ਏਸ ਖ਼ੁਦਾ ਦੇ ਬੰਦੇ ਨੂੰ ਛੱਡ ਦਿੱਤਾ ਜਾਏ। ਇਸਨੂੰ ਕਿਹਾ ਜਾਵੇ, ਇਹ ਇਸਲਾਮ ਦੇ ਵਿਰੁਧ ਸ਼ਰੇਆਮ ਆਪਣੇ ਖ਼ਿਆਲ ਨਸ਼ਰ ਨਾ ਕਰੇ। ਨਾ ਹੀ ਦਾਰੂ ਨਸ਼ਾ ਕਰਕੇ ਲਾਹੌਰ ਦੀਆਂ ਗਲੀਆਂ ਵਿਚ ਸ਼ਰੇਆਮ ਖ਼ੁਦ ਨੂੰ ਤਮਾਸ਼ਾ ਬਣਾਵੇ।'

ਜਦੋਂ ਕੋਤਵਾਲ ਨੇ ਸ਼ਾਹੀ ਫ਼ੁਰਮਾਨ ਸੁਣਦਿਆਂ ਹੀ ਸਿਪਾਹੀਆਂ ਨੂੰ, ਸ਼ਾਹ ਹੁਸੈਨ ਦੀਆਂ ਬੇੜੀਆਂ ਖੋਹਲਣ ਦਾ ਇਸ਼ਾਰਾ ਕੀਤਾ ਤਾਂ ਸ਼ਾਹ ਹੁਸੈਨ ਬੋਲਿਆ;

—ਬਾਦਸ਼ਾਹ ਤੇਰਾ ਇਹ ਉਲਵੀ ਆਪਣੇ ਆਪ ਨੂੰ ਵੱਡਾ ਮਜ਼ਹਬੀ ਤੇ ਇਬਾਦਤ ਕਰਨ ਵਾਲਾ ਸਮਝਦਾ ਏ। ਇਹ ਉਪਰੋਂ ਮਸਕੀਨ ਦਿੱਸਦਾ ਏ, ਪਰ ਅੰਦਰੋਂ ਹੰਕਾਰ ਦਾ ਭਰਿਆ ਹੋਇਆ ਏ। ਇਬਾਦਤਾਂ, ਰਿਆਜ਼ਤਾਂ ਕਰ ਕਰ ਕੇ ਇਹ ਆਪਣੇ ਆਪ ਨੂੰ ਖ਼ੁਦਾ ਦੇ ਨੇੜੇ ਸਮਝਦਾ ਏ। ਪਰ ਹੱਕੀ ਗੱਲ ਇਹ ਵੇ, ਖ਼ੁਦਾ ਐਹੋ ਜੇਹੇ ਬੰਦਿਆਂ ਤੋਂ ਦੂਰ ਨੱਠਦਾ ਏ।'

—ਹਜ਼ੂਰ ਇਹ ਮੇਰੀ ਤੌਹੀਨ ਭਰੇ ਦਰਬਾਰ ਵਿਚ ਕਰ ਰਿਹਾ ਏ। ਨਾ ਇਸਨੇ ਕਦੀ ਨਮਾਜ਼ ਪੜ੍ਹੀ ਏ ਨਾ ਕਦੀ ਬਾਂਗ ਦਿੱਤੀ ਏ।' ਮਖਦੂਮਲ ਮੁਲਕ ਤਿਲਮਿਲਾਇਆ।

—ਬਾਂਗ ਤਾਂ ਕੁੱਕੜ ਵੀ ਦੇਂਦੇ ਨੇ।' ਸ਼ਾਹ ਹੁਸੈਨ ਹੱਸਿਆ—'ਉਹਨਾਂ ਨੂੰ ਤੂੰ ਲੌਢੇ ਵੇਲੇ ਹਾਂਡੀ ਵਿਚ ਸੁੱਟ ਦਿੰਨਾ ਏਂ।'

—ਹਜ਼ੂਰ ਸੁਣ ਰਹੇ ਹੋ, ਇਹ ਸ਼ਰੇਆਮ ਇਸਲਾਮੀ ਸ਼ਰੀਅਤ ਨੂੰ ਬਦਨਾਮ ਕਰਦਾ ਏ। ਇਕ ਹੋਰ ਵੀ ਗੱਲ ਏ ਜਹਾਂ ਪਨਾਹ, ਆਗਿਆ ਹੋਵੇ ਤਾਂ ਅਰਜ਼ ਕਰਾਂ।'

—ਆਗਿਆ ਹੈ।' ਬਾਦਸ਼ਾਹ ਨੂੰ ਏਸ ਬਹਿਸ ਵਿਚੋਂ ਅਨੰਦ ਆਉਣ ਲੱਗਾ।

—ਜਹਾਂ ਪਨਾਹ, ਇਹ ਫ਼ਕੀਰ ਸਤਲੁਜ ਤੋਂ ਪਾਰ ਹਿੰਦੂਆਂ ਦੇ ਪੀਰ ਨੂੰ ਮਿਲਣ ਜਾਂਦਾ ਏ। ਕੀ ਪਤਾ ਮੁਖ਼ਬਰੀ ਕਰਦਾ ਹੋਵੇ। ਪੱਕੀ ਇਤਲਾਹ ਏ, ਓਧਰ ਸਿੱਖੜਿਆਂ ਦੇ ਪੀਰ ਨੇ ਇਕ ਕਿਤਾਬ ਬਣਾਈ ਏ, ਆਪਣੇ ਧਰਮ ਦੀ; ਉਸ ਵਿਚ ਇਸਲਾਮ ਦੀ ਨਿੰਦਾ ਕੀਤੀ ਏ।'

—ਕੀ ਇਹ ਸਹੀ ਹੈ ?' ਅਕਬਰ ਨੇ ਸ਼ਾਹ ਹੁਸੈਨ ਨੂੰ ਪੁੱਛਿਆ।

—ਜਿਸ ਸਖਸ਼ ਨੂੰ ਤੇਰਾ 'ਉਲਵੀ' ਹਿੰਦੂਆਂ ਤੇ ਸਿੱਖੜਿਆਂ ਦਾ ਪੀਰ ਆਖਦਾ ਏ, ਉਹ ਬੜਾ ਦਾਨਿਸ਼ਮੰਦ ਏ। ਉਸਨੇ ਇਕ ਧਰਮ ਪੋਥੀ ਬਣਾਈ ਵੇ, ਉਸ ਵਿਚ ਮੁਸਲਮਾਨ ਪੀਰਾਂ ਦੀਆਂ ਕਲਮਾਂ ਵੀ ਸ਼ਾਮਲ ਨੇ।' ਮੈਂ ਵੀ ਆਪਣਾ ਕਲਾਮ ਲੈ ਕੇ ਉਸ ਪਾਸ ਗਿਆ ਸਾਂ। ਉਸ ਮਹਾਂ-ਪੁਰਖ ਨਾਲ ਗੁਫ਼ਤਗੂ ਕਰਕੇ ਰੂਹ ਨੂੰ ਚੈਨ ਮਿਲਦਾ ਏ। ਉਹ ਮੇਰੇ ਨਾਲ ਮਸਲਤ ਕਰਦੇ ਨੇ ਤਾਂ ਇਸ ਨੂੰ ਆਪਣੇ ਚੰਗੇ ਭਾਗ ਸਮਝਨਾਂ ਵਾਂ।'........

—ਉਸ ਪੀਰ ਦਾ ਕੋਈ ਨਾਮ ਹੈ— ?' ਅਕਬਰ ਨੇ ਪੁੱਛਿਆ।

—ਬਾਦਸ਼ਾਹ ਪੀਰਾਂ ਫਕੀਰਾਂ ਨੂੰ ਨਾਮ ਨਾਲ ਨਹੀਂ ਉਸਦੇ ਕਾਰਜਾਂ ਨਾਲ ਜਾਣਿਆ ਜਾਂਦਾ ਹੈ। ਉਂਜ ਉਸਦਾ ਨਾਮ ਅਰਜਨ ਦੇਓ ਹੈ।'

—ਹਜ਼ੂਰ ਇਹ ਫ਼ਕੀਰ ਧੋਖਾ ਦੇ ਰਿਹਾ ਹੈ। ਅਸਾਂ ਤਾਂ ਏਥੋਂ ਤੱਕ ਸੁਣਿਆ ਏ, ਉਹ ਪੀਰ ਅੱਲਾਹ ਨੂੰ ਨਹੀਂ ਮੰਨਦਾ। ਉਹ ਤਾਂ ਕੁਝ ਮੂਰਖ ਅਤੇ ਲਾਈ ਲੱਗ ਮੁਸਲਮਾਨਾਂ ਨੂੰ ਆਪਣੇ ਮੁਰੀਦ ਬਣਾਈ ਫਿਰਦਾ ਏ। ਆਖਦਾ ਏ, ਹਿੰਦੂ ਮੁਸਲਮਾਨ ਬਾਅਦ ਵਿਚ ਏ, ਬੰਦੇ ਨੂੰ ਪਹਿਲਾਂ ਮਨੁੱਖ ਹੋਣਾ ਚਾਹੀਦਾ ਏ। ਖ਼ੁਦਾ ਜਾਂ ਰੱਬ ਬੰਦੇ ਦੇ ਅੰਦਰ ਹੁੰਦਾ ਏ। ਬੰਦੇ ਨੂੰ ਇਹ ਆਪਣੇ ਅੰਦਰੋਂ ਲੱਭਣਾ ਚਾਹੀਦਾ ਏ। ਏਸ ਤਰ੍ਹਾਂ ਤੇ ਉਹ ਹਿੰਦੂ ਪੀਰ ਇਸਲਾਮ ਨੂੰ ਬੜੀ ਢਾਹ ਲਾ ਰਿਹਾ ਏ ਜਹਾਂ ਪਨਾਹ ਤੇ ਇਹ ਸਾਈਂ ਦੀ ਓਹਦੇ ਨਾਲ ਗਾਂਢ-ਸਾਂਢ ਏ।' ਮਖਦੂਮਲ ਮੁਲਕ ਸ਼ਾਹ ਹੁਸੈਨ ਨੂੰ ਫਸਾਉਣ ਲਈ ਹਰ ਹੀਲਾ ਵਰਤ ਰਿਹਾ ਸੀ।

—ਜੋ ਇਹ ਆਖਦਾ ਏ, ਸਹੀ ਹੈ ?' ਬਾਦਸ਼ਾਹ ਨੇ ਸ਼ਾਹ ਹੁਸੈਨ ਤੋਂ ਪੁੱਛਿਆ।

—ਪੂਰਾ ਸਹੀ ਏ। ਮੈਂ ਪਹਿਲਾਂ ਵੀ ਓਥੇ ਜਾਂਦਾ ਸਾਂ, ਹੁਣ ਵੀ ਜਾਵਾਂਗਾ। ਸਿੱਖਾਂ ਦੀ ਪੰਜਵੀਂ ਗੱਦੀ ਏ। ਫ਼ਕੀਰਾਂ-ਸੰਤਾਂ ਦਾ ਕੋਈ ਧਰਮ ਨਹੀਂ ਹੁੰਦਾ। ਫ਼ਕੀਰਾਂ ਦਾ ਕੋਈ ਦੇਸ਼ ਨਈਂ ਹੁੰਦਾ। ਉਹਨਾਂ ਦਾ ਕੁਝ ਵੀ ਨਹੀਂ ਹੁੰਦਾ ਤੇ ਉਹਨਾਂ ਦਾ ਸਭੋ ਕੁਝ ਹੁੰਦਾ ਏ।' ਬੇੜੀਆਂ ਹੁਣ ਤੱਕ ਖੁਲ੍ਹ ਗਈਆਂ ਸਨ। ਸ਼ਾਹ ਹੁਸੈਨ ਫਿਰ ਨੱਚਣ ਗਾਉਣ ਲੱਗਾ।

ਸਾਢੇ ਤਿੰਨ ਹੱਥ ਮੁਲਕੁ ਤੁਸਾਡਾ,
ਕਿਉਂ ਜੂਹ ਪਰਾਏ ਮੱਲਣਾ,
ਕਹੈ ਹੁਸੈਨ ਫ਼ਕੀਰ ਸਾਈਂ ਦਾ,
ਅੰਤ ਖ਼ਾਕ ਵਿਚ ਰਲਣਾ।

ਬਾਦਸ਼ਾਹ ਅਕਬਰ ਦਾ ਇਸ਼ਾਰਾ ਪਾਕੇ, ਕੋਤਵਾਲ ਨੇ ਸ਼ਾਹ ਹੁਸੈਨ ਨੂੰ ਬਾਹਰ ਵੱਲ ਤੋਰ ਦਿੱਤਾ। ਬਾਹਰ ਰਾਵੀ ਕੰਢੇ ਮਾਧੋ ਲਾਲ ਉਦਾਸ ਜਿਹਾ ਬੈਠਾ ਸੀ।

ਲਾਹੌਰ ਦੇ ਲੋਕਾਂ ਵੇਖਿਆ, ਸ਼ਾਹ ਹੁਸੈਨ ਮਾਧੋ, ਲਾਲ ਦਾ ਹੱਥ ਫੜੀ ਪਹਿਲਾਂ ਵਾਂਗ ਹੀ ਗਾ ਅਤੇ ਨੱਚਣ ਲੱਗਾ ਹੋਇਆ ਸੀ।

ਸੱਜਣ ਦੇ ਹੱਥ ਬਾਂਹ ਅਸਾਡੀ
ਕਿਉਂ ਕਰ ਆਖਾਂ ਛੱਡ ਵੇ ਅੜਿਆ।.......ਸੱਜਣ ਦੇ.......
.....................
ਘੁੰਮ ਚਰਖੜਿਆ ਵੇ,
ਤੇਰੀ ਕੱਤਣ ਵਾਲੀ ਜੀਵੇ,
ਨਲੀਆਂ ਵੱਟਣ ਵਾਲੀ ਜੀਵੇ।.......ਘੁੰਮ ਚਰਖੜਿਆ ਵੇ........

ਜਿਸ ਵੇਲੇ ਸ਼ਾਹ ਹੁਸੈਨ ਵਜਦ ਵਿਚ ਆਇਆ, ਲਾਹੌਰ ਦੀਆਂ ਗਲੀਆਂ ਵਿਚ ਨੱਚ ਰਿਹਾ ਸੀ, ਉਸ ਵੇਲੇ ਬਾਦਸ਼ਾਹ ਦੀਆਂ ਸ਼ਾਹੀ ਫੌਜਾਂ ਮਿਰਜ਼ਾ ਅਲਾਉਦੀਨ ਦੀ ਅਗਵਾਈ ਵਿਚ, ਲਾਹੌਰ ਦੇ ਬਾਜ਼ਾਰਾਂ ਵਿਚੋਂ ਦੀ ਪਿੰਡੀ ਵੱਲ ਕੂਚ ਕਰ ਰਹੀਆਂ ਸਨ।



## 36.

ਮਿਰਜ਼ਾ ਨਿਜਾਮੁਦੀਨ ਕੁਝ ਕੁਝ ਪਰੇਸ਼ਾਨ ਸੀ। ਉਹ ਸੋਚ ਰਿਹਾ ਸੀ, ਆਪਣੇ ਛੋਟੇ ਭਰਾ ਅਲਾਉਦੀਨ ਨੂੰ ਪਿੰਡੀ ਵੱਲ ਭੇਜ ਕੇ ਉਸਨੇ ਕੋਈ ਗ਼ਲਤੀ ਤੇ ਨਹੀਂ ਕਰ ਲਈ ? ਦੁੱਲੇ ਦੀ ਤਾਕਤ ਦਾ ਅੰਦਾਜ਼ਾ ਉਸਨੇ ਗਲਤ ਤਾਂ ਨਹੀਂ ਲਗਾ ਲਿਆ ? ਇਹ ਦੁੱਲਾ ਹੈ ਕੌਣ ? ਕਈ ਵੇਰ ਅਨਜਾਣ ਦੁਸ਼ਮਣ ਬੜਾ ਭਾਰੀ ਪੈਂਦਾ ਹੈ। ਮੌਲਵੀ ਅਤੇ ਬ੍ਰਾਹਮਣ ਨੂੰ ਜ਼ਿੰਮੇਵਾਰੀ ਤਾਂ ਸੌਂਪੀ ਏ, ਕਿਸੇ ਬਹਾਨੇ ਦੁੱਲੇ ਨੂੰ ਕੁਝ ਦਿਨ ਜੰਗ ਤੋਂ ਲਾਂਭੇ ਕਰਨ। ਇਹ ਉਹਨਾਂ ਦੇ ਵੱਸ ਦੀ ਗੱਲ ਹੈ ਵੀ ਕਿ ਨਹੀਂ। ਕੀ ਪਤਾ ਇਹ ਦੁੱਲੇ ਦੇ ਹੀ ਸੂਹੀਏ ਹੋਣ। ਬਾਰ ਦੇ ਲੋਕਾਂ ਦਾ ਯਕੀਨ ਨਹੀਂ ਕਰਨਾ ਚਾਹੀਦਾ। ਪਰ ਉਹ ਤਾਂ ਡਰੇ ਈ ਬੜੇ ਹੋਏ ਸਨ। ਪਾਖੰਡ ਤਾਂ ਨਹੀਂ ਸੀ ਪਏ ਕਰਦੇ...... ?

ਨਿਜਾਮੁਦੀਨ ਨੂੰ ਯਾਦ ਆਇਆ, ਜਦ ਉਹ ਦੁੱਲੇ ਭੱਟੀ ਨੂੰ ਜੀਂਦੇ ਜੀ ਪਕੜਨ ਦਾ ਅਹਿਦ ਕਰ ਆਇਆ ਸੀ, ਭਰੇ ਦਰਬਾਰ ਵਿਚ, ਉਸੇ ਦਿਨ ਪਿੰਡੀ ਦਾ ਮੌਲਵੀ ਔਰ ਬ੍ਰਾਹਮਣ ਉਸ ਪਾਸ ਫਰਿਆਦ ਲੈ ਕੇ ਆਏ ਸਨ। ਕਿਵੇਂ ਤਰਲੇ ਲੈਂਦੇ ਪਏ ਸਨ।

—ਹਜ਼ੂਰ ਮੈਂ ਪਿੰਡੀ ਦਾ ਮੌਲਵੀ।'

—ਹਜ਼ੂਰੇ ਵਾਲਾ ਮੈਂ ਪਿੰਡੀ ਦਾ ਪੰਡਤ।'

......ਮੈਂ ਹੈਰਾਨ ਹੋਇਆ ਸਾਂ ਅੱਲਾਹ ਤੇ ਈਸ਼ਵਰ ਇਕੱਠੇ ਕਿਵੇਂ ਹੋ ਗਏ ? ਪੁੱਛਿਆ— 'ਮਾਜਰਾ ਕੀ ਏ ਮੁੱਲਾਂ ਪੰਡਤ ਇਕੱਠੇ ਫਿਰਦੇ ਨੇ ?'

—ਗਰਜ਼ਾਂ ਇਕੋ ਈ ਨੇ ਹਜ਼ੂਰ।' ਦੋਨੋਂ ਖਸਿਆਨੀ ਹਾਸੀ ਹੱਸੇ ਸਨ:

—ਏਧਰ ਮਨਾਹੀ ਵਾਲੇ ਪਾਸੇ ਕਿਸ ਦੀ ਇਜਾਜ਼ਤ ਨਾਲ ਅੰਦਰ ਆਏ ਓ ?' ਮੈਂ ਗੁੱਸੇ ਅਤੇ ਰੋਹਬ ਨਾਲ ਪੁੱਛਿਆ ਸੀ ਤਾਂ ਕਿਵੇਂ ਥਰ ਥਰ ਕੰਬਣ ਲੱਗੇ ਸਨ।

—ਹਜ਼ੂਰ ਆਪਦੇ ਪਹਿਰੇਦਾਰ ਅਸਾਂ ਦੇ ਵਾਕਫ਼ ਨੇ, ਪਛਾਣਦੇ ਨੇ। ਅਸੀਂ ਦੋਵੇਂ ਬਾਦਸ਼ਾਹ ਦੇ ਵਫ਼ਾਦਾਰ ਹਾਂ ਹਜ਼ੂਰ।' ਮੌਲਵੀ ਨੇ ਆਖਿਆ ਸੀ।

—ਅੱਜ ਆਵਣ ਦਾ ਕੀ ਸਬੱਬ ਏ ?' ਮੈਂ ਪੁੱਛਿਆ ਸੀ।

—ਦੁੱਲੇ ਭੱਟੀ ਨੇ ਅਸਾਂ ਦਾ ਜੀਣਾ ਹਰਾਮ ਕੀਤਾ ਹੋਇਆ ਸੂ। ਉਹ ਜਾਣਦਾ ਏ,

ਅਸੀਂ ਦਿੱਲੀ ਦਰਬਾਰ ਦੇ ਖ਼ੈਰ-ਖੁਆਹ ਹਾਂ। ਬਾਦਸ਼ਾਹ ਦੇ ਬੇ-ਦਾਮ ਗੁਲਾਮ ਹਾਂ। ਸਾਨੂੰ ਪਤਾ ਲੱਗਿਆ ਏ, ਦੁੱਲੇ ਨੂੰ ਸਬਕ ਸਿਖਾਵਣ ਲਈ ਤੁਸਾਂ ਬੀੜਾ ਚੁੱਕਿਆ ਜੇ। ਧਾਅੜੇ ਸਿਪਾਹੀਆਂ ਨੇ ਪਿੰਡੀ ਤਾਂ ਲੁਟਣੀ ਹੀ ਲੁਟਣੀ ਏ ਹਜ਼ੂਰ। ਆਪਣੇ ਸਿਪਾਹੀਆਂ ਨੂੰ ਆਖਣਾ, ਅਸਾਂ ਦੋਹਾਂ ਦੇ ਘਰਾਂ ਨੂੰ, ਮਾਲ-ਅਸਬਾਬ ਔਰ ਬਹੂ-ਬੇਟੀਆਂ ਨੂੰ ਨਾ ਛੂਹਣਾ ਹਜ਼ੂਰ।' ਮੌਲਵੀ ਦੇ ਬੋਲਾਂ ਵਿਚ ਤਰਲਾ ਸੀ।

......ਮੈਂ ਕਿਹਾ ਸੀ—'ਹਾਲੇ ਤੇ ਅਸਾਂ ਚੱਜ ਨਾਲ ਲਾਹੌਰ ਵੀ ਨਹੀਂ ਛੱਡਿਆ, ਪਨਾਹ ਮੰਗਣ ਪਹਿਲਾਂ ਈ ਆ ਗਏ ਓ.......।'

ਵੇਲਾ ਰਹਿੰਦੇ ਆਪ ਨੂੰ ਦੱਸਣ ਆਏ ਆਂ ਹਜ਼ੂਰ।' ਦੋਵੇਂ ਇਕ ਸਾਥ ਬੋਲੇ ਸਨ।

—ਅਗਰ ਦੁੱਲੇ ਦਾ ਹੱਥ ਉਪਰ ਹੋ ਗਿਆ, ਫਿਰ ਦੁੱਲੇ ਨੂੰ ਜਾ ਸਲਾਮ ਕਰਿਓ।' ਮੈਂ ਕਿਹਾ ਸੀ।

—ਤੌਬਾ ਹਜ਼ੂਰ।' ਦੋਹਾਂ ਨੇ ਕੰਨ ਫੜੇ ਸਨ।

—ਤੁਸੀਂ ਤੇ ਫਸਲੀ ਬਟੇਰੇ ਓ। ਚੜ੍ਹਦੇ ਸੂਰਜ ਨੂੰ ਸਲਾਮਾਂ ਕਰਨੇ ਓ ਤੇ ਲਹਿੰਦੇ ਵੱਲ ਪਿੱਠ ਭੁਆ ਲੈਨੇ ਓਂ.....।'

—ਦੁੱਲਾ ਤਾਂ ਭਾਵੇਂ ਸੋਨੇ ਦਾ ਬਣ ਕੇ ਆ ਜਾਏ ਹਜ਼ੂਰ।'—ਪੰਡਤ ਬੋਲਿਆ ਸੀ।

—ਉਸ ਨਾਲ ਕਲਾਮ ਨਹੀਂ ਕਰਾਂਗੇ ਹਜ਼ੂਰ। ਸਰਕਾਰ ਨੂੰ ਰਾਈ ਵੀ ਸ਼ੱਕ ਪਵੇ, ਬੇਸ਼ਕ ਕੋਟਲਿਆਂ ਨਾਲ ਅਸਾਂ ਦਾ ਚੰਮ ਲਾਹ ਲੈਂਦਾ। ਇਹ ਬ੍ਰਾਹਮਣ ਜੋ ਆਖਦਾ ਏ ਕਰਦਾ ਵੀ ਏ ਹਜ਼ੂਰ।'

—ਪੰਡਤ ਸਹੀ ਆਖਦਾ ਏ ?' ਮੈਂ ਮੌਲਵੀ ਨੂੰ ਪੁੱਛਿਆ ਸੀ।

—ਇਹ ਤਾਂ ਨਾਂ ਦਾ ਈ ਪੰਡਤ ਹੈ ਹਜ਼ੂਰ, ਅੱਧਾ ਤੇ ਮੁੱਲਾਂ ਏ।'

—ਠੀਕ ਹੈ, ਜਾਓ, ਮੈਂ ਸਿਪਾਹੀਆਂ ਨੂੰ ਹਦਾਇਤ ਕਰ ਦਿਆਂਗਾਂ।' ਮੈਂ ਕਿਹਾ ਸੀ।

—ਪੂਰੀ ਤਿਆਰੀ ਨਾਲ ਚੜ੍ਹਾਈ ਕਰਨਾ ਹਜ਼ੂਰ। ਦੁੱਲਾ ਡਾਹਢਾ ਈ ਦਸ ਬਾਰਾਂ ਪਿੰਡਾਂ ਤੋਂ ਬੰਦੇ 'ਕੱਠੇ ਕਰਨ ਲੱਗਾ ਹੋਇਆ ਸੂ। ਜਿੰਨੇ ਲੰਗੜੇ, ਲੂਲੇ ਪੋਸਤੀ ਵਿਹਲੇ ਨੇ ਸਾਰੇ ਨੇਜ਼ੇ ਚੁੱਕੀ ਫਿਰਦੇ ਨੇ।' ਪੰਡਤ ਨੇ ਦੱਸਿਆ ਸੀ।

—ਮੈਂ ਕਿਹਾ ਸੀ—ਨਿਜਾਮੁਦੀਨ ਨੂੰ ਕੋਈ ਡੱਕੇ ਤਾਂ ਸਹੀ। ਮੈਂ ਤਾਂ ਚਾਹਨਾਂ ਕੋਈ ਡੱਕਣ ਵਾਲਾ ਸੂਰਮਾ ਟੱਕਰੇ ਮੈਨੂੰ। ਆਖ ਦੇਣਾ ਦੁੱਲੇ ਨੂੰ, ਇਹ ਸ਼ਹਿਨਸ਼ਾਹ ਏ।—'ਹਿੰਦ ਦੀਆਂ ਫੌਜਾਂ ਨੇ, ਲੰਗੜੇ, ਟੁੰਡੇ ਪੋਸਤੀਆਂ ਦੀ ਢਾਣੀ ਨਹੀਂ ਏ।'

—ਓਧਰ ਦੁੱਲਾ ਵੀ ਤਾਂ ਏਹੀ ਆਖਦਾ ਫਿਰਦਾ ਏ ਹਜ਼ੂਰ, ਇਹ ਲਾਹੌਰ ਸ਼ਹਿਰ ਨਹੀਂ ਦੁੱਲੇ ਦੀ ਬਾਰ ਏ।' ਮੌਲਵੀ ਨੇ ਕਿਹਾ ਸੀ।

—ਮੇਰਾ ਤਾਂ ਗੁੱਸਾ ਅਸਮਾਨ ਚੜ੍ਹ ਗਿਆ ਇਹ ਸੁਣਕੇ.....'ਮੈਨੂੰ ਡਰਾਵਣ ਲਈ ਆਏ ਓਂ.....

ਉਹਨਾਂ ਨੇ ਕੰਨ ਫੜ ਲਏ ਸਨ—'ਸਾਡੀ ਇਹ ਮਜਾਲ, ਅਸੀਂ ਏਸ ਤਰ੍ਹਾਂ ਦਾ ਖ਼ਿਆਲ ਰੱਖੀਏ। ਅਸੀਂ ਤਾਂ ਦੱਸਣ ਆਏ ਆਂ ਦੁੱਲਾ ਤਾਹੜਾਂ ਮਾਰਦਾ ਫਿਰਦਾ ਏ। ਆਖਦਾ ਏ, ਵੇਖਦੇ ਆਂ ਕੌਣ ਸ਼ੇਰ ਦੇ ਘੁਰਨੇ ਵਿਚ ਮੂੰਹ ਪਾਂਦਾ ਏ।'

—ਮੈਨੂੰ ਹਾਸਾ ਆਉਂਦਾ ਪਿਆ ਸੀ—, ਚੂਹਾ ਪਹਾੜ ਨਾਲ ਟੱਕਰ ਲੈਣ ਨੂੰ ਫਿਰਦਾ ਏ। ਆਖਿਆ ਸੀ—'ਮੌਲਵੀ ਮੀਆਂ ਨਿਜਾਮੁਦੀਨ ਨੂੰ ਡੱਕਣ ਲਈ ਵੱਡੇ ਜਿਗਰੇ ਦੀ ਲੋੜ ਈ। ਜਦ ਮੇਰੇ ਸਿਪਾਹੀਆਂ ਪਿੰਡੀ ਨੂੰ ਘੇਰਾ ਪਾ ਲਿਆ ਤਾਂ ਇਲਮ ਹੋ ਜਾਣਾ ਦੁੱਲੇ ਨੂੰ, ਹਕੂਮਤ ਨਾਲ ਛੇੜਖ਼ਾਨੀ ਕਰਨੀ ਕਿਹੜੇ ਭਾਅ ਪੈਂਦੀ ਏ।'

—ਦੁੱਲਾ ਬੜੀ ਵੱਖਰੀ ਮਿੱਟੀ ਦਾ ਬਣਿਆ ਹੋਇਆ ਹਜ਼ੂਰ।' ਪੰਡਤ ਦੇ ਚਿਹਰੇ ਉਪਰ ਡਰ ਸਾਫ਼ ਦਿੱਸਦਾ ਸੀ।

—ਤੂੰ ਕੀ ਸਮਝਨੈਂ, ਮੁਗਲ ਨਿਜ਼ਾਮ ਦੁੱਲੇ ਦੀਆਂ ਮਿਹਰਬਾਨੀਆਂ ਕਰਕੇ ਸਲਾਮਤ ਏ ?' ਪੰਡਤ ਦੀਆਂ ਗੱਲਾਂ ਮੈਨੂੰ ਗੁੱਸਾ ਚੜ੍ਹਾ ਰਹੀਆਂ ਸਨ।



ਪੰਡਤ ਸੱਚ ਈ ਡਰ ਗਿਆ—ਮੈਂ ਇਹ ਤਾਂ ਨਹੀਂ ਕਿਹਾ ਹਜ਼ੂਰ। ਮੈਂ ਤਾਂ ਕਹਿੰਨਾ ਦੁੱਲਾ....।

—ਨਾਮ ਨਹੀਂ ਲੈਣਾ ਉਸ ਖ਼ਬੀਸ ਬਦਬਖ਼ਤ ਦਾ ਮੇਰੇ ਸਾਹਮਣੇ।' ਮੇਰੇ ਤੇਵਰ ਦੇਖਕੇ ਮੌਲਵੀ ਔਰ ਪੰਡਤ ਦੋ ਕਦਮ ਪਿਛਾਂਹ ਹਟ ਗਏ ਸਨ। ਮੈਂ ਕਿਹਾ ਸੀ;

—ਬੇ-ਖੌਫ਼ ਹੋਕੇ ਆਪਣੇ ਘਰੀਂ ਜਾਓ। ਚੌਧਰੀਆਂ, ਸਾਹੂਕਾਰਾਂ, ਆੜ੍ਹਤੀਆਂ ਨੂੰ ਕਹੋ, ਦੁੱਲੇ ਤੋਂ ਡਰਦਿਆਂ ਤਹਿ-ਖ਼ਾਨਿਆਂ ਵਿਚ ਹੀ ਨਾ ਹੱਗੀ ਜਾਓ। ਬਾਹਰ ਨਿਕਲੋ। ਨਿਮਾਜੁਦੀਨ ਲਈ ਆਪਣੀਆਂ ਤਜ਼ੋਰੀਆਂ ਦੇ ਮੂੰਹ ਖੋਹਲੋ। ਦੁੱਲੇ ਦੀ ਮੌਤ ਲਾਹੌਰੋਂ ਚੱਲ ਪਈ ਜੇ। ਜਾਓ, ਜੇ ਨੀਂਦਰ ਪੈਂਦੀ ਏ ਤਾਂ ਜਾਕੇ ਸੌਂ ਜਾਓ.....।'

—ਸਾਡੇ ਸੌਣ ਤਾਂ ਦੁੱਲੇ ਮੁਕਾ ਛੱਡੇ ਨੇ ਹਜ਼ੂਰ।' ਉਹ ਬੋਲੇ ਸਨ,

—ਮੈਂ ਮਨ੍ਹਾ ਕੀਤਾ ਸੀ, ਉਸ ਮਰਦੂਦ ਦਾ ਨਾਂ ਨਹੀਓਂ ਲੈਣਾ ਮੇਰੇ ਸਾਹਮਣੇ ?'

—ਕੀ ਕਰੀਏ ਹਜ਼ੂਰ, ਅਸਾਂ ਨੂੰ ਤਾਂ ਸੁੱਤਿਆਂ ਪਿਆ ਵੀ ਦੁੱਲਾ ਦਿੱਸਦਾ ਏ।'

—ਮੈਂ ਤਾਂ ਹਜ਼ੂਰ ਪੰਜਾਬ ਛੱਡੀ ਜਾਵਣ ਦੀ ਧਾਰ ਲਈ ਏ।'

......ਦੋਹਾਂ ਦੇ ਚਿਹਰਿਆਂ ਉਪਰ ਦਹਿਸ਼ਤ ਵੇਖਕੇ ਮੈਂ ਪੁੱਛਿਆ ਸੀ—'ਏਡਾ ਖਤਰਨਾਕ ਏ ਉਹ ?'

—ਹਜ਼ੂਰ ਗ਼ੁਸਤਾਖੀ ਮਾਫ, ਦੁੱਲਾ ਸ਼ਹਿਨਸ਼ਾਹ ਦੇ ਬੰਦਿਆਂ ਨੂੰ ਹੀ ਹੱਥ ਪਾਂਦਾ ਏ। ਵਪਾਰੀਆਂ ਨੂੰ ਮਾਰਦਾ ਏ, ਸ਼ਾਹੂਕਾਰਾਂ ਨੂੰ ਲੁੱਟਦਾ ਏ। ਮਹਾਜਨਾਂ ਦੇ ਵਹੀ-ਖਾਤਿਆਂ ਨੂੰ ਅੱਗ ਲਾ ਦਿੰਦਾ ਏ। ਚੌਧਰੀਆਂ ਦੇ ਪਸ਼ੂ ਖੋਹਲ ਲੈਂਦਾ ਏ ਤੇ ਗਰੀਬਾਂ ਨੂੰ ਵੰਡ ਦੇਂਦਾ ਏ। ਪੂਰੀ ਬਾਰ ਦੇ ਕਿਸਾਨਾਂ ਨੂੰ ਮਾਮਲਾ ਦੇਣ ਤੋਂ ਨਾਬਰ ਕਰ ਦਿੱਤਾ ਏ। ਆਖਦਾ ਏ ਜ਼ਮੀਨਾਂ ਸਾਡੀਆਂ ਨੇ, ਬਾਦਸ਼ਾਹ ਮਾਮਲਾ ਲੈਣ ਦਾ ਕੀ ਹੱਕ ਰੱਖਦਾ ਈ.......'

ਮੈਂ ਤਾਂ ਸੋਚੀਂ ਪੈ ਗਿਆ ਸਾਂ......ਇਹ ਤਾਂ ਅਸਲੋਂ ਹਕੂਮਤ ਨੂੰ ਅੱਖਾਂ ਵਿਖਾਣ ਦਾ ਮਸਲਾ ਏ। ਮੈਂ ਤੇ ਸਮਝਨਾ ਪਿਆ ਸਾਂ, ਇਹ ਕੋਈ ਮਾਮੂਲੀ ਧਾੜਵੀ ਹੋਣਾ। ਉਹ ਤੇ ਸਾਡੇ ਨਿਜ਼ਾਮ ਦਾ ਵੱਡਾ ਵੈਰੀ ਏ। ਉਸਨੇ ਤਿਆਰੀ ਵੀ ਪੂਰੀ ਕੀਤੀ ਹੋਣੀ ਏ। ਹੁਣ ਸਮਝਨਾਂ ਪਿਆਂ, ਦਰਬਾਰ ਵਿਚ ਹਾਜ਼ਰ ਅਮੀਰਾਂ ਵਜ਼ੀਰਾਂ ਨੇ ਦੁੱਲੇ ਨੂੰ ਫੜਨ ਲਈ ਰੱਖਿਆ ਪਾਨਾਂ ਦੇ ਬੀੜੇ ਔਰ ਤਲਵਾਰ ਵਲੋਂ ਮੂੰਹ ਕਿਉਂ ਭਵਾਇਆ ਸੀ।......ਤਾਂ ਇਹ ਗੱਲ ਏ। ਸਚਮੁੱਚ ਅੰਦਰੋਂ ਮੈਂ ਕੁਝ ਡਰਿਆ ਸਾਂ ਪਰ ਉਹਨਾਂ ਨੂੰ ਆਖਿਆ ਸੀ—'ਜਾਓ। ਫ਼ਿਕਰ ਨਾ ਕਰੋ। ਮੇਰੇ ਉਪਰ ਭਰੋਸਾ ਰੱਖੋ। ਮੈਂ ਰਾਵੀ ਔਰ ਝਨਾਂ ਦੀ ਬਾਰ ਵਿਚੋਂ ਭੱਟੀਆਂ ਦੀਆਂ ਜੜ੍ਹਾਂ ਖ਼ਤਮ ਕਰ ਦਿਆਂਗਾ। ਦੁੱਲੇ ਨੂੰ ਇਲਮ ਨਹੀਂ ਹੋਣਾ, ਹਕੂਮਤ ਦੀ ਨਾਬਰੀ ਅੱਲਾਹ ਦੀ ਨਾਬਰੀ ਏ ਤੇ ਅੱਲਾਹ ਦੀ ਨਾਬਰੀ ਕਰਨ ਵਾਲੇ ਨੂੰ ਨਿਜਾਮੁਦੀਨ ਨੇ ਕਦੀ ਬਖਸ਼ਿਆ ਨਹੀਂ। ਦੁੱਲਾ ਭੁਲਾ ਬੈਠਾ ਈ, ਸ਼ਾਹੀ ਫੌਜਾਂ ਦੇ ਸਿਪਾਹੀਆਂ ਕੋਲੋਂ ਤਾਂ ਰੱਬ ਵੀ ਪਨਾਹ ਮੰਗਦਾ ਏ, ਇਹ ਦੁੱਲਾ ਕੀ ਸ਼ੈਅ ਆ।'

.....ਮੌਲਵੀ ਔਰ ਪੰਡਤ ਦੋਵੇਂ ਖੁਸ਼ ਖੁਸ਼ ਮੁੜ ਪਏ। ਸ਼ਾਇਦ ਉਹਨਾਂ ਦਾ ਮਕਸਦ ਪੂਰਾ ਹੋ ਗਿਆ ਸੀ। ਮੈਂ ਹੀ ਆਵਾਜ਼ ਦੇ ਕੇ ਰੋਕ ਲਏ। ਉਹ ਤਾਂ ਸਹਿਮ ਗਏ ਯਕਦਮ। ਬੁੱਲ ਸੁੱਕ ਗਏ। ਪੁੱਛਿਆ—'ਕੀ ਹੋਇਆ ?'

—ਅਸਾਂ ਤੋਂ ਕੋਈ ਖ਼ਤਾ ਹੋ ਗਈ ਏ ਤਾਂ ਖ਼ਿਮਾਂ ਕਰਨਾ।' ਪੰਡਤ ਦੇ ਮੁਸ਼ਕਲ ਨਾਲ ਬੋਲ ਨਿਕਲੇ।

—ਦੁੱਲੇ ਨੂੰ ਪਛਾਣਨੇ ਓਂ ? ਮੈਂ ਪੁੱਛਿਆ।

—ਅਸਾਂ ਦੇ ਤਾਂ ਹੱਥਾਂ 'ਚ ਖੇਡਦਾ ਰਿਹਾ ਏ ਹਜ਼ੂਰ।' ਮੌਲਵੀ ਨੇ ਗਰਵ ਨਾਲ ਦੱਸਿਆ ਸੀ।

—ਚਿਹਨ-ਚੱਕਰ ਕਿੱਦਾਂ ਏ ?'

—ਬੜਾ ਡਾਹਢਾ ਈ। ਦੋ ਗਜ਼ ਤੋਂ ਵੀ ਲੰਮਾ ਹੋਣਾ ਈ। ਤਕੜਾ ਏਡਾ ਏ, ਸਾਂਢ੍ਹਾਂ ਨੂੰ ਪੂਛ ਤੋਂ ਫੜਕੇ ਖਿੱਚ ਲੈਂਦਾ ਏ। ਚੌੜੀ ਛਾਤੀ ਕੀ ਏ, ਚੱਕੀ ਦਾ ਪੁੜ ਏ। ਬਾਹਵਾਂ ਲੰਮੀਆਂ। ਮੁੱਛਾਂ ਖੜ੍ਹੀਆਂ, ਮੋਟੀਆਂ ਅੱਖਾਂ, ਜੋ ਕਿਸੇ ਵੱਲ ਸੁਰਖ਼ ਅੱਖਾਂ ਕਰਕੇ ਵੇਖ ਲਏ ਤਾਂ ਤਰਾਹ ਕੱਢ ਦਏ। ਉਹਦੇ ਸਾਹਮਣੇ ਬੰਦਾ ਖੜ੍ਹਾ ਤਾਂ ਇਉਂ ਲਗਦਾ ਏ ਜਿਵੇਂ ਸ਼ੇਰ ਸਾਹਮਣੇ ਗਿੱਦੜ ਖੜ੍ਹਾ ਹੋਵੇ।......

—ਸੱਚਮੁੱਚ ਮੈਂ ਅੰਦਰੋਂ ਜਰਕ ਗਿਆ ਸਾਂ।' ਪੰਡਤ ਅਜੇ ਉਸ ਬਾਰੇ ਪਤਾ ਨਹੀਂ ਹੋਰ ਕੀ ਕੁਝ ਆਖਦਾ, ਮੈਂ ਕਿਹਾ ਸੀ—ਇਕ ਕੰਮ ਕਰ ਸਕਨੇ ਓਂ..... ?'

—ਹੁਕਮ ਕਰੋ ਹਜ਼ੂਰ।' ਦੋਵੇਂ ਸਿਰ ਨਿਵਾ ਕੇ ਬੋਲੇ।

—ਦੁੱਲੇ ਨੂੰ ਕਿਸੇ ਬਹਾਨੇ ਕੁਝ ਦਿਨਾਂ ਲਈ ਪਿੰਡੀ ਤੋਂ ਬਾਹਰ ਭੇਜ ਸਕਨੇ ਓਂ..... ?'

ਪਹਿਲਾਂ ਦੋਵੇਂ ਸੋਚੀਂ ਪੈ ਗਏ। ਫਿਰ ਮੌਲਵੀ ਨੇ ਕਿਹਾ ਸੀ—'ਇਨਸ਼ਾ ਅੱਲਾਹ ਅਸੀਂ ਕਰ ਸਕਨੇ ਆਂ।'

—ਬਦਲੇ ਵਿਚ ਇਨਾਮ ਔਰ ਤੋਹਫੇ ਮਿਲਣਗੇ ਸ਼ਹਿਨਸ਼ਾਹ ਵਲੋਂ। ਸਿਫਾਰਸ਼ ਮੈਂ ਕਰਾਂਗਾ ਮੈਂ ਲਾਲਚ ਦਿੱਤਾ ਸੀ।

—ਜੀਂਦੇ ਰਹੇ ਤਾਂ ਇਨਾਮ ਲਵਾਂਗੇ ਨਾ ਹਜ਼ੂਰ।' ਪੰਡਤ ਢਿੱਲਾ ਜਿਹਾ ਬੋਲਿਆ ਸੀ।

—ਏਨੇ ਡਰਨੇ ਓਂ..... ?'

—ਕੀ ਕਰੀਏ, ਲੜਾਈ ਅੰਨ੍ਹੀ ਹੁੰਦੀ ਏ, ਗੁਸਤਾਖੀ ਮਾਫ਼ ਹਜੂਰ, ਨੇਜ਼ੇ ਤਲਵਾਰ ਨੇ ਥੋੜਾ ਈ ਵੇਖਣਾ, ਮੌਲਵੀ ਕੌਣ ਏ, ਪੰਡਤ ਕੌਣ ਏ। ਫਿਰ ਵੀ ਅਸੀਂ ਤਖ਼ਤ ਲਾਹੌਰ ਦੀ ਖ਼ਿਦਮਤ ਕਰਾਂਗੇ। ਪਰ ਅਸਾਂ ਦੀ ਓਹੀ ਇਕ ਅਰਜ਼ ਏ......, ਸਿਪਾਹੀਆਂ ਨੂੰ ਆਖਣਾ ਸਾਡੇ ਘਰਾਂ ਵੱਲ ਨਾ ਤੱਕਣ, ਨਾ ਮਾਲ-ਮੱਤੇ ਵੱਲ, ਨਾ ਅਹਿਲੇ-ਖ਼ਾਨਾਂ ਵੱਲ।'

—ਮਸਲਾ ਬੜਾ ਸਿੱਧਾ ਈ— ।' ਮੈਂ ਕਿਹਾ ਸੀ।—'ਤੁਸਾਂ ਮੇਰਾ ਕੰਮ ਕਰਨਾ ਏ ਮੈਂ ਤੁਸਾਂ ਦਾ ਕੰਮ ਕਰਾਂਗਾ।'

.....ਮੌਲਵੀ ਔਰ ਪੰਡਤ ਬੜੇ ਖੁਸ਼ ਹੋਏ ਮੁੜ ਤਾਂ ਗਏ ਸਨ। ਪਰ ਮੈਨੂੰ ਏਨੀ ਪ੍ਰੇਸ਼ਾਨੀ ਕਿਉਂ ਏ ? ਮੈਂ ਤਾਂ ਦੁੱਲੇ ਨੂੰ ਮਮੂਲੀ ਲੁਟੇਰਾ ਸਮਝਕੇ ਛੋਟੇ ਭਰਾ ਨੂੰ ਭੇਜਿਆ ਏ। ਬਾਜ਼ੀ ਉਲਟੀ ਤਾਂ ਨਈਂ ਪਏਗੀ। ਇਕ ਚੰਗੇ ਬਹਾਦਰ ਸੈਨਾਪਤੀ ਤੋਂ ਹਾਰ ਜਾਣਾ ਏਨੀ ਨਮੋਸ਼ੀ ਨਹੀਂ ਹੁੰਦੀ, ਪਰ ਇਕ ਗੁਮਨਾਮ ਜਿਹੇ ਬਾਗੀ ਤੋਂ ਹਾਰਨਾ ਬੜੀ ਵੱਡੀ ਲਾਹਣਤ ਹੁੰਦੀ ਏ।....

ਅਜਿਹੀਆਂ ਸੋਚਾਂ ਮਿਰਜ਼ਾ ਨਿਜਾਮੁਦੀਨ ਨੂੰ ਚੈਨ ਦੀ ਨੀਂਦ ਨਹੀਂ ਪੈਣ ਦਿੰਦੀਆਂ।

—ਇਹ ਗੱਲਾਂ ਦੋ ਦਿਨ ਪਹਿਲਾਂ ਦੀਆਂ ਨੇ। ਹੁਣ ਤੱਕ ਤਾਂ ਅਲਾਉਦੀਨ ਦੀ ਨਿਗਰਾਨੀ ਹੇਠ ਫੌਜਾਂ ਪਿੰਡੀ ਲਾਗੇ ਪਹੁੰਚ ਗਈਆਂ ਜਾਂ ਪਹੁੰਚਣ ਵਾਲੀਆਂ ਹੋਣਗੀਆਂ।



ਨਿਜਾਮੁਦੀਨ ਨੇ ਆਪਣੀ ਨਿਗਰਾਨੀ ਹੇਠ ਪੂਰੀ ਤਿਆਰੀ ਨਾਲ ਕੂਚ ਕਰਵਾਇਆ ਸੀ। ਸੈਨਿਕ, ਸਾਈਸ, ਰਸੋਈਏ, ਲੁਹਾਰ, ਤਰਖਾਣ, ਰਥਵਾਨ, ਗੱਡਿਆਂ ਵਾਲੇ, ਊਠ, ਘੋੜੇ ਹਥਿਆਰ, ਰਾਸ਼ਨ-ਪਾਣੀ, ਇਕ ਇਕ ਚੀਜ਼ ਦਾ ਖ਼ੁਦ ਮੁਆਇਨਾ ਕੀਤਾ ਸੀ। ਅਲਾਉਦੀਨ ਨੂੰ ਕਈ ਗੁਪਤ ਹਦਾਇਤਾਂ ਦਿੱਤੀਆਂ ਸਨ। ਤਾਂ ਵੀ ਮਨ ਸਥਿਰ ਨਹੀਂ ਸੀ।

* * * *

ਮੌਲਵੀ ਅਤੇ ਬ੍ਰਾਹਮਣ ਵਿੰਗੇ ਟੇਢੇ ਰਸਤੇ ਹਰ ਹਾਲਤ ਵਿਚ ਫੌਜਾਂ ਤੋਂ ਪਹਿਲਾਂ ਪਿੰਡੀ ਪਹੁੰਚ ਗਏ।

ਰਸਤੇ ਵਿਚ ਦੋਹਾਂ ਨੇ ਸਾਂਝੀ ਵਿਉਂਤ ਘੜ ਲਈ-ਦੁੱਲੇ ਨੂੰ ਪਿੰਡੀ ਤੋਂ ਬਾਹਰ ਕਿਹੜੇ ਬਹਾਨੇ ਭੇਜਣਾ ਹੈ।

ਆਉਂਦੇ ਹੀ ਦੋਵੇਂ ਆਪਣੀ ਸਕੀਮ ਨੂੰ ਸਿਰੇ ਚਾੜ੍ਹਨ ਲਈ ਜੁੱਟ ਗਏ।

## 37.

ਪਿੰਡੀ ਦੇ ਬਨੇਰਿਆਂ ਉਪਰ ਦਿਨ ਚੜ੍ਹਦਿਆਂ ਹੀ ਅਫਵਾਹਾਂ ਨੇ ਆ ਡੇਰੇ ਲਾਏ। ਤਰ੍ਹਾਂ ਤਰ੍ਹਾਂ ਦੇ ਲੋਕ ਤੇ ਉਹਨਾਂ ਵਾਂਗ ਹੀ ਵੰਨ-ਸੁਵੰਨੀਆਂ ਅਫਵਾਹਾਂ।

ਉੱਚੇ ਪਾਸੇ ਮਸੀਤ ਦੇ ਸਾਹਮਣੇ, ਬੋਹੜਾਂ ਹੇਠ ਜੁੜੀ ਖ਼ਲਕਤ ਅਤੇ ਖ਼ਲਕਤ ਵਿਚ ਬੈਠੇ ਚੌਧਰੀਆਂ ਦੇ ਮਨਾਂ ਵਿਚ ਖੌਫ਼ ਸੀ। ਜਿਨ੍ਹਾਂ ਪੁਰਾਣੇ ਬੰਦਿਆਂ ਨੇ ਫਰੀਦ ਭੱਟੀ ਵੇਲੇ ਪਿੰਡੀ ਉਜੜਦੀ ਵੇਖੀ ਸੀ, ਉਹਨਾਂ ਦੀਆਂ ਅੱਖਾਂ ਵਿਚ ਅਤੇ ਚਿਹਰਿਆਂ ਉਪਰ ਅਜੀਬ ਤਰ੍ਹਾਂ ਦੀ ਦਹਿਸ਼ਤ ਸੀ। ਸਭ ਕੋਈ ਆਪਣੀ ਆਪਣੀ ਹਾਂਕ ਰਹੇ ਸਨ। ਕਿਸੇ ਮੇਲੇ ਵਾਂਗ ਕਾਂਵਾਂ ਰੌਲੀ ਪਈ ਹੋਈ ਸੀ। ਫਿਰ ਵੀ ਕੁਝ ਕੁਝ ਗੱਲਾਂ ਲੋਕਾਂ ਦੇ ਕੰਨਾਂ ਵਿਚ ਪੈ ਰਹੀਆਂ ਸਨ।

—ਮੁਗਲੇਟਿਆਂ ਦਾ ਲਸ਼ਕਰ ਪਿੰਡੀ ਲਾਗੇ ਪਹੁੰਚਣ ਵਾਲਾ ਏ।'

—ਸੁਣਿਆ ਈ ਅਕਬਰ ਬਾਦਸ਼ਾਹ ਖ਼ੁਦ ਆਉਂਦਾ ਪਿਆ।'

—ਹਾਥੀ, ਤੋਪਾਂ, ਘੁੜ ਸਵਾਰ, ਪੈਦਲ.....ਏਨੇ ਸਿਪਾਹੀ, ਗਿਣਤੀ ਕਾਈ ਨਹੀਂ ਹੁੰਦੀ।'

—ਬਾਦਸ਼ਾਹ ਨਹੀਂ ਆਂਦਾ ਪਿਆ, ਉਹਦਾ ਕੋਈ ਫੌਜਦਾਰ ਆਂਦਾ ਪਿਐ।'

—ਕਿਥੋਂ ਸੁਣਿਆ ਈ ?'

—ਮੌਲਵੀ ਆਂਹਦਾ ਪਿਆ ਈ।'

—ਆਹੋ, ਸੁਣਿਆ ਈ, ਇਕ ਫੌਜਦਾਰ ਨੇ ਪਾਨਾਂ ਦਾ ਬੀੜਾ ਮੂੰਹ ਵਿਚ ਪਾਂਦਿਆਂ ਆਖਿਆ ਈ, ਮੈਂ ਪਿੰਡੀ ਦੀ ਨਾਸ ਮਾਰ ਦਿਆਂਗਾ, ਥੇਹ ਬਣਾ ਛੋੜਾਂਗਾ।'

—ਉਹ ਦੁੱਲੇ ਨੂੰ ਜੀਂਦਿਆਂ ਪਕੜਨ ਆਉਂਦੇ ਪਏ ਨੇ।'

—ਆਹੋ, ਬਾਦਸ਼ਾਹ ਆਖਿਆ ਏ, ਬਾਰ ਵਿਚੋਂ ਭੱਟੀਆਂ ਦਾ ਬੀਅ ਨਾਸ ਕਰਨਾ ਏਂ।'

ਲੋਕ ਇਹ ਆਵਾਜ਼ਾਂ ਪਛਾਣਦੇ ਨੇ। ਕਦੇ ਚੌਧਰੀ ਫਜ਼ਲਦੀਨ ਬੋਲਦਾ ਹੈ, ਕਦੇ ਜਲਾਲਦੀਨ, ਕਦੇ ਅਹਿਮਦ ਚੌਧਰੀ। ਹੁਣ ਤਾਂ ਇਹਨਾਂ ਦੇ ਪੁੱਤਰ ਵੀ ਐਸੀਆਂ ਮਜਲਸਾਂ ਵਿਚ ਹਿੱਸਾ ਲੈਂਦੇ ਨੇ। ਫਜ਼ਲਦੀਨ ਦਾ ਪੁੱਤਰ ਲੱਖਣ ਅਤੇ ਅਹਿਮਦ ਚੌਧਰੀ ਦਾ ਪੁੱਤਰ ਅਬਦੁਲਾ ਤਾਂ ਆਖਦਾ ਏ, ਉਹ ਅੱਗੇ ਜਾਕੇ ਬਾਦਸ਼ਾਹੀ ਫੌਜਾਂ ਦਾ ਸਵਾਗਤ ਕਰਨਗੇ। ਮੌਲਵੀ ਦਾ ਪੁੱਤਰ ਦਰਗਾਹੀ ਵੀ ਉਹਨਾਂ ਨਾਲ ਜਾਣਾ ਚਾਹੁੰਦਾ ਏ।

ਹੁਣ ਸ਼ਾਇਦ ਜਲਾਲਦੀਨ ਦਾ ਪੁੱਤਰ ਲੁੱਡਣ ਬੋਲਣ ਲੱਗਾ—'ਬਾਦਸ਼ਾਹ ਪੂਰੇ ਗੁੱਸੇ ਵਿਚ ਏ, ਉਸ ਆਖਿਆ ਏ,—'ਦੁੱਲਾ ਮੇਰੇ ਬੰਦਿਆਂ ਦੇ ਸਿਰ ਲਾਂਹਦਾ ਈ, ਹੁਣ ਆਪਣਾ ਸਿਰ ਲੁਹਾਣ ਲਈ ਤਿਆਰ ਰਹੇ।'

ਕੋਈ ਨਹੀਂ ਸੀ ਦੇਖਦਾ ਕੌਣ ਕੀ ਆਖਦਾ ਏ। ਗੱਲਾਂ ਸਨ, ਜਿਹੜੀ ਸਭਨਾਂ ਦੇ ਸਿਰਾਂ ਉਪਰ ਮਖ਼ਿਆਲ ਵਾਂਗ ਮੰਡਰਾ ਰਹੀਆਂ ਸਨ। ਪਿੰਡੀ ਦੇ ਲੋਕ ਆਪਣੇ ਕੰਮ ਧੰਦੇ ਛੱਡ ਕੇ ਏਧਰ ਆ ਰਹੇ ਸਨ। ਕਦੇ ਕਦੇ ਤਾਂ ਕੋਈ ਜਣਾ ਬੇ-ਮਤਲਬ ਹੀ ਭੀੜ ਵਿਚੋਂ ਉਠਕੇ ਅੱਡੀਆਂ



ਚੁੱਕ ਕੇ, ਅੱਖਾਂ ਉਪਰ ਹੱਥ ਦਾ ਛੱਪਰ ਬਣਾਉਂਦਾ ਲਾਹੌਰ ਵਲੋਂ ਆਉਂਦੇ ਰਾਹ ਵੱਲ ਨੀਝ ਨਾਲ ਝਾਕਦਿਆਂ ਆਖਦਾ—'ਧੂੜ ਉਡਦੀ ਪਈ ਏ, ਫੌਜਾਂ ਆ ਗਈਆਂ ਨੀ।'

ਦੂਜੇ ਪਾਸੇ ਵੱਡੇ ਪਿੱਪਲ ਵਲ ਵੀ ਪਿੰਡੀ ਦੇ ਲੋਕ ਜੁੜੇ ਸਨ। ਅਫਵਾਹਾਂ ਅਤੇ ਗੱਲਾਂ ਦਾ ਝੱਖੜ ਏਧਰ ਵੀ ਝੁੱਲਿਆ ਹੋਇਆ ਸੀ। ਵਾਹੀ-ਬੀਜੀ ਕਰਨ ਵਾਲੇ, ਬਾਜ਼ੀਗਰ, ਵਾਗੀ, ਇੱਜੜਾਂ ਵਾਲੇ, ਸਭ ਆਪਣੀ ਆਪਣੀ ਸੁਣਾ ਰਹੇ ਸਨ।

—ਫੌਜਾਂ ਆ ਗਈਆਂ ਨੇ।'

—ਸੁਣਿਆ ਈ ਉਹ 'ਕੱਲੇ ਦੁੱਲੇ ਭੱਟੀ ਨੂੰ ਫੜਨ ਆਂਦੇ ਪਏ ਨੇ।'

—ਭੱਟੀ ਜਣੇ ਖਣੇ ਬਣ ਜਾਣਾ ਕੀ ?'

—ਉਹ ਤੇ ਗ਼ਰੀਬਾਂ ਨੂੰ ਟੁੱਕੜ ਦੇਂਦਾ ਈ।'

—ਦੁੱਲਾ ਚੌਧਰੀਆਂ ਦੇ ਡੰਗਰ ਹੱਕ ਲਿਆਉਂਦਾ ਤੇ ਸਾਡੀ ਘਰੀ ਬੰਨ੍ਹ ਜਾਂਦਾ।'

—ਸਾਡਾ ਤੇ ਦੁੱਲਾ ਈ ਬਾਦਸ਼ਾਹ ਏ।'

—ਅਸਾਂ ਦੁੱਲੇ ਦੇ ਨਾਲ ਆਂ।'

—ਆਓ ਫਿਰ ਝਿੜੀ ਵੱਲ ਚੱਲੀਏ— ।'

ਬਹੁਤੇ ਗੱਭਰੂ ਅੰਬਾਂ ਦੀ ਝਿੜੀ ਵੱਲ ਤੁਰ ਪਏ।

............. ................ .................

ਉੱਚੇ ਪਾਸੇ ਚੌਧਰੀਆਂ ਦੇ ਚਿਹਰਿਆਂ ਉਪਰ ਚਿੰਤਾ ਘੱਟ ਤੇ ਪਿੰਡੀ ਉਪਰ ਟੁੱਟਣ ਵਾਲੇ ਕਹਿਰ ਦੀ ਖੁਸ਼ੀ ਵਧੇਰੇ ਸੀ।

ਅਹਿਮਦ ਚੌਧਰੀ ਹੁੱਕੇ ਦਾ ਕੁਸ਼ ਖਿੱਚਦਿਆਂ ਬੋਲਿਆ—'ਪਤਾ ਹੁਣ ਚੱਲੇਗਾ, ਜਦ ਬਾਦਸ਼ਾਹ ਦੇ ਸਿਪਾਹੀ ਦੁੱਲੇ ਦੇ ਟੱਬਰ ਨੂੰ ਨਰੜ ਕੇ ਲੈ ਗਏ।'

—ਚੌਧਰੀ, ਇਹ ਕਹਿਰ ਦੁੱਲੇ ਦੀ ਹਵੇਲੀ ਉਪਰ ਈ ਨਹੀਂ ਡਿੱਗਣਾ, ਦੇਖਦੇ ਜਾਣਾ ਪਿੰਡੀ ਦੇ ਘਰ ਘਰ ਕੀਰਨੇ ਪੈਣੇ ਨੀ। ਜਿਹੜੀਆਂ ਜ਼ਿੱਲਤਾਂ ਔਰ ਬੇਇਜ਼ਤੀਆਂ ਹੋਣੀਆਂ ਨੇ ਉਹ ਵੱਖਰੀਆਂ।' ਫਜ਼ਲੀਦੀਨ ਬੋਲਿਆ।

—ਪਹਿਲਾਂ ਕੀ ਹੋਇਆ ? ਜਿਹੜੇ ਜਿਉਂਦੇ ਨੀ, ਉਹ ਜਾਣਦੇ ਨੀ।' ਅਫਜ਼ਲ ਨੇ ਚੌਧਰੀ ਫਜ਼ਲਦੀਨ ਦੀ ਹਾਮੀ ਭਰੀ।—'ਸਹੀ ਏ ਤੇਰੀ ਗੱਲ। ਜੰਗਲ ਨੂੰ ਅੱਗ ਪੈਂਦੀ ਊ ਤਾਂ ਜਨੌਰ ਪਰਿੰਦੇ ਵੀ ਰਾਖ ਹੋ ਵਹਿੰਦੇ ਨੇ। ਨਾਲੇ ਦੁੱਲੇ ਅਰ ਉਹਦੇ ਬੇਲੀਆਂ ਕਿਹੜਾ ਘੱਟ ਕੀਤੀ ਊ ਬਾਦਸ਼ਾਹ ਨਾਲ। ਹੁਣ ਉਹ ਦਾਅ ਤੇ ਈ। ਜੇ ਚੁਗੱਤੇ ਗੁੱਤਾਂ ਨੂੰ ਹੱਥ ਪਾ, ਰੰਨਾਂ ਨੂੰ ਚੱਕੀ ਘੇਰੇ ਭੁਆਉਣ ਪਏ ਤਾਂ ਭੁਆਈ ਜਾਣ। ਸਾਡੀ ਬਲਾ ਨੂੰ।'

ਅਫ਼ਜਲ ਚੌਧਰੀ ਦੇ ਗੱਲਾਂ ਕਰਦਿਆਂ ਹਾਜੀ ਚਿਰਾਗ਼ਦੀਨ ਉਹਨਾਂ ਦੇ ਲਾਗੇ ਆ ਖੜ੍ਹਾ ਸੀ। ਬੋਲਿਆ—ਏਹ ਤਰ੍ਹਾਂ ਨਾ ਆਖੋ ਚੌਧਰੀਓ, ਪੜੋਸੀਆਂ ਦੇ ਘਰ ਨੂੰ ਅੱਗ ਲੱਗੇ ਤਾਂ ਸੇਕ ਖ਼ੁਦ ਨੂੰ ਵੀ ਆਂਦਾ ਏ।'

—ਸੇਕ ਤਾਂ ਆਉਣਾ ਈ ਹੋਇਆ, ਹਾਜੀ ਮੀਆਂ। ਜਦ ਤੱਕ ਦੁੱਲਾ ਪਿੰਡੀ ਵਿਚ ਏ, ਪਿੰਡੀ ਨੇ ਸੁਖੀ ਨਹੀਂ ਵਸਣਾ। ਪੱਲੇ ਗੱਠ ਦੇ ਲਉ ਮੇਰੀ ਗੱਲ, ਜੇ ਦੁੱਲੇ ਨੂੰ ਨੱਥ ਪਾ ਕੇ ਫੜੀਚਣ ਲਈ, ਪਿੰਡੀ ਦੇ ਹੋਰ ਦਸ ਘਰੀਂ ਵੈਣ ਪੈਂਦੇ ਨੀ ਤਾਂ ਸੌਦਾ ਮਾੜਾ ਨਹੀਓਂ।.....'

—ਤੇਰੀ ਤੇ ਉਹ ਗੱਲ ਵੇ ਚੌਧਰੀ, ਗੁਆਂਢੀ ਦੀ ਕੰਧ ਜ਼ਰੂਰ ਢਹਿ ਪਏ, ਚਾਹੇ ਹੇਠ ਆਕੇ ਉਸਦੇ ਆਪਣਾ ਪੁੱਤਰ ਮਾਰਿਆ ਜਾਏ।'

—ਤਾਂ ਵੀ ਸੌਦਾ ਘਾਟੇ ਵਾਲਾ ਨਹੀਂ।' ਚੌਧਰੀ ਨੇ ਢੀਠ ਹੁੰਦਿਆਂ ਕਿਹਾ।

—ਅਹਿਮਦ ਚੌਧਰੀ ਬਾਰ ਦੀ ਮਿੱਟੀ ਦਾ ਅੰਨ ਖਾਨਾ ਏਂ। ਬੰਦੇ ਨੂੰ ਏਨਾ ਅਹਿਸਾਨ ਫਰਾਮੋਸ਼ ਨਹੀਂ ਹੋਣਾ ਚਾਹੀਦਾ।' ਚਿਰਾਗਦੀਨ ਦੁਖੀ ਹੁੰਦਾ ਬੋਲਿਆ—'ਬਿਲਕੁਲ ਸਹੀ ਏ ਤੁਸਾਂ ਦੀ ਗੱਲ, ਦੁੱਲਾ ਲੁੱਟਾਂ ਕਰਦਾ ਏ ਧਾੜੇ ਮਾਰਦਾ ਏ। ਜ਼ਰਾ ਸੋਚੋ ਉਹ ਕਿਨ੍ਹਾਂ ਦੀਆਂ ਲੁੱਟਾਂ ਖੋਹਾਂ ਕਰਦਾ ਏ, ਕਦੀ ਕੋਈ ਆਜੜੀ, ਕੋਈ ਟੱਪਰੀਵਾਸ ਕੋਈ ਗ਼ਰੀਬ ਰਾਹਗੀਰ ਲੁੱਟਿਆ ਏ? ਜਿਹੜੇ ਬੰਦੇ, ਸ਼ਾਹੂਕਾਰ, ਵਪਾਰੀ ਮਾੜੇ ਲੋਕਾਂ ਦੀ ਰੱਤ ਚੂਸਦੇ ਨੇ ਦੁੱਲਾ ਉਹਨਾਂ ਨੂੰ ਲੁੱਟਦਾ ਏ ਤੇ ਗ਼ਰੀਬਾਂ 'ਚ ਤਕਸੀਮ ਕਰ ਦਿੰਦਾ ਏ। ਕੀ ਮਾੜਾ ਕਰਦਾ ਏ। ਦੁੱਲਾ ਏਸ ਭੌਂਇੰ ਦਾ ਅਸਲੀ ਪੁੱਤਰ ਏ। ਬਾਦਸ਼ਾਹ ਦੀ ਚਾਪਲੂਸੀ ਕਰਕੇ ਰੁਤਬੇ ਹਾਸਲ ਕਰ ਲੈਣੇ ਕੋਈ ਵੱਡੀ ਗੱਲ ਨਹੀਂ ਹੁੰਦੀ। ਬਾਦਸ਼ਾਹ ਤਾਂ ਸਾਡੇ ਨਾਲੋਂ ਵੀ ਵੱਡੇ ਲੁਟੇਰੇ ਨੇ, ਦੂਸਰੇ ਦੇ ਰਾਜ ਉਪਰ ਕਾਬਜ਼ ਹੋਣ ਲਈ ਬੇ-ਸ਼ੁਮਾਰ ਹਤਿਆਵਾਂ ਕਰਦੇ ਨੇ। ਤੁਸਾਂ ਦੀ ਨਜ਼ਰ ਵਿਚ ਜੇ ਦੁੱਲਾ ਹਤਿਆਰਾ ਏ ਤਾਂ ਅਕਬਰ ਉਸ ਨਾਲੋਂ ਵੀ ਵੱਡਾ ਹਤਿਆਰਾ ਏ।' ਆਖਕੇ ਹਾਜ਼ੀ ਤਸਬੀ ਫੇਰਨ ਲੱਗਾ।

—ਹਾਜੀ ਮੀਆਂ ਹੁਣ ਤੇਰੀ ਉਮਰ ਨਹੀਂ ਰਹੀ ਬਾਦਸ਼ਾਹ ਦੇ ਬੰਦੀਖ਼ਾਨੇ ਦੇ ਤਸੀਹੇ ਝੱਲਣ ਦੀ। ਉਪਰੋਂ ਜੰਗ ਸਿਰ 'ਤੇ ਆਣ ਬੈਠੀ ਏ, ਆਪਣੀ ਜੀਭ ਨੂੰ ਸੰਗਲ ਮਾਰ ਕੇ ਰੱਖ।' ਚੌਧਰੀ ਜਲਾਲਦੀਨ ਨੇ ਸੜ-ਬਲ ਕੇ ਕਿਹਾ।

—ਕੀਹਦੀ ਕੀਹਦੀ ਜੀਭ ਨੂੰ ਸੰਗਲ ਮਾਰੇਂਗਾ ਚੌਧਰੀ? ਮੇਰਾ ਕੀ ਏ ਜਿਹੜੇ ਚਾਰ ਸਾਹ ਨੇ ਉਹ ਵੀ ਅੱਲਾਹ ਦੇ ਨੇ। ਕਿ ਤੇਰੇ ਕਹੇ ਏਹ ਵੀ ਬਾਦਸ਼ਾਹ ਕੋਲ ਗਿਰਵੀ ਰੱਖ ਦਿਆਂ?'

ਚੌਧਰੀਆਂ ਅਤੇ ਜੁੜੇ ਉਹਨਾਂ ਦੇ ਪੁੱਤਰਾਂ, ਪੋਤਿਆਂ ਅਤੇ ਹੋਰ ਲੋਕਾਂ ਨੇ ਪਹਿਲੀ ਵਾਰ ਮੀਆਂ ਚਿਰਾਗ਼ ਦੀਨ ਨੂੰ ਏਨਾ ਤੱਤਾ ਬੋਲਦਿਆਂ ਸੁਣਿਆ। ਉਹ ਹੈਰਾਨ ਰਹਿ ਗਏ। ਫਜ਼ਲਦੀਨ ਨੇ ਗੱਲ ਨੂੰ ਮੋੜ ਦੇਣਾ ਚਾਹਿਆ;

—ਹਾਜੀ ਮੀਆਂ ਸਾਹ ਤਾਂ ਸਾਰਿਆਂ ਦੇ ਅੱਲਾਹ ਨੇ ਦਿੱਤੇ ਹੋਏ ਨੇ, ਪਰ ਸਮਝ ਨਹੀਂ ਪਈ ਪੈਂਦੀ, ਅੰਮਾ ਲੱਧੀ ਨੇ ਪਤਾ ਨੀ ਕਿਹੜੇ ਭਰਿੰਡ ਖਾਕੇ ਜਣਿਆ ਈ ਦੁੱਲਾ। ਨਾ ਇਹ ਚੌਧਰੀਆਂ ਦੀ ਪਰਵਾਹ ਕਰਦਾ ਏ, ਨਾ ਬਾਦਸ਼ਾਹ ਦੀ। ਜੇ ਬੰਦਾ ਇਕ ਖੁੱਡ ਵਿਚੋਂ ਡੰਗਿਆ ਜਾਏ ਤਾਂ ਮੁੜ ਉਸ ਖੁੱਡ ਵਿੱਚ ਹੱਥ ਨਹੀਓਂ ਪਾਂਦਾ। ਪਰ ਇਹ ਤਾਂ ਬਾਰ ਬਾਰ ਸ਼ੇਰ ਦੀ ਮੁੱਛ ਪੁੱਟਣ ਲੱਗਾ ਹੋਇਆ।'

—ਹੁਣ ਆ ਗਏ ਨੀ ਖਸਮ। ਲਾਗੇ ਈ ਨੇ।' ਅਹਿਮਦ ਚੌਧਰੀ ਬੋਲਿਆ।

—ਪਤਾ ਤੇ ਹੁਣ ਲੱਗਸੀ, ਕੀ ਭਾਅ ਵਿਕਦੀ ਏ। ਦੁੱਲਾ ਤਾਂ ਅੱਲਾਹ ਨੂੰ ਟੋਕਰਾ ਈ ਸਮਝਦਾ ਸੀ। ਫੈਲਸੂਫ਼ੀਆਂ ਤੇ ਵੇਖੋ, ਦਿੰਹੁ ਵੇਲੇ ਸ਼ਿਕਾਰ ਖੇਡਣਾ ਤ੍ਰਕਾਲਾਂ ਵੇਲੇ ਝਿੜੀ 'ਚ ਗੋਸ਼ਤ ਰਿੰਨ੍ਹਣੇ, ਰਾਤੀਂ ਧਾੜੇ ਮਾਰਨੇ। ਹੋਰ ਤੇ ਹੋਰ, ਇੱਕ ਰੰਨ ਹੋਰ ਰੱਖੀ ਸੂ ਪਰ੍ਹਾਂ ਪਿੰਡੀ ਦੇ ਕੋਠਿਆਂ 'ਚ, ਝਨਾਂ ਕੰਢੇ।' ਫਜ਼ਲਦੀਨ ਨੇ ਕੁਝ ਵਧੇਰੇ ਈ ਮਿਰਚ ਮਸਾਲਾ ਲਾਕੇ ਗੱਲਾਂ ਆਖੀਆਂ।

—ਚੱਲ ਹੁਣ ਆ ਗਏ ਨੀ, ਵਿਗੜੇ ਸੰਢਿਆਂ ਨੂੰ ਖੱਸੀ ਕਰਨ ਵਾਲੇ। ਪਤਾ ਤੇ ਹੁਣ ਲੱਗਣਾ ਜਦ ਹੱਥਾਂ ਦੀਆਂ ਪਾਈਆਂ, ਦੰਦਾਂ ਨਾਲ ਖੋਹਲਣੀਆਂ ਪਈਆਂ।' ਇਸ ਵਾਰ ਇਲਮਦੀਨ ਚੌਧਰੀ ਬੋਲਿਆ।



—ਯਾਦ ਈ ਇਲਮਦੀਨ ਚੌਧਰੀਆ, ਦੁੱਲੇ ਦੇ ਪਿਉ ਵੇਲੇ ਬਾਦਸ਼ਾਹ ਦੀਆਂ ਫੌਜਾਂ ਨੇ ਪਿੰਡੀ ਦੀ ਕੇਹੀ ਬਾਬ ਕੀਤੀ ਸਾਈਂ। ਹਾਥੀਆਂ ਨੂੰ ਸ਼ਰਾਬਾਂ ਨਾਲ ਮਸਤ ਕਰਕੇ ਕਿਵੇਂ ਪਿੰਡੀ ਦੀਆਂ ਕੰਧਾਂ, ਦਰਵਾਜ਼ੇ ਭੰਨੇ ਸਨ। ਕੋਠੇ ਬਰਾਬਰ ਕਰ ਛੱਡੇ ਸਨ।'

—ਹੁਣ ਵੀ ਏਵੇਂ ਹੋਣਾ ਅਫਜ਼ਲ ਮੀਆਂ। ਵੇਖਦੇ ਰਹੁ।'

—ਵੇਖਦੇ ਈ ਪਏ ਆਂ।' ਕਾਫੀ ਦੇਰ ਤੋਂ ਚੁੱਪ ਬੈਠਾ ਰਹਿਮਤ ਅਲੀ ਬੋਲਿਆ।

ਲਾਹੌਰ ਵਾਲੇ ਪਾਸਿਓਂ ਇਕ ਕਾਲਾ ਬੱਦਲ ਹੌਲੀ ਹੌਲੀ ਉਤਾਂਹ ਉਠਦਾ, ਪਿੰਡੀ ਵੱਲ ਫੈਲਦਾ ਆ ਰਿਹਾ ਸੀ।

ਅਹਿਮਦ ਚੌਧਰੀ ਕੁਝ ਦੇਰ ਚੜ੍ਹੇ ਆਉਂਦੇ ਬੱਦਲ ਵੱਲ ਵੇਖਦਾ ਰਿਹਾ, ਫਿਰ ਬੋਲਿਆ-'ਰਹਿਮਤ ਅਲੀਆ ਉਠੋ, ਵੇਲੇ ਨਾਲ ਘਰ ਟਿਕਾਣੇ ਚੱਲੀਏ। ਕੁਵੇਲੇ ਦਾ ਮੀਂਹ ਆਫ਼ਤ ਹੁੰਦਾ।'

—ਆਹੋ ਨਾਲੇ ਵੇਲੇ ਨਾਲ ਟੂੰਮ ਛੱਲਾ ਦੱਬ ਛੱਡੀਏ।' ਫਜ਼ਲਦੀਨ ਨੇ ਗੁੱਝੀ ਮਸ਼ਕਰੀ ਕੀਤੀ।

ਪਤਾ ਨਹੀਂ ਕਿਧਰੋਂ ਬੁੱਧ ਰਾਮ ਨੇ ਸਿਰ ਆ ਕੱਢਿਆ। ਉਹ ਲੋਕਾਂ ਦੇ ਪਿੱਛੇ ਈ ਦੜਿਆ ਬੈਠਾ ਸੀ। ਬੋਲਿਆ:

—ਆਹੋ ਚਾਚਾ ਰਹਿਮਤ ਅਲੀ, ਨਾਲੇ ਵੇਲੇ ਨਾਲ ਆਪਣੀ ਬੇਗ਼ਮ ਸਾਂਭ ਛੱਡੀਏ।'

—ਉਹੇ ਖ਼ਬੀਸ ਖੱਤਰੀਆ ਤੈਨੂੰ ਕਿੰਨੀ ਵਾਰ ਮਨ੍ਹਾ ਕੀਤਾ ਏ, ਪਰ੍ਹਿਆ 'ਚ ਬੈਠ ਕੇ ਜਨਾਨ ਖ਼ਾਨੇ ਵੱਲ ਨਹੀਂ ਜਾਈਦਾ।'

—ਚਾਚਾ ਮੈਂ ਤਾਂ ਪਰ੍ਹਿਆ ਉਠਣ ਡਹੀ ਤੋਂ ਬੋਲਿਆ ਵਾਂ।' ਬੁਧ ਰਾਮ ਹੱਸਿਆ।

—ਜਲਾਲਦੀਨ ਏਸ ਖੱਤਰੀ ਨੂੰ ਸਮਝਾ ਲੈ ਨਹੀਂ ਤਾਂ ਮੈਂ ਕਿਸੇ ਦਿਨ ਇਹਦੀ ਸ਼ਾਹ ਰਗ 'ਤੇ ਛੁਰੀ ਫੇਰ ਕੇ ਹਲਾਲ ਕਰ ਛੱਡਣਾ ਈ।' ਆਖਦਿਆਂ ਰਹਿਮਤ ਅਲੀ ਦਾ ਦੰਦ ਛੇਤੀ ਛੇਤੀ ਹਿੱਲਣ ਲੱਗਾ।

—ਚਾਚਾ, ਵੇਖ ਲੈ, ਫਿਰ ਨਵੀਂ ਬੇਗ਼ਮ ਨੂੰ ਚਾਚੀ ਕਹਿਣ ਵਾਲਾ ਪਿੰਡੀ 'ਚ ਹੋਰ ਕੋਈ ਨਹੀਓਂ ਹੋਣਾ।'

ਚੌਧਰੀ ਅਤੇ ਹੋਰ ਲੋਕ ਇਹਨਾਂ ਗੱਲਾਂ ਦਾ ਸੁਆਦ ਲੈਂਦੇ ਹੱਸ ਰਹੇ ਸਨ।

ਹਾਜੀ ਚਿਰਾਗ਼ਦੀਨ ਨੇ ਬੁੱਧ ਰਾਮ ਨੂੰ ਝਿੜਕਿਆ—'ਮੂਰਖਾ ਆਪਣੇ ਤੋਂ ਵਡੇਰੀ ਉਮਰ ਦੇ ਬੰਦਿਆਂ ਨਾਲ ਅਦਬ-ਅਦਾਬ ਨਾਲ ਬੋਲੀਦਾ ਏ।'

ਬੁੱਧ ਰਾਮ ਦਾ ਸਿਰ ਫਿਰ ਭੀੜ 'ਚ ਲੁੱਕ ਗਿਆ।

—ਏਹ ਵੇਲਾ ਮਜ਼ਾਕਾਂ ਦਾ ਨਹੀਂ ਬੁੱਧੂ ਰਾਮਾ— ।' ਅਹਿਮਦ ਚੌਧਰੀ ਬੋਲਿਆ, 'ਫਿਕਰਾਂ ਦਾ ਈ।'......ਫਿਰ ਚੜ੍ਹੀ ਆਉਂਦੀ ਕਾਲੀ ਘਟਾ ਵੱਲ ਵੇਖਣ ਲੱਗਾ—'ਪਤਾ ਨਹੀਂ ਫਜ਼ਲਦੀਨਾ, ਪਿੰਡੀ ਉਪਰ ਸਚਮੁੱਚ ਹੀ ਕਹਿਰ ਢਹਿਣ ਵਾਲਾ ਏ। ਸੱਚੀ ਗੱਲ ਏ, ਰਹਿਮਤ ਅਲੀ ਤੂੰ ਵੇਲੇ ਨਾਲ ਘਰ ਜਾ।'

—ਸੁਣ ਬੱਦਲ ਗੱਜਣ ਡਿਹਾ ਈ।'

—ਵੇਖੋ ਕਣੀਆਂ ਤਾਂ ਡਿੱਗਣ ਲੱਗ ਪਈਆਂ ਨੇ।' ਭੀੜ ਵਿਚੋਂ ਕੋਈ ਬੋਲਿਆ।

—ਬੱਦਲ ਗੱਜਦਾ ਏ, ਕਿ ਅਕਬਰ ਦੀਆਂ ਤੋਪਾਂ ਚਲਦੀਆਂ ਨੇ— ?'

—ਕੀ ਆ ਗਈਆਂ ਨੇ ਫੌਜਾਂ?'

—ਕੋਈ ਦੁੱਲੇ ਨੂੰ ਆਖੋ ਆ ਗਏ ਨੀ ਤੇਰੇ ਪ੍ਰਾਹੁਣੇ।' ਜਲਾਲਦੀਨ ਬੋਲਿਆ।

—ਤਾਂ ਸਮਝੀਏ ਪਿੰਡੀ ਦਾ ਹਸ਼ਰ ਨੇੜੇ ਈ ?'

ਕੁਝ ਦੇਰ ਕੋਈ ਨਹੀਂ ਬੋਲਿਆ।

ਕਾਲੀ ਘਟਾ ਹੋਰ ਉਪਰ ਚੜ੍ਹ ਆਈ। ਅਚਾਨਕ ਛੜਾਕੇ ਦਾ ਮੀਂਹ ਵਰ੍ਹ ਪਿਆ। ਸਾਰੇ ਮਸੀਤ ਵੱਲ ਕਾਹਲੀ ਕਾਹਲੀ ਵਗ ਤੁਰੇ। ਮੀਂਹ ਹੋਰ ਤੇਜ਼ ਹੋ ਗਿਆ।

—ਲਗਦਾ ਈ ਅੰਬਰ ਦੇ ਤ੍ਰੋਪੇ ਖੁਲ੍ਹ ਗਏ ਨੀ, ਸਾਰਾ ਈ ਚੋਣ ਡਹਿ ਪਿਆ ਏ।' ਇਲਮਦੀਨ ਆਪਣੇ ਆਪ ਨੂੰ ਵਾਛੜ ਤੋਂ ਬਚਾਉਂਦਾ ਬੋਲਿਆ। ਝੱਖੜ ਬੜਾ ਤੇਜ਼ ਸੀ। ਬੋਹੜ ਦੇ ਪੱਤਿਆਂ ਵਿਚੋਂ ਦੀ ਸ਼ੂਕਦਾ ਲੰਘਦਾ ਸੀ।

ਠੰਡ ਇਕਦਮ ਵਧ ਗਈ। ਪਰ ਬੱਦਲ ਕੁਝ ਦੇਰ ਬਾਅਦ ਅਗਾਂਹ ਲੰਘ ਗਿਆ ਸਾਰੇ ਮਸੀਤ ਤੋਂ ਬਾਹਰ ਆ ਗਏ। ਆਸ ਪਾਸ ਚਿੱਕੜ ਤਾਂ ਹੋ ਗਿਆ ਪਰ ਸਭ ਕੁਝ ਧੋਤਾ ਧੋਤਾ ਜਾਪਣ ਲੱਗਾ। ਬੋਹੜ ਦੇ ਪੱਤੇ ਲਿਸ਼ਕ ਉੱਠੇ।

ਉਸ ਵੇਲੇ ਉਹਨਾਂ ਸਾਰਿਆਂ ਨੇ ਵੇਖਿਆ, ਉਹਨਾਂ ਦੇ ਲਾਗਿਓਂ ਦੀ ਦੁੱਲਾ ਅਤੇ ਉਸਦੇ ਸਾਥੀਆਂ ਦਾ ਟੋਲਾ, ਘੋੜਿਆਂ ਉੱਪਰ, ਟੋਇਆਂ ਵਿਚ ਖੜ੍ਹੇ ਪਾਣੀ ਦੀਆਂ ਛਿੱਟਾਂ ਉਡਾਉਂਦਾ, ਅੰਬਾਂ ਦੀ ਝਿੜੀ ਵੱਲ ਜਾ ਰਿਹਾ ਸੀ।

ਉਹਨਾਂ ਦੇ ਪਿੱਛੇ, ਬੁੱਧ ਰਾਮ ਵੀ ਸਿਰ ਤੋੜ ਭੱਜ ਪਿਆ।

ਸਾਰੇ ਹੈਰਾਨ ਹੋਏ, ਦੇਰ ਤੱਕ ਉਧਰ ਵੱਲ ਵੇਖਦੇ ਰਹੇ।



## 38.

ਪਿੰਡੀ ਉਪਰ ਚੜ੍ਹਿਆ ਸੂਰਜ, ਅਫਵਾਹਾਂ ਦੀਆਂ ਗੱਠੜੀਆਂ ਬੰਨ੍ਹੀ ਹੌਲੀ ਹੌਲੀ ਲਾਹੌਰ ਵੱਲ ਕਿਧਰੇ ਅਸਤ ਹੋਣ ਦੇ ਰਾਹ ਪੈ ਗਿਆ। ਰਾਤ ਢਲਣ ਤੋਂ ਪਹਿਲਾਂ ਇਕ ਹੋਰ ਕਾਲੀ ਘਟਾ ਚੜ੍ਹੀ ਆਉਂਦੀ ਵੇਖ ਕੇ ਲੋਕਾਂ ਅੰਦਰ ਸਹਿਮ ਛਾ ਗਿਆ। ਜੇ ਬੇ-ਮੌਸਮੀ ਝੜੀ ਲੱਗ ਗਈ ਤਾਂ..........। ਸੋਚਦੇ ਉਹ ਆਪਣੇ ਕੱਚੇ ਕੋਠਿਆਂ ਅਤੇ ਫ਼ਸਲਾਂ ਦੇ ਨੁਕਸਾਨ ਬਾਰੇ ਫ਼ਿਕਰਮੰਦ ਹੋਣ ਲੱਗੇ। ਉਪਰੋਂ ਇਕ ਹੋਰ ਆਫ਼ਤ ਜੰਗ ਦੀਆਂ ਅਫਵਾਹਾਂ ਨੇ ਉਹਨਾਂ ਦੇ ਸਾਹ ਸੂਤੇ ਹੋਏ ਸਨ।

ਪੱਕੀ ਉਮਰ ਦੇ ਬੰਦੇ ਤਾਂ ਲੋਕਾਂ ਨੇ ਦੁਆਵਾਂ ਮੰਗਦੇ ਵੇਖੇ—'ਅੱਲਾਹ ਰਹਿਮ, ਖ਼ੁਦਾ ਰਹਿਮ, ਇਹ ਕਹਿਰ ਝੱਲਣ ਦੀ ਤੌਫ਼ੀਕ ਦੇਹ।'

ਹੁਣ ਜਦੋਂ ਮੌਲਵੀ ਬਾਂਗ ਦਿੰਦਾ ਤਾਂ ਮਸੀਤ ਅੰਦਰ ਨਮਾਜ਼ ਅਦਾ ਕਰਨ ਲਈ ਵਧੇਰੇ ਲੋਕ ਜੁੜਨ ਲੱਗੇ। ਮੌਲਵੀ ਇਹਨਾਂ ਮੌਕਿਆਂ ਦਾ ਫਾਇਦਾ ਉਠਾਉਣ ਲੱਗਾ। ਉਸਦੀ ਦੁਆ ਲੰਮੀ ਹੋਣ ਲੱਗੀ, ਉਹ ਸ਼ਰੀਅਤ ਦੀਆਂ ਗੱਲਾਂ ਦੱਸਣੀਆਂ ਜ਼ਰੂਰੀ ਸਮਝਦਾ। ਮਗਰਿਬ ਦੀ ਨਮਾਜ਼ ਵੇਲੇ ਤਾਂ ਉਹ ਸਭ ਤੋਂ ਵੱਧ ਸਮਾਂ ਲਾਉਂਦਾ। ਅੱਜ ਵੀ ਮਸੀਤ ਦੇ ਅਹਾਤੇ ਵਿਚ ਵਧੇਰੇ ਲੋਕ ਜੁੜੇ ਸਨ। ਮੌਲਵੀ ਆਪਣੇ ਪੂਰੇ ਜਲਾਲ ਵਿਚ ਸੀ:

—ਬੰਦਾ ਕਾਫ਼ਰ ਔਰ ਇਸਲਾਮ ਦੇ ਵਿਚਕਾਰ ਖੜ੍ਹਾ ਹੈ। ਇਸਲਾਮ ਖ਼ੁਦਾ ਦੀ ਤਾਬਿਆ ਵੱਲ ਸੱਦ ਰਿਹਾ ਹੈ। ਕਾਫ਼ਰ ਉਸਦੀ ਨਾਬਰੀ ਦਾ ਸੱਦਾ ਦਿੰਦਾ ਹੈ। ਮਿਹਰਬਾਨ ਅੱਲਾਹ ਨੇ ਸਿੱਧਾ ਰਾਹ ਵਿਖਾਉਣ ਲਈ ਆਪਣੇ ਪੈਗੰਬਰਾਂ, ਰਸੂਲਾਂ ਔਰ ਮੁਲਾਣਿਆਂ ਨੂੰ ਘੱਲਿਆ ਏ। ਖ਼ੁਦਾ ਦੇ ਇਹਨਾਂ ਬੰਦਿਆਂ ਦੀ ਮਿਸਾਲ ਇਕ ਵਗਦੇ ਹੋਏ ਚਸ਼ਮੇ ਵਾਂਗ ਏ। ਇਕ ਸੱਚਾ ਮੁਸਲਮਾਨ ਆਪਣੀ ਹਯਾਤੀ ਨੂੰ ਅਲਾਹ ਦੀ ਤਾਬੇਦਾਰੀ ਵਿਚ ਢਾਲ ਦਿੰਦਾ ਹੈ।............

ਜਦ ਬੰਦਾ ਲਾਪਰਵਾਹੀ ਔਰ ਬੇ-ਅਸੂਲੀ ਵਿਚ ਹੱਦੋਂ ਵਧ ਜਾਂਦਾ ਏ ਤੇ ਖੁਲ੍ਹਮ ਖੁਲ੍ਹਾ ਖ਼ੁਦਾ ਦੀ ਬਗਾਵਤ ਕਰਨ ਲਗਦਾ ਏ ਤਾਂ ਉਹ ਇਸ ਧਰਤੀ ਉਮਰ ਭਾਰ ਬਣ ਜਾਂਦਾ ਹੈ। ਲਿਹਾਜ਼ਾ ਉਹ ਇਸ ਗੱਲ ਦਾ ਭਾਗੀ ਬਣ ਜਾਂਦਾ ਹੈ, ਉਸਨੂੰ ਇਸ ਦੁਨੀਆ ਤੋਂ ਮਿਟਾ ਦਿੱਤਾ ਜਾਏ।.......

.....ਇਸਲਾਮ ਮਜ਼ਹਬ ਹਦਾਇਤ ਕਰਦਾ ਏ, ਜਿਹੜੇ ਲੋਕ ਬਿਨਾਂ ਕਿਸੇ ਵਜਾਹ ਜਮਾਅਤ ਨਾਲ ਨਮਾਜ਼ ਪੜ੍ਹਨ ਲਈ ਹਾਜ਼ਰ ਨਹੀਂ ਹੁੰਦੇ, ਉਹ ਸੱਚੇ ਮੁਸਲਮਾਨ ਨਹੀਂ। ਯਾਦ ਰੱਖੋ, ਜਮਾਅਤ ਬਾਝੋਂ ਇਸਲਾਮ ਨਹੀਂ ਤੇ ਅਮੀਰ ਬਾਝੋਂ ਜਮਾਅਤ ਨਹੀਂ। ਜਮਾਅਤ ਨਾਲ ਚਿਮਟੇ ਰਹੋ।......ਜਮਾਅਤ ਵਿਚ ਬਰਕਤ ਏ। ਜਮਾਅਤ ਵਿਚ ਹਿਫਾਜ਼ਤ ਏ। ਬਘਿਆੜ ਉਸੇ ਬੱਕਰੀ ਨੂੰ ਖਾਂਦਾ ਏ, ਜਿਹੜੀ ਦੂਰ ਨਿਕਲ ਜਾਂਦੀ ਏ।.....

ਮੌਲਵੀ ਹੋਰ ਵੀ ਹਦਾਇਤਾਂ ਕਰਦਾ ਰਿਹਾ। ਬਹੁਤਿਆਂ ਦੇ ਧਿਆਨ ਉੱਖੜ ਗਏ। ਉਹਨਾਂ ਨੂੰ ਪਿੰਡੀ ਉਪਰ ਆਉਣ ਵਾਲੇ ਕਹਿਰ ਦਾ ਡਰ ਖਾਣ ਲੱਗਾ। ਉਹ ਖੜ੍ਹੇ ਖੜ੍ਹੇ ਅੱਕ

ਗਏ। ਮੌਲਵੀ ਅਜੇ ਵੀ ਕੁਝ ਆਖੀ ਜਾ ਰਿਹਾ ਸੀ।—'ਖੁਦਾ ਦੇ ਬੰਦੇ ਨੂੰ ਪੰਜੇ ਵਕਤ ਨਮਾਜ਼ ਪੜ੍ਹਨੀ ਚਾਹੀਦੀ ਏ। ਅੱਲਾਹ ਦੇ ਸਿਜਦੇ ਵਿਚ ਖੜ੍ਹੇ ਬੰਦਿਆਂ ਨੂੰ ਮੌਲਵੀ ਦੀ ਕੋਈ ਕੋਈ ਗੱਲ ਕੰਨੀਂ ਪੈਂਦੀ.....ਅੱਲਾਹ ਖੁਦਾ ਨਮਾਜ਼, ਜਮਾਅਤ.........ਰਹਿਮਤਾਂ.........ਜੱਨਤਾਂ ........। ਤੇ ਮਸੀਤ ਵਿਚ ਪੰਜੇ ਵੇਲੇ ਖ਼ੂਬ ਰੌਣਕਾਂ ਲਗਦੀਆਂ।

****

ਦੁੱਲਾ ਅਤੇ ਉਸਦੇ ਸਾਥੀ ਤਿਆਰੀ ਵਿਚ ਰੁੱਝੇ ਹੋਏ ਸਨ। ਦਿਨ ਰਾਤ ਉਹ ਆਸ ਪਾਸ ਦੇ ਪਿੰਡਾਂ ਵਿਚ ਘੋੜੇ ਦੌੜਾਈ ਫਿਰਦੇ। ਅੱਜ ਵੀ ਉਹ ਝਿੜੀ ਵੱਲ ਮੁੜ ਰਹੇ ਸਨ, ਦੁੱਲੇ ਨੇ ਝਿੜੀ ਵਲੋਂ ਆਉਂਦਾ ਮੌਲਵੀ ਵੇਖਿਆ। ਉਹਨਾਂ ਘੋੜੇ ਮੱਠੇ ਕਰ ਲਏ ਤੇ ਲਾਗੇ ਪੁਜਦਿਆਂ ਹੀ ਕਿਹਾ—'ਮੌਲਵੀ ਮੀਆਂ ਸਲਾਮ ਆਖਨੇ ਆਂ।'

—ਵਾ ਲੇਕਮ ਸਲਾਮ। ਸਭ ਖ਼ੈਰਾਂ ਮਿਹਰਾਂ ਨੇ ? ਮੈਂ ਤੇ ਦੁੱਲਿਆ ਤੈਨੂੰ ਖੋਜਦਾ ਆਇਆ ਵਾਂ।' ਮੌਲਵੀ ਨੇ ਦਾੜ੍ਹੀ ਵਿਚ ਖੁਜਲੀ ਕਰਦਿਆਂ ਕਿਹਾ।

—ਦੁੱਲੇ ਨੂੰ ਖੋਜਣ ਨਿਕਲਿਆ ਏਂ ਮੀਆਂ, ਲਾਹੌਰੋਂ ਕੋਈ ਸ਼ਾਹੀ ਫੁਰਮਾਨ ਤੇ ਨਹੀਂ ਆਇਆ ?' ਦੁੱਲਾ ਹੱਸਿਆ।

—ਸ਼ਾਹੀ ਫੁਰਮਾਨ ਆਣ ਨੂੰ ਦੇਰ ਲੱਗਣੀ ਏ। ਉਹ ਤਾਂ 'ਵਾ ਦੇ ਕੰਧੇੜੇ ਚੜ੍ਹ ਕੇ ਆ ਲੱਥਦਾ ਏ। ਹੋਰ ਵੀ ਗੱਲਾਂ ਨੇ ਬੜੀਆਂ ਕਹਿਣ ਦੱਸਣ ਵਾਲੀਆਂ। ਤੂੰ ਖਲੋਨਾਂ ਕਦੋਂ ਏਂ ?'

—ਤੇਰੇ ਸਾਹਵੇਂ ਖਲੋਤਾ ਤੇ ਹੋਇਆ ਮੌਲਵੀ ਮੀਆਂ।' ਦੁੱਲਾ ਫੇਰ ਹੱਸਿਆ।

—ਏਹ ਤਰ੍ਹਾਂ ਨਹੀਂ ਦੁੱਲਿਆ। ਤੂੰ ਤੇ ਹੁਣ ਵੀ ਘੋੜੇ 'ਤੇ ਸਵਾਰ ਏਂ।'

—ਆ ਫਿਰ ਬੈਠਨੇ ਆਂ ਖੂਹ 'ਤੇ।'

—ਨਹੀਂ ਦੁੱਲਿਆ, ਹਵੇਲੀ ਚਲਨੇ ਆਂ ਜਾਂ ਮੇਰੇ ਘਰ ਆ।'

—ਕੋਈ ਖ਼ਾਸ ਈ ਗੱਲ ਲਗਦੀ ਊ।' ਦੁੱਲਾ ਆਪਣੇ ਸਾਥੀਆਂ ਵੱਲ ਝਾਕਿਆ। ਕੁਝ ਪਲ ਸੋਚਾਂ ਵਿਚ ਪਿਆ ਰਿਹਾ, ਫਿਰ ਉਹਨਾਂ ਘੋੜੇ ਪਿੰਡੀ ਵੱਲ ਮੋੜਦਿਆਂ ਕਿਹਾ,

—ਆ ਮੌਲਵੀ ਮੀਆਂ, ਦੁੱਲੇ ਨੇ ਕਿਸੇ ਦਾ ਮੇਹਣਾ ਨਹੀਂ ਝੱਲਿਆ ਅੱਜ ਤਾਣੀ।'

****

ਦੀਵਾਨ ਖ਼ਾਨੇ ਅੰਦਰ ਜਾਣ ਲੱਗਿਆਂ, ਦੁੱਲੇ ਨੇ ਕਿਹਾ,—'ਮੌਲਵੀ ਮੀਆਂ, ਜ਼ਰਾ ਕੁ ਬਾਹਰ ਰੁਕਣਾ ਪੈਣਾ ਈ, ਅੰਦਰੋਂ ਬੈਠਕ ਨੂੰ ਤੇਰੇ ਬਹਿਣ ਲਾਇਕ ਬਣਾ ਲਈਏ।'

ਮੌਲਵੀ ਅੰਦਰੋਂ ਡਰ ਗਿਆ—'ਕੋਈ ਖਾਸ ਵਜਾਹ ਈ ?'

—ਕੱਲ੍ਹ ਏਥੇ ਰਾਤੀਂ ਯਾਰ ਬੇਲੀ ਦਾਰੂ-ਸ਼ਾਰੂ ਪੀਂਦੇ ਰਹੇ। ਖਿਲਾਰਾ ਪਿਆ ਹੋਣਾ। ਪਿਆਲੇ-ਸ਼ਿਆਲੇ ਉਹਲੇ 'ਚ ਕਰ ਲਈਏ ਜ਼ਰਾ। ਤੂੰ ਤੇ ਹੋਇਆ ਸ਼ਰਾ-ਸ਼ਰੀਅਤ ਵਾਲਾ ਤੇ ਅਸਾਂ ਹੋਏ......।'

—ਰਹਿਣ ਦੇ ਸੂ ਦੁੱਲਿਆ—।' ਮੌਲਵੀ ਨੇ ਟੋਕਿਆ—'ਏਡੀ ਗੱਲ ਨਹੀਂ ਕਾਈ, ਮੈਂ ਤੇ ਤੇਰੇ ਨਾਲ ਦੋ-ਚਾਰ ਗੱਲਾਂ ਕਰਨੀਆਂ ਨੇ, ਕਿਹੜਾ ਏਥੇ ਬਹਿ ਰਹਿਣਾ।'

—ਹਲਾ ਆ ਜਾ ਫਿਰ, ਲੰਘ ਆ ਅੰਦਰ।'

—ਰੂੜਿਆ ਜਾਹ ਬਈ, ਕਾਜ਼ੀ ਮੀਆਂ ਨੂੰ ਫਲ-ਮੇਵੇ ਖਵਾ ਬਈ। ਇਹ ਮੁਫ਼ਾਤੀ ਬੰਦੇ ਨੇ। ਇਹਨਾਂ ਦਾ ਅੱਲਾਹ ਨਾਲ ਸਿੱਧਾ ਰਾਬਤਾ ਹੁੰਦਾ ਜੇ।'



—ਆਪ ਤੇ ਤੁਸੀਂ ਕਾਬਲੀ ਅੰਗੂਰੀਆਂ ਪੀਂਦੇ ਰਹਿੰਨੇ ਓ ਤੇ ਮੌਲਵੀ ਲਈ.....।'

—ਅਸਾਂ ਨੂੰ ਤਾਂ ਦੱਸਿਆ ਗਿਆ ਈ, ਮੌਲਵੀ ਔਰ ਸ਼ਰਾਬ ਸ਼ਰ੍ਹਾ ਵਿਚ ਨਹੀਂ। ਅਸਾਂ ਦੋਜ਼ਖ਼ ਦੇ ਭਾਗੀ ਨਹੀਓਂ ਬਣਨਾ।' ਦੁੱਲੇ ਨੇ ਵਿਅੰਗ ਨਾਲ ਕਿਹਾ।

—ਕੌਣ ਦੱਸ ਗਿਆ ਈ ਤੈਨੂੰ ? ਖ਼ੁਦ ਖਰੀਦ ਕਰਕੇ ਪੀਣੀ ਮੌਲਵੀ ਲਈ ਹਰਾਮ ਏ। ਮੁਫ਼ਤ ਦੀ ਇਹ ਸ਼ੈਅ ਮੁੱਲਾਂ-ਕਾਜ਼ੀਆਂ ਲਈ ਹਲਾਲ ਹੁੰਦੀ ਏ।' ਮੌਲਵੀ ਹੱਸਿਆ ਤਾਂ ਉਸਦੀ ਦਾੜ੍ਹੀ ਵੀ ਹਸਦੀ ਦਿਸੀ।

—ਫਿਰ ਤੇ ਮੌਜ ਹੋ ਗਈ। ਰੂੜਿਆ ਇਕ ਪਿਆਲਾ ਮੌਲਵੀ ਮੀਆਂ ਨੂੰ ਵੀ ਦੇਹ ਬਈ। ਧੋ ਮਾਂਜ ਕੇ ਸਾਫ਼ ਕਰ ਲਈ ਪਹਿਲਾਂ। ਹੁਣ ਪਤਾ ਲੱਗਾ ਈ, ਇਹ ਨਿਆਮਤਾਂ ਤਾਂ ਅੱਲਾਹ ਵਲੋਂ ਘੱਲੀਆਂ ਹੋਈਆਂ ਨੇ।'

ਮੌਲਵੀ ਕਹਿਣਾ ਚਾਹੁੰਦਾ ਸੀ, ਇਸ ਤਰ੍ਹਾਂ ਤਾਂ ਨਾ ਆਖ। ਪਰ ਦੁੱਲੇ ਤੋਂ ਡਰਦਾ ਕੁਝ ਨਾ ਬੋਲਿਆ। ਏਨੇ ਵਿਚ ਰੂੜੇ ਨੇ ਉਸਦੇ ਹੱਥ ਪਿਆਲਾ ਆ ਫੜਾਇਆ।

ਮੌਲਵੀ ਦੁੱਲੇ ਦੇ ਹੋਰ ਨੇੜੇ ਹੋ ਗਿਆ। ਪਿਆਲੇ ਵਿਚੋਂ ਘੁੱਟ ਭਰ ਕੇ ਹੌਲੀ ਜਿਹੀ ਕਿਹਾ—'ਮੈਂ ਤੇਰੇ ਲਈ ਦੁਆ ਕਰਨ ਖ਼ਾਤਰ ਤੈਨੂੰ ਲੱਭਨਾ ਪਿਆ ਸਾਂ।'

—ਇਹ ਤਾਂ ਮੇਰੇ ਚੰਗੇ ਨਸੀਬ ਨੇ।'

—ਪਤਾ ਲੱਗਿਆ ਈ ਲਾਹੌਰ ਵਲੋਂ ਫੌਜਾਂ ਚੜ੍ਹ ਪਈਆਂ ਨੇ ?' ਮੌਲਵੀ ਨੇ ਪੁੱਛਿਆ।

—ਸਾਨੂੰ ਪਤਾ ਲੱਗਿਆ ਈ, ਇਹ ਖ਼ਬਰ ਤੂੰ ਏਥੇ ਪੁੱਜਦੀ ਕੀਤੀ ਏ।' ਦੁੱਲਾ ਬੇਬਾਕ ਬੋਲਿਆ।

ਦੁੱਲੇ ਦੀ ਗੱਲ ਸੁਣਕੇ ਮੌਲਵੀ ਨੂੰ ਹੱਥੂ ਆ ਗਿਆ ਤੇ ਗਲਾ ਮਲਦਿਆਂ ਉਸਦੀਆਂ ਅੱਖਾਂ ਫੈਲ ਗਈਆਂ।

—ਅੱਲਾਹ ਹਾਜ਼ਰ ਨਾਜ਼ਰ ਈ ਦੁੱਲਿਆ। ਮੈਨੂੰ ਤਾਂ ਵਾਗੀ ਨੇ ਦੱਸਿਆ ਏ। ਕੱਲ੍ਹ ਪਰਸੋਂ ਦੀ ਲਾਹੌਰ ਵੱਲ ਧੂੜ ਚੜ੍ਹੀ ਬੜੀ ਦਿੱਸਣ ਡਹੀ ਏ।' ਮੌਲਵੀ ਹਕਲਾਂਦਿਆਂ ਵਾਂਗ ਬੋਲਿਆ।

—ਕਾਈ ਗੱਲ ਨਹੀਂ ਮੌਲਵੀ ਮੀਆਂ। ਤੂੰ ਮੌਜ ਕਰ। ਇਕ ਪਿਆਲਾ ਹੋਰ ਲੈ। ਫੌਜਾਂ ਅਜੇ ਦੂਰ ਹੋਣੀਆਂ। ਹੁਣ ਜੇ ਚੜ੍ਹ ਈ ਪਈਆਂ ਨੇ ਤਾਂ ਚੜ੍ਹ ਆਉਣ। ਦੁੱਲਾ ਤੇ ਉਹਦੇ ਬੇਲੀ ਤਾਂ, ਖ਼ੁਦ ਉਸ ਘੜੀ ਨੂੰ ਉਡੀਕਦੇ ਪਏ ਨੇ।'

—ਦੁੱਲਿਆ ਅਲਾਹ ਝੂਠ ਨਾ ਬੁਲਾਵੇ, ਮੈਂ ਤਾਂ ਦੁਆ ਕਰਨਾ ਪਿਆਂ, ਇਨਸ਼ਾ ਅੱਲਾਹ ਇਹ ਨਹਿਸ਼ ਘੜੀ ਕਦੀ ਨਾ ਆਵੇ।'

—ਪਿਰਥਿਆ, ਆਪਣੇ ਮੌਲਵੀ ਮੀਆਂ ਨੂੰ ਪਿੰਡੀ ਦਾ ਬੜਾ ਫ਼ਿਕਰ ਈ।' ਦੁੱਲੇ ਨੇ ਪਿਰਥੇ ਵੱਲ ਅੱਖ ਦਬਦਿਆਂ ਕਿਹਾ।

—ਫ਼ਿਕਰ ਤਾਂ ਹਮੇਸ਼ਾ ਰਹਿੰਦਾ ਈ ਦੁੱਲਿਆ। ਪਿੰਡੀ ਦਾ ਫ਼ਿਕਰ ਨਾ ਕਰਸਾਂ ਤੇ ਹੋਰ ਲਾਹੌਰ ਦਾ ਫ਼ਿਕਰ ਕਰਸਾਂ ? ਮੈਂ ਤਾਂ ਇਹ ਆਖਣ ਨੂੰ ਲੱਭਦਾ ਪਿਆ ਸਾਂ ਤੈਨੂੰ, ਕੁਝ ਦਿਨ ਏਥੋਂ ਟਲਿਆ ਰਹਵੇਂ, ਇਹ ਤੇਰੇ ਹੱਕ ਵਿਚ ਏ।'

—ਕਿਉਂ ?' ਦੁੱਲਾ ਹੈਰਾਨ ਹੋਇਆ—'ਖ਼ੁਦ ਆਖਦਾ ਏਂ ਫੌਜਾਂ ਚੜ੍ਹੀਆਂ ਆਉਂਦੀਆਂ ਨੇ ਤੇ ਨਾਲ ਈ ਆਖਦਾ ਏਂ, ਏਥੋਂ ਲਾਂਭੇ ਚਲਿਆ ਜਾਵਾਂ ? ਮੌਲਵੀ ਸਾਹਬ ਏਹ ਤੇਰਾ ਮਦਰੱਸਾ ਨਹੀਂ ਹੈ, ਮੈਂ ਏਥੇ ਤੈਨੂੰ ਜੀ ਜਨਾਬ ਤੇ ਹਾਜ਼ਰ ਜਨਾਬ ਆਖਣਾ ਏ। ਇਹ ਦੁੱਲੇ ਦੀ

ਹਵੇਲੀ ਏ। ਏਥੇ ਕਿਤਾਬਾਂ ਸਫ਼ੇ ਪਲਟ ਕੇ ਨਹੀਂ ਪੜ੍ਹੀਆਂ ਜਾਂਦੀਆਂ। ਏਥੇ ਦਿਨ ਰਾਤ ਮਸ਼ਕਾਂ ਹੁੰਦੀਆਂ ਨੇ। ਕਦੇ ਧੌਣ ਟੁੱਟਦੀ ਏ ਤੇ ਕਦੇ ਲੱਤ ਟੁੱਟਦੀ ਏ। ਏਥੇ ਕਿਸੇ ਨੂੰ ਕੰਨ ਨਹੀਂ ਫੜਾਏ ਜਾਂਦੇ, ਨਾ ਹੀ ਆਖਿਆ ਜਾਂਦਾ ਏ,—'ਫਰੀਦ ਦਿਆ ਨਿੱਕਿਆ ਉਠ ਕੇ ਸਬਕ ਸੁਣਾ—।' ਏਥੇ ਦਿਨ ਰਾਤ ਸਿਰ ਤਲੀਆਂ 'ਤੇ ਰੱਖ ਕੇ ਜੰਗ 'ਚ ਲੜਨ-ਮਾਰਨ ਦੇ ਦਾਅ-ਪੇਚਾਂ ਦੇ ਸਬਕ ਪੜ੍ਹਾਏ ਜਾਂਦੇ ਨੇ ਤੇ ਤੂੰ ਆਖਨਾਂ ਏਂ ਮੈਂ ਕੁਝ ਦਿਨ ਏਥੋਂ ਲਾਂਭੇ ਚਲਿਆ ਜਾਵਾਂ ?'

—ਦੁੱਲੇ ਦੇ ਗੁੱਸੇ ਵਾਲੇ ਤੇਵਰ ਵੇਖਕੇ ਮੌਲਵੀ ਥੋੜ੍ਹਾ ਪਿੱਛੇ ਵੱਲ ਖਿਸਕਿਆ।

—ਹਾਂ, ਮੈਂ ਏਹੀ ਆਖਨਾ ਵਾਂ। ਆਉਣ ਵਾਲੀਆਂ ਘੜੀਆਂ ਤੈਨੂੰ ਵਫ਼ਾ ਨਹੀਂ ਕਰਨੀ। ਇਹ ਵੇਲਾ ਤੇਰੇ ਉਪਰ ਭਾਰੀ ਏ। ਤੈਨੂੰ ਫਤਿਹ ਨਸੀਬ ਨਹੀਂ ਹੋਣੀ ਤੇ ਪਿੰਡੀ ਨੇ ਤਬਾਹ ਹੋ ਜਾਣਾ ਈ।'........ਆਖਕੇ ਮੌਲਵੀ ਨੇ ਪਿਆਲਾ ਖ਼ਾਲੀ ਕਰਕੇ ਇਕ ਪਾਸੇ ਰੱਖ ਦਿੱਤਾ।

ਦੁੱਲੇ ਦੇ ਸਾਥੀਆਂ ਦੇ ਚਿਹਰਿਆਂ ਉਪਰ ਚਿੰਤਾ ਦਿਸਣ ਲੱਗ ਪਈ।

—ਅੱਲਾਹ ਦੇ ਬੰਦੇ ਆਉਣ ਵਾਲਾ ਸਮਾਂ ਵੇਖ ਲੈਂਦੇ ਨੀ।' ਸਦੀਕ ਹੌਲੀ ਜਿਹੀ ਬੋਲਿਆ।

—ਫਿਰ ਕੋਈ ਹੱਲ ਤਾਂ ਹੋਵੇਗਾ ਮੀਆਂ ?' ਦੁੱਲੇ ਨੇ ਲੰਮਾ ਸਾਹ ਲੈਂਦਿਆਂ ਪੁੱਛਿਆ।

—ਸਿਰਫ਼ ਤਿੰਨ ਦਿਨ ਲਾਹੌਰ ਤੇ ਆਪਣੇ ਵਿਚ ਵਿਥਾਂ ਪਾ ਲੈ ਦੁੱਲਿਆ। ਪਿੰਡੀ ਦੀ ਜੂਹ ਛੱਡ ਜਾ। ਵਾਪਸ ਮੁੜੇਂਗਾ, ਇਨਸ਼ਾ-ਅੱਲਾਹ ਫਤਿਹ ਹੋਵੇਗੀ।'

—ਮਾਸ਼ਾ ਅੱਲਾਹ, ਮੌਲਵੀ ਮੀਆਂ ਨੂੰ ਤਾਂ ਬਾਰ ਦੀ ਫ਼ਿਕਰ ਹੋਣ ਲੱਗੀ ਏ। ਹੁਣ ਮੁਗਲੇਟਿਆਂ ਨਾਲ ਲੜਦੇ ਕੰਮ ਆ ਵੀ ਗਏ ਤਾਂ ਦਫਨਾਣ ਲੱਗਿਆਂ ਕੋਈ ਫਾਤਿਆ ਪੜ੍ਹਨ ਵਾਲਾ ਤਾਂ ਹੋਏਗਾ।' ਰਮਜ਼ੇ ਨੇ ਹਸਦਿਆਂ ਕਿਹਾ।

ਹਨੇਰਾ ਹੋਣ ਲੱਗਾ ਸੀ। ਦੁੱਲੇ ਨੇ ਛੇੜਿਆ,—'ਮੌਲਵੀ ਮੀਆਂ ਬਾਂਗ ਦੇਣ ਦਾ ਵੇਲਾ ਨਾ ਖੁੰਝਾ ਬੈਠੀਂ।'

—ਬੱਲੇ ! ਦੁੱਲਾ ਤੇ ਹੁਣ ਮੁੱਲਾਂ ਬਣ ਗਿਆ ਹੋਇਆ। ਹੁਣ ਤਾਂ ਇਹ ਮੌਲਵੀ ਨੂੰ ਮੱਤਾਂ ਦੇਣ ਜੋਗਾ ਹੋ ਗਿਆ ਈ।' ਮੌਲਵੀ ਨੇ ਹਸਦਿਆਂ ਕਿਹਾ।

—ਸੁਣ ਉਏ ਮੌਲਵੀ.....' ਰੂੜੇ ਦੇ ਸ਼ਰਾਬੀ ਬੋਲ ਲੜਖੜਾਏ—'ਦੁੱਲੇ ਨੂੰ ਤੂੰ ਹੁਣ ਮੁੱਲਾਂ ਬਣਾ ਦਿੱਤਾ ਈ। ਉਪਰੋਂ ਮੁਗਲਾਂ ਦੀਆਂ ਫੌਜਾਂ ਚੜ੍ਹੀਆਂ ਆਉਂਦੀਆਂ ਨੇ। ਹੁਣ ਚਾਰੇ ਪਾਸੇ ਇਸਲਾਮ ਈ ਇਸਲਾਮ ਖਿੱਲਰ ਜਾਣਾ। ਰੂੜਾ ਜੱਟ ਦੱਸ ਕਿਹੜੇ ਪਾਸੇ......।'

—ਦੁੱਲਿਆ, ਲਗਦਾ ਈ ਰੂੜੇ ਨੂੰ ਕਾਬਲੀ ਅੰਗੂਰੀ ਕੁਝ ਵਧੇਰੇ ਈ ਚੜ੍ਹ ਬੈਠੀ ਏ। ਮੈਂ ਹੁਣ ਚੱਲਨਾਂ ਵਾਂ। ਮੇਰੀ ਪਸ਼ੀਨਗੋਈ ਦਾ ਖਿਆਲ ਰੱਖਣਾ ਸਿਰਫ਼ ਤਿੰਨ ਦਿਨ ਦੀ ਗੱਲ ਏ, ਫੇਰ ਬਾਜ਼ੀ ਆਪਣੀ।' ਮੌਲਵੀ ਉਠਿਆ ਤੇ ਥਿੜਕਦੇ ਪੈਰੀਂ ਬਾਹਰ ਨਿਕਲ ਗਿਆ।

ਕੁਝ ਪਲ ਦੀਵਾਨ ਖ਼ਾਨੇ ਅੰਦਰ ਚੁੱਪ ਛਾਈ ਰਹੀ।

ਪਹਿਲਾਂ ਪਿਰਥਾ ਬੋਲਿਆ—ਦੁੱਲਿਆ , ਮੈਨੂੰ ਲਗਦਾ ਏ, ਮੌਲਵੀ ਦੀ ਕੋਈ ਚਾਲ ਏ। ਇਹ ਖ਼ੈਰ ਹੱਥਾ ਨਹੀਂ ਜਾਪਦਾ। ਹੁਣ ਇਸਨੂੰ ਪਿੰਡੀ ਦਾ ਹੇਜ ਕਿਉਂ ਜਾਗਿਆ, ਸੋਚਣ ਵਾਲੀ ਗੱਲ ਏ।'

—ਸਹੀ ਫੜਿਆ ਈ। ਜਾਂ ਤੇ ਇਹ ਲਾਹੌਰੋਂ ਚੱਲੀ ਸਾਜ਼ਿਸ਼ ਦਾ ਮੋਹਰਾ ਏ ਜਾਂ ਏਥੋਂ ਦੇ ਚੌਧਰੀਆਂ ਕੋਈ ਬਣਤ ਬਣਾਈ ਏ। ਉਹ ਅਸਾਂ ਨੂੰ ਏਥੋਂ ਲਾਂਭੇ ਕਰਨਾ ਚਾਹੁੰਦੇ ਨੇ। ਅਸੀਂ ਤਾਂ



ਏਥੋਂ ਆਪ ਹਟਣਾ ਏ। ਪਿੰਡਾਂ ਵਿਚ ਜਾਣਾ ਏ। ਇਮਦਾਦ ਲੈਣ ਮੈਂ ਮਾਮਿਆਂ ਕੋਲ ਚਨਿਓਟ ਜਾਣਾ ਏ। ਅਕਬਰ ਨਾਲ ਮੱਥਾ ਲਾਣਾ ਈ ਤਾਂ ਅਕਬਰ ਜੇਡੇ ਹੋਕੇ ਟੱਕਰਨਾ ਪੈਣਾ।' ਦੁੱਲੇ ਨੇ ਆਖਿਆ।

—ਪਰ ਹੁਣ ਮੈਂ ਕਿਧਰੇ ਨੀ ਜਾਣਾ। ਮੌਲਵੀ ਇਹ ਨਾ ਸਮਝੇ ਪਿਆ, ਅਸੀਂ ਦੁੱਲੇ ਨੂੰ ਲੜਾਈਓਂ ਪਹਿਲਾਂ ਈ ਮੈਦਾਨ 'ਚੋਂ ਬਾਹਰ ਕਰ ਦਿੱਤਾ ਈ।'

—ਇਹ ਠੀਕ ਨਹੀਂ ਹੋਣਾ ਦੁੱਲਿਆ। ਮਾਮਿਆਂ ਤੋਂ ਇਮਦਾਦ ਨਾ ਮਿਲੀ ਤਾਂ ਸ਼ਾਹੀ ਫੌਜਾਂ ਨਾਲ ਟੱਕਰ.....।'

—ਏਡੇ ਫ਼ਿਕਰਾਂ ਵਿਚ ਨਾ ਪਉ ਪਿਰਥਿਆ। ਆਪਣੇ ਲੋਕਾਂ ਵਲੋਂ ਕੰਡ ਭੁਆ ਕੇ ਮੈਂ ਬਾਰ ਦੀ ਮਿੱਟੀ ਨੂੰ ਮੂੰਹ ਵਖਾਣ ਜੋਗਾ ਨਹੀਂ ਰਹਿਣਾ। ਮਾਮਿਆਂ ਵੱਲ ਸੁਨੇਹਾ ਘੱਲ ਦਿਆਂਗੇ, ਉਹ ਆ ਜਾਣਗੇ।'

—ਸਾਡਾ ਜਾਣਾ ਬਣਦਾ ਈ ਮਾਮਿਆਂ ਵੱਲ। ਫੌਜਾਂ ਨੂੰ ਅਸੀਂ ਰੋਕ ਕੇ ਰੱਖਾਂਗੇ। ਅਸੀਂ ਪਿੰਡੀ ਵਿਚ ਏਸ ਗੱਲ ਦਾ ਧੂੰਆਂ ਨਹੀਂ ਨਿਕਲਣ ਦੇਂਦੇ, ਦੁੱਲਾ ਕਿਥੇ ਈ। ਸਦੀਕੇ ਨੂੰ ਨਾਲ ਲਈ ਜਾ, ਰੂੜੇ ਨੂੰ, ਜੀਹਨੂੰ ਆਖੇਂ। ਮਾਮਿਆਂ ਨੂੰ ਸਾਡੇ ਨਾਲੋਂ ਵਧੇਰੇ ਜੰਗੀ ਇਲਮ ਏ ਤੇ ਏਸ ਘੜੀ ਸਾਨੂੰ ਸਿਆਣੇ ਲੜਾਕੂਆਂ ਦੀ ਲੋੜ ਏ—।'

—ਤੂੰ ਜੋ ਆਖ ਪਿਰਥਿਆ, ਤੈਨੂੰ ਵੀ ਪਿੰਡੀ ਦਾ ਓਡਾ ਈ ਫ਼ਿਕਰ ਏ, ਪਰ ਏਸ ਵੇਲੇ ਮੈਂ ਮੂੰਹ ਕਿਵੇਂ ਮੋੜਾਂ। ਝਿੜੀ ਵਿਚ ਜੁੜੇ ਸੈਂਕੜੇ ਗੱਭਰੂ ਜਿਹੜੇ ਮੇਰੇ ਨਾਂ ਉੱਤੇ ਈ ਨੇ, ਕੀ ਸੋਚਣਗੇ ਪਏ, ਦੁੱਲਾ ਸਾਨੂੰ ਤਾਂ ਜੰਗ ਦੀ ਭੱਠੀ ਵਿਚ ਸੁੱਟ ਗਿਆ ਈ ਤੇ ਆਪ ਦੌੜ ਗਿਆ ਈ.....।' ਮੈਂ ਤਾਂ ਮੇਹਰੂ ਅਤੇ ਨੂਰੇ ਨੂੰ ਵੀ ਤਿਆਰ ਰਹਿਣ ਲਈ ਆਖਣ ਲੱਗਾ ਵਾਂ ਤੁਸੀਂ ਮੈਨੂੰ- ।' ਝੁੰਜਲਾਹਟ ਵਿਚ ਦੁੱਲੇ ਕੋਲੋਂ ਕੁਝ ਬੋਲਿਆ ਨਹੀਂ ਗਿਆ।

ਪਿਰਥਾ, ਰੂੜਾ ਤੇ ਸਦੀਕ ਨੀਵੀਆਂ ਪਾਈ ਸੋਚੀਂ ਪੈ ਗਏ।

—ਰੂੜਿਆ, ਮੇਹਰੂ ਅਤੇ ਨੂਰੇ ਨੂੰ ਹਾਕ ਮਾਰ ਖਾਂ ਜੇ ਅੰਦਰ ਹੈਗੇ ਨੇ।' ਦੁੱਲੇ ਨੇ ਚੁੱਪ ਤੋੜੀ।

ਰੂੜਾ ਉੱਠਕੇ ਅੰਦਰ ਗਿਆ। ਉਹ ਝੱਟ ਮੁੜ ਆਇਆ ਤੇ ਆਖਿਆ,—'ਨੂਰੇ ਨੂੰ ਆਖ ਆਇਆਂ ਮੇਹਰੂ ਏਥੇ ਹੋਇਆ ਤਾਂ ਆ ਜਾਂਦੇ ਨੇ।'

ਕੁਝ ਦੇਰ ਬਾਅਦ ਨੂਰਾ ਝਕਦਾ ਝਕਦਾ ਅੰਦਰ ਆਇਆ। ਫਿਰ ਮੇਹਰੂ ਵੀ ਆ ਗਿਆ।

—ਸਦੀਕਿਆ, ਮੇਹਰ ਖ਼ਾਨ ਨੂੰ ਪਿਆਲਾ ਦੇਹ ਬਈ ਇਕ।' ਦੁੱਲੇ ਨੇ ਕਿਹਾ।

ਮੇਹਰੂ ਦਾ ਚਿਹਰਾ ਖਿੜ ਗਿਆ।

ਨੂਰੇ ਨੂੰ ਵੀ ਦੇਹ।' ਦੁੱਲੇ ਨੇ ਫਿਰ ਆਖਿਆ।

—ਅੱਬਾ ਮੈਂ.....।' ਨੂਰੇ ਨੂੰ ਕੋਈ ਗੱਲ ਨਾ ਔੜੀ।

—ਤੂੰ ਜਵਾਨ ਹੋ ਗਿਆ ਏਂ ਪੁੱਤਰ। ਗਾਠ ਏਂ। ਪਿਆਲਾ ਫੜ।' ਪਿਰਥੇ ਨੇ ਨੂਰੇ ਦੀ ਪਿੱਠ ਥਪਥਪਾਈ।

—ਚਾਚਾ ਮੈਂ.......। ਨੂਰੇ ਨੇ ਸਿਰ ਫੇਰਿਆ।

—ਪਿਆਲਾ ਫੜ ਖਾਂ ਸ਼ੇਰਾ। ਸ਼ਕਲੋਂ ਤੇ ਮਰਦ ਲੱਗਨਾ ਏਂ।' ਰੂੜੇ ਨੇ ਨੂਰੇ ਦਾ ਹੌਸਲਾ ਵਧਾਇਆ।

—ਮੈਂ ਕਦੀ ਪੀਤੀ ਨਹੀਓਂ ਚਾਚਾ।' ਨੂਰਾ ਹਿਚਕਚਾਉਂਦਾ ਆਪਣੇ ਅੱਬਾ ਵੱਲ ਝਾਕਿਆ।

—ਉਏ, ਇਹ ਤਾਂ ਗੁੜ੍ਹਤੀ ਏ ਮਰਦਾਨੀ ਮੂਰਖਾ। ਸਾਨੂੰ ਮਰਦਾਂ ਦੀ ਲੋੜ ਏ ਹੁਣ। ਅਕਬਰ ਦੀਆਂ ਫੌਜਾਂ ਸਿਰ ਤੇ ਚੜ੍ਹੀਆਂ ਆਉਂਦੀਆਂ ਨੇ। ਜਨਾਨੀਆਂ ਨੇ ਥੋੜਾ ਲੜਨਾ ਈ। ਫੜ ਲੈ ਪਿਆਲਾ।' ਪਿਰਥੇ ਨੇ ਜ਼ੋਰ ਪਾਇਆ।

—ਨੂਰਿਆ ਫੜ ਲੈ ਪੁੱਤਰਾ।' ਦੁੱਲੇ ਨੇ ਵੀ ਰਜ਼ਾਮੰਦੀ ਵਿਖਾਈ।

ਨੂਰੇ ਨੇ ਪਿਆਲਾ ਫੜ ਲਿਆ।

—ਸ਼ਾਬਾਸ਼....।' ਸਾਰੇ ਇਕੱਠੇ ਬੋਲੇ।

ਨੂਰੇ ਨੇ ਪਿਆਲਾ ਮੂੰਹ ਨਾਲ ਲਾਇਆ। ਉਸਨੂੰ ਧੁੜਧੜੀ ਆਈ। ਮੂੰਹ ਦਾ ਸਵਾਦ ਕਸੈਲਾ ਹੋ ਗਿਆ। ਉਸਨੂੰ ਸੰਗ ਵੀ ਆ ਰਹੀ ਸੀ।

ਮੇਹਰੂ ਨੇ ਫਟਾ-ਫਟ ਦੋ ਪਿਆਲੇ ਅੰਦਰ ਸੁੱਟੇ। ਤੀਸਰਾ ਫੇਰ ਭਰਵਾ ਲਿਆ। ਉਹ ਜਿਉਂਦਿਆਂ ਵਿਚ ਹੋ ਗਿਆ।

—ਮੇਹਰ ਖਾਨ।' ਦੁੱਲਾ ਆਪਣੇ ਵੱਡੇ ਭਰਾ ਵੱਲ ਮੁਖ਼ਾਤਿਬ ਹੋਇਆ—'ਭਰਾ ਮੇਰਿਆ, ਦੋ ਦਿਨ ਤੂੰ ਅਤੇ ਨੂਰੇ ਨੇ ਘਰ ਦਾ ਖ਼ਿਆਲ ਰੱਖਣਾ ਏ। ਫੇਰ ਅਸੀਂ ਜਾਣੀਏ ਤੇ ਸਾਡਾ ਕੰਮ ਜਾਣੇ।'

—ਕੋਈ ਖਾਸ ਗੱਲ ਈ— ।' ਤੀਜਾ ਪਿਆਲਾ ਇਕੋ ਸਾਹੇ ਖ਼ਾਲੀ ਕਰਦਿਆਂ ਮੇਹਰੂ ਨੇ ਪੁੱਛਿਆ।

—ਅਕਬਰ ਦੀਆਂ ਫੌਜਾਂ ਪਿੰਡੀ ਵੱਲ ਆਉਂਦੀਆਂ ਪਈਆਂ ਨੇ।' ਦੁੱਲੇ ਨੇ ਦੱਸਿਆ।

ਰੂੜੇ ਨੇ ਮੇਹਰੂ ਲਈ ਚੌਥਾ ਪਿਆਲਾ ਵੀ ਭਰ ਦਿੱਤਾ।

ਪੂਰੇ ਟਹਿਕਰੇ ਵਿਚ ਮੇਹਰੂ ਨੇ ਬੜ੍ਹਕ ਮਾਰੀ-'ਜੇ ਆਖੋਂ ਤਾਂ ਫੌਜਾਂ ਨੂੰ ਰਾਹ ਵਿਚ ਈ ਭਾਜੜਾਂ ਪਾ ਆਵਾਂ ?'

—ਕਿਧਰੇ ਨਹੀਂ ਜਾਣਾ। ਘਰ ਦਾ ਖ਼ਿਆਲ ਰੱਖਣਾ ਏ ਬੱਸ।' ਦੁੱਲੇ ਨੇ ਸਖ਼ਤੀ ਨਾਲ ਕਿਹਾ।

—ਤੂੰ ਜਿਧਰ ਮਰਜ਼ੀ ਪਿਆ ਜਾਹ। ਮੈਂ ਦੋ ਦਿਨ ਹਵੇਲੀ ਉਪਰੋਂ ਦੀ 'ਵਾ ਲੰਘਣੀ ਵੀ ਡੱਕ ਛੱਡਣੀ ਏਂ। ਨਸ਼ੇ ਪੱਤੇ ਵਾਧੂ ਕਰ ਜਾਈਂ ਮੈਨੂੰ, ਫੇਰ ਵੇਖੀਂ ਮੇਹਰ ਖ਼ਾਨ ਦੇ ਹੱਥ। ਚੌਥਾ ਪਿਆਲਾ ਖਿੱਚ ਕੇ ਮੇਹਰੂ ਛੋਹਲੇ ਕਦਮੀਂ ਬਾਹਰ ਨਿਕਲ ਗਿਆ।

ਨੂਰੇ ਦਾ ਪਿਆਲਾ ਅਜੇ ਖ਼ਾਲੀ ਨਹੀਂ ਸੀ ਹੋਇਆ। ਦੁੱਲੇ ਨੇ ਉਸਨੂੰ ਸਮਝਾਇਆ,

—ਤੂੰ ਆਪਣੇ ਆੜੀਆਂ ਨਾਲ ਰਹੀਂ। ਉਹ ਜੇਹੜੇ ਸਾਰੇ ਹੈਨ ਤੇਰੇ, ਜੀਤਾ, ਗੇਲਾ, ਮਿੱਠੂ ਜੈਲਾ। ਇਕ ਦੂਸਰੇ ਦੀ ਇਮਦਾਦ ਕਰਨੀ ਏਂ। ਚੌਧਰੀ ਮੁੱਢ ਤੋਂ ਈ ਖ਼ਾਰ ਖਾਂਦੇ ਨੇ ਤੇ ਉਧਰੋਂ ਖ਼ਬਰਦਾਰ ਰਹਿਣਾ ਈ ਉਹਨਾਂ ਦੇ ਸੁੱਖਾ, ਖੋਖਰ, ਨਿਹਾਲੂ ਕਿਸੇ ਦਾਅ 'ਤੇ ਨਾ ਹੋਣ। ਜਿੱਧਰ ਜਾਣਾ 'ਕੱਠਿਆਂ ਜਾਣਾ ਈ। ਪਿਰਥੇ ਹੋਰਾਂ ਨੂੰ ਪਤਾ ਏ, ਕਿੰਨੇ ਵਰ੍ਹਿਆਂ ਤੋਂ ਅਸਾਂ ਨਾਲ ਵੈਰ ਬੰਨ੍ਹੀ ਬੈਠੇ ਨੇ।'.....ਯਾਦ ਈ ਪਿਰਥਿਆ ? ਦੁੱਲਾ ਨੂਰੇ ਵਲੋਂ ਹਟਕੇ ਪਿਰਥੇ ਵੱਲ ਝਾਕਿਆ। 'ਉਹ ਸ਼ਿਕਾਰ ਵਾਲੀ ਗੱਲ— ?'

—ਯਾਦ ਈ— ।' ਪਿਰਥਾ ਹੱਸਿਆ।

ਤੇ ਦੁੱਲੇ ਨੂੰ ਸਾਰੀ ਘਟਨਾ ਫੇਰ ਅੱਖਾਂ ਮੂਹਰੇ ਦਿਸਣ ਲੱਗੀ।



ਸ਼ਾਮ ਦਾ ਵੇਲਾ ਸੀ। ਉਹ ਸਾਰੇ ਝਨਾਂ ਤੋਂ ਪਾਰ ਹਿਰਨ ਦਾ ਸ਼ਿਕਾਰ ਕਰਕੇ ਮੁੜੇ ਸਨ। ਦਰਿਆ ਕੰਢੇ, ਫਜ਼ਲਦੀਨ ਚੌਧਰੀ ਦਾ ਲੁੱਡਣ, ਜਲਾਲਦੀਨ ਦਾ ਲੱਖਣ, ਅਹਿਮਦ ਚੌਧਰੀ ਦਾ ਅਬਦੁਲਾ ਤੇ ਮੌਲਵੀ ਦਾ ਦਰਗਾਹੀ ਵੀ ਹਵਾ-ਖੋਰੀ ਕਰਨ ਨਿਕਲੇ ਸਨ। ਹੁਣ ਉਹ ਵੀ ਆਪਣੇ ਆਪ ਨੂੰ ਸੂਰਮਿਆਂ 'ਚ ਗਿਣਦੇ ਮੋਢਿਆਂ ਉਪਰੋਂ ਦੀ ਥੁੱਕਣ ਲੱਗੇ ਸਨ। ਦੁੱਲੇ ਹੋਰਾਂ ਨੂੰ ਵੇਖਕੇ, ਲੁੱਡਣ ਨੇ ਆਖਿਆ—'ਸ਼ਿਕਾਰ ਖੋਹੀਏ ਇਹਨਾਂ ਤੋਂ— ।'

ਕਦੇ ਘੁਲਦਿਆਂ ਕਦੇ ਨਿਸ਼ਾਨੇ ਲਾਉਂਦਿਆਂ, ਤਕਰਾਰਾਂ ਤਾਂ ਪਹਿਲਾਂ ਵੀ ਕਈ ਵਾਰ ਹੋਈਆਂ ਸਨ।......'ਕੋਈ ਨਾ, ਟੱਕਰਾਂਗੇ, ਵੇਖ ਲਾਂਗੇ, ਨਿਬੜਾਂਗੇ ਧਾਅਡੇ ਨਾਲ ਵੀ।' ਤੋਂ ਗੱਲਾਂ ਕਦੇ ਅੱਗੇ ਨਹੀਂ ਸਨ ਵਧੀਆਂ। ਅੱਜ ਚੌਧਰੀਆਂ ਦੇ ਮੁੰਡਿਆਂ ਦੀ ਢਾਣੀ ਵੱਡੀ ਸੀ। ਦੁੱਲੇ ਹੋਰੀਂ ਏਧਰ ਆਕੇ ਅਜੇ ਕੱਪੜੇ ਹੀ ਪਾਉਂਦੇ ਪਏ ਸਨ, ਅਬਦੁੱਲੇ ਨੇ ਘੁਮੰਡ ਨਾਲ ਕਿਹਾ—ਇਹ ਸ਼ਿਕਾਰ ਅੱਜ ਚੌਧਰੀਆਂ ਦੇ ਘਰ ਪੱਕਣਾ ਈ।'

—ਪਹਿਲਾਂ ਸ਼ਿਕਾਰ ਕਰਨਾ ਤਾਂ ਸਿੱਖ ਲਓ।' ਦੁੱਲੇ ਆਖਿਆ।

—ਚੌਧਰੀਆਂ ਲਈ ਕੰਮੀ ਕਮੀਣ ਸ਼ਿਕਾਰ ਕਰਦੇ ਨੇ।' ਲੁੱਡਣ ਨੇ ਟਾਂਚ ਲਾਈ।

ਸਦੀਕ ਵੱਟ ਖਾ ਗਿਆ—'ਕੰਮੀ ਕਮੀਣ ਤਾਂ ਹੋਰ ਵੀ ਬੜਾ ਕੁਝ ਕਰਦੇ ਨੇ।'

—ਹੋਰ ਕੀ ਕਰਦੇ ਨੇ ?' ਦਰਗਾਹੀ ਅੱਗੇ ਹੋ ਕੇ ਆਕੜਿਆ।

—ਧਾਡੀਆਂ ਰੰਨਾਂ ਨਾਲ ਸੌਣ ਦਾ ਕੰਮ ਵੀ ਕਰਦੇ ਨੇ।'

ਲੁੱਡਣ ਨੇ ਗੁੱਸੇ ਨਾਲ ਸਦੀਕ ਦੇ ਚਪੇੜ ਕੱਢ ਮਾਰੀ। ਦੁੱਲੇ ਨੇ ਝੱਟ ਲੁੱਡਣ ਨੂੰ ਹੇਠਾਂ ਸੁੱਟ ਲਿਆ। ਫਿਰ ਸਾਰੇ ਹੀ ਘਸੁੰਨ ਮੁੱਕੀ ਹੋ ਪਏ।

ਬੋਹੜ ਥੱਲੇ ਬੈਠੇ ਹੁੱਕਾ ਪੀਂਦੇ ਚੌਧਰੀਆਂ ਨੂੰ ਕਿਸੇ ਨੇ ਆ ਦੱਸਿਆ।—'ਪੱਤਣ ਵੱਲ ਲੜਾਈ ਹੋਣ ਡਹੀ ਏ। ਦੁੱਲੇ ਤੇ ਲੁੱਡਣ ਦੇ ਬੰਦੇ ਭਿੜ ਪਏ ਨੀ।'

ਝੱਟ ਸਾਰੇ ਉੱਠ ਖਲੋਤੇ ਤੇ ਝਨਾਂ ਦੇ ਪੱਤਣ ਵੱਲ ਨੱਸੇ। ਹੋਰਾਂ ਜਿਨ੍ਹਾਂ ਸੁਣਿਆ ਉਹ ਵੀ ਮਗਰੇ ਨੱਸ ਤੁਰੇ।

ਕੀ ਵੇਖਦੇ ਹਨ, ਸਾਰੇ ਮੁੰਡੇ ਗੁੱਥਮ ਗੁੱਥਾ ਹੋ ਰਹੇ ਸਨ। ਅਹਿਮਦ ਚੌਧਰੀ ਨੇ ਦੂਰੋਂ ਹੀ ਦਬਕਾ ਮਾਰਿਆ।—ਹੋਰ ਜਣੇ ਵੀ ਪਹੁੰਚ ਗਏ ਤੇ ਦੋਹਾਂ ਧਿਰਾਂ ਵਿਚਕਾਰ ਆ ਖੜ੍ਹੇ।

—ਕਿਉਂ ਲੜਨ ਡਹੇ ਜੇ ?'

—ਸਦੀਕਾ ਚੌਧਰੀਆਂ ਦੀ ਬੇਜ਼ਤੀ ਪਿਆ ਕਰਦਾ ਏ।'

—ਕੀ ਪਿਆ ਆਖਦਾ ?' ਅਹਿਮਦ ਚੌਧਰੀ ਦੀਆਂ ਅੱਖਾਂ ਮੱਥੇ ਉਪਰ ਚੜ੍ਹ ਗਈਆਂ।

—ਮੈਂ ਦੱਸ ਨਹੀਂ ਸਕਨਾ।'

—ਪੂਰੀ ਗੱਲ ਤਾਂ ਦੱਸ ਸਕਨਾ— ।' ਆਖਦਿਆਂ ਪਿਰਥੇ ਨੇ ਆਪਣੀ ਕੂਹਣੀ ਉਪਰ ਸਿੰਮ ਆਇਆ ਲਹੂ ਪੂੰਝਿਆ।

—ਤੂੰ ਈ ਦੱਸ ਵੱਡਾ ਮੋਹਰੀ ਬਣਨਾ ਏ ਤਾਂ।' ਫਜਲਦੀਨ ਨੇ ਘ੍ਰਿਣਾ ਨਾਲ ਕਿਹਾ।

—ਅਸੀਂ ਸ਼ਿਕਾਰ ਮਾਰ ਕੇ ਖੜਿਆ ਈ। ਅਬਦੁੱਲੇ ਆਖਿਆ—ਇਹ ਚੌਧਰੀਆਂ ਦੇ ਘਰ ਪੱਕਣਾ ਈ। ਇਹਨੂੰ ਪੁੱਛ, ਕਦੀ ਦਰਿਆ ਪਾਰ ਕੀਤਾ ਈ, ਕਿੱਦਾਂ ਕਰੀਦਾ ?'

—ਤੂੰ ਵੱਡਾ ਤਾਰੂ ਏ ?' ਅਬਦੁੱਲੇ ਨੇ ਨੱਕ 'ਚੋਂ ਆਇਆ ਲਹੂ ਪੂੰਝਦਿਆਂ ਪੁੱਛਿਆ।

—ਆਹੋ ਅਜੇ ਤੱਕ ਤਾਂ ਵੱਡਾ ਈ ਆਂ।'

—ਗਾਲ੍ਹਾਂ ਕਿਉਂ ਦਿੰਨਾਂ ਏਂ ਚੌਧਰੀਆਂ ਨੂੰ ?' ਅਹਿਮਦ ਗੱਲ ਬਦਲ ਕੇ ਸਦੀਕ ਵੱਲ ਹੋਇਆ।

—ਇਹ ਆਖਦਾ ਏ, ਕੰਮੀ ਕਮੀਣ ਚੌਧਰੀਆਂ ਲਈ ਸ਼ਿਕਾਰ ਕਰਦੇ ਨੇ।'

—ਮਾੜੀ ਗੱਲ ਆਖੀ ਏ ਕੋਈ ?' ਫਜ਼ਲਦੀਨ ਨੇ ਫੇਰ ਅੱਖਾਂ ਵਿਖਾਈਆਂ।

—ਅਸੀਂ ਚੌਧਰੀਆਂ ਤੋਂ ਲੈ ਕੇ ਖਾਨੇ ਆਂ ?' ਇਹ ਸਾਡਾ ਸ਼ਿਕਾਰ ਖੋਹਣ ਦਾ ਕੀ ਹੱਕ ਰੱਖਦਾ ਈ। ਬਾਹਲਾ ਈ ਸ਼ੌਕ ਚੜ੍ਹਿਆ ਹੋਇਆ ਤਾਂ ਦਰਿਆ ਪਾਰ ਕਰਕੇ ਵਿਖਾਏ ਇਕ ਵਾਰ ਤੇ ਲੈ ਜਾਏ ਸ਼ਿਕਾਰ।'

—ਵੰਗਾਰਨਾਂ ਏਂ— ?' ਅਬਦੁੱਲੇ ਨੇ ਧੌਂਸ ਦੇਣ ਵਾਂਗ ਕਿਹਾ।

—ਏਵੇਂ ਈ ਸਮਝਲਾ ਫਿਰ।' ਸਦੀਕ ਲਾਪਰਵਾਹੀ ਨਾਲ ਬੋਲਿਆ।

—ਠੀਕ ਏ ਮੈਂ ਪਾਰ ਕਰਨਾ ਵਾਂ, ਕੌਣ ਜਾਂਦਾ ਈ ਮੇਰੇ ਨਾਲ ?' ਅਬਦੁੱਲਾ ਨੇ ਝਨਾਂ ਵਲ ਤੁਰਦਿਆਂ ਕਿਹਾ।

—ਮੈਂ ਚਲਨਾ ਵਾਂ।' ਦੁੱਲੇ ਨੇ ਕਿਹਾ।

ਭੀੜ ਜੁੜ ਗਈ ਸੀ। ਦਰਿਆ ਕੰਢੇ ਮੇਲਾ ਲੱਗ ਗਿਆ ਜਿਵੇਂ। ਚੌਧਰੀਆਂ ਵਿਚੋਂ ਇਕ ਬੋਲਿਆ—'ਜਿਹੜਾ ਪਾਰੋਂ ਹੱਥ ਲਾ ਮੁੜਿਆ ਸ਼ਿਕਾਰ ਉਹਦਾ।'

ਦੋਹਾਂ ਝਨਾਂ ਵਿਚ ਛਾਲਾਂ ਮਾਰ ਦਿੱਤੀਆਂ।

ਅਬਦੁੱਲਾ ਜੋਸ਼ ਅਤੇ ਗੁੱਸੇ ਵਿਚ ਆਇਆ। ਮਗਰਮੱਛ ਵਾਂਗ ਫੁੰਕਾਰੇ ਮਾਰਦਾ ਦੁੱਲੇ ਨੂੰ ਪਿਛਾਂਹ ਛੱਡਦਾ ਕਾਫ਼ੀ ਅੱਗੇ ਨਿਕਲ ਗਿਆ। ਕੰਢੇ ਵਲੋਂ ਲਲਕਾਰੇ ਵੱਜ ਰਹੇ ਸਨ। ਦੁੱਲਾ ਆਪਣੀ ਸਹਿਜ ਨਾਲ ਤਰਦਾ ਗਿਆ। ਉਸਦਾ ਨਿੱਤ ਦਾ ਕੰਮ ਸੀ। ਝਨਾਂ ਦਾ ਦੂਜਾ ਕੰਢਾ ਅਜੇ ਥੋੜ੍ਹੀ ਦੂਰ ਸੀ। ਅਬਦੁੱਲੇ ਦੀ ਚਾਲ ਮੱਠੀ ਪੈ ਗਈ ਤੇ ਪਿੱਛੋਂ ਦੁੱਲਾ ਵੀ ਬਰਾਬਰ ਆ ਚੜ੍ਹਿਆ। ਅਬਦੁੱਲਾ ਕੰਢੇ ਤੋਂ ਉਰਾਂ ਹੀ ਪਿਛਾਂਹ ਮੁੜ ਪਿਆ।

ਚੌਧਰੀਆਂ ਦੀ ਧਿਰ ਨੇ ਬੜਾ ਰੌਲਾ ਪਾਇਆ। ਲਲਕਾਰੇ ਮਾਰੇ। ਦਰਗਾਹੀ ਅਤੇ ਲੁੱਡਣ ਵੀ ਰੌਲਾ ਪਾਉਣ ਲੱਗੇ। ਜਦੋਂ ਦੁੱਲਾ ਪਾਰਲੇ ਕੰਢੇ ਜਾ ਖੜ੍ਹਿਆ, ਉਦੋਂ ਤਾਂ ਅਬਦੁੱਲਾ ਮੁੜਦਾ ਅੱਧ ਵਿਚਕਾਰ ਆ ਗਿਆ ਸੀ। ਦੁੱਲੇ ਨੇ ਕੁਝ ਪਲ ਸਾਹ ਸਾਵਾਂ ਕੀਤਾ ਤੇ ਫਿਰ ਝਨਾਂ ਵਿਚ ਠਿਲ੍ਹ ਪਿਆ।

ਪਿੰਡ ਵਿਚ ਰੌਲਾ ਪੈਣ ਤੇ ਦੁੱਲੇ ਦੀ ਢਾਣੀ ਦੇ ਹੋਰ ਬੇਲੀ ਵੀ ਆ ਗਏ ਸਨ। ਸਾਰੇ ਦੁੱਲੇ ਨੂੰ ਹੱਲਾ ਸ਼ੇਰੀ ਦੇਣ ਲੱਗੇ। ਜਿੰਨਾ ਚਿਰ ਦੁੱਲਾ ਕੰਢੇ ਨਾ ਲੱਗਿਆ, ਖੱਪ ਤੇ ਰੌਲਾ ਪੈਂਦਾ ਰਿਹਾ। ਨਮੋਸ਼ੀ ਮੰਨਦੇ ਚੌਧਰੀ ਤੇ ਉਹਨਾਂ ਦੇ ਮੁੰਡੇ ਪਹਿਲਾਂ ਹੀ ਮੁੜ ਗਏ ਸਨ।

ਬਾਅਦ ਵਿਚ ਲੁੱਡਣ ਨੇ ਅਬਦੁੱਲੇ ਨੂੰ ਪੁੱਛਿਆ ਸੀ—'ਕੰਢਾ ਤਾਂ ਲਾਗੇ ਈ ਸੀ ਤੂੰ ਪਹਿਲਾਂ ਹੀ ਕਿਉਂ ਮੁੜ ਪਿਆ।

—ਓਧਰ ਮੈਂ ਤੇ ਦੁੱਲਾ 'ਕੱਠੇ ਹੋਣਾ ਸੀ ਕੰਢੇ 'ਤੇ। ਜੇ ਮੈਨੂੰ ਹੇਠਾਂ ਸੁੱਟ ਕੇ ਸੱਟ-ਫੇਟ ਮਾਰਦਾ ਫੇਰ..... ?' ਆਖਦਿਆਂ ਅਬਦੁੱਲੇ ਨੇ ਨੀਵੀਂ ਪਾ ਲਈ।

—ਆਪਾਂ ਇਹਨਾਂ ਨਾਲ ਹੋਰ ਤਰ੍ਹਾਂ ਨਿਬੜਾਂਗੇ।' ਲੁੱਡਣ ਨੇ ਕਿਹਾ।

ਦੁੱਲਾ ਦਰਿਆ ਵਾਲੀ ਬਾਜ਼ੀ ਤਾਂ ਮਾਰ ਗਿਆ। ਪਰ ਇਹ ਬਾਜ਼ੀ ਬੜੀ ਮਹਿੰਗੀ ਪਈ। ਚੌਧਰੀਆਂ ਦੇ ਮੁੰਡੇ, ਦੁੱਲੇ ਤੇ ਉਹਦੀ ਢਾਣੀ ਦੇ ਪੱਕੇ ਵੈਰੀ ਬਣ ਗਏ। ਦੋਵੇਂ ਧਿਰਾਂ



ਪੂਰੀਆਂ ਹੁਸ਼ਿਆਰ ਰਹਿੰਦਿਆਂ। ਕਈ ਵਾਰ ਟਕਰਾ ਹੁੰਦੇ ਹੁੰਦੇ ਰਹਿ ਜਾਂਦੇ। ਕੋਈ ਵੀ ਦੂਜੀ ਧਿਰ ਦਾ ਵਸਾਹ ਨਾ ਖਾਂਦਾ।

ਵੇਲਾ ਤੁਰਦਾ ਰਿਹਾ।

ਸਾਰੇ ਵਿਆਹੇ-ਵਰੇ ਗਏ। ਬੱਚੇ ਹੋ ਗਏ। ਬੱਚੇ ਮਦਰੱਸੇ ਵਿਚ ਪੜ੍ਹਨ ਲੱਗੇ। ਪਰ ਮਨਾਂ ਅਤੇ ਅੱਖਾਂ ਦੀ ਕੌੜ ਨਹੀਂ ਗਈ। ਚੌਧਰੀਆਂ ਦਾ ਜਦੋਂ ਦਾਅ ਲਗਦਾ, ਇਹਨਾਂ ਦੀ ਹੇਠੀ ਜਾਂ ਨਖੇਧੀ ਕਰਨ ਦੀ ਕੋਈ ਕਸਰ ਨਾ ਛੱਡਦੇ। ਇਹ ਅੰਦਰਲੀ ਖ਼ਾਰ ਬੱਚਿਆਂ ਦੇ ਲਹੂ ਵਿਚ ਵੀ ਰਲ ਗਈ। ਲੁੱਡਣ ਦਾ ਖੋਖਰ, ਲੱਖਣ ਦਾ ਸੁੱਖਾ ਤੇ ਦਰਗਾਹੀ ਦਾ ਸੁਲਤਾਨ, ਦੁੱਲੇ ਦੇ ਨੂਰੇ, ਪਿਰਥੇ ਦੇ ਜੀਤੂ ਤੇ ਰੂੜੇ ਦੇ ਜੈਲੇ ਨਾਲ ਪੂਰੀ ਦੁਸ਼ਮਣੀ ਰਖਦੇ ਸਨ। ਕਈ ਵਾਰ ਝੜਪਾਂ ਹੋਈਆਂ ਸਨ। ਕਦੇ ਕਿਸੇ ਦੇ ਝੱਗੇ ਉਪਰ ਸਿਆਹੀ ਡੋਲ੍ਹ ਦੇਣੀ, ਕਦੇ ਕਿਸੇ ਦੀ ਕਲਮ ਚੁਰਾ ਲੈਣੀ, ਕਦੇ ਕਿਸੇ ਦੀ ਜੁੱਤੀ ਬਾਹਰ ਸੁੱਟ ਆਉਣੀ। ਇਹ ਸਭ ਚਲਦਾ ਰਿਹਾ।

ਦੁੱਲੇ ਨੇ ਆਪਣੇ ਛੋਟੇ ਪੁੱਤਰ ਜਹਾਨ ਖ਼ਾਨ ਤੇ ਕਮਾਲ ਖ਼ਾਨ ਪਹਿਲਾਂ ਹੀ ਨਾਨਕੀ ਛੱਡ ਰੱਖੇ ਸਨ। ਇਕੱਲਾ ਨੂਰਾ ਖੁਲ੍ਹਾ ਖਾਂਦਾ ਪੀਂਦਾ, ਮੋਕਲੇ ਹੱਡਾਂ ਦਾ ਦੁੱਲੇ ਵਾਂਗ ਹੀ ਲੰਮਾ ਕੱਦ ਤੇ ਭਰਵਾਂ ਜੁਆਨ ਨਿਕਲ ਰਿਹਾ ਸੀ। ਉਹ ਆਪਣੇ ਹਾਣੀਆਂ ਨਾਲ ਘੋਲ ਕਰਦਾ, ਦੌੜਾਂ ਲਾਉਂਦਾ। ਲੱਧੀ ਉਹਦੇ ਉਪਰੋਂ ਮਿਰਚਾਂ ਵਾਰ ਵਾਰ ਚੁਲ੍ਹੇ 'ਚ ਸੁੱਟਦੀ।

—ਅੰਮਾਂ ਇਸ ਵਾਰ ਮੈਂ ਮੇਲੇ ਵਿਚ ਆਪਣੇ ਹਾਣੀਆਂ ਨਾਲ ਘੋਲ ਕਰਨਾ ਈ।' ਇਕ ਦਿਨ ਨੂਰੇ ਨੇ ਕਿਹਾ।

—ਜੰਮ ਜੰਮ ਘੋਲ ਕਰ ਪੁੱਤ। ਅੱਲਾਹ ਰਸੂਲ ਤੈਨੂੰ ਜਿੱਤ ਦੁਆਵੇ। ਤੇਰੀ ਕਦੀ ਕੰਡ ਨਾ ਲੱਗੇ।' ਲੱਧੀ ਨੇ ਅਸੀਸਾਂ ਦਿੱਤੀਆਂ।

ਮੇਲਾ ਵੀ ਆ ਗਿਆ। ਨੂਰਾ ਆਪਣੇ ਹਾਣੀਆਂ, ਜੀਤੂ, ਜੈਲਾ, ਦੀਨਾ, ਮਿੱਠੂ ਤੇ ਹੋਰਾਂ ਨਾਲ ਮੇਲੇ ਵਿਚ ਆ ਗਿਆ। ਕੁਝ ਚਿਰ ਘੁੰਮ ਫਿਰ ਕੇ ਸਾਰੇ ਮੇਲਾ ਵੇਖਦੇ ਰਹੇ। ਏਥੇ ਹੀ ਦੁੱਲੇ, ਪਿਰਥੇ ਤੇ ਰੂੜੇ ਹੋਰੀਂ ਵੀ ਮੇਲੇ ਵਿਚ ਸਨ ਤੇ ਚੌਧਰੀਆਂ ਦੇ ਲੁੱਡਣ ਲੱਖਣ ਤੇ ਦਰਗਾਹੀ ਹੋਰੀ ਵੀ। ਅੱਖਾਂ ਵਿਚ ਰੜਕ ਤਾਂ ਸੀ, ਪਰ ਸਾਰੇ ਹੀ ਇਕ ਦੂਸਰੇ ਤੋਂ ਪਾਸਾ ਵਟਦੇ ਮੇਲੇ ਦੀਆਂ ਰੌਣਕਾਂ ਵੇਂਹਦੇ ਰਹੇ।

ਲੌਢੇ ਵੇਲੇ ਪਿੜ ਵਿਚ ਢੋਲ ਵੱਜਣ ਲੱਗਾ।

ਪੂਰਾ ਮੇਲਾ ਹੀ ਪਿੜ ਵਾਲੇ ਪਾਸੇ ਆਣ ਢੁੱਕਾ। ਕੁਝ ਲੋਕ ਊਠਾਂ ਉਪਰ ਚੜ੍ਹੇ ਬੈਠੇ ਸਨ। ਕੁਝ ਘੋੜੇ-ਘੋੜੀਆਂ ਉਪਰ ਵੀ ਸਨ।

ਘੁਲਣ ਵਾਲੇ ਪਹਿਲਵਾਨ, ਗੱਭਰੂ ਲੰਗੋਟੇ ਕਸੀ ਪਿੜ ਵਿਚ ਆ ਗਏ।

ਨੂਰਾ ਵੀ ਅੱਗੇ ਆਇਆ ਤੇ ਖੇਡ ਪੁਆਉਣ ਵਾਲੇ ਨੂੰ ਆਖਿਆ—'ਮੇਰਾ ਵੀ ਕੋਈ ਹਾਣੀ ਕੱਢ।'

—ਤੂੰ ਅੰਞਾਣਾ ਏ ਅਜੇ।'

—ਏਸੇ ਲਈ ਤਾਂ ਆਖਿਆ ਏ ਮੇਰਾ ਹਾਣੀ ਕੱਢ ਕੋਈ।

ਦੁੱਲਾ ਹੈਰਾਨ ਹੋਇਆ-ਨੂਰਾ ਪਿੜ ਵਿਚ ਈ—। ਉਧਰ ਫਜ਼ਲਦੀਨ ਚੌਧਰੀ ਦਾ ਲੱਖਣ ਇਹ ਸਭ ਵੇਖ ਰਿਹਾ ਸੀ। ਉਸਨੂੰ ਆਪਣੇ ਸੁੱਖੇ ਉਪਰ ਪੂਰਾ ਮਾਣ ਸੀ। ਨਾਲੇ ਚੌਧਰੀਆਂ ਦੇ ਹੁੰਦਿਆਂ, ਇਕ ਰੰਡੀ ਤੀਵੀਂ ਦਾ ਪੋਤਰਾ-ਪਿੜ 'ਚ ਆਕੇ ਆਖੇ, ਮੇਰਾ ਕੋਈ ਹਾਣੀ ਕੱਢੋ।

—ਉਸਨੇ ਸੁੱਖੇ ਨੂੰ ਕਿਹਾ—'ਜਾਹ ਪੁੱਤਰ ਪਟਕਾ ਮਾਰ ਭੁੰਜੇ ਇਹਨੂੰ ਪਤਾ ਲੱਗੇ ਚੌਧਰੀਆਂ ਦੇ ਪੁੱਤਰ ਵੀ ਬੂਰੀਆਂ ਦੇ ਡੋਕੇ ਚੁੰਘਦੇ ਰਹੇ ਨੀ।'

ਸੁੱਖੇ ਨੇ ਆਉਂਦਿਆਂ ਹੀ ਪਿੜ ਦੀ ਮਿੱਟੀ ਚੁੰਮੀ, ਮੱਥੇ ਨੂੰ ਲਾਈ ਤੇ ਪੱਟਾਂ ਉਪਰ ਥਾਪੀਆਂ ਮਾਰਦਿਆਂ ਕਿਹਾ—'ਇਹਦੇ ਨਾਲ ਮੈਂ ਦੋ ਹੱਥ ਕਰਾਂਗਾ।'

ਇਹ ਪਹਿਲਾ ਘੋਲ ਹੀ ਸੀ। ਵੱਡਿਆਂ ਦੀ ਵਾਰੀ ਆਖ਼ਰ 'ਚ ਆਉਣੀ ਸੀ। ਦੁੱਲੇ ਦਾ ਮੱਥਾ ਠਣਕਿਆ। ਘੋਲ ਦੇ ਬਹਾਨੇ ਦੁਸ਼ਮਣੀ ਨਾ ਕਢਦੇ ਹੋਣ.....।' ਉਸਨੇ ਪਿਰਥੇ ਹੋਰਾਂ ਨੂੰ ਖ਼ਬਰਦਾਰ ਰਹਿਣ ਲਈ ਕਿਹਾ।

ਢੋਲੀ ਨੇ ਡੱਗਾ ਲਾਇਆ। ਪਿੜ ਦੁਆਲੇ ਜੁੜੇ ਲੋਕ ਝੱਟ ਨੂਰੇ ਅਤੇ ਸੁੱਖੇ ਦੀਆਂ ਧਿਰਾਂ ਵਿਚ ਵੰਡੇ ਗਏ।

ਨੂਰਾ ਤੇ ਸੁੱਖਾ ਔਧੇ ਝੁਕੇ ਇਕ ਦੂਸਰੇ ਉੱਪਰ ਝਪਟਣ ਲਈ ਅੱਗੇ ਵਧੇ। ਲੋਕਾਂ ਸਾਹ ਰੋਕੇ ਹੋਏ ਸਨ। ਸੁੱਖੇ ਨੇ ਨੂਰੇ ਨੂੰ ਲੱਤੋਂ ਲੈਣਾ ਚਾਹਿਆ, ਨੂਰਾ ਇਕਦਮ ਘੁੰਮਿਆ ਤੇ ਸੁੱਖੇ ਨੂੰ ਪਿੱਛੋਂ ਦੀ ਜੱਫਾ ਮਾਰਕੇ ਅਜਿਹੀ ਭੁਆਟਣੀ ਦਿੱਤੀ, ਫਿਰ ਲੱਕ ਅੜਾਕੇ ਹੇਠਾਂ ਸੁੱਟਦਿਆਂ ਹੀ ਪਲਟੀ ਮਰਵਾਕੇ ਸੁੱਖੇ ਦੀ ਹਿੱਕ ਤੇ ਜਾ ਬੈਠਾ। ਜੋਸ਼ ਵਿਚ ਆਏ ਹਜੂਮ ਨੇ ਅਸਮਾਨ ਸਿਰ 'ਤੇ ਚੁੱਕ ਲਿਆ। ਨਾਅਰੇ ਲੱਗੇ, ਬੱਕਰੇ ਬੁਲਾਏ ਗਏ। ਇਕ ਊਠ ਨੇ ਮੱਘਾ ਕੱਢਿਆ ਜਿਵੇਂ ਉਹ ਵੀ ਘੋਲ ਵਿਚ ਸ਼ਾਮਲ ਹੋਵੇ।

ਖਿਡਾਵਣ ਵਾਲੇ ਨੇ ਨੂਰੇ ਦਾ ਹੱਥ ਉਪਰ ਚੁੱਕਿਆ। ਸੁੱਖਾ ਨੀਵੀਂ ਪਾਈ ਪਿੜ ਵਿਚੋਂ ਬਾਹਰ ਹੋ ਗਿਆ।

ਉਦੋਂ ਹੀ ਕੱਪੜੇ ਪਾਉਂਦਿਆਂ ਸੁੱਖੇ ਨੇ ਕਿਹਾ ਸੀ—'ਇਹਨਾਂ ਨਾਲ ਹੋਰ ਤਰ੍ਹਾਂ ਨਿਬੜਾਂਗੇ।'

ਅੱਜ ਦੀਵਾਨ ਖ਼ਾਨੇ 'ਚ ਬੈਠਿਆਂ ਦੁੱਲੇ ਨੂੰ......'ਹੋਰ ਤਰ੍ਹਾਂ ਨਿਬੜਾਂਗੇ' ਦੀਆਂ ਬੋਲੀਆਂ ਯਾਦ ਆ ਰਹੀਆਂ ਹਨ। ਵਰ੍ਹੇ ਹੋ ਗਏ ਹਨ ਕਦੇ ਆਹਮੋ-ਸਾਹਮਣੇ ਟੱਕਰ ਨਹੀਂ ਹੋਈ। ਪਰ ਹੁਣ ਪਿੰਡੀ ਵੱਲ ਫੌਜਾਂ ਚੜ੍ਹੀਆਂ ਆ ਰਹੀਆਂ ਹਨ ਤੇ ਜੇ ਚੌਧਰੀ ਦਾਅ ਤੇ ਹੋਏ। ਏਸੇ ਲਈ ਉਹ ਨੂਰੇ ਨੂੰ ਸਮਝਾ ਰਿਹਾ ਹੈ, ਚੌਧਰੀਆਂ ਵਾਲੇ ਪਾਸਿਓਂ ਖ਼ਬਰਦਾਰ ਰਹਿਣਾ।....

ਨੂਰੇ ਨੂੰ ਨੀਵੀਂ ਪਾਈ ਬੈਠਾ ਤੇ ਹੱਥ ਵਿਚ ਪਿਆਲਾ ਫੜੀ ਵੇਖ ਕੇ ਸਦੀਕ ਨੇ ਕਿਹਾ......'ਨੂਰਿਆ ਮਰਦ ਬਣ ਬਈ.....ਖਿੱਚ ਇਹਨੂੰ।'

ਨੂਰੇ ਨੇ ਸਭਨਾਂ ਵੱਲ ਵੇਖਿਆ ਤੇ ਆਖਰ ਵਿਚ ਆਪਣੇ ਅੱਬਾ ਵੱਲ ਤੱਕਿਆ।

—ਪੀ ਲੈ ਨੂਰਿਆ ਇਹਦੀ ਲੋੜ ਪੈਣੀ ਊ ਤੈਨੂੰ।'

ਨੂਰੇ ਨੇ ਦਿਲ ਕਰੜਾ ਕੀਤਾ, ਅੱਖਾਂ ਮੀਟੀਆਂ ਤੇ ਪਿਆਲਾ ਮੂੰਹ ਨੂੰ ਲਾ ਲਿਆ।

—ਸ਼ਾਬਾਸ਼।' ਪਿਰਥਾ ਖੁਸ਼ ਹੋ ਗਿਆ।'.....'ਆਹ ਹੋਈ ਨਾ ਗੱਲ ਮਰਦਾਂ ਵਾਲੀ।'

—ਜਾਹ ਪਉ ਹੁਣ।'

ਨੂਰਾ ਉੱਠਕੇ ਚਲਿਆ ਗਿਆ। ਉਹ ਜਿਵੇਂ ਹਵਾ ਵਿਚ ਤੁਰਿਆ ਜਾ ਰਿਹਾ ਸੀ।

ਫਿਰ ਸਾਰੇ ਜਣੇ ਦੁੱਲੇ ਨੂੰ ਪਹਿਰ ਦੇ ਤੜਕੇ ਹਨੇਰੇ ਹਨੇਰੇ ਮਾਮਿਆਂ ਵੱਲ ਤੁਰਨ ਲਈ ਮਨਾਉਣ ਲੱਗੇ।

* * * *



ਮੌਲਵੀ ਦੁੱਲੇ ਦੀ ਹਵੇਲੀਓਂ ਨਿਕਲ ਕੇ, ਮਸੀਤ ਵਲ ਜਾਣ ਦੇ ਬਜਾਏ ਟੇਢ ਵੱਟ ਕੇ ਘਰ ਵੱਲ ਸਿੱਧਾ ਹੋ ਤੁਰਿਆ। ਨਮਾਜ਼ੋਂ ਉਹ ਖੁੰਝ ਚੁਕਾ ਸੀ। ਚੌਧਰੀ ਅਹਿਮਦ ਨੂੰ ਸਾਹਮਣੇ ਤੋਂ ਆਉਂਦਾ ਵੇਖ ਕੇ ਉਸ ਨੇ ਇਕ ਹੋਰ ਮੋੜ ਮੁੜਨਾ ਚਾਹਿਆ, ਏਨੇ ਵਿਚ ਚੌਧਰੀ ਨੇ ਆਵਾਜ਼ ਮਾਰ ਲਈ।

—ਮੌਲਵੀ ਮੀਆਂ ਅੱਜ ਪੁੱਠੇ ਪਾਸਿਓਂ ਲਗਾ ਆਉਂਦਾ ਈ, ਖੈਰਾਂ ਨੇ— ?' ਚੌਧਰੀ ਨੇ ਟਾਂਚ ਲਾਈ।

—ਦੁੱਲੇ ਭੱਟੀ ਵਲੋਂ ਆਇਆ ਚੌਧਰੀ ਸਾਹਬ।' ਮੌਲਵੀ ਨੇ ਦਾੜ੍ਹੀ ਉਪਰ ਹੱਥ ਫੇਰਨ ਦੇ ਬਹਾਨੇ ਮੂੰਹ ਅੱਗੇ ਹੱਥ ਕਰਦਿਆਂ ਕਿਹਾ।

—ਚੜ੍ਹਾਈ ਹੋਣ ਲੱਗੀ ਊ ਫਿਰ— ?' ਚੌਧਰੀ ਅੰਦਰੋਂ ਬੜਾ ਖੁਸ਼ ਜਾਪਿਆ।

—ਲਗਦਾ ਤੇ ਹੈ ਚੌਧਰੀ ਸਾਹਬ।'

—ਮਾਲ ਅਸਬਾਬ ਦਾ ਫ਼ਿਕਰ ਕਰੀਏ...ਸਾਂਭੀਏ ?' ਚੌਧਰੀ ਨੇ ਪੁੱਛਿਆ।

—ਕਿਉਂ ਸ਼ਰਮਿੰਦਾ ਕਰਦਾ ਏਂ ਚੌਧਰੀ। ਤੇਰੀਆਂ ਆਪਣੀਆਂ ਰਮਜ਼ਾਂ ਵੀ ਤੇ ਲਾਹੌਰ ਤਖ਼ਤ ਨਾਲ ਸਾਂਝੀਆਂ ਨੀ। ਦੂਈ ਗੱਲ ਇਹ ਵੇ, ਪਿੰਡੀ ਦਾ ਹੋਵੇ ਮੌਲਵੀ, ਤੇ ਬਾਦਸ਼ਾਹ ਅਕਬਰ ਦੀਆਂ ਫੌਜਾਂ, ਸੈਨਾਪਤੀ ਹੋਵੇ ਨਿਜਾਮੁਦੀਨ ਮਿਰਜ਼ਾ ਤੇ ਪਿੰਡੀ ਦੇ ਚੌਧਰੀਆਂ ਸਾਹੂਕਾਰਾਂ, ਮਲਕਾਂ ਨੂੰ ਆਪਣੇ ਮਾਲ ਅਸਬਾਬ ਸਾਂਭਣ ਦਾ ਫ਼ਿਕਰ ਹੋਵੇ, ਲਾਹਣਤ ਏ ਮੌਲਵੀ 'ਤੇ......।'

—ਪੱਕੀ ਗੱਲ ਈ— ?' ਚੌਧਰੀ ਨੇ ਟੁਣਕਾਇਆ।

—ਇਲਾਹੀ ਮੁਹਰ।' ਮੌਲਵੀ ਨੇ ਫਿਰ ਦਾੜ੍ਹੀ ਸੰਵਾਰੀ।

ਤੇ ਫ਼ਰੀਦ ਭੱਟੀ ਦਾ ਤੁਖ਼ਮ ਕੀ ਆਖਦਾ ਏ ?'

—ਆਖਣਾ ਕੀ ਏ, ਉਹ ਤਾਂ ਪਿੰਡੀ ਛੱਡਕੇ ਨੱਸ ਚੱਲਿਐ।'

—ਪੱਕੀ ਇਤਲਾਹ ਈ।'

—ਚੌਧਰੀ ਸਾਹਬ ਧਾਅਡੇ ਅੱਗੇ ਈ ਆਣੀ ਏ। ਓਧਰੋਂ ਬਾਦਸ਼ਾਹ ਦੀਆਂ ਫੌਜਾਂ ਪਿੰਡੀ ਨੂੰ ਘੇਰਾ ਪਾ ਲੈਣਾ, ਏਧਰੋਂ ਦੁੱਲਾ ਪਿੰਡੀ 'ਚੋਂ ਭਗੌੜਾ।'

—ਸ਼ਹਿਨਸ਼ਾਹ ਦੀਆਂ ਫੌਜਾਂ ਦਾ ਨਾਂ ਸੁਣਦਿਆਂ ਹੀ ਹਵਾ ਸਰਕ ਗਈ ?' ਚੌਧਰੀ ਹੱਸਿਆ।

ਮੌਲਵੀ ਨੂੰ ਵੀ ਹੱਸਣਾ ਪਿਆ। ਪਰ ਉਸਨੇ ਝੱਟ ਮੂੰਹ ਅੱਗੇ ਹੱਥ ਕਰ ਲਿਆ।

—ਖ਼ਬਰ ਦੇਈਏ, ਨੱਠਣ ਤੋਂ ਪਹਿਲਾਂ ਹੀ ਫੌਜਾਂ ਘੇਰ ਲੈਣ।'

—ਨਹੀਂ ਚੌਧਰੀ, ਨੱਠਿਆ ਦੁੱਲਾ ਬਾਦਸ਼ਾਹ ਦੇ ਹਿੱਤ ਵਿਚ ਏ। ਸ਼ਮ੍ਹਲੇ ਵਾਲੀ ਪੱਗ ਪੈਰਾਂ 'ਚ ਏਦਾਂ ਈ ਰੁਲਣੀ ਏ ਤੇ ਮੁੱਛਾਂ ਦੇ ਕੁੰਡਲ ਏਦਾਂ ਈ ਵੱਢ ਹੋਣੇ ਨੇ।'

—ਖ਼ਤਰਾ ਹੋਇਆ ਤਾਂ ਵੇਲਾ ਰਹਿੰਦਿਆਂ ਖ਼ਬਰ ਕਰੀਂ।'

—ਘੋੜੇ ਵੇਚ ਕੇ ਸੌਂ ਰਹਿ ਚੌਧਰੀਆ।'

ਅਹਿਮਦ ਚੌਧਰੀ ਮੁੱਛਾਂ ਨੂੰ ਤਾਅ ਦੇਂਦਾ ਤੁਰ ਗਿਆ।

—ਮੌਲਵੀ ਨੇ ਰੋਕਿਆ ਸਾਹ ਖੁਲ੍ਹ ਕੇ ਲਿਆ ਹੀ ਸੀ, ਪਿਛੋਂ ਕਾਹਲੀ ਨਾਲ ਤੁਰੇ ਆ ਰਹੇ ਦੁਰਗੇ ਪੰਡਤ ਨੇ ਹਾਕ ਮਾਰੀ—'ਮੌਲਵੀ ਇਦਰੀਸ ਮੀਆਂ।'

—ਕੱਲ੍ਹ ਦਾ ਕਿਥੇ ਮਰਿਆ ਏਂ ਪੰਡਤਾ।' ਮੌਲਵੀ ਅੰਦਰ ਸ਼ਰਾਬ ਆਪਣਾ ਰੰਗ ਵਿਖਾਉਣ ਲੱਗੀ।

—ਆਖਦਾ ਮੈਨੂੰ ਏ, ਨਜ਼ਰ ਤੂੰ ਨਹੀਂ ਆਂਦਾ। ਨਾ ਮਸੀਤ ਵਿਚ ਸੈਂ ਨਾ ਘਰ ਵਿਚ। ਬਾਂਗ ਵੀ ਨਹੀਂ ਦਿੱਤੀ ਅੱਜ ਤੂੰ।' ਪੰਡਤ ਨੇ ਰੰਜ ਨਾਲ ਕਿਹਾ।

—ਮੈਂ ਤਾਂ ਅੱਜ ਦੁੱਲੇ ਦੀ ਹਵੇਲੀ ਬਾਂਗ ਦੇ ਆਇਆ।'

—ਆਹੋ, ਤੇਰੀ ਸ਼ਕਲ ਤੋਂ ਏਹੀ ਲਗਦਾ ਏ। ਜਿਹੜਾ ਮਿਰਜ਼ੇ ਨਿਜਾਮੁਦੀਨ ਨਾਲ ਵਾਅਦਾ ਕੀਤੋ ਸੀ ਓਹਦਾ ਕੀ ਬਨਿਆ ?'

—ਮੈਂ ਤੇ ਆਪਣਾ ਕੰਮ ਮੁਕਾ ਆਇਆਂ। ਦੁੱਲਾ ਅੱਜ ਪਿੰਡੀ ਛੱਡੇਗਾ।'

—ਫੇਰ ਤਾਂ ਮੇਰਾ ਵੀ ਜਾਣਾ ਬਣਦਾ ਈ।' ਪੰਡਤ ਨੇ ਕਾਹਲੀ ਨਾਲ ਕਿਹਾ।

—ਝਬਦੇ ਜਾਹ ਫਿਰ, ਨਹੀਂ ਤਾਂ ਦੁੱਲੇ ਚਾਲੇ ਪਾ ਦੇਣੇ ਨੀ ਤੇ ਪਿਛੋਂ ਧੂੜ ਚੱਟੀ ਜਾਈਂ ਖੜ੍ਹਾ।'

—ਮੀਆਂ ਤੂੰ ਠੱਗੀ ਮਾਰ ਗਿਆ ਏਂ ਮੇਰੇ ਨਾਲ।'

—ਠੱਗੀ ਕਾਹਦੀ ?' ਮੌਲਵੀ ਹੈਰਾਨ ਹੋਇਆ।

—ਅਸਾਂ ਮਸ਼ਵਰਾ ਕੀਤਾ ਸਾਈ 'ਕੱਠੇ ਜਾਵਾਂਗੇ ਦੋਵੇਂ।'

—ਅੱਡ ਅੱਡ ਗੱਲ ਵਾਧੂ ਅਸਰ ਕਰਦੀ ਏ। ਵੇਖਦਾ ਜਾਈਂ।' ਆਖਕੇ ਮੌਲਵੀ ਤੁਰ ਗਿਆ।

ਦੁਰਗਾ ਪੰਡਤ ਖੜ੍ਹੇ ਪੈਰੀਂ ਪਿੱਛੇ ਮੁੜਿਆ। ਘਰ ਆਕੇ ਪੈਰੀਂ ਖੜਾਵਾਂ ਪਾਈਆਂ। ਤੇੜ ਚਿੱਟੀ ਧੋਤੀ ਬੰਨ੍ਹੀਂ। ਮੱਥੇ ਉਪਰ ਲੰਮਾ ਤਿਲਕ ਲਾਇਆ। ਕੱਛ ਵਿਚ ਪੱਤਰੀ ਲਈ ਤੇ ਦੁੱਲੇ ਦੀ ਹਵੇਲੀ ਵੱਲ ਵਗ ਤੁਰਿਆ।

ਹੁਣ ਸੂਰਜ ਡੁੱਬ ਗਿਆ ਸੀ। ਹਨੇਰਾ ਹੋਣ ਲੱਗਾ ਸੀ। ਮਾਘ ਦੀ ਠੰਢੀ ਹਵਾ ਨੇ ਮੋਟੇ ਕੱਪੜਿਆਂ ਵਿਚ ਕਾਬਾਂ ਛੇੜਿਆ ਹੋਇਆ ਸੀ।

ਦੀਵਾਨਖ਼ਾਨੇ ਦੇ ਬਾਹਰਲਾ ਬੂਹਾ ਖੜਕਿਆ।

ਸਦੀਕ ਨੇ ਖੋਹਲਿਆ ਤਾਂ ਪੰਡਤ ਦੁਰਗਾ.....ਸ਼ਿਵ ਸ਼ਿਵ-ਸ਼ਿਵ ਕਰਦਾ ਅੰਦਰ ਲੰਘ ਆਇਆ।

—ਲਓ ਬਾਹਮਣ ਨੂੰ ਵੀ ਪਿੰਡੀ ਦਾ ਫ਼ਿਕਰ ਪੈ ਗਿਆ ਲਗਦਾ।' ਦੁੱਲਾ ਹੱਸਿਆ।

—ਦੁੱਲਿਆ ਰਾਜ਼ੀ ਏਂ।' ਪੰਡਤ ਨੇ ਕੱਚਾ ਜਿਹਾ ਹੁੰਦਿਆਂ ਪੁੱਛਿਆ।

—ਤੇਰੀ ਮੇਹਰ ਈ ਪੰਡਤਾ। ਪਿਰਥਿਆ ਮੂੜ੍ਹਾ ਦੇਹ ਬਈ ਪੰਡਤ ਨੂੰ।'

—ਬੈਠਣਾ ਨਹੀਂ ਦੁੱਲੇ ਭਰਾ। ਮੈਨੂੰ ਤਾਂ ਫ਼ਿਕਰਾਂ ਵਿਚ ਨੀਂਦਰ ਨਹੀਂ ਪਈ ਰਾਤੀਂ। ਦਿਹੁੰ ਵੇਲੇ ਤਾਂ ਲੱਭਦਾ ਈ ਨਹੀਂ ਤੂੰ ਏਸੇ ਲਈ ਆਹ ਵੇਲੇ ਆਇਆਂ।'

—ਏਧਰ ਮੈਂ ਫ਼ਿਕਰ ਕਰਦਾ ਪਿਆ ਸਾਂ। ਪੰਡਤ ਆਇਆ ਕਿਉਂ ਨਹੀਂ ?' ਦੁੱਲੇ ਦੇ ਚਿਹਰੇ ਦਾ ਵਿਅੰਗ ਪੰਡਤ ਨੇ ਨਹੀਂ ਵੇਖਿਆ।

—ਗੱਲ ਬੜੀ ਚਿੰਤਾ ਵਾਲੀ ਊ ਦੁੱਲਿਆ।'

—ਪਰਲੋ ਆਣ ਵਾਲੀ ਏ ?' ਦੁੱਲੇ ਦੇ ਚਿਹਰੇ ਉਪਰ ਅਜੇ ਵੀ ਹਾਸੇ ਦਾ ਪ੍ਰਭਾਵ ਸੀ।

—ਕੋਈ ਏਦਾਂ ਦੀ ਗੱਲ ਈ ਏ। ਪਿੰਡ ਉਪਰ ਬੜਾ ਭਾਰੀ ਸਮਾਂ ਏ। ਬੁੱਧ ਦੇ ਘਰ 'ਚ



ਸ਼ਨੀ ਘੁਸਿਆ ਆਂਦਾ ਏ। ਤੇਰੇ ਲਈ ਇਹ ਬੜਾ ਔਖਾ ਵੇਲਾ ਈ ਦੁੱਲਿਆ। ਪੂਰੇ ਤਿੰਨ ਦਿਨ ਕਰੋਪੀ ਏ। ਮੈਂ ਇਸ ਦਾ ਉਪਾਅ ਕਰਾਂਗਾ ਪਰ ਤੈਨੂੰ ਤਿੰਨ ਦਿਨ ਪਿੰਡੀ ਤੋਂ ਬਾਹਰ ਜਾਣਾ ਪੈਣਾ ਈ।' ਆਖਦਿਆਂ ਪੰਡਤ ਨੇ ਪੋਥੀ ਖੋਹਲ ਲਈ।

—ਇਹ ਤਾਂ ਕਮਾਲ ਹੋ ਗਈ ਪੰਡਤ ਜੀ। ਮੌਲਵੀ ਦਾ ਅਲਾਹ ਵੀ ਆਖਦਾ ਏ, ਤਿੰਨ ਦਿਨ ਬੜੇ ਭਾਰੀ ਨੇ, ਹੁਣ ਤੇਰਾ ਈਸ਼ਵਰ ਵੀ ਆਖਦਾ ਏ ਤਿੰਨ ਦਿਨਾਂ ਦੀ ਕਰੋਪੀ ਏ। ਸਿੱਖੜਿਆਂ ਦਾ ਕੋਈ ਬੰਦਾ ਨਹੀਂ ਆਇਆ। ਰੂੜਿਆ ਪਿਰਥਿਆ ਪਤਾ ਕਰੋ ਬਈ, ਉਹਨਾਂ ਦਾ ਰੱਬ ਕੀ ਆਂਹਦਾ ਏ ?'

—ਸਿੱਖੜੇ ਤਾਂ ਕਾਫ਼ਰ ਹੁੰਦੇ ਨੇ ਦੁੱਲਿਆ। ਉਹ ਨਹੀਂ ਮੰਨਦੇ ਇਹ ਸਭ ਕੁਝ। ਲਾਹੌਰੋਂ ਪਰੇ ਉਹਨਾਂ ਇਕ ਨਗਰੀ ਵਸਾਈ ਏ।.....ਏਧਰ ਨਨਕਾਣਾ ਵੀ ਹੈ ਵੇ ਇਕ। ਉਥੇ ਕੋਈ ਸਿੱਖੜਿਆਂ ਦਾ ਨਾਨਕ ਏ। ਗੁਰੂ ਆਖਦੇ ਨੇ ਉਹਨੂੰ। ਉਹਦੀ ਗੱਦੀ ਪਈ ਚਲਦੀ ਏ। ਹੁਣ ਕੋਈ ਪੰਜਵਾਂ ਨਾਨਕ ਬੈਠਾ ਏ। ਇਹ ਸਾਰੇ ਈ ਕਾਫ਼ਰ ਨੇ। ਉਹਨਾਂ ਕੀ ਆਣਾ ਹੋਇਆ।'

—ਪੰਡਤਾ ਇਕ ਹੋਰ ਵੀ ਹੈਗਾ ਏ ਸਾਈਂ ਫ਼ਕੀਰ, ਲਾਹੌਰ ਵੱਲ। ਏਧਰ ਵੀ ਆਂਦਾ ਏ ਕਦੀ ਕਦੀ ਆਪਣੇ ਮੁਰਸ਼ਦ ਕੋਲ। ਉਹ ਵੀ ਨਹੀਂ ਆਇਆ।' ਦੁੱਲੇ ਨੇ ਉਸੇ ਰੌਂਅ ਵਿਚ ਕਿਹਾ।

—ਉਹ ਵੀ ਕਾਫ਼ਰ ਏ ਦੁੱਲਿਆ। ਉਹ ਤਾਂ ਅੱਧਾ ਪਾਗਲ ਏ। ਕਿਸੇ ਮਾਧੋ ਲੌਂਡੇ ਨੂੰ ਨਾਲ ਰੱਖਦਾ ਏ। ਇਸਲਾਮ ਦੀ ਤੌਹੀਨ ਕਰਦਾ ਏ। ਇਹ ਸਾਰੇ ਹੀ ਅੱਲਾ ਵਲੋਂ ਤੇ ਪਰਮਾਤਮਾ ਵਲੋਂ ਧੱਕੇ ਬੰਦੇ ਨੇ। ਇਹਨਾਂ ਦਾ ਕੀ ਨਾਂ ਲੈਣਾ ਹੋਇਆ। ਮੈਂ ਤਾਂ ਦੱਸਣ ਆਇਆ ਸਾਂ ਤੇਰੀ ਸਲਾਮਤੀ ਅਤੇ ਪਿੰਡੀ ਦੇ ਬਚਾਅ ਲਈ ਪੂਜਾ ਕਰਨੀ ਏ। ਦੇਵੀ ਦੀ ਅਰਾਧਨਾ ਕਰਨੀ ਏ। ਰਾਤ ਦੇ ਹਨੇਰੇ ਵਿਚ ਤਿੰਨ ਦਿਨਾਂ ਲਈ ਚੁੱਪ-ਚਪੀਤੇ ਪਿੰਡੀ ਛੱਡ ਜਾ। ਪਿੱਛੇ ਮੁੜਕੇ ਨਹੀਂ ਵੇਖਣਾ, ਨਹੀਂ ਤਾਂ ਸਾਰੀ ਪੂਜਾ, ਮੇਰੀ ਤਪੱਸਿਆ ਵਿਅਰਥ ਚਲੀ ਜਾਣੀ ਏ।'

—ਪੂਜਾ ਲਈ ਨਿੱਕ-ਸੁੱਕ ਘਰ ਹੈਗਾ ਈ ਕਿ ਏਧਰੋਂ ਭਿਜਵਾ..... ।'

ਪੰਡਤ, ਹੀਂ.....ਹੀਂ.....ਹੀਂ.....ਕਰਕੇ ਹੱਸਣ ਲੱਗਾ,—'ਦੁੱਲਿਆ ਤੈਨੂੰ ਅੱਲਾਹ ਨੇ ਬੜੀ ਮੱਤ ਦਿੱਤੀ ਊ। ਤੂੰ ਬੜਾ ਸਮਝਦਾਰ ਏਂ। ਮੈਂ ਚੱਲਨਾਂ ਵਾਂ। ਦੇਵੀ ਕਿਰਪਾ ਕਰੇਗੀ। ਭਲਾ ਹੋਵੇ।'

ਪੰਡਤ 'ਸ਼ਿਵ ਸ਼ਿਵ ਸ਼ਿਵ' ਉਚਾਰਦਾ ਚਲਿਆ ਗਿਆ।

* * * *

ਸਾਰੇ ਡੂੰਘੀਆਂ ਸੋਚਾਂ ਅਤੇ ਫਿਕਰਾਂ ਵਿਚ ਬੈਠੇ ਸਨ। ਦੁੱਲੇ ਨੂੰ ਇਸ ਤਰ੍ਹਾਂ ਪਿੰਡੀ ਛੱਡਣ ਲਈ ਆਖਣ ਪਿੱਛੇ ਕੀ ਸਾਜ਼ਿਸ਼ ਹੋ ਸਕਦੀ ਏ। ਉਹ ਸਮਝਦੇ ਹਨ, ਦੁੱਲਾ ਏਥੇ ਪਿੰਡੀ 'ਚ ਰਹਵੇ, ਆਪਣੇ ਲੋਕਾਂ ਸੰਗ ਖਲੋਵੇ, ਇਹ ਬੜੀ ਵੱਡੀ ਗੱਲ ਏ। ਪਰ ਸ਼ਾਹੀ ਫੌਜਾਂ ਨਾਲ ਟੱਕਰ ਲੈਣ ਲਈ ਮਾਮਿਆਂ ਤੋਂ ਇਮਦਾਦ ਲੈਣ ਜਾਣਾ, ਹੋਰ ਵੀ ਵੱਡੀ ਗੱਲ ਏ।.....

ਦੁੱਲੇ ਨੂੰ ਖ਼ੁਦ ਵੀ ਸਮਝ ਨਹੀਂ ਸੀ ਪੈ ਰਹੀ, ਇਹ ਮੌਲਵੀ ਅਤੇ ਪੰਡਤ ਅਚਾਨਕ ਪਿੰਡੀ ਅਤੇ ਅਸਾਂ ਦੇ ਏਨੇ ਖ਼ੈਰ-ਖਾਹ ਕਿਉਂ ਬਣ ਗਏ ਨੇ। ਕੋਈ ਗੱਲ ਹੈ ਤਾਂ ਜ਼ਰੂਰ। ਇਹਨਾਂ ਨੂੰ ਪਿੰਡੀ ਦਾ ਏਨਾ ਫ਼ਿਕਰ ਕਿਉਂ ਹੋਣ ਲੱਗਾ ਏ, ਇਹ ਮੁਗਲਾਂ ਦਾ ਕੋਈ ਜੰਗੀ ਦਾਅ ਤਾਂ ਨਹੀਂ ?......

ਦੁੱਲਾ ਬਹੁਤ ਪ੍ਰੇਸ਼ਾਨ ਹੋ ਗਿਆ—'ਪਿਰਥਿਆ ਮੇਰਾ ਅੰਦਰਲਾ ਪਿਆ ਆਖਦਾ, ਏਸ ਘੜੀ ਅਸਾਂ ਨੂੰ ਪਿੰਡੀ ਦੇ ਲੋਕਾਂ ਨਾਲ ਖੜ੍ਹਨਾ ਚਾਹੀਦਾ।'

—ਦੁੱਲੇ ਭਰਾ, ਲੋਕਾਂ ਨਾਲ ਖੜ੍ਹੋਣ ਲਈ ਤਾਂ ਹੱਥ ਪੈਰ ਮਾਰਨ ਡਹੇ ਆਂ। ਅਸਾਂ ਨੂੰ ਆਪਣੀ ਤਾਕਤ ਦਾ ਅੰਦਾਜ਼ਾ ਏ। ਸਾਰੇ ਨਵੇਂ ਗੱਭਰੂ ਨੇ, ਕਈਆਂ ਨੂੰ ਤਾਂ ਹਥਿਆਰ ਵੀ ਢੰਗ ਨਾਲ ਫੜਨੇ ਨਹੀਂ ਆਂਵਦੇ। ਪਾਸਿਓਂ ਮਾਹਰਾਂ ਦੀ ਇਮਦਾਦ ਨਹੀਂ ਲਵਾਂਗੇ ਤਾਂ ਮੁਗਲਾਂ ਦੀ ਫੌਜ ਦਾ ਇਕ ਹੱਲਾ ਈ ਅਸਾਂ ਨੂੰ ਹੜ੍ਹ ਦੇ ਪਾਣੀ ਵਾਂਗ ਵਹਾ ਕੇ ਲੈ ਜਾਏਗਾ। ਤੈਨੂੰ ਨਾਨਕਿਆਂ ਵੱਲ ਜਾਣਾ ਪੈਣਾ ਦੁੱਲਿਆ। ਅਸੀਂ ਗਾਹਣੇ, ਲਹਿਣੇ, ਸ਼ੱਲੇ ਤੇ ਆਪਣੇ ਸਾਰੇ ਬੰਦਿਆਂ ਨੂੰ ਚੌਕੰਨੇ ਕਰਾਂਗੇ। ਇਹਨਾਂ ਦੋ-ਤਿੰਨ ਦਿਨਾਂ ਵਿਚ ਉਹਨਾਂ ਈ ਨਵੇਂ ਮੁੰਡਿਆਂ ਨੂੰ ਕਾਬੂ ਵਿਚ ਰੱਖਣਾ ਈ। ਸਮਝਾਵਾਂਗੇ ਹੱਲਾ ਬੋਲਣ ਦਾ ਰੌਲਾ ਵਧੇਰੇ ਪਾਣਾ ਈ, ਪਰ ਹੱਲਾ ਬੋਲਣਾ ਨਹੀਂ। ਵੈਰੀ ਨੂੰ ਕੋਈ ਫੈਸਲਾ ਨਹੀਂ ਲੈਣ ਦੇਣਾ। ਦੋ ਦਿਨ ਉਹਨਾਂ ਨੂੰ ਦਲੀਲਾਂ ਵਿਚ ਹੀ ਪਾਈ ਰੱਖਣਾ ਏ। ਤੂੰ ਇਮਦਾਦ ਲੈ ਆਏਂਗਾ, ਫੇਰ ਅਸੀਂ ਝੱਖੜ ਵਾਂਗ ਚੜ੍ਹਨਾ ਤੇ ਮੁਗਲਾਂ ਉਪਰ ਗੜਿਆਂ ਵਾਂਗ ਵਰ੍ਹ ਪੈਣਾ।'

—ਗੱਲਾਂ ਦੇ ਕਿਲ੍ਹੇ ਉਸਾਰਨੇ ਢੇਰ ਸੁੱਖਲੇ ਨੇ ਪਿਰਥਿਆ। ਜੇ ਮੁਗਲੇਟੇ ਆਪਣਾ ਦਾਅ ਪਹਿਲਾਂ ਈ ਸਮਝਦੇ ਹੋਏ, ਫੇਰ ?' ਰੂੜੇ ਨੇ ਪੁੱਛਿਆ।

—ਮੈਨੂੰ ਤੇਰੀ ਸਮਝ ਨਹੀਂ ਪੈਂਦੀ ਰੂੜਿਆ, ਤੂੰ ਮੁਗਲੇਟਿਆਂ ਵੱਲ ਦਾ ਏਂ ਕਿ ਪਿੰਡੀ ਵੱਲ ਦਾ ਏਂ। ਜਦ ਵੀ ਬੋਲਦਾ ਏਂ........।'

—ਭਰਾ ਮੇਰਿਆ ਮੈਂ ਤੈਨੂੰ ਹਰ ਪਾਸੇ ਤੋਂ ਖਬਰਦਾਰ ਕਰਨ ਡਿਹਾਂ। ਏਨਾ ਤੱਤਾ ਕਿਉਂ ਹੁੰਨਾਂ ਪਿਐਂ।.....' ਰੂੜੇ ਨੇ ਪਿਰਥੇ ਨੂੰ ਠੰਡਾ ਕਰਨਾ ਚਾਹਿਆ।

—ਮੈਂ ਬਥੇਰਾ ਖ਼ਬਰਦਾਰ ਹੈਗਾਂ। ਏਸੇ ਲਈ ਤਾਂ ਦੁੱਲੇ ਨੂੰ ਚਨਿਓਟ ਜਾਣ ਲਈ ਤਰਲੇ ਲੈਣ ਡਿਹਾਂ।'

—ਪਿੰਡੀ ਨੂੰ ਤੇ ਬਾਰ ਦੇ ਗੱਭਰੂਆਂ ਨੂੰ ਅੱਲਾਹ ਭਰੋਸੇ ਛੱਡ ਕੇ ਮੈਨੂੰ ਏਥੋਂ ਨਸਾਣ ਲੱਗਾ ਏਂ।' ਦੁੱਲਾ ਕੁੜੱਤਣ ਭਰਿਆ ਹਾਸਾ ਹਸਦਿਆਂ ਬੋਲਿਆ।

—ਹਾਏ ਓਏ ਅੱਲਾਹ, ਮੇਰੀ ਗੱਲ ਸਮਝਦੇ ਨਹੀਂ ਪਏ। ਮੇਹਰੂ ਏਥੇ ਵੇ, ਤੇਰਾ ਪੁੱਤਰ ਨੂਰਾ ਏਥੇ ਵੇ.....ਤੇ.....।'

—ਪੋਸਤੀਆਂ ਤੇ ਛੋਹਰਾਂ ਆਸਰੇ ਜੰਗ ਲੜਨੀਂ ਏਂ.....। ਇਹਨਾਂ ਉਪਰ ਬਹੁਤੀਆਂ ਆਸਾਂ ਨਾ ਰੱਖੀਏ ਤਾਂ ਚੰਗਾ ਏ।' ਰੂੜਾ ਫਿਰ ਵਿਚੋਂ ਈ ਬੋਲਿਆ।

—ਅੱਧੀ ਹਾਰ ਤਾਂ ਰੂੜਿਆ ਤੂੰ ਗੱਲੀਂ ਗੱਲੀਂ ਕਰਵਾ ਦੇਨਾ ਏਂ। ਮੇਹਰੂ ਦੀ ਕਾਟੋ ਖਿੜੀ ਹੋਵੇ ਤਾਂ ਉਹ ਦਸਾਂ 'ਤੇ ਭਾਰੂ ਏ। ਮੈਂ ਤਾਂ ਏਨੀ ਗੱਲ ਜਾਣਨਾਂ ਵਾਂ, ਮੇਹਰੂ ਲੜੇ ਚਾਹੇ ਨਾ ਲੜੇ। ਆਪਣੇ ਬੰਦੇ ਮੈਦਾਨ ਵਿਚ ਪੈਰ ਗੱਡਣ ਜਾਂ ਪਿੱਠ ਦਿਖਾ ਕੇ ਦੌੜ ਆਵਣ......।'

—ਪਿਰਥਿਆ ਰੁਕ ਜ਼ਰਾ—।' ਦੁੱਲੇ ਨੇ ਟੋਕਿਆ—'ਇਕ ਗੱਲ ਮੇਰੀ ਖਾਨੇ ਪਾ ਲਓ ਜੇ ਅਸਾਂ ਪਿੰਡੀ ਬਚਾ ਲਈ ਤਾਂ ਠੀਕ ਨਹੀਂ ਤਾਂ ਮੁਗਲੇਟਿਆਂ ਸਾਡੀਆਂ ਜਨਾਨੀਆਂ ਦੀ ਖਿੱਚ ਧੂ ਕਰਨੀ ਏ ਤੇ ਬੰਦਿਆਂ ਦੀਆਂ ਲੋਥਾਂ ਪਿੰਡੀ ਦੀਆਂ ਗਲੀਆਂ ਵਿਚ ਰੁਲਣੀਆਂ ਨੇ। ਇਹ ਵੇ ਪਿੰਡੀ ਦੀ ਹੋਣੀ। ਇਹ ਹੁਣ ਸਾਡੇ ਹੱਥ ਏ, ਮੁਗਲਾਂ ਨੂੰ ਡੱਕਣਾ ਏ ਕਿ ਪਿੰਡੀ ਨੂੰ ਜ਼ਲੀਲ ਕਰਵਾਣਾ ਏਂ।'



—ਦੁੱਲਿਆ ਮੁਗਲਾਂ ਨੂੰ ਡੱਕਣ ਜੋਗੇ ਅਸੀਂ ਕਾਫ਼ੀ ਨਹੀਂ। ਅਸੀਂ ਉਹਨਾਂ ਨੂੰ ਰੋਕ ਕੇ ਰੱਖ ਸਕਨੇ ਆਂ, ਪਰ ਭਾਂਜ ਨਹੀਂ ਦੇ ਸਕਦੇ। ਜ਼ਿੱਦ ਨਾ ਕਰ, ਅਸੀਂ ਤੈਨੂੰ ਚਨਿਓਟ ਵੱਲ ਤੋਰਨੇ ਆਂ। ਪਿੰਡੀ ਦਾ ਫ਼ਿਕਰ ਸਾਨੂੰ ਤੇਰੇ ਜਿੰਨਾ ਈ ਏ।' ਪਿਰਥਾ ਦ੍ਰਿੜ੍ਹਤਾ ਨਾਲ ਬੋਲਿਆ।

—ਝਿੜੀ ਵਿਚ ਜੁੜੇ ਗੱਭਰੂਆਂ ਨੂੰ ਮੈਂ ਮੂੰਹ ਵਖਾਣ ਜੋਗਾ ਨਹੀਂ ਰਹਿਣਾ।' ਦੁੱਲੇ ਨੇ ਦੁੱਖੀ ਹੋ ਕੇ ਕਿਹਾ।

—ਝਿੜੀ 'ਚ ਹੀ ਚਲਨੇ ਆਂ। ਉਹ ਵੀ ਸਾਡਾ ਰਾਹ ਤੱਕਦੇ ਪਏ ਨੇ। ਇਹ ਮਸਲਾ ਉਥੇ ਰੱਖਾਂਗੇ। ਜੇ ਸਭਨਾਂ ਆਖਿਆ ਦੁੱਲੇ ਦਾ ਜਾਣਾ ਬਣਦਾ ਏ ਤਾਂ ਨਾ ਚਾਂਹਦਿਆਂ ਵੀ ਤੈਨੂੰ ਜਾਣਾ ਪੈਸੀ। ਜੇ ਉਹਨਾਂ ਆਖਿਆ, ਦੁੱਲਾ ਸਾਡੇ ਵਿਚ ਰਹਵੇ ਤਾਂ ਠੀਕ ਏ।'

ਦੁੱਲਾ ਅਤੇ ਉਸਦੇ ਸਾਥੀ ਝਿੜੀ ਦੇ ਰਾਹ ਪੈ ਗਏ।

ਹਨੇਰਾ ਹੋਰ ਸੰਘਣਾ ਹੋ ਗਿਆ ਸੀ। ਪਿੰਡੀ ਦੇ ਲੋਕ ਬੂਹੇ ਬਾਰੀਆਂ ਬੰਦ ਕਰੀ ਅੰਦਰੀਂ ਬੈਠੇ ਸਨ।

## 39.

ਅੰਬਾਂ ਵਾਲੇ ਖੂਹ ਉੱਪਰ ਗੱਭਰੂਆਂ ਦਾ ਅਤੇ ਵੱਡੀ ਉਮਰ ਦੇ ਬੰਦਿਆਂ ਦਾ ਮੇਲਾ ਲੱਗਾ ਹੋਇਆ ਸੀ। ਥੜ੍ਹੇ ਲਾਗੇ ਇਕ ਰੁੱਖ ਦੇ ਦੋਸਾਂਗੇ ਵਿਚ ਟੰਗੀ ਮਿਸ਼ਾਲ ਬਲ ਰਹੀ ਸੀ। ਰਮਜ਼ੇ ਨੇ ਵਧੇਰੇ ਮਿਸ਼ਾਲਾਂ ਬਾਲਣ ਤੋਂ ਮਨ੍ਹਾ ਕੀਤਾ ਹੋਇਆ ਸੀ। ਝਿੜੀ ਵਿਚੋਂ ਹਰ ਪਾਸਿਓਂ ਘੋੜਿਆਂ ਦੇ ਹਿਣਕਣ ਦੀਆਂ ਆਵਾਜ਼ਾਂ ਸੁਣਦੀਆਂ ਸਨ। ਗੱਭਰੂ ਪੂਰੇ ਉਤਸ਼ਾਹ ਵਿਚ ਸਨ। ਕੁਝ ਆਪਣੇ ਹਥਿਆਰ ਤਿੱਖੇ ਕਰਨ ਲੱਗੇ ਹੋਏ ਸਨ। ਕੁਝ ਗਿੱਲੀ ਰੇਤ ਨਾਲ ਹਥਿਆਰਾਂ ਉਪਰੋਂ ਜੰਗ ਲਾਹ ਰਹੇ ਸਨ। ਜਿਨ੍ਹਾਂ ਨੂੰ ਘੋੜੇ ਦਿੱਤੇ ਗਏ ਸਨ, ਉਹ ਘੋੜਿਆਂ ਦੀ ਦੇਖ ਭਾਲ ਕਰ ਰਹੇ ਸਨ।

ਏਨੇ ਵਿਚ ਦੁੱਲਾ ਅਤੇ ਉਹਦੇ ਸਾਥੀ ਝਿੜੀ ਅੰਦਰ ਪਹੁੰਚੇ ਤਾਂ ਇਕਦਮ ਰੌਲਾ ਪੈ ਗਿਆ—'ਦੁੱਲਾ ਆ ਗਿਆ, ਦੁੱਲਾ ਆ ਗਿਆ।'

ਅਗਲੇ ਪਲ ਇਧਰ ਉਧਰ ਖਿੱਲਰੇ ਗੱਭਰੂ ਅਤੇ ਹੋਰ ਸਾਰੇ ਦੁੱਲੇ ਭੱਟੀ ਦੁਆਲੇ ਆਣ ਜੁੜੇ। ਦੁੱਲਾ ਥੜ੍ਹੇ ਉਪਰ ਚੜ੍ਹਿਆ, ਹੱਥ ਵਿਚ ਫੜਿਆ ਲੰਮਾ ਬਰਛਾ ਅਸਮਾਨ ਵੱਲ ਤਾਣਿਆ ਤਾਂ ਉਸਦੀ ਫਾਲ ਅੰਬਾਂ ਦੇ ਪੱਤਿਆਂ ਨੂੰ ਜਾ ਛੂਹੀ। ਚੁਫੇਰੇ ਚੁੱਪ ਛਾ ਗਈ। ਝਿੜੀ ਵਿਚ ਦੂਰ ਤੱਕ ਜਿਥੇ ਮਿਸ਼ਾਲ ਦੀ ਰੌਸ਼ਨੀ ਵੀ ਨਹੀਂ ਸੀ ਪਹੁੰਚਦੀ, ਉਥੋਂ ਤੱਕ ਜੁਆਨ ਖੜ੍ਹੇ ਸਨ।

ਫਿਰ ਝਿੜੀ ਵਿਚ ਦੁੱਲੇ ਦੀ ਆਵਾਜ਼ ਗੂੰਜੀ;

—ਬੇਲੀਓ, ਧਾਅਡੇ ਅੰਦਰ ਇਹ ਡਰ ਨਹੀਂ ਰਹਿਣਾ ਚਾਹੀਦਾ, ਮੁਗਲੇਟੇ ਹਜ਼ਾਰਾਂ ਦੀ ਤਦਾਦ ਵਿਚ ਸਾਡੀ ਭੋਇੰ ਵੱਲ ਚੜ੍ਹਦੇ ਆ ਰਹੇ ਨੇ। ਅਸਾਂ ਤਾਂ ਸ਼ੇਰਾਂ ਬਘਿਆੜਾਂ ਵਾਂਗ ਘਾਤ ਲਾਕੇ ਹੱਲਾ ਬੋਲਣਾ ਏ। ਉਹ ਪੰਜੀ ਸੌ, ਤੀਹ ਸੌ, ਪੰਜਾਹ ਸੌ, ਕਿੰਨੇ ਵੀ ਹੋਣ ਅਸਾਂ ਦਾ ਇਕ ਜਣਾ ਉਹਨਾਂ ਲਈ ਕਾਫ਼ੀ ਏ। ਇਹ ਭੋਏਂ ਪੁਸ਼ਤਾਂ ਤੋਂ ਅਸਾਂ ਨੂੰ ਪਾਲਦੀ ਪਈ ਏ। ਇਹਦੀ ਰਾਖ਼ੀ ਅਸਾਂ ਈ ਕਰਨੀ ਏ। ਮੁਗਲੇਟੇ ਆਖਦੇ ਨੇ, ਇਹ ਧਰਤੀ ਅੱਲਾਹ ਦੀ ਏ ਤੇ ਉਸ ਤੋਂ ਥੱਲੇ ਬਾਦਸ਼ਾਹ ਦੀ ਏ। ਅਸੀਂ ਆਖਨੇ ਆਂ ਇਹ ਭੋਇੰ ਸਾਡੇ ਪੁਰਖਿਆਂ ਦੀ ਏ, ਸਾਡੇ ਵਡੇਰਿਆਂ ਦੀ ਏ ਤੇ ਉਸਤੋਂ ਥੱਲੇ ਅਸਾਂ ਦੀ ਏ। ਜੇ ਉਹ ਹਥਿਆਰਾਂ ਵਾਲੇ ਨੇ, ਫੌਜਾਂ ਵਾਲੇ ਨੇ, ਹੋਣ ਪਏ। ਇਹਦਾ ਮਤਬਲ ਇਹ ਨਹੀਓਂ, ਉਹ ਅਸਾਂ ਦੇ ਵਸਦੇ-ਰਸਦੇ ਘਰ ਉਜਾੜਨ ਤੁਰ ਪੈਣ। ਬਾਦਸ਼ਾਹ ਨੂੰ ਹਿਰਖ ਏ, ਸਾਂਦਲ ਬਾਰ ਦੇ ਬਸ਼ਿੰਦੇ ਲਾਹੌਰ ਦਰਬਾਰ ਨੂੰ ਸਲਾਮ ਨਹੀਂ ਕਰਦੇ। ਅਸੀਂ ਆਖਨੇ ਆਂ, ਤੇ ਹਾਜੀ ਚਿਰਾਗ਼ਦੀਨ ਵੀ ਆਖਦਾ ਏ, ਜਿਹੜਾ ਸਿਰ ਅੱਲਾਹ ਅੱਗੇ ਝੁੱਕ ਗਿਆ, ਉਹ ਸਿਰ ਹੋਰ ਕਿਸੇ ਅੱਗੇ ਨਹੀਂ ਝੁਕਣਾ। ਉਹਨਾਂ ਨੂੰ ਕੀ ਹੱਕ ਏ, ਉਹ ਅਸਾਂ ਦੇ ਘਰਾਂ ਦੀਆਂ ਧੀਆਂ-ਭੈਣਾਂ ਔਰਤਾਂ ਨੂੰ ਡੰਗਰਾਂ ਵਾਂਗ ਹਿੱਕ ਕੇ ਲੈ ਜਾਵਣ ਤੇ ਸਾਡੀਆਂ ਮਸੀਤਾਂ-ਮੰਦਰਾਂ ਵਿਚ ਆਪਣੇ ਘੋੜਿਆਂ ਦੀ ਲਿੱਦ ਖਲੇਰਣ। ਬੇਲੀਓ, ਬੰਦਾ ਮਰਦਾ ਤੇ ਇਕ ਵਾਰੀ ਏ। ਅਸੀਂ ਅਣਖ ਨਾਲ ਜੀਵੇਂ ਆ, ਮਰਾਂਗੇ ਵੀ ਅਣਖ ਨਾਲ। ਏਸ ਘੜੀ ਮੈਂ ਏਹੀ ਆਖਣ ਆਇਆ ਵਾਂ।'

—ਮੇਰੀ ਵੀ ਗੱਲ ਸੁਣੋ ਭਰਾਓ......।' ਪਿਰਥਾ ਥੜ੍ਹੇ ਤੋਂ ਹੇਠਾਂ ਖੜ੍ਹਾ ਬੋਲਿਆ ਤੇ ਫਿਰ



ਛਾਲ ਮਾਰਕੇ ਥੜ੍ਹੇ ਉਪਰ ਜਾ ਖੜ੍ਹਾ—'ਸਾਡੀ ਜੰਗ ਸ਼ਾਹੀ ਫੌਜਾਂ ਨਾਲ ਏ ਮੇਰੇ ਭਰਾਵੋ। ਅਸਾਂ ਦੁੱਲੇ ਨੂੰ ਆਖਿਆ ਏ, ਦੋ ਚਾਰ ਜਾਣੇ, ਲਾਗੇ ਦੇ ਪਿੰਡਾਂ ਵਿਚ ਜਾਕੇ ਹੋਕਾ ਦੇਈਏ। ਓਹਨਾਂ ਪਿੰਡਾਂ ਵਿਚੋਂ ਹੋਰ ਬੰਦੇ ਆਪਣੇ ਨਾਲ ਜੋੜੀਏ। ਬੰਦਿਆਂ ਦੀ ਲੋੜ ਏ। ਪਰ ਦੁੱਲਾ ਏਸ ਗੱਲ ਲਈ ਰਾਜ਼ੀ ਨਹੀਂ ਹੁੰਦਾ ਪਿਆ। ਆਖਦਾ ਏ, ਏਸ ਘੜੀ ਮੈਂ ਆਪਣੇ ਲੋਕਾਂ ਨੂੰ ਕੰਡ ਨਹੀਂ ਵਖਾਣੀ, ਹਾਰੀਏ, ਜਿੱਤੀਏ ਮੈਂ ਪਿੜ ਨਹੀਂ ਛੱਡਣਾ। ਮੈਂ ਧਾਅਨੂੰ ਪੁਛਨਾਂ ਵਾਂ, ਦੁੱਲੇ ਨੂੰ ਬਾਹਰੋਂ ਇਮਦਾਦ ਲੈਣ ਜਾਣਾ ਚਾਹੀਦਾ ਵੇ ਕਿ ਨਹੀਂ ?'

ਪਿਰਥੇ ਦੀ ਗੱਲ 'ਤੇ ਝਿੜੀ ਵਿਚ ਜੁੜਿਆ ਸਾਰਾ ਇਕੱਠ ਇਕਦਮ ਖਾਮੋਸ਼ ਹੋ ਗਿਆ। ਦੁੱਲਾ ਬੋਲ ਉਠਿਆ—'ਮੇਰੇ ਵੀਰਨੋ, ਮੇਰੇ ਭਰਾਵੋ, ਸਭਨਾਂ ਆਖਣਾ, ਔਖੀ ਘੜੀ ਵੇਲੇ ਦੁੱਲਾ ਆਪਣੀ ਜਾਨ ਬਚਾ ਕੇ ਦੌੜ ਗਿਆ ਈ। ਇਕ ਸੂਰਮੇ ਨੂੰ ਏਸ ਨਾਲੋਂ ਵੱਡੀ ਗਾਲ੍ਹ ਹੋਰ ਕੋਈ ਨਹੀਂ ਹੁੰਦੀ।'

ਹੁਣ ਸਦੀਕ ਥੜ੍ਹੇ ਉਪਰ ਚੜ੍ਹ ਆਇਆ।.....'ਮੈਂ ਦੁੱਲੇ ਨੂੰ ਹਾਜੀ ਬਾਬਾ ਚਿਰਾਗਦੀਨ ਦੀ ਨਸੀਹਤ ਯਾਦ ਕਰਾਨਾ ਵਾਂ, ਉਹਨਾਂ ਇਕ ਦਿਨ ਆਖਿਆ ਸਾਈ—'ਪਿੜ ਜਿੱਤਣ ਲਈ, ਪਿੜ ਛੱਡਣ ਦਾ ਵੀ ਜੰਗ ਵਿਚ ਇਕ ਦਾਅ ਹੁੰਦਾ ਏ। ਪਿੜ ਛੱਡਣਾ ਦੁੱਲੇ ਨੂੰ ਵੱਡੀ ਗਾਲ੍ਹ ਵਰਗੀ ਗੱਲ ਲੱਗ ਸਕਦੀ ਏ, ਪਰ ਬੇਲੀਓ, ਤੁਸਾਂ ਸਭਨਾਂ ਦੇ ਆਸਰੇ ਅਸੀਂ ਇਕ ਜੂਆ ਤਾਂ ਖੇਡ ਸਕਨੇ ਆਂ। ਨਹੀਂ ਤਾਂ ਸਾਨੂੰ ਪਤਾ ਵੇ ਸਾਡੀ ਹੋਣੀ ਕੀ ਹੋਸੀ।'

ਦੁੱਲਾ ਫਿਰ ਬੋਲਿਆ—'ਵੀਰਿਓ! ਮੈਂ ਧਾਅਡੇ ਵਰਗਾ ਈ ਬੰਦਾ ਵਾਂ। ਧਾਅਡੇ ਵਿਚੋਂ ਈ ਹੈਗਾ। ਏਸ ਭੋਇੰ 'ਚ ਜੰਮਿਆ, ਪਲਿਆ, ਇਸਨੂੰ ਛੱਡ ਕੇ ਕਿਵੇਂ ਜਾਵਾਂ। ਇਕ ਗੱਲ ਜਾਣ ਲਓ, ਅਸੀਂ ਥੋੜ੍ਹੇ ਆਂ, ਪਰ ਕਮਜ਼ੋਰ ਬਿਲਕੁਲ ਨਹੀਂ ਆਂ।.....

ਪਿਰਥੇ ਨੇ ਦੁੱਲੇ ਨੂੰ ਟੋਕਿਆ—'ਅਸੀਂ ਜਾਣਨੇ ਆਂ ਅਸੀਂ ਕਮਜ਼ੋਰ ਨਹੀਂ ਆਂ, ਪਰ ਥੋੜੇ ਆਂ। ਕਰਾਰੇ ਹੱਥ ਪਾਇਆਂ ਬਾਝੋਂ ਵੈਰੀ ਨੂੰ ਚਿੱਤ ਨਹੀਂ ਕੀਤਾ ਜਾਣਾ। ਹੱਥ ਪਾਣਾ ਏ ਤਾਂ ਤਕੜੇ ਹੋਕੇ ਪਾਈਏ, ਨਹੀਂ ਤੇ ਨਾ ਪਾਈਏ। ਮੈਂ ਸਾਰੇ ਭਰਾਵਾਂ ਨੂੰ ਪੁਛਨਾਂ ਵਾਂ, ਕੁੱਲ ਦੋ ਦਿਨਾਂ ਦੀ ਗੱਲ ਵੇ, ਦੁੱਲੇ ਨੂੰ ਪਿੰਡਾਂ ਵੱਲ ਜਾਣਾ ਚਾਹੀਦਾ ਕਿ ਨਹੀਂ ?'

—ਮੈਨੂੰ ਕੁਝ ਆਖਣ ਦਾ ਹੱਕ ਏ ?' ਗਾਹਣੇ ਨੇ ਪੁੱਛਿਆ।

—ਪੂਰਾ ਹੱਕ ਏ।' ਦੁੱਲਾ ਬੋਲਿਆ।

ਗਾਹਣਾ ਥੜ੍ਹੇ ਉਪਰ ਜਾ ਖੜ੍ਹਾ—'ਦੁੱਲਿਆ ਭਰਾਵਾ, ਝਿੜੀ ਵਿਚ ਜਿੰਨੇ ਵੀ ਬੰਦੇ ਗੱਭਰੂ ਏਥੇ ਜੁੜੇ ਵੇਖਦਾ ਏਂ, ਇਹ ਏਸ ਕਰਕੇ ਏਥੇ ਨੇ, ਇਹਨਾਂ ਨੂੰ ਦੁੱਲੇ ਨੇ ਹਾਕ ਮਾਰੀ ਏ। ਇਹ ਸਾਰੇ ਲੜਨ ਮਰਨ ਲਈ ਤਾਂ ਹੀ ਤਿਆਰ ਨੇ, ਇਹਨਾਂ ਨੂੰ ਦੁੱਲਾ ਖੜ੍ਹਾ ਦਿੱਸਦਾ ਏ। ਕਿਸੇ ਆਖਣਾ, ਦੁੱਲਾ ਲੜਾਈ ਲਈ ਕੋਈ ਧੋਬੀ ਪਟੜਾ ਲਾਉਣ ਦਾ ਵੱਲ ਸਿੱਖਣ ਗਿਆ ਏ, ਕਿਸੇ ਆਖਣਾ, ਏਥੇ ਸਾਨੂੰ ਮੁਗਲਾਂ ਦੇ ਵੱਸ ਪਾ ਕੇ ਆਪ ਕਿਧਰੇ ਹਰਨ ਹੋ ਗਿਆ ਈ। ਦੁੱਲਿਆ ਲਾੜੇ ਬਾਝੋਂ ਜੰਞ ਤੇ ਸਰਦਾਰ ਬਾਝੋਂ ਫੌਜਾਂ ਰੰਡੀਆਂ ਹੋ ਜਾਂਦੀਆਂ ਨੇ.....।'

—ਗਾਹਣਾ ਸਹੀ ਆਖਦਾ ਏ, ਏਸੇ ਲਈ ਤਾਂ ਮੈਂ ਧਾਅਡੇ ਨਾਲ ਖੜ੍ਹਾ ਵਾਂ। ਪਰ ਗਾਹਣੇ ਨੂੰ ਤੇ ਧਾਅਨੂੰ ਸਭਨਾਂ ਨੂੰ ਜਾਣ ਲੈਣਾ ਚਾਹੀਦਾ, ਏਥੇ ਸਭ ਲਾੜੇ ਨੇ, ਕੋਈ ਬਣ ਚੁੱਕਾ ਏ ਤੇ ਕੋਈ ਬਣਨ ਵਾਲਾ ਏ। ਅਕਬਰ ਦੀ ਹਕੂਮਤ ਤੇ ਅਸਾਂ ਵਿਚ ਏਹੀਓ ਫ਼ਰਕ ਈ, ਅਸੀਂ ਸਭਨਾਂ ਨੂੰ ਲਾੜੇ ਤੇ ਸਰਦਾਰ ਸਮਝਨੇ ਆਂ। ਮੀਆਂ ਚਿਰਾਗ਼ਦੀਨ ਆਖਦਾ ਹੁੰਦਾ ਏ, ਮਸ਼ੀਨ ਦਾ ਕੋਈ ਪੁਰਜ਼ਾ ਛੋਟਾ ਹੋ ਸਕਦਾ ਏ, ਪਰ ਮਸ਼ੀਨ ਚਲਾਣ ਵਿਚ ਉਹਦੀ ਲੋੜ ਵੱਡੇ ਤੋਂ ਵੱਡੇ ਪੁਰਜ਼ੇ ਜਿੰਨੀ ਹੁੰਦੀ ਏ। ਤੁਸਾਂ ਸਾਰੇ ਮੇਰੇ ਲਈ, ਪਿੰਡੀ ਲਈ ਬੜੇ ਮੁੱਲ ਦੇ ਓ। ਇਹ

ਵੇਲਾ ਦਲੀਲਾਂ ਵਿਚ ਪੈਣ ਦਾ ਨਹੀਂ। ਬਾਰ ਜਿੰਨੀ ਮੇਰੀ ਏ, ਓਨੀ ਤੁਸਾਂ ਦੀ ਵੀ ਏ। ਧਾਅਡੇ ਸਿਰਾਂ 'ਤੇ ਵੀ ਇਸ ਭੋਏਂ ਦਾ ਕਰਜ਼ ਏ, ਮੇਰੇ ਸਿਰ 'ਤੇ ਵੀ ਏ। ਫਿਰ ਮੈਂ ਤੁਸਾਂ ਨੂੰ ਇਸ ਤਰ੍ਹਾਂ ਮੁਸੀਬਤਾਂ ਵਿਚ ਪਾਕੇ ਕਿਵੇਂ ਜਾਵਾਂ ?'

ਦੁੱਲੇ ਦੀਆਂ ਗੱਲਾਂ ਸੁਣਕੇ ਸਾਹਮਣੇ ਦੇ ਇਕੱਠ ਵਿਚੋਂ ਇਕ ਜਣਾ ਬਰਛਾ ਉਪਰ ਵੱਲ ਲਹਿਰਾ ਕੇ ਬੋਲਿਆ—'ਦੁੱਲਿਆ ਸਰਦਾਰਾ, ਇਹ ਸਹੀ ਏ, ਅਸੀਂ ਥੋੜ੍ਹੇ ਆਂ, ਪਰ ਜਿੰਨੇ ਕੁ ਵੀ ਆਂ ਅਕਬਰ ਦੀ ਫੌਜ ਨੂੰ ਠੱਲ੍ਹਣ ਜੋਗੇ ਕਾਫ਼ੀ ਆਂ। ਪਰ ਲੜਨ ਜੋਗੇ ਸ਼ਾਇਦ ਨਾ ਹੋਵੀਏ। ਤੈਨੂੰ ਆਖਨੇ ਆਂ, ਪਿੰਡਾਂ ਵੱਲ ਜਾਹ, ਹੋਕਾ ਦੇਹ ਜੋ ਮਰਜ਼ੀ ਕਰ, ਬਾਹਰੋਂ ਆਈ ਇਮਦਾਦ ਸਾਡੇ ਹੌਸਲੇ ਹੋਰ ਵੱਡੇ ਕਰੇਗੀ।'

—ਸਾਡੇ ਦੁਸ਼ਮਣ ਵੀ ਤਾਂ ਬਥੇਰੇ ਨੇ, ਲਾਹੌਰ ਵੱਲ ਤੱਕੀਏ ਤਾਂ........।'

—ਗਾਹਣਿਆਂ—' ਪਿਰਥੇ ਨੇ ਟੋਕਿਆ—'ਹੁਣ ਕਬਰਾਂ ਫਰੋਲਣ ਦਾ ਵੇਲਾ ਨਹੀਂ, ਵੈਰੀਆਂ ਲਈ ਕਬਰਾਂ ਪੁੱਟਣ ਦਾ ਵੇਲਾ ਈ। ਦੁੱਲੇ ਨੂੰ ਇਕ ਦਾਅ ਖੇਡਣ ਲਈ ਆਖੋ।' ਪਿਰਥੇ ਦੇ ਬੋਲ ਕੁਝ ਕਠੋਰ ਹੋ ਗਏ।

—ਉਸ ਦਾਅ ਦਾ ਸਾਨੂੰ ਵੀ ਪਤਾ ਲੱਗੇ।' ਗਾਹਣਾ ਦੁੱਲੇ ਨੂੰ ਭੇਜ ਕੇ ਰਾਜ਼ੀ ਨਹੀਂ ਸੀ।

—ਤੇਰੇ ਤੋਂ ਕੀ ਲੁਕਿਆ ਏ ਗਾਹਣਿਆਂ, ਜੰਗੀ ਪੈਂਤੜੇ ਦਾ ਦਾਅ ਅੰਬਰੋਂ ਡਿੱਗੀ ਬਿਜਲੀ ਵਾਂਗ ਪੈਂਦਾ ਏ ਤੇ ਭੋਏਂ ਦੋ-ਫਾੜ ਕਰ ਦਿੰਦਾ ਏ।'

—ਅਸਾਂ ਤਾਂ ਜਾਣਿਆ ਏ, ਰੂੜਾ, ਸਦੀਕਾ ਤੇ ਪਿਰਥਾ ਦੁੱਲੇ ਨੂੰ ਨਸਾਣ ਲੱਗੇ ਹੋਏ ਨੇ।' ਗਾਹਣਾ ਸ਼ਾਂਤ ਨਹੀਂ ਸੀ ਹੋ ਰਿਹਾ।

—ਏਹ ਭੁਲੇਖਾ ਏ ਧਾਅਨੂੰ। ਇਹਦਾ ਮਤਲਬ ਈ ਤੁਸਾਂ ਦੁੱਲੇ ਨੂੰ ਅਜੇ ਜਾਣਿਆਂ ਈ ਨਹੀਂ।'—ਪਿਰਥਾ ਕੁਝ ਖਿੱਝ ਕੇ ਬੋਲਿਆ,—'ਯਾਦ ਈ ਕੀ ਆਖਦਾ ਸੀ, ਬਾਬਾ ਚਿਰਾਗ਼ਦੀਨ ਇਕ ਦਿਨ, ਤੂੰ ਵੀ ਓਥੇ ਈ ਸੈਂ.....' ਪਿਰਥਾ ਗਾਹਣੇ ਵੱਲ ਗਹਿਰੀਆਂ ਅੱਖੀਂ ਝਾਕਿਆ।

—ਹਾਜੀ ਬਾਬਾ ਨੇ ਆਖਿਆ ਸੀ—'ਬੰਦੇ ਦਾ ਈਮਾਨ ਹੋਵੇ ਪੱਕਾ। ਆਪਣੀ ਮਿੱਟੀ ਔਰ ਆਪਣੇ ਲੋਕਾਂ ਦਾ ਦਰਦ ਹੋਵੇ ਉਸਦੇ ਅੰਦਰ ਤਾਂ ਉਹ ਨੱਸਾ ਜਾਂਦਾ ਵੀ ਨੱਸ ਰਿਹਾ ਨਹੀਂ ਹੁੰਦਾ। ਸੂਹੀਏ, ਗੱਦਾਰ, ਮੁਖ਼ਬਰ, ਚਾਪਲੂਸੀਏ, ਮੈਦਾਨ ਵਿਚ ਧਾਅਡੇ ਨਾਲ ਅੱਗੇ ਵਧਦੇ ਵੀ ਕਦ ਬੇਈਮਾਨ ਹੋ ਜਾਣ ਕੀ ਪਤਾ। ਅਸੀਂ ਦੁੱਲੇ ਨੂੰ ਕਿਧਰੇ ਈਦ ਮਨਾਵਣ ਨਾਲ ਘੱਲਣ ਲੱਗੇ, ਚਾਰ ਬੰਦੇ ਹੋਰ ਨਾਲ ਜੋੜਨ ਲਈ ਤਰਲੇ ਪਏ ਕਰਨੇ ਆਂ।'

—ਸਾਰਾ ਇਕੱਠ ਸੋਚੀਂ-ਦਲੀਲੀਂ ਪਿਆ ਹੋਇਆ ਸੀ। ਗਾਹਣਾ ਬੋਲਿਆ—'ਅਸਾਂ ਨੂੰ ਏਸ ਗੱਲ ਦੀ ਚਿੰਤਾ ਨਹੀਂ ਅਸੀਂ ਥੋੜੇ ਆਂ। ਅਸਾਂ ਨੂੰ ਤਾਂ ਇਹ ਫ਼ਿਕਰ ਈ, ਲੋੜ ਵੇਲੇ ਦੁੱਲਾ ਸਾਡੇ ਵਿਚ ਨਹੀਓਂ ਹੋਣਾ। ਉਂਜ ਤਾਂ ਜਦ ਤੱਕ ਸਾਹ ਵਗਦੇ ਨੇ ਤੇ ਰਗਾਂ ਵਿਚ ਲਹੂ ਚਲਦਾ ਏ, ਪਿੰਡੀ ਦੀ ਜੂਹ ਵਿਚ ਮੁਗਲਾਂ ਨੂੰ ਪੈਰ ਨਹੀਂ ਧਰਨ ਦੇਂਦੇ। ਦੁੱਲਿਆ ਭਰਾਵਾ ਤੂੰ ਜਾਹ, ਭਾਵੇਂ ਮਾਮਿਆਂ ਵੱਲ, ਭਾਵੇਂ ਪਿੰਡਾਂ ਵੱਲ, ਸਾਨੂੰ ਪਤਾ ਵੇ ਤੂੰ ਢਿੱਡੋਂ ਜਾਣ ਲਈ ਰਾਜ਼ੀ ਨਈਂ, ਪਰ ਅੱਜ ਪਿੰਡੀ ਦੇ ਅਤੇ ਬਾਰ ਦੇ ਲੋਕ ਚਾਂਹਵਦੇ ਨੇ, ਤੂੰ ਏਸ ਭੋਏਂ ਦੇ ਭਲੇ ਲਈ ਜਾਹ, ਸਾਡਾ ਅਲਾਹ ਬੇਲੀ।'

—ਮੈਨੂੰ ਭਰੋਸਾ ਏ, ਬਾਰ ਦੇ ਲੋਕ ਕੋਈ ਗੁੜ ਦੀ ਭੇਲੀ ਨਹੀਓਂ, ਮੁਗਲੇਟੇ ਚੁੱਕ ਕੇ ਮੂੰਹ ਵਿਚ ਪਾ ਲੈਣਗੇ।' ਦੁੱਲਾ ਬੋਲਿਆ।

—ਗੁੜ ਦੀ ਭੇਲੀ ਉਪਰ ਭੂੰਡ ਵੀ ਬੈਠੇ ਹੁੰਦੇ ਨੇ ਸਰਦਾਰਾ। ਮੁਗਲਾਂ ਨੂੰ ਇਹ ਵੀ ਦੱਸਣਾ ਪੈਣਾ। ਅੱਲਾਹ ਭਾਗ ਲਾਈ ਰੱਖੇ।' ਇਕ ਪਾਸੇ ਖੜ੍ਹਾ ਫੱਤੂ ਦੂਰੋਂ ਹੀ ਬੋਲਿਆ।



—ਮਿੱਤਰੋ!' ਦੁੱਲੇ ਨੇ ਹੱਥ ਵਿਚ ਫੜਿਆ ਬਰਛਾ ਉਪਰ ਵਲ ਤਾਣ ਕੇ ਕਿਹਾ—'ਧਾਅਡੀ ਖਾਹਸ਼ ਈ ਮੈਂ ਜਾਵਾਂ, ਮੈਂ ਚਾਹੁੰਦਾ ਵਾਂ ਧਾਅਡੇ ਵਿਚ ਰਹਵਾਂ। ਜਮਾਤ ਵਿਚ ਰੱਬ ਵਸਦਾ ਏ। ਪਿਰਥੇ ਦੇ ਕਹਿਣ ਵਾਂਗ ਅਸੀਂ ਜੂਆ ਖੇਡ ਕੇ ਵੇਖ ਲੈਨੇ ਆਂ। ਅਸੀਂ ਬੜਾ ਚਿਰ ਸੁੱਤੇ ਰਹੇ ਆਂ। ਹੁਣ ਜਾਗਣ ਦਾ ਵੇਲਾ ਈ। ਜੇ ਅਜੇ ਵੀ ਸੁੱਤੇ ਓ ਤਾਂ ਜਾਗੋ, ਜੇ ਸੱਚ ਹੀ ਜਾਗ ਪਏ ਜੇ ਤਾਂ ਹਥਿਆਰ ਹੱਥਾਂ ਹੇਠ ਕਰੋ। ਜੇ ਹਥਿਆਰ ਵੀ ਹੱਥਾਂ 'ਚ ਨੇ ਤਾਂ ਬੇਲੀਓ.....ਆਓ ਜੰਗ ਕਰੀਏ। ਅਸੀਂ ਦੋ ਦਿਨ ਏਥੇ ਨਹੀਂ ਹੋਣਾ, ਧਾਅਡਾ ਕੰਮ ਇਹ ਵੇ, ਜਿੰਨੀ ਦੇਰ ਅਸੀਂ ਮੁੜ ਨਹੀਂ ਆਂਵਦੇ, ਤੁਸੀਂ ਮੁਗਲੇਟਿਆਂ ਨੂੰ ਡੱਕੀ ਰੱਖਣਾ ਏ।' ਏਥੇ ਗਾਹਣਾ, ਰਮਜ਼ਾ, ਸ਼ੱਲਾ, ਫੱਤੂ, ਲਹਿਣਾ ਸਾਰੇ ਧਾਅਡੇ ਨਾਲ ਨੇ। ਲੰਗਰ ਪਾਣੀ ਵਾਧੂ ਏ ਤੇ ਨਸ਼ੇ-ਪੱਤਿਆਂ ਦੀ ਤੋਟ ਵੀ ਨਹੀਂ ਆਵਣ ਲੱਗੀ। ਹੁਣ ਦੀ ਘੜੀ ਮੌਜ ਮਸਤੀ ਕਰ ਸਕਨੇ ਓਂ ਤੇ ਫੇਰ ਅਸੀਂ ਇਹ ਸ਼ੈਆਂ ਉਦੋਂ ਹੀ ਮੂੰਹ ਨੂੰ ਲਾਵਣੀਆਂ ਨੇ ਜਦ ਮੁਗਲੇਟੇ ਮੂਧੇ ਮੂੰਹ ਪਿੰਡੀ ਦੀ ਜੂਹ ਵਿਚ ਪਏ ਹੋਏ। ਇਕ ਗੱਲ ਮੇਰੀ ਸਿੱਖ ਲਓ, ਚਾਹੇ ਕੋਈ ਸਿਆਣਾ ਹੋਵੇ, ਵੱਡਾ ਹੋਵੇ, ਹਾਣੀ ਹੋਵੇ, ਛੋਟਾ ਹੋਵੇ, ਮੈਂ ਤਾਂ ਇਹ ਵੀ ਆਖਨਾਂ ਚਾਹੇ ਪੁੱਤਰ ਜਾਂ ਪਿਉ ਹੋਵੇ, ਜੇ ਓਹ ਦੂਜੇ ਪਾਸੇ ਵੇ, ਰਣ-ਭੂਮੀ ਵਿਚ ਕੋਈ ਲਿਹਾਜ਼ ਨਹੀਂ ਕਰਨਾ। ਚੰਗਾ ਬੇਲੀਓ ਰੱਬ ਰਾਖਾ।'

—ਰੱਬ ਰਾਖਾ।' ਸਾਂਝੀ ਆਵਾਜ਼ ਝਿੜੀ ਵਿਚ ਗੂੰਜ ਉਠੀ।

ਪਿਰਥੇ, ਸਦੀਕ ਅਤੇ ਰੂੜੇ ਨੇ ਪੂਰੇ ਜੋਸ਼ ਭਰੇ ਉਤਸ਼ਾਹ ਨਾਲ ਅਤੇ ਦੁੱਲੇ ਨੇ ਅਣ-ਮੰਨੇ ਜਿਹੇ ਮਨ ਨਾਲ ਘੋੜੇ ਮੋੜ ਲਏ।

—ਮਾਮਿਆਂ ਲਈ ਦਾਰੂ ਦੀ ਇਕ ਮਸ਼ਕ ਖੜ ਲਈਏ ?' ਸਦੀਕ ਨੇ ਪੁੱਛਿਆ।

—ਮਾਮਿਆਂ ਕੋਲ ਵਾਧੂ ਹੋਣੀ ਏ। ਹੁਣ ਹਵੇਲੀ ਵੱਲ ਮੋੜਾ ਔਖਾ ਈ ਸਦੀਕਿਆ।' ਦੁੱਲੇ ਨੇ ਆਖਿਆ।

—ਇਹ ਵੀ ਮਾਮਿਆਂ ਨੂੰ ਖੁਸ਼ ਕਰਨ ਲਈ ਤੇਰਾ ਜੰਗੀ ਦਾਅ-ਪੇਚ ਈ ਸਮਝ ਲੈ।' ਰੂੜਾ ਹੱਸਿਆ।

—ਸਿੱਧੇ ਆਖੋ ਇਕ ਮਸ਼ਕ ਲੈ ਚੱਲੀਏ, ਮਾਮਿਆਂ ਵਾਲਾ ਵਲ ਕਿਉਂ ਪਾਂਦੇ ਜੇ ?' ਦੁੱਲਾ ਉਹਨਾਂ ਦੀ ਰਗ਼ ਪਛਾਣਦਾ ਸੀ।

ਤੇ ਉਹਨਾਂ ਘੋੜੇ ਹਵੇਲੀ ਵਲ ਮੋੜ ਲਏ।

* * * *

ਹਵੇਲੀ ਦੇ ਪਿਛਵਾੜੇ ਵਾਲੇ ਪਾਸੇ ਦੁੱਲੇ ਹੋਰੀਂ ਘੋੜਿਆਂ ਤੋਂ ਉੱਤਰੇ ਸਨ। ਭੇਤੀ ਹੋਣ ਕਾਰਨ ਉਹਨਾਂ ਸਹਿਜੇ ਸਹਿਜੇ ਬੂਹੇ ਦਾ ਅੜਿੱਕਾ ਹਟਾਇਆ ਤੇ ਬੜੀ ਸਫ਼ਾਈ ਨਾਲ ਰੂੜਾ ਮਸ਼ਕ ਮੋਢਿਆਂ ਉੱਪਰ ਚੁੱਕ ਕੇ ਬਾਹਰ ਆ ਗਿਆ। ਘੋੜਿਆਂ ਉੱਪਰ ਚੜ੍ਹਨ ਲਈ ਉਹ ਨੇੜੇ ਹੋਏ ਈ ਸਨ, ਲੱਧੀ ਭੂਤ ਵਾਂਗ ਸਾਹਮਣੇ ਆ ਖੜ੍ਹੀ। ਸਾਰੇ ਹੱਕੇ ਬੱਕੇ ਹੋਏ ਇਕ ਦੂਸਰੇ ਵੱਲ ਤੱਕਣ ਲੱਗੇ।

ਅੱਧ ਮਾਘ ਮਹੀਨੇ ਦਾ ਠਰਿਆ ਜਿਹਾ ਚੰਨ ਵੀ ਵੇਖਦਾ ਹੀ ਰਹਿ ਗਿਆ।

ਅਗਾਂਹ ਹੋ ਕੇ। ਲੱਧੀ ਨੇ ਇਕ ਘੋੜੇ ਦੀ ਵਾਗ ਫੜ ਲਈ।

—ਮਾਂਵਾਂ ਨੂੰ ਚਕਮਾ ਦੇਣ ਲੱਗੇ ਜੇ ?' ਲੱਧੀ ਦੇ ਬੋਲਾਂ ਵਿਚ ਝਿੜਕ ਘੱਟ ਸੀ, ਮਮਤਾ ਵਧੇਰੇ ਸੀ।

—ਮਾਂ ਰਾਹ ਛੱਡ। ਤੂੰ ਆਪ ਹੀ ਆਖਦੀ ਹੁੰਨੀ ਏ, ਵਾਂਢੇ ਤੁਰਨ ਲੱਗਿਆਂ ਨੂੰ ਟੋਕੀਦਾ

ਨਹੀਂ ਹੁੰਦਾ।' ਦੁੱਲੇ ਨੇ ਵਾਗ ਛਡਾਉਣੀ ਚਾਹੀ। ਘੋੜੀ ਨੇ ਅੱਚਵੀ ਕਰਦਿਆਂ ਕੜਿਆਲਾ ਚੱਬਿਆ।

—ਪੁੱਤ ਵੇ, ਇਹ ਕੋਈ ਵੇਲਾ ਈ ਵਾਂਢੇ ਵੰਞਣ ਦਾ ?'

—ਵਾਂਢੇ ਵੰਞਣ ਦਾ ਵੀ ਕੋਈ ਵੇਲਾ ਹੁੰਦਾ ਈ ਮਾਂ।' ਦੁੱਲੇ ਨੇ ਗੱਲ ਹਾਸੇ ਪਾਉਣੀ ਚਾਹੀ।

—ਪੁੱਤਰੋ ਆਂਢੀ ਗੁਆਂਢੀ ਦਸਦੇ ਪਏ, ਮੁਗਲਾਂ ਦਾ ਲਸ਼ਕਰ ਜੁੜਦਾ ਪਿਆ ਈ।'

—ਜੁੜਦਾ ਪਿਆ ਹੋਣਾ।' ਦੁੱਲੇ ਨੇ ਲਾਪਰਵਾਹੀ ਨਾਲ ਕਿਹਾ।

—ਜੇ ਏਧਰ ਚੁਗੱਤੇ ਆਣ ਪਏ, ਕਿਥੋਂ ਲੱਭਾਂਗੀ ਧਾਅਨੂੰ ?

—ਮਾਮਿਆਂ ਵੱਲ ਚੱਲੇ ਆਂ।'

—ਵੇ ਪੁੱਤ ਮਾਮੇ ਤੇਰੇ ਨੇ, ਪੇਕੇ ਤਾਂ ਮੇਰੇ ਈ ਨੇ। ਓਹਲਾ ਕਿਉਂ ਪਿਆ ਰਖਨਾਂ ਏ। ਵੇ ਓਥੋਂ ਦੇ ਚੌਧਰੀਆਂ ਨੂੰ ਫੇਰ ਤਾਂ ਨਹੀਂ ਲੁੱਟਣ ਜਾਣਾ ?'

—ਮਾਂ ਕੋਈ ਕੰਮ ਬੰਦਿਆਂ ਦੇ ਈ ਕਰਨ ਵਾਲੇ ਹੁੰਦੇ ਨੇ। ਜ਼ਨਾਨੀਆਂ ਨੂੰ ਦਖ਼ਲ ਨਹੀਂ ਦੇਣਾ ਚਾਹੀਦਾ।' ਦੇਰ ਹੁੰਦੀ ਵੇਖ ਕੇ ਦੁੱਲਾ ਰੁੱਖਾ ਬੋਲਿਆ।

—ਵੇ ਵੱਡਿਆ ਬੰਦਿਆਂ ਵਾਲਿਆ, ਤੂੰ ਕੀ ਸਮਝਨੈਂ ਜ਼ਨਾਨੀਆਂ ਨੂੰ। ਆਪਣੀ ਮਾਂ ਵੱਲ ਵੇਖ। ਹਰ ਜ਼ਨਾਨੀ ਨੇ ਕੀ ਲੱਧੀ ਬਣ ਜਾਣਾ ਹੋਇਆ। ਜ਼ਨਾਨੀਆਂ ਹੈਨ ਤੇ ਖ਼ਲਕਤ ਏ। ਜਿਹੜੀ ਜੰਗ ਮੈਂ ਲੜੀ ਏ ਹਯਾਤੀ ਨਾਲ, ਬੰਦਿਆਂ ਕੀ ਲੜ ਲੈਣੀ। ਚਰਖ਼ਾ ਕੱਤ ਕੱਤ ਕੇ, ਨਲੀਆਂ ਵੱਟ ਵੱਟ ਕੇ ਧਾਅਨੂੰ ਪਾਲਿਆ ਈ ਤੇ ਘਰ ਦਾ ਖ਼ਰਚ ਤੋਰਿਆ ਈ। ਤੂੰ ਤੇ ਚਾਰ ਮਹੀਨਿਆਂ ਪਿਛੋਂ ਜੰਮਿਆ ਸੈਂ। ਤੂੰ ਕੀ ਜਾਣੇ ਮਾਂ ਦੇ ਸਬਰ ਨੂੰ। ਮੇਰੀ ਤਾਂ ਭਰੀ ਝੋਲੀ ਭੋਏਂ 'ਚ ਰਲ ਕੇ ਮਿੱਟੀ ਹੋ ਗਈ।' ਲੱਧੀ ਅੱਖਾਂ ਭਰ ਆਈ ਤੇ ਡੁਸਕਣ ਲੱਗੀ।

—ਪੈ ਗਿਆ ਈ ਵਿਆਹ 'ਚ ਬੀਅ ਦਾ ਲੇਖਾ।' ਪਿੱਛੇ ਖੜ੍ਹੇ ਰੂੜੇ ਨੇ ਹੌਲੀ ਜਿਹੀ ਬੁੜ ਬੁੜ ਕੀਤੀ।

—ਮਾਂ ਹੁਣ ਰੋਕ ਨਾ ਸਾਨੂੰ। ਘਰ ਵਿਚ ਮੇਹਰੂ ਏ ਨੂਰਾ ਏ, ਬਖਤੋ, ਸਲੇਮੋ, ਫੁੱਲਰਾਂ ਸਭ ਤੇਰੇ ਆਸਰੇ ਨੇ। ਮੌਲਵੀ ਤੇ ਪੰਡਤ ਨੇ ਆਖਿਆ—'ਮੇਰੇ ਉਪਰ ਤਿੰਨ ਦਿਨ ਕਰੋਪੀ ਦੇ ਨੇ, ਪਿੰਡੀ ਤੋਂ ਲਾਂਭੇ ਰਹਿਣ ਨੂੰ ਕਿਹਾ ਈ। ਏਸੇ ਲਈ ਚੱਲਿਆ ਵਾਂ। ਅਸਾਂ ਸੋਚਿਆ, ਨਜੂਮੀਆਂ ਦੀ ਗੱਲ ਵੀ ਰਹਿ ਜਾਏਗੀ, ਮਾਮਿਆਂ ਕੋਲੋਂ ਇਮਦਾਦ ਵੀ ਲੈ ਆਵਾਂਗੇ। ਅਸੀਂ ਗਏ ਤੇ ਆਏ—।'

—ਲੋਕਾਂ ਦਾ ਮੂੰਹ ਕਿਵੇਂ ਬੰਦ ਕਰਾਂਗੀ ਪੁੱਤਰੋ। ਆਖਣਗੇ ਲੱਧੀ ਦੇ ਸੂਰਮੇ ਨੂੰ ਕੀ ਮਾਰ ਪੈ ਗਈ, ਔਖੇ ਵੇਲੇ ਕੰਡ ਦੇ ਗਿਆ।'

—ਘਾਬਰ ਨਾ ਮਾਂ। ਅਕਬਰ ਦੀਆਂ ਫੌਜਾਂ ਦਾ ਹੜ੍ਹ ਸਾਡੀਆਂ ਕੰਧਾਂ ਈ ਢਾਹ ਸਕਦਾ ਏ, ਏਥੋਂ ਦੀ ਭੋਏਂ ਤਾਂ ਨਹੀਂ ਚੁੱਕ ਕੇ ਲੈ ਵੰਞੇਗਾ। ਵਸੇਬਾ ਤਾਂ ਰਹੇਗਾ ਈ ਰਹੇਗਾ। ਮੇਰੇ ਬੰਦੇ ਝਿੜੀ 'ਚ ਪੂਰੇ ਤਿਆਰ ਨੇ। ਭੀੜ ਬਣੀ ਤਾਂ ਉਹ ਵੀ ਦੁੱਲੇ ਈ ਨੇ ਮਾਂ। ਅਲਾਹ ਦਾ ਨਾਂ ਲੈ ਕੇ ਅਸਾਂ ਨੂੰ ਰੁਖ਼ਸਤ ਕਰ। ਅਸੀਸ ਦੇਹ, ਦੁਆ ਕਰ ਦੇਰ ਪਈ ਹੁੰਦੀ ਏ।' ਦੁੱਲੇ ਨੇ ਮਾਂ ਦੀ ਬਾਂਹ ਫੜਕੇ ਵਾਗਾਂ ਛੁਡਾ ਲਈਆਂ।

—ਬਖ਼ਤੋ ਸਲੇਮੋ, ਨੂਰੇ ਨੂੰ ਮਿਲ ਲਿਆ ਈ ਪੁੱਤਰ। ਤੂੰ ਜੰਗਾਂ ਛੇੜਨ ਚੱਲਿਆ ਏਂ ਅਜੇ ਤੇ ਨਵੀਂ ਵਹੁਟੀ ਦਾ ਚਾਅ ਵੀ ਨਹੀਂ ਉਤਰਿਆ ਹੋਣਾ। ਮੇਹਰੂ ਤਾਂ ਪਤਾ ਨਹੀਂ ਕਿਥੇ



ਹੋਣਾ। ਫੁੱਲਰਾਂ ਨੂੰ ਕੁਝ ਆਖਦਾ ਜਾਹ।' ਲੱਧੀ ਨੇ ਅਰਜ਼ੋਈ ਕੀਤੀ।

—ਮਾਂ ਹੁਣ ਪਿਛਾਂਹ ਨਾ ਮੋੜ ਤੁਰਨ ਵੇਲੇ ਸਾਕਾਂ ਦਾ ਵਲੇਵਾਂ ਨਾ ਪਾ। ਦੁਆ ਕਰ, ਇਨਸ਼ਾ ਅੱਲਾਹ ਜਿਉਂਦੇ ਰਹੇ ਫੇਰ ਮਿਲਾਂਗੇ।'

ਲੱਧੀ ਪਿਛਾਂਹ ਹਟ ਗਈ।

ਚਾਰੇ ਜਣੇ ਪਲਾਕੀ ਮਾਰਕੇ ਘੋੜਿਆਂ ਉਪਰ ਬੈਠ ਗਏ ਤੇ ਰਾਤ ਦੇ ਹਨੇਰੇ ਵਿਚ ਉਹ ਚਨਿਓਟ ਵੱਲ ਹਵਾ ਹੋ ਗਏ।

* * * *

ਪਿੰਡੀ ਉੱਪਰ ਸਹਿਮਿਆ ਜਿਹਾ ਦਿਨ ਚੜ੍ਹਿਆ।

ਲੱਧੀ ਸੁੰਨੇ ਸੁੰਨੇ ਵਿਹੜੇ ਵਿਚਕਾਰ ਬਦਹਵਾਸ ਹੋਈ ਖੜ੍ਹੀ ਸੀ। ਸਾਰੀ ਰਾਤ ਉਸਨੂੰ ਨੀਂਦ ਨਹੀਂ ਸੀ ਆਈ। ਉਸਨੂੰ ਲੱਗਿਆ, ਇਕ ਵਾਰ ਉਹ ਠੱਗੀ ਗਈ ਏ। ਉਸਦਾ ਸਭ ਕੁਝ ਲੁੱਟਿਆ ਪੁੱਟਿਆ ਗਿਆ ਏ। ਰਾਤ ਨੂੰ ਜਾਗੋ ਮੀਟੀ ਵਿਚ ਉਸਨੂੰ ਹਵੇਲੀ ਦੇ ਥਮ੍ਹਲੇ ਢਹਿੰਦੇ ਦਿੱਸਦੇ ਰਹੇ। ਦੁੱਲੇ ਦਾ ਅੱਬਾ ਅਤੇ ਦਾਦਾ ਦਿੱਸਦੇ ਰਹੇ। ਹੁਣ ਉਹ ਹੈਰਾਨ ਹੋਈ ਸੋਚੀਂ ਪਈ ਹੋਈ ਸੀ, ਕੀ ਜਾਗਦਿਆਂ ਨੂੰ ਵੀ ਸੁਪਨੇ ਆਉਂਦੇ ਨੇ ?.......

ਅੰਦਰੋਂ ਜਿਵੇਂ ਜਿਵੇਂ ਸੁੱਤਿਆਂ ਦੀ ਨੀਂਦਰ ਖੁਲ੍ਹਦੀ ਗਈ, ਤਿਵੇਂ ਤਿਵੇਂ ਉਹ ਬਾਹਰ ਲੱਧੀ ਕੋਲ ਆ ਖੜ੍ਹੇ। ਪਹਿਲਾਂ ਫੁੱਲਰਾਂ ਆਈ, ਫੇਰ ਬਖਤੋ ਤੇ ਪਿਛੋਂ ਸਲੇਮੋ। ਨੂਰਾ ਤੇ ਵਹੁਟੀ ਅਜੇ ਵੀ ਸੁੱਤੇ ਹੋਏ ਸਨ। ਮੇਹਰੂ ਤਾਂ ਜਿਵੇਂ ਘਰਦੇ ਜੀਆਂ ਦੀ ਗਿਣਤੀ ਵਿਚ ਹੀ ਨਹੀਂ ਸੀ ਆਉਂਦਾ।

—ਅੰਮਾਂ ਕਿਥੇ ਤੋਰਿਆ ਈ ਆਪਣੇ ਪੇਟ-ਘਰੋੜੀ ਦੇ ਪੁੱਤਰ ਨੂੰ ?' ਫੁੱਲਰਾਂ ਨੇ ਤਨਜ਼ ਨਾਲ ਪੁੱਛਿਆ।

—ਭੈੜੀਏ, ਅੱਲਾਹ ਦਾ ਵੇਲਾ ਈ, ਫਜ਼ਰ ਵੇਲੇ ਬੋਲਣ ਲੱਗੀ ਜ਼ਰਾ ਤਾਂ ਸੋਚ ਲਿਆ ਕਰ। ਮੇਰਾ ਪੁੱਤਰ, ਤੇਰੇ ਸਿਰ ਦਾ ਸਾਈਂ ਏ। ਬੰਦਾ ਏਹ ਤਰ੍ਹਾਂ ਘਰੋਂ ਜਾਵੇ ਤਾਂ ਦਿਲ ਨੂੰ ਡੋਬੂ ਪੈਂਦੇ ਨੇ।' ਲੱਧੀ ਦੇ ਚਿਹਰੇ ਉਪਰ ਚਿੰਤਾ ਸੀ।

—ਹੁਣ ਤੇਰੇ ਪੁੱਤਰ ਨੂੰ ਅਸਾਂ ਨਾਲੋਂ ਪਿੰਡੀ ਦਾ ਵੱਧ ਫ਼ਿਕਰ ਈ। ਅਸੀਂ ਕੀ ਲਗਨੇ ਆਂ ਉਹਦੇ। ਨਾ ਓਹਦੀ ਕੋਈ ਰੰਨ, ਨਾ ਧੀ, ਨਾ ਪੁੱਤਰ। ਨਾ ਆਂਦੇ ਦਾ ਪਤਾ ਲਗਦਾ ਨਾ ਜਾਂਦੇ ਦਾ। ਜਦ ਦੇ ਹਥਿਆਰ ਹੱਥ ਆਏ ਨੀ, ਅਸੀਂ ਤਾਂ ਉਦੋਂ ਦੇ ਈ ਜਿਬਾਹ ਕੀਤੇ ਪਏ ਆਂ।' ਫੁੱਲਰਾਂ ਹੌਲੀ ਹੌਲੀ ਤੰਦੂਰ ਵਾਂਗੂ ਤਪਣ ਲੱਗੀ।

—ਅੰਮਾ ਮੇਰੀਏ ਤੂੰ ਨਾ ਅੱਗੋਂ ਬੋਲੀਂ। ਮੇਰੀ ਮਾਂ ਨੂੰ ਕੱਢ ਲੈਣ ਦੇਹ ਆਪਣੀ ਭੜਾਸ।' ਬਖਤੋ ਨੇ ਕਾਹਲੀ ਨਾਲ ਅਗਾਂਹ ਹੋਕੇ ਲੱਧੀ ਅੱਗੇ ਤਰਲਾ ਲਿਆ।

—ਮੈਂ ਬੋਲਣ ਜੋਗੀ ਰਹੀ ਕਿਥੇ ਆਂ ਧੀਏ। ਮੈਨੂੰ ਤਾਂ ਮੂਲ ਨਾਲੋਂ ਸੂਦ ਦੀ ਚਿੰਤਾ ਖਾਂਦੀ ਪਈ ਏ। ਅਸਾਂ ਤਾਂ ਕੁਝ ਵੇਖ ਹੰਢਾ ਲਿਆ ਈ। ਚੰਗਾ, ਮਾੜਾ। ਧੀਏ ਤੁਸਾਂ ਅਜੇ ਵੇਖਿਆ ਈ ਕੀ ਏ। ਨੂਰਾ-ਮੇਰਾ ਪੁੱਤਰ, ਅਜੇ ਤਾਂ ਵਹੁਟੀ ਦੇ ਹੱਥਾਂ ਤੋਂ ਨਿਕਾਹ ਦੀ ਮਹਿੰਦੀ ਨਹੀਂ ਉੱਤਰੀ। ਮੁਗਲੇਟਿਆਂ ਆਣਕੇ ਤਾੜ ਤਾੜ ਚਾਬਕਾਂ ਮਾਰਨੀਆਂ ਨੀ ਤੇ ਰੋਂਦੀਆਂ ਕੁਰਲਾਂਦੀਆਂ ਨੂੰ ਬੰਨ੍ਹ ਕੇ ਅੱਗੇ ਲਾ ਲੈਣਾ। ਮੈਨੂੰ ਬੜੇ ਭੈੜੇ ਸੁਪਨੇ ਆਉਂਦੇ ਨੀ ਧੀਓ......।' ਲੱਧੀ ਰੋਣ ਲੱਗ ਪਈ।

—ਏਸੇ ਕਰਕੇ ਤੇਰਾ ਸੂਰਮਾ ਦੌੜ ਗਿਆ ਈ ਨਾ। ਮੈਨੂੰ ਸਭ ਦੱਸ ਦਿੱਤਾ ਈ ਨੂਰੇ ਨੇ। ਤੇਰੇ ਦੂਏ ਸੂਰਮੇ ਮੇਹਰੂ ਨੂੰ ਹਵੇਲੀ ਦਾ ਮੁਹਤਬਰ ਬਣਾ ਗਿਆ ਈ। ਮੁਖ਼ਤਾਰਨਾਮਾ ਦੇ ਗਿਆ ਈ ਉਹਨੂੰ। ਯਾਦ ਈ, ਆਖਦਾ ਹੁੰਦਾ ਸਾਈ, ਜਿਥੇ ਅੱਡੀ ਮਾਰ ਦਿਆਂ, ਧਰਤੀ 'ਚੋਂ ਪਾਣੀ ਕੱਢ ਦਿਆਂ ਤੇ ਹੁਣ......।'

—ਮਾਂ ਤੂੰ ਚੁੱਪ ਕਿਉਂ ਨੀ ਰਹਿ ਸਕਨੀਂ। ਅੱਬਾ ਤੇ ਹੁਣ ਤੁਰ ਗਿਆ ਈ ਮਾਮਿਆਂ ਵੱਲ। ਅੰਮਾਂ, ਅਸਾਂ ਨੂੰ ਵੀ ਤੋਰ ਮਾਮਿਆਂ ਵੱਲ ਨਹੀਂ ਤੇ.......।'

—ਏਨਾ ਡਰਨ ਦੀ ਲੋੜ ਨਹੀਂ ਬੱਚੀਓ। ਅਸਾਂ ਦਾ ਜੇ ਹਸ਼ਰ ਦਿਹਾੜਾ ਆ ਹੀ ਗਿਆ ਏ ਤਾਂ ਮੁਗਲਾਂ ਹੱਥ ਜੀਂਦੇ ਜੀ ਨਹੀਂ ਫੜੀਚਦੀਆਂ।' ਲੱਧੀ ਨੇ ਹੌਸਲਾ ਦਿੱਤਾ।

—ਮੈਂ ਤਾਂ ਅੰਮਾਂ ਕੋਠਿਆਂ ਨੂੰ ਅੱਗ ਲਾਕੇ ਸੜ ਮਰਨਾ ਈ ਵਿਚੇ।' ਬਖਤੋ ਬੋਲੀ।

—ਤੇ ਮੈਂ ਕਿਹੜਾ ਪਿਛੇ ਰਹਿਣਾ, ਤੇਰੇ ਨਾਲ ਈ ਆ ਚੰਬੜਣਾ।' ਸਲੇਮੋ ਨੇ ਬਖਤੋ ਨੂੰ ਜੱਫੀ 'ਚ ਲੈਂਦਿਆਂ ਕਿਹਾ।

—ਜੇ ਮਰਨਾ ਈ ਹੋਇਆ ਤਾਂ ਏਦਾਂ ਥੋੜ੍ਹਾ ਈ ਮਰਾਂਗੀਆਂ ਆਪਾਂ। ਪੰਜ ਦਸ ਮੁਗਲੇਟਿਆਂ ਨੂੰ ਮਾਰ ਕੇ ਮਰਾਂਗੀਆਂ। ਅਸਾਂ ਨੂੰ ਏਸ ਮਿੱਟੀ ਵਸੇਬਾ ਦਿੱਤਾ ਈ। ਹੁਣ ਵੇਲਾ ਆਇਆ ਈ, ਅਸੀਂ ਵੀ ਏਸ ਮਿੱਟੀ ਦਾ 'ਹਸਾਨ ਪਰਤਾ ਦੇਈਏ।'

—ਅੰਮਾਂ ਮੈਨੂੰ ਤਾਂ ਡਾਹਢਾ ਡਰ ਲਗਦਾ ਈ।' ਸਲੇਮੋ ਦਾ ਚਿਹਰਾ ਪੀਲਾ ਪਿਆ ਹੋਇਆ ਸੀ।

—ਡਰ ਨਾਲ ਤੇ ਬੰਦਾ ਮਰਨ ਤੋਂ ਪਹਿਲਾਂ ਮਰ ਜਾਂਦਾ ਈ ਧੀਏ। ਤੂੰ ਦੂੱਲੇ ਦੀ ਧੀ ਏਂ। ਸਾਨੂੰ ਤਕੜਿਆਂ ਹੋਣਾ ਪੈਣਾ। ਤੈਨੂੰ ਕੀ ਪਤਾ ਅਕਬਰ ਦੇ ਸਿਪਾਹੀ ਤੇਰੇ ਨਾਲੋਂ ਵੱਧ ਡਰੇ ਹੋਣੇ ਨੇ। ਉਹਨਾਂ ਲਈ ਤਾਂ ਦੁੱਲੇ ਦਾ ਨਾਂ ਈ ਦਹਿਸ਼ਤ ਏ। ਉਹਦਾ ਨਾਂ ਸੁਣਕੇ ਤਾਂ ਮੁਗਲੇਟੜੇ ਸੁਥਣਾਂ ਵਿਚ ਹੱਗ ਦਿੰਦੇ ਨੀ.....।

ਜਦ ਲੱਧੀ ਆਖ ਰਹੀ ਸੀ ਤਾਂ ਫੁੱਲਰਾਂ ਕਦੇ ਬੁਲ੍ਹ ਕੱਢਦੀ ਸੀ ਤੇ ਕਦੇ ਨੱਕ ਚੜਾਉਂਦੀ ਸੀ।

ਫਿਰ ਲੱਧੀ ਨੇ ਕਿਹਾ—'ਮੇਹਰੂ ਤੇ ਨੂਰੇ ਨੂੰ ਆਖੋ ਹਵੇਲੀ ਤੋਂ ਬਾਹਰ ਨਾ ਜਾਣ ਦੋਵੇਂ। ਮੁਗਲਾਂ ਦੇ ਮੱਥੇ ਲੱਗਣ ਵਾਲਾ ਕੋਈ ਤਾਂ ਹਵੇਲੀ 'ਚ ਮਰਦ ਹੋਵੇ। ਹਵੇਲੀ ਨੂੰ ਤਾਲੇ ਮਾਰ ਦਿਉ ਬਾਹਰੋਂ। ਹਥਿਆਰ ਆਪਣੇ ਹੱਥਾਂ ਹੇਠ ਕਰ ਲਵੋ। ਵਿਹੜੇ ਵਿਚ ਲੱਕੜਾਂ ਦੇ ਢੇਰ ਜਮ੍ਹਾ ਕਰ ਲਉ। ਕੱਲ੍ਹ ਭੱਠੀ ਤਾਅਵਾਂਗੇ ਤੇ ਉਪਰ ਚਾੜ੍ਹਾਂਗੇ ਤੇਲ ਦਾ ਕੜਾਹਾ। ਛੱਤਾਂ ਉਪਰ ਪੱਥਰ ਰੋੜੇ ਰੱਖ ਲਵੋ। ਵੱਡਾ ਕੜਾਹਾ ਪਾਣੀ ਦਾ ਭਰਕੇ ਉਬਾਲ ਲੈਣਾ ਈ। ਮੁਗਲੇਟੇ ਯਾਦ ਪਏ ਰਖਸਣ, ਬਾਰ ਦੀਆਂ ਤੀਵੀਆਂ ਨਾਲ ਮੱਥਾ ਲੱਗਿਆ ਏ।' ਬੋਲਦਿਆਂ ਅੰਮਾਂ ਦਾ ਚਿਹਰਾ ਦਗ਼ਣ ਲੱਗਾ।

ਅੰਮਾ ਲੱਧੀ ਅੰਦਰ ਜੋਸ਼ ਦਾ ਏਨਾ ਵੇਗ ਤੱਕ ਕੇ ਫੁੱਲਰਾਂ ਦੇ ਤੇਵਰ ਬਦਲ ਗਏ। ਉਹ ਹੌਲੀ ਜਿਹੀ ਬੋਲੀ;

—ਹੋਰ ਹੁਣ ਰਾਹ ਵੀ ਕਿਹੜਾ ਰਹਿ ਗਿਆ ਈ ਅੰਮਾਂ। ਸਲੇਮੋ ਧੀਏ ਅੰਮਾਂ ਜਿਸ ਤਰ੍ਹਾਂ ਆਖਦੀ ਏ, ਝੱਟ ਕਰੋ।'

—ਅਸਾਂ ਪਾਸ ਅੱਜ ਦਾ, ਹੱਦ ਕੱਲ੍ਹ ਦਾ ਦਿਨ ਈ। ਬਰਕਤਾਂ ਦੱਸਦੀ ਸੀ, ਲੋਕ ਆਖਦੇ ਨੇ ਫੌਜਾਂ ਤਾਂ ਪੁੱਜ ਗਈਆਂ ਨੇ ਪਿੰਡੀ ਨੇੜੇ। ਪਰਸੋਂ ਤੱਕ ਤਾਂ ਪਤਾ ਨਹੀਂ,



ਮੁਗਲੇਟੜਿਆਂ ਚੁੱਲੇ ਅੱਗ ਪਾਉਣ ਦੇਣੀ ਵੀ ਏ ਕਿ ਨਹੀਂ।' ਲੱਧੀ ਫ਼ਿਕਰ ਨਾਲ ਅਸਮਾਨ ਵੱਲ ਤੱਕਣ ਲੱਗੀ।

ਸੂਰਜ ਹੁਣ ਚੜ੍ਹ ਆਇਆ ਸੀ। ਪਿੰਡੀ ਦੇ ਘਰਾਂ ਵਿਚੋਂ ਧੂੰਆਂ ਉੱਪਰ ਉੱਠਦਾ ਦੱਸਦਾ ਸੀ, ਲੋਕ ਜਾਗ ਪਏ ਨੇ।

ਫੁੱਲਰਾਂ ਨੇ ਜਾਕੇ ਚਾਟੀ ਵਿਚ ਮਧਾਣੀ ਪਾ ਲਈ। ਪਰ ਦੁੱਧ ਰਿੜਕਣ ਲੱਗੀ ਜਿਵੇਂ ਪਹਿਲਾਂ ਉਹ ਕੋਈ ਗੀਤ ਛੋਹ ਲੈਂਦੀ ਹੁੰਦੀ ਸੀ,......ਅੱਜ ਬਾਰ ਬਾਰ ਉਸਦੇ ਹੱਥੋਂ ਨੇਤਰਾ ਛੁੱਟ ਜਾਂਦਾ, ਕਦੇ ਕੁੜ ਹਿੱਲ ਜਾਂਦਾ।

ਅੰਮਾਂ ਲੱਧੀ ਨਾਲ ਦੋਵੇਂ ਕੁੜੀਆਂ, ਹਵੇਲੀ ਦੇ ਵਿਹੜੇ ਵਿਚ ਸਮਾਨ ਜਮ੍ਹਾਂ ਕਰਨ ਲੱਗੀਆਂ।

............................

ਵੇਲਾ ਤੰਦ ਖਿੱਚਦਾ ਰਿਹਾ। ਸੂਰਜ ਸਿਖ਼ਰ ਵੱਲ ਆਇਆ ਤੇ ਢਲਣ ਦੇ ਰਾਹ ਪੈ ਗਿਆ।

ਤ੍ਰਕਾਲਾਂ ਪੈਣ ਤੋਂ ਜ਼ਰਾ ਕੁ ਪਹਿਲਾਂ ਪਿੰਡੀ ਦੇ ਲੋਕਾਂ ਨੇ ਇਕ ਭਿਆਨਕ ਆਵਾਜ਼ ਸੁਣੀ, ਜਿਵੇਂ ਨੇੜੇ-ਤੇੜੇ ਕਿਧਰੇ ਤੋਪ ਦਾ ਗੋਲਾ ਫ਼ਟਿਆ ਹੋਵੇ।

—ਆ ਗਏ ਨੀ ਮੁਗਲੇਟੇ ਅੰਮਾ।' ਸਲੇਮੋ ਲੇਰ ਮਾਰ ਕੇ ਲੱਧੀ ਦੀਆਂ ਲੱਤਾਂ ਨਾਲ ਆ ਚਿੰਬੜੀ।

# 40.

ਅਚਾਨਕ ਜ਼ੋਰ ਜ਼ੋਰ ਦੀ ਕੋਈ ਹਵੇਲੀ ਦਾ ਬੂਹਾ ਭੰਨਣ ਲੱਗਾ।

—ਆ ਗਏ ਨੀ।' ਆਖਦਿਆਂ ਸਲੇਮੋ ਦਾ ਚਿਹਰਾ ਪੂਣੀ ਵਾਂਗ ਬੱਗਾ ਹੋ ਗਿਆ। ਬਖ਼ਤੋ ਅਤੇ ਨੂਰੇ ਦੀ ਵਹੁਟੀ ਝੱਟ ਅੰਦਰ ਵੜ ਗਈਆਂ। ਵਿਹੜੇ ਵਿਚ ਲੱਕੜਾਂ ਸੁੱਟਦੀ ਫੁੱਲਰਾਂ ਵੀ ਲੱਧੀ ਕੋਲ ਦੌੜੀ ਆਈ।

—ਅੰਮਾਂ, ਅੰਮਾਂ ਲੱਧੀਏ.....ਏ।' ਕੋਈ ਨਾਂ ਲੈ ਕੇ ਆਵਾਜ਼ਾਂ ਮਾਰੀ ਜਾ ਰਿਹਾ ਸੀ। ਲੱਧੀ ਬੂਹੇ ਲਾਗੇ ਆ ਖੜ੍ਹੀ। ਇਹ ਫੱਤੂ ਦੀ 'ਵਾਜ ਈ। ਲੱਖਣ ਲਾਉਂਦਿਆਂ ਲੱਧੀ ਵਿਰਲਾਂ ਵਿਚੋਂ ਦੀ ਝਾਕੀ। ਬਾਹਰ ਖੜ੍ਹਾ ਫੱਤੂ ਬੂਹਾ ਭੰਨੀ ਜਾ ਰਿਹਾ ਸੀ।

—ਅੰਮਾਂ....ਅੰਮਾਂ ਬੂਹਾ ਤੇ ਖੋਹਲੋ।' ਫੱਤੂ ਦੀ ਲੇਰ ਵਰਗੀ ਆਵਾਜ਼ ਫਿਰ ਸੁਣੀ।

—ਬੂਹਾ ਨਹੀਂ ਜੇ ਹੁਣ ਖੁਲ੍ਹਣਾ। ਤੂੰ ਕੀ ਆਖਣਾ ਈ, ਬਾਹਰੋਂ ਈ ਆਖ।' ਲੱਧੀ ਨੇ ਸਖ਼ਤਾਈ ਨਾਲ ਤਾੜਨਾ ਕੀਤੀ।

—ਬਾਹਰੋਂ ਦੱਸਣ ਵਾਲੀ ਗੱਲ ਨਹੀਂ ਏ ਅੰਮਾਂ।'

—ਲੱਧੀ ਨੂੰ ਜਾਪਿਆ ਫੱਤੂ ਦਾ ਸਾਹ ਚੜ੍ਹਿਆ ਹੋਇਆ ਏ, ਜਿਵੇਂ ਦੂਰੋਂ ਕਿਧਰੋਂ ਨੱਠਾ ਆਇਆ ਹੋਵੇ।

—ਵੇ ਤੂੰ ਆਖ ਕੀ ਆਖਣਾ ਈ ਦੁੱਲਾ ਘਰ ਨਹੀਂ ਹੈਗਾ।' ਲੱਧੀ ਵਧੇਰੇ ਉੱਚਾ ਬੋਲੀ ਜਿਵੇਂ ਬੋਲਿਆਂ ਨੂੰ ਸਨਾਉਣਾ ਹੋਵੇ।

—ਮੈਂ ਤਾਂ ਖ਼ਬਰਦਾਰ ਕਰਨ ਆਇਆ ਵਾਂ ਅੰਮਾਂ, ਮੁਗਲਾਂ ਦੀ ਫੌਜ ਕਾਲੇ ਬੱਦਲ ਵਾਂਗ ਚੜ੍ਹ ਆਈ ਏ।'

—ਵੇ ਕਿਥੇ ਕੁ ਨੇ ਅਜੇ ?'

—ਉਹ ਤਾਂ ਢੁੱਕੇ ਖਲੋਤੇ ਨੀ ਅੰਮਾ।'

—ਤੂੰ ਕਾਹਨੂੰ ਸਾਹੋ-ਸਾਹ ਹੋਇਆ ਆਇਆ ਈਂ। ਪਤਾ ਏ ਸਾਨੂੰ, ਜਾਹ ਆਪਣੀ ਨੰਦੀ ਨੂੰ ਸੰਭਾਲ, ਉਹਨੂੰ ਨਾ ਮੁਗਲੇਟੇ ਪੈ ਜਾਣ ਕਿਧਰੇ।'

—ਮੁਗਲੇਟੇ ਲੈ ਵੀ ਖੜ੍ਹਨ ਤਾਂ, ਨੰਦੀ ਕਪਾਹ ਦੀਆਂ ਫੁੱਟਾਂ ਵਰਗੀ ਏ ਅੰਮਾਂ, ਗਲੋਂ ਥੱਲੇ ਨਈਂ ਉਤਰਨੀ।'

—ਏਨਾ ਮਾਣ ਈ ਨੰਦੀ 'ਤੇ ?'

—ਹੋਰ ਐਵੇਂ ਤਾਂ ਨਈਂ ਦੁੱਲੇ ਸਰਦਾਰ ਦੀ ਪੂਛ ਬਣਿਆ ਫਿਰਦਾ।'

—ਜਾਹ ਫਿਰ ਝਿੜੀ 'ਚ ਆਪਣੇ ਬੰਦਿਆਂ ਨੂੰ ਖ਼ਬਰ ਕਰ। ਲੱਧੀ ਨੇ ਲਾਪਰਵਾਹੀ ਨਾਲ ਕਿਹਾ।

—ਉਹਨਾਂ ਨੂੰ ਖ਼ਬਰ ਏ ਅੰਮਾ। ਏਸ ਘਰ ਦਾ ਸਾਨੂੰ ਡਾਹਢਾ ਫਿਕਰ ਈ।'

—ਅਸਾਂ ਦਾ ਏਨਾ ਫ਼ਿਕਰ ਨਾ ਕਰੋ। ਲੱਧੀ ਦੀ ਹਵੇਲੀ ਵੜਨ ਲਈ ਮੁਗਲਾਂ ਨੂੰ ਮੱਝ



ਜੇਡਾ ਕਲੇਜਾ ਚਾਹੀਦਾ ਈ। ਤੂੰ ਜਾਹ ਬਚਾਅ ਕਰ ਆਪਣਾ।'

ਦੂਰੋਂ ਕਿਧਰੋਂ ਰੌਲੇ ਤੇ ਹੱਲੇ ਦੀ ਆਵਾਜ਼ ਸੁਣੀ।

—ਮੈਂ ਚੱਲਿਆ ਈ ਅੰਮਾ।'

—ਲੱਧੀ ਨੇ ਤਖ਼ਤਿਆਂ ਦੀਆਂ ਵਿਥਾਂ ਵਿਚੋਂ ਦੀ ਵੇਖਿਆ, ਫੱਤੂ ਮਰਾਸੀ ਡਰਿਆ ਹੋਇਆ, ਇਧਰ ਉਧਰ ਤਾੜਦਾ ਝਿੜੀ ਵਲ ਦੌੜਿਆ ਜਾ ਰਿਹਾ ਸੀ।

ਲੱਧੀ ਤੇਜ਼ੀ ਨਾਲ ਅੰਦਰ ਵਲ ਆਈ। ਹਾਕ ਮਾਰੀ.....'ਵੇ ਨੂਰਿਆ......।'

ਅੰਦਰੋਂ ਨਿਕਲਦੇ ਨੂਰੇ ਨੂੰ ਲੱਧੀ ਨੇ ਪੁੱਛਿਆ—'ਤੇਰਾ ਤਾਇਆ ਕਿਥੇ ਈ ਪੁੱਤਰ ?'

—ਪਿਛਲੇ ਅੰਦਰ ਪਿਆ ਈ ਅੰਮਾਂ।'

—ਪੁੱਤਰ ਸੱਦ ਉਹਨੂੰ।'

ਨੂਰਾ ਮੁੜਿਆ ਤਾਂ ਲੱਧੀ ਰੋਕਿਆ—'ਠਹਿਰ ਪੁੱਤ।' ਫਿਰ ਆਪ ਹੀ ਤੀਰ ਵਾਂਗ ਹਵੇਲੀ ਦੇ ਪਿਛਲੇ ਪਾਸੇ ਵੱਲ ਗਈ।

ਮੇਹਰੂ ਮੂਧੇ ਮੂੰਹ ਲੇਟਿਆ ਹੋਇਆ ਸੀ। ਅੱਧੀ ਰਜ਼ਾਈ ਹੇਠਾਂ ਡਿੱਗੀ ਹੋਈ ਸੀ।

—ਵੇ ਮੇਰਿਆ ਸੋਹਣਿਆ, ਮੁਗਲੇਟੇ ਆ ਚੜ੍ਹੇ ਨੀ ਪਿੰਡੀ 'ਤੇ।' ਲੱਧੀ ਮੋਹ ਨਾਲ ਮੇਹਰੂ ਦੀ ਕੰਡ ਪਲੋਸਣ ਲੱਗੀ।

ਮੇਹਰੂ ਉਪਰ ਕੋਈ ਅਸਰ ਨਹੀਂ ਹੋਇਆ।

—ਮੇਹਰੂ, ਵੇ ਮੇਰਿਆ ਮੇਹਰ ਖ਼ਾਨ, ਮੇਰਾ ਸੂਰਮਾ ਪੁੱਤ।' ਲੱਧੀ ਨੇ ਝੰਜੋੜਿਆ।

—ਮਾਂ.....ਸੌਣ ਦੇ ਮੈਨੂੰ।'

—ਵੇ ਸੌਣ ਕਿਵੇਂ ਦੇਵਾਂ ਪੁੱਤ ? ਉੱਠ ਮੇਰਾ ਮੇਹਰ ਖ਼ਾਨ।'

—ਨਸ਼ੇ ਨਾ ਹੋਣ ਤਾਂ ਅੱਧਾ ਮੈਂ ਪਹਿਲੋਂ ਈ ਸੁੱਤਾ ਹੁੰਨਾ। ਏਸ ਘੜੀ ਤਾਂ ਤੇਰਾ ਮੇਹਰ ਖ਼ਾਨ ਜੇਹਾ ਜੀਂਦਾ ਤੇਹਾ ਮਰਿਆ।'

—ਮਾਂ ਸਦਕੇ ਪੁੱਤਰਾ, ਮਰਨ ਅਸਾਂ ਦੇ ਵੈਰੀ।'

—ਵੈਰੀ ਕਿਵੇਂ ਮਰਨਗੇ ਮਾਂ ? ਏਸੇ ਵੇਲੇ ਲੱਤਾਂ ਅੱਡ ਨੇ, ਬਾਹਾਂ ਅੱਡ ਨੇ, ਸਿਰ ਪਤਾ ਨੀ ਕਿਥੇ ਵੇ। ਮੈਂ ਤਾਂ ਪੂਰਾ ਖਿਲਰਿਆ ਪਿਆ ਵਾਂ, ਭਾਵੇਂ ਟੋਕਰੇ 'ਚ ਪਾ ਲੈ।' ਆਖਦਿਆਂ ਉਸਨੇ ਕੰਧ ਵੱਲ ਮੂੰਹ ਭੁਆ ਲਿਆ।

—ਨਸ਼ੇ ਤਾਂ ਤੇਰੇ ਉਪਰੋਂ ਦੀ ਵਾਰ ਦਿਆਂ ਪੁੱਤ ਵੇ।' ਲੱਧੀ ਉਸਦੇ ਸਿਰ ਵਿਚ ਹੱਥ ਫੇਰਨ ਲੱਗੀ।

—ਜੋ ਹੈਗਾ ਈ ਚੁੱਕ ਲਿਆ ਫਿਰ। ਮੈਂ ਉੱਠਣ ਜੋਗਾ ਤੇ ਹੋਵਾਂ।'

—ਲੱਧੀ ਦੀਵਾ ਲੈ ਕੇ ਦੁੱਲੇ ਦੇ ਤਹਿਖ਼ਾਨੇ ਵਿਚੋਂ ਇਕ ਘੜਾ ਕੱਢ ਲਿਆਈ। ਮੁਸ਼ਕ ਆਉਂਦਿਆਂ ਹੀ ਮੇਹਰੂ ਦੀਆਂ ਅੱਖਾਂ ਪਟੱਕ ਦੇ ਕੇ ਖੁਲ੍ਹੀਆਂ ਤੇ ਚਮਕਣ ਲੱਗੀਆਂ।

ਕੁਝ ਦੇਰ ਬਾਅਦ ਰਗ਼ਾਂ ਵਿਚ ਜੰਮਿਆਂ ਤੇ ਸੁਸਤ ਹੋਇਆ ਲਹੂ ਜਵਾਹਰ ਭਾਟਾ ਬਣਨ ਲਈ ਵਗ ਤੁਰਿਆ।

****

ਹਵੇਲੀ ਦੇ ਵਿਹੜੇ ਵਿਚ ਬਣੀ ਭੱਠੀ ਉਪਰ ਰੱਖੇ ਵੱਡੇ ਕੜਾਹੇ ਵਿਚ ਬਖ਼ਤੋ ਸਲੇਮੋ ਅਤੇ ਨੂਰੇ ਦੀ ਵਹੁਟੀ ਪਾਣੀ ਭਰਨ ਲੱਗੀਆਂ ਹੋਈਆਂ ਸਨ। ਫੁੱਲਰਾਂ ਨੇ ਹੇਠਾਂ ਅੱਗ ਬਾਲ

ਦਿੱਤੀ ਸੀ। ਲੱਧੀ ਛੱਤਾਂ ਉਪਰ ਰੋੜੇ ਪੱਥਰ 'ਕੱਠੇ ਕਰਨ ਵਿਚ ਰੁੱਝੀ ਹੋਈ ਸੀ। ਬਾਹਰ ਗਲੀਆਂ ਵਿਚ ਲੋਕ ਇਧਰ ਉੱਧਰ ਭੱਜੇ-ਫਿਰਦੇ ਸੁਣਦੇ ਸਨ।

—ਮੇਹਰੂ ਵਿਹੜੇ ਵਿਚ ਆਇਆ ਤੇ ਸ਼ੇਰ ਵਾਂਗ ਗਰਜ਼ਿਆ—'ਮੈਂ ਮੁਗਲਾਂ ਦੇ ਹਾਥੀਆਂ ਉਪਰੋਂ ਘੋੜੇ ਟਪਾ ਦਿਆਂਗਾ ਉਏ।'

ਲੱਧੀ ਕਾਹਲੀ ਨਾਲ ਹੇਠਾਂ ਉੱਤਰੀ। ਬਖਤੋ ਸਲੇਮੋਂ ਵਹੁਟੀ ਸਹਿਮ ਗਈਆਂ। ਏਸ ਘੜੀ ਵੀ ਫੁੱਲਰਾਂ ਮੂੰਹ ਫੇਰ ਕੇ ਹੱਸਣ ਲੱਗੀ।

—ਮਾਂ ਬੂਹਾ ਲਾਹ ਜ਼ਰਾ, ਵੇਖਾਂ ਕਿਥੇ ਨੇ ਮੁਗਲੇਟੇ।' ਮੇਹਰੂ ਫੇਰ ਗੱਜਿਆ।

—ਵੇ ਪੁੱਤ, ਮੈਂ ਵਾਰੀ, ਸਦਕੇ ਜਾਵਾਂ, ਬੂਹਾ ਨਹੀਓਂ ਖੋਹਲਣਾ, ਇਧਰੋਂ ਖਿੜਕੀ ਵਿਚੋਂ ਨਿਕਲ ਵੰਞ।' ਲੱਧੀ ਨੇ ਨੇੜੇ ਹੋਕੇ ਉਸਦਾ ਮੋਢਾ ਥਪਥਪਾਇਆ।

—ਪਿੱਛੇ ਹੋ ਜਾ ਮਾਂ, ਹੁਣ ਮੇਹਰਖ਼ਾਨ ਤੋਂ ਖਿੜਕੀ ਵਿਚੋਂ ਨਹੀਂ ਲੰਘਿਆ ਜਾਣਾ ਸ਼ੇਰ ਹਾਥੀ ਕਦੇ ਖਿੜਕੀਆਂ ਵਿਚੋਂ ਲੰਘੇ ਨੇ। ਝੱਟ ਕਰ ਮੈਂ ਆਪਣੇ ਯਾਰ-ਬੇਲੀ 'ਕੱਠੇ ਕਰਨੇ ਨੀ।'

—ਵੇ ਪੁੱਤ ਨਾ, ਬੂਹਾ ਨਾ ਖੁਲ੍ਹਾਅ। ਮੈਂ ਤੇਰੇ ਲਈ ਹੋਰ ਲੱਭਨੀਂ ਆਂ ਜੇ ਪਿਆ ਹੋਇਆ ਤਾਂ ਕੁਝ। ਜਾਹ ਏਧਰੋਂ ਲੰਘ ਜਾ ਪੁੱਤ।' ਲੱਧੀ ਨੇ ਬਾਰੀ ਵੱਲ ਇਸ਼ਾਰਾ ਕੀਤਾ।

—ਮਾਂ ਦੱਸ ਲਾਹੌਰ 'ਤੇ ਚੜ੍ਹਾਈ ਕਰਨੀ ਊ ਕਿ ਸਿੱਧਾ ਅਕਬਰੇ ਦੀ ਪੱਗ ਨੂੰ ਈ ਹੱਥ ਜਾ ਪਾਵਾਂ।'

—ਵੇ ਪੁੱਤ ਲਾਹੌਰ ਕੀ ਕਰਨ ਜਾਣਾ ਈ।'

—ਜਾਣਾ ਕਿਉਂ ਨੀ ਬੁਢੜੀਏ।' ਮੇਹਰੂ ਨੇ ਲਲਕਾਰਾ ਮਾਰਿਆ।

—ਮੁਗਲੇਟੇ ਤਾਂ ਪਿੰਡੀ ਦੇ ਬੂਹੇ 'ਤੇ ਆਏ ਬੈਠੇ ਨੀ ਪੁੱਤ। ਆਪਣੇ ਪਿਉ ਦਾਦੇ ਦਾ ਕਰਜ ਚੁਕਾਣ ਦਾ ਵੇਲਾ ਆ ਗਿਆ ਈ ਪੁੱਤਰਾ।

—ਆਪਣਾ ਰਾਠ ਕਿਥੇ ਈ ਮਾਂ, ਉਹ ਨਹੀਂ ਰੜਕਣ ਡਿਹਾ ਮੈਨੂੰ, ਤੇਰਾ ਲਾਡਲਾ।' ਮੇਹਰੂ ਟੇਢੀ ਅੱਖ ਫੁੱਲਰਾਂ ਵੱਲ ਝਾਕਿਆ।

—ਵੇ ਸੋਹਣਿਆ, ਉਹ ਤੇਰੇ ਮਾਮਿਆਂ ਵੱਲ ਗਿਆ ਈ।'

—ਮੱਖਣ ਤੇ ਉਹ ਖਾਂਦਾ ਰਿਹਾ, ਮੈਨੂੰ ਲੱਸੀ ਦੇਂਦੀ ਰਹੀ। ਹੁਣ ਲੋੜ ਵੇਲੇ ਮਾਮਿਆਂ ਦੀ ਬੁੱਕਲ 'ਚ ਵੜ ਗਿਆ ਈ ਜਾ ਕੇ।'

—ਇਉਂ ਨਾ ਆਖ ਪੁੱਤ। ਉਹਨੂੰ ਲੜਨਾ ਆਉਂਦਾ ਈ, ਉਹ ਲੜੇਗਾ ਵੀ। ਉਹ ਤਾਂ ਐਸੀ ਸੱਟ ਮਾਰਨ ਦੇ ਦਾਅ 'ਤੇ ਵੇ........।'

—ਰਹਿਣ ਦੇ ਮਾਂ ਰਹਿਣ ਦੇ, ਤੂੰ ਉਹਦੀਆਂ ਤਰਫ਼ਦਾਰੀਆਂ ਬੜੀਆਂ ਕਰਨੀ ਏਂ।' ਮੇਹਰੂ ਨੇ ਰੁਸਿਆ ਜਿਹਾ ਮੂੰਹ ਬਣਾਇਆ।

—ਵੇ ਨਹੀਂ ਵੇ ਪੁੱਤ ਉਹਨੂੰ ਤੇ ਡਾਢਾ ਫ਼ਿਕਰ ਈ ਏਸ ਮਿੱਟੀ ਦਾ। ਆਪਣੀ ਪਿੰਡੀ ਦਾ। ਏਥੋਂ ਦੀਆਂ ਪੈਲੀਆਂ ਦਾ, ਰਾਹਕਾਂ ਦਾ। ਤਾਹੀਓਂ ਤੇ ਉਹ ਲਗਾਨ ਨਹੀਂ ਦੇਣ ਦੇਂਦਾ ਅਕਬਰ ਨੂੰ। ਵੇ ਪੁੱਤਰਾ ਉਹ ਤਾਂ ਬਾਦਸ਼ਾਹ ਦੇ ਬੰਦਿਆਂ ਨੂੰ ਲੁੱਟਦਾ ਰਿਹਾ ਤੇ ਲੋੜ ਵਾਲਿਆਂ 'ਚ ਵੰਡੀਦਾ ਰਿਹਾ। ਆਪਣੇ ਲਈ ਤਾਂ ਉਹ ਸਾਹ ਵੀ ਨਹੀਂ ਲੈਂਦਾ। ਤੂੰ ਵੀ ਓਸੇ ਪਿਊ ਦਾ ਪੁੱਤਰ ਏ, ਮੈਂ ਤੈਨੂੰ ਰੋਹੀਆਂ ਵਿਚੋਂ ਤਾਂ ਨਹੀਂ ਖੜ ਲਿਆਈ?'

—ਕੀ ਪਤਾ ਮਾਂ, ਖੜ ਲਿਆਈ ਹੋਵੇਂ। ਹੁਣ ਨਸ਼ੇ ਖਿੜੇ ਨੇ, ਤਾਅਨੇ ਮੇਹਣੇ ਦੇ ਕੇ ਨਸ਼ਾ ਖੋਟਾ ਨਾ ਕਰ। ਮੈਂ ਚੱਲਿਆਂ ਬੇਲੀਆਂ ਵੱਲ।' ਮੇਹਰੂ ਬਾਰੀ ਵਲ ਵਧਿਆ।



—ਵੇ ਪੁੱਤ ਸਿੱਧਾ ਹੱਲਾ ਨਾ ਕਰਿਓ। ਉਹ ਬਹੁਤੇ ਨੇ ਤੇ ਅਸੀਂ......।'

—ਵੇਖਦੀ ਜਾਈਂ ਮਾਂ ਕੀ ਕਰਨੇ ਆਂ ਅਸੀਂ, ਤੁਰਨ ਵੇਲੇ ਬਹੁਤੀਆਂ ਮੱਤਾਂ ਨਾ ਦੇਹ, ਮੁਗਲਾਂ ਨੂੰ ਤਾਂ ਅਸੀਂ ਏਦਾਂ ਮਸਲ ਦਿਆਂਗੇ, ਜਿੱਦਾਂ ਪੋਸਤ ਦੇ ਡੋਡੇ ਮਸਲ ਦੇ ਹੁੰਨੇ ਆਂ।'

—ਪੁੱਤਰ ਹੋਸ਼ ਵਿਚ ਰਹਿ। ਜੇ ਮੁਗਲੇਟੜਿਆਂ ਨੂੰ ਲਾਹੌਰ ਵਲੋਂ ਆਂਦੀ ਰਸਦ ਲੁੱਟ ਲਵੇਂ ਤਾਂ ਆਪੇ ਭੁੱਖੇ ਮਰਨਗੇ। ਛੁਰੀ ਢਿੱਡ ਵਿਚ ਲੱਗੇ ਤਾਂ ਪੀੜ ਬਹੁਤੀ ਹੁੰਦੀ ਏ।' ਲੱਧੀ ਨੇ ਸਮਝਾਇਆ।

—ਪਤੇ ਦੀ ਗੱਲ ਆਖੀ ਊ ਬੁਢੜੀਏ। ਹਲਾ ਮੈਂ ਚੱਲਿਆ ਵਾਂ। ਤੂੰ ਖਿੜਕੀ ਮਾਰ ਲੈ। ਇਕ ਘੋੜਾ ਤਿਆਰ ਕਰ ਛੱਡੀਂ ਮੈਂ ਆਇਆ।'

ਮੇਹਰੂ ਖਿੜਕੀ ਵਿਚੋਂ ਦੀ ਛਾਲ ਮਾਰ ਕੇ ਬਾਹਰ ਨਿਕਲ ਗਿਆ।

ਲੱਧੀ ਨੇ ਅਜੇ ਖਿੜਕੀ ਬੰਦ ਵੀ ਨਹੀਂ ਸੀ ਕੀਤੀ। ਗੋਲਿਆਂ ਦੀ ਗੂੰਜ ਸੁਣੀ। ਲੱਧੀ ਅੰਦਰੋਂ ਕੰਬ ਗਈ। ਉਹ ਦੌੜ ਕੇ ਵਿਹੜੇ ਵਿਚ ਆਈ।

—ਨੀ ਬਖਤੋ, ਸਲੇਮੋ, ਵੇ ਨੂਰਿਆ, ਹੱਲਾ ਬੋਲ ਦਿੱਤਾ ਈ।'

ਫੁੱਲਰਾਂ ਨੇ ਭੱਠੀ ਵਿਚ ਅੱਗ ਹੋਰ ਤੇਜ਼ ਕਰ ਦਿੱਤੀ।

* * * *

ਜਦੋਂ ਮੇਹਰੂ ਆਪਣੀ ਟੋਲੀ ਲੈ ਕੇ ਝਿੜੀ ਵਿਚ ਆਇਆ, ਉਦੋਂ ਦੁੱਲੇ ਦੇ ਸਾਥੀਆਂ ਅਤੇ ਹੋਰ ਨਵੇਂ ਆਏ ਗੱਭਰੂਆਂ ਦੀ ਵੱਡੀ ਭੀੜ ਜੁੜੀ ਹੋਈ ਸੀ।

ਮੇਹਰੂ ਅਤੇ ਉਹਦੇ ਟੋਲੇ ਨੂੰ ਘੋੜਿਆਂ ਉਪਰ ਚੜ੍ਹੇ ਵੇਖਕੇ, ਜਿਹੜੇ ਉਹਨਾਂ ਨੂੰ ਜਾਣਦੇ ਸਨ ਹੱਸਣ ਲੱਗੇ।

—ਆਪਣਾ ਫੌਜਦਾਰ ਤੇ ਆ ਗਿਆ ਈ, ਹੁਣ ਕਾਈ ਚਿੰਤਾ ਨਹੀਂ।' ਫੱਤੂ ਮਰਾਸੀ ਨੇ ਆਪਣੇ ਅੰਦਾਜ਼ ਵਿਚ ਮੇਹਰੂ ਨੂੰ ਵਡਿਆਇਆ।

—ਫੌਜਦਾਰ ਅੱਗੇ ਤੇ ਅਸੀਂ ਇਹਦੇ ਪਿੱਛੇ, ਮੁਗਲੇਟੇ ਨੱਠਦੇ ਕਿੱਦਾਂ ਨੇ, ਵੇਖਣਾ।' ਰਮਜ਼ੇ ਨੇ ਹਸਦਿਆਂ ਕਿਹਾ।

ਮੇਹਰੂ ਨੇ ਘੋੜੇ ਉਪਰੋਂ ਸਿੱਧੀ ਛਾਲ ਮਾਰੀ ਹੇਠਾਂ—'ਜੇ ਆਖੋਂ ਤਾਂ ਸਿੱਧਾ ਦਿੱਲੀ ਨੂੰ ਈ ਜਾ ਪਈਏ ਪਹਿਲਾਂ?'

—ਲਾਹੌਰ ਨੇੜੇ ਈ।' ਫੱਤੂ ਨੇ ਫਿਰ ਮਸ਼ਕਰੀ ਕੀਤੀ।

—ਲਾਹੌਰ ਤਾਂ ਅਸੀਂ ਨਸ਼ੇ ਟੁੱਟੇ ਤੋਂ ਵੀ ਦੱਬ ਲਵਾਂਗੇ।' ਮੇਹਰੂ ਨੇ ਏਨੇ ਜ਼ੋਰ ਨਾਲ ਬਰਛਾ ਜ਼ਮੀਨ ਵਿਚ ਗੱਡਿਆ। ਉਹ ਸਿੱਧਾ ਖੜ੍ਹਾ ਹੋ ਗਿਆ।

—ਦੁੱਲੇ ਨੇ ਆਖਿਆ ਏ, ਮੇਰੇ ਮੁੜਨ ਤੱਕ ਹੱਲਾ ਨਹੀਂ ਬੋਲਣਾ।' ਗਾਹਣੇ ਨੇ ਖ਼ਬਰਦਾਰ ਕੀਤਾ।

—ਗਾਹਣਿਆਂ ਦੁੱਲਾ ਮੇਰਾ ਹਾਕਮ ਨਹੀਓਂ। ਹੁਣ ਤਾਂ ਮੇਹਰੂ ਖ਼ਾਨ ਆਪਣਾ ਹਾਕਮ ਆਪ ਈ। ਹੱਲਾ ਤਾਂ ਹੋਵੇਗਾ। ਰੋਕਣਾ ਨਹੀਂ ਸਾਨੂੰ। ਨਹੀਂ ਤਾਂ ਮੁਗਲਾਂ ਤੋਂ ਪਹਿਲਾਂ ਕਿਧਰੇ ਧਾਅੜੇ ਨਾਲ ਨਾ 'ਸ੍ਰਾਬ ਕਰਨਾ ਪੈ ਜਾਏ। ਹੱਲਾ ਤਾਂ ਅਸੀਂ ਬੋਲਾਂਗੇ ਤੇ ਬੋਲਾਂਗੇ ਵੀ 'ਕੱਲੇ। ਸਾਡੇ ਨਾਲ ਕਿਸੇ ਨਹੀਂ ਜਾਣਾ। ਅਸੀਂ ਆਪਣੀ ਨਬੇੜਾਂਗੇ, ਤੁਸਾਂ ਆਪਣੀ ਨਬੇੜ ਲੈਣੀ। ਕਿਉਂ ਬਈ ਬੇਲੀਓ.....?' ਮੇਹਰੂ ਨੇ ਆਪਣੇ ਬੰਦਿਆਂ ਵੱਲ ਝਾਕਦਿਆਂ ਪੁੱਛਿਆ।

—ਮੇਹਰੂ, ਸਾਡੇ ਪਾਸ ਹੁਣ ਗੱਲਾਂ ਕਰਨ ਦਾ ਵੇਲਾ ਨਹੀਓਂ। ਹੱਲਾ ਦੱਸ ਕਦੋਂ ਬੋਲਣਾ ਈ। ਜੇ ਨਸ਼ੇ ਹੇਠਾਂ ਲਹਿਣ ਲੱਗ ਪਏ ਤਾਂ...... ।'

—ਮੇਹਰੂ ਅਜੇ ਤਾਂ ਮੁਗਲੇਟਿਆਂ ਭੱਠੀਆਂ ਚਾੜ੍ਹੀਆਂ ਹੋਣੀਆਂ ਨੀ। ਗੋਸ਼ਤ ਪੱਕਦਾ ਹੋਣਾ।' ਗਾਹਣੇ ਨੇ ਹੱਸਦਿਆਂ ਕਿਹਾ।

—ਫੇਰ ਏਸ ਤੋਂ ਸਹੀ ਮੌਕਾ ਕਦ ਆਣਾ। ਅਸਾਂ ਤੇ ਬਿਜਲੀ ਵਾਂਗ ਉਹਨਾਂ ਤੇ ਟੁੱਟਣਾ ਤੇ ਬਾਜ਼ ਵਾਂਗੂ ਪਰਤ ਆਉਣਾ। ਤਿਆਰ ਜੇ ? '– ਮੇਹਰੂ ਨੇ ਆਪਣੇ ਬੰਦਿਆਂ ਤੋਂ ਫਿਰ ਪੁੱਛਿਆ।

—ਜਵਾਂ ਪੱਕੇ।' ਸਾਰਿਆਂ ਨੇ ਬਰਛੇ ਹਵਾ ਵਿਚ ਲਹਿਰਾਏ।

—ਆਓ ਫਿਰ—।'

ਤੇ ਮੇਹਰੂ ਹੋਰਾਂ ਨੇ ਗਾਹਣੇ, ਰਮਜ਼ੇ ਨੂੰ ਰੋਕਣ ਦਾ ਮੌਕਾ ਹੀ ਨਹੀਂ ਦਿੱਤਾ। ਉਹਨਾਂ ਘੋੜਿਆਂ ਨੂੰ ਅੱਡੀ ਲਾਈ ਤੇ ਬਰਛੇ ਸੇਧੀ ਉੱਡ ਗਏ। ਝਿੜੀ ਵਿਚ ਇਕੱਠੇ ਹੋਏ ਸਾਰੇ ਖੁਲ੍ਹੇ ਮੂੰਹੀ ਤੇ ਅੱਖਾਂ ਟੱਡੀ ਵੇਖਦੇ ਹੀ ਰਹਿ ਗਏ।

* * * *

ਅਚਾਨਕ ਝੱਖੜ ਵਾਂਗ ਚੜ੍ਹੇ ਆਉਂਦੇ ਘੋੜ ਸਵਾਰ ਵੇਖ ਕੇ ਮੁਗਲ ਸਿਪਾਹੀ ਇਕਦਮ ਘਬਰਾ ਗਏ।

—ਦੁੱਲਾ ਆ ਗਿਆ ਈ, ਦੁੱਲਾ ਆ ਗਿਆ ਈ'—ਚੀਕਦੇ ਮਘਦੀਆਂ ਭੱਠੀਆਂ ਛੱਡੇ ਕੇ ਆਪਣੇ ਤੰਬੂਆਂ ਵੱਲ ਦੌੜੇ।

ਦੇਖਾ ਦੇਖੀ ਚਾਰੇ ਪਾਸੇ ਹਾਹਾਕਾਰ ਮੱਚ ਗਈ। ਭਿਆਨਕ ਰੌਲਾ ਸੁਣਕੇ ਆਪਣੇ ਤੰਬੂ ਅੰਦਰ ਥਕੇਵਾਂ ਲਾਹ ਰਿਹਾ, ਨਿਜਾਮੁਦੀਨ ਦਾ ਛੋਟਾ ਭਰਾ ਮਿਰਜ਼ਾ ਅਲਾਉਦੀਨ ਦੇ ਹੱਥੋਂ ਸ਼ਰਾਬ ਦਾ ਪਿਆਲਾ ਛੁੱਟ ਗਿਆ।

ਮੇਹਰੂ ਅਤੇ ਉਸਦੇ ਬੇਲੀ ਵਾ–ਵਰੋਲੇ ਵਾਂਗ ਆਏ। ਦੇਗਚਿਆਂ ਵਿਚ ਰਿੱਝਦਾ ਗੋਸ਼ਤ ਰੁੜ੍ਹ ਗਿਆ। ਚੌਲ ਕਿਧਰੇ, ਤੰਬੂ ਕਿਧਰੇ, ਘੋੜੇ–ਘੋੜੀਆਂ ਬੇ–ਲਗਾਮ ਹੋਏ ਇਧਰ ਉਧਰ ਦੌੜਣ ਲੱਗੇ। ਤ੍ਰਭੱਕੇ ਹਾਥੀ ਚਿੰਘਾੜਣ ਲੱਗੇ। ਮੁਗਲਾਂ ਨੂੰ ਸਮਝ ਨਹੀਂ ਸੀ ਆ ਰਹੀ, ਇਹ ਭੂਤਨੇ ਨੇ ਜਾਂ ਬਾਰ ਦੇ ਬੰਦੇ ਨੇ। ਜਦੋਂ ਨੂੰ ਮੁਗਲ ਸੈਨਾ ਕੁਝ ਸੰਭਲੀ। ਬਹੁਤਿਆਂ ਨੇ ਹਥਿਆਰ ਵੀ ਹੱਥਾਂ 'ਚ ਲੈ ਲਏ।.....ਇਹ ਕੀ ਹੋਇਆ ? ਕੌਣ ਸਨ..... ? ਘੇਰਾ ਪਾ ਲਓ.....। ਇਹ ਆਵਾਜ਼ਾਂ ਹਰ ਪਾਸਿਓਂ ਸੁਣਨ ਲੱਗੀਆਂ। ਉਦੋਂ ਤੱਕ, ਮੇਹਰੂ ਅਤੇ ਉਸਦੇ ਸਾਰੇ ਬੇਲੀ ਸਹੀ ਸਲਾਮਤ ਅੰਬਾਂ ਦੀ ਝਿੜੀ ਵਿਚ ਜਾ ਪੁੱਜੇ ਸਨ।

—ਇਹ ਕੌਤਕ ਕੀ ਬਣਿਆ ? ਇਹ ਤਾਂ ਕਮਾਲ ਹੋ ਗਈ। ਇਹ ਕਰਾਮਾਤ ਕਿਵੇਂ ਹੋ ਗਈ ?' ਗਾਹਣਾ, ਰਮਜ਼ਾ, ਫੱਤੂ, ਸ਼ੱਲਾ, ਸੈਦਾ ਅਤੇ ਝਿੜੀ ਵਿਚ ਜੁੜੀ ਭੀੜ ਹੈਰਾਨ, ਮੂੰਹ ਅੱਡੀ ਪੋਸਤੀਆਂ ਵੱਲ ਵੇਖਣ ਲੱਗੀ।

—ਜੇ ਮੇਹਰੂ ਧਾਵਾ ਬੋਲ ਸਕਦਾ ਈ, ਅਸੀਂ ਤਾਂ ਮੁਗਲਾਂ ਦੇ ਲੰਗਾਰ ਲਾਹ ਦਿਆਂਗੇ।' ਰਮਜ਼ਾ ਹੌਸਲੇ ਨਾਲ ਬੋਲਿਆ। ਭੀੜ ਵਿਚੋਂ ਕਿਸੇ ਨਾਅਰਾ ਲਾਇਆ—'ਯਾ ਅਲੀ।'.....ਝਿੜੀ 'ਯਾ ਅਲੀ' ਦੀਆਂ ਆਵਾਜ਼ਾਂ ਨਾਲ ਗੂੰਜ ਉੱਠੀ।

ਮੇਹਰੂ ਦੇ ਸਾਥੀ ਟਾਹਰਾਂ ਮਾਰਨ ਲੱਗੇ।



—ਹਿੱਕ ਸਿਪਾਹੀ ਤਾਂ ਅਪਾਣੀ ਸੁੱਥਣ ਦੇ ਨੇੜੇ ਵਿਚੋਂ ਜੂੰਆਂ ਪਿਆ ਕੱਢਦਾ ਸੀ। ਉਹ ਤਾਂ ਨੰਗਾ ਈ ਦੌੜ ਪਿਆ।'

—ਇਕ ਹੱਗਣ ਬੈਠਾ ਹੋਇਆ ਸੀ, ਮੇਰਾ ਬਰਛਾ ਸਿੱਧਾ.....।'

ਗੱਲ ਪੂਰੀ ਹੋਣ ਤੋਂ ਪਹਿਲਾਂ ਸਾਰੇ ਹੱਸਣ ਲੱਗੇ।

—ਮੈਂ ਤਾਂ ਡੋਡਿਆਂ ਦੀ ਬੋਰੀ ਚੁੱਕ ਕੇ ਦੌੜ ਆਇਆ।' ਇਕ ਹੋਰ ਬੋਲਿਆ।

—ਆਹੋ ਪਿਛੋਂ ਹਾਕਾਂ ਦਿੰਦਾ ਪਿਆ ਸੀ,—'ਜਣਿਆਂ ਪੋਸਤ ਛੱਡ ਜਾਹ, ਮੇਰੀ ਚਾਹੇ ਧੌਣ ਲਈ ਜਾ ਲਾਹ ਕੇ।'

ਸਾਰੇ ਫੇਰ ਹੱਸਣ ਲੱਗੇ।

ਬਹੁਤਿਆਂ ਦੇ ਮਨਾਂ ਅੰਦਰ ਜੰਗ ਦਾ ਡਰ ਘਟਣ ਲੱਗਾ। ਕਈ ਜਣੇ ਤਾਂ ਇਸ ਤਰ੍ਹਾਂ ਵੀ ਸੋਚਣ ਲੱਗੇ—'ਇਕ ਵਾਰ ਜਾ ਕੇ ਵੇਖੀਏ—।'

ਮੇਹਰੂ ਨੇ ਆਪਣੇ ਬੇਲੀਆਂ ਨੂੰ ਫੌਜਦਾਰ ਵਾਂਗ ਹੁਕਮ ਦਿੱਤਾ—'ਆਪਣਾ ਰਸਦ ਪਾਣੀ ਤਿਆਰ ਕਰੋ ਬਈ।'

ਪੋਸਤ ਦੀ ਪੂਰੀ ਬੋਰੀ, ਝੱਟ, ਝਿੜੀ ਵਿਚ ਰੱਖੇ ਇਕ ਕੜਾਹੇ ਵਿਚ ਉਲਟਾ ਦਿੱਤੀ।

ਗਾਹਣਾ ਅਜੇ ਵੀ ਹੈਰਾਨ ਸੀ। ਇਹ ਸਭ ਹੋਇਆ ਕਿਵੇਂ ? ਜੇ ਮੁਗਲਾਂ ਉੱਪਰ ਸਾਡੇ ਪੋਸਤੀ ਏਨੇ ਭਾਰੀ ਪੈ ਸਕਦੇ ਨੇ, ਅਸੀਂ ਤਾਂ ਉਹਨਾਂ ਦੇ ਆਹੂ ਲਾਹ ਦਿਆਂਗੇ। ਕੁਤਰਾ ਕਰ ਦਿਆਂਗੇ। ਪਿਛਾਂਹ ਭੱਜਦਿਆਂ ਲਾਹੌਰ ਨਹੀਂ ਲੱਭਣਾ ਮੁਗਲੇਟਿਆਂ ਨੂੰ.......।

—ਗਾਹਣਿਆਂ।' ਮੇਹਰੂ ਦੀ ਆਵਾਜ਼ ਸੁਣਕੇ ਗਾਹਣਾ ਸੋਚਾਂ ਵਿਚੋਂ ਨਿਕਲਿਆ ਤੇ ਮੇਹਰੂ ਕੋਲ ਆਇਆ।

—ਮੈਨੂੰ ਇੰਜ ਲੱਗਿਆ ਜਿਵੇਂ ਮੌਲਵੀ ਤੇ ਦੁਰਗਾ ਬਾਹਮਣ ਓਥੇ ਹੁੰਦੇ ਨੇ।'

ਗਾਹਣਾ ਹੋਰ ਵੀ ਹੈਰਾਨੀ ਨਾਲ ਮੇਹਰੂ ਵੱਲ ਵੇਖਣ ਲੱਗਾ—'ਆਪਣੀ ਪਿੰਡੀ ਵਾਲੇ ?'

—ਆਹੋ।'

—ਮੇਹਰ ਖ਼ਾਨਾ ਨਸ਼ਾ ਉਪਰ ਦੀ ਹੋਣਾ ਵੇ। ਭਰਮ ਪੈ ਗਿਆ ਹੋਣਾ।'

—ਕੀ ਗੱਲਾਂ ਕਰਨਾ ਪਿਐਂ। ਅੱਲਾਹ ਦੀ ਸੌਂਹ, ਸੱਚ ਆਖਨਾਂ। ਜਦ ਰੌਲਾ ਪੈ ਗਿਆ ਇਕਦਮ ਤਾਂ ਇਹ ਤੰਬੂ ਵਿਚੋਂ ਬਾਹਰ ਨਿਕਲੇ ਸਨ। ਮੈਨੂੰ ਵੇਂਹਦਿਆਂ ਝੱਟ ਮੂੰਹ ਫੇਰ ਕੇ ਅੰਦਰ ਮੁੜ ਗਏ।'

—ਅਗਰ ਇਹ ਸੱਚ ਈ ਤਾਂ ਕੀ ਕਰਦੇ ਹੋਣੇ ਨੇ ਓਥੇ ?' ਗਾਹਣੇ ਨੇ ਫ਼ਿਕਰ ਨਾਲ ਪੁੱਛਿਆ।

—ਇਹ ਧਾਅਨੂੰ ਪਤਾ ਹੋਣਾ।' ਮੇਹਰੂ ਨੇ ਲਾਪਰਵਾਹੀ ਨਾਲ ਕਿਹਾ।

—ਮੈਨੂੰ ਤਾਂ ਲਗਦਾ ਈ, ਇਹ ਅੰਨ ਪਾਣੀ ਖਾਂਦੇ ਨੇ ਪਿੰਡੀ ਦਾ ਤੇ ਮੁਖ਼ਬਰੀਆਂ ਕਰਦੇ ਨੇ ਬਾਦਸ਼ਾਹ ਖ਼ਾਤਰ।'

—ਇਹ ਗੱਲ ਈ ਤਾਂ ਇਹਨਾਂ ਨੂੰ ਵੀ ਰਗੜਾ ਫੇਰ ਆਈਏ। ਨਸ਼ਾ ਅੱਜ ਖਾਸਾ ਵਾਧੂ ਏ ਤੇ ਮੇਰੇ ਡੌਲੇ ਪਏ ਫਰਕਦੇ ਨੀ। ਇਕ ਹੱਲਾ ਹੋਰ ਮਾਰ ਆਈਏ ਰਾਤ ਵੇਲੇ ਤੇ ਫੇਰ ਅਗਲੇ ਦਿੰਹੁ ਤੁਸੀਂ ਜਾਣੋ ਤੇ ਧਾਅਡਾ ਕੰਮ ਜਾਣੇ। ਦੁੱਲੇ ਸੂਰਮੇ ਨੂੰ ਖ਼ਬਰ ਕਰੋ, ਪੋਸਤੀਆਂ ਮੁਗਲਾਂ ਦੇ ਖੇਮਿਆਂ 'ਚ ਭਾਜੜਾਂ ਪਾ ਦਿੱਤੀਆਂ ਨੇ। ਹੁਣ ਏਧਰ ਨਾ ਆਵੇ।' ਆਖ ਕੇ ਮੇਹਰੂ ਖੁਲ੍ਹ ਕੇ ਹੱਸਿਆ।

—ਮੇਹਰੂ, ਦੁੱਲਾ ਨੱਠਿਆ ਨਹੀਂ ਏਥੋਂ, ਨਾ ਈ ਕਿਧਰੇ ਲੁਕਿਆ ਸੀ। ਉਹ ਤਾਂ ਭੋਏਂ ਦਾ ਬੰਦਾ ਏ। ਤੂੰ ਵੀ ਭੋਏਂ ਦਾ ਬੰਦਾ ਏਂ। ਇਹ ਬਾਰ ਜਿੰਨੀ ਦੁੱਲੇ ਦੀ ਏ, ਓਨੀ ਅਸਾਂ ਦੀ ਵੀ ਏ, ਤੇਰੀ ਵੀ ਏ। ਦੁੱਲਾ ਤਾਂ ਬੰਦਿਆਂ ਦੀ ਪਰਖ਼ ਕਰਨ ਗਿਆ ਵੇ, ਏਸ ਮਿੱਟੀ ਦਾ ਕੀਹਨੂੰ ਫ਼ਿਕਰ ਵਧੇਰੇ ਜੇ। ਅਸਲੇ ਦੇ ਜਣੇ ਤਾਂ ਔਖੀ ਘੜੀ ਵੇਲੇ ਈ ਪਛਾਣ ਜਾਣੇ ਨੇ ਨਾ। ਕੱਲ੍ਹ ਦਾ ਦਿਨ ਜਿਵੇਂ ਕਿਵੇਂ ਲੰਘਾ ਲੈਣਾ ਅਸਾਂ ਫੇਰ ਤੇ ਦੁੱਲਾ ਸਾਡੇ ਦਰਮਿਆਨ ਹੋਣਾ ਈ। ਹੁਣ ਤੂੰ ਏਂ, ਜੋ ਵੀ ਏਂ ਆਪਣੀ ਭੋਏਂ ਨੂੰ ਕੰਡ ਤੇ ਨਹੀਂ ਵਿਖਾਈ। ਓਧਰ ਇਕ ਤੇਰਾ ਚਾਚਾ ਈ ਜਲਾਲਦੀਨ ਉਹਦੇ ਕਰਕੇ ਭੱਟੀਆਂ ਦਾ ਮੂੰਹ ਕਾਲਾ ਹੁੰਦਾ ਪਿਐ।'

—ਸਾਰੇ ਤਾਂ ਜਲਾਲਦੀਨ ਨਹੀਂ ਹੁੰਦੇ ਗਾਹਣਿਆਂ।' ਆਖਦਿਆਂ ਮੇਹਰੂ ਪਰ੍ਹਾਂ ਪਏ ਕੜਾਹੇ ਵੱਲ ਝਾਕਿਆ—'ਓਏ! ਲਿਆਓ ਇਕ ਛੰਨਾ ਬੇਲੀਓ, ਨਹੀਂ ਤਾਂ ਮੇਹਰੂ ਦੀਆਂ ਲੱਤਾਂ ਆਕੜਨ ਲੱਗੀਆਂ ਨੇ। ਫੇਰ ਜੇਹੀ ਕਿੱਕਰ ਦੀ ਗੇਲੀ ਪਈ ਹੋਈ ਤੇਹਾ ਮੇਹਰੂ ਪਿਆ ਹੋਇਆ।'

ਮੁਗਲਾਂ ਦੇ ਪੜਾਅ ਵਾਲੇ ਪਾਸਿਓਂ ਗੋਲਾ ਦਾਗ਼ਣ ਦੀ ਆਵਾਜ਼ ਸੁਣੀ।

—ਮੁਗਲ ਹੱਲਾ ਕਰਨਗੇ।' ਰਮਜ਼ਾ ਚਿੰਤਾ ਨਾਲ ਬੋਲਿਆ।

—ਸਾਨੂੰ ਤਾਂ ਲਗਦਾ, ਮੁਗਲਾਂ ਦਾ ਫੌਜਦਾਰ ਡਰਦਾ ਪੱਦੀ ਜਾ ਰਿਹਾ ਈ।' ਫੱਤੂ ਮਰਾਸੀ ਦੀ ਗੱਲ ਸੁਣਕੇ ਸਾਰੇ ਹੱਸਣ ਲੱਗੇ।

—ਖੁਸ਼ ਕੀਤਾ ਈ, ਇਕ ਕੌਲਾ ਮੀਰਜ਼ਾਦੇ ਨੂੰ ਦੇਹ ਬਈ।' ਮੇਹਰੂ ਹੁਣ ਪੂਰੀ ਲੋਰ ਵਿਚ ਸੀ।

ਅਚਾਨਕ ਮੂੰਹ ਸਿਰ ਢਕੀ ਖੜ੍ਹੀ ਲੱਧੀ ਨੂੰ ਵੇਖ ਕੇ ਸਾਰੇ ਹੈਰਾਨ ਰਹਿ ਗਏ। ਇਕੱਠੇ ਹੋਏ ਬੰਦਿਆਂ ਵਿਚੋਂ 'ਸਲਾਮਾਂ' ਅਤੇ 'ਪੈਰੀਂ ਪੈਣਾਂ' ਦੀਆਂ ਆਵਾਜ਼ਾਂ ਸੁਣਨ ਲੱਗੀਆਂ।

ਪੁੱਤਰੋ, ਮੁਗਲੇਟੇ ਤਾਂ ਪਿੰਡੀ ਦੇ ਬੂਹਿਆਂ 'ਤੇ ਆ ਚੜ੍ਹੇ ਨੀ।'

—ਅੱਜ ਤਾਂ ਮੇਹਰੂ ਬਾਜ਼ੀ ਮਾਰ ਗਿਆ ਈ ਅੰਮਾ।' ਗਾਹਣੇ ਨੇ ਮਾਣ ਨਾਲ ਦੱਸਿਆ।

—ਦੁੱਲਾ ਕਦ ਪਰਤਣਾ ਈ?' ਲੱਧੀ ਨੇ ਮੇਹਰੂ ਦੀ ਗੱਲ ਅਣਗੌਲੀ ਕਰਦਿਆਂ ਪੁੱਛਿਆ।

—ਕੱਲ੍ਹ, ਨਹੀਂ ਤਾਂ ਪਰਸੋਂ ਪੱਕਾ।'

—ਫੇਰ ਉਹ ਮੇਹਰੂ ਵੱਲ ਹੋਈ—'ਜੀਂਦਾ ਰਹੇ ਮੇਰਾ ਪੁੱਤਰ। ਸਾਰੇ ਆਂਹਦੇ ਸਨ, ਇਹ ਖੋਟਾ ਸਿੱਕਾ ਈ। ਪੁੱਤਰੋ, ਖੋਟਾ ਸਿੱਕਾ ਉਦੋਂ ਚਲਦਾ ਈ, ਜਦ ਖ਼ਰੇ ਖੁੱਡਾਂ 'ਚ ਲੁੱਕ ਵੈਂਹਦੇ ਨੇ।'

ਮੇਹਰੂ ਨੇ ਹੁਣੇ ਹੁਣੇ ਅਫੀਮ ਰੰਗੇ ਪਾਣੀ ਦਾ ਛੰਨਾ ਪੀਕੇ ਰੱਖਿਆ ਸੀ। ਉਹ ਲੱਧੀ ਦੇ ਨੇੜੇ ਆਇਆ—'ਮਾਂ, ਅਸੀਂ ਤਾਂ ਮੁਗਲਾਂ ਦੇ ਤੰਬੂ ਲੰਗਾਰ ਕਰ ਆਏ। ਤੈਨੂੰ ਆਖਿਆ ਸੀ, ਮੇਹਰੂ ਆਪਣੀ ਆਈ ਤੇ ਆ ਜਾਏ ਤਾਂ ਲਾਹੌਰ ਦਿੱਲੀ ਇਕ ਈ ਮੇਰੇ ਲਈ। ਸੋਲਾਂ ਮੁਗਲੇਟੇ ਜਮ-ਲੋਕ ਛੱਡ ਆਏ ਆਂ। ਹੁਣ ਰਾਤੀਂ ਵੇਖੀਂ ਉਹਨਾਂ ਦੇ ਖੇਮਿਆਂ 'ਚ ਪਰਲੋ ਕਿਵੇਂ ਆਂਦੀ ਏ।'

—ਵੇ ਮੈਂ ਵਾਰੀ ਪੁੱਤ ਏਸ ਘੜੀ ਤੂੰ ਈ ਮੇਰਾ ਹੀਰਾ ਪੁੱਤ ਏ। ਪਿੰਡੀ ਦੀ ਰੱਖ ਵਖਾਈ ਊ ਸੋਹਣਿਆ। ਨਹੀਂ ਤਾਂ ਪਿੰਡੀ ਜਣਿਆਂ ਨੂੰ ਮਿਹਣਾ ਸਾਈ। ਜੀਂਦੇ ਰਹੁ ਪੁੱਤਰੋ। ਮੁੜਨੀ ਆਂ, ਘਰ ਵਿਚ ਧੀਆਂ ਡਾਢੀਆਂ ਘਬਰਾਈਆਂ ਹੋਈਆਂ ਨੀ।'



ਝਿੜੀ ਵਿਚ ਬੈਠੇ, ਪਿੰਡੀ ਅਤੇ ਆਸ ਪਾਸ ਦੇ ਪਿੰਡਾਂ ਤੋਂ ਆਏ ਗੱਭਰੂਆਂ ਅਤੇ ਵਡੇਰੀ ਉਮਰ ਦੇ ਬੰਦਿਆਂ ਦੀ ਡਾਢਢੀ ਭੀੜ ਵੇਖ ਕੇ ਲੱਧੀ ਦੇ ਮੁਰਝਾਏ ਚਿਹਰੇ ਉੱਪਰ ਰੌਣਕ ਪਰਤ ਆਈ।

ਹਵੇਲੀ ਵੱਲ ਮੁੜੀ ਜਾਂਦੀ ਲੱਧੀ ਸੋਚ ਰਹੀ ਸੀ—'ਹੁਣ ਲਗਦਾ ਏ, ਪਿੰਡੀ ਅਜੇ ਵਸਦੀ ਪਈ ਏ।

* * * *

ਝਿੜੀ ਵਿਚ ਹਨੇਰਾ ਹੋਣ ਕਾਰਨ, ਸ਼ੱਲੇ ਨੇ ਬੁਝੀ ਮਸ਼ਾਲ ਫੇਰ ਬਾਲ ਦਿੱਤੀ।

ਸੂਰਜ ਕਦੋਂ ਦਾ ਦਰਿਆ ਦੇ ਲਹਿੰਦੇ ਵੱਲ ਸਰਕੜਿਆਂ ਤੋਂ ਹੇਠਾਂ ਲਹਿ ਚੁੱਕਾ ਸੀ। ਚੁਫੇਰੇ ਹਨੇਰਾ ਪਸਰਨ ਲੱਗਾ।

ਅਸਮਾਨ ਵਿਚ ਅੱਧਾ ਕੁ ਚੰਨ ਪਹਿਲਾਂ ਤੋਂ ਹੀ ਲਟਕਿਆ ਹੋਇਆ ਸੀ। ਪਰ ਉਸਦਾ ਵਜੂਦ ਅਤੇ ਰੌਸ਼ਨੀ ਨਾ ਹੋਇਆਂ ਵਰਗੀ ਸੀ।

ਮੇਹਰੂ ਅਤੇ ਓਹਦੇ ਬੇਲੀ ਨਸ਼ੇ ਵਿਚ ਕਿਲਕਾਰੀਆਂ ਮਾਰ ਰਹੇ ਸਨ। ਇਕ ਦੂਜੇ ਨੂੰ ਛੇੜ ਰਹੇ ਸਨ। ਮੁਗਲ ਸਿਪਾਹੀਆਂ ਦੀਆਂ ਗੱਲਾਂ ਕਰਕੇ ਹੱਸ ਰਹੇ ਸਨ। ਫੱਤੂ, ਸ਼ੱਲੇ ਵੱਲ ਝਾਕ ਕੇ ਹੱਸਿਆ—'ਏਸੇ ਵੇਲੇ ਤਾਂ ਇਹਨਾਂ ਦੀਆਂ ਕੁੱਤੀਆਂ ਅਸਮਾਨੀਂ ਭੌਂਕਦੀਆਂ ਪਈਆਂ ਨੇ ਬਈ।' ਦੋਵੇਂ ਹੱਸਣ ਲੱਗੇ।

ਗੱਲ ਮੇਹਰੂ ਨੂੰ ਸੁਣ ਗਈ।

—ਇਹ ਕੁੱਤੀਆਂ ਮੁਗਲਾਂ ਦੇ ਤੰਬੂਆਂ ਵਿਚ ਵੀ ਭੌਂਕਣਗੀਆਂ, ਟੁੰਡਿਆ।' ਮੇਹਰੂ ਨੇ ਰੜਕਵਾਂ ਮੋੜ ਕਰਦਿਆਂ ਆਪਣੇ ਬੇਲੀਆਂ ਨੂੰ ਕਿਹਾ—'ਲੈ ਬਈ ਮਿੱਤਰੋ, ਕੋਈ ਵਾਧ ਘਾਟ ਜੇ ਤਾਂ ਪੂਰੀ ਕਰ ਲਓ ਹੁਣ, ਫੇਰ ਆਪਾਂ ਮੀਰਜ਼ਾਦੇ ਤੇ ਗਾਹਣੇ ਨਾਲ ਇਕ ਸ਼ਰਤ ਲਾਣੀ ਊ।'

—ਸ਼ਰਤ?' ਸਾਰੇ ਨਸ਼ੇ ਵਿਚ ਜੰਗਲੀ ਬਿੱਲੀਆਂ ਵਾਂਗ ਅੱਖਾਂ ਮਟਕਾਉਂਦੇ ਬੋਲੇ।

—ਹਾਂ, ਏਥੋਂ ਝਿੜੀ ਵਿਚੋਂ ਘੋੜਿਆਂ ਨੂੰ ਅੱਡੀਆਂ ਲਾਕੇ ਮਰਾਵਾਂਗੇ ਛਾਲਾਂ ਤੇ ਮੁਗਲੇਟਿਆਂ ਦੇ ਸਿਰਾਂ 'ਤੇ ਜਾ ਉਤਾਰਾਂਗੇ। ਉਹ ਸੁੱਤੇ ਪਏ ਚੰਘਾੜਾਂ ਮਾਰ ਉਠਣਗੇ,—ਇਹ ਅਸਮਾਨੋਂ ਕੌਣ ਆ ਪਏ ਜੇ?'

—ਕੀ ਲਾਣਾ ਈ ਸ਼ਰਤ 'ਤੇ?' ਗਾਹਣੇ ਨੇ ਖੁਸ਼ ਹੁੰਦਿਆਂ ਪੁੱਛਿਆ।

—ਸ਼ਰਤ ਇਹ ਲਾਣੀ ਏ ਪਈ, ਜੇ ਸਾਡੇ ਘੋੜੇ ਰਾਹ ਵਿਚ ਥੱਲੇ ਉੱਤਰੇ ਤਾਂ ਦੁੱਲੇ ਤੇ ਤੁਸਾਂ ਜੋ ਦਾਰੂ ਸ਼ਾਰੂ ਤੇ ਹੋਰ ਨਸ਼ੇ ਲੁੱਟੇ ਨੇ ਸ਼ਾਹੂਕਾਰਾਂ ਤੋਂ, ਉਹ ਸਾਡੇ ਹੋਏ। ਜੇ ਅਸੀਂ ਸਿੱਧੇ ਮੁਗਲਾਂ ਦੇ ਸਿਰਾਂ 'ਤੇ ਜਾ ਉੱਤਰੇ, ਫੇਰ ਅਸੀਂ ਤੁਸਾਂ ਤੋਂ ਖੋਹ ਲੈਣੇ ਨੀ।'

ਮੇਹਰੂ ਦੀ ਸ਼ਰਤ ਸੁਣਕੇ ਸਾਰੀ ਝਿੜੀ ਹੱਸਣ ਲੱਗ ਪਈ।

—ਮੇਹਰੂ ਸਰਦਾਰਾ, ਏਸ ਵਾਰ ਤਾਂ ਮੈਨੂੰ ਵੀ ਨਾਲ ਖੜ ਲੈ।' ਫੱਤੂ ਨੇ ਆਪਣੇ ਜਾਣੇ ਮਸ਼ਕਰੀ ਨਾਲ ਕਿਹਾ।

—ਨਾ ਉਏ ਮੀਰਜ਼ਾਦਿਆ, ਤੂੰ ਦੁੱਲੇ ਸੂਰਮੇ ਦੀ ਢਾਣੀ ਦਾ ਏਂ। ਸੂਰਮੇ ਏਦਾਂ ਨਹੀਂ ਲੜਦੇ। ਉਹ ਦਾਅ ਮਾਰਕੇ ਲੜਦੇ ਨੇ। ਹੁਣ ਸਾਡੀ ਵਾਰੀ ਏ, ਸਾਨੂੰ ਈ ਲਾਣ ਦੇਹ।'

ਸਾਰੇ ਪੋਸਤੀ ਫੇਰ ਤਿਆਰ ਹੋਣ ਲੱਗੇ।

ਗਾਹਣੇ ਨੇ ਰੋਕਿਆ—'ਖਾਧੀ ਪੀਤੀ ਊ ਪੈ ਰਹਵੋ।'

—ਖਾਧੀ ਪੀਤੀ ਪੈਣ ਥੋੜ੍ਹਾ ਈ ਦਿੰਦੀ ਊ ਗਾਹਣਿਆ। ਇਹ ਤਾਂ ਅਸਾਂ ਦੇ ਖੁਰਕ ਕਰਦੀ ਪਈ ਏ। ਹਟ, ਪਿੱਛੇ ਹੋ ਜਾ, ਅਸਾਂ ਦੇ ਤਾਅ ਨੂੰ ਮੋੜਾ ਨਾ ਦੇਹ।'

—ਰਾਤ ਵੇਲੇ ਲੜਨ ਦਾ ਅਸੂਲ ਵੀ ਨਹੀਂ ਹੈਗਾ ਕੋਈ।' ਗਾਹਣਾ ਜ਼ੋਰ ਦੇ ਕੇ ਬੋਲਿਆ।

—ਅਸੀਂ ਅਸੂਲਾਂ ਤੋਂ ਬਾਹਰ ਆਂ। ਉਹ ਲਾਹੌਰੋਂ ਅਸੂਲਾਂ ਨਾਲ ਚੜ੍ਹ ਕੇ ਆਏ ਨੇ?' ਉਹਨਾਂ ਵਾਗਾਂ ਤੁਣਕੀਆਂ। ਘੋੜਿਆਂ ਨੂੰ ਅੱਡੀ ਲਾਈ ਗਾਹਣਾ ਪਿੱਛੇ ਹਟ ਗਿਆ ਤੇ ਮੇਹਰੂ ਦੀ ਢਾਣੀ ਝਿੜੀ 'ਚੋਂ ਬਾਹਰ ਹੋ ਗਈ।

****

ਮਿਰਜ਼ਾ ਅਲਾਉਦੀਨ ਦੇ ਖ਼ੇਮੇ ਦੇ ਬਾਹਰ ਸਖ਼ਤ ਪਹਿਰਾ ਸੀ। ਇਕ ਸਿਪਾਹੀ ਮਸ਼ਾਲ ਲਈ ਖੜ੍ਹਾ ਸੀ। ਅਲਾਉਦੀਨ ਦੀਆਂ ਹਦਾਇਤਾਂ ਤੇ ਸਿਪਾਹੀਆਂ ਦੀ ਇਕ ਟੁਕੜੀ ਪੂਰੀ ਤਰ੍ਹਾਂ ਤਿਆਰ ਅਤੇ ਹੁਸ਼ਿਆਰ ਖ਼ਬਰਦਾਰ ਸੀ।

ਹਨੇਰੇ ਵਿਚ ਤੂਫ਼ਾਨ ਵਾਂਗ ਚੜ੍ਹ ਆਈ ਮੇਹਰੂ ਦੀ ਢਾਣੀ ਨੂੰ ਜਦੋਂ ਸਾਹਮਣੇ ਤੋਂ 'ਯਾ ਅਲੀ ਤੇ ਅਲਾਹ ਹੂ ਅਕਬਰ' ਦੇ ਜੈਕਾਰੇ ਸੁਣੇ ਤਾਂ ਨਸ਼ੇੜੀਆਂ ਦੀ ਹਵਾ ਸਰਕ ਗਈ। ਪਰ ਹੁਣ ਨਸ਼ੇ ਉਤੋਂ ਦੀ ਸਨ ਤੇ ਉਹ ਮੁਗਲਾਂ ਦੀ ਮਾਰ ਹੇਠ ਸਨ। ਪਿੱਠ ਦਿਖਾ ਕੇ ਭੱਜਣ ਨਾਲੋਂ ਮੇਹਰੂ ਨੇ ਮੋੜਵਾਂ ਜੈਕਾਰਾ ਛੱਡਿਆ।

ਤਲਵਾਰਾਂ ਨਾਲ ਤਲਵਾਰਾਂ ਟਕਰਾਈਆਂ। ਢਾਲਾਂ ਦੀ ਖੜਕਾਹਟ ਸੁਣਾਈ ਦਿੱਤੀ। ਆਰ ਪਾਰ ਹੁੰਦੇ ਬਰਛਿਆਂ ਨੇ ਸਿਪਾਹੀਆਂ ਵਿਚ ਕੁਰਲਾਹਟ ਮਚਾ ਦਿੱਤੀ। ਰੁੱਖਾਂ ਦੇ ਆਲ੍ਹਣਿਆਂ ਵਿਚ ਬੇਫ਼ਿਕਰ ਸੁੱਤੇ ਪਰਿੰਦਿਆਂ ਨੂੰ ਵਖ਼ਤ ਪੈ ਗਿਆ, ਉਹ ਭਿਆਨਕ ਚਿਚਲਾਹਟ ਕਰਦੇ ਉੱਡ ਪਏ।

ਚੁਫੇਰੇ ਕੁਝ ਨਹੀਂ ਸੀ ਦਿਸਦਾ ਤੇ ਹੱਲਾ ਏਨਾ ਅਚਾਨਕ ਤੇ ਬੇਤਰਤੀਬਾ ਸੀ, ਉਹ ਝੱਖੜ ਵਾਂਗ ਗਏ ਤੇ ਹੂੰਝਾ ਮਾਰ ਕੇ ਮੁੜ ਆਏ। ਕਿਸਦੇ ਵੱਜਿਆ, ਕਿਸਨੇ ਮਾਰਿਆ, ਕੌਣ ਮਰਿਆ, ਏਨਾ ਸੋਚਣ ਦੇਖਣ ਦਾ ਵਕਤ ਕਿਥੇ ਸੀ।

ਝਿੜੀ ਦੇ ਬਾਹਰ ਮੇਹਰੂ ਨੇ ਖੜ੍ਹ ਕੇ ਆਪਣੇ ਬੰਦੇ ਗਿਣੇ। ਚਾਰ ਘੱਟ ਸਨ। ਮੇਹਰੂ ਦੇ ਮੋਢੇ ਵਿਚ ਵੀ ਨੇਜ਼ੇ ਦਾ ਜ਼ਖਮ ਸੀ। ਕੁੜਤਾ ਲਹੂ ਨਾਲ ਭਿੱਜ ਗਿਆ ਸੀ। ਅਜੇ ਵੀ ਲਹੂ ਵਗੀ ਜਾ ਰਿਹਾ ਸੀ।

—ਘਰ ਚਲਨੇ ਆਂ।' ਮੇਹਰੂ ਦੇ ਸੁਸਤ ਜਿਹੇ ਬੋਲ ਨਿਕਲੇ।'

ਨਸ਼ਾ ਉੱਤਰ ਰਿਹਾ ਸੀ।

ਘੋੜੇ ਵੀ ਥੱਕੇ ਥੱਕੇ ਪਿੰਡੀ ਵੱਲ ਮੁੜੇ।

ਮੇਹਰੂ ਨੇ ਅੱਧੀ ਰਾਤੀਂ ਹਵੇਲੀ ਦਾ ਬੂਹਾ ਜਾ ਖੜਕਾਇਆ।

****

ਜ਼ਖਮੀਆਂ ਨੂੰ ਵੇਖ ਕੇ ਲੱਧੀ ਦਾ ਕਾਲਜਾ ਪਾਟ ਗਿਆ। ਉਸਨੇ ਦੁਹੱਥੜ ਪਿਟਦਿਆਂ ਲੇਰ ਮਾਰੀ—'ਵੇ ਮੇਰੇ ਸੋਹਣਿਓਂ.......।



ਪਲਾਂ ਵਿਚ ਹੀ, ਫੁੱਲਰਾਂ, ਬਖਤੋ, ਸਲੇਮੋ, ਨੂਰਾ ਉਸਦੀ ਵਹੁਟੀ ਬਾਹਰ ਵਿਹੜੇ ਵਿਚ ਆ ਗਏ। ਸਲੇਮੋ ਤਾਂ ਉੱਚੀ ਉੱਚੀ ਰੋਣ ਲੱਗ ਪਈ। ਆਂਢੀ-ਗੁਆਂਢੀ ਛੱਤਾਂ ਉੱਪਰ ਆ ਚੜ੍ਹੇ।

—ਅੰਮਾਂ ਲੱਧੀਏ ਪੌੜੀ ਲਾ।' ਕਈ ਤਾਂ ਮੇਹਰੂ ਨੂੰ ਹੋਰ ਨੇੜਿਉਂ ਵੇਖਣਾ ਚਾਹੁੰਦੇ ਸਨ। ਇਕ ਕਾਹਲੇ ਨੇ ਤਾਂ ਹੇਠਾਂ ਛਾਲ ਹੀ ਮਾਰ ਦਿੱਤੀ।

ਵਿਹੜਾ ਭਰ ਗਿਆ।

—ਦੀਵਾ ਬਾਲੋ ਨੀ।' ਲੱਧੀ ਨੇ ਫੁੱਲਰਾਂ ਨੂੰ ਕਿਹਾ।

—ਬਖਤੋ ਪੁੱਤ ਚੁਲ੍ਹਾ ਬਾਲ ਪਾਣੀ ਤੱਤਾ ਕਰ।'

—ਤੱਤੇ ਪਾਣੀ ਦਾ ਤਾਂ ਕੜਾਹਿਆ ਭਰਿਆ ਪਿਆ ਅੰਮਾਂ, ਮੈਂ ਹੁਣੇ ਲਿਆਈ।' ਉਹ ਦੌੜ ਕੇ ਗਈ।

—ਮੈਂ ਮਲ੍ਹਮ ਲਿਆਵਾਂ।'

ਹੱਥਾਂ ਪੈਰਾਂ 'ਚ ਆਈ ਲੱਧੀ ਨੂੰ ਸਮਝ ਨਹੀਂ ਸੀ ਪੈਂਦੀ, ਪਹਿਲਾਂ ਕੀ ਕੰਮ ਕਰੇ।

ਆਂਢੀ ਗੁਆਂਢੀ ਵੀ ਹੱਥੋ-ਹੱਥ ਕੰਮ ਕਰਾਉਣ ਲੱਗੇ। ਬਰਕਤਾਂ ਬਖਤੋ ਕੋਲ ਵਿਹੜੇ ਵੱਲ ਚਲੀ ਗਈ।

ਦੀਵੇ ਦੇ ਚਾਨਣ ਵਿਚ ਲੱਧੀ ਨੇ ਆਖਿਆ—'ਪੁੱਤਰੋ ਵੇਖੋ ਖਾਂ, ਜ਼ਖ਼ਮ ਡੂੰਘੇ ਤਾਂ ਨਹੀਂ ਬਹੁਤੇ?

ਇਕ ਸਿਆਣੀ ਉਮਰ ਦੇ ਗੁਆਂਢੀ ਨੇ ਵੇਖਿਆ, ਜ਼ਖ਼ਮ ਮਾਰੂ ਨਹੀਂ ਸਨ। ਬਰਛਾ ਖਹਿ ਕੇ ਲੰਘਿਆ ਸੀ। ਜ਼ਖ਼ਮ ਉਪਰ ਮਾਸ ਵਿਚ ਹੀ ਸੀ। ਮੇਹਰੂ ਦੇ ਸਾਥੀਆਂ ਨੂੰ ਵੀ ਡੂੰਘੇ ਜ਼ਖ਼ਮ ਨਹੀਂ ਸਨ।

ਸਾਰਿਆਂ ਦੇ ਜ਼ਖ਼ਮ ਸਾਫ਼ ਕੀਤੇ, ਫਿਰ ਮਲ੍ਹਮ ਲਾਕੇ ਪੱਟੀਆਂ ਬੰਨ੍ਹ ਦਿੱਤੀਆਂ। ਨਾਲ ਨਾਲ ਉਹ ਮੇਹਰੂ ਤੋਂ ਗੱਲਾਂ ਵੀ ਪੁੱਛਣ ਲੱਗੇ। ਜਿਵੇਂ ਮੇਹਰੂ ਆਪਣੇ ਦਸਤੇ ਦੀਆਂ ਬਹਾਦਰੀਆਂ ਬਾਰੇ ਦੱਸਦਾ, ਕੁਝ ਹਸਦੇ, ਕੁਝ ਹੈਰਾਨ ਹੁੰਦੇ, ਔਰਤਾਂ ਤਰਾਹ ਤਰਾਹ ਕਰਦੀਆਂ।

ਥੋੜੀ ਦੇਰ ਬਾਅਦ ਇਕ ਇਕ ਕਰਕੇ ਆਂਢੀ ਗੁਆਂਢੀ ਜਿਵੇਂ ਆਏ ਸਨ, ਉਵੇਂ ਮੁੜਨ ਲੱਗੇ। ਜਦ ਸਾਰੇ ਚਲੇ ਗਏ, ਮੇਹਰੂ ਨੇ ਰੋਸੇ ਜਿਹਾ ਨਾਲ ਲੱਧੀ ਨੂੰ ਕਿਹਾ—'ਮਾਂ ਸਵੇਰੇ ਅਸਾਂ ਕੋਈ ਨਈ੍ਹੀਂ ਜਾਣਾ।'

—ਵੇ ਪੁੱਤਰਾ ਇਕ ਦਿਨ ਵਿਚ ਈ।'..........

—ਆਪਣੇ ਸੂਰਮੇ ਨੂੰ ਸੱਦ ਲੈ, ਦੁੱਲੇ ਨੂੰ। ਜੇ ਬਰਛਾ ਭੋਰਾ ਕੁ ਏਧਰ ਹੋ ਜਾਂਦਾ ਤਾਂ ਮੈਂ ਤਾਂ ਗਿਆ ਸੀ ਡੋਡਿਆਂ ਦੇ ਭਾਅ।'

—ਏਨਾ ਕੁਝ ਤਾਂ ਹੋਂਦਾ ਈ ਪੁੱਤਰ, ਜੰਗ ਲੜਨ ਗਿਆ ਸੈਂ, ਬਰਾਤੇ ਥੋੜ੍ਹਾ ਈ ਚੜ੍ਹਿਆ ਸੈਂ?'

—ਮੇਰੇ ਚਾਰ ਜੋੜੀਦਾਰ ਮਾਰੇ ਗਏ ਨੀ ਮਾਂ। ਜੇ ਅਸੀਂ ਫੜੀਚ ਗਏ ਹੁੰਦੇ ਤਾਂ ਸਾਡੇ ਸਿਰ ਬਰਛਿਆਂ ਉਪਰ ਟੰਗ ਦੇਣੇ ਸੀ ਮੁਗਲਾਂ।'

—ਸੁਹਣਿਆਂ ਤੂੰ ਤੇ ਪਿੰਡ ਦੀ ਲਾਜ ਰੱਖ ਲਈ। ਜਾਹ ਕੁੜੇ ਬਖ਼ਤੋ, ਦੁੱਧ ਵਿਚ ਹਲਦੀ ਪਾ ਕੇ ਲਿਆ।' ਲੱਧੀ, ਮੇਹਰੂ ਦੀ ਬਾਂਹ ਉਪਰ ਆਈ ਇਕ ਹੋਰ ਝਰੀਟ ਨੂੰ ਮੋਹ ਨਾਲ ਪਲੋਸਣ ਲੱਗੀ।

—ਦੁੱਖਦੀ ਐਂ ਮਾਂ।' ਮੇਹਰੂ ਇਕ ਦਮ ਤੜਫ ਉਠਿਆ। ਝਟਕੇ ਨਾਲ ਬਾਂਹ ਪਾਸੇ ਕਰ ਲਈ। ਲੱਧੀ ਨੇ ਹੱਥ ਪਿਛਾਂਹ ਖਿੱਚਿਆ ਤੇ ਡਰ ਗਈ।

—ਪੁੱਤਰ ਇਕ ਗੱਲ ਦੱਸ, ਪਿੱਠ ਦਿਖਾ ਕੇ ਤਾਂ ਨਹੀਂ ਦੌੜਿਆ?'

—ਕੀ ਆਖਦੀ ਏ ਮਾਂ?' ਮੇਹਰੂ ਜ਼ਖ਼ਮਾਂ ਦੀ ਪੀੜ ਭੁੱਲ ਗਿਆ। —'ਸੋਲਾਂ ਦੀਆਂ ਧੌਣਾਂ ਤਾਂ ਦਿਨੇ ਹੀ ਲਾਹ ਆਏ ਸਾਂ, ਰਾਤੀਂ ਪਤਾ ਨਹੀਂ ਕਿੰਨੇ ਮਾਰੇ ਹੋਣੇ ਨੇ। ਅਸਾਂ ਨੂੰ ਤਾਂ ਚੀਕਾਂ ਮਾਰਦੇ ਤੇ ਡਿੱਗਦੇ ਈ ਦਿਸੇ ਨੇ—।'

—ਜਿਉਂਦਾ ਰਹੁ ਵੇ ਪੁੱਤਰਾ ਮਾਂ ਦੇ ਦੁੱਧ ਦੀ ਲਾਜ ਰੱਖੀ ਊ। ਲੱਧੀ ਮੇਹਰੂ ਦੇ ਸਿਰ 'ਤੇ ਹੱਥ ਫੇਰਨ ਲੱਗੀ।

—ਮਾਂ ਇਕ ਹੋਰ ਗੱਲ ਈ, ਆਪਣੇ ਸੂਰਮੇ ਨੂੰ ਆਖੀਂ, ਮੁਗਲਾਂ ਤੋਂ ਪਹਿਲਾਂ ਪਿੰਡੀ ਦੇ ਮੁਗਲਾਂ ਨਾਲ ਸਿੱਝ ਲਵੇ।'

—ਪਿੰਡੀ ਦੇ ਕਿਹੜੇ ਮੁਗਲ ਪੁੱਤ?' ਲੱਧੀ ਹੈਰਾਨ ਹੋਈ।

—ਮੌਲਵੀ ਤੇ ਪੰਡਤ ਦੁਰਗਾ ਮੈਂ ਦੇਖੇ ਨੀ ਓਥੇ ਫਿਰਦੇ ਮੁਗਲਾਂ ਵੱਲ।'

—ਘਰ ਦਾ ਭੇਤੀ ਬੜਾ ਭੈੜਾ ਹੁੰਦਾ ਈ ਪੁੱਤਰ।' ਲੱਧੀ ਫ਼ਿਕਰਾਂ ਵਿਚ ਡੁੱਬ ਗਈ।

ਨੂਰਾ, ਮੇਹਰੂ ਦੀ ਪੈਂਦੇ ਬੈਠ ਗੱਲਾਂ ਸੁਣ ਰਿਹਾ ਸੀ। ਉਹ ਹੌਲੀ ਜਿਹੀ ਬੋਲਿਆ;

—ਅੰਮਾਂ ਤਾਇਆ ਤਾਂ ਜ਼ਖ਼ਮੀ ਹੋ ਗਿਆ ਈ ਤੇ ਅੱਬਾ ਮਾਮਿਆਂ ਵੱਲ ਏ। ਕੱਲ੍ਹ ਨੂੰ ਮੈਂ ਜਾਵਾਂ ਫਿਰ?'

—ਨਾ ਵੇ ਸੋਹਣਿਆਂ, ਤੇਰੀ ਉਮਰ ਕੋਈ ਮੁਗਲਾਂ ਨਾਲ ਲੜਨ ਦੀ ਏ?'

—ਉਮਰ ਨੂੰ ਕੀ ਏ ਅੰਮਾਂ। ਪਿੰਡੀ ਦੇ ਸਾਰੇ ਮੇਰੇ ਜਿਹੇ ਮੁੰਡੇ ਤਿਆਰ ਨੇ। ਚੌਧਰੀਆਂ ਦੇ ਖੋਖਰ, ਨਿਹਾਲੂ ਤੇ ਸੁਲਤਾਨ ਹੋਰੀਂ ਚਾਰ ਪੰਜ ਨਾਲ ਨਹੀਂ ਵੀ ਹੋਏ ਕੀ ਫਰਕ ਪੈਣਾ। ਅਸੀਂ ਤਾਂ ਹਥਿਆਰ ਵੀ ਇਕ ਥਾਂ ਲੁਕਾ ਛੱਡੇ ਨੇ।' ਨੂਰੇ ਨੇ ਮਾਣ ਨਾਲ ਦੱਸਿਆ।

—ਵੇ ਪੁੱਤ, ਮੁਗਲੇਟਿਆਂ ਦੀ ਫੌਜ ਨਾਲ, ਪਿੰਡ ਦੇ ਛੋਹਰਾਂ ਕੀ ਲੜ ਲੈਣਾ ਹੋਇਆ।'

—ਅਸਾਂ ਕੋਈ ਫੌਜ ਥੋੜ੍ਹਾ ਈ ਬਣਾਈ ਊ ਅੰਮਾਂ। ਸਾਡੀ ਤਾਂ ਲੋਕਾਂ ਦੀ ਢਾਣੀ ਏ। ਅਸਾਂ ਕੋਈ ਤਨਖਾਹਾਂ ਲੈ ਕੇ ਲੜਨਾ ਮੁਗਲਾਂ ਵਾਂਗਰਾਂ। ਅਸਾਂ ਤਾਂ ਆਪਣੇ ਘਰਾਂ ਦੀ ਹਿਫਾਜ਼ਤ ਲਈ ਲੜਨਾ। ਅਸਾਂ ਇਕ ਵਿਉਂਤ ਵੀ ਬਣਾਈ ਏ।'.......

—ਵੇ ਪੁੱਤ ਤੂੰ ਕਿਥੋਂ ਵਿਉਂਤਾਂ ਬਣੀਨ ਜੋਗਾ ਹੋ ਗਿਆ?' ਲੱਧੀ ਨੂੰ ਨੂਰੇ ਦੀਆਂ ਗੱਲਾਂ ਤੇ ਇਤਬਾਰ ਨਹੀਂ ਸੀ ਆ ਰਿਹਾ।

—ਸੱਚ ਆਖਨਾ ਅੰਮਾਂ, ਅਸਾਂ ਸਿੱਧਾ ਨਹੀਂ ਲੜਨਾ। ਅਸਾਂ ਤੇ ਜਾਣਾ ਰਾਤ ਦੇ ਹਨੇਰੇ ਵਿਚ, ਜਦੋਂ ਮੁਗਲਾਂ ਸੁੱਤੇ ਹੋਣਾ ਤੇ ਜਾਣਾ ਵੀ ਏਦਾਂ ਜਿਵੇਂ ਗਾਂਵਾਂ ਦੇ ਵੱਗ ਵਿਚ ਬਘਿਆੜ ਜਾਂਦੇ ਨੇ ਸ਼ਹਿ ਲਾਕੇ। ਫਿਰ ਇਕਦਮ ਭਾਜੜਾਂ ਪਾ ਆਵਾਂਗੇ। ਦਾਦੇ ਪੜਦਾਦੇ ਦਾ ਨਾਂ ਵੀ ਤਾਂ ਕੱਢਣਾ ਹੋਇਆ।'

—ਜੀਵੇਂ ਪੁੱਤਰ ਜੀਵੇਂ। ਪਿਉ ਦਾਦੇ ਦਾ ਨਾਂ ਜੰਮ ਜੰਮ ਕੱਢ। ਜਾਹ ਆਪਣੀ ਮਾਂ ਤੋਂ ਦੁਆਵਾਂ ਲੈ ਲੈ ਸੋਹਣਿਆਂ।'

ਜਦ ਅੰਮਾਂ, ਕੋਲੋਂ ਨੂਰੇ ਦੀਆਂ ਗੱਲਾਂ ਸੁਣੀਆਂ, ਬਖਤੋ ਤੇ ਸਲੇਮੋ ਅੱਖਾਂ ਭਰ ਆਈਆਂ। ਨੂਰੇ ਦੀ ਵਹੁਟੀ ਡੁਸਕਣ ਲੱਗ ਪਈ।



—ਅੰਮਾਂ ਇਹਨਾਂ ਨੂੰ ਕੀ ਹੋ ਗਿਆ ਈ, ਲੜਨ ਤੇ ਮੈਂ ਚੱਲਿਆਂ।' ਨੂਰੇ ਨੇ ਦਲੇਰੀ ਨਾਲ ਕਿਹਾ।

—ਤੂੰ ਏਸ ਘਰ ਦਾ ਚਿਰਾਗ਼ ਏਂ ਪੁੱਤਰਾ, ਏਸ ਤਰ੍ਹਾਂ ਜਾਣ 'ਤੇ ਦੁੱਖ ਤਾਂ ਹੁੰਦਾ ਈ ਏ ਨਾ।' ਆਖਦਿਆਂ ਲੱਧੀ ਦਾ ਗਲਾ ਵੀ ਭਰ ਆਇਆ।

—ਏਹ ਤਰ੍ਹਾਂ ਦੀ ਗੱਲ ਨਹੀਂ ਅੰਮਾਂ'—ਬਖਤੋ ਬੋਲੀ—'ਮੈਂ ਤਾਂ ਰੋਨੀ ਆਂ ਜੇ ਮੈਂ ਵੀ ਮਰਦ ਹੁੰਦੀ, ਅੱਜ ਨੂਰੇ ਭਰਾ ਦੇ ਨਾਲ ਤੁਰਦੀ।'

—ਅੰਮਾਂ ਮੈਨੂੰ ਵੀਰੇ ਦੇ ਕਪੜੇ ਦੇਹ, ਮੈਂ ਵੀ ਜਾਵਾਂ। ਵੇਖਾਂ ਤਾਂ ਸਹੀ ਮੁਗਲੇਟੇ ਹੁੰਦੇ ਕਿੱਦਾਂ ਦੇ ਨੇ।' ਸਲੇਮੋ ਨੇ ਆਖਿਆ।

—ਕਾਹਲੀਆਂ ਕਿਉਂ ਪੈਂਦੀਓਂ ਧੀਓ। ਇਹ ਬਾਹਰੋਂ ਲੜਨਗੇ, ਅਸਾਂ ਅੰਦਰੋਂ ਲੜਨਾ ਈ। ਸਬਰ ਕਰੋ ਥੋੜਾ।

ਕੋਲ ਖੜ੍ਹੀ ਫੁੱਲਰਾਂ ਨੇ ਨੂਰੇ ਨੂੰ ਬੁਕਲ ਵਿਚ ਲਿਆ ਤੇ ਰੋਣ ਲੱਗ ਪਈ।

—ਮਾਂ ਜੇ ਏਦਾਂ ਤੋਰੇਂਗੀ ਤਾਂ ਮੈਂ ਵੀ ਰੋਂਦਾ ਈ ਜਾਣਾ।' ਨੂਰੇ ਨੇ ਹਿਰਖ਼ ਕੀਤਾ।

—ਅੱਲਾਹ ਮੇਹਰ ਕਰੇਗਾ ਪੁੱਤਰ, ਧਿਆਨ ਨਾਲ ਜਾਵੀਂ। ਖੈਰੀਂ ਸੁੱਖੀ ਮੁੜੀਂ। ਪੰਜ ਸੱਤ ਮੁਗਲ ਮਾਰ ਕੇ ਆਵੀਂ।' ਕਹਿੰਦਿਆਂ ਕਹਿੰਦਿਆਂ ਫੁੱਲਰਾਂ ਰੋਂਦੀ ਵੀ ਰਹੀ।

—ਨੂਰਿਆ ਪੁੱਤ ਵੇ, ਮੇਰੀ ਇਕ ਗੱਲ ਪੱਲੇ ਬੰਨ੍ਹ ਲੈ। ਆਪਣੇ ਹਾਣੀਆਂ ਨੂੰ ਵੀ ਆਖੀਂ। ਮੁਗਲੇਟਿਆਂ ਨੂੰ ਫੱਟੜ ਕਰਿਓ ਬਹੁਤਾ, ਮਾਰਿਓ ਘੱਟ। ਵੱਢਿਆ ਟੁੱਕਿਆ ਬੰਦਾ ਰੌਲਾ ਵੱਧ ਪਾਉਂਦਾ ਏ ਤੇ ਆਪਣੇ ਪੰਜ ਦਸ ਜਣਿਆਂ ਨੂੰ ਲੜਾਈਓਂ ਬਾਹਰ ਕਰ ਲੈਂਦਾ ਏ। ਮੋਇਆਂ ਤੇ ਬੱਸ ਕੱਲ-ਮੁਕੱਲਾ ਈ ਹੁੰਦਾ ਏ। ਮਰਨ ਵਾਲੇ ਨਾਲੋਂ ਚੀਕ-ਚਿਹਾੜਾ ਪਾਣ ਵਾਲਾ ਆਪਣੇ ਸਿਪਾਹੀਆਂ ਨੂੰ ਵਧੇਰੇ ਡਰਾਉਂਦਾ ਈ ਪੁੱਤਰਾ।'

—ਤੇਰੀ ਨਸੀਹਤ ਯਾਦ ਰੱਖਾਂਗੇ ਅੰਮਾਂ। ਮੇਰੀ ਢਾਣੀ ਉਡੀਕਦੀ ਹੋਣੀ ਏਂ, ਮੈਂ ਜਾਵਾਂ ਹੁਣ। ਨਹੀਂ ਤੇ ਉਹਨਾਂ 'ਕੱਲਿਆਂ ਈ ਤੁਰ ਪੈਣਾ। ਫੇਰ ਲੋਕਾਂ ਆਖਣਾ, ਪਿਉ ਵੀ ਪਿੜ ਛੱਡ ਗਿਆ ਤੇ ਪੁੱਤਰ ਵੀ। ਲੋਕਾਂ ਸਾਨੂੰ ਜੀਣ ਨਹੀਂ ਦੇਣਾ ਅੰਮਾਂ। ਅਸੀਂ ਜੀਂਦਿਆਂ ਵੀ ਮਰ ਜਾਣਾ। ਪਿੰਡ ਵਿਚ ਧੌਣ ਨੀਵੀਂ ਕਰਕੇ ਜੀਣਾ ਵੀ ਕਾਹਦਾ ਜੀਣਾ ਹੋਇਆ ਅੰਮਾ?'

—ਜਾਹ ਪੁੱਤਰ, ਰੱਬ ਰਾਖਾ। ਪਿਛੋਂ ਮੇਹਰੂ ਵਾਲਾ ਘੋੜਾ ਖੋਹਲ ਲੈ।'

..................

ਜਦ ਨੂਰਾ ਪੂਰਾ ਤਿਆਰ ਹੋਕੇ ਹਲੇਵੀਓਂ ਬਾਹਰ ਨਿਕਲਿਆ ਤਾਂ ਉਸ ਵਿਚ ਪਿਛਾਂਹ ਮੁੜਕੇ ਵੇਖਣ ਦਾ ਹੌਸਲਾ ਨਹੀਂ ਸੀ। ਜਾਣਦਾ ਸੀ, ਸਾਰੀਆਂ ਹੀ ਹੰਝੂਆਂ ਦੀ ਝਨਾਂ ਬਣਾਈ ਖੜੀਆਂ ਹੋਣਗੀਆਂ।

## 41.

ਸ਼ਹਿਨਸ਼ਾਹ–ਏ–ਹਿੰਦ ਜਲਾਲੁਦੀਨ ਅਕਬਰ ਦਾ ਸਭ ਤੋਂ ਕਾਬਲ ਅਤੇ ਬਹਾਦਰ ਸਿਪਾਹ–ਸਾਲਾਰ ਮਿਰਜ਼ਾ ਨਿਜਾਮੁਦੀਨ ਆਪਣੇ ਛੋਟੇ ਭਰਾ ਅਲਾਉਦੀਨ ਨੂੰ ਪਿੰਡੀ ਭੇਜ ਕੇ ਬੜਾ ਪਰੇਸ਼ਾਨ ਸੀ। ਉਹ ਸੋਚ ਰਿਹਾ ਸੀ, ਉਸਨੇ ਕੋਈ ਬੱਜਰ ਗਲਤੀ ਤਾਂ ਨਹੀਂ ਕਰ ਲਈ। ਹੁਣ ਤੱਕ ਪਿੰਡੀ ਨੂੰ ਮਲੀਆ–ਮੇਟ ਕਰਕੇ ਉਹਨਾਂ ਨੂੰ ਪਰਤ ਆਉਣਾ ਚਾਹੀਦਾ ਸੀ। ਸੂਹੀਏ ਦੱਸਦੇ ਨੇ, ਸ਼ਾਹੀ ਫੌਜ ਦੇ ਪੰਝੀ ਤੀਹ ਸਿਪਾਹੀ ਮਾਰੇ ਗਏ ਨੇ। ਇਹ ਤਾਂ ਬੜੀ ਭਾਰੀ ਨਮੋਸ਼ੀ ਵਾਲੀ ਗੱਲ ਏ। ਅਲਾਉਦੀਨ ਕਰਦਾ ਕੀ ਪਿਆ ਏ ਓਥੇ ? ਇਕ ਦੋ ਪਹਿਰਾਂ ਦੀ ਸਾਰੀ ਗੱਲ ਸੀ। ਮੈਨੂੰ ਖ਼ੁਦ ਜਾਣਾ ਪਵੇਗਾ ਨਹੀਂ ਤਾਂ ਬਾਦਸ਼ਾਹ ਅੱਗੇ ਪੇਸ਼ੀ ਹੋ ਜਾਣੀ ਏ ਤੇ ਜਵਾਬ–ਤਲਬੀ ਵੀ ਮੇਰੀ ਹੋਣੀ ਏ।.........

ਤੇ ਨਿਜਾਮੁਦੀਨ ਆਪਣਾ ਖ਼ਾਸ ਰਾਖ਼ਵਾਂ ਦਸਤਾ ਲੈ ਕੇ ਪਿੰਡੀ ਵੱਲ ਰਵਾਨਾ ਹੋ ਗਿਆ।

ਲੋਕ ਵੇਖਦੇ ਸਨ, ਹੈਰਾਨ ਹੁੰਦੇ ਸਨ। ਇਕ ਦੂਸਰੇ ਨਾਲ ਗੱਲਾਂ ਕਰਦੇ ਸਨ। ਦੋ ਤੋਂ ਚਾਰ, ਚਾਰਾਂ ਤੋਂ ਵੀਹ, ਤੇ ਵੀਹਾਂ ਤੋਂ ਸੈਆਂ ਲੋਕਾਂ ਵਿਚ ਗੱਲਾਂ ਫੈਲੀਆਂ ਤੇ ਹੋਰ ਅੱਗੇ ਤੁਰ ਪਈਆਂ:

—ਏਧਰ ਪਿੰਡੀ ਵੱਲ ਕਿਹੜਾ ਬਾਦਸ਼ਾਹ ਈ, ਅਕਬਰ ਨੇ ਚੜ੍ਹਾਈ ਕੀਤੀ ਊ ?'

—ਸੁਣਦੇ ਆਂ, ਦੁੱਲੇ ਨੂੰ ਪਕੜੀਨ ਪਏ ਜਾਂਦੇ ਨੇ।'

—ਬਾਰ ਵਾਲੇ ਦੁੱਲੇ ਨੂੰ ?'

—ਆਹੋ, ਹੋਰ ਕਿਹੜੇ ਦੁੱਲੇ ਨੇ ਏਥੇ ?'

—ਦੁੱਲਾ ਹੁਣ ਏਡਾ ਸੂਰਮਾ ਈ, ਫੌਜਾਂ ਦੀ ਲੋੜ ਪੈ ਗਈ ?'

—ਕੀ ਆਖਦਾ ਏਂ ਜਣਿਆਂ। ਦੁੱਲਾ ਜਣੇ ਖਣੇ ਬਣ ਜਾਣਾ। ਦੁੱਲਾ ਤੇ ਏਹੋ ਜੇਹੇ ਕਈ ਅਕਬਰਾਂ 'ਤੇ ਭਾਰੀ ਏ।'

ਤੇ ਲੋਕਾਂ ਦੁੱਲੇ ਦੇ ਗੀਤ ਬਣਾ ਲਏ।

ਮੁਟਿਆਰਾਂ ਸੂਈ ਧਾਗਿਆਂ ਨਾਲ ਚਾਦਰਾਂ ਉਪਰ ਦੁੱਲਾ ਕੱਢਣ ਲੱਗੀਆਂ।

ਦੁੱਲਾ ਪੁੱਤ ਏ ਬੱਗੇ ਸ਼ੇਰ ਦਾ, ਓਹਦੇ ਸ਼ੇਰਾਂ ਵਰਗੇ ਤੌਰ,
ਓਹਦੇ ਹੇਠਾਂ ਬੱਕੀ ਲੱਖੀਏ, ਜਿਹੜੀ ਟੁਰਦੀ ਸੁੰਬ ਟਕੋਰ।

ਤੇ ਏਧਰ ਨਿਜਾਮੁਦੀਨ ਪਿੰਡੀ ਦੀ ਜੂਹ ਵਿਚ ਅਲਾਉਦੀਨ ਦੇ ਤੰਬੂ ਵਿਚ ਪਹੁੰਚਿਆ, ਗੁੱਸੇ ਅਤੇ ਹਰਖ਼ ਨਾਲ ਇਧਰ ਉਧਰ ਚੱਕਰ ਕੱਟੀ ਜਾ ਰਿਹਾ ਸੀ। ਬਾਹਰ ਸਖ਼ਤ ਪਹਿਰਾ ਸੀ। ਕਿਸੇ ਵੀ ਫੌਜ ਦੇ ਛੋਟੇ ਵੱਡੇ ਰੁਤਬੇ ਵਾਲੇ ਨੂੰ ਅੰਦਰ ਆਉਣ ਦੀ ਮਨਾਹੀ ਸੀ। ਇਸਦੇ ਬਾਵਜੂਦ ਇਕ ਪਹਿਰੇਦਾਰ ਡਰਦਾ ਡਰਦਾ ਅੰਦਰ ਆਇਆ;

—ਹਜ਼ੂਰ, ਪਿੰਡੀ ਦਾ ਮੌਲਵੀ ਇਦਰੀਸ ਮੀਆਂ ਆਇਆ ਈ।'



—ਲੰਘ ਆਵਣ ਦੇਹ।' ਆਖਕੇ ਨਿਜਾਮੁਦੀਨ ਰੁੱਕ ਗਿਆ।

ਅੰਦਰ ਆਉਂਦਿਆਂ ਹੀ ਮੌਲਵੀ ਨੇ ਦੂਹਰਾ ਹੋਕੇ ਝੁਕਦਿਆਂ ਸਲਾਮ ਆਖੀ।'

—ਹਜ਼ੂਰ ਦਾ ਇਕਬਾਲ ਬੁਲੰਦ ਬਣਿਆ ਰਹਵੇ।'

—ਬੁਲੰਦ ਇਕਬਾਲ ਪੈ ਗਿਆ ਢੱਠੇ ਖੂਹ ਵਿਚ। ਰਾਤੀਂ ਦੁੱਲਾ ਫੇਰ ਸਾਡੇ ਵੀਹ–ਪੰਝੀ ਸਿਪਾਹੀਆਂ ਦਾ ਘਾਤ ਕਰ ਗਿਆ ਈ। ਏਸ ਤਰ੍ਹਾਂ ਤੇ ਮੇਰੀ ਸਾਰੀ ਫੌਜ ਲਾਹੌਰ ਵੱਲ ਮੂੰਹ ਕਰ ਲਏਗੀ।' ਨਿਜਾਮੁਦੀਨ ਨੇ ਸਾਰਾ ਗੁੱਸਾ ਮੌਲਵੀ ਉੱਪਰ ਕੱਢਿਆ।

—ਦੁੱਲਾ ਕਿਵੇਂ ਆ ਸਕਦਾ ਈ ਹਜ਼ੂਰ ?' ਮੌਲਵੀ ਨੇ ਹੈਰਾਨੀ ਨਾਲ ਪੁੱਛਿਆ।

—ਆਣ ਲਈ ਉਹ ਮੌਲਵੀ ਨੂੰ ਪੁੱਛਣ ਜਾਏਗਾ ?'

—ਦੁੱਲਾ ਨਹੀਂ ਹੋਣਾ ਹਜ਼ੂਰ।'

—ਹੋਰ ਏਧਰ ਝਾਕਣ ਦੀ ਕੌਣ ਜੁਅਰਤ ਕਰ ਸਕਦਾ ਏ ?'

—ਮੈਨੂੰ ਪੂਰੀ ਤਸੱਲੀ ਏ ਹਜ਼ੂਰ, ਦੁੱਲਾ ਏਧਰ ਨਹੀਂ ਹੈਗਾ। ਉਹ ਚਨਿਓਟ ਨੱਠ ਗਿਆ ਈ। ਉਹਦਾ ਭਰਾ ਪੋਸਤੀ ਏ ਇਕ ਜਾਂ ਫਿਰ ਉਹਦਾ ਪੁੱਤਰ ਨੂਰਾ ਹੋ ਸਕਦਾ ਏ। ਪਰ ਉਹ ਤਾਂ ਅਜੇ ਅਸਲੋਂ ਈ ਅਲੂਆਂ ਏਂ। ਕੁੜੀ ਜੇਹਾ। ਨਿਕਾਹ ਕਰ ਦਿੱਤਾ ਈ ਓਹਦਾ ਅੰਞਾਣੀ ਉਮਰੇ। ਭਲਾ ਵਿਆਹਿਆ ਬੰਦਾ ਲੜਨ ਜੋਗਾ ਕਿਥੇ ਰਹਿ ਜਾਂਦਾ ਏ। ਅੱਠ ਦਸ ਛੋਹਰ ਹੋਣੇ ਨੀ ਉਹਦੇ ਨਾਲ। ਜਾਂ ਫਿਰ ਏਧਰ ਝਿੜੀ ਏ ਇਕ, ਦੁੱਲੇ ਦੇ ਬੰਦਿਆਂ ਗੱਲ ਉਡਾਈ ਊ, ਝਿੜੀ 'ਚ ਭੂਤਾਂ ਆਂਦੀਆਂ ਨੇ। ਡਰਦਾ ਕੋਈ ਜਾਂਦਾ ਨਹੀਂ ਓਧਰ ਤੇ ਦੁੱਲੇ ਦੇ ਬੰਦੇ ਓਥੇ ਮੌਜ–ਮੇਲਾ ਕਰਦੇ ਨੇ, ਪਿੰਡੀ ਦੇ ਸਾਰੇ ਲੰਡੇ ਟੁੰਡੇ ਓਥੇ ਈ ਹੁੰਦੇ ਨੇ ਉਹਨਾਂ ਕੀ ਲੜਨਾ ਹੋਇਆ। ਹਜ਼ੂਰ ਤੁਸਾਂ ਖਾਹ–ਮਖਾਹ ਪ੍ਰੇਸ਼ਾਨ ਹੁੰਦੇ ਪਏ ਓ। ਅਸੀਂ ਵਾਅਦਾ ਕਰ ਆਏ ਸਾਂ, ਦੁੱਲੇ ਨੂੰ ਪਿੰਡੀ ਤੋਂ ਦੂਰ ਰੱਖਣਾ ਏ, ਅਸਾਂ ਪੂਰਾ ਕੀਤਾ ਏ। ਅਸਾਂ ਦੁੱਲੇ ਨੂੰ ਆਖਿਆ—'ਦੁੱਲਿਆ ਬਾਜ਼ੀ ਮਾਰਨੀ ਊ ਤਾਂ ਪਿੰਡੀ ਤੇ ਲਾਹੌਰ ਨਾਲੋਂ ਵਿੱਥ ਪਾ ਲੈ ਤੇ ਦੁੱਲਾ ਪਿੜ ਛੱਡ ਗਿਆ।'

—ਤੂੰ ਆਖਨਾ ਏਂ, ਦੁੱਲਾ ਪਿੰਡੀ ਵਿਚ ਨਹੀਂ। ਜੇ ਪੋਸਤੀਆਂ ਤੇ ਉਹਦੇ ਪੁੱਤਰ ਨੇ, ਜਿਸਨੂੰ ਤੂੰ ਅਲੂਆਂ ਕਹਿੰਨਾ ਏਂ, ਸਾਡੇ ਸਿਪਾਹੀਆਂ ਦਾ ਇਹ ਹਾਲ ਕੀਤਾ ਈ ਤਾਂ ਦੁੱਲਾ ਖ਼ੁਦ ਆਕੇ ਪਤਾ ਨਹੀਂ.....।' ਨਿਜਾਮੁਦੀਨ ਹੋਰ ਪਰੇਸ਼ਾਨ ਹੋ ਗਿਆ।

—ਫ਼ਿਕਰਾਂ ਵਿਚ ਨਾ ਪਓ ਹਜ਼ੂਰ, ਏਹ ਤਾਂ ਦੁੱਧ ਦਾ ਉਬਾਲ ਈ, ਝੱਟ ਹੇਠਾਂ ਲਹਿ ਜਾਣਾ ਈ। ਇਹ ਤਾਂ ਪਾਣੀ ਦੀਆਂ ਦੋ ਛਿੱਟਾਂ ਦੀ ਮਾਰ ਨੇ।'

—ਤੈਨੂੰ ਕਹਾਵਤਾਂ ਸੁਝਦੀਆਂ ਨੇ ਤੇ ਮੈਂ ਏਧਰ ਚਿੰਤਾ ਦੇ ਚੰਗਿਆੜਿਆਂ 'ਚ ਭਸਮ ਹੁੰਦਾ ਪਿਆਂ।' ਨਿਜਾਮੁਦੀਨ ਦਾ ਪਾਰਾ ਹੇਠਾਂ ਨਹੀਂ ਸੀ ਉੱਤਰ ਰਿਹਾ।

—ਉਹਨਾਂ ਜੋ ਕਰਨਾ ਸੀ, ਕਰ ਬੈਠੇ ਨੇ, ਨਸ਼ੇ ਲਹਿ ਗਏ ਹੋਣੇ ਨੇ ਤੇ ਉਹ ਘੋੜਿਆਂ ਉਪਰੋਂ ਉਤਰਨ ਜੋਗੇ ਵੀ ਨਹੀਂ ਰਹੇ ਹੋਣੇ।' ਮੌਲਵੀ ਨਿਜਾਮੁਦੀਨ ਦਾ ਧੀਰਜ ਬੰਨ੍ਹਾਈ ਜਾ ਰਿਹਾ ਸੀ।

—ਸ਼ਹਿਨਸ਼ਾਹ ਨੂੰ ਮੈਂ ਕੀ ਮੂੰਹ ਵਖਾਵਾਂ ? ਕੀ ਆਖਾਂਗਾ ਜਾਕੇ, ਪੋਸਤੀਆਂ ਔਰ ਛੋਹਰਾਂ ਤੋਂ, ਸ਼ਾਹੀ ਫੌਜ ਜੀਹਨੇ ਪੂਰੀ ਹਿੰਦ ਵਿਚ ਧਾਂਕ ਪਾਈ ਹੋਈ ਏ, ਮਾਤ ਖਾ ਆਈ ?' ਮਿਰਜ਼ਾ ਠੰਢਾ ਨਹੀਂ ਸੀ ਹੋ ਰਿਹਾ।

—ਇਹ ਮਸਲਾ ਤਾਂ ਹੱਲ ਹੋਇਆ ਲਓ ਹਜ਼ੂਰ।'

—ਇਹ ਮਸਲਾ ਟੇਢਾ ਈ ਮੌਲਵੀ। ਜਿੱਦਾਂ ਤੂੰ ਸੋਚਨਾਂ ਪਿਐਂ, ਗੱਲ ਓਦਾਂ ਨਹੀਂ ਏ। ਇਹ ਲੜਾਈ ਅਸਾਂ ਦੀ ਨਹੀਂ ਹੈਗੀ। ਮੇਰੇ ਔਰ ਮੇਰੇ ਸਿਪਾਹੀਆਂ ਅੱਗੇ ਖ਼ੂੰਖਾਰ ਵਹਿਸ਼ੀ, ਜ਼ਾਲਮ, ਦਲੇਰ ਜਿੰਨੇ ਵੀ ਨੇ ਮਰਜ਼ੀ ਖਲਿਆਰ ਲਵੇ ਦੁੱਲਾ। ਉਹਨਾਂ ਨਾਲੋਂ ਅੱਧਿਆਂ ਨਾਲ ਮੈਂ ਭੱਟੀਆਂ ਨੂੰ ਧੂੜ ਚਟਾ ਦਿਆਂ। ਇਹ ਤਾਂ ਬਿੱਲੀਆਂ ਵਾਂਗਰਾਂ ਸ਼ਹਿ ਲਾ ਕੇ ਝਾੜੀਆਂ ਬੂਝਿਆਂ ਓਹਲੇ ਲੁਕੇ ਰਹਿੰਦੇ ਨੇ। ਰਾਤ ਪੈਂਦਿਆਂ ਈ ਝਪਟਦੇ ਨੇ ਤੇ ਸ਼ਾਹੀ ਫੌਜੀਆਂ ਨੂੰ ਚੂਹਿਆਂ ਵਾਂਗੂ ਦਬੋਚ ਲੈਂਦੇ ਨੇ। ਹਨੇਰੇ ਵਿਚ ਤਾਂ ਸਾਡੇ ਸਿਪਾਹੀ ਬੌਂਦਲ ਜਾਂਦੇ ਨੇ। ਉਹਨਾਂ ਨੂੰ ਸੁਰਤ ਈ ਨਹੀਂ ਰਹਿੰਦੀ, ਕੌਣ ਅਸਾਂ ਦੇ ਸਿਪਾਹੀ ਨੇ ਤੇ ਕੌਣ ਬਾਗ਼ੀ ਨੇ। ਬਾਗ਼ੀ ਕੀ ਆਖਣਾ ਹੋਇਆ, ਕੌਣ ਧਾੜਵੀ ਨੇ। ਰਾਤੀਂ ਅਸਾਂ ਦੇ ਇਕ ਫੌਜਦਾਰ ਨੇ ਘਬਰਾ ਕੇ ਆਪਣੇ ਹੀ ਚਾਰ ਸਿਪਾਹੀ ਕੋਹ ਘੱਤੇ। ਇਹ ਕੋਈ ਲੜਾਈ ਏ ? ਏਥੇ ਸੂਰਮਿਆਂ ਦਾ ਕੀ ਕੰਮ ਏ। ਏਥੇ ਤੇ ਦਾਅ ਏ, ਜਿਹੜਾ ਲਾ ਗਿਆ, ਉਹਦੀ ਫਤਿਹ, ਜਿਸ ਉਪਰ ਦਾਅ ਲੱਗ ਗਿਆ,.....ਉਹ ਤੂੰ ਜਾਣਨਾਂ ਈ ਏਂ ਮੀਆਂ। ਮੈਨੂੰ ਤਾਂ ਸ਼ਹਿਨਸ਼ਾਹ ਵਲੋਂ ਵੀ ਮਾਰਾਂ ਤੇ ਆਪਣੇ ਹਮ-ਰੁਤਬਾ ਵਲੋਂ ਵੀ ਮਾਰਾਂ। ਮੈਂ ਤਾਂ ਲਾਹੌਰ ਸੁੱਤਾ ਨਹੀਂ ਚਾਰ ਦਿਨ, ਏਧਰ ਦੌੜਿਆ ਆਇਆ। ਆਹ ਬੈਠਾ ਈ ਅਲਾਉਦੀਨ, ਆਖਦਾ ਏ, ਅਸੀਂ ਲੜੀਏ ਤਾਂ ਕੀਹਦੇ ਨਾਲ ਲੜੀਏ। ਪਿੰਡੀ ਦੇ ਬਾਲਾਂ ਔਰ ਔਰਤਾਂ ਨਾਲ ਲੜੀਏ ? ਸ਼ਾਹੀ ਫੌਜ ਦਾ ਅਸੂਲ ਏ ਕੋਈ। ਹੁਣ ਬੇ-ਅਸੂਲਿਆਂ ਦਾ ਕੀ ਕਰੀਏ ? ਬਾਰ ਦਾ ਚੌਧਰੀ ਵੀ ਦਿੱਸਦਾ ਨਹੀਂ ਕੋਈ, ਉਦੋਂ ਸ਼ਕਾਇਤਾਂ, ਫਰਿਆਦਾਂ ਕਰ ਕਰ ਏਹਨਾਂ ਲਾਹੌਰ ਨੀਵਾਂ ਕਰ ਛੱਡਿਆ ਸਾਈ, ਹੁਣ ਪਤਾ ਨੀ ਕਿਹੜੀਆਂ ਖੁੱਡਾਂ ਵਿਚ ਜਾ ਲੁਕੇ ਨੀ। ਮੈਂ ਤਾਂ ਸੋਚਦਾ ਪਿਆ ਸਾਂ, ਪਿੰਡੀ ਦੀ ਜੂਹ ਤੋਂ ਬਾਹਰ ਹੀ ਮਸਲਾ ਹੱਲ ਹੋ ਜਾਣਾ ਈ, ਪਰ ਇਹ ਮਸਲਾ ਏਨਾ ਲੰਮਾ ਖਿੱਚਿਆ ਗਿਆ ਈ।.....ਮੌਲਵੀ ਮੀਆਂ, ਹੁਣ ਵੇਖਣਾ, ਫਜ਼ਰ ਹੋਣ ਦੇਹ ਮੈਂ ਕੀ ਬਾਬ ਕਰਨਾ ਵਾਂ ਪਿੰਡੀ ਦੀ, ਔਰ ਪਿੰਡੀ ਵਾਲਿਆਂ ਦੀ। ਇਕ ਖ਼ਬਰ ਤੂੰ ਚੰਗੀ ਦਿੱਤੀ ਏ, ਦੁੱਲਾ ਪਿੰਡੀ ਤੋਂ ਬਾਹਰ ਈ। ਮੈਂ ਲਾਹੌਰ ਜਾਕੇ ਸ਼ਹਿਨਸ਼ਾਹ ਦੇ ਮੱਥੇ ਵੀ ਲੱਗਣਾ ਈ ਮੀਆਂ। ਮੈਂ ਕਾਬਲ-ਕੰਧਾਰ 'ਚ ਭਾਜੜਾਂ ਪਾ ਆਇਆਂ, ਤੇ ਇਹ ਪਿੰਡੀ ਮੇਰੇ ਗਲੇ ਦੀ ਹੱਡੀ ਬਣ ਗਈ। ਲਾਹੌਰ 'ਚ ਮੇਰੇ ਦੋਖੀ ਬੈਠੇ ਨੇ ਸਾਰੇ। ਮੈਨੂੰ ਏਸ ਗੱਲ ਦਾ ਇਲਮ ਹੈ ਸੀ, ਜਦ ਮੈਂ ਪਾਨਾਂ ਦਾ ਬੀੜਾ ਮੂੰਹ 'ਚ ਪਾਇਆ ਸੀ। ਮਿਰਜ਼ਾ ਨਿਜਾਮੁਦੀਨ ਕੋਈ ਏਡਾ ਖ਼ਰ-ਦਿਮਾਗ਼ ਨਹੀਂ ਹੈਗਾ। ਮੈਂ ਸਮਝ ਗਿਆ ਸਾਂ, ਦਰਬਾਰੀ ਕੱਛਾਂ ਵਿਚ ਕਿਉਂ ਹਸਦੇ ਪਏ ਨੇ। ਪਰ-ਹੁਣ ਤਾਂ ਕੋਹੜ-ਕਿਰਲੇ ਨੂੰ ਚੱਕ ਮਾਰ ਲਿਆ ਸੀ, ਮੈਂ ਇਸਨੂੰ ਚਬਾ ਕੇ ਨਿਗਲ ਜਾਵਾਂਗਾ, ਕਲੰਕੀ ਨਹੀਂ ਹੋਣਾ।' ਨਿਜਾਮੁਦੀਨ ਉਪਰੋਂ ਜ਼ਾਹਰ ਕਰ ਰਿਹਾ ਸੀ, ਉਹ ਪੂਰੇ ਹੌਸਲੇ ਵਿਚ ਹੈ। ਉਸਨੇ ਆਪਣਾ ਵਿਖਿਆਨ ਬਦਲਦਿਆਂ ਇਕ-ਦਮ ਪੁੱਛਿਆ—'ਸ਼ਰਾਬ ਦਾ ਇਕ ਪਿਆਲਾ ਲਏਂਗਾ ਮੀਆਂ ?' ਨਿਜਾਮੁਦੀਨ ਨੇ ਆਪਣਾ ਪਿਆਲਾ ਮੂੰਹ ਨਾਲ ਲਾਇਆ।

—ਹਜ਼ੂਰ ਵਾਂਗ ਤਾਂ ਨਹੀਂ ਪੀਤੀ ਜਾਣੀ। ਐਵੇਂ ਹਜ਼ੂਰ ਦੇ ਸਾਥ ਲਈ ਜ਼ਰਾ ਕੁ ਮੂੰਹ ਨੂੰ ਛੁਹਾ ਲਵਾਂਗਾ। ਹਜ਼ੂਰ ਦਾ ਆਖਿਆ ਵੀ ਤਾਂ ਮੋੜ ਨਹੀਂ ਸਕਦਾ।' ਮੌਲਵੀ ਨੇ ਮੀਸਣਾ ਬਣਦਿਆਂ ਕਿਹਾ। ਉਂਜ ਸ਼ਰਾਬ ਦੇ ਨਾਮ ਤੋਂ ਹੀ ਉਸਦੇ ਮੂੰਹ ਵਿਚ ਪਾਣੀ ਭਰ ਆਇਆ ਸੀ। ਉਸਨੇ ਥੁੱਕ ਗਲੋਂ ਥੱਲੇ ਉਤਾਰਿਆ।

ਮਿਰਜ਼ਾ ਨਿਜਾਮੁਦੀਨ ਨੇ ਇਕ ਪਿਆਲਾ ਮੌਲਵੀ ਅੱਗੇ ਰੱਖਿਆ ਤੇ ਆਪਣਾ ਫੇਰ ਭਰ ਲਿਆ।



ਅੱਧਾ ਕੁ ਪਿਆਲਾ ਪੀ ਕੇ ਮੌਲਵੀ ਨੇ ਦੁਬਾਰਾ ਤਸੱਲੀ ਕਰਵਾਉਣੀ ਚਾਹੀ-'ਮੈਂ ਯਕੀਨ ਦੁਆਨ ਹਜ਼ੂਰ ਦੁੱਲਾ ਪਿੰਡੀ ਵਿਚ ਨਹੀਂ ਹੈਗਾ।'

—ਓਸ ਖ਼ਬੀਸ ਦਾ ਫਿਰ ਨਾਂ ਲੈ ਦਿੱਤਾ ਈ ਮੀਆਂ। ਪੀਤੀ ਚੱਲ, ਮੌਜ ਲੈ। ਦੁੱਲਾ ਹੈ ਕੀ ਸ਼ੈਅ ਮੇਰੇ ਸਿਪਾਹੀਆਂ ਨੂੰ ਬੋਟੀ ਬੋਟੀ ਨਹੀਂ ਆਵਣੀ, ਦਿਨ ਚੜ੍ਹ ਲੈਣ ਦੇਹ, ਫੇਰ ਤੈਨੂੰ ਦੱਸਣੇ ਆਂ, ਨਿਜਾਮੁਦੀਨ ਦੀਆਂ ਫੌਜਾਂ ਕੀ ਚੀਜ਼ ਨੇ। ਪਰ ਸਭ ਤੋਂ ਵੱਡਾ ਸਿਆਪਾ ਇਹ ਈ, ਇਹਨਾਂ ਬਾਰ ਵਾਲਿਆਂ ਦੀ ਲੜਾਈ ਬੜੀ ਔਂਤਰੀ ਏ। ਆਹਮੋ ਸਾਹਮਣੇ ਤਾਂ ਹੋਂਦੇ ਈ ਨਹੀਂ। ਇਹ ਚੋਰਾਂ ਵਾਂਗ ਆਂਦੇ ਨੇ। ਇਹ ਤਾਂ ਦਾਅ 'ਤੇ ਬੈਠੇ ਹੁੰਦੇ ਨੇ ਬਘਿਆੜਾਂ ਵਾਂਗ। ਹੁਣ ਦਾਅ 'ਤੇ ਬੈਠਿਆਂ ਨਾਲ ਕਿਵੇਂ ਲੜੀਏ ? ਇਹ ਤਾਂ ਇਉਂ ਆਂਦੇ ਨੇ ਜਿਵੇਂ ਧਰਤੀ ਵਿਚੋਂ ਉੱਗ ਪਏ ਹੋਣ, ਸਾਡੇ ਸਿਪਾਹੀਆਂ ਅਜੇ ਸੁਥਣਾ ਵੀ ਨਹੀਂ ਪਾਈਆਂ ਹੁੰਦੀਆਂ। ਹੁਣ ਨੰਗੇ ਧੜ ਬੰਦਾ ਜਾਂ ਆਪਣੇ ਨਾਲ ਘੁਲੇ ਜਾਂ ਉਹਨਾਂ ਨਾਲ।' ਗੱਲ ਮੁਕਾ ਕੇ ਨਿਜਾਮੁਦੀਨ ਨੇ ਪਿਆਲਾ ਚੁੱਕ ਕੇ ਮੂੰਹ ਨੂੰ ਲਾਇਆ।

—ਹੁਣ ਏਡੇ ਫ਼ਿਕਰ ਵਾਲੀ ਗੱਲ ਨਹੀਂ ਕੋਈ। ਨਾ ਦੁੱਲਾ ਏਥੇ ਈ ਤੇ ਨਾ ਉਹਦੇ ਸੰਗੀ ਸਾਥੀ। ਕੱਲ੍ਹ ਦੇ ਛੋਹਰ ਤਾਂ ਇਕ ਹੱਲੇ ਦੀ ਮਾਰ ਨੇ। ਆਪਣੇ ਸਿਪਾਹੀਆਂ ਨੂੰ ਹਦਾਇਤ ਕਰਨਾ ਨਾ ਭੁੱਲ ਜਾਣਾ ਹਜ਼ੂਰ, ਅਸਾਂ ਦਾ ਮਾਲ ਅਸਬਾਬ ਤੇ ਅਸਾਂ ਦਾ ਅਹਿਲ-ਖ਼ਾਨਾ।' ਮੌਲਵੀ ਅਸਲ ਮਕਸਦ ਵੱਲ ਆਇਆ।

—ਪਤਾ ਏ, ਪਤਾ ਏ, ਸਿਪਾਹੀਆਂ ਨੂੰ ਖ਼ਾਸ ਹਦਾਇਤਾਂ ਕੀਤੀਆਂ ਹੋਈਆਂ ਨੀ। ਪਤਾ ਈ ਕੀ ਆਖਿਆ ਏ ?' ਨਿਜਾਮੁਦੀਨ ਨੂੰ ਨਸ਼ਾ ਚੜ੍ਹ ਰਿਹਾ ਸੀ।

—ਮੈਂ ਕੀ ਜਾਣਾ ਹਜ਼ੂਰ।'

—ਆਖਿਆ ਈ ਮੌਲਵੀ ਔਰ ਪੰਡਤ ਔਰ ਚੌਧਰੀਆਂ ਦੇ ਘਰਾਂ ਵੱਲ ਤੱਕਣਾ ਨਹੀਂ, ਤੇ ਬਾਕੀਆਂ ਦਾ ਕੱਖ ਛੱਡਣਾ ਨਹੀਂ।' ਨਿਜਾਮੁਦੀਨ ਹੱਸਿਆ ਤੇ ਨਾਲ ਈ ਤਾੜੀ ਮਾਰ ਕੇ ਪਹਿਰੇਦਾਰ ਨੂੰ ਅੰਦਰ ਬੁਲਾਇਆ।

—ਫੌਜਦਾਰ ਨੂੰ ਆਖ ਤੈਨੂੰ ਤਲਬ ਕੀਤਾ ਈ।'

ਪਹਿਰੇਦਾਰ ਖੜ੍ਹੇ ਪੈਰੀਂ ਘੁੰਮ ਗਿਆ।

ਜਦੋਂ ਫੌਜਦਾਰ ਨੇ ਆਕੇ ਸਲਾਮ ਕੀਤੀ ਤਾਂ ਨਿਜਾਮੁਦੀਨ ਨੇ ਹੁਕਮ ਸੁਣਾਇਆ—'ਆਪਣੇ ਸਿਪਾਹੀਆਂ ਨੂੰ ਆਖ, ਹੱਲਾ ਬੋਲਣ ਲਈ ਤਿਆਰ ਰਹਿਣ। ਮੌਲਵੀ ਨੇ ਦੱਸਿਆ ਏ, ਪਿੰਡੀ ਵਾਲਿਆਂ ਘਰਾਂ ਨੂੰ ਜੰਦਰੇ ਮਾਰ ਲਏ ਨੀ। ਪੌੜੀਆਂ ਲਈ ਜਾਣਾ। ਰੱਸੇ ਲਈ ਜਾਓ। ਘਰਾਂ 'ਚ ਉੱਤਰੋ, ਜੋ ਮਿਲਦਾ ਏ ਲੁੱਟ ਲਓ। ਚੁੱਕਣ ਵਾਲੀ ਸ਼ੈਅ ਚੁੱਕ ਲਓ, ਭੰਨਣ ਵਾਲੀ ਭੰਨ ਦਿਓ, ਤੇ ਤੁਰਨ ਵਾਲਿਆਂ ਨੂੰ ਬੰਨ੍ਹ ਕੇ ਧੂ-ਘੜੀਸ ਲਿਆਓ। ਦੁੱਲਾ ਤਾਂ ਦੌੜ ਗਿਆ ਈ, ਉਹਦਾ ਪੁੱਤਰ ਏ, ਭਰਾ ਏ, ਰੰਨ ਏ, ਧੀਆਂ ਨੇ, ਕੋਈ ਨਹੀਓਂ ਛੱਡਣਾ। ਜਿੰਨੀ ਮਰਜ਼ੀ ਉ ਨਫ਼ਰੀ ਲਈ ਜਾ। ਨਹੀਂ ਤਾਂ ਪੂਰੀ ਦੀ ਪੂਰੀ ਫੌਜ ਚਾੜ੍ਹ ਛੱਡ। ਪਤਾ ਲੱਗੇ, ਅਸੀਂ ਵੀ ਪਾਨਾਂ ਦਾ ਬੀੜਾ ਮੂੰਹ 'ਚ ਪਾਇਆ ਈ। ਪਤਾ ਈ ਲਾਹੌਰੋਂ ਤੁਰਨ ਲੱਗੇ ਸ਼ਹਿਨਸ਼ਾਹ ਨੇ ਕੀ ਆਖਿਆ ਸੀ ?

—ਨਹੀਂ ਹਜ਼ੂਰ।' ਫੌਜਦਾਰ ਢਿੱਲਾ ਜਿਹਾ ਬੋਲਿਆ।

—ਆਖਿਆ ਸੀ, ਬਾਰ ਵਿਚ ਖ਼ੂਨ ਦੀਆਂ ਨਦੀਆਂ ਵਗਣ, ਦੁਸ਼ਮਣ ਦਾ ਬੀਜ ਨਾਸ਼ ਹੋਵੇ। ਮੁੜ ਕੋਈ ਸਿਰ ਚੁੱਕਣ ਜੋਗਾ ਨਹੀਂ ਛੱਡਣਾ। ਸਮਝ ਗਿਆ ਏ ਨਾਂ ?'

—ਸਮਝ ਗਿਆਂ ਹਜ਼ੂਰ।' ਫੌਜਦਾਰ ਨੇ ਸਲਾਮ ਆਖਣ ਲਈ ਸਿਰ ਝੁਕਾਇਆ ਤੇ ਮੁੜਨ ਲੱਗਾ।'

—ਸੁਣ।' ਨਿਜਾਮੁਦੀਨ ਨੂੰ ਹੋਰ ਯਾਦ ਆ ਗਈ—'ਰਾਤੀਂ ਜਾਗਦੇ ਰਹਿਣਾ ਈ। ਜੇ ਕੋਈ ਚੋਰਾਂ ਵਾਂਗ ਆਂਦਾ ਈ ਤਾਂ ਘੇਰਾ ਪਾ ਕੇ ਬੰਨ੍ਹ ਲਓ। ਉਹਨਾਂ ਵਿਚ ਦੁੱਲਾ ਕੋਈ ਨਹੀਂ ਹੁੰਦਾ, ਸਭ ਐਰੇ ਗੈਰੇ ਈ ਹੁੰਦੇ ਨੇ। ਜਾਹ ਫਜ਼ਰ ਵੇਲੇ ਚੰਗੀ ਖ਼ਬਰ ਦਏਂਗਾ ਤਾਂ ਲਾਹੌਰ ਦਰਬਾਰੋਂ ਤੇਰਾ ਰੁਤਬਾ ਉੱਚਾ ਕਰਨ ਦੀ ਸਿਫਾਰਸ਼ ਮੈਂ ਕਰਾਂਗਾ।'

ਫੌਜਦਾਰ ਨੇ ਇਕ ਵਾਰ ਫਿਰ ਸਿਰ ਝੁਕਾਇਆ ਤੇ ਖ਼ੇਮੇ ਵਿਚੋਂ ਬਾਹਰ ਨਿਕਲਿਆ।

ਨਿਜਾਮੁਦੀਨ, ਅਲਾਉਦੀਨ ਵੱਲ ਝਾਕਿਆ—'ਫੌਜਦਾਰ ਨੂੰ ਆਪਣੀ ਨਿਗਰਾਨੀ ਹੇਠ ਰੱਖਣਾ ਤੇਰਾ ਜ਼ਿੰਮਾ ਈ।'

—ਮੌਲਵੀ ਮੀਆਂ ਜਾਣਦਾ ਏ, ਮੈਂ ਆਪਣੀ ਜ਼ਿੰਮੇਵਾਰੀ ਨਿਭਾਈ ਏ।' ਅਲਾਉਦੀਨ ਨੇ ਕਿਹਾ।

—ਹਾਂ ਤੇਰੀਆਂ ਜ਼ਿਮੇਵਾਰੀਆਂ ਔਰ ਕਾਰਵਾਈਆਂ ਦੀ ਮੈਨੂੰ ਖ਼ਬਰ ਏ।' ਨਿਜਾਮੁਦੀਨ ਦੀ ਗੱਲ ਸੁਣਕੇ ਅਲਾਉਦੀਨ ਨੇ ਸਿਰ ਝੁਕਾ ਲਿਆ।

ਨਿਜਾਮੁਦੀਨ ਮੌਲਵੀ ਵੱਲ ਹੋਇਆ—'ਮੀਆਂ ਆਪਣਾ ਪਿਆਲਾ 'ਚਾ ਤੇ ਡੀਕ ਲੈ।

—ਹਜ਼ੂਰ ਦੀਆਂ ਸੱਤੇ ਖੈਰਾਂ।' ਮੌਲਵੀ ਨੇ ਅਸਮਾਨ ਵੱਲ ਹੱਥ ਕਰਕੇ ਦੁਆ ਮੰਗੀ।

—ਡੀਕ ਲੈ, ਡੀਕ ਲੈ। ਲੋੜ ਹੈਗੀ ਏ ਤਾਂ ਪਿਆਲਾ ਹੋਰ ਭਰ ਲੈ। ਅੰਦਰ ਸੁੱਟ ਤੇ ਆਪਣੇ ਘਰ ਜਾਹ। ਦੁੱਲੇ ਦੇ ਬੰਦਿਆਂ ਵੇਖ ਲਿਆ ਏਧਰੋਂ ਨਿਕਦਿਆਂ ਤਾਂ ਸੱਤੇ ਖ਼ੈਰਾਂ ਨਹੀਂ ਰਹਿਣੀਆਂ।'

—ਬਾਹਰ ਅਜੇ ਚਾਨਣ ਈ ਹਜ਼ੂਰ, ਹਨੇਰਾ ਹੋਣ ਤੇ .... ।'

—ਏਨਾਂ ਡਰਦਾ ਏਂ ਦੁੱਲੇ ਦੇ ਬੰਦਿਆਂ ਪਾਸੋਂ ?

—ਆਪ ਨਹੀਂ ਜਾਣਦੇ ਹਜ਼ੂਰ। ਫਸਾਦੀਆਂ ਨਾਲ ਜੰਗਲ ਭਰਿਆ ਪਿਆ ਈ। ਪਤਾ ਨਹੀਂ ਦੁੱਲਾ ਕੀ ਖਵਾਂਦਾ ਏ ਘਰ ਘਰ ਦੁੱਲੇ ਬਣੀ ਜਾਂਦੇ ਨੀ। ਅਸਾਂ ਦਾ ਟੱਬਰ ਤਾਂ ਨਾਲ ਈ ਲਈ ਵੰਞਿਓ ਹਜ਼ੂਰ। ਏਥੇ ਪਿੰਡੀ ਵਿਚ ਰਹਿਣ ਦਾ ਕੋਈ ਹੱਜ ਨਹੀਂ ਏ ਹੁਣ। ਜੇ ਦੁੱਲੇ ਨਾ ਕੋਹਿਆ, ਉਹਦੇ ਬੰਦਿਆਂ ਕੋਹ ਘੱਤਣਾ ਏ। ਏਥੇ ਈ ਝਿੜੀ ਵਿਚ ਇਕ ਖੂਹ ਏ। ਓਥੇ ਈ ਰਾਤ-ਦਿਨ ਮਸ਼ਕਾਂ ਹੁੰਦੀਆਂ ਨੇ। ਪਿੰਡਾਂ ਦੇ ਗੱਭਰੂ ਵਹੀਰਾਂ ਘੱਤੀ ਆਂਵਦੇ ਨੇ। ਗੋਸ਼ਤ ਪੱਕਦੇ ਨੇ ਸ਼ਰਾਬਾਂ ਉਡਦੀਆਂ ਨੇ। ਟਾਕਰਾ ਤਾਂ ਹੋਣਾ ਈ ਹੋਣਾ ਹਜ਼ੂਰ। ਤਕੜੇ ਹੋ ਕੇ ਹੱਥ ਪਾਵਣਾ ਪੈਣਾ ਈ।'

—ਮੌਲਵੀ ਮੀਆਂ ਹੌਂਸਲਾ ਕਰ। ਤੇਰੀਆਂ ਗੱਲਾਂ ਤਾਂ ਅਸਾਂ ਦੇ ਸਿਪਾਹੀਆਂ ਦੇ ਹੌਂਸਲੇ ਵੀ ਪਸਤ ਕਰ ਦੇਣੇ ਨੇ। ਏਨਾ ਨਾ ਡਰ। ਤੇਰੇ ਖਾਨਦਾਨ ਦੀ ਹਿਫਾਜ਼ਤ ਹੋਵੇਗੀ। ਪੱਕੀ ਗੱਲ। ਜਾਹ ਬਚ-ਬਚਾ ਕੇ ਨਿਕਲ ਜਾ। ਨਿਗਾਹ ਰੱਖ ਜਾਕੇ। ਦੁੱਲੇ ਦੇ ਬੰਦੇ ਕੀ ਮਨਸੂਬੇ ਘੜਦੇ ਪਏ ਨੇ। ਖ਼ਬਰ ਕਰੀਂ ਵੇਲੇ ਨਾਲ।'

ਮੌਲਵੀ ਉਠਿਆ ਨਹੀਂ। ਦੁਚਿੱਤੀ ਵਿਚ ਘਿਰਿਆ ਬੈਠਾ ਰਿਹਾ।

—ਮੌਲਵੀ ਮੀਆਂ, ਅਸਾਂ ਨੂੰ ਵੇਹਲਾ ਕਰ। ਅਸਾਂ ਵੀ ਕੋਈ ਵਿਉਂਤ ਬਨਾਣੀ ਏ।'



ਮੌਲਵੀ ਨਾ ਚਾਹੁੰਦਾ ਹੋਇਆ ਵੀ ਉੱਠ ਖੜ੍ਹਾ।

—ਸੁਣ ਪੰਡਤ ਨੂੰ ਖ਼ਬਰਦਾਰ ਕਰੀਂ। ਏਧਰ ਨਾ ਆਵੇ ਹੁਣ। ਕੋਈ ਚੌਧਰੀ ਵੀ ਨਾ ਆਵੇ। ਓਧਰ ਪਿੰਡੀ ਵਿਚ ਤੇਰੇ ਬਾਝੋਂ ਕਿਸੇ ਨੂੰ ਖ਼ਬਰ ਨਹੀਂ, ਕੱਲ੍ਹ ਫਜ਼ਰ ਵੇਲੇ ਕੀ ਹੋਣ ਵਾਲਾ ਏ। ਜੇ ਕਿਸੇ ਨੂੰ ਭਿਣਕ ਪੈ ਗਈ ਤਾਂ ਤੇਰੀਆਂ ਸੱਤੇ ਖ਼ੈਰਾਂ ਕੁਝ ਘੱਟ ਜਾਣੀਆਂ ਨੇ।

ਮੌਲਵੀ ਨੇ ਖ਼ੇਮੇ ਵਿਚੋਂ ਬਾਹਰ ਨਿਕਲ ਕੇ ਚੁਫੇਰੇ ਨਿਗਾਹ ਮਾਰੀ। ਸੂਰਜ ਕਦੋਂ ਦਾ ਡੁੱਬ ਗਿਆ ਸੀ। ਮੁਗਲ ਫੌਜ ਦੇ ਰਸੋਈਏ ਭੱਠੀਆਂ ਚਾੜ੍ਹ ਰਾਤਰੀ ਖਾਣਾ ਤਿਆਰ ਕਰਨ ਵਿਚ ਰੁੱਝੇ ਹੋਏ ਸਨ।

ਲੋਕਾਂ ਦੀਆਂ ਨਜ਼ਰਾਂ ਤੋਂ ਬਚਦਾ ਮੌਲਵੀ ਪਿੰਡੀ ਆ ਗਿਆ।

ਉਸਨੇ ਵੇਖਿਆ, ਦੁੱਲੇ ਦਾ ਪੁੱਤਰ ਨੂਰਾ ਅਤੇ ਉਹਦੇ ਯਾਰ ਬੇਲੀ ਘੋੜਿਆਂ ਉੱਪਰ ਚੜ੍ਹੇ ਝਿੜੀ ਵੱਲ ਜਾ ਰਹੇ ਸਨ।

## 42.

ਦਿਨ ਅਜੇ ਚੜ੍ਹਿਆ ਨਹੀਂ ਸੀ।

ਪਿੰਡੀ ਦੀ ਹਵਾ ਵਿਚ ਕਾਂਬਾ ਛੇੜੂ ਠੰਢ ਸੀ। ਲੱਧੀ ਪਹਿਰ ਦੇ ਤੜਕੇ ਹੀ, ਜਦੋਂ ਮੌਲਵੀ ਨੇ ਪਹਿਲੀ ਬਾਂਗ ਦਿੱਤੀ ਸੀ, ਖਿੜਕੀ ਖੋਹਲ ਕੇ ਬਾਹਰ ਖੇਤਾਂ ਵੱਲ ਨਿਕਲ ਗਈ ਸੀ। ਵਾਪਸ ਮੁੜਦਿਆਂ ਉਸਨੂੰ ਕਈ ਵਾਰ ਭੁਲੇਖਾ ਪਿਆ, ਜਿਵੇਂ ਕੋਈ ਪਿੱਛਾ ਕਰ ਰਿਹਾ ਹੋਵੇ। ਉਹ ਘਬਰਾ ਕੇ ਪਿਛਾਂਹ ਵੇਖਦੀ। ਖੜ੍ਹਕੇ ਬਿੜਕ ਲੈਂਦੀ। ਕੋਈ ਨਾ ਹੁੰਦਾ ਤਾਂ ਆਪ ਨੂੰ ਹੀ ਫਿਟਕਾਰਾਂ ਦਿੰਦੀ—'ਜਾਹ ਨੀ ਲੱਧੀਏ ਤੂੰ ਤਾਂ ਆਪਣੇ ਪੈਰਾਂ ਦੇ ਖੜਾਕ ਤੋਂ ਈ ਤ੍ਰੱਭਕਣ ਡਹੀ ਏਂ।' ਫਿਰ ਵੀ ਉਹ ਪਹਿਲਾਂ ਨਾਲੋਂ ਵਧੇਰੇ ਚੌਕੰਨੀ ਹੋਈ, ਸੱਜੇ ਖੱਬੇ ਦੇਖਦੀ ਹਵੇਲੀ ਲਾਗੇ ਆ ਗਈ।

ਹੋਰ ਨੇੜੇ ਆਈ ਤਾਂ ਦਰਵਾਜ਼ੇ ਕੋਲ ਮੂੰਹ ਸਿਰ ਕੱਜੀ ਕਿਸੇ ਜਣੇ ਨੂੰ ਖੜ੍ਹਾ ਵੇਖ ਕੇ ਸੱਚ ਹੀ ਡਰ ਗਈ। ਉਸ ਪਿਛਾਂਹ ਹੀ ਰੁੱਕ ਗਈ। ਪਰ ਪਰਛਾਵੇਂ ਨੇ ਪੈੜ-ਚਾਲ ਸੁਣ ਲਈ ਸੀ।

ਪਰਛਾਵਾਂ ਕਾਹਲੀ ਨਾਲ ਲੱਧੀ ਵੱਲ ਆਇਆ—'ਅੰਮਾਂ ਪੈਰੀਂ ਪੈਨੀਂ ਆਂ।'

—ਨੰਦੀ ਏਂ ?' ਲੱਧੀ ਨੇ ਆਵਾਜ਼ ਪਛਾਣ ਕੇ ਪੁੱਛਿਆ।

—ਨੰਦੀ ਆਂ ਅੰਮਾਂ।'

—ਨੀ ਜਾਹ ਨੀ ਮਰਾਸਣੇ, ਮੇਰਾ ਤਰਾਹ ਈ ਕੱਢ ਦਿੱਤਾ ਸਾਈ। ਮੈਂ ਜਾਣਿਆਂ ਕੋਈ ਮੁਗਲੇਟਾ ਖੜ੍ਹਾ ਈ।'

—ਮੁਗਲੇਟਿਆਂ ਵੀ ਆ ਖੜ੍ਹਨਾ ਈ ਅੰਮਾਂ। ਮੈਂ ਤਾਂ ਇਕ ਹੋਰ ਬੁਰੀ ਖ਼ਬਰ ਲੈ ਕੇ ਆਈ ਆਂ।'

—ਨੀ ਕਾਲੇ ਮੂੰਹ ਵਾਲੀਏ, ਸਵੇਰੇ ਸਵੇਰੇ ਕੀ ਆਖਣ ਆਈ ਏਂ ? ਦਿਹੁੰ ਤਾਂ ਚੜ੍ਹ ਲੈਣ ਦੇਂਦੀ।' ਲੱਧੀ ਨੇ ਕਾਲਜੇ ਉੱਪਰ ਹੱਥ ਰਖਦਿਆਂ ਪੁੱਛਿਆ।

—ਅੰਮਾਂ, ਨੂਰਾ ਫੜੀਚ ਗਿਆ ਈ ਰਾਤੀਂ। ਉਹਦੇ ਨਾਲ ਹੋਰ ਜਣੇ ਵੀ। ਸਾਰਿਆਂ ਨੂੰ ਬੰਨ੍ਹ ਲਿਆ ਏ ਉਹਨਾਂ।' ਨੰਦੀ ਨੇ ਰੋਂਦਿਆਂ ਵਾਂਗ ਦੱਸਿਆ।

—ਹਾਏ ਵੇ ਮੇਰੇ ਸੋਹਣਿਓਂ। ਮੈਂ ਤਾਂ ਕਲਪਦੀ ਰਹੀ, ਅਜੇ ਤਾਂ ਦੁੱਧ ਪੀਣ ਦੇ ਦਿਨ ਨੇ। ਵੇ ਤੁਸੀਂ ਲਹੂ ਨਾਲ ਖੇਡਣ ਤੁਰ ਪਏ ਵੇ.....।' ਲੱਧੀ ਵੈਣ ਪਾਉਣ ਲੱਗ ਪਈ। ਘੁੱਟੀ ਘੁੱਟੀ ਜਿਹੀ ਰੋਣ ਲੱਗੀ, ਜਿਵੇਂ ਕਿਸੇ ਨੇ ਮੂੰਹ ਉੱਪਰ ਹੱਥ ਰਖਿਆ ਹੋਵੇ।

—ਅੰਮਾਂ ਮਰਾਸੀ ਹੁਣੇ ਆਇਆ ਸੀ ਝਿੜੀ 'ਚੋਂ, ਮੈਂ ਤਾਂ ਸੁਣਦਿਆਂ ਹੀ ਏਧਰ ਨੱਠ ਆਈ। ਅੰਮਾਂ ਖ਼ਬਰ ਤਾਂ ਹੋਰ ਵੀ ਮਾੜੀ ਏ ਇਕ—।'

—ਏਸ ਤੋਂ ਮਾੜੀ ਹੋਰ ਕਿਹੜੀ ਖ਼ਬਰ ਹੋਣੀ ਏ ਨੰਦੀਏ। ਮੇਰਾ ਸੋਹਣਾ, ਮੇਰਾ ਚਿਰਾਗ਼ ਫੜੀਚ ਗਿਆ ਈ। ਮੁਗਲਾਂ ਉਹਦੇ ਨਾਲ ਘੱਟ ਕਰਨੀ ਏ ? 'ਹੁਣ ਫੁੱਲਰਾਂ ਨੂੰ ਕਿਵੇਂ ਦੱਸਾਂ, ਮੇਰੀ ਤਾਂ ਜੀਭ ਤੇ ਨਹੀਂ ਆਂਦੀ ਇਹ ਗੱਲ। ਲੱਧੀ ਫੇਰ ਰੋਂਦੀ ਰੋਂਦੀ ਵੈਣ ਪਾਉਣ ਲੱਗ ਪਈ।



—ਅੰਮਾਂ.....ਅੰਮਾਂ........।'

ਲੱਧੀ ਨੇ ਸੁਣਿਆ ਨਹੀਂ, ਉਵੇਂ ਰੋਂਦੀ ਰਹੀ।

—ਨੀ ਅੰਮਾਂ ਲੱਧੀਏ.....।' ਨੰਦੀ ਨੇ ਬਾਂਹ ਤੋਂ ਝੰਜੋੜਿਆ—'ਮਰਾਸੀ ਆਂਹਦਾ ਈ, ਮੁਗ਼ਲਾਂ ਅੱਜ ਪਿੰਡੀ ਤੇ ਚੜ੍ਹ ਆਉਣਾ ਈ। ਬਚਾ ਹੁੰਦਾ ਈ ਤੇ ਕਰ ਲਓ......।'

—ਸਾਡਾ ਬਚਾ ਕਰਨ ਵਾਲਾ ਤਾਂ ਆਪਣਾ ਬਚਾ ਕਰਦਾ ਨੱਠ ਗਿਆ ਈ ਨੰਦੀਏ। ਇਹ ਵੇਲਾ ਸੀ, ਪਿੰਡੀ ਦੀਆਂ ਬਰੂਹਾਂ 'ਚ ਅੜਕੇ ਖੜ੍ਹਨੇ ਦਾ। ਉਹ ਤੇ ਸਾਰੇ ਬੂਹੇ ਖੋਹਲ ਗਿਆ ਆਪੀਂ। ਮੈਂ ਕੀਹਦੇ ਕੋਲ ਰੋਵਾਂ। ਮੁਗਲੇਟਿਆਂ ਤੇ ਆਉਣਾ ਈ ਹੋਇਆ। ਦੁੱਲੇ ਪਿਉ ਦਾਦੇ ਦੀ ਅਣਖ ਘੱਟੇ ਰੋਲ ਦਿੱਤੀ ਊ। ਦੁੱਲੇ ਤਾਂ ਮੇਰੇ ਦੁੱਧ ਨੂੰ ਲਾਜ ਲਾ ਛੱਡੀ ਏ। ਨੰਦੀਏ ਇਹ ਵੀ ਗੱਲ ਈ, ਮੌਲਵੀ ਤੇ ਬਾਹਮਣ ਪਿੰਡੀ ਦੇ ਕਦੀ ਨਹੀਂ ਬਣੇ। ਇਹਨਾਂ ਮੁਖ਼ਬਰੀ ਕੀਤੀ ਹੋਣੀ—'ਦੁੱਲਾ ਏਥੇ ਨਹੀਂ।' ਦੁੱਲਾ ਏਥੇ ਹੁੰਦਾ ਨਾ ਹੁੰਦਾ, ਭੇਤ ਤਾਂ ਬਣਿਆ ਰਹਿੰਦਾ। ਦੁੱਲੇ ਦਾ ਨਾਂ ਸੁਣਦਿਆਂ ਹੀ ਮੁਗਲਾਂ ਨੂੰ ਮਿਰਗੀ ਪੈਣ ਲਗਦੀ ਏ। ਇਹ ਤਾਂ ਮੌਲਵੀ ਵਰਗਿਆਂ ਦਾ ਬੇੜਾ ਬਹਿ ਗਿਆ ਹੋਣਾ।' ਆਖਕੇ ਲੱਧੀ ਚਾਦਰ ਨਾਲ ਅੱਖਾਂ ਪੂੰਝਣ ਲੱਗੀ।

—ਅੰਮਾਂ ਮੈਂ ਚੱਲਾਂ, ਘਰ ਦੇ ਬੂਹੇ ਖੁਲ੍ਹੇ ਨੀ।' ਆਖ ਕੇ ਨੰਦੀ ਬਾਹਰੋਂ ਹੀ ਛੁਹਲੇ ਪੈਰੀਂ ਘਰ ਵੱਲ ਹੋ ਤੁਰੀ।

................

ਲੱਧੀ ਦੇ ਅੰਦਰ ਜਾਂਦਿਆਂ ਹੀ ਵਿਹੜੇ ਵਿਚ ਸੋਗ ਪੈ ਗਿਆ। ਲੱਧੀ ਤੇ ਫੁੱਲਰਾਂ ਗਲੇ ਮਿਲ ਕੇ ਰੋਣ ਲੱਗੀਆਂ। ਬਖਤੋ ਅਤੇ ਸਲੇਮੋ ਦੀਆਂ ਭੁੱਬਾਂ ਨਿਕਲ ਗਈਆਂ।

ਫਿਰ, ਅੰਬਾਂ ਦੀ ਝਿੜੀ ਵਲੋਂ ਆਈ ਇਹ ਖ਼ਬਰ ਪਲਾਂ ਛਿਣਾਂ ਵਿਚ ਮੂੰਹੋਂ-ਮੂੰਹ ਤੁਰਦੀ ਪਿੰਡੀ ਵਿਚ ਫੈਲ ਗਈ। ਹਰ ਕੋਈ ਦੂਸਰੇ ਨੂੰ ਕੰਨ ਕੋਲ ਮੂੰਹ ਕਰਕੇ ਦੱਸਦਾ;

—ਰਾਤੀਂ ਮੁਗਲੇਟਿਆਂ ਦੁੱਲੇ ਦਾ ਨੂਰਾ ਫੜ ਲਿਆ ਈ।'

****

ਦਿਨ ਕਾਫ਼ੀ ਚੜ੍ਹ ਆਇਆ ਸੀ।

ਪਿੰਡੀ ਦੇ ਲੋਕ ਡਰੇ ਡਰੇ, ਆਪਣੇ ਨਿੱਤ ਦੇ ਕੰਮਾਂ ਤੋਂ ਅਜੇ ਫਾਰਗ ਨਹੀਂ ਸਨ ਹੋਏ। ਅਜੇ ਤਾਂ ਨੰਦੀ ਮਰਾਸਣ ਨੇ ਆਪਣੀ ਆਦਤ ਤੋਂ ਮਜਬੂਰ ਦਸ-ਪੰਦਰਾਂ ਘਰਾਂ ਵਿਚ ਹੀ ਫੌਜਾਂ ਦੇ ਚੜ੍ਹ ਆਉਣ ਵਾਲੀ ਖ਼ਬਰ ਸੁਣਾਈ ਸੀ ਤੇ ਨਾਲ ਹੀ ਹਦਾਇਤ ਕੀਤੀ ਸੀ......'ਭਾਈ 'ਗਾਂਹ ਗੱਲ ਨਾ ਕਰੀਂ, ਤੂੰ ਆਪਣੀ ਏ ਤਾਂ ਦੱਸਣ ਲੱਗੀ ਆਂ।' ਅਜੇ ਲੋਕਾਂ ਨੇ ਆਪਣੇ ਬਾਲਾਂ-ਬੱਚਿਆਂ ਦੀ, ਆਪਣੀਆਂ ਬੇਗਮਾਂ ਦੀ ਹਿਫਾਜ਼ਤ ਲਈ ਢੁਕਵੀਆਂ ਥਾਵਾਂ ਦੀ ਤਲਾਸ਼ ਵੀ ਨਹੀਂ ਸੀ ਕੀਤੀ, ਮੁਗਲਾਂ ਵਲੋਂ ਤੋਪ ਦਾ ਗੋਲਾ ਦਾਗ਼ਣ ਦੀ ਡਰਾਉਣੀ ਤੇ ਭਿਆਨਕ ਆਵਾਜ਼, ਪਿੰਡੀ ਵਿਚ ਸੁਣੀ।

ਲੋਕ ਘਰਾਂ ਦੀਆਂ ਛੱਤਾਂ ਉਪਰ ਚੜ੍ਹਕੇ ਦੇਖਣ ਲੱਗੇ। ਮੁਗਲਾਂ ਦੀ ਫੌਜ ਦਾ ਇੱਜੜ ਧੂੜਾਂ ਪੱਟੀ ਪਿੰਡੀ ਵੱਲ ਆਉਂਦਾ ਦਿੱਸਿਆ, ਕੁਝ ਸਿਪਾਹੀਆਂ ਕੋਲ ਲੰਮੀਆਂ ਪੌੜੀਆਂ ਚੁੱਕੀਆਂ ਹੋਈਆਂ ਸਨ।

ਪਿੰਡੀ ਦੇ ਲੋਕਾਂ ਵਿਚ ਹਫੜਾ-ਦਫੜੀ ਪੈ ਗਈ। ਕਾਵਾਂ-ਰੌਲੀ ਮੱਚ ਗਈ। ਡਰ ਨਾਲ ਪੀਲੇ ਪੈ ਗਏ ਚਿਹਰੇ ਅਤੇ ਫੜੱਕ ਫੜੱਕ ਵਜਦੇ ਕਾਲਜਿਆਂ ਉਪਰ ਹੱਥ ਰੱਖੀਂ,

ਔਰਤਾਂ, ਮੁਟਿਆਰਾਂ, ਬੱਚੇ ਅਤੇ ਪੱਕੀ ਉਮਰ ਦੇ ਮਰਦ, ਇਧਰ ਉਧਰ ਨੱਠਦੇ ਲੁਕਣ ਲਈ ਥਾਵਾਂ ਲੱਭਣ ਲੱਗੇ। ਬੱਚਿਆਂ ਚੀਕ-ਚਿਹਾੜਾ ਪਾ ਦਿੱਤਾ।

ਮੁਗਲ ਫੌਜ ਹਰ ਪਲ ਪਿੰਡੀ ਦੇ ਹੋਰ ਨੇੜੇ ਆ ਰਹੀ ਸੀ।

ਪਿੰਡੀ ਦੇ ਕੁਝ ਲੋਕ ਤਾਂ ਹਾਲੇ ਵੀ ਲੇਫ ਤਲਾਈਆਂ ਵਿਚ ਹੀ ਸੁੱਤੇ ਹੋਏ ਸਨ। ਉਹਨਾਂ ਵਿਚੋਂ ਇਕ ਮੇਹਰੂ ਵੀ ਸੀ।

****

ਝਿੜੀ ਵਿਚ ਵੀ ਹਰਕਤ ਹੋਣ ਲੱਗੀ। ਪੂਰੇ ਦੋ ਦਿਨ ਹੱਥ 'ਤੇ ਹੱਥ ਧਰ ਕੇ ਬੈਠੇ ਰਹਿਣ ਤੋਂ ਉਹ ਵੀ ਅੱਕੇ ਤੇ ਖਿੱਝੇ ਪਏ ਸਨ। ਗਾਹਣੇ, ਲਹਿਣੇ ਅਤੇ ਰਮਜ਼ੇ ਨੇ ਮਸ਼ਵਰਾ ਕੀਤਾ,......ਦੁੱਲੇ ਦੀ ਹੁਣ ਹੋਰ ਉਡੀਕ ਕਰਨ ਦਾ ਕੋਈ ਫਾਇਦਾ ਨਹੀਂ ਹੋਣਾ। ਮੁਗਲ ਚੜ੍ਹੇ ਆਉਂਦੇ ਨੀ। ਲੜਾਈ ਹੁਣ ਟਾਲੀ ਨਹੀਂ ਜਾ ਸਕਦੀ। ਜੇ ਅਗਾਂਹ ਵੱਧ ਕੇ ਹੱਲਾ ਨਾ ਵੀ ਕੀਤਾ ਤਾਂ ਵੀ ਆਪਣੇ ਬਚਾਅ ਲਈ ਤਾਂ ਲੜਨਾ ਹੀ ਪਵੇਗਾ। ਝਿੜੀ ਵਿਚ ਬੈਠੇ ਬਹੁਤੇ ਜਣੇ ਤਾਂ ਉਤਾਵਲੇ ਸਨ। ਉਹ ਆਖਦੇ ਸਨ, ਜਾਂ ਸਾਨੂੰ ਘਰੀਂ ਮੋੜੋ, ਜਾਂ ਹੱਲਾ ਕਰੋ। ਪਹਿਲੀ ਵਾਰ ਲੜਾਈ ਵਿਚ ਕੁੱਦਣ ਵਾਲੇ ਵੀ ਕਾਹਲੇ ਸਨ। ਗਾਹਣੇ ਹੋਰੀਂ, ਉਹਨਾਂ ਨੂੰ ਸਬਰ ਰੱਖਣ ਲਈ ਬਾਰ ਬਾਰ ਆਖ ਰਹੇ ਸਨ। ਉਹਨਾਂ ਦੀ ਨਿਗਾਹ ਚਨਿਓਟ ਵੱਲ ਸੀ,—ਕੀ ਪਤਾ ਦੁੱਲਾ ਕਦੋਂ ਆ ਨਿਕਲੇ।

ਪਰ ਹੁਣ ਮੁਗਲ ਸਿਰ 'ਤੇ ਚੜ੍ਹੇ ਆਉਂਦੇ ਵੇਖ ਕੇ ਗਾਹਣੇ ਨੇ ਆਪਣੇ ਸਾਥੀਆਂ ਵਿਚ ਚੱਕਰ ਲਾਇਆ। ਆਖਿਆ—'ਹੁਣ ਦੁੱਲੇ ਦੇ 'ਹਸਾਨਾਂ ਦਾ ਬਦਲਾ ਚਕਾਉਣ ਦਾ ਵੇਲਾ ਆ ਗਿਆ ਈ ਮਿੱਤਰੋ। ਜਿਹਨਾਂ ਪਾਸ ਘੋੜੇ ਨੇ ਕਾਠੀਆਂ ਕੱਸ ਲਓ। ਆਪਣੇ ਹਥਿਆਰ ਕਰੋ ਹੱਥਾਂ 'ਚ, ਆਪਣੇ ਸੂਹੀਏ ਝਿੜੀ ਦੇ ਬਾਹਰ ਮੁਗਲਾਂ ਦੀ ਤਾਕ ਵਿਚ ਨੇ। ਇਸ਼ਾਰਾ ਮਿਲਦਿਆਂ ਹੀ ਆਪਾਂ ਮੁਗਲਾ 'ਤੇ ਟੁੱਟ ਪੈਣਾ ਈ। ਖ਼ਿਆਲ ਰੱਖਣਾ ਏ, ਅਸਾਂ ਉਹਨਾਂ ਦਾ ਘਾਣ ਤਾਂ ਕਰਨਾ ਈ ਏ, ਖ਼ੁਦ ਨੂੰ ਬਚਾਣਾ ਵੀ ਏ। ਉਹ ਗਿਣਤੀ 'ਚ ਬਹੁਤੇ ਨੇ, ਬੇ-ਸ਼ਮਾਰ ਤੇ ਅਸੀਂ ਉਂਗਲਾਂ 'ਤੇ ਗਿਣਨ ਜੋਗੇ। ਯਾਦ ਰੱਖੋ, ਸਿੱਧੀ ਲੜਾਈ ਤੋਂ ਟਲਣਾ ਈ। ਅਸਾਂ ਤੇ ਘਾਤ ਲਾਣੀ ਊ ਤੇ ਦਾਅ ਪੈਂਦਿਆਂ ਈ ਮੁਗਲਾਂ ਦੇ ਢੇਰ ਲਾ ਛੱਡਣੇ ਨੇ, ਜਿੱਦਾਂ ਫ਼ਸਲ ਵੱਢੀਦੀ ਏ। ਉਹ ਕਿੱਲ੍ਹਿਆਂ 'ਚ ਤੇ ਮੋਰਚਿਆਂ 'ਚ ਲੜਨ ਗਿੱਝੇ ਹੋਏ ਨੀ ਤੇ ਸਾਡੇ ਕਿੱਲ੍ਹੇ ਮੋਰਚੇ, ਜੰਗਲ, ਬੇਲੇ, ਟੋਏ-ਟਿੱਬੇ ਤੇ ਝਾੜੀਆਂ ਨੀ। ਉਹ ਸਾਡੀ ਭੋਏਂ ਖੋਹਣ ਆਏ ਨੇ ਤੇ ਅਸਾਂ ਆਪਣੀ ਭੋਏਂ ਬਚਾਣੀ ਏ। ਕਮਰ ਕੱਸੇ ਕਰ ਲਓ ਬੇਲੀਓ.....ਰੱਬ ਰਾਖਾ।' ਗਾਹਣੇ ਨੇ ਦੋਵੇਂ ਬਾਹਾਂ ਹਵਾ ਵਿਚ ਲਹਿਰਾਈਆਂ।

—ਰੱਬ ਰਾਖਾ।' ਝਿੜੀ ਵਿਚੋਂ ਆਵਾਜ਼ ਗੂੰਜੀ ਤੇ ਹਜ਼ਾਰਾਂ ਬਾਹਾਂ ਤਣ ਗਈਆਂ।

ਕੁਝ ਹੀ ਦੇਰ ਬਾਅਦ, 'ਯਾ ਅਲੀ ਅਤੇ ਅੱਲਾਹੂ ਅਕਬਰ' ਆਵਾਜ਼ਾਂ ਦਾ ਡਰਾਉਣਾ ਜਿਹਾ ਰੌਲਾ ਨੇੜਿਓਂ ਹੀ ਸੁਣਿਆ।

ਮੁਗਲ ਸਿਪਾਹੀ ਪਿੰਡੀ ਦੀਆਂ ਨਿਆਈਆਂ ਤੱਕ ਆ ਗਏ ਸਨ।

ਅੰਬਾਂ ਦੀ ਝਿੜੀ ਵਿਚੋਂ ਅਚਾਨਕ ਸੈਂਕੜੇ ਜਣੇ ਗਰਜ਼ਦੇ, ਲਲਕਾਰਦੇ ਨਿਕਲੇ ਤੇ ਆਹਮੋ ਸਾਹਮਣੇ ਟੱਕਰ ਹੋ ਪਈ। ਮੁਗਲਾਂ ਅਜੇ ਪੈਂਤੜੇ ਨਹੀਂ ਸੀ ਲਏ। ਦੋ ਦੋ ਤਿੰਨਾਂ ਤਿੰਨਾਂ ਸਿਪਾਹੀਆਂ ਰਲਕੇ ਪੌੜੀਆਂ ਚੁੱਕੀਆਂ ਹੋਈਆਂ ਸਨ। ਤਲਵਾਰਾਂ ਮਿਆਨਾਂ ਵਿਚ ਸਨ। ਨੇਜ਼ੇ



ਉਲਟੇ ਫੜੇ ਹੋਏ ਸਨ।.....ਸਿਪਾਹੀ ਕੰਧਾਂ ਦੀ ਓਟ ਲੈਣ ਲਈ ਪਿੰਡੀ ਦੀਆਂ ਗਲੀ ਵੱਲ ਭੱਜੇ, ਗਲੀਆਂ ਜੰਗ ਦਾ ਮੈਦਾਨ ਬਣ ਗਈਆਂ। ਘਰਾਂ ਅੰਦਰੋਂ ਔਰਤਾਂ ਅਤੇ ਬੱਚਿਆਂ ਦੀਆਂ ਚੀਕਾਂ-ਕੁਰਲਾਹਟਾਂ ਸੁਣਨ ਲੱਗੀਆਂ।

ਕੁਝ ਸਿਪਾਹੀਆਂ ਘਰਾਂ ਦੀਆਂ ਕੰਧਾਂ ਨੂੰ ਪੌੜੀਆਂ ਲਾ ਲਈਆਂ। ਘਬਰਾਏ ਸਿਪਾਹੀ ਆਪਸ ਵਿਚ ਹੀ ਵੱਢ-ਟੁੱਕ ਕਰਨ ਲੱਗੇ। ਕੁਝ ਘਬਰਾ ਕੇ ਪਿਛਾਂਹ ਆਪਣੇ ਪੜਾਅ ਵੱਲ ਦੌੜੇ। ਗਲੀਆਂ ਲਹੂ-ਲੁਹਾਣ ਹੋ ਗਈਆਂ। ਪਿੰਡੀ ਦੀਆਂ ਔਰਤਾਂ, ਖੁਰਚੇ, ਚਿਮਟੇ, ਘੋਟਣੇ, ਝਾੜੀ ਜੋ ਵੀ ਹੱਥ ਆਇਆ, ਉਹਨਾਂ ਛੱਤਾਂ ਉਪਰ ਚੜ੍ਹਦੇ ਸਿਪਾਹੀ ਕੁੱਟ ਕੱਢੇ। ਕਈ ਤਾਂ ਸਣੇ ਪੌੜੀ ਗਲੀਆਂ ਵਿਚ ਜਾ ਡਿੱਗੇ। ਕਿਸੇ ਦੀ ਬਾਂਹ ਟੁੱਟੀ, ਕਿਸੇ ਦੀ ਲੱਤ ਟੁੱਟੀ। ਕੋਈ ਸਿਰ ਪਰਨੇ ਡਿੱਗਦਾ ਈ ਅੱਲਾਹ ਨੂੰ ਪਿਆਰਾ ਹੋ ਗਿਆ।

ਕੋਠਿਆਂ ਉਪਰੋਂ ਇਕ ਦੂਸਰੀ ਨੂੰ ਹੱਲਾ ਸ਼ੇਰੀ ਦੇਣ ਦੀਆਂ ਆਵਾਜ਼ਾਂ ਸੁਣਨ ਲੱਗੀਆਂ—

—ਨੀ ਰਹਿਮਤੇ ਤਕੜੀ ਹੋਜਾ ਮੁਗਲ ਆਇਆ ਈ।'

—ਬਰਕਤਾਂ ਘੋਟਣਾ ਠੋਕੀ ਨੀ ਇਹਦੇ ਸਿਰ 'ਚ।'

—ਤੇਰੇ ਬਨੇਰੇ ਨੂੰ ਪੌੜੀ ਲੱਗੀ ਊ, ਹੇਠਾਂ ਸੁੱਟ ਇਹਨੂੰ।'

ਤੇ ਉਹ ਕਿਸ ਕਿਸ ਨੂੰ ਹੇਠਾਂ ਸੁਟਦੀਆਂ। ਮੁਗਲ ਸਿਪਾਹੀ ਹਜ਼ਾਰਾਂ ਦੀ ਗਿਣਤੀ ਵਿਚ ਸਨ। ਇਕ ਡਿੱਗਦਾ ਚਾਰ ਹੋਰ ਚੜ੍ਹ ਆਉਂਦੇ। ਕੁਝ ਘਰਾਂ ਦੇ ਅੰਦਰ ਛਾਲਾਂ ਮਾਰ ਗਏ। ਔਰਤਾਂ-ਕੁੜੀਆਂ ਨੂੜ ਲਈਆਂ। ਘਰਾਂ ਦੇ ਦਰਵਾਜ਼ਿਆਂ ਨੂੰ ਅੱਗਾਂ ਲਾ ਦਿੱਤੀਆਂ। ਲੱਸੀਆਂ ਦੇ ਚਟੂਰੇ ਰੋੜ੍ਹ ਦਿੱਤੇ। ਘਿਉ ਦੀਆਂ ਮਟਕੀਆਂ ਭੰਨ ਦਿੱਤੀਆਂ। ਕਿਸੇ ਘਰ ਚੁਲ੍ਹੇ ਉਪਰ ਪਾਈ ਰੋਟੀ ਸੜ ਗਈ। ਕਿਸੇ ਦੀ ਦਾਲ ਥੱਲੇ ਲੱਗ ਗਈ। ਮੱਝਾਂ ਗਾਈਆਂ ਰੱਸੇ ਤੁੜਾ ਕੇ ਨੱਸ ਗਈਆਂ। ਕੱਟਰੂ ਵੱਛਰੂ ਬਾਂਅ ਬਾਂਅ ਕਰਦੇ, ਰਿੰਗਦੇ ਅਪਣੀਆਂ ਮਾਵਾਂ ਨੂੰ ਲੱਭਦੇ, ਪੂਛਾਂ ਚੁੱਕੀ ਬਦਹਵਾਸ ਹੋਏ ਗਲੀਆਂ ਵਿਚ ਦੌੜਨ ਲੱਗੇ।

ਏਸ ਸਮੇਂ ਚੌਧਰੀਆਂ ਦੇ ਦਰਵਾਜ਼ੇ ਅੰਦਰੋਂ ਬੰਦ ਰਹੇ। ਮੌਲਵੀ ਅਤੇ ਦੁਰਗੇ ਪੰਡਤ ਦੀਆਂ ਛੱਤਾਂ ਕਿਸੇ ਨਹੀਂ ਉਲੰਘੀਆਂ। ਬਾਕੀ ਦੀ ਸਾਰੀ ਪਿੰਡੀ ਦਾ ਹਾਲ ਇਸ ਤਰ੍ਹਾਂ ਦਾ ਹੋ ਗਿਆ, ਜਿਵੇਂ ਘੁਮਿਆਰਾਂ ਦੇ ਭਾਂਡਿਆਂ ਵਿਚ, ਭਿੜਦੇ ਭਿੜਦੇ ਸਾਨ੍ਹ ਅਚਾਨਕ ਆ ਵੜੇ ਹੋਣ।

ਪਿੰਡੀ ਦੀਆਂ ਗਲੀਆਂ ਵਿਚ ਲੋਥਾਂ ਦੇ ਢੇਰ ਲੱਗ ਗਏ।

ਘੁੱਗ-ਵਸਦੀ ਪਿੰਡੀ ਇਕ ਵਾਰ ਫੇਰ ਉਜੜ ਗਈ।

****

ਜਦ ਮੇਹਰੂ ਨੂੰ ਪਤਾ ਲੱਗਿਆ, ਮੁਗਲਾਂ, ਲੱਧੀ, ਫੁੱਲਰਾਂ, ਬਖਤੋ ਤੇ ਸਲੇਮੋ ਨੂੰ ਬੰਨ੍ਹ ਲਿਆ ਈ ਤਾਂ ਉਹ ਦਾਅ ਲਾ ਕੇ ਮੁਗਲ ਸਿਪਾਹੀਆਂ ਕੋਲੋਂ ਬਚਦਾ-ਬਚਾਉਂਦਾ ਘੋੜੇ ਤੇ ਚਨਿਓਟ ਵੱਲ ਹਨੇਰੀ ਬਣ ਗਿਆ।

................

ਇਧਰ ਝਿੜੀ ਵਿਚ ਬਚ ਕੇ ਆਏ ਦੁੱਲੇ ਦੇ ਬੰਦੇ ਕਾਫ਼ੀ ਡਰੇ ਹੋਏ ਸਨ। ਕਈ ਤਾਂ ਵਾਪਸ ਮੁੜਨ ਦੀ ਸੋਚ ਰਹੇ ਸਨ। ਉਹਨਾਂ ਲਈ ਜੰਗ ਦਾ ਪਹਿਲਾ ਤਜੁਰਬਾ ਬੜਾ ਭਿਆਨਕ ਸੀ। ਬਹੁਤਿਆਂ ਨੂੰ ਤਾਂ ਆਪਣੀ ਹਿਫ਼ਾਜ਼ਤ ਕਰਨ ਦਾ ਵੱਲ ਨਹੀਂ ਸੀ ਆਇਆ।

ਪਰ ਗਾਹਣਾ ਪੂਰੇ ਜੋਸ਼ ਵਿਚ ਸੀ—'ਸ਼ਾਬਾਸ਼ੇ ਬੇਲੀਓ, ਅਸੀਂ ਥੋੜ੍ਹੇ ਸਾਂ, ਤਾਂ ਵੀ ਆਪਣੇ ਨਾਲੋਂ ਚਾਰ ਗੁਣਾ ਵਧੇਰੇ ਮੁਗਲਾਂ ਨੂੰ ਵੱਢ ਆਏ ਆਂ। ਪਿੰਡੀ ਦੀਆਂ ਗਲੀਆਂ ਵੇਖਣਾ ਜਾਕੇ ਕਿਵੇਂ ਮੁਗਲਾਂ ਦੀਆਂ ਲੋਥਾਂ ਰੁਲਦੀਆਂ ਨੇ ਓਥੇ। ਅੱਜ ਦੁੱਲਾ ਆਪਣੇ ਨਾਲ ਹੁੰਦਾ ਤਾਂ ਇਹ ਮਸਲਾ ਹੋਰ ਤਰ੍ਹਾਂ ਹੱਲ ਹੋਣਾ ਸੀ।'

—ਦੁੱਲੇ ਦਾ ਸਾਰਾ ਟੱਬਰ ਨਰੜ ਕੇ ਲੈ ਗਏ ਨੇ ਗਾਹਣਿਆਂ।' ਰਮਜ਼ੇ ਆਖਿਆ।

—ਇਹ ਬਹੁਤ ਮਾੜੀ ਗੱਲ ਹੋਈ ਏ ਬੇਲੀਓ। ਇਹ ਅਸਾਂ ਨੂੰ ਮਿਹਣਾ ਈ। ਦੁੱਲੇ ਨੂੰ ਕੀ ਜਵਾਬ ਦਿਆਂਗੇ ?' ਗਾਹਣੇ ਨੇ ਦੁੱਖੀ ਹੁੰਦਿਆਂ ਆਖਿਆ।

—ਮੁਗਲ ਤਾਂ ਪਿੰਡੀ ਦੀਆਂ ਹੋਰ ਵੀ ਛੋਹਰੀਆਂ ਤੇ ਜਨਾਨੀਆਂ ਲੈ ਗਏ ਨੀ।' ਇਕ ਹੋਰ ਨੇ ਦੱਸਿਆ।

—ਏਸੇ ਲਈ ਤਾਂ ਆਖਦਾ ਪਿਆਂ, ਅੱਜ ਦੁੱਲਾ ਹੁੰਦਾ ਤਾਂ ਮਸਲਾ ਹੋਰ ਤਰ੍ਹਾਂ ਹੱਲ ਹੋਣਾ ਸੀ।'

—ਇਕ ਸਿਪਾਹੀ ਨੇ ਤਾਂ ਮੇਰੀ ਅੱਖ ਈ ਬਾਹਰ ਕੱਢ ਛੱਡਣੀ ਸੀ, ਜੇ ਮੈਂ ਉਸਦੀਆਂ ਆਂਦਰਾਂ ਨਾ ਬਾਹਰ ਕੱਢਦਾ।' ਇਕ ਨਵੇਂ ਗੱਭਰੂ ਨੇ ਜੋਸ਼ ਨਾਲ ਦੱਸਿਆ।

—ਸ਼ੱਲਿਆ, ਫੱਤੂ ਨੂੰ ਲੈ ਆਪਣੇ ਨਾਲ ਤੇ ਰਾਸ਼ਨ ਪਾਣੀ ਦਾ ਬੰਦੋਸਤ ਕਰੋ। ਭੱਠੀ ਬਾਲੋ। ਦੋ ਚਾਰ ਜਣੇ ਲੱਕੜੀਆਂ 'ਕੱਠੀਆਂ ਕਰੋ ਬਈ। ਲਹਿਣਿਆਂ ਤੂੰ ਝੱਟ ਕਰ ਤੇ ਹਕੀਮ ਨੂੰ ਲੈ ਆ ਏਥੇ ਝਿੜੀ 'ਚ।'

ਸਾਰੇ ਆਪੋ-ਆਪਣੇ ਕੰਮੀਂ ਰੁੱਝ ਗਏ।

ਜਦ ਝਿੜੀ ਵਿਚ ਜ਼ਖ਼ਮੀ ਗੱਭਰੂਆਂ ਦੇ ਜ਼ਖ਼ਮਾਂ ਉਪਰ ਮੱਲ੍ਹਮ, ਤੇਲ, ਹਲਦੀ ਲਗਾ ਕੇ ਪੱਟੀਆਂ ਬੰਨ੍ਹੀਆਂ ਜਾ ਰਹੀਆਂ ਸਨ। ਫੱਤੂ ਹੋਰੀਂ ਭੱਠੀਆਂ ਉਪਰ ਗੋਸ਼ਤ ਪਕਾ ਰਹੇ ਸਨ। ਗਾਹਣਾ ਆਪਣੇ ਸਾਰੇ ਗੱਭਰੂਆਂ ਦੀ ਦੇਖ ਭਾਲ ਅਤੇ ਪੜਤਾਲ ਕਰਵਾ ਰਿਹਾ ਸੀ। ਬਹੁਤੇ ਡੂੰਘੇ ਜ਼ਖ਼ਮਾਂ ਵਾਲੇ ਦਰਦ ਨਾਲ ਕਰਾਹ ਰਹੇ ਸਨ। ਠੀਕ ਏਸੇ ਵੇਲੇ ਮੇਹਰੂ ਚਨਿਓਟ ਵੱਲ ਮੂੰਹ-ਜ਼ੋਰ ਘੋੜਾ ਦੌੜਾਈ ਜਾ ਰਿਹਾ ਸੀ।

ਅਚਾਨਕ ਉਸਨੂੰ ਸਾਹਮਣੇ ਤੋਂ ਉੱਡਦੀ ਧੂੜ ਦਿੱਸੀ। ਉਹ ਡਰ ਗਿਆ। ਘੋੜਾ ਰੋਕ ਲਿਆ। ਮੁਗਲ ਫੌਜਾਂ ਕਿਤੇ ਏਧਰ ਵੀ ਤਾਂ ਨਹੀਂ ਆ ਗਈਆਂ ?'

ਦੂਜੇ ਪਾਸੇ ਇਕ ਦੂਰੀ ਉਪਰ ਖੜ੍ਹਾ ਘੋੜ ਸਵਾਰ ਵੇਖਕੇ ਦੁੱਲਾ ਅਤੇ ਉਸਦੇ ਮਾਮੇ ਵੀ ਹੈਰਾਨ ਹੋਏ,.....ਕਿਤੇ ਮੁਗਲਾਂ ਦਾ ਜਾਸੂਸ ਤਾਂ ਨਹੀਂ ? ਹੌਲੀ ਹੌਲੀ ਦੋਵੇਂ ਧਿਰਾਂ ਅਗਾਂਹ ਵਧੀਆਂ ਤਾਂ ਦੁੱਲੇ ਨੇ ਮੇਹਰੂ ਨੂੰ ਪਛਾਣਦਿਆਂ ਕਿਹਾ—'ਇਹ ਤਾਂ ਮੇਹਰੂ ਈ।'

ਫਿਰ ਜਦੋਂ ਮੇਹਰੂ ਉਹਨਾਂ ਨੂੰ ਆ ਮਿਲਿਆ ਤਾਂ ਉਸ ਪਿੰਡੀ ਨਾਲ ਹੋਈਆਂ ਬੀਤੀਆਂ ਦੱਸੀਆਂ। ਦੁੱਲੇ ਨੂੰ ਮੇਹਣੇ ਦਿੱਤੇ, ਉਸਦੀ ਸੂਰਮਗਤੀ ਨੂੰ ਵੰਗਾਰਿਆ।

ਜਿਵੇਂ ਜਿਵੇਂ ਉਹ ਮੇਹਰੂ ਪਾਸੋਂ ਗੱਲਾਂ ਸੁਣਦੇ ਗਏ, ਦੁੱਲੇ ਅਤੇ ਮਾਮਿਆਂ ਦੀਆਂ ਅੱਖਾਂ ਵਿਚ ਲਹੂ ਉੱਤਰਦਾ ਆਇਆ।

—ਸਾਨੂੰ ਨੀਂਦਰਾਂ ਕਿਥੇ ਪੈਂਦੀਆਂ ਸਨ। ਅਸਾਂ ਤੇ ਇਹਨਾਂ ਨੂੰ ਉਡੀਕਦੇ ਪਏ ਸਾਂ-।' ਦੁੱਲੇ ਨੇ ਆਪਣੇ ਪਿੱਛੇ ਚਾਰ ਪੰਜ ਸੌ ਹਥਿਆਰਬੰਦ ਗੱਭਰੂਆਂ ਦੇ ਇਕੱਠ ਵੱਲ ਇਸ਼ਾਰਾ ਕਰਦਿਆਂ ਕਿਹਾ।.....'ਹੁਣ ਅਸੀਂ ਆ ਗਏ ਆਂ ਮੇਹਰੂ, ਮੁਗਲਾਂ ਤੋਂ ਇਕ ਇਕ ਜ਼ਖ਼ਮ ਦਾ ਹਿਸਾਬ.........।'



—ਕਿਸ ਕਿਸ ਪਾਸੋਂ ਹਿਸਾਬ ਲਏਂਗਾ ? ਉਹ ਕੋਈ ਇਕ ਨੇ— ?' ਮੇਹਰੂ ਨੂੰ ਪੂਰਾ ਰੋਹ ਚੜ੍ਹਿਆ ਹੋਇਆ ਸੀ।

ਮਾਮਿਆਂ ਨੂੰ ਅਜੇ ਵੀ ਮੇਹਰੂ ਦੀਆਂ ਗੱਲਾਂ ਉਪਰ ਵਿਸ਼ਵਾਸ ਨਹੀਂ ਸੀ ਆ ਰਿਹਾ। ਉਹ ਸੋਚਦੇ ਸਨ, ਨਸ਼ੇੜੀ ਬੰਦੇ ਨੂੰ ਜਾਗਦਿਆਂ ਵੀ ਭੂਤ ਦਿੱਸਦੇ ਨੇ......।'

—ਦੁੱਲਿਆ ਦਲੀਲਾਂ ਵਿਚ ਨਾ ਪਉ, ਘੋੜਿਆਂ ਨੂੰ ਅੱਡੀਆਂ ਲਾਓ......।' ਪਿਰਥੇ ਨੇ ਕਿਹਾ। ਉਹਨਾਂ ਮੇਹਰੂ ਦੇ ਜ਼ਖ਼ਮ ਵੇਖ ਲਏ ਸਨ। ਗੱਲਾਂ ਵਿਚ ਸਾਰੀ ਨਹੀਂ ਤਾਂ ਕੁਝ ਨਾ ਕੁਝ ਸੱਚਾਈ ਤਾਂ ਹੋਵੇਗੀ ਹੀ।

ਤੇ ਜਦੋਂ ਉਹਨਾਂ ਚਾਲ ਫੜੀ ਪਿੰਡੀ ਵਲ ਜਾਂਦੇ ਰਾਹ ਵਿਚੋਂ ਉੱਠੇ ਧੂੜ ਦੇ ਬੱਦਲ ਅਸਮਾਨੀ ਚੜ੍ਹਨ ਲੱਗੇ।

## 43.

ਮਿਰਜ਼ਾ ਨਿਜਾਮੁਦੀਨ, ਬੰਨ੍ਹ ਕੇ ਲਿਆਂਦੀਆਂ, ਦੁੱਲੇ ਦੀਆਂ ਧੀਆਂ, ਬੀਵੀ, ਨੂਰੇ ਦੀ ਵਹੁਟੀ ਅਤੇ ਮਾਂ ਲੱਧੀ ਕੋਲ ਪੂਰੇ ਗਰੂਰ ਵਿਚ ਜਾ ਖੜ੍ਹਾ। ਉਸਦੇ ਨਾਲ ਭਰਾ ਅਲਾਉਦੀਨ ਅਤੇ ਕੁਝ ਅੰਗ ਰੱਖਿਅਕ ਸਨ।

ਤੰਬੂ ਦੁਆਲੇ ਸਖ਼ਤ ਪਹਿਰਾ ਸੀ।

ਨਿਜਾਮੁਦੀਨ ਅਤੇ ਮੁਗਲਾਂ ਨੂੰ ਵੇਖਕੇ ਕੁੜੀਆਂ ਲੱਧੀ ਦੇ ਪਿੱਛੇ ਦੁਬਕ ਗਈਆਂ।

—ਕਿਥੇ ਗਿਆ ਹੁਣ ਤੇਰਾ ਸੂਰਮਾ, ਆਖਦਾ ਸਈ ਮੈਂ ਭਾਜੜਾਂ ਪਾ......।'

—ਤੈਨੂੰ ਪਤਾ ਏ ਉਹ ਏਥੇ ਨਹੀਂ ਹੈਗਾ। ਜੋ ਅਖਾਣਾ ਈ, ਉਸਨੂੰ ਆਖੀਂ।' ਲੱਧੀ ਗੁੱਸੇ ਨਾਲ ਬੋਲੀ।

—ਓ, ਰੱਸੀ ਸੜ ਗਈ ਏ, ਵੱਟ ਨਹੀਂ ਜਾਂਦੇ ਪਏ।'

ਲੱਧੀ ਚੁੱਪ ਰਹੀ। ਫੁੱਲਰਾਂ ਅਤੇ ਕੁੜੀਆਂ ਦੀਆਂ ਅੱਖਾਂ ਵਿਚ ਡਰ ਅਤੇ ਦਹਿਸ਼ਤ ਸਾਫ਼ ਦਿਸਦੀ ਸੀ। ਨਿਜਾਮੁਦੀਨ ਨੂੰ ਇਹ ਸਭ ਚੰਗਾ ਲੱਗ ਰਿਹਾ ਸੀ। ਉਹ ਕੁੜੀਆਂ ਵੱਲ ਇਕ ਟੱਕ ਤੱਕਣ ਲੱਗਾ ਲੱਧੀ ਤੋਂ ਬਰਦਾਸ਼ਤ ਨਾ ਹੋਇਆ।

—ਸੂਰਮੇ, ਸੂਰਮਿਆਂ ਨਾਲ ਲੜਦੇ ਨੇ, ਤੀਵੀਆਂ ਨਾਲ ਨਹੀਂ.......'

—ਸੂਰਮੇ ਤੀਵੀਆਂ ਵਾਂਗ ਨੱਠ ਜਾਣ ਤਾਂ ਫਿਰ?' ਨਿਜ਼ਾਮੁਦੀਨ ਜ਼ਹਿਰ ਭਰਿਆ ਹੱਸਿਆ।

—ਮੇਰਾ ਨੂਰਾ ਪੁੱਤਰ ਕਿਥੇ ਰੱਖਿਆ ਵੇ?' ਲੱਧੀ ਨੇ ਪੂਰੇ ਜਬੇਹ ਨਾਲ ਪੁੱਛਿਆ।

—ਹੁਣ ਤੇ ਉਹ..... ।' ਨਿਜਾਮੁਦੀਨ ਕੁਝ ਕਹਿੰਦਾ ਕਹਿੰਦਾ ਰੁੱਕ ਗਿਆ।

—ਉਹਨੂੰ ਵੀ ਏਥੇ ਈ ਰੱਖ ਅਸਾਂ ਨਾਲ।'

ਨਿਜਾਮੁਦੀਨ ਖੁਲ੍ਹ ਕੇ ਹੱਸਣ ਲੱਗਾ। ਹਸਦਾ ਰਿਹਾ, ਲਗਾਤਾਰ। ਫਿਰ ਪੁੱਛਿਆ;

—ਬੱਚਿਆਂ ਨਾਲ ਬੜਾ ਮੋਹ ਈ?'

—ਮਾਵਾਂ ਨੂੰ ਹੁੰਦਾ ਏ।' ਲੱਧੀ ਆਖਿਆ।

—ਤੂੰ ਕੀਹਨੂੰ ਮੰਨਦੀ ਏ?' ਨਿਜਾਮੁਦੀਨ ਨੇ ਰੋਹਬ ਨਾਲ ਪੁੱਛਿਆ।

—ਮੈਂ ਆਪਣੇ ਬੱਚਿਆਂ ਨੂੰ ਮੰਨਦੀ ਆਂ।'

—ਮੈਂ ਪੁੱਛਦਾਂ ਬੁਢੜੀਏ, ਤੂੰ ਸ਼ਹਿਨਸ਼ਾਹ-ਏ-ਹਿੰਦ ਨੂੰ ਮੰਨਦੀ ਏਂ?'

—ਮੈਂ ਆਪਣੀ ਪਿੰਡੀ ਨੂੰ, ਆਪਣੀ ਭੋਏਂ ਨੂੰ ਮੰਨਦੀ ਆਂ।'

—ਕਿਹੜਾ ਵੇ ਤੇਰਾ ਵਤਨ?' ਨਿਜਾਮੁਦੀਨ ਦੇ ਮੱਥੇ ਵਿਚ ਤਿਊੜੀਆਂ ਪੈ ਗਈਆਂ।

—ਮੈਨੂੰ ਕੀ ਪਤਾ।'

—ਤੂੰ ਆਪਣੇ ਮੁਲਕ ਨੂੰ ਨਹੀਂ ਜਾਣਦੀ— ?' ਨਿਜਾਮੁਦੀਨ ਹੋਰ ਗੁੱਸੇ ਨਾਲ ਬੋਲਿਆ।

—ਜਾਣਨੀਂ ਆਂ, ਆਪਣਾ ਮੁਲਕ।'



—ਕਿਹੜਾ ਈ ਫਿਰ— ?'

—ਜਿਥੇ ਮੇਰਾ ਖੌਂਦ (ਖਾਵੰਦ) ਰਹਿੰਦਾ ਸਾਈ, ਜਿਥੇ ਮੇਰੇ ਬੱਚੇ ਰਹਿੰਦੇ ਨੀ।'

—ਕਿਥੇ ਰਹਿੰਦੇ ਨੀ ਬੱਚੇ— ?'

—ਪਿੰਡੀ 'ਚ। ਸਾਂਦਲ ਦੀ ਬਾਰ 'ਚ।'

—ਦੇਖਿਆ— ।' ਨਿਜਾਮੁਦੀਨ ਅਲਾਉਦੀਨ ਵੱਲ ਝਾਕਿਆ—'ਮੈਂ ਸਹੀ ਆਖਦਾ ਹੁੰਨਾਂ, ਤੀਵੀਆਂ ਬੰਦਿਆਂ ਨਾਲੋਂ ਵਧੇਰੇ ਖ਼ਤਰਨਾਕ ਹੁੰਦੀਆਂ ਨੇ।'

ਲੱਧੀ ਹੱਸੀ ਵਿਅੰਗ ਨਾਲ।

—ਹੱਸਦੀ ਕਿਉਂ ਪਈ ਏਂ— ?'

—ਮੈਂ ਹੱਸਦੀ ਆਂ ਤੇਰੀਆਂ ਗੱਲਾਂ 'ਤੇ। ਭੁੱਲ ਗਿਆ ਏਂ, ਤੀਵੀਆਂ ਮਾਂਵਾਂ ਵੀ ਹੁੰਦੀਆਂ ਨੇ। ਤੁਸੀਂ ਏਥੇ ਸਾਰੇ ਤੀਵੀਆਂ ਦੇ ਜਣੇ ਈ ਤੁਰੇ ਫਿਰਦੇ ਜੇ। ਛੋਹਰੀਆਂ ਵੱਲ ਮੈਲੀਆਂ ਅੱਖਾਂ ਕਰਨਾ ਏਂ ਨਾ, ਇਹ ਤੂੰ ਆਪਣੀਆਂ ਕੱਲ੍ਹ ਦੀਆਂ ਮਾਵਾਂ ਵੱਲ ਮੈਲੀਆਂ ਅੱਖਾਂ ਕਰਨਾ ਵੇਂ।'

—ਸੁਣ ਲਿਆ ਈ?' ਨਿਜਾਮੁਦੀਨ ਦੇ ਤੇਵਰ ਹੋਰ ਚੜ੍ਹ ਗਏ। ਰਾਤੀਂ ਕੀਤੇ ਹਮਲੇ ਦੀ ਖੁਸ਼ੀ ਕਾਫ਼ੂਰ ਹੋ ਗਈ। ਲੱਧੀ ਵਲੋਂ ਅੱਖਾਂ ਵਿਚ ਅੱਖਾਂ ਪਾਕੇ ਗੱਲਾਂ ਕਰਨ ਦਾ ਢੰਗ ਉਸਨੂੰ ਆਪਣੀ ਤੌਹੀਨ ਲੱਗਾ। ਗੁੱਸੇ ਵਿਚ ਭੁੰਜੇ ਪੈਰ ਪਟਕਦਾ ਉਹ ਤੰਬੂ ਵਿਚੋਂ ਬਾਹਰ ਆਇਆ। ਦੂਸਰੇ ਉਸਦੇ ਪਿੱਛੇ ਆਏ।

—ਇਹਨਾਂ ਔਰਤਾਂ ਦੀ ਅਕਲ ਦਰੁਸਤ ਕਰਨ ਲਈ ਭੁੱਖਿਆਂ ਰੱਖੋ।' ਹੁਕਮ ਦੇਕੇ ਨਿਜਾਮੁਦੀਨ ਆਪਣੇ ਖ਼ੇਮੇ ਅੰਦਰ ਚਲਿਆ ਗਿਆ।

ਲੱਧੀ ਨਾਲ ਹੋਈਆਂ ਗੱਲਾਂ ਭੁਲਾਉਣ ਲਈ ਝੱਟ ਉਸਨੇ ਸ਼ਰਾਬ ਦਾ ਪਿਆਲਾ ਚਾੜ੍ਹ ਲਿਆ।

* * * *

ਸੂਰਜ ਛਿਪਣ ਕਾਰਨ ਸ਼ਾਹੀ ਫੌਜਾਂ ਦੇ ਪੜਾਅ ਉਪਰ ਹਨੇਰਾ ਪਸਰਨ ਲੱਗਾ। ਇਸ ਹਨੇਰੇ ਦੇ ਉਹਲੇ ਵਿਚ ਪਿੰਡੀ ਦਾ ਮੌਲਵੀ ਅਤੇ ਦੁਰਗਾ ਪੰਡਤ ਨਿਜਾਮੁਦੀਨ ਦੇ ਖ਼ੇਮੇ ਅੰਦਰੇ ਦਾਖਲ ਹੋਏ।

ਨਿਜਾਮੁਦੀਨ ਇਸ ਵੇਲੇ ਪੂਰਾ ਨਸ਼ੇ ਵਿਚ ਸੀ।

—ਮੁਬਾਰਕਾਂ ਹਜ਼ੂਰ। ਪਿੰਡੀ ਦੀ ਇੱਟ ਨਾਲ ਇੱਟ ਖੜਕਾ ਛੱਡੀ ਉ। ਪਿੰਡੀ ਕਬਰ-ਗਾਹ ਬਣ ਗਈ ਏ। ਮਲੂਮ ਹੁੰਦਾ ਏ ਹਜ਼ੂਰ ਜਸ਼ਨ-ਏ-ਫਤਿਹ ਮਨਾ ਰਹੇ ਨੇ?' ਮੌਲਵੀ ਨੇ ਨਿਜਾਮੁਦੀਨ ਦੇ ਹੱਥ ਫੜੇ ਪਿਆਲੇ ਵੱਲ ਵੇਖਦਿਆਂ ਆਖਿਆ।

—ਮਾਤਮ-ਏ-ਸ਼ਿਕੱਸ਼ਤ ਮਨਾ ਰਹੇ ਆਂ ਮੌਲਵੀ ਮੀਆਂ।' ਨਿਜਾਮੁਦੀਨ ਨੇ ਸੜ ਬਲ ਕੇ ਕਿਹਾ।—'ਦੁੱਲੇ ਦੀ ਮਾਂ ਤਾਂ ਮੇਰੀ ਕੈਦ ਵਿਚ ਵੀ ਅੱਖਾਂ ਵਖਾਂਦੀ ਪਈ ਏ।'

—ਗਲਾ ਦਬਾਣ ਤੇ ਅੱਖਾਂ ਬਾਹਰ ਨੂੰ ਆਦੀਆਂ ਈ ਨੇ ਹਜ਼ੂਰ। ਓਧਰ ਪਿੰਡੀ ਵਿਚ ਤਾਂ ਮਾਤਮ ਪਿਆ ਹੋਇਆ ਈ, ਏਧਰ ਕਿਉਂ?' ਦੁਰਗੇ ਪੰਡਤ ਨੇ ਹੈਰਾਨੀ ਨਾਲ ਪੁੱਛਿਆ।

—ਇਹ ਫਤਿਹ ਨਾ ਮੁਕੰਮਲ। ਸ਼ਹਿਨਸ਼ਾਹ ਦੀ ਇੱਛਾ ਏ, ਦੁੱਲਾ ਪੇਸ਼ ਕਰੋ, ਉਹ ਵੀ ਜਿੰਦਾ ਹੋਣਾ ਚਾਹੀਏ। ਮੌਲਵੀ ਮੀਆਂ ਬੇ-ਸ਼ੁਮਾਰ ਸਿਪਾਹੀ ਮਾਰੇ ਗਏ ਨੇ। ਤਾਜੁਬ ਏ ਭੱਟੀਆਂ ਦੀਆਂ ਔਰਤਾਂ ਵੀ ਲੜੀਆਂ ਨੇ। ਏਨੇ ਸਿਪਾਹੀ ਤਾਂ ਕਦੀ ਵੱਡੀ ਜੰਗ ਵਿਚ ਵੀ ਨਹੀਂ ਮਰੇ।

ਕੀ ਕੀ ਗੱਲਾਂ ਸੁਣੀਆਂ ਨੇ ਮੈਂ। ਕੋਈ ਔਰਤ ਤੱਤਾ ਪਾਣੀ ਸਿਪਾਹੀਆਂ ਉੱਪਰ ਪਾ ਰਹੀ ਏ, ਕੋਈ ਬਲਦਾ ਤੇਲ ਪਈ ਪਾਂਦੀ ਏ। ਸਾਡੇ ਸਿਪਾਹੀ ਏਨੇ ਝੁਲਸ ਦਿੱਤੇ ਨੇ, ਲੜਨ ਦੇ ਕਾਬਲ ਨਹੀਂ ਛੱਡੇ। ਕੋਈ ਗੁੱਜਰੀ, ਕੋਈ ਚਮਾਰੀ, ਕੋਈ ਚੂਹੜੀ, ਕੋਈ ਮਲੇਛ, ਇਹ ਕੋਈ ਲੜਾਈ ਏ ? ਇਹ ਅਸਾਂ ਦੀ ਲੜਾਈ ਨਹੀਂ ਏ। ਪਿੰਡੀ ਦੀ ਗਲੀਆਂ ਵਿਚ ਅਸਾਂ ਦੇ ਸਿਪਾਹੀਆਂ ਦੀਆਂ ਲੋਥਾਂ ਪਈਆ ਨੀ, ਔਰ ਤੁਸੀਂ ਆਖਨੇ ਓਂ......ਜਸ਼ਨ-ਏ-ਫਤਿਹ ਹੋ ਰਿਹਾ ਈ।' ਨਿਜਾਮੁਦੀਨ ਨੇ ਗੁੱਸੇ ਅਤੇ ਖਿੱਝ ਨਾਲ ਸ਼ਰਾਬ ਦਾ ਪਿਆਲਾ ਇਕੋ ਸਾਹੇ ਡੀਕ ਲਿਆ।

—ਦੁੱਲੇ ਭੱਟੀ ਦਾ ਟੱਬਰ ਵੀ ਤੇ ਬੰਨ੍ਹ ਲਿਆਂਦਾ ਈ ਹਜ਼ੂਰ।' ਮੌਲਵੀ ਨੇ ਕਿਸੇ ਬਹਾਨੇ ਨਿਜਾਮੁਦੀਨ ਅੰਦਰ ਗੁੱਸੇ ਦੀ ਰੌਂਅ ਨੂੰ ਬਦਲਣਾ ਚਾਹਿਆ।

ਨਿਜਾਮੁਦੀਨ ਨੇ ਤਾੜੀ ਮਾਰੀ।

ਉਸੇ ਪਲ ਇਕ ਪਹਿਰੇਦਾਰ ਨੇ ਆਣਕੇ ਅੱਧਾ ਝੁਕ ਕੇ ਸਲਾਮ ਆਖੀ।

—ਜਾਹ ਦੁੱਲੇ ਕੀ ਜ਼ੌਜਾ*, ਦੁੱਲੇ ਕੀ ਦੁਖ਼ਤਰ, ਬਹੂ ਔਰ ਮਾਂ ਸਭ ਕੋ ਇਧਰ ਲਾਓ।'

ਪਹਿਰੇਦਾਰ ਮੁੜਨ ਲੱਗਾ ਤਾਂ ਦੁਰਗਾ ਪੰਡਤ ਨੇ ਹੱਥ ਜੋੜੇ;

—ਨਹੀਂ ਹਜ਼ੂਰ, ਅਸਾਂ ਨੂੰ ਪਹਿਲਾਂ ਜਾਵਣ ਦੇਵੋ ਏਥੋਂ। ਪਿੰਡੀ ਦੀਆਂ ਰੰਨਾਂ ਬੜੀਆਂ ਬੇ-ਹਯਾ ਨੀ ਹਜ਼ੂਰ। ਏਥੇ ਸਾਨੂੰ ਵੇਖਕੇ ਪਤਾ ਨਹੀਂ ਕੀ ਬਕਵਾਸ ਕਰ ਦੇਣ।'

—ਏਹ ਬ੍ਰਾਹਮਣ ਕਿਉਂ ਤਰਲੇ ਲੈਣ ਲੱਗਾ ਹੋਇਐ— ?' ਨਿਜਾਮੁਦੀਨ ਮੌਲਵੀ ਵੱਲ ਝਾਕਿਆ, ਫਿਰ ਪੰਡਤ ਨੂੰ ਪੁੱਛਿਆ—'ਤੇਰਾ ਘਰ ਬਾਰ ਤਾਂ ਠੀਕ ਏ ਨਾ ? ਓਧਰ ਤਾਂ ਕੋਈ ਗੜਬੜ ਨਹੀਂ ਕੀਤੀ ਮੇਰੇ ਸਿਪਾਹੀਆਂ ?'

—ਹੁਣ ਤੱਕ ਤਾਂ ਠੀਕ ਏ ਹਜ਼ੂਰ। ਪਿਛੋਂ ਕੀ ਪਤਾ। ਦੁੱਲਾ ਅਜੇ ਫੜੀਚਿਆ ਨਹੀਂ ਹਜ਼ੂਰ, ਉਸਨੇ ਅਸਾਂ ਨੂੰ ਏਥੇ ਵਸੇਬਾ ਨਹੀਂ ਕਰਨ ਦੇਣਾ।'

—ਘਬਰਾ ਨਾ, ਜਦ ਤੱਕ ਦੁੱਲਾ ਮੇਰੇ ਕਾਬੂ ਨਹੀਂ ਆ ਜਾਂਦਾ, ਸਾਡਾ ਪੜਾਅ ਏਥੇ ਈ ਰਹਿਣਾ। ਸ਼ਹਿਨਸ਼ਾਹ ਵੱਲ ਇਕ ਰੁੱਕਾ ਭੇਜਣਾ ਈ,—'ਜਹਾਂ ਪਨਾਹ ਦਾ ਸਿਪਾਹ-ਸਾਲਾਰ ਨਿਜਾਮੁਦੀਨ, ਦੁੱਲਾ ਭੱਟੀ ਵਲਦ ਫਰੀਦ ਭੱਟੀ, ਸਾਕਿਨ ਪਿੰਡੀ ਦੇ ਪੂਰੇ ਟੱਬਰ ਨੂੰ ਬੰਨ੍ਹ ਲਿਆਇਆ ਈ। ਹੁਣ ਉਹ ਅਸਾਡੀ ਕੈਦ ਵਿਚ ਨੇ। ਦੁੱਲਾ ਖ਼ੁਦ ਦੌੜ ਗਿਆ ਈ। ਜਹਾਂ ਪਨਾਹ ਹੁਣ ਬਖਸ਼ਿਸ਼ਾਂ ਕਰਨ, ਜਗੀਰਾਂ ਰੁਤਬੇ ਦੇਣ ਦਾ ਐਲਾਨ ਕਰਨ। ਇਜਾਜ਼ਤ ਦੇਵੋ, ਇਹਨਾਂ ਬਾਧਾਂ ਨੂੰ ਲਾਹੌਰ ਦਰਬਾਰ ਵਿਚ ਪੇਸ਼ ਕਰਾਂ।' ਜਦ ਇਹ ਗੱਲਾਂ ਨਿਜਾਮੁਦੀਨ ਪੂਰੇ ਘੁਮੰਡ ਵਿਚ ਆਖ ਰਿਹਾ ਸੀ, ਉਸ ਵੇਲੇ ਇਕ ਫੌਜਦਾਰ ਬਿਨਾਂ ਇਜਾਜ਼ਤ ਲਏ ਸਾਹੋ ਸਾਹ ਹੋਇਆ ਅੰਦਰ ਆਇਆ।

—'ਗੁਸਤਾਖ਼ੀ ਮਾਫ਼ ਹਜ਼ੂਰ, ਇਲਤਾਹ ਮਿਲੀ ਏ, ਦੁੱਲਾ ਆ ਗਿਆ ਈ।'

—ਆ ਗਿਆ ਈ ਦੁੱਲਾ।' ਪੰਡਤ ਦੀ ਲੇਰ ਨਿਕਲ ਗਈ ਤੇ ਉਸਦਾ ਧੋਤੀ ਵਿਚ ਪਿਸ਼ਾਬ ਨਿਕਲ ਗਿਆ। ਉਹ ਨਿਜਾਮੁਦੀਨ ਦੇ ਪੈਰੀਂ ਡਿੱਗ ਪਿਆ।

—ਅਸਾਂ ਨੂੰ ਬਚਾ ਲਓ ਹਜ਼ੂਰ। ਅਸਾਂ ਦੇ ਟੱਬਰਾਂ ਨੂੰ ਬਚਾ ਲਓ। ਦੁੱਲੇ ਨੂੰ ਸਭ ਖ਼ਬਰ ਹੋ ਜਾਣੀ। ਦੁੱਲੇ ਨੂੰ ਤਾਂ ਪਿੰਡੀ ਦੀਆਂ ਮੱਝਾਂ ਗਾਈਆਂ ਵੀ ਜਾ ਦੱਸਣਾ। ਉਸ ਨੇ ਅਸਾਂ ਨੂੰ ਜੀਂਦੇ ਨਹੀਂ ਛੱਡਣਾ ਹਜ਼ੂਰ।'

* ਬੀਵੀ



—ਖੜ੍ਹਾ ਹੋ।' ਨਿਜਾਮੁਦੀਨ ਨੇ ਦਬਕਾ ਮਾਰਿਆ। —'ਤੂੰ ਸ਼ਹਿਨਸ਼ਾਹ ਦੀ ਫੌਜੀ ਹਿਫਾਜ਼ਤ ਵਿਚ ਬੈਠਾ ਏਂ, ਤਦ ਵੀ ਦੁੱਲੇ ਤੋਂ ਡਰੀ ਜਾਨਾਂ ਏਂ ?'

ਪੰਡਤ ਕੰਬਦੀਆਂ ਲੱਤਾਂ ਨਾਲ ਉਠ ਖੜ੍ਹਾ।

—ਹਜ਼ੂਰ ਆਪ ਨੂੰ ਨਹੀਂ ਪਤਾ। ਦੁੱਲਾ ਤੇ ਝੱਖੜ ਈ, ਜਿਧਰ ਝੁੱਲ ਗਿਆ, ਸਭ ਮਲੀਆ-ਮੇਟ ਕਰ ਛੱਡੇਗਾ। ਤੁਸੀਂ ਉਸਨੂੰ ਜਾਣਦੇ ਨਹੀਂ ਹਜ਼ੂਰ। ਉਹਦਾ ਕੀ ਭਰੋਸਾ। ਏਥੋਂ ਈ ਕਿਧਰੋਂ ਜ਼ਮੀਨ ਵਿਚੋਂ ਉੱਗ ਪਏ।' ਮੌਲਵੀ ਨੇ ਖੋਖਲੀ ਜਿਹੀ ਹਾਸੀ ਹਸਦਿਆਂ ਕਿਹਾ।

—ਹਜ਼ੂਰ ਸਾਨੂੰ ਤਾਂ ਸ਼ੱਕ ਏ ਉਹ ਕਾਲਾ ਜਾਦੂ ਜਾਣਦਾ ਏ।' ਪੰਡਤ ਬੋਲਿਆ।

—ਤਾਹੀਓਂ ਤਾਂ ਕਾਇਰਾਂ ਵਾਂਗ ਪਿੜ ਛੱਡ ਕੇ ਨੱਠ ਗਿਆ ਏ।'

—ਪਿੜ ਨਹੀਂ ਛੱਡਿਆ ਹੋਣਾ, ਉਹ ਕਿਸੇ ਦਾਅ 'ਤੇ ਹੋਣਾ ਈ।' ਮੌਲਵੀ ਆਖਿਆ।

—ਆਪੂ ਤੇ ਆਖਦੇ ਪਏ ਸਉ, ਹੁਣ ਸੱਤੇ ਖ਼ੈਰਾਂ ਨੇ। ਦੁੱਲਾ ਦੌੜ ਗਿਆ ਈ। ਪਿੰਡ ਖ਼ਾਲੀ ਪਿਆ ਈ। ਹੁਣ ਆਖਦੇ ਓ, ਉਹ ਕਿਸੇ ਦਾਅ 'ਤੇ ਗਿਆ ਹੋਣਾ। ਮੈਨੂੰ ਸਮਝ ਨਈਂ ਪੈਂਦੀ, ਤੁਸੀਂ ਲੋਕ ਦੁੱਲੇ ਵੱਲ ਓਂ ਕਿ ਮੇਰੇ ਵੱਲ ਓਂ ?'

—ਹਜ਼ੂਰ ਐਸਾ ਸੋਚਦੇ ਨੇ ਤਾਂ ਅਸਾਂ ਉਪਰ ਲਾਹਣਤ ਹੈ। ਅਸੀਂ ਆਪਣੀਆਂ ਵਫ਼ਾਦਰੀਆਂ ਦਾ ਸਬੂਤ ਕਿਵੇਂ ਦੇਈਏ ?' ਮੌਲਵੀ ਨੇ ਫ਼ਿਕਰ ਨਾਲ ਪੁੱਛਿਆ।

—ਮੌਲਵੀ ਸਾਹਬ, ਸਬੂਤ ਦੇਣ ਦੇ ਬੜੇ ਵੇਲੇ ਆਣੇ ਨੀ ਅਜੇ। ਮੈਨੂੰ ਤਾਂ ਵੱਡਾ ਫ਼ਿਕਰ ਇਹ ਈ, ਦੁੱਲਾ ਭੱਟੀ ਏਥੇ ਹੈ ਨਹੀਂ ਸੀ, ਤੇ ਮੇਰੇ ਸੈਂਕੜੇ ਸਿਪਾਹੀ ਮਾਰੇ ਗਏ ਨੇ। ਹੁਣ ਉਹ ਆ ਗਿਆ ਹੋਇਐ, ਪਤਾ ਨਹੀਂ ਅੱਲਾਹ ਨੇ ਅੱਗੋਂ ਕੀ ਖੇਡ ਵਖਾਣੀ ਜੇ।'

—ਅੱਲਾਹ ਤੋਂ ਥੱਲੇ ਤਾਂ ਸ਼ਹਿਨਸ਼ਾਹ ਹੀ ਏ ਹਜ਼ੂਰ। ਸ਼ਹਿਨਸ਼ਾਹ ਨੂੰ ਖੁਸ਼ ਕਰ ਲਿਆ ਤਾਂ ਅੱਲਾਹ ਆਪੇ ਖੁਸ਼ ਹੋ ਜਾਣਾ।'

—ਸ਼ਹਿਨਸ਼ਾਹ ਦੇ ਫੁਰਮਾਨ ਤੇ ਫੁਰਮਾਨ ਆਈ ਜਾ ਰਹੇ ਨੇ—'ਦੁੱਲਾ ਭੱਟੀ ਜਿੰਦਾ ਪਕੜਿਆ ਚਾਹੀਏ। ਕਿਥੋਂ ਲਿਆਵਾਂ ਦੁੱਲਾ ? ਦੁੱਲੇ ਦੀ ਮਾਂ ਮੇਰੀ ਕੈਦ ਵਿਚ ਏ। ਬੁੱਢੀ ਹੋ ਗਈ ਏ ਹੁਣ। ਨਹੀਂ ਤਾਂ ਆਪਣਾ ਤੁਖ਼ਮ ਉਸਦੀ ਕੁੱਖ ਵਿਚ ਰੱਖ ਦਿੰਦਾ ਤੇ ਨਵਾਂ ਦੁੱਲਾ ਬਣਾ ਕੇ ਸ਼ਹਿਨਸ਼ਾਹ ਨੂੰ ਆਖਦਾ—'ਆਹ ਪਿਆ ਈ ਦੁੱਲਾ, ਥੋੜ੍ਹਾ ਵੱਡਾ ਹੋਣ ਦੇਵੋ।' ਨਿਜਾਮੁਦੀਨ ਪੂਰਾ ਖਿਝਿਆ ਹੋਇਆ ਸੀ।

—ਹਜ਼ੂਰ ਇਕ ਹੋਰ ਗੱਲ ਈ.....।'

—ਬਸ ਮੌਲਵੀ, ਹੁਣ ਕੋਈ ਹੋਰ ਗੱਲ ਨਹੀਂ ਹੋਣੀ। ਤੁਸੀਂ ਜਾਓ ਹੁਣ। ਮੈਨੂੰ ਕੁਝ ਸੋਚਣ ਦਿਓ-ਕੱਲ੍ਹ ਕੀ ਕਰਨਾ ਏ।'

—ਸਾਡੀ ਅਰਜ਼ ਕਬੂਲ ਕਰੋ ਹਜ਼ੂਰ, ਪਿੰਡੀ ਤਾਂ ਉੱਜੜ ਗਈ ਏ। ਓਥੇ ਹੁਣ ਇੱਟਾਂ ਮਿੱਟੀ ਦੇ ਢੇਰ ਨੇ। ਪਿੰਡੀ ਦੀਆਂ ਤੀਵੀਆਂ ਤੇ ਬੱਚਿਆਂ ਤੇ ਸਾਨੂੰ ਪੱਥਰ ਮਾਰ ਮਾਰ ਕੋਹ ਘੱਤਣਾ ਏ।' ਮੌਲਵੀ ਤੇ ਪੰਡਤ ਤਰਲੇ ਲੈਣ ਲੱਗੇ।

—ਜਾਓ, ਮੇਰੇ ਸਿਪਾਹੀਆਂ ਤੋਂ ਪਨਾਹ ਲੈ ਲਓ। ਅੱਲਾ ਦਾ ਵਾਸਤਾ ਈ ਮੈਨੂੰ ਇਕੱਲਾ ਰਹਿਣ ਜਾਓ.....।' ਨਿਜਾਮੁਦੀਨ ਹੁਣ ਖਿੱਝ ਗਿਆ ਸੀ।

ਦੋਵੇਂ ਜਣੇ ਖ਼ੇਮੇ ਤੋਂ ਬਾਹਰ ਆ ਗਏ।

* * * *

ਨਿਜਾਮੁਦੀਨ ਦੇ ਬੁਲਾਵੇ 'ਤੇ ਫੌਜ ਦੇ ਸਰਦਾਰ ਖ਼ੇਮੇ ਅੰਦਰ ਆ ਬੈਠੇ ਸਨ। ਸਭਨਾਂ ਦੇ ਚਿਹਰਿਆਂ ਉੱਪਰ ਚਿੰਤਾ ਅਤੇ ਜਗਿਆਸਾ ਝਲਕਦੀ ਸੀ।

ਨਿਜਾਮੁਦੀਨ ਦੇ ਹੱਥ ਵਿਚ ਸ਼ਹਿਨਸ਼ਾਹ ਅਕਬਰ ਵਲੋਂ ਕਸ਼ਮੀਰ ਤੋਂ ਭੇਜਿਆ ਸ਼ਾਹੀ ਪਰਵਾਨਾ ਸੀ, ਜਿਹੜਾ ਉਸਨੇ ਸਭਨਾਂ ਨੂੰ ਪੜ੍ਹਕੇ ਸੁਣਾਇਆ ਸੀ।

—ਜਨਾਬ ਸ਼ਹਿਨਸ਼ਾਹ ਤਾਂ ਸੋਚਦਾ ਹੋਣਾ, ਦੁੱਲਾ ਪਹਿਲੇ ਦਿਨ ਤੋਂ ਈ ਸਾਡੀ ਕੈਦ ਵਿਚ ਏ।'

—ਹਾਂ ਉਹ ਤਾਂ ਇਹੀ ਸੋਚਦੇ ਹੋਣੇ ਨੇ, ਉਹਨਾਂ ਦੀ ਖਵਾਹਿਸ਼ ਕੀ ਏ, ਇਹ ਵੀ ਤੁਸਾਂ ਸਭ ਨੇ ਸੁਣ ਲਿਆ ਈ।' ਆਖਦਿਆਂ ਨਿਜ਼ਾਮੁਦੀਨ ਨੇ ਠੰਡਾ ਸਾਹ ਲਿਆ।

—ਗੁਸਤਾਖ਼ੀ ਮੁਆਫ਼ ਹਜ਼ੂਰ, ਇਕ ਗੱਲ ਦੀ ਸਮਝ ਨਹੀਂ ਪੈਂਦੀ। ਸਾਡੇ ਪਾਸ ਹਾਥੀ ਹੈਨ, ਘੋੜੇ ਹੈਨ, ਹਥਿਆਰ ਔਰ ਸਿਪਾਹੀਆਂ ਦੀ ਕਮੀ ਨਹੀਂ ਏ। ਖਾਣ ਪੀਣ ਵਾਧੂ ਈ। ਫੇਰ ਵੀ ਬਾਰ ਦੇ ਲੋਕ ਅਸਾਂ 'ਤੇ ਭਾਰੀ ਪਏ ਹੋਏ ਨੇ। ਅਸੀਂ ਤਾਂ ਪਿੰਡੀ ਦੀਆਂ ਗਲੀਆਂ ਵਿਚ ਪਏ ਆਪਣੇ ਸਿਪਾਹੀਆਂ ਨੂੰ ਚੁੱਕ ਲਿਆਉਣ ਦਾ ਜੇਰਾ ਨਹੀਂ ਕਰਦੇ। ਉਹਨਾਂ ਦੀਆਂ ਲੋਥਾਂ, ਕੁੱਤੇ ਖਿੱਚੀ ਫਿਰਦੇ ਨੇ।'

ਨਿਜ਼ਾਮੁਦੀਨ ਗੱਲ ਕਰਨ ਵਾਲੇ ਫੌਜਦਾਰ ਵੱਲ ਕਹਿਰ ਦੀ ਨਿਗਾਹ ਨਾਲ ਝਾਕਿਆ। ਫਿਰ ਉਸਦਾ ਗੁੱਸਾ ਬੇ-ਕਾਬੂ ਹੋ ਗਿਆ—'ਬਾਰ ਦੇ ਲੋਕ ਦੋ ਵਾਰੀ ਨਹੀਂ ਜੰਮੇ, ਨਾ ਹੀ ਲੱਧੀ ਨੇ ਦੁੱਲਾ ਦੋ ਵਾਰੀ ਜੰਮਿਆ ਈ। ਮੈਨੂੰ ਲਗਦਾ ਏ ਤੁਸੀਂ ਮਾਂਵਾਂ ਨੇ ਨਹੀਂ ਜਣੇ। ਤੁਸਾਂ ਸਾਰਿਆਂ ਦੀ ਅਣਖ ਈ ਮਰ ਗਈ ਏ। ਬਾਦਸ਼ਾਹ ਦਾ ਲੂਣ ਹਰਾਮ ਕਰਨ ਲੱਗੇ ਨੇ ਸਾਰੇ, ਬਦਜ਼ਾਤ। ਦੁੱਲੇ ਦਾ ਨਾਂ ਸੁਣਕੇ ਈ ਸਭ ਦਾ ਲਹੂ ਜੰਮ ਜਾਂਦਾ ਏ, ਟਾਕਰਾ ਕੀ ਕਰ ਲਓਗੇ ਉਸ ਨਾਲ ? ਹੁਣ ਮੈਨੂੰ ਈ ਦੋ ਹੱਥ ਵਿਖਾਣੇ ਪੈਣੇ ਨੀ। ਦੁੱਲਾ ਭੁੱਲ ਬੈਠਾ ਈ, ਉਸਦੇ ਪਿਉ ਦਾਦੇ ਨਾਲ ਤਖ਼ਤ ਲਾਹੌਰ ਦਾ ਕਿਹੋ ਜੇਹਾ ਤਾਅਲੁਕ ਰਿਹਾ ਏ। ਹੁਣ ਉਹ ਫੇਰ ਸ਼ਹਿਨਸ਼ਾਹ-ਏ-ਹਿੰਦ ਦੇ ਸਿਪਾਹ-ਸਾਲਾਰ ਮਿਰਜ਼ਾ ਨਿਜਾਮੁਦੀਨ ਨੂੰ ਅੱਖਾਂ ਵਿਖਾਂਦਾ ਈ ਤੇ ਤੁਸੀਂ...... ?'

ਨਿਜ਼ਾਮੁਦੀਨ ਦੇ ਤੇਵਰ ਵੇਖਕੇ ਸਾਰੇ ਫੌਜਦਾਰ ਨੀਵੀਆਂ ਪਾ ਗਏ। ਖ਼ੇਮੇ ਅੰਦਰ ਸਨਾਟਾ ਸੀ। ਸਾਰੇ ਅੰਦਰੇ ਅੰਦਰ ਨਮੋਸ਼ੀ ਮੰਨੀ ਬੈਠੇ ਸਨ। ਦੁੱਲੇ ਦੀ ਗ਼ੈਰ-ਹਾਜ਼ਰੀ ਵਿਚ ਵੀ ਜੰਗ ਦੋ ਦਿਨ ਤੱਕ ਚੱਲੇਗੀ, ਏਸ ਗੱਲ ਦਾ ਤਾਂ ਉਹਨਾਂ ਕਦੇ ਸੁਪਨਾ ਵੀ ਨਹੀਂ ਸੀ ਲਿਆ। ਸਾਰੇ ਮਹਿਸੂਸ ਕਰਦੇ ਸਨ, ਸ਼ਾਹੀ ਫੌਜ ਦੀ ਇਹ ਬਹੁਤ ਭਾਰੀ ਹੱਤਕ ਹੋਈ ਹੈ।......

ਤੇ ਹੁਣ ਤਾਂ ਦੁੱਲਾ ਵੀ ਆ ਗਿਆ ਹੈ।

—ਮੈਨੂੰ ਇਹ ਹੱਕ ਤਾਂ ਨਹੀਂ, ਕੋਈ ਮਸ਼ਵਰਾ ਦੇਵਾਂ, ਅਗਰ ਆਗਿਆ ਹੋਵੇ ਤਾਂ....।' ਅਲਾਉਦੀਨ ਝਿਜਕਦਾ ਬੋਲਿਆ।

—ਆਖ ਕੀ ਆਖਣਾ ਈ।' ਨਿਜਾਮੁਦੀਨ ਦੇ ਬੋਲਾਂ ਵਿਚ ਅਜੇ ਵੀ ਖਿੱਝ ਸੀ।

—ਸਾਰਾ ਲਸ਼ਕਰ ਇਕ ਹੀ ਵਾਰ ਝੋਕ ਦੇਨੇ ਆਂ। ਉਹ ਕੀ ਦਸਦੇ ਨੇ ਝਿੜੀ.....ਓਥੇ ਜੋ ਵੀ ਕੋਈ ਹੈ, ਸਭ ਸਾੜ-ਫੂਕ ਆਉਂਨੇ ਆਂ।'

—ਇਹ ਵੇਲਾ ਵੀ ਆਵੇਗਾ। ਪਰ ਉਹ ਖ਼ਬੀਸ਼ ਤਾਂ ਸਾਹਮਣੇ ਤੋਂ ਟੱਕਰਦੇ ਈ ਨਹੀਂ। ਉਹ ਹਨੇਰੇ ਵਿਚ ਆਉਂਦੇ ਨੇ, ਰੰਨਾਂ ਵਾਂਗਰ ਮੂੰਹ ਨਹੀਂ ਵਖਾਲਦੇ। ਤੁਸੀਂ ਤੇ ਦਿਨ ਵੇਲੇ ਵੀ ਸੁਥਣਾਂ ਸਿਰਾਂ ਹੇਠ ਦੇ ਕੇ ਸੁੱਤੇ ਰਹਿੰਨੇ ਓਂ......। ਅਗਰ ਬਾਦਸ਼ਾਹ ਨੂੰ ਕਿਸੇ ਖ਼ਬਰ ਜਾ ਦਿੱਤੀ,



ਸ਼ਾਹੀ ਫੌਜ ਬਾਰ ਦੀਆਂ ਤੀਵੀਆਂ ਪਾਸੋਂ ਮਾਤ ਖਾ ਕੇ ਪਰਤ ਆਈ ਏ, ਸ਼ਹਿਨਸ਼ਾਹ ਨੇ ਸਭਨਾਂ ਨੂੰ ਧਰਤੀ ਵਿਚ ਗੱਡ ਕੇ ਉੱਪਰ ਕੁੱਤੇ ਛੱਡ ਦੇਣੇ ਨੇ।'

ਇਕ ਹੋਰ ਫੌਜਦਾਰ ਕੁਝ ਬੋਲਣ ਲਈ ਉਠਿਆ।

—ਬੈਠੇ ਰਹੁ। ਹੁਣ ਮੈਂ ਕੋਈ ਬਹਾਨਾ ਨਹੀਂ ਸੁਣਨਾ। ਇਕ ਮੌਕਾ ਹੋਣ ਦੇਣਾ ਈ। ਆਖ਼ਰੀ ਹੱਲਾ। ਮੱਥੇ ਉਪਰ ਸ਼ਿਕਸ਼ਤ ਖਾਣ ਦਾ ਕਲੰਕ ਲੈ ਕੇ ਮੈਂ ਲਾਹੌਰ ਨਹੀਂ ਪਰਤਣਾ। ਦੁੱਲਾ ਹੱਥ ਨਹੀਂ ਆਇਆ ਤਾਂ ਮੈਂ ਖ਼ੁਦ ਸਭ ਨੂੰ ਮੌਤ ਦੇ ਘਾਟ ਉਤਾਰ ਦੇਣਾ। ਨਸ਼ੇ ਖਾਣੇ ਨੇ ਨਸ਼ੇ ਲਓ। ਸ਼ਰਾਬ ਪੀਣੀ ਏ, ਸ਼ਰਾਬ ਪੀਓ। ਰੰਨਾਂ ਦੀ ਲੋੜ ਏ, ਪਿੰਡੀ ਦੀਆਂ ਬਥੇਰੀਆਂ ਬੰਨ੍ਹ ਲਿਆਂਦੀਆਂ ਨੀ। ਸ਼ਰਤ ਇਹ ਵੇ, ਪਹਿਲਾਂ ਨਿਜਾਮੁਦੀਨ ਮਿਰਜ਼ੇ ਨੂੰ ਖ਼ੁਸ਼ ਕਰਨਾ ਪੈਣਾ ਔਰ ਤੁਸੀਂ ਜਾਣਨੇ ਓਂ.....ਮਿਰਜ਼ੇ ਨੇ ਖ਼ੁਸ਼ ਕਿਵੇਂ ਹੋਣਾ........।'

ਨਿਜਾਮੁਦੀਨ ਦਾ ਇਸ਼ਾਰਾ ਪਾਕੇ ਸਾਰੇ ਫੌਜਦਾਰ ਖ਼ੇਮੇ ਵਿਚੋਂ ਬਾਹਰ ਆ ਗਏ। ਸ਼ਾਹੀ ਸੈਨਾ ਦੇ ਰਸੋਈਏ ਅਤੇ ਸਿਪਾਹੀ ਰਲਕੇ ਏਸ ਵੇਲੇ ਭੋਜਨ ਪਕਾਉਣ ਰੁੱਝੇ ਹੋਏ ਸਨ। ਦੂਰ ਤੱਕ ਮਸ਼ਾਲਾਂ ਬਲਦੀਆਂ ਦਿਸ ਰਹੀਆਂ ਸਨ। ਇਕ ਪਾਸਿਓਂ ਲੰਘਦਿਆਂ ਅਜੀਬ ਤਰ੍ਹਾਂ ਦੀ ਬਦਬੂ ਆਈ। ਸਭਨਾਂ ਦੇ ਹੱਥ ਨੱਕਾਂ ਉਪਰ ਚਲੇ ਗਏ।

—ਸਿਪਾਹੀਆਂ ਨੂੰ ਆਖੋ, ਰਫਾ ਦਫ਼ਾ ਹੋਣ ਲਈ ਕਿਧਰੇ ਦੂਰ ਨਹੀਂ ਮਰ ਹੁੰਦਾ ?' ਇਕ ਫੌਜਦਾਰ ਨੇ ਮੂੰਹ ਨੂੰ ਵਿੰਗਾ ਟੇਢਾ ਬਣਾਉਂਦਿਆਂ ਕਿਹਾ।

—ਦੂਰ ਕਿਵੇਂ ਜਾਣ, ਡਰਦੇ ਨੇ।' ਦੂਸਰਾ ਫੌਜਦਾਰ ਬੋਲਿਆ।

—ਡਰ ਕਾਹਦਾ ਈ ?'

—ਦੁੱਲੇ ਦਾ।'

—ਕਿਉਂ— ?'

—ਜੇ ਕੋਡੇ ਹੁੰਦਿਆਂ ਈ, ਉਧਰੋਂ ਦੁੱਲੇ ਦਾ ਤੀਰ ਆ ਵੱਜਾ ?'

ਏਸੇ ਗੱਲ ਉਪਰ ਸਾਰੇ ਫੌਜਦਾਰ ਹੱਸਣਾ ਚਾਹੁੰਦੇ ਸਨ, ਪਰ ਮਿਰਜ਼ਾ ਨਿਜਾਮੁਦੀਨ ਪਾਸੋਂ ਹੁਣੇ ਹੁਣੇ ਖਾਧੀਆਂ ਝਿੜਕਾਂ ਨੇ ਉਹਨਾਂ ਨੂੰ ਫ਼ਿਕਰਾਂ ਵਿਚ ਪਾਈ ਰੱਖਿਆ।

—ਮਿਰਜ਼ਾ ਸਾਹਬ ਵੀ ਕਦੇ ਧਮਕੀਆਂ ਦਿੰਦਾ ਏ, ਕਦੇ ਚਾਪਲੂਸੀਆਂ ਕਰਦਾ ਏ।'

—ਕਦੇ ਤੋਲਾ, ਕਦੇ ਮਾਸਾ।'

—ਕਿਥੇ ਆ ਫਸੇ।'

—ਏਸ ਜੰਗ ਨਾਲੋਂ ਤਾਂ ਕਾਬਲ-ਕੰਧਾਰ ਦੀਆਂ ਜੰਗਾਂ ਵੇਲੇ ਚੰਗੇ ਸਾਂ।'

ਤੇ ਫਿਰ ਸਾਰੇ ਫੌਜਦਾਰ, ਅਗਲੇ ਦਿਨ ਦੇ ਹਮਲੇ ਵੇਲੇ ਰਣਨੀਤੀ ਘੜਨ ਲਈ ਇਕ ਖ਼ੇਮੇ ਅੰਦਰ ਚਲੇ ਗਏ।

## 44.

ਅੱਜ, ਸਰਦ ਰੁੱਤ ਦੀ ਇਹ ਦੁਪਹਿਰ ਬੜੀ ਉਦਾਸ ਸੀ। ਸੂਰਜ ਦੀ ਧੁੱਪ ਕੋਸੇ ਪਾਣੀ ਵਾਂਗ ਕੁਝ ਰਾਹਤ ਤਾਂ ਦਿੰਦੀ ਸੀ, ਪਰ ਅੰਦਰਲਾ ਕਾਂਬਾ ਨਹੀਂ ਸੀ ਹਟਾਉਂਦੀ। ਝਿੜੀ ਦੇ ਰੁੱਖ ਸਹਿਮੀ ਸਹਿਮੀ ਵਗਦੀ ਹਵਾ ਵਿਚ, ਹਾਉਕੇ ਭਰਦੇ ਜਾਪ ਰਹੇ ਸਨ। ਅੱਜ ਤਾਂ ਕਿਧਰੇ ਪੰਛੀਆਂ ਦੇ ਚਹਿਚਹਾਉਣ ਦੀਆਂ ਆਵਾਜ਼ਾਂ ਵੀ ਨਹੀਂ ਸਨ ਸੁਣਦੀਆਂ।

ਦੁੱਲਾ ਆਪਣੇ ਮਾਮਿਆਂ ਅਤੇ ਭਾਣਜਿਆਂ ਨਾਲ ਖੂਹ ਲਾਗੇ ਥੜ੍ਹੇ ਉੱਪਰ ਸ਼ੋਕ-ਗ੍ਰਸਤ ਬੈਠਾ ਸੀ। ਆਪਣੇ ਨਾਲ ਉਹ ਪੰਜ ਸੌ ਦੇ ਕਰੀਬ ਗੱਭਰੂ ਹੋਰ ਲੈ ਆਇਆ ਸੀ। ਦੁੱਲੇ ਨੂੰ ਵੇਖਦਿਆਂ ਹੀ ਗਲੇ ਮਿਲਦਿਆਂ ਗਾਹਣੇ ਦਾ ਰੋਣ ਨਿਕਲ ਗਿਆ ਸੀ।

ਪਿੰਡੀ ਦੀ ਹਾਲਤ ਵੇਖਕੇ ਪਿਰਥਾ, ਰੂੜਾ ਅਤੇ ਸਦੀਕ ਵੀ ਡੂੰਘੀ ਚਿੰਤਾ ਵਿਚ ਡੁੱਬੇ ਬੈਠੇ ਸਨ। ਦੁੱਲੇ ਦੇ ਨਾਲ ਆਏ ਗੱਭਰੂ ਤੇ ਝਿੜੀ ਵਿਚ ਪਹਿਲਾਂ ਇਕੱਠੇ ਹੋਏ ਬੰਦੇ ਏਨੇ ਚੁੱਪ ਸਨ। ਏਸ ਚੁੱਪ ਦਾ ਅੰਦਰਲਾ ਸ਼ੋਰ ਦੁੱਲੇ ਕੋਲੋਂ ਸਹਿਣ ਨਹੀਂ ਸੀ ਹੁੰਦਾ ਪਿਆ।

ਦੁੱਲੇ ਨੇ ਹਰ ਪਾਸੇ ਨਿਗਾਹ ਫੇਰੀ, ਝਿੜੀ, ਖੂਹ, ਸੁੱਕੇ ਪੱਤੇ, ਪੰਛੀ, ਜਾਨਵਰ, ਹਵਾ, ਇਉਂ ਲਗਦਾ ਸੀ, ਜਿਵੇਂ ਦੁੱਲੇ ਦੇ ਆਲੇ-ਦੁਆਲੇ ਬੈਠੇ ਸੋਗ ਮਨਾ ਰਹੇ ਹੋਣ।

—ਅੰਮਾਂ ਲੱਧੀ, ਨੂਰਾ, ਬੱਚੇ ਭਾਬੀ ਸਭ ਮੁਗਲਾਂ ਦੀ ਕੈਦ ਵਿਚ ਨੇ ਦੁੱਲੇ ਭਰਾ।' ਦੱਸਦਿਆਂ ਗਾਹਣੇ ਦਾ ਫਿਰ ਰੋਣ ਨਿਕਲ ਗਿਆ—'ਤੂੰ ਤੇ ਅਸਾਂ ਨੂੰ ਯਤੀਮ ਕਰਕੇ ਦੌੜ ਗਿਆ।' ਗਾਹਣਾ ਰੋਈ ਗਿਆ।

—ਗਾਹਣਿਆਂ, ਮੈਨੂੰ ਦੁੱਖ ਇਹ ਵੇ, ਤੂੰ ਵੀ ਹੋਰਾਂ ਵਾਂਗ ਸੋਚਨਾ ਏਂ। ਨਾਨਕਿਆਂ ਦੇ ਮੈਂ ਦਾਅਵਤਾਂ ਖਾਣ ਨਹੀਂ ਗਿਆ ਸਾਂ। ਤੂੰ ਮੇਹਣੇ ਦੇ ਲੈ, ਰੋ ਕੇ ਵਿਖਾਲ। ਵੇਖਦਾ ਈ ਪਿਐਂ, ਮਾਮਿਆਂ ਵਲੋਂ ਮੈਂ 'ਕੱਲਾ ਨਹੀਂ ਮੁੜਿਆ।'

—ਮੈਂ ਤਾਂ ਵੇਖਦਾ ਪਿਆਂ। ਏਥੇ ਅਸੀਂ ਕੀਹਦਾ ਕੀਹਦਾ ਮੂੰਹ ਬੰਨ੍ਹੀਏਂ। ਪਿੰਡੀ ਦੀਆਂ ਗਲੀਆਂ ਵਿਚ ਲੋਥਾਂ ਤਾਂ ਅਜੇ ਤੱਕ ਰੁਲਦੀਆਂ ਪਈਆਂ ਨੇ। ਮੁਗਲੇਟਿਆਂ ਘਰਾਂ ਵਿਚ ਕੋਈ ਔਰਤ ਨਹੀਂ ਛੱਡੀ ਚੁਲ੍ਹਾ ਬਾਲਣ ਜੋਗੀ।'

—ਗਾਹਣਿਆਂ ਸੂਰਮੇ ਤੇਰੀ ਤਰ੍ਹਾਂ ਵਿਰਲਾਪ ਨਹੀਂ ਕਰਦੇ, ਤੂੰ ਤਾਂ ਰੰਨਾਂ ਵਾਂਗ ਰੋਣ ਡਿਹਾ ਏਂ।'

—ਰੋਵਾਂ ਨਾ ਦੁੱਲਿਆ, ਮੈਨੂੰ ਅੱਗੇ ਦੀਂਹਦਾ ਈ ਕੱਖ ਨਈਂ।'

—ਹੌਸਲਾ ਰੱਖ, ਹੁਣ ਆ ਗਏ ਆਂ ਅਸੀਂ। ਇੱਕੀ ਦੀ 'ਕੱਤੀ ਪਾ ਕੇ ਆਵਾਂਗੇ। ਜਿੱਦਾਂ ਮੁਗਲਾਂ ਪਿੰਡੀ ਦੀ ਪੱਤ ਰੋਲੀ ਉ, ਹੁਣ ਇਹਨਾਂ ਮੁਗਲੇਟਿਆਂ ਦੇ ਘਰਾਂ ਵਿਚ ਵੈਣ ਪੈਣੇ ਨੀ। ਗਾਹਣਿਆਂ ਹੁਣ ਉਹਨਾਂ ਦੇ ਚੁਲ੍ਹਿਆਂ ਵਿਚ ਵੀ ਅੱਗ ਨਹੀਂ ਬਲਣੀ.....।' ਆਖਦਾ ਦੁੱਲਾ, ਗਾਹਣੇ ਦੀ ਕੰਡ 'ਤੇ ਹੱਥ ਫੇਰੀ ਜਾ ਰਿਹਾ ਸੀ।

—ਮਿਰਜ਼ਾ ਅਜੇ ਗਿਆ ਨਹੀਂ। ਉਹ ਤਾਂ ਹੰਕਾਰਿਆ ਬੈਠਾ ਈ, ਆਂਹਦਾ ਏ, ਦੁੱਲਾ ਬੰਨ੍ਹ ਕੇ ਖੜਨਾ ਈ ਜਿਉਂਦਾ।'



—ਖ਼ਬਰ ਕਰੋ ਫੇਰ ਉਸਨੂੰ, ਆਖੋ ਤਕੜਾ ਹੋ ਜਾ, ਨਿਜਾਮੁਦੀਨਾ ਸਾਂਦਲ ਬਾਰ ਦਾ ਦੁੱਲਾ ਆ ਗਿਆ ਈ।'

ਕਿਧਰੋਂ ਤੇਜ਼ ਹਵਾ ਦਾ ਬੁਲ੍ਹਾ ਆਇਆ, ਹਨੇਰੀ ਵਰਗਾ। ਝਿੜੀ ਦੇ ਰੁੱਖ ਸ਼ੂਕਣ ਲੱਗ ਪਏ, ਜਿਵੇਂ ਆਖ ਰਹੇ ਹੋਣ:

—'ਹੁਣ ਆ ਗਿਆ ਈ ਦੁੱਲਾ, ਹੁਣ ਆ ਗਿਆ ਈ ਦੁੱਲਾ—।'

ਗਾਹਣਾ ਹੈਰਾਨ ਹੋਇਆ, ਉਪਰ ਝੂਮਦੇ ਸ਼ੂਕਦੇ ਰੁੱਖਾਂ ਵੱਲ ਝਾਕਿਆ ਤੇ ਜੋਸ਼ ਨਾਲ ਭਰ ਗਿਆ।

ਪਿੰਡੀ ਵਲੋਂ ਇਕ ਬਿਰਧ ਹੱਥ ਵਿਚ ਸੋਟਾ ਫੜੀ ਹੌਲੀ ਹੌਲੀ ਤੁਰਦਾ, ਝਿੜੀ ਵੱਲ ਆਉਂਦਾ ਵੇਖ ਕੇ, ਪਿਰਥੇ ਪੁੱਛਿਆ—'ਮੁਗਲਾਂ ਬੁੱਢਿਆਂ ਨੂੰ ਕੁਝ ਨਹੀਂ ਜੇ ਆਖਿਆ ?'

—ਏਹ ਤਾਂ ਆਪਣਾ ਹਾਜੀ ਮੀਆਂ ਚਿਰਾਗ਼ ਦੀਨ ਏ।' ਰਮਜ਼ੇ ਦੱਸਿਆ।

—ਏਹਦੀ ਤਾਂ ਧੌਣ ਹਿਲਦੀ ਪਈ ਏ ਤੁਰਦਿਆਂ— ?' ਦੁੱਲਾ ਹੈਰਾਨ ਰਹਿ ਗਿਆ।

—ਦੋ ਦਿਨਾਂ ਦੀ ਲੜਾਈ ਨੇ ਏਨਾ ਬੁੱਢਾ ਕਰ ਦਿੱਤਾ ਈ ?' ਸਦੀਕ ਨੇ ਪੁੱਛਿਆ।

ਚਿਰਾਗ਼ ਦੀਨ ਉਹਨਾਂ ਦੇ ਨੇੜੇ ਆ ਗਿਆ। ਦੁੱਲੇ ਨੇ ਉਠਕੇ ਸਿਰ ਝੁਕਾਇਆ ਤੇ ਬੈਠਣ ਲਈ ਥਾਂ ਦਿੱਤੀ।

—ਬਾਬਾ, ਤੂੰ ਤਾਂ ਅਸਲੋਂ ਹੀ ਰਹਿ ਗਿਆ ਏਂ।' ਦੁੱਲੇ ਨੇ ਉਸਦੇ ਚਿਹਰੇ ਵੱਲ ਵੇਖਦਿਆਂ ਫ਼ਿਕਰ ਨਾਲ ਕਿਹਾ।

—ਧਾਅਨੂੰ ਵੇਖਣ ਲਈ ਸਾਹ ਵਗਦੇ ਪਏ ਸਨ ਪੁੱਤਰੋ। ਤਿੰਨ ਦਿਨ ਹੋ ਗਏ ਨੀ, ਪਿੰਡੀ 'ਚ ਕਿਸੇ ਘਰ ਚੁਲ੍ਹਾ ਨਹੀਂ ਬਲਿਆ। ਜਿਹੜੀ ਹੋਣੀ ਤੋਂ ਮੈਂ ਡਰਦਾ ਪਿਆ ਸਾਂ, ਉਹੀਓ ਵੇਖਣ ਡਿਹਾਂ ਬਰਖੁਰਦਾਰੋ। ਪਿੰਡੀ ਤਾਂ ਫੇਰ ਥੇਹ ਹੋ ਗਈ ਏ।.....'

ਦੁੱਲਾ ਅਤੇ ਉਹਦੇ ਸਾਥੀ ਨਮੋਸ਼ੀ ਨਾਲ ਨੀਵੀਆਂ ਪਾ ਗਏ।

—ਬਾਬਾ ਮੈਂ ਇਮਦਾਦ ਲੈਣ ਗਿਆ ਸਾਂ ਮਾਮਿਆਂ ਵੱਲ......।'

—ਸਫ਼ਾਈ ਨਾ ਦੇਹ ਪੁੱਤਰਾ। ਮੈਂ ਜਾਣਨਾ, ਇਕ ਦੋ ਜਾਂ ਦਸ ਵੀਹ ਬੰਦਿਆਂ ਨਾਲ ਮੁਲਕ ਦੀਆਂ ਕਿਸਮਤਾਂ ਨਹੀਂ ਬਦਲਦੀਆਂ। ਬੰਦਿਆਂ ਦੀ ਲੋੜ ਪੈਂਦੀ ਉ....।'

—ਕੀ ਕਰਾਂ ਬਾਬਾ, ਨਾ ਮੈਂ ਆਪ ਕੁਝ ਪੜ੍ਹਨਾ-ਲਿਖਣਾ ਜਾਣਾ, ਨਾ ਉਹ ਜਾਨਣ, ਜਿੰਨ੍ਹਾਂ ਨੂੰ ਲੈਣ ਵੱਗਿਆ ਸਾਂ। ਹਾਜੀ ਮੀਆਂ, ਉਠਾਂ ਤੇ ਗੰਵਾਰਾਂ ਨੂੰ ਕਿਸੇ ਮੁਹਿੰਮ ਲਈ ਰਾਜ਼ੀ ਕਰਨਾ ਡਾਹਢਾ ਔਖਾ ਈ। ਨਹੀਂ ਤਾਂ ਮੈਂ......।'

—ਕੁਝ ਨਾ ਆਖ ਬਰਖੁਰਦਾਰਾ। ਮੈਂ ਤੇਰੀਆਂ ਮੁਸ਼ਕਲਾਂ ਸਮਝਨਾਂ। ਪਰ ਇਹ ਨਾ ਭੁੱਲੀਂ ਚੰਗੀ ਗੱਲ ਏ, ਏਥੇ ਤੁਸੀਂ ਬਹੁਤੇ ਅਨਪੜ੍ਹ ਓਂ। ਅਨਪੜ੍ਹਾਂ ਨੂੰ ਮੈਂ ਗੰਵਾਰ ਨਹੀਂ ਆਖਦਾ। ਜਿਹਨਾਂ ਲੋਕਾਂ ਨੇ ਮੁਲਕ ਦੀਆਂ ਤਕਦੀਰਾਂ ਬਦਲੀਆਂ ਨੀ, ਉਹਨਾਂ ਵਿਚ ਅਨਪੜ੍ਹਾਂ ਈ ਵਧੇਰੇ ਕੰਮ ਕੀਤਾ। ਪੜ੍ਹੇ ਲਿਖੇ ਤਾਂ ਸਾਜ਼ਸ਼ਾਂ ਰਚਦੇ ਨੇ ਜਾਂ ਦਗ਼ਾ ਦੇਂਦੇ ਨੇ। ਅਨਪੜ੍ਹ ਤਾਂ ਜੇਹੇ ਅੰਦਰੋਂ ਤੇਹੇ ਬਾਹਰੋਂ। ਦੱਸਣ ਤਾਂ ਮੈਂ ਆਇਆਂ ਪੁੱਤਰੋ, ਗਲੀਆਂ ਵਿਚ ਲਾਸ਼ਾਂ ਰੁਲਦੀਆਂ ਪਈਆਂ ਨੇ। ਇਹ ਤਰੱਕਣ ਲੱਗੀਆਂ ਨੀ ਹੁਣ....।'

—ਬਾਬਾ ਇਕ ਦਿਨ ਹੋਰ......।'

—ਮੈਂ ਸਮਝਨਾਂ ਪੁੱਤਰਾ,—'ਚਿਰਾਗ਼ਦੀਨ ਬੋਲਿਆ—'ਇਹ ਨਾ ਸੋਚਣਾ; ਪਿੰਡੀ ਦੇ ਲੋਕ ਜਿਹੜੇ ਅੱਲਾਹ ਦੀ ਮੇਹਰ ਨਾਲ ਬਚ ਗਏ ਨੀ, ਉਹ ਆਪਣੇ ਘਰ ਬਾਰ ਠੀਕ ਕਰਨ

ਲੱਗੇ ਹੋਏ ਨੇ। ਉਹਨਾਂ ਨੂੰ ਪਤਾ ਈ, ਫੌਜ ਅਜੇ ਏਥੇ ਈ ਬੈਠੀ ਹੋਈ ਏ। ਪਰ ਉਹਨਾਂ ਨੂੰ ਇਹ ਵੀ ਆਸ ਏ, ਦੁੱਲਾ ਅਜੇ ਆਵਣਾ ਏ। ਚੌਧਰੀ ਤਾਂ ਹਵੇਲੀਆਂ ਦੇ ਅੰਦਰ ਬੈਠੇ ਈ ਤਭ੍ਰਕਦੇ ਪਏ ਨੇ। ਮੌਲਵੀ ਤੇ ਪੰਡਤ ਵੀ ਦੋ ਦਿਨਾਂ ਤੋਂ ਨਹੀਂ ਵੇਖੇ।....ਮੁਖ਼ਬਰਾਂ ਨੂੰ ਦੋਹਾਂ ਪਾਸਿਓਂ ਡਰ ਹੁੰਦਾ ਏ।....ਪਿੰਡੀ ਉੱਜੜ ਗਈ ਏ ਤਾਂ ਵੀ ਬਰਖੁਰਦਾਰੋ ਧਾਅਡੀਆਂ ਗੱਲਾਂ ਹੁੰਦੀਆਂ ਨੇ। ਹਾਜੀ ਦੀ ਇਕ ਗੱਲ ਯਾਦ ਰੱਖਣਾ, ਜੰਗ ਵਿਚ ਕਦੀ ਆਸ ਦਾ ਪੱਲਾ ਨਹੀਓਂ ਛੱਡਣਾ। ਮੈਂ ਤਾਂ ਕਦੋਂ ਦਾ ਵੇਖਦਾ ਪਿਆਂ ਜਦ ਤੂੰ ਤਿਆਰੀਆਂ ਕਰਦਾ ਸੈਂ, ਗਾਹਣੇ ਦੀ ਭੱਠੀ ਦਿਨ ਰਾਤ ਮਘਦੀ ਸੀ, ਉਦੋਂ ਕੁੜੀਆਂ-ਛੋਹਰੀਆਂ, ਚਾਦਰਾਂ ਸਿਰਹਾਣਿਆਂ 'ਤੇ ਤੇਰੇ ਨਾਉਂ ਦੇ ਤਰੋਪੇ ਭਰਦੀਆਂ ਸਨ। ਹੁਣ ਕਿਸੇ ਨੇ ਦੁੱਲਾ ਨਹੀਂ ਬਣ ਜਾਣਾ। ਜਿਹੜੀਆਂ ਮੁਹਿੰਮਾਂ ਕੁੜੀਆਂ ਚਿੜੀਆਂ ਦੀਆਂ ਸੂਈਆਂ ਧਾਗਿਆਂ ਤੇ ਗੀਤਾਂ 'ਚ ਆ ਰਲਣ, ਉਹਨਾਂ ਨੂੰ ਰੱਬ ਵੀ ਨਹੀਂ ਮਾਰ ਸਕਦਾ। ਮੈਂ ਚੱਲਨਾ ਵਾਂ, ਚੌਕੰਨੇ ਰਹੋ। ਜੇ ਅੱਲਾਹ ਨੇ ਕੁਝ ਸਾਹ ਹੋਰ ਦਿੱਤੇ ਤਾਂ ਪਿੰਡੀ ਨੂੰ ਫੇਰ ਵਸਦਾ ਵੇਖਣਾ ਈ ਜੀਣ-ਜੋਗਿਓ.....' ਤੇ ਚਿਰਾਗ਼ ਦੀਨ ਹੌਲੀ ਹੌਲੀ ਤੁਰਦਾ ਝਿੜੀ ਤੋਂ ਬਾਹਰ ਹੋ ਗਿਆ।

ਫਿਰ ਦੁੱਲਾ, ਉਸਦੇ ਮਾਮੇ ਭਾਣਜੇ, ਪਿਰਥਾ, ਰੁੜਾ ਤੇ ਸਦੀਕ ਗਾਹਣੇ ਤੋਂ ਦੋ ਦਿਨਾਂ ਦੀਆਂ ਵਾਰਦਾਤਾਂ ਸੁਣਨ ਲਈ ਉਸਦੇ ਦੁਆਲੇ ਹੋ ਗਏ।

ਫੱਤੂ, ਰਮਜ਼ੇ ਅਤੇ ਸ਼ੱਲੇ ਨੇ ਭੱਠੀ ਵਿਚ ਅੱਗ ਬਾਲ ਲਈ ਸੀ।

****

ਪਿੰਡੀ ਦੀਆਂ ਗਲੀਆਂ ਵਿਚ ਪਈਆਂ ਲੋਥਾਂ ਬਦਬੂ ਮਾਰਨ ਲੱਗ ਪਈਆਂ। ਪਤਾ ਨਹੀਂ ਕਿਧਰੋਂ ਘੁੰਮਦਾ-ਘੁੰਮਾਉਂਦਾ ਆਇਆ ਫ਼ੱਕਰ ਸਾਈਂ ਸ਼ਾਹ-ਹੁਸੈਨ, ਮੋਏ ਸਿਪਾਹੀਆਂ ਨੂੰ ਵੇਖਦਾ, ਬੇਹੱਦ ਦੁੱਖੀ ਮਨ ਨਾਲ ਝਿੜੀ ਨੂੰ ਸਿੱਧਾ ਹੋ ਤੁਰਿਆ। ਆਪਣੇ ਮੁਰੀਦ ਮਾਧੋ ਲਾਲ ਨਾਲ ਰਾਹ ਵਿਚ ਗੱਲਾਂ ਕਰਨ ਲੱਗਾ:

—ਇਹ ਲੋਕ ਵੀ ਤਾਂ ਕਿਸੇ ਦੇ ਪੁੱਤਰ ਹੈਨ, ਭਰਾ ਹੈਨ, ਵਾਲਦ ਹੈਨ। ਇਹਨਾਂ ਨੂੰ ਤਾਂ ਗੋਰਾਂ ਵੀ ਨਸੀਬ ਨਹੀਂ ਹੋਣੀਆਂ। ਕਿੰਨੇ ਬੱਚੇ ਯਤੀਮ ਹੋ ਗਏ ਹੋਣੇ ਨੇ ਮਾਧੋ। ਇਹ ਸਭ ਬਾਦਸ਼ਾਹ ਲਈ ਲੜੇ ਨੇ ਮੇਰੇ ਮਾਧੋ ਲਾਲ ਹੁਸੈਨ ਤੇ ਜਾਣਨਾਂ ਏਂ ਬਾਦਸ਼ਾਹ ਕਸ਼ਮੀਰ ਵਿਚ ਰੰਗ-ਰਲੀਆਂ ਪਿਆ ਮਨਾਂਵਦਾ ਹੋਣਾ। ਏਥੇ ਓਹਦੇ ਮੋਹਰੇ ਗਲੀਆਂ 'ਚ ਪਏ ਤਰੱਕ ਗਏ ਨੀ।....'

ਤੁਰਿਆ ਜਾਂਦਾ ਸ਼ਾਹ ਹੁਸੈਨ ਗਾਉਣ ਲੱਗਾ;
ਕਿਉਂ ਗ਼ੁਮਾਨ ਜਿੰਦੂ ਨੀ,
ਆਖ਼ਰ ਮਾਟੀ ਸਿਉਂ ਰਲ ਜਾਣਾ.....।

ਨਾਲ ਹੀ ਮਾਧੋ ਲਾਲ ਗਾਉਣ ਲੱਗਾ—'ਆਖਰ ਮਾਟੀ ਸਿਉਂ ਰਲ ਜਾਣਾ।....,' ਬਾਰ ਬਾਰ ਗਾਉਂਦੇ ਜਦ ਉਹ ਝਿੜੀ ਵਿਚ ਗਏ, ਉਦੋਂ ਦੁੱਲਾ ਅਤੇ ਉਹਦੇ ਸਾਥੀ ਮੁਗਲਾਂ ਉੱਪਰ ਹਮਲਾ ਕਰਨ ਦੀਆਂ ਦਲੀਲਾਂ ਵਿਚ ਰੁੱਝੇ ਹੋਏ ਸਨ।

ਦੁੱਲੇ ਨੇ ਸਾਈਂ ਫ਼ਕੀਰ ਬਾਰੇ ਹਾਜੀ ਚਿਰਾਗ਼ਦੀਨ ਪਾਸੋਂ ਬੜਾ ਕੁਝ ਸੁਣ ਰੱਖਿਆ ਸੀ।—ਸਾਈਂ ਨੂੰ ਨਾ ਰੱਬ ਦਾ ਡਰ ਏ, ਨਾ ਅਕਬਰ ਬਾਦਸ਼ਾਹ ਦਾ ਡਰ ਏ। ਉਹ ਤਾਂ ਲੋਕਾਂ ਦਾ ਬੰਦਾ ਏ, ਓਸ ਕਿਹੜਾ ਬਾਦਸ਼ਾਹ ਤੋਂ ਜਗੀਰਾਂ ਲੈਣੀਆਂ........।'



ਦੁੱਲੇ ਨੇ ਸਾਈਂ ਨੂੰ ਸਲਾਮ ਆਖੀ। ਉਸਦੇ ਸਾਥੀਆਂ ਨੇ ਫ਼ਕੀਰ ਨੂੰ ਸਿਜਦਾ ਕੀਤਾ।

—ਏਧਰ ਬੜਾ ਖ਼ਤਰਾ ਈ ਸਾਈਂ ਲੋਕਾ।' ਦੁੱਲੇ ਆਖਿਆ।

—ਫ਼ਕੀਰਾਂ ਨੂੰ ਕਾਹਦਾ ਖ਼ਤਰਾ।' ਸ਼ਾਹ ਹੁਸੈਨ ਨੇ ਬੇਪਰਵਾਹੀ ਨਾਲ ਕਿਹਾ।

—ਤੀਰ, ਤਲਵਾਰ ਨਾ ਸਾਈਂ ਲੋਕ ਵੇਖਦੇ ਈ, ਨਾ ਫ਼ਕੀਰ ਨਾ ਹੀ ਚੋਰ ਉਚੱਕਾ। ਜਦ ਬੰਦੇ ਦੇ ਹੱਥ ਵਿਚ ਹਥਿਆਰ ਹੁੰਦਾ ਏ, ਤਾਂ ਸਾਈਂ ਲੋਕਾਂ ਤੇ ਦਰਵੇਸ਼ਾਂ ਦਾ ਮੁੱਲ ਘਟ ਜਾਂਦਾ ਏ। ਹਥਿਆਰ ਵਾਲਾ ਬੰਦਾ ਅੱਖਾਂ ਤੋਂ ਅੰਨ੍ਹਾ ਤੇ ਕੰਨਾ ਤੋਂ ਬੋਲਾ ਹੋ ਜਾਂਦਾ ਏ।'

—ਤੂੰ ਈ ਦੁੱਲਾ ਏਂ ਨਾ ?' ਸ਼ਾਹ ਹੁਸੈਨ ਨੇ ਪੁੱਛਿਆ।

—ਹਾਂ, ਮੈਂ ਹੀ ਦੁੱਲਾ ਵਾਂ ਸਾਈਂ ਲੋਕਾ।'

—ਤੇ ਆਹ ਤੇਰੇ ਸੰਗੀ ਸਾਥੀਆਂ ਦਾ ਵੀ ਕੋਈ ਨਾਂ ਹੋਣਾ ?'

—ਫ਼ੱਕਰ ਮੀਆਂ ਦੁੱਲੇ ਦੇ ਬੰਦੇ ਨਾਵਾਂ ਨਾਲ ਨਹੀਂ ਜਾਣੇ ਜਾਂਦੇ। ਅਸੀਂ ਸਾਰੇ ਈ ਦੁੱਲੇ ਆਂ।' ਦੁੱਲਾ ਗਰਵ ਨਾਲ ਆਪਣੇ ਬੇਲੀਆਂ ਵੱਲ ਝਾਕਿਆ।

—ਤੇਰੀਆਂ ਗੱਲਾਂ ਤਾਂ ਲਾਹੌਰੋਂ ਪਾਰ ਲੰਘ ਗਈਆਂ ਨੇ ਸੂਰਮਿਆਂ।'

—ਆਹੋ, ਤਾਹੀਓਂ ਤਾਂ ਅਕਬਰ ਨੇ ਮੈਨੂੰ ਕੈਦ ਕਰਨ ਲਈ ਫੌਜ ਘੱਲੀ ਏ।' ਦੁੱਲਾ ਹੱਸਿਆ।

—ਤੈਨੂੰ ਸਭ ਖ਼ੈਰਾਂ ਨੇ ਦੁੱਲਿਆ। ਆਖ਼ਰ ਬਾਦਸ਼ਾਹ ਆਪਣੀ ਔਕਾਤ ਪਰ ਉੱਤਰ ਆਇਆ ਈ। ਉਹਦੇ ਨਾਲੋਂ ਤਾਂ ਜੰਗਲ ਦੇ ਜਾਨਵਰ ਚੰਗੇ ਨੇ, ਜੋ ਦੂਜੇ ਜਾਨਵਰਾਂ ਨੂੰ ਆਪਣਾ ਢਿੱਡ ਭਰਨ ਲਈ ਹੀ ਮਾਰਦੇ ਨੇ ਤੇ ਏਥੇ ਬਾਦਸ਼ਾਹ ਆਪਣੇ ਲਾਲਚ, ਆਪਣੀਆਂ ਹੱਦਾਂ ਵਧਾਣ ਲਈ ਬੇਗੁਨਾਹਾਂ ਦਾ ਕਤਲ ਕਰਵਾਂਦਾ ਈ।'

—ਪਿੰਡੀ 'ਚ ਦੇਖ ਲਿਆ ਹੋਣਾ ਸਾਈਂ; ਬਾਦਸ਼ਾਹ ਕੀ ਕਰਤੂਤਾਂ ਕਰਦਾ ਪਿਆ ਈ। ਜ਼ੋਰ ਜ਼ੁਲਮ ਤਾਂ ਅਸਾਂ ਦੇ ਬਾਪ ਦਾਦੇ ਨਹੀਂ ਸਿਹਾ, ਅਸਾਂ ਕੀ ਸਹਿਣਾ। ਸਾਈਂ ਬਾਬਾ ਉਹ ਲੋਕਾਂ ਦੀ ਸੰਘੀ ਨਪੀੜ ਕੇ ਲਗਾਨ ਲੈਣ ਆਂਦੇ ਨੇ। ਅਸੀਂ ਨਾਬਰ ਆਂ। ਆਖ ਛੱਡਿਆ ਈ, ਰਾਹਕਾਂ ਕੋਲ ਵਾਧੂ ਬਚਿਆ ਹੋਇਆ, ਓਹੀ ਮਿਲਣਾ ਈ। ਵਾਧੂ ਹੁੰਦਾ ਕਿਥੇ ਈ ? ਰਾਹਕਾਂ ਦੇ ਆਪਣੇ ਖਾਣ ਜੋਗਾ ਨਹੀਂ ਹੁੰਦਾ। ਬਾਰ ਵਿਚ ਜਦ ਤੱਕ ਦੁੱਲਾ ਜਿਉਂਦਾ ਏ, ਬਾਦਸ਼ਾਹ ਦੇ ਮਨਸੂਬੇ ਪੂਰੇ ਨਹੀਂ ਹੋਵਣਗੇ ਸਾਈਂ ਮੀਆਂ।'

—ਦੁੱਲਿਆ, ਮੈਂ ਦੇਖ ਆਇਆਂ ਪਿੰਡੀ ਦੀਆਂ ਗਲੀਆਂ 'ਚ ਕੁੱਤੇ ਮੋਏ ਬੰਦਿਆਂ ਨੂੰ ਖਿੱਚੀ ਪਏ ਫਿਰਦੇ ਨੇ, ਬਾਦਸ਼ਾਹ ਇਹਨਾਂ ਗੱਲਾਂ ਨੂੰ ਖੇਡ ਸਮਝਦਾ ਈ।'

—ਮੌਤ ਨੂੰ ਤਾਂ ਅਸੀਂ ਵੀ ਖੇਡ ਈ ਸਮਝਨੇ ਆਂ ਸਾਈਆਂ। ਪਰ ਇਹ ਕੋਈ ਆਪਣੀ ਮਰਜ਼ੀ ਨਾਲ ਖੇਡੇ, ਇਹ ਦੁੱਲੇ ਨੂੰ ਗਵਾਰਾ ਨਹੀਂ, ਚਾਹੇ ਉਹ ਅਕਬਰ ਬਾਦਸ਼ਾਹ ਹੀ ਕਿਉਂ ਨਾ ਹੋਵੇ। ਬੰਦਾ ਤਾਂ ਬੰਦੇ ਨਾਲੋਂ ਉੱਚਾ ਨਹੀਂ ਹੋ ਸਕਦਾ, ਰਸੂਲ ਦੀ ਹੋਰ ਗੱਲ ਏ।'

—ਦੁੱਲਿਆ, ਸਾਡੇ ਲਈ ਤਾਂ ਰਸੂਲ ਦੀ ਗੱਲ ਵੀ ਹੋਰ ਨਹੀਓਂ। ਰਸੂਲ ਨੂੰ ਬਨਾਵਣ ਮੰਨਣ ਵਾਲਾ ਵੀ ਤੇ ਬੰਦਾ ਈ ਹੋਂਦਾ ਏ। ਮੈਂ ਤਾਂ ਹੋਇਆ, ਸੂਫ਼ੀ, ਮਲੰਗ, ਦਰਵੇਸ਼ ਤਾਂ ਵੀ ਦੁਨੀਆਂਦਾਰ ਬੰਦਿਆਂ ਦਾ ਫ਼ਿਕਰ ਕਰਨਾ ਵਾਂ। ਬੰਦਾ ਦੁਨੀਆਂਦਾਰ ਹੈਗਾ ਵੇ ਤਾਂ ਹੀ ਦੁਨੀਆਂ ਅਗਾਂਹ ਤੁਰਦੀ ਏ। ਅਸਾਂ ਤਾਂ ਪੁੱਠਿਆਂ ਨੂੰ ਸਿੱਧੇ ਰਾਹ ਪਾਵਣਾ ਈ, ਪੈ ਜਾਣ ਤਾਂ ਵਾਹ ਭਲੀ ਨਹੀ ਤੇ ਅੱਲਾਹ ਬੇਲੀ।' ਤੇ ਸ਼ਾਹ ਹੁਸੈਨ ਉੱਠਕੇ ਗਾਉਣ ਲੱਗਾ;

ਅਮਲਾਂ ਦੇ ਉਪਰ ਹੋਗ ਨਬੇੜਾ,
ਕਿਆ ਸੂਫ਼ੀ ਕਿਆ ਭੰਗੀ।
ਜੋ ਰੱਬ ਭਾਵੇ ਸੋਈ ਥੀਮੀ,
ਸੋਈ ਬਾਤ ਹੈ ਚੰਗੀ।.....ਸੋਈ ਬਾਤ ਹੈ ਚੰਗੀ.....

ਮਾਧੋ ਲਾਲ ਵੀ ਨੱਚਣ ਲੱਗਾ। ਦੁੱਲੇ ਦੇ ਕੁਝ ਬੰਦੇ ਵੀ ਨੱਚਣ ਲੱਗ ਪਏ।.... ਝਿੜੀ ਵਿਚੋਂ ਚੁਫੇਰਿਓਂ ਆਵਾਜ਼ਾਂ ਆਉਣ ਲੱਗੀਆਂ.....'ਸੋਈ ਬਾਤ ਹੈ ਚੰਗੀ...ਸੋਈ ਬਾਤ ਹੈ ਚੰਗੀ।....'

ਦੁੱਲੇ ਨੇ ਫੱਤੂ ਨੂੰ ਇਸ਼ਾਰੇ ਨਾਲ ਸੱਦਿਆ, ਉਹ ਦੌੜਿਆ ਆਇਆ।

—ਮੀਰ-ਜਾਦਿਆ, ਸਾਈਂ ਲਈ ਕੁਝ ਖਾਣ ਪੀਣ ਲੈ ਆ। ਪਿੰਡ ਵਿਚ ਤਾਂ ਸਭਨਾਂ ਦੇ ਚੁੱਲ੍ਹੇ ਠੰਢੇ ਨੀ।

ਫੱਤੂ ਮਰਾਸੀ ਭੱਠੀਆਂ ਵੱਲ ਤੁਰ ਗਿਆ।

—ਰੱਬ ਦਿਆ ਬੰਦਿਆ, ਮੈਨੂੰ ਖਾਣੋਂ ਉਜਰ ਕਾਈ ਨਹੀਂ, ਪਰ ਏਥੇ ਵਣੀਂ ਬੈਠਿਆਂ ਬੜੀ ਅਵੱਲੀ ਗੱਲ ਲਗਦੀ ਏ। ਮੈਂ ਖਾਣ ਲੱਗਾਂ ਤੇ ਮੁਗਲਾਂ ਅਚੇਤੜੀਆਂ ਆ ਪੈਣਾ। ਤੂੰ ਬੜਾ ਸੂਰਾ ਏਂ ਦੁੱਲਿਆ। ਖਾਣ ਪੀਣ ਦੇ ਝਮੇਲੇ ਵਿਚ ਨਾ ਬੱਝ, ਅਸਾਂ ਫ਼ਕੀਰਾਂ ਤਾਂ ਕਿਧਰੋਂ ਸ਼ੀਰੀਂ-ਸਾਲਣ ਲੱਭ ਈ ਲੈਣਾ। ਤੂੰ ਸੁਲਤਾਨ ਦੀਆਂ ਫੌਜਾਂ ਦੀ ਹੇਂਹ ਭੰਨ। ਉਹਨਾਂ 'ਚ ਬੜੀ ਖ਼ੁਦੀ ਆ ਗਈ ਏ। ਇਹ ਵੇਲਾ ਨਹੀਂ ਆਖਦਾ, ਮੈਂ ਏਥੇ ਖਾਣ ਬਹਵਾਂ।'

—ਸਾਈਆਂ ਅਜੇ ਤਾਂ ਅਸੀਂ ਵੀ ਸਾਰਿਆਂ ਖਾਣਾ ਈ।'

—ਖਾਓ, ਤੁਸਾਂ ਨੂੰ ਖਾਣ ਦੀ ਲੋੜ ਏ, ਤੁਸਾਂ ਦਾ ਖਾਣਾ ਬਣਦਾ ਈ। ਮੈਂ ਤਾਂ ਲੋਕਾਂ ਨੂੰ ਜਗਾਂਵਦਾ ਫਿਰਦਾਂ। ਏਧਰ ਸੁੱਤਿਆਂ ਨੂੰ ਜਗਾਵਣ ਆਇਆਂ। ਤੁਸੀਂ ਜਾਗਦੇ ਪਏ ਓ, ਚੰਗੀ ਗੱਲ ਏ। ਹਿੱਕ ਗੱਲ ਨਾ ਭੁੱਲਣਾ, ਸੁਲਤਾਨ ਦੇ ਬੰਦੀਖ਼ਾਨੇ ਦੀਆਂ ਕੰਧਾਂ ਬੜੀਆਂ ਉੱਚੀਆਂ ਨੀ।' ਆਖਕੇ ਸ਼ਾਹ ਹੁਸੈਨ ਨੇ ਕੰਬਲੀ ਮੋਢੇ ਧਰ ਲਈ।

—ਸਾਈਆਂ, ਬੰਦੀਖਾਨੇ ਦੀਆਂ ਕੰਧਾਂ ਅੰਦਰ ਪੁੱਜਣ ਤੋਂ ਪਹਿਲਾਂ, ਅਸੀਂ ਲਾਹੌਰ ਵਿਚ ਅਕਬਰ ਦੀਆਂ ਜੜ੍ਹਾਂ ਵੱਢਣ ਦਾ ਪ੍ਰਬੰਧ ਕਰ ਲੈਣਾ, ਤਖ਼ਤ ਲਾਹੌਰ ਨੂੰ ਭਾਜੜਾਂ ਪਾ ਦੇਣੀਆਂ।'

—ਮੈਨੂੰ ਇਲਮ ਏ ਤੇਰੇ ਬਾਰੇ ਦੁੱਲਿਆ। ਬਾਦਸ਼ਾਹਾਂ, ਸੁਲਤਾਨਾਂ, ਜ਼ੁਲਮ ਕਰਦੇ ਰਹਿਣਾ, ਦੁੱਲਿਆਂ, ਸੂਰਮਿਆਂ ਜ਼ੁਲਮ ਰੋਕਦੇ ਰਹਿਣਾ ਤੇ ਫਕੀਰਾਂ ਲੋਕਾਂ ਨੂੰ ਨੀਂਦਰ ਨਹੀਂ ਲੈਣ ਦੇਣੀ। ਮੈਂਢਾ ਮੁਰਸ਼ਦ ਬਹਿਲੋਲ ਸ਼ਾਹ ਦਰਿਆਈ, ਅੱਲਾਹ ਦਾ ਬੰਦਾ ਏ, ਉਹ ਵੀ ਬਾਦਸ਼ਾਹ ਨਾਲ ਖ਼ਫਾ ਹੋ ਕੇ ਏਧਰ ਆ ਬੈਠਾ ਈ। ਬਾਦਸ਼ਾਹ ਨਾ ਪੀਰਾਂ, ਫਕੀਰਾਂ ਦੇ ਹੁੰਦੇ ਨੇ, ਨਾ ਬਾਗੀਆਂ ਦੇ। ਅਸਾਂ ਵੀ ਉਹਦੇ ਕਾਇਦੇ-ਅਸੂਲਾਂ ਤੋਂ ਨਾਬਰੀ ਦਾ ਰਾਹ ਫੜਿਆ ਈ। ਤਾਹੀਓਂ ਤਾਂ ਲੋਕਾਂ ਨੂੰ ਜਗਾਂਵਦਾ ਫਿਰਦਾ ਵਾਂ। ਜਦ ਮੇਰੀ ਸੁਰਤੀ ਟਿਕਦੀ ਏ, ਮੈਂ ਆਪਣੇ ਮੁਰਸ਼ਦ ਕੋਲ ਬੈਠਾ ਹੁੰਨਾ, ਬਹਿਲੋਲ ਸ਼ਾਹ ਕੋਲ। ਉਹਦੀਆਂ ਬਦ-ਦੁਆਵਾਂ ਨਾਲ ਬਾਦਸ਼ਾਹ ਨੂੰ ਅੱਲਾਹ ਦੀ ਮਾਰ ਪਏਗੀ। ਇਕ ਮੇਰਾ ਰਾਹ ਈ ਤੇ ਇਕ ਤੇਰਾ ਰਾਹ ਈ। ਜਦ ਅਸਾਂ ਤਿੰਨਾਂ ਪਾਸਿਆਂ ਤੋਂ ਬਾਦਸ਼ਾਹ ਨੂੰ ਘੇਰਾ ਪਾਇਆ,—ਤੇ ਓਹਦੇ ਲਈ ਚੌਥਾ ਰਾਹ ਬਚੇਗਾ, ਡੁੱਬ ਮਰਨ ਲਈ। ਏਸੇ ਲਈ ਆਖਨਾ ਦੁੱਲਿਆ, ਤੇਰੀਆਂ ਗੱਲਾਂ ਹੁੰਦੀਆਂ ਨੇ ਪਿੰਡਾਂ ਵਿਚ, ਗਰਾਵਾਂ ਵਿਚ, ਸ਼ਹਿਰਾਂ ਵਿਚ, ਤੇ ਜਿਹੜੀ ਗੱਲ ਪਿੰਡਾਂ 'ਚ ਚਲੀ ਜਾਏ, ਫਿਰ ਉਹਦੇ ਪਿੱਛੇ



ਲੜਨ ਮਰਨ ਲਈ ਲੋਕ ਵਹੀਰਾਂ ਘੱਤੀ ਆਂਦੇ ਨੇ।...ਬੱਸ ਬੰਦੇ ਨੂੰ ਜਾਗਦਾ ਰਹਿਣਾ ਹੁੰਦਾ ਏ। ਸੁੱਤੇ ਹੋਈਏ ਤਾਂ ਰੱਬ ਵੀ ਸੌਂ ਜਾਂਦਾ ਏ। ਫ਼ਕੀਰ ਤੈਨੂੰ ਜਾਗਦੇ ਰਹਿਣ ਦਾ ਹੋਕਾ ਦੇਣ ਆਇਆ ਈ। ਤੂੰ ਬਾਰ ਦਾ ਸੂਰਮਾ ਏਂ। ਅੰਦਰੋਂ ਬਾਹਰੋਂ ਸੂਰਮਾ। ਆਪ ਸਿਰ 'ਤੇ ਨਿਆਂ ਦੀ ਆਪ ਤਲਵਾਰ ਏਂ। ਖ਼ਬਰਦਾਰ ਰਹਿਣਾ। ਅਸਾਂ ਤਾਂ ਤੁਰਦੇ ਰਹਿਣਾ ਹੈ। ਸਾਨੂੰ ਤੁਰਦੇ ਰਹਿਣ ਦਾ ਹੁਕਮ ਈ। ਪਿੰਡੀ ਦੀਆਂ ਹੱਦਾਂ ਤੋਂ ਬਾਹਰ ਬਾਦਸ਼ਾਹ ਦੇ ਨਿਜ਼ਾਮ ਦੀਆਂ ਹੱਦਾਂ ਤੋਂ ਪਾਰ। ਹੱਦਾਂ ਤਾਂ ਬਾਦਸ਼ਾਹਾਂ ਲਈ ਹੁੰਦੀਆਂ ਨੇ, ਪੀਰਾਂ ਫ਼ਕੀਰਾਂ ਨੂੰ ਕਾਹਦੀਆਂ ਹੱਦਾਂ ?'....

ਸਾਈਂ ਫੇਰ ਗਾਉਣ ਲੱਗਾ:
ਏਥੇ ਰਹਿਣਾ ਨਾਹੀ,
ਕੋਈ ਬਾਤ ਚੱਲਣ ਦੀ ਕਰ ਵੋ,
ਵੱਡੇ ਉੱਚੇ ਮਹਿਲ ਉਸਾਰਿਓਂ....
ਗੋਰ ਨਿਮਾਣੀ ਘਰ ਵੋ......ਗੋਰ ਨਿਮਾਣੀ.....।

ਤੇ ਉਹ ਦੋਵੇਂ ਗਾਉਂਦੇ ਗਾਉਂਦੇ ਝਿੜੀ ਵਿਚੋਂ ਬਾਹਰ ਵੱਲ ਤੁਰ ਪਏ।

ਜਿਵੇਂ ਹੀ ਸਾਈਂ ਸ਼ਾਹ-ਹੁਸੈਨ ਤੇ ਮਾਧੋ ਲਾਲ ਝਿੜੀ ਵਿਚੋਂ ਬਾਹਰ ਨਿਕਲੇ, ਦੁੱਲਾ ਇਕਦਮ ਆਪਣੇ ਸਾਥੀਆਂ ਵੱਲ ਘੁੰਮਿਆ ਤੇ ਝਿੜੀ ਵਿਚ ਉਸਦੀ ਆਵਾਜ਼ ਗੂੰਜ ਉੱਠੀ।

ਸੁੱਤੇ ਹੋ ਤਾਂ ਜਾਗੋ !.......ਜਾਗੋ !!........ਜਾਗੋ !!!
ਜਾਗਦੇ ਹੋ ਤਾਂ ਹਥਿਆਰ ਚੁੱਕੋ।
ਹਥਿਆਰ ਕੋਲ ਨੇ ਤਾਂ ਲੜਾਈ ਦੀ ਤਿਆਰੀ ਕਰੋ।

****

ਪੂਰੀ ਝਿੜੀ ਹਰਕਤ ਵਿਚ ਆ ਗਈ। ਘੋੜਿਆਂ ਉਪਰ ਕਾਠੀਆਂ ਕੱਸੀਆਂ ਜਾਣ ਲੱਗੀਆਂ। ਬਰਛੇ ਹੱਥਾਂ ਵਿਚ ਅਤੇ ਤਲਵਾਰਾਂ ਕਮਰ-ਕੱਸਿਆਂ ਵਿਚ ਅੜੁੰਗ ਲਈਆਂ ਗਈਆਂ। ਹੋਰ ਹਥਿਆਰ ਲੋੜ ਅਨੁਸਾਰ ਵੰਡੇ ਜਾਣ ਲੱਗੇ। ਭੱਠੀ ਅੰਦਰ ਅੱਗ ਪੂਰੀ ਤਰ੍ਹਾਂ ਬਲ ਪਈ ਸੀ। ਕੜਾਹੇ ਵਿਚ ਰਿੱਝਦੇ ਗੋਸ਼ਤ ਦੀ ਮਹਿਕ ਝਿੜੀ ਵਿਚ ਫੈਲ ਗਈ।

ਫੱਤੂ ਮਰਾਸੀ ਨੇ ਇਕ ਬੋਟੀ ਪਰਖ਼ ਕੇ ਹੋਕਾ ਦਿੱਤਾ—'ਗੋਸ਼ਤ ਵੀ ਤਿਆਰ ਜੇ ਸੂਰਮਿਓ.....।'

.....................

ਜਦੋਂ ਸਭ ਖਾ ਪੀ ਕੇ ਵਿਹਲੇ ਹੋ ਗਏ, ਪਿਰਥਾ ਅਤੇ ਸਦੀਕ ਦੁੱਲੇ ਕੋਲ ਆਏ—'ਧਾਵਾ ਕਦੋਂ ਬੋਲਣਾ ਈ ?'

ਥੜ੍ਹੇ ਉਪਰ ਬੈਠਾ ਦੁੱਲਾ ਡੂੰਘੀਆਂ ਸੋਚਾਂ ਵਿਚ ਸੀ। ਉਸ ਨੂੰ ਆਪਣੀ ਮਾਂ, ਬੀਵੀ ਫੁੱਲਰਾਂ, ਬਖਤੋ, ਸਲੇਮੋ, ਨੂਰਾ, ਵਹੁਟੀ, ਤੇ ਪਿੰਡੀ ਦੀਆਂ ਹੋਰ ਔਰਤਾਂ ਧੀਆਂ ਬਾਰੇ ਫ਼ਿਕਰ ਸੀ। ਪਤਾ ਨਹੀਂ, ਮੁਗਲ ਸਿਪਾਹੀ ਉਹਨਾਂ ਨਾਲ ਕਿੰਜ ਦਾ ਵਿਹਾਰ ਕੀਤਾ ਹੋਣਾ। ਉਸਨੂੰ ਆਪਣੇ ਆਪ ਉੱਪਰ ਖਿੱਝ ਅਤੇ ਗੁੱਸਾ ਆ ਰਿਹਾ ਸੀ, ਜਿਹੜਾ ਉਹ ਆਪਣੇ ਸਾਥੀਆਂ ਵਿਚ ਜ਼ਾਹਰ ਨਹੀਂ ਸੀ ਹੋਣ ਦੇਣਾ ਚਾਹੁੰਦਾ। ਬਾਹਰੋਂ ਪੂਰਾ ਸ਼ਾਂਤ ਦਿਸਦਿਆਂ, ਦੁੱਲੇ ਨੇ ਪਿਰਥੇ ਨੂੰ ਕਿਹਾ—'ਧਾਵਾ ਬੋਲਣ ਤੋਂ ਪਹਿਲਾਂ ਆਪਣੇ ਬੰਦੇ ਏਥੇ ਬੁਲਾ ਸਾਰੇ, ਮੈਂ ਕੁਝ ਗੱਲਾਂ ਸਾਫ਼ ਕਰਨੀਆਂ ਨੇ।'

ਮੂੰਹੋਂ-ਮੂੰਹ ਹਾਕਾਂ ਦੇਣ ’ਤੇ ਥੜ੍ਹੇ ਦੁਆਲੇ ਸਾਰੇ ਆਣ ਜੁੜੇ। ਦੁੱਲਾ ਥੜ੍ਹੇ ਉਪਰ ਖੜ੍ਹ ਗਿਆ ਤਾਂ ਇਕਦਮ ਚੁੱਪ ਛਾ ਗਈ।

—ਮੇਰੇ ਬੇਲਿਓ, ਮਿੱਤਰੋ, ਏਸ ਭੋਏਂ ਦੇ ਜਣਿਓਂ, ਪਤਾ ਜੇ ਅਸੀਂ ਕਿੰਨ੍ਹਾਂ ਨਾਲ ਲੜਨ ਜਾ ਰਹੇ ਆਂ ?’ ਦੁੱਲੇ ਨੇ ਕੜਕਵੀਂ ਆਵਾਜ਼ ਵਿਚ ਪੁੱਛਿਆ।

ਕੁਝ ਪਲ ਚੁੱਪ ਛਾਈ ਰਹੀ, ਫਿਰ ਇਕੱਠ ਵਿਚੋਂ ਆਵਾਜ਼ਾਂ ਸੁਣੀਆਂ:

—ਬਾਦਸ਼ਾਹ ਦੀ ਫੌਜ ਨਾਲ।’

—ਮੁਗਲ ਸਿਪਾਹੀਆਂ ਨਾਲ।’ ਇਕ ਹੋਰ ਬੋਲਿਆ।

—ਚੁਗੱਤਿਆਂ ਨਾਲ।’ ਕਿਸੇ ਹੋਰ ਨੇ ਆਖਿਆ।

—ਅਸਾਂ ਨੂੰ ਕਿਉਂ ਲੜਨਾ ਪਿਆ ਈ ?’ ਦੁੱਲੇ ਫਿਰ ਪੁੱਛਿਆ—

ਹੁਣ ਕੋਈ ਆਵਾਜ਼ ਨਹੀਂ ਸੁਣੀ। ਸਾਰੇ ਇਕ ਦੂਸਰੇ ਦੇ ਮੂੰਹਾਂ ਵੱਲ ਵੇਖਣ ਲੱਗੇ। ਫਿਰ ਇਕ ਜਣਾ ਹੌਲੀ ਜਿਹੀ ਬੋਲਿਆ;

—ਪਿੰਡੀ ਦਾ ਦੁੱਲਾ ਲੜਦਾ ਏ ਤਾਂ ਅਸੀਂ ਵੀ ਲੜਨ ਆਏ ਆਂ।’

—ਨਹੀਂ ਬੇਲੀਓ, ਇਹ ਲੜਾਈ ’ਕੱਲੇ ਦੁੱਲੇ ਦੀ ਨਹੀਂ, ਸਾਡੀ ਸਭਨਾਂ ਦੀ ਏ। ਸਾਂਦਲ ਬਾਰ ਦੇ ਲੋਕਾਂ ਦੀ ਏ। ਇਹ ਭੋਏਂ ਕਿਸਦੀ ਏ ?’ ਦੁੱਲੇ ਪੁੱਛਿਆ।

—ਸਾਡੀ ਏ।’ ਝਿੜੀ ਗੂੰਜ ਉਠੀ।

—ਇਹ ਬਾਰ ਕਿਸਦੀ ਏ ?’

—ਸਾਡੀ ਏ।’ ਪਹਿਲਾਂ ਵਾਂਗ ਹੀ ਆਵਾਜ਼ ਆਈ।

—ਭੋਏਂ ਵਾਂਹਦਾ ਕੌਣ ਏ ?’

—ਅਸੀਂ ਵਾਹੁੰਨੇ ਆਂ।’

—ਫਸਲਾਂ ਕੌਣ ਬੀਜਦਾ ਏ ?’

—ਅਸੀਂ ਬੀਜਨੇ ਆਂ।’

—ਫਸਲਾਂ ਪਾਲਦਾ ਕੌਣ ਈ ?’

—ਅਸੀਂ ਪਾਲਣੇ ਆਂ।’

—ਫਿਰ ਇਹ ਸਾਡੇ ਵਿਚ ਅਕਬਰ ਕਿਧਰੋਂ ਆ ਗਿਆ, ਲਗਾਨ ਉਗਰਾਹਣ ਵਾਲਾ ?’ ਦੁੱਲਾ ਗਰਜਿਆ।

—ਅਸੀਂ ਲਗਾਨ ਨਹੀਂ ਦਿਆਂਗੇ।’ ਸੈਂਕੜੇ ਆਵਾਜ਼ਾਂ ਸੁਣੀਆਂ।

—ਅਸੀਂ ਲੜਾਂਗੇ।’ ਦੁੱਲਾ ਫੇਰ ਗਰਜ਼ਿਆ।

—ਅਸੀਂ ਲੜਾਂਗੇ।’ ਬਰਛੇ ਹਵਾ ਵਿਚ ਲਹਿਰਾਏ।

—ਅਸੀਂ ਲੜਾਂਗੇ ਆਪਣੀ ਭੋਏਂ ਲਈ।’ ਦੁੱਲੇ ਨੇ ਮਿਆਨ ਵਿਚੋਂ ਤਲਵਾਰ ਸੂਤ ਕੇ ਲਹਿਰਾਈ।

—ਲੜਾਂਗੇ।’

—ਅਸੀਂ ਲੜਾਂਗੇ ਆਪਣੇ ਜੀਣ ਲਈ।’

—ਲੜਾਂਗੇ।

—ਅਸੀਂ ਲੜਾਂਗੇ ਆਪਣੀਆਂ ਮਾਂਵਾ, ਧੀਆਂ, ਭੈਣਾਂ, ਬੱਚਿਆਂ ਲਈ’

—ਅਸੀਂ ਲੜਾਂਗੇ, ਅਸੀਂ ਲੜਾਂਗੇ।’



—ਜਦ ਤੱਕ ਸਾਡੇ ਸਾਹ ਵਗਦੇ ਨੇ, ਅਸੀਂ ਲੜਾਂਗੇ।’

ਸਭਨਾਂ ਨੇ ਹਥਿਆਰ ਹਵਾ ਵਿਚ ਲਹਿਰਾਏ ਤੇ ਗਰਜ਼ੇ—‘ਅਸੀਂ ਲੜਾਂਗੇ।’

ਘਬਰਾਏ ਪੰਛੀਆਂ ਦਾ ਝਿੜੀ ਵਿਚ ਚੀਕ-ਚਿਹਾੜਾ ਪੈ ਗਿਆ। ਡਰੂ ਜਾਨਵਰ ਏਧਰ ਉਧਰ ਦੌੜੇ। ਸੱਪ ਚੂਹੇ ਖੁੰਡਾਂ ਵੱਲ ਭੱਜੇ।

—ਤਿਆਰ ਰਹੋ ਬੇਲੀਓ, ਅਸੀਂ ਜਲਦੀ ਕੂਚ ਕਰਾਂਗੇ।’ ਦੁੱਲੇ ਦੀ ਆਵਾਜ਼ ਸੁਣਕੇ ਬੇਹੱਦ ਜੋਸ਼ ਵਿਚ ਆਏ ਸਾਥੀ ਆਪਣੇ ਘੋੜਿਆਂ ਅਤੇ ਹਥਿਆਰਾਂ ਵੱਲ ਤੁਰ ਪਏ।

ਦੁੱਲੇ ਦਾ ਮਾਮਾ ਜੰਗ ਖਾਂ ਦੁੱਲੇ ਨੂੰ ਇਕ ਪਾਸੇ ਲੈ ਗਿਆ।

—ਭਾਣਜੇ ਏਥੇ ਇਕ ਹੋਰ ਦਾਅ ਖੇਡ ਵੇਖੀਏ ?’

—ਦਾਅ ਤੇ ਮੁਗਲ ਖੇਡ ਗਏ ਈ ਮਾਮਾ। ਸਾਰਾ ਟੱਬਰ ਲੈ ਗਏ ਨੇ ਬੰਨ੍ਹ ਕੇ।’ ਦੁੱਲੇ ਨੇ ਦੁੱਖੀ ਹੁੰਦਿਆਂ ਕਿਹਾ।

—ਹੁਣ ਖਿੱਝ ਜਾਂ ਗੁੱਸੇ ਨਾਲ ਨਹੀਂ, ਅਕਲ ਨਾਲ ਚਾਲ ਚੱਲਣੀ ਪਏਗੀ। ਉਹ ਬੇ-ਗਿਣਤ ਨੇ ਤੇ ਅਸੀਂ……।

—ਮਾਮਾ….’ਦੁੱਲਾ ਭੜਕ ਉਠਿਆ—‘ਸਹੀ ਸਹੀ ਆਖ ਕੀ ਆਖਣਾ ਈ।’

—ਤੂੰ ਮੇਰੇ ਨਾਲ ਚਾਰ ਪੰਜ ਬੰਦੇ ਲੈ ਕੇ ਆ ਭਰੋਸੇ ਵਾਲੇ, ਦਰਿਆ ਵੱਲ ਚਲਨੇ ਆਂ।’

……………

ਠੰਢੀ ਹਵਾ ਜਿਸਮਾਂ ਨੂੰ ਚੀਰਦੀ ਜਾਂਦੀ ਸੀ।

ਹੁਣ ਹਨੇਰਾ ਹੋਰ ਵੀ ਸੰਘਣਾ ਹੋ ਗਿਆ ਸੀ।

ਦੁੱਲਾ, ਉਸਦੇ ਮਾਮੇ, ਪਿਰਥਾ, ਰੂੜਾ, ਸਦੀਕ, ਰਮਜ਼ਾ ਤੇ ਗਾਹਣਾ ਝਾੜੀਆਂ ਤੋਂ ਬਚ ਕੇ ਲੰਘਦੇ ਦਰਿਆ ਦੇ ਉੱਤਰ ਵੱਲ ਤੁਰ ਪਏ।

ਸਾਹਮਣੇ ਕੁਝ ਪਰਛਾਵੇਂ ਸ਼ਹਿ ਕੇ ਤੁਰਦੇ ਦਿਸੇ ਤਾਂ ਪਿਰਥੇ ਨੇ ਲਲਕਾਰਾ ਮਾਰਿਆ—‘ਥਾਏਂ ਰੁਕ ਜਾਓ ਜਣਿਓਂ ਨਹੀਂ ਤਾਂ…….।’

ਪਰਛਾਵੇਂ ਜੜ੍ਹ ਹੋ ਗਏ।

—ਕੌਣ ਜੇ ?’ ਦੁੱਲੇ ਨੇ ਰੋਹਬ ਨਾਲ ਪੁੱਛਿਆ।

ਪਰਛਾਵਿਆਂ ਵਿਚੋਂ ਕੋਈ ਨਹੀਂ ਬੋਲਿਆ।

—ਕਿੱਧਰ ਚੱਲੇ ਜੇ ?’ ਦੁੱਲੇ ਨੇ ਸਮਝਿਆ, ਉਸਦੇ ਆਪਣੇ ਈ ਬੰਦੇ ਨੇ, ਕੀ ਪਤਾ ਲੜਾਈ ਤੋਂ ਡਰਦੇ ਨੱਠਣ ਲੱਗੇ ਹੋਣ…..।

—ਬਰਛਾ ਲੱਗਾ ਈ ਆਰ ਪਾਰ ਹੋਣ….ਬੋਲੋ ਕੌਣ ਜੇ— ?’ ਰੂੜਾ ਦਹਾੜਿਆ।

—ਅਸਾਂ ਨੂੰ ਤਾਂ ਖ਼ੁਦ ਪਤਾ ਨਹੀਂ, ਏਸ ਵੇਲੇ ਕਿਥੇ ਆਂ।’ ਇਕ ਮਮਿਆਉਂਦੀ ਜਿਹੀ ਆਵਾਜ਼ ਸੁਣੀ।

—ਤੁਸੀਂ ਦੁੱਲੇ ਦੇ ਪੁਰਖ਼ਿਆਂ ਦੀ ਧਰਤੀ ਤੇ ਓ ਜਣਿਓਂ….

—ਅਸੀਂ ਭਟਕ ਆਏ ਆਂ।’

—ਕੌਣ ਜੇ ਤੁਸੀਂ— ?’

—ਅਸੀਂ ਸ਼ਹਿਨਸ਼ਾਹ ਦੇ ਸਿਪਾਹੀ ਆਂ—।’

—ਏਧਰ ਕੀ ਕਰਨ ਆਏ ਜੇ ?’

—ਹਵਾ ਖਾਂਦੇ ਏਧਰ ਆ ਗਏ, ਹੁਣ ਰਾਹ ਭੁੱਲ ਗਏ।’

—ਹਥਿਆਰ ਹੈਗੇ ਨੇ— ?' ਦੁੱਲੇ ਪੁੱਛਿਆ।

—ਖ਼ਾਲੀ ਹੱਥ ਆਂ।'

—ਜਾਓ ਵਗ ਜਾਓ ਏਥੋਂ। ਬਾਰ ਦੇ ਲੋਕ ਰਾਹੋਂ ਭਟਕਿਆਂ ਨੂੰ ਤੇ ਨਿਹੱਥਿਆਂ ਨੂੰ ਕੁਝ ਨਹੀਂ ਆਖਦੇ। ਨਹੀਂ ਤਾਂ ਦਿਨ ਚੜ੍ਹੇ ਤੁਸਾਂ ਦੀਆਂ ਲੋਥਾਂ......। ਮੁੜ ਜਾਓ ਜਿਧਰੋਂ ਆਏ ਜੇ....।'

ਸਿਪਾਹੀ ਹਨੇਰੇ ਵਿਚ ਠੇਡੇ ਖਾਂਦੇ ਪਿਛਾਂਹ ਵੱਲ ਮੁੜ ਪਏ।

..................

ਦੁੱਲੇ ਹੋਰੀਂ ਸਾਰੇ ਦਰਿਆ ਕੰਢੇ ਆ ਗਏ। ਜੰਗ ਖਾਂ, ਦੁੱਲਾ ਅਤੇ ਉਸਦੇ ਸਾਥੀਆਂ ਨੂੰ ਆਪਣੀ ਵਿਉਂਤੀ ਯੁੱਧ-ਨੀਤੀ ਸਮਝਾਉਂਦਾ ਰਿਹਾ ਤੇ ਆਖ਼ਰ ਵਿਚ ਉਸਨੇ ਆਖਿਆ;

—ਇਕ ਘੋੜ ਸਵਾਰ ਭੇਜੀਏ, ਪੈਗ਼ਾਮ ਦੇ ਕੇ ਮਿਰਜ਼ੇ ਕੋਲ।'

—ਸਦੀਕ ਨੂੰ ਭੇਜ ਦੇਨੇ ਆਂ।'

—ਪੈਗ਼ਾਮ ਵੀ ਦੇਵੇ ਤੇ ਆਪਣੇ ਕੰਨ ਮਿਰਜ਼ੇ ਦੇ ਮੂੰਹ ਨੇੜੇ ਵੀ ਰੱਖੇ।'

ਫਿਰ ਉਹ ਸਾਰੇ ਦੇਰ ਤੱਕ, ਲੜਾਈ ਦੇ ਪੈਂਤੜਿਆਂ ਬਾਰੇ ਗੱਲਾਂ ਕਰਦੇ ਰਹੇ।

ਸਦੀਕ ਨੂੰ ਸਭ ਕੁਝ ਸਮਝਾ ਦਿੱਤਾ ਗਿਆ।

ਝਿੜੀ ਵੱਲ ਮੁੜਦਿਆਂ, ਅਚਾਨਕ ਦੁੱਲੇ ਨੂੰ ਯਾਦ ਆਇਆ—'ਮੇਹਰੂ ਕਿਥੇ ਈ ?' ਉਸਨੇ ਪੁੱਛਿਆ।

—ਉਹ ਤਾਂ ਏਧਰ ਆਇਆ ਈ ਨਹੀਂ ਝਿੜੀ ਵੱਲ।' ਪਿਰਥਾ ਹੈਰਾਨ ਹੋਇਆ।

—ਕਿਥੇ ਗਿਆ ਹੋਇਆ— ?' ਦੁੱਲੇ ਨੂੰ ਉਸਦੀ ਚਿੰਤਾ ਹੋਣ ਲੱਗੀ।

—ਪਿੰਡੀ ਤੱਕ ਤਾਂ ਆਪਣੇ ਨਾਲ ਸੀ। ਗਲੀਆਂ ਵਿਚ ਪਈਆਂ ਲੋਥਾਂ ਵੇਖ ਕੇ ਪਤਾ ਨਹੀਂ ਕਿਧਰ ਵੰਞ ਗਿਆ।'

—ਮੈਂ ਘਰ ਵੱਲ ਮੁੜਦਾ ਵੇਖਿਆ।' ਸਦੀਕ ਨੇ ਦੱਸਿਆ।

—ਘਰ ਤਾਂ ਉਜੜਿਆ ਪਿਆ। ਉਥੇ ਕੌਣ ਹੋਣਾ।'

ਸਾਰੇ ਝਿੜੀ ਵਿਚ ਆ ਗਏ।

—ਮੀਰਜਾਦਿਆ, ਮੇਹਰੂ ਦਾ ਪਤਾ ਕਰ ਬਈ, ਕਿਥੇ ਈ।'

—ਸਰਦਾਰੀਆਂ ਬਣੀਆਂ ਰਹਿਣ, ਹੁਣੇ ਜਾਵਾਂ ਕਿ ਫਜ਼ਰ ਦੀ ਨਮਾਜ ਵੇਲੇ.....।'

ਦੁੱਲਾ ਫੱਤੂ ਵੱਲ ਝਾਕਿਆ, ਮਸ਼ਾਲ ਦੀ ਮੱਧਮ ਲੋਅ ਵਿਚ ਫੱਤੂ ਦੀ ਅੱਖ ਫਰਕਦੀ ਦਿਸੀ।

—ਹੁਣੇ, ਤੇ ਆਕੇ ਦੱਸਣਾ ਈ।'

ਫੱਤੂ ਹੱਥ ਵਿਚ ਬਰਛਾ ਲੈ ਕੇ ਤੁਰ ਗਿਆ।

ਦੁੱਲੇ ਦੇ ਬੰਦੇ ਝਿੜੀ ਵਿਚ ਥਾਂ ਥਾਂ ਧੂਣੀਆਂ ਬਾਲੀ ਆਪਣੇ ਆਪ ਨੂੰ ਨਿੱਘਿਆਂ ਰੱਖ ਰਹੇ ਸਨ।

—ਸਦੀਕੇ ਅਰਾਮ ਕਰ ਲੈ ਹੁਣ। ਫਜ਼ਰ ਹੁੰਦਿਆਂ ਈ ਅੱਲਾਹ ਦਾ ਨਾਂ ਲਈ ਮਿੱਤਰਾ-ਰੱਬ ਰਾਖਾ।' ਆਖਕੇ ਦੁੱਲਾ, ਗਾਹਣੇ ਨੂੰ ਨਾਲ ਲੈ ਕੇ ਓਧਰ ਤੁਰ ਪਿਆ, ਜਿਧਰ ਹਥਿਆਰ ਰੱਖੇ ਹੋਏ ਸਨ।



## 45.

ਮਿਰਜ਼ਾ ਨਿਜਾਮੁਦੀਨ, ਬਾਦਸ਼ਾਹ ਅਕਬਰ ਵੱਲ ਭੇਜੇ ਪੈਗ਼ਾਮ ਦੇ ਜਵਾਬ ਦੀ ਉਡੀਕ ਬੜੀ ਸ਼ਿਦਤ ਨਾਲ ਕਰ ਰਿਹਾ ਸੀ। ਪਿੰਡੀ ਦੀਆਂ ਬਾਂਧਾਂ ਬਣਾ ਕੇ ਲਿਆਦੀਆਂ ਔਰਤਾਂ ਵਿਚੋਂ, ਇਕ ਹੁਸੀਨ ਦਿਸਦੀ ਲੜਕੀ ਨੂੰ ਸਿਪਾਹੀ ਉਸ ਦੇ ਖ਼ੇਮੇ ਵਿਚ ਸੂਰਜ ਢਲਦਿਆਂ ਹੀ ਛੱਡ ਗਏ ਸਨ।

ਨਿਜਾਮੁਦੀਨ ਤਾਂ ਚਾਹੁੰਦਾ ਸੀ, ਦੁੱਲੇ ਭੱਟੀ ਨੂੰ ਸਬਕ ਸਿਖਾਉਣ ਲਈ, ਦੁੱਲੇ ਦੀਆਂ ਧੀਆਂ, ਨੂੰਹ ਜਾਂ ਹੱਦ ਬੇਗ਼ਮ ਨੂੰ ਆਪਣੇ ਖ਼ੇਮੇ ਵਿਚ ਬੁਲਾਏ। ਪਰ ਜਦੋਂ ਸਿਪਾਹੀਆਂ ਨੇ ਦੱਸਿਆ, ਦੁੱਲਾ ਆ ਗਿਆ ਹੋਇਆ, ਤੇ ਇਹਨਾਂ ਰੰਨਾਂ ਨੇ ਆਪਣੇ ਗਲੇ 'ਚ ਬੱਧੇ ਤਵੀਤਾਂ ਵਿਚ ਮਹੁਰਾ* ਛੁਪਾ ਕੇ ਰੱਖਿਆ ਈ ਤਾਂ ਮਿਰਜ਼ਾ ਨਿਜਾਮੁਦੀਨ ਨੇ ਇਰਾਦਾ ਬਦਲ ਲਿਆ ਸੀ। ਉਂਜ ਵੀ ਜਦੋਂ ਦਾ ਉਸ ਸੁਣਿਆ ਸੀ 'ਦੁੱਲਾ ਆ ਗਿਆ ਹੈ', ਉਹਨੂੰ ਠੰਢ ਵਿਚ ਵੀ ਤ੍ਰੇਲੀਆਂ ਆਉਣ ਲੱਗੀਆਂ ਸਨ।

ਤੇ ਮਿਰਜ਼ੇ ਦਾ ਰਹਿੰਦਾ ਸਾਹ-ਸੱਤ, ਲਾਹੌਰ ਤੋਂ ਆਏ ਇਕ ਕਾਸਦ ਨੇ ਕੱਢ ਦਿੱਤਾ।

"ਇਕ ਧਾੜਵੀ ਨੂੰ ਪਕੜਨ ਲਈ, ਸ਼ਾਹੀ ਲਸ਼ਕਰ ਏਨੇ ਦਿਨ ਡੇਰਾ ਲਾਈ ਬੈਠੇਗਾ ? ਏਸ ਤਰ੍ਹਾਂ ਸਿਪਾਹੀਆਂ ਵਿਚ ਬਗਾਵਤ ਫੈਲਣ ਦਾ ਡਰ ਹੈ। ਇਹ ਸ਼ਹਿਨਸ਼ਾਹ-ਏ-ਹਿੰਦ ਦੀ ਤੌਹੀਨ ਹੈ। ਕੀ ਹੁਣ ਪਿੰਡੀ ਦੇ ਬਾਗ਼ੀਆਂ ਨੂੰ ਸੋਧਣ ਲਈ, ਬੰਦੀ ਬਨਾਉਣ ਲਈ ਖ਼ੁਦ ਸ਼ਹਿਨਸ਼ਾਹ ਨੂੰ ਚੜ੍ਹਾਈ ਕਰਨੀ ਪਵੇਗੀ ? ਅਗਰ ਦੋ ਦਿਨਾਂ ਦੇ ਅੰਦਰ ਅੰਦਰ ਮਸਲਾ ਹੱਲ ਨਹੀਂ ਹੁੰਦਾ ਤਾਂ ਆਪਣੇ ਆਪਣੇ ਘਰੀਂ ਚਲੇ ਜਾਓ....।"

ਏਸ ਧਮਕੀ ਭਰੇ ਪੈਗ਼ਾਮ ਨੇ ਮਿਰਜ਼ਾ ਨਿਜਾਮੁਦੀਨ ਨੂੰ ਜਿਉਂਦਿਆਂ ਹੀ ਮਾਰ ਦਿੱਤਾ। ਬਾਦਸ਼ਾਹ ਦੀਆਂ ਨਜ਼ਰਾਂ ਵਿਚ ਉਹ ਇਕ ਹਾਰਿਆ ਹੋਇਆ ਸਿਪਾਹ-ਸਾਲਾਰ ਬਣਕੇ ਰਹਿ ਗਿਆ। ਕੰਧਾਰ ਦੀ ਜਿੱਤ ਵੀ ਖੂਹ-ਖਾਤੇ ਪੈ ਗਈ। ਕ੍ਰੋਧ ਵਿਚ ਬਲਦਿਆਂ ਉਸਨੇ ਸ਼ਰਾਬ ਦਾ ਪਿਆਲਾ ਅੰਦਰ ਸੁੱਟਿਆ ਤੇ ਤਾੜੀ ਮਾਰੀ....।

ਪਹਿਰੇਦਾਰ ਅੰਦਰ ਆਕੇ ਅੱਧਾ ਝੁਕ ਗਿਆ।

—ਕਿਥੇ ਮਰ ਗਏ ਨੇ ਸਾਰੇ ? ਇਕ ਇਕ ਨੂੰ ਪੁੱਠਾ ਲਟਕਾ ਦਿਆਂਗਾ। ਤਮਾਮ ਸੂਬੇਦਾਰਾਂ ਨੂੰ ਤੁਰੰਤ ਹਾਜ਼ਰ ਹੋਣ ਲਈ ਆਖ।' ਆਖਦਿਆਂ ਉਸਨੇ ਪੂਰੇ ਜ਼ੋਰ ਨਾਲ ਪੈਰ ਜ਼ਮੀਨ ਉੱਪਰ ਪਟਕਿਆ। ਪਹਿਰੇਦਾਰ ਪਿਛਲੇ ਪੈਰੀਂ ਬਾਹਰ ਨਿਕਲ ਗਿਆ।

ਇਸ ਵੇਲੇ ਇਕ ਸਿਪਾਹੀ ਨੇ ਅੰਦਰ ਆਉਣ ਦੀ ਆਗਿਆ ਮੰਗੀ।

—ਦੁੱਲੇ ਭੱਟੀ ਨੇ ਪੈਗ਼ਾਮ ਭੇਜਿਆ ਈ ਹਜ਼ੂਰ।' ਅੰਦਰ ਆਉਂਦਿਆਂ ਹੀ ਸਿਪਾਹੀ ਨੇ ਦੱਸਿਆ।

---

1. * ਜ਼ਹਿਰ/ਸੰਖੀਆ

—ਕਿਥੇ ਈ ਉਹ ਖੰਜੀਰ ਦਾ ਤੁਖ਼ਮ ?' ਰੁੱਕਾ ਪੜ੍ਹਕੇ ਨਿਜਾਮੁਦੀਨ ਦਹਾੜਿਆ।

ਸਿਪਾਹੀ ਬਾਹਰ ਨਿਕਲ ਗਿਆ।

ਨਿਜਾਮੁਦੀਨ ਨੇ ਸੋਚਿਆ—'ਏਨੀ ਜੁਅਰਤ ? ਮਿਰਜ਼ਾ ਨਿਜਾਮੁਦੀਨ, ਸਿਪਾਹ-ਸਾਲਾਰ ਸ਼ਹਿਨਸ਼ਾਹ-ਏ-ਹਿੰਦ ਨੂੰ ਏਸ ਤਰ੍ਹਾਂ ਵੰਗਾਰੇਗਾ ਉਹ ? ਉਹ ਤਾਂ ਸਾਨੂੰ ਭੂਤ ਬਣਕੇ ਚੰਬੜਦਾ ਪਿਆ ਏ। ਬੜੀ ਅੱਤ ਚੁੱਕੀ ਹੋਈ ਏ। ਅੱਤ ਤੇ ਖ਼ੁਦਾ ਦਾ ਵੈਰ ਹੁੰਦਾ ਏ। ਉਹ ਤਾਂ ਆਪ ਹੀ ਮਰਨ ਡਿਹਾ ਏ। ਠੀਕ ਏ, ਫੌਜਦਾਰ, ਸੂਬੇਦਾਰ ਆਉਂਦੇ ਨੇ, ਪੁਛਨੇ ਆਂ ਉਹ ਕੀ ਆਖਦੇ ਨੇ— ?'

ਏਨੇ ਵਿਚ ਸਾਰੇ ਸੂਬੇਦਾਰ, ਫੌਜਦਾਰ, ਖ਼ੇਮੇ ਦੇ ਬਾਹਰ ਜਮ੍ਹਾ ਹੋ ਗਏ।

ਨਿਜਾਮੁਦੀਨ ਦੇ ਕਹਿਣ ਤੇ ਜਦ ਸਾਰੇ ਅੰਦਰ ਆਏ ਤਾਂ ਉਹ ਘਬਰਾਏ ਹੋਏ ਸਨ। ਮਨਾਂ ਵਿਚ ਡਰ ਸੀ। ਪਤਾ ਨਹੀਂ ਕੀ ਹੋਣ ਵਾਲਾ ਹੈ। ਹੱਲਾ ਬੋਲਣਾ ਹੈ ਜਾਂ ਵਾਪਸ ਕੂਚ ਕਰਨਾ ਹੈ....।......

ਨਿਜਾਮੁਦੀਨ ਨੇ ਆਖਿਆ—'ਦੁੱਲੇ ਭੱਟੀ ਨੇ ਪੈਗ਼ਾਮ ਘੱਲਿਆ ਏ। ਆਖਦਾ ਏ, ਸਿਪਾਹੀਆਂ ਨੂੰ ਕੀ ਮਰਵਾਣਾ। ਭੱਟੀ ਇਕ ਤੇ ਮੁਗਲ ਚਾਰ ਲੜਨਗੇ। ਮਨਜ਼ੂਰ ਈਂ ?'

—ਸਾਨੂੰ ਸਮਝਦਾ ਕੀ ਏ ਦੁੱਲਾ ? ਅਸੀਂ ਕੋਈ ਭੇਡਾਂ ਬੱਕਰੀਆਂ ਵਾਂ ? ਹੱਦ ਹੋ ਗਈ ਏ ਹਜ਼ੂਰ। ਲਾਹਣਤ ਭੇਜੋ ਉਹਨੂੰ, ਆਖੋ, ਭੱਟੀ ਵੀ ਇਕ ਤੇ ਮੁਗਲ ਵੀ ਇਕ, ਰੋਜ਼ ਰੋਜ਼ ਤਾਂ ਨਹੀਂ ਮਰਨਾ।' ਇਕ ਫੌਜਦਾਰ ਭੁੜਕਿਆ।

—ਏਨਾ ਕਾਹਲਾ ਨਾ ਪਊ। ਤੂੰ ਤੇ ਕੰਬਣ ਲੱਗਾ ਏਂ ਗੁੱਸੇ ਨਾਲ। ਬੈਠ, ਇਹ ਵੇਲਾ ਤਰਕੀਬ ਲੜਾਣ ਦਾ ਏ। ਜੇ ਭੱਟੀ ਆਪ ਹੀ ਮਰਨ ਡਹੇ ਨੀ, ਮੈਂ ਸੋਚਨਾ, ਏਵੇਂ ਕਰ ਵੇਖੀਏ। ਓਹਦੇ ਹੰਕਾਰ ਨੂੰ ਠੱਲ੍ਹ ਵੀ ਤਾਂ ਪਾਣੀ ਏ।' ਮਿਰਜ਼ੇ ਨੇ ਸਮਝਾਇਆ।

—ਏਹਦੇ ਵਿਚ ਭਾਰੀ ਹੱਤਕ ਏ ਮੁਗਲਾਂ ਦੀ ਹਜ਼ੂਰ। ਇਕ ਤਰ੍ਹਾਂ ਦੁੱਲੇ ਨੇ ਮੁਗਲਾਂ ਦੀ ਗੈਰਤ ਔਰ ਬਹਾਦਰੀ ਦੀ ਹੱਤਕ ਕੀਤੀ ਏ। ਭੱਟੀ ਇਕ ਤੇ ਮੁਗਲ ਚਾਰ। ਏਡੇ ਸੂਰਮੇ ਜੰਮ ਪਏ ਓਹ ?' ਇਕ ਹੋਰ ਨੇ ਗੁੱਸਾ ਕੱਢਿਆ।

—ਕਿੰਨੇ ਕੁ ਹੋਣੇ ਨੇ ਉਹ ? ਹੰਕਾਰ ਨੂੰ ਮਾਰ ਪੈਂਦੀ ਏ। ਸੂਰਜ ਲਹਿਣ ਤੋਂ ਪਹਿਲਾਂ ਪਹਿਲਾਂ ਅਸੀਂ ਖ਼ਤਮ ਕਰ ਦੇਣੇ ਨੇ ਸਾਰੇ। ਤੁਸਾਂ ਦਾ ਗੁੱਸਾ ਵਾਜਬ ਏ। ਦੁੱਲੇ ਨੇ ਇਕ ਤਰ੍ਹਾਂ ਨਾਲ ਮੁਗਲਾਂ ਨੂੰ ਨਹੀਂ ਸ਼ਹਿਨਸ਼ਾਹ ਨੂੰ ਵੰਗਾਰਿਆ ਏ ਤੇ ਹੁਣ ਮੌਕਾ ਏ, ਦੁੱਲੇ ਨੂੰ ਉਸੇ ਦੇ ਦਾਅ ਨਾਲ ਧੋਬੀ-ਪਟੜਾ ਦੇਈਏ।'

—ਅਗਰ ਜਨਾਬ ਇਸਤਰ੍ਹਾਂ ਸੋਚਦੇ ਨੇ ਤਾਂ ਠੀਕ ਏ, ਆਖ ਘੱਲੋ, ਤੂੰ ਇਕ ਭੱਟੀ ਭੇਜਦਾ ਰਹੁ ਅਸੀਂ ਏਧਰੋਂ ਚਾਰ ਸਿਪਾਹੀ ਭੇਜਦੇ ਰਹਾਂਗੇ।' ਸਾਰੇ ਸਹਿਮਤ ਹੋ ਗਏ।

—ਦੁੱਲਾ ਇਹ ਵੀ ਆਖਦਾ ਏ, ਕੋਈ ਬੇਈਮਾਨੀ ਨਹੀਓਂ ਹੋਣੀ ਚਾਹੀਦੀ। ਫੇਰ ਅਸਾਂ ਵੀ ਪਾਬੰਦ ਨਹੀਂ ਹੋਵਾਂਗੇ।' ਮਿਰਜ਼ੇ ਨੇ ਜਾਣਕਾਰੀ ਦਿੱਤੀ।

—ਅਸੀਂ ਬੇਈਮਾਨੀ ਕਿਉਂ ਕਰਨ ਲੱਗੇ, ਜਿਨ੍ਹਾਂ ਚਾਰ ਭੇਜਣੇ ਨੇ ? ਜਦ ਤੱਕ ਦੁੱਲਾ ਮੈਦਾਨ ਵਿਚ ਨਹੀਂ ਆਉਂਦਾ, ਅਸੀਂ ਚਾਰ ਸਿਪਾਹੀ ਭੇਜਦੇ ਰਹਾਂਗੇ।'

—ਸਹੀ ਏ, ਅੱਗੇ ਤਾਂ ਉਹ ਚੋਰਾਂ ਵਾਂਗ ਆਂਦੇ ਸਨ। ਪਤਾ ਹੁਣ ਲੱਗੇਗਾ ਜਦ ਆਹਮੋ-ਸਾਹਮਣੇ ਦੀ ਟੱਕਰ ਹੋਈ। ਵੇਖ ਲਵਾਂਗੇ, ਕਿਨ ਕਿਨ ਆਪਣੀ ਮਾਂ ਦਾ ਦੁੱਧ ਚੁੰਘਿਆ ਈ।'



ਸਾਰਿਆਂ ਨੇ ਮਸ਼ਵਰਾ ਕਰਕੇ ਦੁੱਲੇ ਦੇ ਪੈਗ਼ਾਮ ਦਾ ਜਵਾਬ ਦੇ ਦਿੱਤਾ।

****

ਚੌਧਰੀਆਂ ਦੀਆਂ ਹਵੇਲੀਆਂ ਨੂੰ ਛੱਡ ਕੇ, ਬਾਕੀ ਦੀ ਥੇਹ ਹੋਈ ਪਿੰਡੀ ਦੇ ਬਚੇ-ਖੁਚੇ ਲੋਕ ਹੈਰਾਨ ਸਨ। ਹਾਜੀ ਚਿਰਾਗ਼ਦੀਨ ਤਾਂ ਪਰੇਸ਼ਾਨ ਵੀ ਸੀ—ਇਹ ਕੀ ਸੋਚਿਆ ਦੁੱਲੇ ਨੇ ? ਏਸ ਤਰ੍ਹਾਂ ਤਾਂ......

ਦੁੱਲਾ ਅਤੇ ਉਸਦੇ ਬੰਦਿਆਂ ਨੇ ਝਿੜੀ ਵਿਚੋਂ ਨਿਕਲ ਕੇ ਪਿੰਡੀ ਦੀ ਹੱਦ 'ਤੇ ਆ ਮੋਰਚੇ ਲਾਏ। ਮਾਮੇ, ਭਾਣਜੇ, ਪਿੰਡਾਂ ਤੋਂ ਆਏ ਗੱਭਰੂ ਪੂਰੇ ਜੋਸ਼ ਵਿਚ ਸਨ। ਆਸ ਪਾਸ ਦੇ ਪਿੰਡਾਂ ਵਿਚ ਵੀ ਇਹ ਗੱਲ ਫੈਲ ਗਈ। ਲੋਕ ਵਹੀਰਾਂ ਘੱਤ ਕੇ ਪਿੰਡੀ ਵੱਲ ਤੁਰ ਪਏ, ਜਿਵੇਂ ਉਹ ਕੋਈ ਮੇਲਾ ਵੇਖਣ ਆਉਂਦੇ ਹੋਣ। ਕੁਝ ਤਾਂ ਆਪਣੇ ਬਾਲ ਵੀ ਮੋਢਿਆਂ ਉਪਰ ਚੁੱਕੀ ਆ ਰਹੇ ਸਨ।

ਇਹ ਅਨੋਖੀ ਜੰਗ, ਭੱਟੀ ਇਕ ਤੇ ਮੁਗਲ ਚਾਰ, ਲੋਕਾਂ ਨੂੰ ਸਮਝ ਨਹੀਂ ਸੀ ਪੈ ਰਹੀ। ਇਹ ਤਾਂ ਅਸਾਵੀਂ ਲੜਾਈ ਏ,—ਉਹ ਇਕ ਦੂਜੇ ਨਾਲ ਤੌਖਲੇ ਸਾਂਝੇ ਕਰਦੇ। ਹੱਦ ਉਪਰ ਲੜਨ ਵਾਲਿਆਂ ਤੋਂ ਬਿਨਾਂ ਏਨੀ ਭੀੜ ਜੁੜ ਗਈ ਤਮਾਸ਼ਬੀਨਾਂ ਦੀ, ਲਗਦਾ ਸੀ....ਪਿੰਡਾਂ ਦੇ ਪਿੰਡ ਹੀ ਏਧਰ ਆ ਢੁੱਕੇ ਨੇ।

ਹਾਜੀ ਚਿਰਾਗ਼ਦੀਨ ਵੀ ਦੁੱਲੇ ਨੂੰ ਸਮਝਾਉਣ ਏਧਰ ਤੁਰ ਪਿਆ।

ਮਿਰਜ਼ਾ ਨਿਜਾਮੁਦੀਨ ਵਲੋਂ ਦੁੱਲੇ ਦੀ ਚਣੌਤੀ ਕਬੂਲ ਕਰ ਲੈਣ ਪਿਛੋਂ ਦੁੱਲੇ ਅਤੇ ਉਸਦੇ ਮਾਮਿਆਂ, ਫੈਸਲਾ ਕਰ ਲਿਆ ਸੀ: ਪਹਿਲਾਂ ਕੌਣ ਤੇ ਫਿਰ ਕੌਣ ਜਾਏਗਾ।

ਸਾਹਮਣੇ ਨਿਜਾਮੁਦੀਨ ਦੀਆਂ ਫੌਜਾਂ ਵੀ ਆ ਡਟੀਆਂ। ਉਹਨਾਂ ਦੇ ਘੋੜੇ ਹਿਣਕਦੇ ਸੁਣਨ ਲੱਗੇ। ਨਿਜਾਮੁਦੀਨ ਇਕ ਹਾਥੀ ਉੱਪਰ ਚੜ੍ਹਿਆ, ਜੰਗ ਦੇ ਪਹਿਲੇ ਦੌਰ ਦੇ ਮੁਕਾਬਲੇ ਦੀ ਉਡੀਕ ਵਿਚ ਉਤਾਵਲਾ ਸੀ।

ਏਧਰ ਨਗਾਰੇ ਉਪਰ ਚੋਟ ਮਾਰਨ ਤੋਂ ਪਹਿਲਾਂ, ਦੁੱਲੇ ਨੇ ਆਪਣੇ ਸਾਥੀਆਂ ਨੂੰ ਸਮਝਾਇਆ, ਸਭ ਨੇ ਇਕਦਮ ਤਿਆਰ ਰਹਿਣਾ ਹੈ, ਜੇ ਮੁਗਲ ਬੇਈਮਾਨੀ ਕਰਨਗੇ ਤਾਂ ਮੇਰੇ ਇਕ ਇਸ਼ਾਰੇ 'ਤੇ ਧਾਵਾ ਬੋਲ ਦੇਣਾ ਈ। ਫਿਰ ਉਸਨੇ ਬਰਛਾ ਲਹਿਰਾ ਕੇ ਆਵਾਜ਼ ਬੁਲੰਦ ਕੀਤੀ:

—ਅਸੀਂ ਜੀਆਂਗੇ ਆਪਣੀ ਭੋਏਂ ਲਈ।'

—ਅਸੀਂ ਜੀਆਂਗੇ।'

—ਅਸੀਂ ਲੜਾਂਗੇ ਆਪਣੀ ਭੋਏਂ ਲਈ।'

—ਅਸੀਂ ਲੜਾਂਗੇ।' ਸਮੂਹਕ ਆਵਾਜ਼ ਗੂੰਜੀ।

—ਅਸੀਂ ਮਰਾਂਗੇ ਆਪਣੀ ਭੋਏਂ ਲਈ।'

—ਅਸੀਂ ਮਰਾਂਗੇ।' ਹੁਣ ਇਕੱਠੇ ਹੋਏ ਲੋਕ ਵੀ ਬੋਲ ਉਠੇ। ਆਵਾਜ਼ਾਂ ਦਾ ਅਜਿਹਾ ਵਾਵਰੋਲਾ ਉਠਿਆ, ਸਾਹਮਣੇ ਖੜ੍ਹੀ ਮੁਗਲ ਸਿਪਾਹੀਆਂ ਦੀ ਭੀੜ ਦੇ ਚਿਹਰੇ ਪੀਲੇ ਪੈ ਗਏ।

ਨਾਲ ਹੀ ਦੁੱਲੇ ਦੇ ਇਸ਼ਾਰੇ 'ਤੇ ਨਗਾਰੇ ਉਪਰ ਪਹਿਲੀ ਚੋਟ ਲਾਈ ਗਈ ਤੇ ਫਿਰ ਲਗਾਤਾਰ ਲਗਦੀ ਰਹੀ।

ਦੁੱਲੇ ਦਾ ਭਾਣਜਾ ਸ਼ੇਰ ਖਾਂ, ਅੱਗੇ ਵਧਿਆ। ਘੋੜੀ ਨੇ ਅਗਲੇ ਦੋਵੇਂ ਪੈਰ ਉਪਰ ਚੁੱਕ ਕੇ ਆਪਣਾ ਇਰਾਦਾ ਦਸਿਆ। ਸ਼ੇਰ ਖਾਂ ਨੇ ਬਰਛਾ ਹਵਾ ਵਿਚ ਲਹਿਰਾਇਆ। ਦੂਸਰਾ ਬਰਛਾ ਇਸ ਢੰਗ ਨਾਲ ਕਾਠੀ ਨਾਲ ਲਟਕਾਇਆ ਸੀ, ਲੋੜ ਪੈਣ 'ਤੇ ਤੁਰੰਤ ਹੱਥ ਪੈ ਜਾਣ।

ਸਾਹਮਣੇ ਤੋਂ ਮਿਰਜ਼ੇ ਦੇ ਚਾਰ ਸਿਪਾਹੀ ਕਮਾਨ ਵਿਚੋਂ ਨਿਕਲੇ ਤੀਰ ਵਾਂਗ ਸ਼ੇਰ ਖਾਂ ਵੱਲ ਵਧੇ।

ਸ਼ੇਰ ਖਾਂ ਨੇ ਵੀ ਪੈਰ ਤੋਂ ਹੀ ਘੋੜੀ ਹਵਾ ਬਣਾ ਦਿੱਤੀ। ਘੋੜੀ ਨੇ ਵਾਗ ਇੰਜ ਚੀਰੀ ਜਿਵੇਂ ਆਖਦੀ ਹੋਵੇ, ਨੱਸਣ ਦੇ ਮੈਨੂੰ ਕੜਿਆਲਾ ਤਾਂ ਢਿੱਲਾ ਛੱਡ। ਨੇੜੇ ਆਉਣ 'ਤੇ ਸ਼ੇਰ ਖਾਂ ਨੇ ਲਗਾਮ ਮੂੰਹ ਵਿਚ ਫੜਕੇ ਦੂਸਰਾ ਬਰਛਾ ਹੱਥ ਵਿਚ ਕਰ ਲਿਆ ਤੇ ਚਾਰਾਂ ਸਿਪਾਹੀਆਂ ਦੇ ਵਿਚਕਾਰ ਧੁੱਸ ਦਿੰਦਿਆਂ ਲਲਕਾਰਾ ਮਾਰਿਆ। ਦੋ ਸਿਪਾਹੀ ਜ਼ਖਮੀ ਹੋ ਕੇ ਜ਼ਮੀਨ ਤੇ ਲੋਟਣੀਆਂ ਖਾਣ ਲੱਗੇ। ਸ਼ੇਰ ਖਾਂ ਦੀ ਘੋੜੀ ਜ਼ਖ਼ਮੀ ਹੋ ਕੇ ਡਿੱਗ ਪਈ। ਆਪਸ ਵਿਚ ਟਕਰਾਉਣ ਨਾਲ ਸ਼ਾਹੀ ਲਸ਼ਕਰ ਦਾ ਇਕ ਘੋੜਾ, ਉਂਜ ਹੀ ਪੈਰੋਂ ਨਿਕਲ ਗਿਆ ਤੇ ਸਵਾਰ ਉਸਦੇ ਹੇਠਾਂ ਆ ਕੇ ਲੱਤ ਤੁੜਾ ਬੈਠਾ।

ਜਦ ਸ਼ੇਰ ਖਾਂ ਤਲਵਾਰ ਖਿੱਚ ਕੇ ਚੌਥੇ ਸਿਪਾਹੀ ਵਲ ਦੌੜਿਆ ਤਾਂ ਉਹ ਡਰਦਾ ਮੈਦਾਨ ਛੱਡ ਗਿਆ। ਸ਼ੇਰ ਖਾਂ ਡਿੱਗੇ ਪਏ ਤੇ ਜ਼ਖ਼ਮੀ ਸਿਪਾਹੀਆਂ ਉਪਰ ਵਾਰ ਕਰਨ ਲੱਗਾ, ਪਰ ਕੁਝ ਸੋਚ ਕੇ ਇਰਾਦਾ ਬਦਲ ਲਿਆ। ਉਸਨੇ ਇਕ ਸਿਪਾਹੀ ਦਾ ਘੋੜਾ ਫੜਿਆ ਤੇ ਪਲਾਕੀ ਮਾਰ ਕੇ ਉਸ ਉਪਰ ਜਾ ਬੈਠਾ। ਇਕ ਪਲ ਲਈ ਉਹ ਇਕੱਠੀ ਹੋਈ ਸ਼ਾਹੀ ਸੈਨਾ ਵਲ ਝਾਕਿਆ। ਫਿਰ ਘੋੜੇ ਦੀਆਂ ਵਾਗਾਂ ਇੰਜ ਖਿੱਚੀਆਂ ਉਹ ਅਗਲੀਆਂ ਲੱਤਾਂ ਚੁੱਕ ਕੇ ਹਿਣਕਿਆ, ਜਿਵੇਂ ਸ਼ਾਹੀ ਸੈਨਾਂ ਨੂੰ ਦੰਦੀਆਂ ਚਿੜਾ ਰਿਹਾ ਹੋਵੇ। ਫੇਰ ਸ਼ੇਰ ਖਾਂ ਨੇ ਘੋੜਾ ਪਿੰਡੀ ਦੀ ਹੱਦ ਵੱਲ ਮੋੜ ਲਿਆ।

ਪਿੰਡੀ ਦੀ ਹੱਦ ਵਲੋਂ ਲਲਕਾਰੇ ਵੱਜੇ। ਜੈਕਾਰੇ ਸੁਣੇ।

ਸ਼ਾਹੀ ਲਸ਼ਕਰ ਵਿਚ ਸਨਾਟਾ ਛਾ ਗਿਆ। ਨਮੋਸ਼ੀ ਨਾਲ ਮਿਰਜ਼ਾ ਨਿਜਾਮੁਦੀਨ ਬਲ ਉਠਿਆ।

ਦੁੱਲੇ ਵਾਲੇ ਪਾਸਿਉਂ, ਨਗਾਰੇ ਉਪਰ ਫਿਰ ਚੋਟ ਲਾਈ ਗਈ।

ਦੁੱਲੇ ਦਾ ਮਾਮਾ ਜੰਗ ਖਾਂ ਅੱਗੇ ਵਧਿਆ। ਉਹ ਪਹਿਲਾਂ ਹੀ ਕਰੋਧ ਅਤੇ ਰੰਜ ਨਾਲ ਭਰਿਆ ਹੋਇਆ ਸੀ। ਉਸਦੀ ਭੈਣ ਲੱਧੀ ਅਤੇ ਬੱਚੇ ਮਿਰਜ਼ੇ ਦੀ ਕੈਦ ਵਿਚ ਸਨ। ਉਹ ਭੁੱਖੇ ਸ਼ੇਰ ਵਾਂਗ ਗਿਆ ਤੇ ਮੁਗਲ ਸਿਪਾਹੀਆਂ ਉਪਰ ਟੁੱਟ ਪਿਆ।

ਤਲਵਾਰਾਂ ਨਾਲ ਤਲਵਾਰਾਂ ਭਿੜੀਆਂ। ਸਿਪਾਹੀਆਂ ਨੇ ਆਪਣੀ ਰਣ-ਨੀਤੀ ਨਾਲ ਜੰਗ ਖਾਂ ਨੂੰ ਘੇਰਾ ਪਾ ਲਿਆ। ਆਪਣੇ ਜ਼ਖਮਾਂ ਦੀ ਪਰਵਾਹ ਨਾ ਕਰਦਾ, ਉਹ ਸਿਪਾਹੀਆਂ ਦੇ ਵਾਰ ਰੋਕਦਾ ਵੀ ਰਿਹਾ ਤੇ ਵਾਰ ਕਰਦਾ ਵੀ ਰਿਹਾ। ਖ਼ੂਨ ਉਸਦੇ ਸਿਰ ਨੂੰ ਚੜ੍ਹਿਆ ਹੋਇਆ ਸੀ। ਇਉਂ ਲਗਦਾ ਸੀ ਜਿਵੇਂ ਜੰਗ ਖਾਨ ਅੰਦਰ ਕੋਈ ਪ੍ਰੇਤ ਆਣ ਵੜਿਆ ਹੋਵੇ। ਹੁਣ ਸਿਪਾਹੀ ਵੀ ਜ਼ਖ਼ਮੀ ਹੋ ਗਏ। ਜਦੋਂ ਜੰਗ ਖਾਨ ਵਾਰ ਕਰਨ ਲੱਗਾ ਗਰਜ਼ਦਾ ਤਾਂ ਸਿਪਾਹੀਆਂ ਹੱਥੋਂ ਹਥਿਆਰ ਛੁੱਟ ਜਾਂਦੇ।

ਆਪਣੇ ਹਿਫਾਜ਼ਤੀ ਦਸਤੇ ਵਿਚ ਘਿਰਿਆ, ਨਿਜਾਮੁਦੀਨ ਇਸ ਜੰਗ ਦਾ ਨਜ਼ਾਰਾ ਵੇਖਦਾ ਜਖ਼ਮੀ ਸੱਪ ਵਾਂਗ ਵਿਸ ਘੋਲ ਰਿਹਾ ਸੀ ਤੇ ਆਪਣੇ ਸਿਪਾਹੀਆਂ ਨੂੰ ਗਾਲ੍ਹਾਂ ਵੀ



ਦੇਈ ਜਾ ਰਿਹਾ ਸੀ।....'ਸਾਲੇ ਮੂਜ਼ੀ, ਸਾਲੇ ਸੂਅਰ, ਸ਼ਾਹੀ ਗੋਸ਼ਤ ਚੱਬਣ ਵਾਲੇ ਕੁੱਤੇ.....' ਨਾਲ ਹੀ ਹਦਾਇਤਾਂ ਦੇ ਰਿਹਾ ਸੀ—'ਘੁੰਮਕੇ, ਸਾਹਮਣੇ ਹੋਕੇ ਟੱਕਰ, ਪਿੱਛੇ ਦੇਖ, ਉਹ ਵਾਰ ਕਰਨ ਲੱਗਾ ਈ....' ਇਹ ਗੱਲਾਂ ਜੰਗ ਦੇ ਮੈਦਾਨ ਤੱਕ ਤਾਂ ਨਹੀਂ ਪੁਜਦੀਆਂ ਸਨ, ਪਰ ਨਿਜਾਮੁਦੀਨ ਖ਼ੁਦ ਆਪਣੇ ਆਪ ਨੂੰ ਮੈਦਾਨੇ-ਜੰਗ ਵਿਚ ਮਹਿਸੂਸ ਕਰ ਰਿਹਾ ਸੀ। ਜਦ ਕੋਈ ਸਿਪਾਹੀ ਜਖ਼ਮੀ ਹੋ ਕੇ ਡਿੱਗਦਾ ਤਾਂ ਉਹ ਆਖਦਾ—'ਏਸ ਕਾਇਰ ਨੂੰ ਏਧਰ ਮੁੜਨ ਦੇ, ਇਸ ਦਾ ਸਿਰ ਕਲਮ ਮੈਂ ਆਪ ਕਰਾਂਗਾ।'

ਦੋ ਸਿਪਾਹੀ ਰਣ ਛੱਡ ਗਏ, ਦੋ ਜ਼ਖ਼ਮੀ ਹੋਕੇ ਮੈਦਾਨ ਵਿਚ ਡਿੱਗ ਪਏ। ਜੰਗ ਖਾਂ ਵੀ ਜ਼ਖਮੀ ਸੀ। ਕੁੜਤਾ ਲਹੂ ਨਾਲ ਭਿੱਜ ਗਿਆ ਸੀ। ਜੰਗ ਖਾਂ ਨੇ ਘੋੜਾ ਮੋੜ ਕੇ ਤਲਵਾਰ ਹਵਾ ਵਿਚ ਲਹਿਰਾ ਕੇ ਲਲਕਾਰਾ ਮਾਰਿਆ ਤਾਂ ਇਕ ਜਖ਼ਮੀ ਸਿਪਾਹੀ ਉੱਠਕੇ ਵਾਰ ਕਰਨ ਲੱਗਾ, ਜੰਗ ਖਾਂ ਦੇ ਹੱਥ ਵਿਚ ਉਸਦੀ ਬਾਂਹ ਆ ਗਈ, ਉਸਨੇ ਝੱਟ ਘੋੜੇ ਨੂੰ ਅੱਡੀ ਲਾਈ। ਸਿਪਾਹੀ ਨਾਲ ਹੀ ਘੜੀਸਦਾ ਗਿਆ। ਇਉਂ ਲਗਦਾ ਸੀ ਜਿਵੇਂ ਬਘਿਆੜ ਭੇਡ ਦਾ ਕੰਨ ਮੂੰਹ 'ਚ ਪਾਕੇ ਆਪਣੇ ਨਾਲ ਧੂਈ ਜਾਂਦਾ ਹੋਵੇ। ਥੋੜੀ ਦੂਰ ਜਾਕੇ ਜੰਗ ਖਾਂ ਨੇ ਸਿਪਾਹੀ ਦੀ ਬਾਂਹ ਛੱਡ ਦਿੱਤੀ ਤੇ ਉਹ ਮੁਰਦੇ ਵਾਂਗ ਮੂਧੇ ਮੂੰਹ ਡਿੱਗ ਕੇ ਪਿਆ ਰਿਹਾ।

ਜੰਗ ਖਾਂ ਆਪਣੇ ਲੋਕਾਂ ਵਿਚ ਆ ਗਿਆ।

ਪਿੰਡੀ ਦੇ ਲੋਕਾਂ ਪਹਿਲਾਂ ਵਾਂਗ ਹੀ ਚੀਕਾਂ ਮਾਰੀਆਂ, ਸੀਟੀਆਂ ਵਜਾਈਆਂ ਤੇ ਬੱਕਰੇ ਬੁਲਾਏ। ਮੱਲ੍ਹਮ-ਪੱਟੀ ਕਰਨ ਵਾਲੇ ਫੌਰਨ ਜੰਗ ਖਾਂ ਨੂੰ ਇਕ ਪਾਸੇ ਲੈ ਗਏ।

ਸ਼ਾਹੀ ਲਸ਼ਕਰ ਵਾਲੇ ਪਾਸੇ ਫਿਰ ਨਮੋਸ਼ੀ ਛਾ ਗਈ।

.....ਇਹ ਤਾਂ ਸ਼ਹਿਨਸ਼ਾਹ-ਏ-ਹਿੰਦ ਅਕਬਰ ਦੇ ਸਿਪਾਹ-ਸਾਲਾਰ ਦੀ ਸਰਾਸਰ ਤੌਹੀਨ ਹੈ....। ਮਿਰਜ਼ੇ ਅੰਦਰ ਕਮੀਨਗੀ ਨੇ ਸਿਰ ਚੁੱਕਿਆ।.....ਕੁਝ ਕਰਨਾ ਪਵੇਗਾ। ਇਸ ਤਰ੍ਹਾਂ ਇਹ ਮਸਲਾ ਹੱਲ ਨਹੀਂ ਹੋਣਾ।

ਉੱਧਰ ਦੁੱਲੇ ਵਾਲੇ ਪਾਸਿਓਂ ਨਗਾਰੇ ਉਪਰ ਚੋਟ ਫਿਰ ਲਾਈ ਗਈ।

ਦੁੱਲੇ ਦਾ ਛੋਟਾ ਮਾਮਾ ਜਲਾਲ ਖਾਂ, ਆਪਣੇ ਘੋੜੇ ਉਪਰ ਮੈਦਾਨ ਵਿਚ ਨਿੱਤਰ ਆਇਆ।

ਆਪਣੇ ਚਾਰ ਸਿਪਾਹੀਆਂ ਨੂੰ ਮੈਦਾਨ ਵੱਲ ਤੋਰਨ ਤੋਂ ਪਹਿਲਾਂ, ਨਿਜਾਮੁਦੀਨ ਨੇ ਉਹਨਾਂ ਨੂੰ ਫਟਕਾਰਿਆ—'ਮੁਗਲ ਫੌਜ ਦੀ ਬਦਨਾਮੀ ਨਹੀਂ ਹੋਣੀ ਚਾਹੀਦੀ। ਤੁਸੀਂ ਚਾਰ ਤੇ ਭੱਟੀ ਇਕ। ਸ਼ਰਮ-ਹਯਾ ਨਹੀਂ ਆਉਂਦੀ? ਜਦ ਬਾਦਸ਼ਾਹ ਤੱਕ ਖ਼ਬਰ ਗਈ, ਉਸ ਨੇ ਤੁਸਾਂ ਦੇ ਕੋੜੇ ਮਾਰ ਮਾਰ ਕੇ ਚਮੜੀ ਉਧੇੜ ਦੇਣੀ ਏ ਤੇ ਫਿਰ ਬੰਦੀ ਖ਼ਾਨੇ ਸੁੱਟ ਦੇਣਾ। ਬੰਦੀਖ਼ਾਨੇ ਵਿਚ ਮਰਨ ਨਾਲੋਂ, ਜੰਗ ਵਿਚ ਮਰਨਾ ਚੰਗਾ ਈ ਸੂਰੋ। ਤੁਸੀਂ ਤਾਂ ਤੀਵੀਆਂ ਨਾਲੋਂ ਟੱਪ ਗਏ ਜੇ। ਬਾਦਸ਼ਾਹ ਨੇ ਸਹੀ ਆਖਿਆ ਸੀ, ਸ਼ਾਹੀ ਲਸ਼ਕਰ ਵਿਚ ਹਿਜੜੇ ਭਰਤੀ ਹੋ ਗਏ ਨੇ। ਏਸ ਵਾਰ ਮਾਰ ਆਓ, ਜਾਂ ਮਰ ਜਾਓ। ਦੂਸਰਾ ਰਾਹ ਈ ਕਾਈ ਨਹੀਂ—।' —ਯਾ ਅਲੀ।' ਦਾ ਜੈਕਾਰਾ ਛੱਡਦਿਆਂ ਸਿਪਾਹੀ ਜਲਾਲ ਖਾਂ ਵੱਲ ਵਧੇ।

......................

ਉਧਰ ਹਾਜੀ ਚਿਰਾਗ਼ਦੀਨ ਮਨ ਅੰਦਰ ਫ਼ਿਕਰ-ਸੰਸੇ ਲਈ ਹੱਦ ਵੱਲ ਆ ਨਿਕਲਿਆ। ਉਹ ਹੈਰਾਨ ਹੋਇਆ—ਏਨੀ ਭੀੜ—? ਕਿਥੋਂ ਲੱਭਾਂ ਦੁੱਲਾ? ਇਕ ਜਣੇ ਨੂੰ ਪੁੱਛਿਆ ਤਾਂ ਉਸਨੇ ਦੱਸਿਆ:

—ਮੀਆਂ ਜੀ, ਜਿਥੇ ਨਗਾੜਾ ਵਜਦਾ ਈ, ਉਥੇ ਈ ਦੁੱਲਾ।'

ਮੀਆਂ ਚਿਰਾਗ਼ਦੀਨ ਔਖਾ ਸੌਖਾ ਰਾਹ ਬਣਾਉਂਦਾ, ਨਗਾਰੇ ਦੀ ਆਵਾਜ਼ ਵੱਲ ਤੁਰ ਪਿਆ। ਲੋਕ ਚੀਕਾਂ ਲਲਕਾਰੇ ਮਾਰ ਰਹੇ ਸਨ।

ਚਿਰਾਗ ਦੀਨ ਨੂੰ ਵੇਖਦਿਆਂ ਹੀ ਦੁੱਲੇ ਨੂੰ ਫ਼ਿਕਰ ਹੋਇਆ—'ਬਾਬਾ ਏਧਰ ਨਹੀਂ ਸੀ ਆਉਣਾ ਤੂੰ, ਏਧਰ ਖ਼ਤਰਾ ਏ।'

—ਮੇਰਾ ਏਡਾ ਫ਼ਿਕਰ ਨਾ ਕਰ ਬਰਖੁਰਦਾਰਾ। ਮੈਂ ਸੁਣਿਆ ਈ ਏਥੇ ਕੋਈ ਅਨੋਖੀ ਜੰਗ ਹੁੰਦੀ ਪਈ ਏ ?'

—ਆਹੋ, ਠੀਕ ਈ ਸੁਣਿਆ ਬਾਬਾ।'

—ਭੱਟੀ ਇਕ ਤੇ ਮੁਗਲ ਚਾਰ ?'

—ਆਹੋ।' ਦੁੱਲੇ ਦਾ ਧਿਆਨ ਮੈਦਾਨ ਵੱਲ ਸੀ।

—ਤਾਹੀਓਂ ਚਲਾ ਆਇਆ।'

—ਬਾਬਾ ਏਥੇ ਭਾਜੜ ਪੈ ਗਈ ਤਾਂ ਬੁੱਢੇ ਸਰੀਰ ਤੋਂ ਬਚਾਅ ਨਹੀਂ ਹੋਣਾ। ਉਧਰ ਪਿੱਛੇ ਇਕ ਪਾਸੇ ਹੋਕੇ ਬਹਿ ਜਾ।'

—ਮੈਂ ਏਨਾ ਵੀ ਬੁੱਢਾ ਨਹੀਂ ਦੁੱਲਿਆ। ਤੇਰਾ ਬਾਬਾ ਤੇ ਮੈਂ 'ਕੱਠੇ ਈ ਲੜਦੇ ਰਹੇ ਆਂ। ਘੁਲਦੇ ਵੀ ਰਹੇ ਆਂ। ਤੂੰ ਡਰੀਂ ਨਾ ਭੱਟੀ ਪੁੱਤਰਾ। ਤੇਰੀ ਲੜਾਈ ਊ ਆਪਣੇ ਜਿਉਣ ਲਈ, ਆਪਣੀ ਪਿੰਡੀ ਲਈ, ਆਪਣੇ ਲੋਕਾਂ ਲਈ ਤੇ ਉਹ ਲੜਦੇ ਪਏ ਨੇ ਬਾਦਸ਼ਾਹ ਨੂੰ ਖੁਸ਼ ਕਰਨ ਲਈ। ਜਗੀਰਾਂ ਮਰਤਬੇ ਲੈਣ ਲਈ। ਉਹ ਕਿਵੇਂ ਜਿੱਤ ਜਾਣਗੇ ਪੁੱਤਰਾ। ਏਧਰ ਆਪਣੀ ਮਿੱਟੀ ਦੇ ਪੁੱਤਰ, ਆਪਣੀ ਮਿੱਟੀ ਲਈ ਲੜਦੇ ਪਏ ਨੇ ਤੇ ਓਧਰ ਚੰਦ ਸਿੱਕਿਆਂ ਕੌਡੀਆਂ ਲਈ। ਦੁੱਲਿਆ ਮੈਂ ਜਾਣਨਾ ਵਾਂ, ਬਾਰ ਦੀਆਂ ਕਿੱਕਰਾਂ ਨੂੰ ਕੌੜ-ਤੁੰਮਿਆਂ ਦੀ ਪਿਉਂਦ ਚੜ੍ਹੀ ਹੋਈ ਏ। ਉਹ ਅਸਾਂ ਨਾਲ ਕੀ ਲੜਨਗੇ।'

—ਹੁਣ ਏਨਾਂ ਗੱਲਾਂ ਦਾ ਵੇਲਾ ਨਹੀਂ ਬਾਬਾ। ਤੂੰ ਇਕ ਪਾਸੇ ਹੋ ਲੈ, ਥੋੜ੍ਹਾ ਪਿਛਾਂਹ ਰਹੁ।' ਦੁੱਲਾ, ਅਗਲੀ ਵਾਰੀ ਲੈਣ ਵਾਲੇ ਪਿਰਥੇ ਕੋਲ ਜਾ ਖੜ੍ਹਾ।

—ਜਿੱਦਾਂ ਤੂੰ ਮੁਨਾਸਬ ਸਮਝੇ ਪੁੱਤਰਾ।' ਆਪਣੇ ਮੂੰਹ ਵਿਚ ਹੀ ਆਖਦਾ ਹਾਜੀ ਚਿਰਾਗ਼ ਦੀਨ ਪਿੱਛੇ ਹਟਕੇ ਲੋਕਾਂ ਦੀ ਭੀੜ ਵਿਚ ਰਲ ਗਿਆ।

..................

ਉਧਰ ਮੈਦਾਨ ਵਿਚ ਜਲਾਲ ਖਾਂ ਨਾਲ ਸ਼ਾਹੀ ਫੌਜ ਦੇ ਚਾਰ ਸਿਪਾਹੀ ਆ ਭਿੜੇ।

ਚਾਰਾਂ ਵਿਚ ਘਿਰਿਆ ਜਲਾਲ ਖਾਂ ਬਾਜ਼ ਅੱਖ ਨਾਲ ਤਾੜਦਾ, ਪੂਰੀ ਫੁਰਤੀ ਨਾਲ ਜੰਗੀ ਪੈਂਤੜੇ ਲੈਂਦਾ, ਆਪਣਾ ਬਚਾਅ ਕਰਕੇ ਵਾਰ ਕਰ ਰਿਹਾ ਸੀ। ਉਹ ਚਾਰਾਂ ਤੋਂ ਕਾਬੂ ਨਹੀਂ ਸੀ ਆ ਰਿਹਾ। ਦਾਅ ਲਗਣ 'ਤੇ ਅਚਾਨਕ ਉਸਨੇ ਇਕ ਸਿਪਾਹੀ ਦੀ ਵੱਖੀ ਵਿਚੋਂ ਦੀ ਬਰਛਾ ਆਰ ਪਾਰ ਕਰ ਦਿੱਤਾ। ਉਸਦੀ ਭਿਆਨਕ ਲੇਰ ਨਿਕਲੀ ਤੇ ਘੋੜੇ ਦੀ ਪਿੱਠ ਲਹੂ ਨਾਲ ਭਿੱਜਣ ਲੱਗੀ।

ਨਿਜਾਮੁਦੀਨ ਇਹ ਸਭ ਵੇਖ ਰਿਹਾ ਸੀ, ਗੁੱਸੇ ਵਿਚ ਉਸਦੇ ਨਹੁੰ ਤਲੀਆਂ ਵਿਚ ਖੁੱਭ ਗਏ।

ਏਨੇ ਵਿਚ ਜਲਾਲ ਖ਼ਾਨ ਨੇ ਦੂਸਰਾ ਸਿਪਾਹੀ ਢੇਰ ਕਰ ਦਿੱਤਾ।



ਹੁਣ ਸਿਪਾਹ-ਸਾਲਾਰ ਦੇ ਸਬਰ ਦਾ ਪਿਆਲਾ ਭਰ ਗਿਆ....ਜਿਸਨੇ ਚਾਰਾਂ ਸਿਪਾਹੀਆਂ ਦੀ ਇਕ ਨਾ ਚੱਲਣ ਦਿੱਤੀ, ਉਹ ਬਾਕੀ ਦੋਂਹ ਦਾ ਕੀ ਹਾਲ ਕਰੇਗਾ ? ਸੋਚ ਕੇ, ਨਿਜਾਮੁਦੀਨ ਨੇ ਲੜਾਈ ਲਈ ਤਹਿ ਕੀਤੇ ਅਸੂਲਾਂ ਦੀ ਪਰਵਾਹ ਨਾ ਕਰਦਿਆਂ ਦਗੇਬਾਜ਼ੀ ਅਤੇ ਹੇਰਾਫੇਰੀ ਦਾ ਰਾਹ ਅਖ਼ਤਿਆਰ ਕਰਦਿਆਂ, ਝੱਟ ਚਾਰ ਘੋੜ ਸਵਾਰ ਹੋਰ ਘੱਲ ਦਿੱਤੇ।

ਦੁੱਲੇ ਦੀ ਧਿਰ ਵਿਚ ਹਾਹਾਕਾਰ ਮੱਚ ਗਈ।

ਰੌਲਾ ਪੈ ਗਿਆ।

ਉਧਰ ਛੇ ਸਿਪਾਹੀਆਂ ਨੇ, ਮੈਦਾਨ ਵਿਚ ਜਲਾਲ ਖਾਂ ਨੂੰ ਘੇਰ ਕੇ ਕਤਲ ਕਰ ਦਿੱਤਾ।

ਦੁੱਲੇ ਨੇ ਆਪਣੇ ਬੰਦਿਆਂ ਨੂੰ ਹਰ ਸਮੇਂ ਤਿਆਰ ਰਹਿਣ ਲਈ ਆਖਿਆ ਹੋਇਆ ਸੀ।

—ਹੱਲਾ ਬੋਲ।' ਦੁੱਲੇ ਨੇ ਲਲਕਾਰਾ ਮਾਰਿਆ।

ਪਲਾਂ ਵਿਚ ਸੈਂਕੜਿਆਂ ਦੀ ਭੀੜ ਹਜ਼ਾਰਾਂ ਉੱਪਰ ਟੁੱਟ ਪਈ।

ਮਿਰਜ਼ੇ ਦੇ ਸਿਪਾਹੀ ਅਵੇਸਲੇ ਸਨ। ਉਹ ਤਾਂ ਏਸ ਭਰਮ ਵਿਚ ਸਨ, ਹੁਣ ਇਕ ਇਕ ਨਾਲ, ਚਾਰਾਂ ਚਾਰਾਂ ਦਾ ਯੁੱਧ ਹੋਵੇਗਾ। ਨਾ ਕਿਸੇ ਦੇ ਨੇੜੇ ਘੋੜੇ ਸਨ ਨਾ ਕਿਸੇ ਦੇ ਹੱਥਾਂ ਵਿਚ ਹਥਿਆਰ ਸੀ। ਉਹ ਤਾਂ ਸਾਰੇ ਤਮਾਸ਼ਬੀਨ ਬਣੇ ਹੋਏ ਸਨ।

—ਮਿਰਜ਼ਾ ਜਿਉਂਦਾ ਨਹੀਓਂ ਛੱਡਣਾ। ਮਾਮੇ ਦੀ ਲਾਸ਼ ਚੁੱਕਣ ਤੋਂ ਪਹਿਲਾਂ, ਉਥੇ ਮਿਰਜ਼ੇ ਦੀ ਲਾਸ਼ ਵੀ ਰੱਖਣੀ ਉ।' ਦੁੱਲੇ ਦੀ ਦਹਾੜ ਸੁਣ ਕੇ ਮੁਗਲ ਸਿਪਾਹੀਆਂ ਨੂੰ ਹੱਥਾਂ ਪੈਰਾਂ ਦੀ ਪੈ ਗਈ।

ਹਰਖ਼, ਨਫਰਤ ਅਤੇ ਜੋਸ਼ ਨਾਲ ਦੁੱਲਾ ਅਤੇ ਉਸਦੀ ਪੇਂਡੂ ਫੌਜ, ਸ਼ਾਹੀ ਸਫ਼ਾ ਉਲੰਘ ਕੇ ਅੰਦਰ ਤੱਕ ਜਾ ਘੁਸੇ। ਨੇਜ਼ੇ ਤਲਵਾਰਾਂ ਅਤੇ ਤੀਰਾਂ ਨਾਲ ਸ਼ਾਹੀ ਖ਼ੇਮੇ ਲੀਰੋ-ਲੀਰ ਹੋ ਗਏ।

ਦੁੱਲਾ ਅਤੇ ਉਸਦੇ ਨੇੜੇ ਦੇ ਸਾਥੀਆਂ ਨੇ ਨਿਜਾਮੁਦੀਨ ਨੂੰ ਘੇਰਾ ਪਾ ਲਿਆ। ਸਾਹਮਣੇ ਮੌਤ ਵੇਖ ਕੇ ਡਰ ਨਾਲ ਨਿਜਾਮੁਦੀਨ ਦੀਆਂ ਅੱਖਾਂ ਫੁੱਲ ਗਈਆਂ। ਉਸਨੇ ਸੋਚਿਆ, ਹਾਰ ਤਾਂ ਹੋਣੀ ਹੀ ਹੋਣੀ ਹੈ, ਜੇ ਇਥੋਂ ਬਚ ਵੀ ਗਿਆ ਤਾਂ ਬਾਦਸ਼ਾਹ ਨੇ ਫਾਂਸੀ ਉਪਰ ਲਟਕਾ ਦੇਣਾ ਹੈ, ਮੈਂ ਤਾਂ ਜਗੀਰਾਂ ਮਰਤਬੇ ਭਾਲਦਾ ਸਾਂ......

ਪਿਰਥਾ ਨੇਜ਼ੇ ਦਾ ਵਾਰ ਕਰਨ ਲੱਗਾ ਤਾਂ ਦੁੱਲੇ ਨੇ ਹੱਥ ਖੜ੍ਹਾ ਕਰਕੇ ਰੁਕਣ ਲਈ ਕਿਹਾ—'ਇਹ ਸ਼ਿਕਾਰ ਮੇਰਾ ਈ ਪਿਰਥਿਆ।

ਪਿਰਥਾ, ਰੂੜਾ, ਸਦੀਕ, ਰਮਜ਼ਾ ਪਿਛਾਂਹ ਹੱਟ ਗਏ।

—ਤਕੜਾ ਹੋ ਜਾ ਬਈ ਨਿਜਾਮੁਦੀਨਾ। ਇਕ ਅੱਧ ਜਣਾ ਹੋਰ ਵੀ ਨਾਲ ਲੈਣਾ ਈ ਲੈ ਲੈ। ਜੇ ਇਕ ਤੇ ਚਾਰ ਵਾਲੀ ਜਾਂ ਛੇਆਂ ਵਾਲੀ ਖੇਡ ਖੇਡਣੀ ਏ, ਮੈਂ ਤਾਂ ਵੀ ਰਾਜ਼ੀ ਆਂ। ਬਾਰ ਦਾ ਪੁੱਤਰ ਦੁੱਲਾ ਭੱਟੀ, ਵਲਦ ਫਰੀਦ ਭੱਟੀ, ਹੁਣ ਆ ਗਿਆ ਈ। ਆਪਣੇ ਖ਼ੁਦਾ ਨੂੰ ਯਾਦ ਕਰ ਲੈ, ਨਹੀਂ ਤੇ ਆਪਣੇ ਬਾਦਸ਼ਾਹ ਨੂੰ ਯਾਦ ਕਰ ਲੈ।'.......

ਦੁੱਲੇ ਦੀਆਂ ਅੱਖਾਂ ਵਿਚ ਲਹੂ ਉਤਰਿਆ ਵੇਖ ਕੇ, ਨਿਜਾਮੁਦੀਨ ਡਰ ਨਾਲ ਕੰਬਣ ਲੱਗਾ। ਇਉਂ ਲੱਗਿਆ, ਦੁੱਲਾ ਜਿਵੇਂ ਅੱਖਾਂ ਦੀ ਅੱਗ ਨਾਲ ਈ ਮਿਰਜ਼ੇ ਨੂੰ ਝੁਲਸ ਦਏਗਾ। ਡਰਦਿਆਂ ਮਿਰਜ਼ੇ ਦੇ ਹੱਥ ਜੁੜ ਗਏ—'ਮੈਨੂੰ ਬਖਸ਼ ਲੈ ਦੁੱਲੇ ਭੱਟੀ ਸਰਦਾਰਾ।' ਉਹ ਏਧਰ ਓਧਰ ਵੇਖਣ ਲੱਗਾ, ਫਿਰ ਅਚਾਨਕ ਉੱਠਕੇ ਸਿਰ ਤੋੜ ਨੱਠ ਪਿਆ, ਜਿਧਰ ਪਿੰਡੀ ਦੀਆਂ ਔਰਤਾਂ ਬਾਂਧਾਂ ਬਣਾ ਕੇ ਇਕ ਤੰਬੂ ਵਿਚ ਕੈਦ ਕੀਤੀਆਂ ਹਨ।

ਸਾਰੇ ਉਸਦੇ ਮਗਰ ਦੌੜੇ।

ਨਿਜਾਮੁਦੀਨ ਲੱਧੀ ਦੇ ਪੈਰੀਂ ਜਾ ਡਿੱਗਿਆ।

—ਅੰਮਾਂ ਖ਼ੁਦਾ ਦਾ ਰਹਿਮ। ਮੈਨੂੰ ਬਚਾ ਅੰਮਾ। ਤੂੰ ਮੇਰੀ ਧਰਮ ਦੀ ਮਾਂ। ਮੈਂ ਤੇਰਾ ਧਰਮ ਦਾ ਪੁੱਤਰ। ਪਨਾਹ, ਅੰਮਾਂ, ਆਪਣੇ ਏਸ ਪੁੱਤਰ ਨੂੰ ਪਨਾਹ ਦੇਹ।' ਲੱਧੀ ਦੇ ਪੈਰ ਫੜੀ ਮਿਰਜ਼ਾ ਤਰਲੇ ਲੈਣ ਲੱਗਾ।

ਦੁੱਲਾ ਅਤੇ ਉਸਦੇ ਸਾਥੀ ਪਿੱਛੇ ਆ ਖੜ੍ਹੇ। ਦੁੱਲੇ ਨੂੰ ਜਿਉਂਦਾ ਵੇਖ ਕੇ ਲੱਧੀ ਦਾ ਚਿਹਰਾ ਖਿੜ ਉਠਿਆ। ਪਰ੍ਹਾਂ ਬੈਠੀਆਂ ਫੁੱਲਰਾਂ, ਬਖਤੋ ਸਲੇਮੋ ਅਤੇ ਨੂਰੇ ਦੀ ਵਹੁਟੀ ਵੀ ਕੋਲ ਆਣ ਖੜ੍ਹੀਆਂ।

—ਮਾਂ ਪਰ੍ਹਾਂ ਹੋ ਜਾ, ਇਹ ਜੰਗ ਈ। ਧੱਕ ਦੇ ਏਧਰ ਇਹਨੂੰ। ਇਸਨੇ ਲੜਾਈ ਦਾ ਅਸੂਲ ਤੋੜਿਆ ਈ ਤੇ ਦਗ਼ੇ ਨਾਲ ਮਾਮਾ ਜਲਾਲ ਖਾਂ ਕੋਹ ਘੱਤਿਆ ਈ। ਪਰ੍ਹਾਂ ਹੋ ਜਾ ਮਾਂ, ਨਹੀਂ ਤੇ ਮੈਂ ਵਾਰ ਕਰਨ ਲੱਗਿਆਂ।' ਦੁੱਲਾ ਤਲਵਾਰ ਉਲਾਰ ਕੇ ਅੱਗੇ ਵਧਿਆ।

ਲੱਧੀ ਦੇ ਪੈਰਾਂ ਉਪਰ ਸਿਰ ਰੱਖੀ ਨਿਜਾਮੁਦੀਨ ਕੰਬੀ ਜਾ ਰਿਹਾ ਸੀ।

—ਪੈਰੀਂ ਪਏ ਨੂੰ ਨਹੀਂ ਮਾਰਨਾ ਪੁੱਤਰ। ਇਹ ਭੱਟੀਆਂ ਨੂੰ ਮਿਹਣਾ ਈ।'

—ਮਾਂ ਇਹ ਤੂੰ ਆਖਨੀ ਏਂ ? ਇਸ ਸੂਅਰ ਨੇ ਤੁਸਾਂ ਸਾਰਿਆਂ ਨੂੰ ਏਥੇ ਨਰਕ ਲਿਆਂਦਾ ਈ। ਸਾਰੀ ਪਿੰਡੀ ਉਜਾੜ ਛੱਡੀ ਏ। ਭੂਤਵਾੜਾ ਬਣ ਗਈ ਏ ਪਿੰਡੀ।'

—ਪੁੱਤਰ ਦੁੱਲਿਆ ਏਹਨੇ ਮੈਨੂੰ ਮਾਂ ਆਖਿਆ ਈ।'

—ਇਸ ਕਮੀਨੇ ਦੀ ਇਹ ਕੋਈ ਚਾਲ ਹੋਣੀ ਏ।'

—ਮੇਰੇ ਜੀਂਦੇ ਜੀ ਤੂੰ ਇਸਨੂੰ ਕੁਝ ਨਹੀਂ ਆਖੇਂਗਾ ਪੁੱਤਰਾ।' ਲੱਧੀ ਨੇ ਨਿਜਾਮੁਦੀਨ ਨੂੰ ਆਪਣੇ ਪੈਰਾਂ ਤੋਂ ਉਠਾ ਕੇ ਆਪਣੇ ਪਿੱਛੇ ਕਰ ਲਿਆ।

—ਅੱਗੋਂ ਹਟ ਜਾ ਮਾਂ। ਇਹਦਾ ਸਿਰ ਵੱਢੇ ਬਿਨਾਂ ਮੇਰਾ ਖ਼ੂਨ ਠੰਡਾ ਨਹੀਂ ਹੋਣਾ।'

—ਪਹਿਲੋਂ ਮੇਰਾ ਸਿਰ ਲਾਹ ਦੇ ਪੁੱਤਰ, ਫਿਰ ਇਸਦਾ ਲਾਹ ਲਵੀਂ।'

—ਅੰਮਾਂ, ਜਿਉਂਦਾ ਰਿਹਾ ਤਾਂ ਦੁੱਲੇ ਸਰਦਾਰ ਦਾ ਭਰਾ ਬਣਕੇ ਜੀਆਂਗਾ।' ਪਿੱਛੇ ਲੁਕਿਆ ਨਿਜਾਮੁਦੀਨ ਗਿੜਗਿੜਾਇਆ।

—ਮਾਂ ਤੂੰ ਸਮਝਦੀ ਕਿਉਂ ਨਹੀਂ, ਇਹ ਬਾਦਸ਼ਾਹ, ਇਹ ਸਿਪਾਹ-ਸਾਲਾਰ ਸਾਰੇ ਏਵੇਂ ਕਰਦੇ ਨੇ, ਜਦ ਮੌਤ ਸਿਰ ਉਪਰ ਦੀਂਹਦੀ ਏ, ਕਿਸੇ ਨੂੰ ਮਾਂ, ਕਿਸੇ ਨੂੰ ਭਰਾ ਬਣਾਂਦੇ ਨੇ ਤੇ ਫਿਰ ਜਦੋਂ ਦਾਅ ਲਗਦਾ ਈ, ਫਿਰ ਆਪਣੀ ਔਕਾਤ ਤੇ ਆ ਜਾਂਦੇ ਨੇ। ਇਹ ਮੁਗਲ ਸੱਪ ਹੁੰਦੇ ਨੀ ਮਾਂ। ਇਹ ਨਾ ਡੰਗ ਮਾਰਨਾ ਈ ਮਾਰਨਾ। ਇਹ ਦੋ ਜੀਭਾਂ ਵਾਲੇ ਹੁੰਦੇ ਨੀ ਮੁਗਲ। ਇਕ ਨਾਲ ਕੌਲ ਕਰਦੇ ਨੇ ਤੇ ਦੂਈ ਨਾਲ ਦਗ਼ਾ ਕਰਦੇ ਨੇ। ਇਹਨੂੰ ਮਾਰਿਆਂ ਈ ਅਕਬਰ ਨੂੰ ਪਤਾ ਲਗਣਾ, ਪਿੰਡੀ ਦੇ ਭੱਟੀਆਂ ਵਿਚ ਅਜੇ ਵੀ ਅਣਖ ਹੈਗੀ ਏ ਤੇ ਉਹਨਾਂ ਨੂੰ ਲੜਨਾ ਵੀ ਆਉਂਦਾ ਏ।' ਦੁੱਲਾ ਨਿਜਾਮੁਦੀਨ ਦੀ ਬਾਂਹ ਫੜਕੇ ਖਿੱਚਣ ਲਗਾ ਤਾਂ ਉਹ ਫੇਰ ਲੱਧੀ ਦੇ ਪੈਰੀਂ ਚਿੰਬੜ ਗਿਆ।

—ਪਿਰਥਿਆ ਤੂੰ ਏਹ ਨੂੰ ਖਿੱਚ ਏਧਰ।'

ਪਿਰਥਾ ਅਗਾਂਹ ਹੋਇਆ ਤਾਂ ਲੱਧੀ ਬੋਲੀ—'ਪੁੱਤਰੋ, ਹੁਣ ਤਾਂ ਇਹ ਮੇਰੀ ਸ਼ਰਨ ਪੈ ਗਿਆ ਈ। ਅਸਾਂ ਇਹਨਾਂ ਮੁਗਲੇਟਿਆਂ ਹਾਰ ਥੋੜਾ ਈ ਦਗੇ-ਫ਼ਰੇਬ ਕਰਨੇ ਨੇ। ਮੁਗਲੇਟਿਆਂ ਅਰ ਭੱਟੀਆਂ 'ਚ ਇਹੋ ਤੇ ਫਰਕ ਈ ਪੁੱਤਰੋ।' ਫਿਰ ਲੱਧੀ ਦੁੱਲੇ ਵੱਲ ਝਾਕੀ—'ਇਹਨੂੰ ਬਖਸ਼



ਦੇ ਦੁੱਲਿਆ, ਨਹੀਂ ਤਾਂ ਏਸ ਗੱਲ ਦੀ ਭੱਟੀਆਂ ਨੂੰ ਸਦਾ ਨਮੋਸ਼ੀ ਰਹਿਣੀ ਏ।'

ਦੁੱਲੇ ਦੀ ਤਲਵਾਰ ਵਾਲਾ ਹੱਥ ਹੌਲੀ ਹੌਲੀ ਹੇਠਾਂ ਆ ਗਿਆ।

—ਠੀਕ ਏ ਮਾਂ, ਤੇਰੇ ਦੁੱਧ ਦਾ ਕਰਜ਼ ਵੀ ਤਾਂ ਦੇਣਾ ਈ। ਤੇਰੇ ਆਖੇ ਇਕ ਵਾਰ ਛੱਡ ਦਿੰਨਾ।'

—ਤੂੰ ਮੇਰੀ ਹਯਾਤੀ ਬਖਸ਼ੀ ਏ। ਤੇਰਾ ਇਹ ਅਹਿਸਾਨ ਕਦੀ ਨਹੀਂ ਭੁਲਾਂਗਾ ਦੁੱਲੇ ਭੱਟੀ ਸਰਦਾਰਾ।' ਨਿਜਾਮੁਦੀਨ ਨੇ ਝੁਕ ਕੇ ਸਲਾਮ ਆਖੀ।

—ਪਿਰਥਿਆ ਰੂੜਿਆ, ਬੰਨ੍ਹ ਲਓ ਏਸ ਖੰਜੀਰ ਨੂੰ। ਆਖੋ ਸੂ, ਪਹਿਲਾਂ ਆਪਣੇ ਸਿਪਾਹੀਆਂ ਨੂੰ ਕਹਿਕੇ ਪਿੰਡੀ ਦੀਆਂ ਗਲੀਆਂ ਵਿਚੋਂ ਲੋਥਾਂ ਚੁਕਵਾਏ ਤੇ ਬਾਕੀ ਇਹਦੇ ਸੂਰਮੇ ਲਾਹੌਰ ਵੱਲ ਮੋੜੇ ਪਾ ਲੈਣ। ਨਹੀਂ ਤਾਂ ਅਸਾਂ ਨੂੰ ਨਠਾਉਣੇ ਆਉਂਦੇ ਨੀ। ਪਿੰਡੀ ਦੇ ਲਾਗੇ ਚਾਗੇ ਕੋਈ ਮੁਗਲ ਸਿਪਾਹੀ ਨਜ਼ਰ ਨਾ ਆਵੇ ਸਾਨੂੰ।'

ਤੇ ਲੱਧੀ ਦੇ ਵਰਜਦਿਆਂ ਵੀ ਉਹਨਾਂ ਨਿਜਾਮੁਦੀਨ ਦੀਆਂ ਮਸ਼ਕਾਂ ਕੱਸ ਲਈਆਂ।

## 46.

ਹਨੇਰਾ ਹੋਣ ਤੱਕ, ਮਿਰਜ਼ੇ ਦੇ ਸਿਪਾਹੀ ਪਿੰਡੀ ਦੀਆਂ ਗਲੀਆਂ ਵਿਚੋਂ ਮੋਏ ਸਿਪਾਹੀਆਂ ਦੀਆਂ ਲੋਥਾਂ ਚੁੱਕਦੇ ਰਹੇ।

ਦੁੱਲੇ ਨੇ, ਲੱਧੀ, ਫੁੱਲਰਾਂ, ਨੂਰੇ ਦੀ ਵਹੁਟੀ ਬਖਤੋ ਸਲੇਮੋ ਅਤੇ ਪਿੰਡੀ ਦੀਆਂ ਹੋਰ ਜਿੰਨੀਆਂ ਵੀ ਔਰਤਾਂ, ਮੁਟਿਆਰਾਂ ਸਨ, ਸਭਨਾਂ ਨੂੰ ਰੂੜੇ, ਰਮਜ਼ੇ ਅਤੇ ਲਹਿਣੇ ਦੀ ਹਿਫਾਜ਼ਤ ਵਿਚ ਪਿੰਡ ਭੇਜ ਦਿੱਤਾ।

ਜਦੋਂ ਲੱਧੀ ਨੇ ਉਜੜੀ ਹਵੇਲੀ ਦੇ ਵਿਹੜੇ ਵਿਚ ਖੜ੍ਹ ਕੇ ਪੁੱਛਿਆ;

—ਫੁੱਲਰਾਂ, ਨੂਰਾ ਕਿਥੇ ਈ ? ਮੇਹਰੂ ਕਿਥੇ ਈ ?'

ਫਿਰ ਹਵੇਲੀ ਤੋਂ ਬਾਹਰ ਗੱਲ ਨਿਕਲ ਗਈ— ।ਲੋਕ ਆਪਣਿਆਂ ਨੂੰ ਲੱਭਣ ਲੱਗੇ, ਪੁੱਛਣ ਲੱਗੇ।ਪਤਾ ਲੱਗਿਆ, ਗਾਹਣੇ ਦਾ ਭਰਾ ਲੜਾਈ 'ਚ ਮਾਰਿਆ ਗਿਆ ਈ।ਪਿਰਥੇ ਦਾ ਛੋਟਾ ਭਰਾ ਵੀ ਮਾਰਿਆ ਗਿਆ।ਨੂਰਾ ਅਤੇ ਉਹਦੀ ਢਾਣੀ ਦੇ ਲੜਕੇ ਵੀ ਘਰੀਂ ਨਹੀਂ ਮੁੜੇ।ਪਤਾ ਨਹੀਂ ਕੈਦ ਵਿਚ ਨੇ ਜਾਂ ਮਾਰੇ ਗਏ।ਮੇਹਰੂ ਵੀ ਨਹੀਂ ਲੱਭ ਰਿਹਾ।

ਲੱਧੀ ਨੇ ਸੁਣਿਆ, ਪਿੰਡੀ ਵਿਚ ਘਰ ਘਰ ਵੈਣ ਪੈ ਰਹੇ ਸਨ।ਜਦ ਉਸਨੂੰ ਤਸੱਲੀ ਹੋ ਗਈ, ਨੂਰਾ ਅਤੇ ਮੇਹਰੂ ਵੀ ਲਾਪਤਾ ਹਨ ਤਾਂ ਉਹ ਵੀ ਪਿੱਟਣ ਲੱਗੀ।

—ਅੱਬਾ ਕਿਥੇ ਈ ?' ਸਲੇਮੋ ਨੇ ਰੋਂਦਿਆਂ ਪੁੱਛਿਆ:

—ਉਹ ਤਾਂ ਓਥੇ ਈ ਮੁਗਲੇਟਿਆਂ ਵੱਲ, ਜਿਥੇ ਮਿਰਜ਼ਾ ਫੜੀਚਿਆ ਹੋਇਐ।' ਇਕ ਗੁਆਂਢੀ ਨੇ ਦੱਸਿਆ।

ਰੂੜਾ ਰਮਜ਼ਾ ਅਤੇ ਲਹਿਣਾ, ਦੁੱਲੇ ਵੱਲ ਮੁੜ ਗਏ ਸਨ।

ਹੁਣ ਫੱਤੂ ਮਰਾਸੀ ਵੀ ਮੁਗਲਾਂ ਦੇ ਪੜਾਅ ਵੱਲ ਦੌੜਿਆ।

ਦੁੱਲੇ ਨੂੰ ਜਦ ਪਤਾ ਲੱਗਿਆ, ਨੂਰਾ ਹਵੇਲੀ ਨਹੀਂ ਪੁੱਜਾ, ਉਸਨੇ ਤਲਵਾਰ ਸੂਤ ਕੇ ਨਿਜਾਮੁਦੀਨ ਦੀ ਛਾਤੀ ਨਾਲ ਲਾ ਲਈ।

—ਮੇਰਾ ਪੁੱਤਰ ਨੂਰਾ ਕਿਥੇ ਈ ?'

ਨਿਜਾਮੁਦੀਨ ਦਾ ਚਿਹਰਾ ਫ਼ੱਕ ਹੋ ਗਿਆ।ਉਸਨੇ ਹਕਲਾਂਦਿਆਂ ਦੱਸਿਆ;

—ਨੂਰਾ ਤਾਂ ਲਾਹੌਰ ਦੇ ਬੰਦੀਖ਼ਾਨੇ ਵਿਚ ਭੇਜ ਦਿੱਤਾ ਹੋਇਆ।ਏਥੇ ਉਸਦੀ ਹਿਫ਼ਾਜ਼ਤ ਨਹੀਂ ਸੀ ਹੋਣੀ।ਸਿਪਾਹੀਆਂ ਉਪਰ ਭਰੋਸਾ ਨਹੀਂ ਸੀ, ਕੀ ਪਤਾ ਕਦ ਕੋਈ......।'

—ਸੱਚ ਆਖਨਾਂ ਏਂ ?' ਦੁੱਲੇ ਨੇ ਤਲਵਾਰ ਦੀ ਨੋਕ ਉਪਰ ਦਬਾ ਵਧਾਇਆ।

—ਖ਼ੁਦਾ ਨੂੰ ਹਾਜ਼ਰ-ਨਾਜ਼ਰ ਜਾਣਕੇ ਆਖਨਾਂ ਦੁੱਲੇ ਭਰਾ।ਹੁਣ ਤਾਂ ਤੈਨੂੰ ਭਰਾ ਬਣਾ ਲਿਆ ਈ।ਤੇਰੀ ਮਾਂ ਮੇਰੀ ਮਜ਼ਹਬ ਦੀ ਮਾਂ ਬਣ ਗਈ ਏ।'

—ਅਸਾਂ ਤੈਨੂੰ ਝਿੜੀ 'ਚ ਪੁੱਠਾ ਲਟਕਾ ਦੇਣਾ ਈ ਖੂਹ ਵਿਚ, ਜਿੰਨੀ ਦੇਰ ਨੂਰਾ ਘਰ ਨਹੀਂ ਆਉਂਦਾ।'



—ਮੈਂ ਤੇਰਾ ਗ਼ੁਲਾਮ ਹੋਇਆ।ਚਾਹੇ ਬੰਨ੍ਹੀ ਰੱਖ, ਚਾਹੇ ਛੱਡ, ਚਾਹੇ ਪੁੱਠਾ ਲਟਕਾ।' ਮਿਰਜ਼ੇ ਦੀ ਬੇਬਸੀ ਜਾਣ ਕੇ, ਦੁੱਲੇ ਦੇ ਮੱਥੇ ਦੀਆਂ ਤਿਊੜੀਆਂ ਢਿੱਲੀਆਂ ਪੈਣ ਲੱਗੀਆਂ।

—ਏਥੇ ਮੇਰੇ ਪਾਸ ਅੰਗੂਰੀ ਸ਼ਰਾਬ ਦੀਆਂ ਮਸ਼ਕਾਂ ਭਰੀਆਂ ਪਈਆਂ ਨੇ।ਆਖੋ ਤਾਂ ਦੁੱਲੇ ਭੱਟੀ ਸਰਦਾਰ ਨੂੰ ਭਰਾ ਬਨਾਵਣ ਦੀ ਦਾਅਵਤ ਕਰ ਦਿਆਂ ?' ਨਿਜਾਮੁਦੀਨ ਨੇ ਆਪਣੇ ਦਾਅ ਦੀ ਪਹਿਲੀ ਗੋਟੀ ਸੁੱਟੀ।

—ਤੇਰੇ ਸਿਪਾਹੀਆਂ ਪਿੰਡੀ ਥੇਹ ਕਰ ਦਿੱਤੀ ਏ ਤੇ ਏਧਰ ਤੇਰੇ ਨਾਲ ਅਸੀਂ ਦਾਅਵਤਾਂ ਖਾਈਏ ? ਕੀ ਸਮਝਨਾਂ ਏਂ ਤੂੰ ਭੱਟੀਆਂ ਨੂੰ ?' ਦੁੱਲੇ ਦਾ ਹੱਥ ਫਿਰ ਤਲਵਾਰ ਉਪਰ ਚਲਿਆ ਗਿਆ। —'ਸ਼ੁਕਰ ਕਰ ਅੱਲਾਹ ਦਾ ਮਾਂ ਤੇਰੇ ਸਿਰ ਉਪਰ ਹੱਥ ਧਰ ਗਈ ਏ।'

—ਦੁੱਲੇ ਸਰਦਾਰ ਨੇ ਮੈਨੂੰ ਢਿੱਡੋਂ ਭਰਾ ਨਹੀਂ ਮੰਨਿਆ।'

—ਮਾਂ ਨੇ ਆਖਿਆ,—'ਪੈਰੀਂ ਪਿਆਂ ਨੂੰ ਸੂਰਮੇ ਨਹੀਂ ਮਾਰਦੇ, ਮੈਂ ਤੇਰੀ ਜਾਨ ਬਖਸ਼ ਦਿੱਤੀ।ਬੱਸ ਏਨੀ ਗੱਲ ਏ।'

—ਏਹੀ ਤਾਂ ਕਰਜ਼ ਏ ਮੇਰੇ ਸਿਰ ਭਰਾਵਾ।ਮਾਂ ਨੇ ਪੁੱਤਰ ਤਸਲੀਮ ਕਰ ਲਿਆ।ਹੁਣ ਪੁੱਤਰ ਨੂੰ ਭਰਾ ਵੀ ਤਸਲੀਮ ਕਰ ਲੈਣਾ ਚਾਹੀਦਾ ਏ।'

ਦੁੱਲਾ ਹੁਣ ਨਹੀਂ ਬੋਲਿਆ।ਪਿਰਥਾ, ਰੂੜਾ, ਸਦੀਕ, ਰਮਜ਼ਾ, ਗਾਹਣਾ, ਸਾਰੇ ਦੋਹਾਂ ਦੀਆਂ ਗੱਲਾਂ ਪੂਰੇ ਧਿਆਨ ਨਾਲ ਸੁਣ ਰਹੇ ਸਨ।ਲਗਦਾ ਸੀ, ਮਿਰਜ਼ੇ ਦਾ ਦਾਅ ਆਪਣਾ ਅਸਰ ਕਰਨ ਲੱਗਾ ਸੀ।ਕਿਸੇ ਨੇ ਵੀ ਨਿਜਾਮੁਦੀਨ ਦੀਆਂ ਅੱਖਾਂ ਵਿਚਲੀ ਕਮੀਨਗੀ ਨਹੀਂ ਪਛਾਣੀ ਤੇ ਉਹਨਾਂ ਦਾਅਵਤ ਕਬੂਲ ਕਰ ਲਈ।

****

ਨਸ਼ੇ ਦੇ ਅਸਰ ਹੇਠ, ਨਿਜਾਮੁਦੀਨ ਨੇ ਆਪਣੀਆਂ ਬਾਹਵਾਂ ਖੁਲ੍ਹਵਾ ਲਈਆਂ ਤੇ ਉਹ ਦੁੱਲੇ ਨੂੰ ਬਾਰ ਬਾਰ ਕਲਾਵੇ ਵਿਚ ਲੈਣ ਲੱਗਾ।ਦੁੱਲੇ ਦੇ ਸਾਥੀਆਂ ਸ਼ਾਹੀ ਲੁੱਟ ਦਾ ਮਾਲ ਤਾਂ ਬੜਾ ਖਾਧਾ ਪੀਤਾ ਸੀ ਪਰ ਸ਼ਾਹੀ ਦਾਅਵਤ ਦਾ ਸੁਆਦ ਪਹਿਲੀ ਵੇਰ ਚੱਖਿਆ ਸੀ। ਉਹ ਪਿਆਲੇ ਭਰ ਭਰ ਅੰਦਰ ਸੁੱਟੀ ਜਾ ਰਹੇ ਸਨ।ਦੁੱਲੇ ਹੋਰਾਂ ਦੀ ਹਿਫਾਜ਼ਤ ਲਈ ਆਏ ਸੌ ਕੁ ਦੇ ਕਰੀਬ ਘੋੜ ਸਵਾਰ ਇਕ ਪਾਸੇ ਖੜ੍ਹੇ ਉਡੀਕ ਵਿਚ ਸਨ, ਦੁੱਲਾ ਕਦੋਂ ਤੁਰਨ ਲਈ ਆਖਦਾ ਹੈ।

—ਦੁੱਲੇ ਭਰਾ, ਆਪਣੇ ਘੋੜ ਸਵਾਰਾਂ ਨੂੰ ਆਖ, ਇਕ ਮਸ਼ਕ ਏਧਰੋਂ ਚਾ ਲੈਣ ਤੇ ਆਪਣੀ ਦੋਸਤੀ ਦੇ ਜਸ਼ਨ ਮਨਾਣ, ਥੋੜ੍ਹਾ ਪਰ੍ਹੇ ਹੋਕੇ।' ਮਿਰਜ਼ੇ ਨੇ ਦੂਜੀ ਗੋਟੀ ਸੁੱਟੀ।

ਸ਼ਰਾਬੀ ਦੁੱਲੇ ਨੂੰ ਅਫਸੋਸ ਹੋਇਆ, ਇਹ ਖ਼ਿਆਲ ਉਸਨੂੰ ਕਿਉਂ ਨਹੀਂ ਆਇਆ। ਉਸਨੇ ਪਿਰਥੇ ਨੂੰ ਕਿਹਾ—'ਜਾਹ ਆਖ ਉਹਨਾਂ ਨੂੰ, ਉਹ ਵੀ ਮਜ਼ੇ ਕਰਨ।ਹੁਣ ਮੋਇਆਂ ਨਾਲ ਤਾਂ ਨਹੀਂ ਨਾ ਮਰਿਆ ਜਾਣਾ।ਨਹੀਂ ਤਾਂ ਆਖ ਉਹਨਾਂ ਨੂੰ ਇਕ ਮਸ਼ਕ ਲੈ ਕੇ ਝਿੜੀ ਵਿਚ ਚੱਲੋ।ਅਸੀਂ ਆਉਂਨੇ ਆਂ।'

ਪਿਰਥਾ ਦੁੱਲੇ ਨੂੰ ਇਕ ਪਾਸੇ ਲੈ ਗਿਆ।

—ਦੁੱਲਿਆ, ਆਪਣੇ ਬੰਦਿਆਂ ਨੂੰ ਦਾਰੂ ਲਈ ਨਾ ਆਖ। ਨਾ ਏਥੋਂ ਜਾਣ ਲਈ ਆਖ।ਇਹਨਾਂ ਦਾ ਆਪਣੇ ਲਾਗੇ ਰਹਿਣਾ ਈ ਠੀਕ ਏ।'

—ਪਿਰਥਾ ਹੁਣ ਤਾਂ ਮਿਰਜ਼ਾ.......।'

—ਨਹੀਂ ਦੁੱਲਿਆ, ਮੁਗਲਾਂ ਉੱਤੇ ਮੇਰਾ ਯਕੀਨ ਨਹੀਂ ਪਿਆ ਬੱਝਦਾ।'

—ਹੁਣ ਭਰਾ ਮਾਰ ਨਹੀਂ ਕਰਨ ਲੱਗਾ।' ਦੁੱਲਾ ਨਸ਼ੇ ਵਿਚ ਸੀ।

—ਇਹ ਸਭ ਆਪਣਾ......ਕੱਲ੍ਹ ਨੂੰ......।'

—ਛੱਡ ਪਿਰਥਿਆ, ਹੁਣ ਸ਼ੱਕ ਦੀ ਗੁੰਜਾਇਸ਼ ਨਹੀਂ ਹੈਗੀ। ਮੈਂ ਤਾਂ ਮਾਂ ਦਾ ਕਿਹਾ ਰੱਖਣਾ ਈ। ਆ ਪਿਆਲਾ ਲੈ ਇਕ ਤੇ ਆਪਣੇ ਬੰਦਿਆਂ ਨੂੰ ਝਿੜੀ ਵੱਲ ਤੋਰ। ਅੱਜ ਦੀ ਰਾਤ ਬੇਫ਼ਿਕਰ ਹੋਈਏ, ਕੱਲ੍ਹ ਦੀ ਕੱਲ ਵੇਖਾਂਗੇ।'

ਜਦ ਦੁੱਲਾ ਤੇ ਪਿਰਥਾ ਫਿਰ ਢਾਣੀ ਵਿਚ ਆ ਬੈਠੇ ਤਾਂ ਨਿਜਾਮੁਦੀਨ ਨੇ ਉਹਨਾਂ ਨੂੰ ਵਡਿਆਇਆ।

—ਮੈਂ ਤਾਂ ਹੁਣ ਤੁਸਾਂ ਦੇ ਨਾਲ ਈ ਰਲ ਜਾਣਾ। ਰਲ ਕੇ ਧਾੜੇ ਮਾਰਨੇ ਈ ਤੇ ਅਕਬਰ ਦੀ ਨੀਂਦਰ ਹਰਾਮ ਕਰ ਛੱਡਣੀ ਏ। ਹੁਣ ਤਾਂ ਜੇਹਾ ਦੁੱਲਾ ਤੇਹਾ ਮੈਂ।'

ਖ਼ੁਸ਼ੀ ਵਿਚ ਦੁੱਲੇ ਨੇ ਬੜ੍ਹਕ ਮਾਰੀ—'ਢਾਹ ਦਿਆਂਗੇ ਦਿੱਲੀ ਦੇ ਕਿੰਗਰੇ।'

—ਭਰਾਵੋ ਮੂਤਰ ਆਂਦਾ ਪਿਆ ਈ। ਦੁੱਲਾ ਆਖੇ ਤਾਂ ਥੋੜ੍ਹਾ ਪਰ੍ਹੇ ਕਰ ਆਵਾਂ ?'

—ਤੇ ਹੋਰ ਸਾਡੇ ਸਿਰਾਂ 'ਚ ਕਰਨਾ ਈ ?' ਆਖ ਕੇ ਰੂੜਾ ਹੱਸਿਆ।

ਨਿਜਾਮੁਦੀਨ ਦੇ ਪੈਰ ਅਜੇ ਬੰਨ੍ਹੇ ਹੋਏ ਸਨ। ਉਹ ਹੌਲੀ ਹੌਲੀ ਤੁਰਦਾ ਉਧਰ ਗਿਆ, ਜਿਧਰ ਉਸਦੇ ਖਾਸ ਸਿਪਾਹੀ ਬਿਠਾਏ ਹੋਏ ਸਨ। ਪਿਸ਼ਾਬ ਕਰਨ ਦੇ ਬਹਾਨੇ ਉਸਨੇ ਆਪਣੇ ਸਿਪਾਹੀਆਂ ਨਾਲ ਗੁਫ਼ਤਗੂ ਕੀਤੀ।

—ਚੌਕੰਨੇ ਰਹਿਣਾ ਈ। ਸੌਂ ਨਹੀਂ ਜਾਣਾ। ਰਾਤੀਂ ਅਸੀਂ ਏਥੋਂ ਨੱਠਣਾ ਈ। ਇਹ ਵੀ ਭੇਦ ਨਹੀਂ ਕੱਢਣਾ, ਦੁੱਲੇ ਦਾ ਪੁੱਤਰ ਕਿਥੇ ਈ। ਜੀਂਦਾ ਏ ਕਿ ਮੋਇਆ ਏ। ਅਗਰ ਦੁੱਲੇ ਨੂੰ ਜ਼ਰਾ ਵੀ ਸ਼ੱਕ ਪੈ ਗਈ, ਇਹਨਾਂ ਨੂਰਾ ਕੋਹ ਘੱਤਿਆ ਏ, ਉਹਨਾਂ ਆਪਾਂ ਨੂੰ ਜਿਉਂਦੇ ਜੀ ਨਹੀਂ ਨਿਕਲਣ ਦੇਣਾ। ਏਧਰ ਮੇਰੇ ਨੇੜੇ ਆ.....।'

ਇਕ ਸਿਪਾਹੀ ਉਸਦੇ ਨੇੜੇ ਆਇਆ।

ਨਿਜਾਮੁਦੀਨ ਨੇ ਆਪਣੀ ਜੇਬ ਵਿਚੋਂ ਇਕ ਪੁੜੀ ਕੱਢ ਕੇ ਦਿੰਦਿਆਂ ਕਿਹਾ,

—ਜਦ ਮੈਂ ਚਲਾ ਜਾਵਾਂ, ਤੈਨੂੰ ਬੁਲਾਵਾਂਗਾ। ਫਿਰ ਤੈਨੂੰ ਪਿਆਲੇ ਭਰਨ ਲਈ ਕਹਾਂਗਾ। ਉਹ ਸਾਰੇ ਨਸ਼ੇ ਵਿਚ ਨੇ। ਤੂੰ ਖ਼ਿਦਮਤ ਕਰਨ ਦੇ ਬਹਾਨੇ ਉਥੇ ਆਵੀਂ ਤੇ ਪਿਆਲਿਆਂ ਵਿਚ ਇਹ......।'

—ਸਮਝ ਗਿਆ ਹਜ਼ੂਰ.....। ਪਰ ਓਥੇ ਦੁੱਲਾ ਹੋਣਾ।' ਸਿਪਾਹੀ ਨੇ ਕੰਬਦੇ ਕਿਹਾ।

—ਜੀਭ ਸਾਂਭ ਆਪਣੀ। ਦੁੱਲਾ ਹੁਣ ਦੁੱਲਾ ਨਹੀਂ ਹੈਗਾ, ਉਹ ਤਾਂ ਮੋਇਆ ਸ਼ੇਰ ਈ ਘੜੀ ਪਲ ਨੂੰ।'

—ਠੀਕ ਏ ਹਜ਼ੂਰ।'

—ਇਹਤਿਆਤ ਵਰਤਣੀ ਏ। ਫੇਰ ਦੇਖਣਾ ਮਿਰਜ਼ੇ ਦੇ ਹੱਥ। ਮੈਂ ਤਾਂ ਗਜ਼ਨੀ ਦੇ ਬਾਦਸ਼ਾਹ ਨੂੰ ਲੋਹੇ ਦੇ ਚਨੇ ਚਬਾ ਆਇਆਂ, ਇਹ ਦੁੱਲਾ ਕੌਣ ਸੇ ਖੇਤ ਕੀ ਮੂਲੀ ਹੈ।'

ਤੇ ਨਿਜ਼ਾਮੁਦੀਨ ਬਾਜ਼ੀ ਪਲਟਣ ਦੀ ਆਸ ਵਿਚ, ਅੰਦਰੋਂ ਬਲਦਾ ਖਿੱਝਦਾ, ਫਿਰ ਦੁੱਲੇ ਹੋਰਾਂ ਦੀ ਢਾਣੀ ਵਿਚ ਆ ਬੈਠਾ।

****



ਸੂਰਜ ਤਾਂ ਅੱਜ ਵੀ ਆਮ ਵਾਂਗ ਹੀ ਚੜ੍ਹਿਆ ਸੀ। ਪਰਿੰਦੇ ਪਹਿਰ ਦੇ ਤੜਕੇ ਹੀ ਚੋਗ ਲਈ ਆਪਣੇ ਆਲ੍ਹਣੇ ਛੱਡ ਗਏ। ਹਵਾ ਵਿਚ ਅੱਜ ਠੰਡ ਕੁਝ ਵਧੇਰੇ ਸੀ। ਰੂੜੀਆਂ, ਘਾਹ ਅਤੇ ਝਾੜ ਬੂਟਿਆਂ ਉਪਰ ਕੋਰਾ ਜੰਮਿਆ ਹੋਇਆ ਸੀ। ਲੋਕ ਭੂਰਿਆਂ, ਖੇਸਾਂ ਅਤੇ ਦਸੂਤੀਆਂ ਦੀਆਂ ਬੁਕਲਾਂ ਮਾਰੀ, ਖੇਤਾਂ ਵੱਲ ਨਿਕਲ ਤੁਰੇ ਸਨ। ਪਿੰਡੀ ਦੀਆਂ ਗਲੀਆਂ ਵਿਚੋਂ ਲੋਥਾਂ ਭਾਵੇਂ ਰਾਤ ਨੂੰ ਹੀ ਚੁੱਕੀਆਂ ਗਈਆਂ ਸਨ, ਪਰ ਲਹੂ ਭਿੱਜੀ ਮਿੱਟੀ ਥਾਂ ਥਾਂ 'ਤੇ ਪਈ ਹੋਈ ਸੀ।

ਝਿੜੀ ਵਿਚ ਦੁੱਲੇ ਦੇ ਬੰਦੇ ਅੱਧੀ ਰਾਤ ਤੱਕ ਦੁੱਲੇ ਨੂੰ ਉਡੀਕਦੇ ਰਹੇ ਸਨ। ਠੰਢ ਤੋਂ ਬਚਾ ਲਈ ਉਹਨਾਂ ਅੱਗ ਬਾਲੀ ਹੋਈ ਸੀ। ਕੁਝ ਘਰਾਂ ਨੂੰ ਵੀ ਮੁੜ ਗਏ ਸਨ।

ਜਦ, ਦੁੱਲਾ, ਪਿਰਥਾ ਰੂੜਾ ਸਦੀਕ ਤੇ ਰਮਜ਼ਾ ਦਿਨ ਚੜ੍ਹਨ ਤੱਕ ਵੀ ਨਹੀਂ ਮੁੜੇ ਤਾਂ ਸਾਰਿਆਂ ਨੂੰ ਫ਼ਿਕਰ ਹੋਇਆ।

—ਦਾਅਵਤ ਏਡੀ ਲੰਮੀ ਖਿੱਚੀ ਗਈ ਏ ? ਕਿਤੇ ਨਸ਼ੇ ਵਿਚ ਤਾਂ ਨਹੀਂ ਪਏ ਮੂਧੇ ਮੂੰਹ ? ਆਓ ਪਤਾ ਕਰੀਏ—।' ਕਿਆਸ-ਅਰਾਈਆਂ ਲਾਉਂਦੇ ਫੱਤੂ ਨੂੰ ਨਾਲ ਲੈ ਕੇ ਚਾਲੀ ਪੰਜਾਹ ਜਣੇ, ਓਧਰ ਵੱਲ ਤੁਰ ਪਏ, ਜਿਧਰ ਮਿਰਜ਼ੇ ਦੀਆਂ ਫੌਜਾਂ ਦਾ ਪੜਾਅ ਕੀਤਾ ਹੋਇਆ ਸੀ।

ਉਥੇ ਪਹੁੰਚ ਕੇ ਸਾਰੇ ਹੈਰਾਨ ਸਨ। ਨਾ ਏਥੇ ਦੁੱਲਾ ਸੀ, ਨਾ ਉਹਦੇ ਯਾਰ ਬੇਲੀ। ਮਿਰਜ਼ਾ ਅਤੇ ਉਸਦੀ ਫੌਜ ਵੀ ਕਿਧਰੇ ਨਾ ਦਿਸੀ।

ਦੁੱਲੇ ਦੇ ਬੰਦਿਆਂ ਚੁਫੇਰੇ ਨਿਗਾਹ ਮਾਰੀ।

......ਨਿਜਾਮੁਦੀਨ ਦੇ ਬਹੁਤ ਘੋੜੇ ਅਤੇ ਸੈਨਿਕ ਲਹੂ ਵਿਚ ਲਿਬੜੇ ਇਧਰ ਉਧਰ ਪਏ ਸਨ। ਬੁਝ ਰਹੇ ਵੱਡੇ ਆਰਜ਼ੀ ਚੁਲ੍ਹਿਆਂ ਵਿਚੋਂ ਅਜੇ ਵੀ ਧੂੰਆਂ ਉੱਠ ਰਿਹਾ ਸੀ। ਪਾਣੀ ਦੇ ਮੱਟ ਟੇਢੇ ਹੋਏ ਪਏ ਸਨ। ਕੁਝ ਪਰ੍ਹੇ ਇਕ ਸਿਪਾਹੀ ਦੀ ਲੋਥ ਨੂੰ ਕੁੱਤੇ ਰਲਕੇ ਘੜੀਸੀ ਵੀ ਜਾ ਰਹੇ ਸਨ ਅਤੇ ਆਪਸ ਵਿਚ ਲੜ ਵੀ ਰਹੇ ਸਨ। ਥਾਂ ਥਾਂ ਘੋੜਿਆਂ ਦੀ ਲਿੱਦ ਖਿੱਲਰੀ ਪਈ ਸੀ। ਮੁਗਲ ਸਿਪਾਹੀਆਂ ਦੇ ਲਾਗੇ ਹੀ ਹਗਦੇ ਰਹਿਣ ਕਾਰਨ, ਤਿੱਖੀ ਬਦਬੂ ਫੈਲੀ ਹੋਈ ਸੀ। ਮਿਰਜ਼ਾ ਨਿਜਾਮੁਦੀਨ ਦਾ ਖ਼ੇਮਾ ਲੀਰੋ-ਲੀਰ ਹੋਇਆ, ਇਕ ਪਾਸੇ ਨੂੰ ਉਲਰਿਆ ਖੜ੍ਹਾ, ਮੁਗਲ ਫੌਜ ਦੀ ਹੋਈ ਦੁਰਦਸ਼ਾ ਬਿਆਨ ਕਰ ਰਿਹਾ ਸੀ। ਟੁੱਟੇ ਹੋਏ ਬਰਛੇ, ਤਲਵਾਰਾਂ, ਢਾਲਾਂ ਇਧਰ ਉਧਰ ਪਏ ਦਿਸਦੇ ਸਨ।

—ਕਿਧਰ ਗਏ ਹੋਏ.....?' ਫੱਤੂ ਦੇ ਚਿਹਰੇ ਉਪਰ ਫ਼ਿਕਰ ਸਾਫ਼ ਦਿੱਸਦਾ ਸੀ।

ਨਿਜਾਮੁਦੀਨ ਦੇ ਖ਼ੇਮੇ ਕੋਲ ਖੜ੍ਹੇ ਸਾਰੇ ਉਦਾਸ ਸਨ। ਖ਼ੇਮੇ ਅੰਦਰ ਸ਼ਰਾਬ ਪੀਣ ਵਾਲੇ ਪਿਆਲੇ ਟੇਢੇ ਹੋਏ ਪਏ ਸਨ। ਕੋਲ ਹੀ ਇਕ ਅੱਧੀ ਖਾਲੀ ਹੋਈ ਮਸ਼ਕ ਦਾ ਮੂੰਹ ਅਜੇ ਵੀ ਖੁਲ੍ਹਾ ਹੋਇਆ ਸੀ।

ਦੁੱਲੇ ਦੇ ਬੰਦੇ ਨੇ, ਇਕ ਪਾਸੇ ਪਈ ਤਲਵਾਰ ਫੁਰਤੀ ਨਾਲ ਚੁੱਕਦਿਆਂ ਪੁੱਛਿਆ—'ਆਹ ਭਲਾ ਦੁੱਲੇ ਭੱਟੀ ਦੀ ਤਲਵਾਰ ਏ ਨਾ ?'

ਫੱਤੂ ਨੇ ਝੱਟ ਪਛਾਣ ਲਈ। ਉਹ ਹੈਰਾਨ ਹੋਇਆ—' ਯਾ ਅੱਲਾਹ-ਤਾਅਲਾ, ਦੁੱਲਾ ਤਾਂ ਏਸਨੂੰ ਇਕ ਪਲ ਵੀ ਆਪਣੇ ਤੋਂ ਵੱਖ ਨਹੀਂ ਸੀ ਕਰਦਾ।'

—ਦੁੱਲਾ ਏਥੋਂ ਹਵੇਲੀ ਤਾਂ ਨਹੀਂ ਚਲਾ ਗਿਆ ?'

—ਕੀ ਪਤਾ ਲੱਗੇ ਹੁਣ।'

—ਤੇ ਮੁਗਲੇਟੇ ?' ਇਕ ਹੋਰ ਨੇ ਪੁੱਛਿਆ।

—ਉਹ ਲਾਹੌਰ ਵੱਲ ਤੋਰ ਦਿੱਤੇ ਹੋਣੇ ਨੇ।'

—ਪਰ ਨਿਜਾਮੁਦੀਨ ਦੀਆਂ ਤਾਂ ਮੁਸ਼ਕਾਂ ਬੰਨ੍ਹ ਲਈਆਂ ਸਨ ਤੇ ਦੁੱਲੇ ਆਖਿਆ ਸੀ, ਜਦ ਤੱਕ ਨੂਰਾ ਘਰ ਨਹੀਂ ਆਂਦਾ, ਇਹਨੂੰ ਝਿੜੀ 'ਚ ਬੰਨ੍ਹ ਛੱਡਣਾ।' ਫੱਤੂ ਘਬਰਾਇਆ ਹੋਇਆ, ਡਿੱਗੇ ਪਏ ਤੰਬੂ ਨੂੰ ਚੁੱਕ ਚੁੱਕ ਵੇਖਣ ਲੱਗਾ ਹੋਇਆ ਸੀ।

—ਚਲੋ ਹਵੇਲੀ ਚਲਨੇ ਆਂ।'

ਰਾਹ ਵਿਚ ਉਹਨਾਂ ਨੂੰ ਹਾਜੀ ਮੀਆਂ ਚਿਰਾਗ਼ਦੀਨ ਖੇਤਾਂ ਵਲੋਂ ਆਉਂਦਾ ਟੱਕਰ ਗਿਆ। ਸਾਰਿਆਂ ਨੇ ਸਲਾਮ ਆਖੀ।

—ਜੀਂਦੇ ਰਹੁ ਪੁੱਤਰੋ, ਤੁਸਾਂ ਪਿੰਡੀ ਦੀ ਲਾਜ ਰੱਖ ਵਖਾਈ ਊ।'

—ਹਾਜੀ ਬਾਬਾ, ਦੁੱਲਾ ਤੇ ਉਹਦੇ ਸਾਥੀ ਰਾਤੀਂ ਮੁੜੇ ਨਹੀਂ, ਘਰ ਪਤਾ ਕਰਨ ਚੱਲੇ ਆਂ।'

—ਪਤਾ ਲਓ ਪੁੱਤਰੋ। ਇਹਨਾਂ ਮੁਗਲੇਟਿਆਂ ਦਾ ਕਾਈ ਦੀਨ-ਧਰਮ ਨਹੀਂ ਹੁੰਦਾ। ਗਰਜ਼ ਵੇਲੇ ਤਾਂ ਇਹ ਥੁੱਕਿਆ ਵੀ ਚੱਟ ਲੈਂਦੇ ਨੇ। ਦੇਖਿਆ, ਲੜਾਈ ਵੇਲੇ ਕਿਵੇਂ ਠੱਗੀ ਮਾਰੀ ਸਾਈ। ਅੱਲਾਹ ਦੀ ਮਾਰ ਪਵੇ ਇਹਨਾਂ ਕਸਾਈਆਂ 'ਤੇ।' ਦੋਵੇਂ ਹੱਥ ਉੱਪਰ ਚੁੱਕ ਕੇ ਮੀਆਂ ਚਿਰਾਗ਼ਦੀਨ ਬਦ-ਦੁਆਵਾਂ ਦੇਣ ਲੱਗਾ।

ਸਾਰੇ ਜਣੇ ਹੋਰ ਵਧੇਰੇ ਚਿੰਤਤ ਹੋਏ ਦੁੱਲੇ ਦੀ ਹਵੇਲੀ ਵੱਲ ਵਗ ਤੁਰੇ।



## 47.

ਲਾਹੌਰ ਦੇ ਸ਼ਾਹੀ ਕਿਲ੍ਹੇ ਅੰਦਰ, ਬੰਦੀਖ਼ਾਨੇ ਦੇ ਬਾਹਰ ਸਖ਼ਤ ਪਹਿਰਾ ਲਾ ਦਿੱਤਾ ਗਿਆ। ਪਹਿਰੇਦਾਰ ਦੁੱਖੀ ਅਤੇ ਅੱਕ-ਥੱਕੇ ਖੜ੍ਹੇ ਸਨ। ਉਹਨਾਂ ਨੂੰ ਕਰੜੀਆਂ ਹਦਾਇਤਾਂ ਸਨ, ਜਦ ਤੱਕ ਕੋਈ ਹੋਰ ਹੁਕਮ ਨਹੀਂ ਮਿਲਦਾ, ਅੱਖ ਤੱਕ ਨਹੀਂ ਝਮਕਣੀ।

ਇਕ ਪਹਿਰੇਦਾਰ ਦੇ ਤਾਂ ਖੜ੍ਹਿਆਂ ਖੜ੍ਹਿਆਂ ਪੈਰ ਸੁੱਜ ਗਏ।

—ਸਾਨੂੰ ਏਥੇ ਬਲਦੀ ਦੇ ਬੁੱਥੇ ਕਿਉਂ ਦਿੱਤਾ ਈ?' ਇਕ ਪਹਿਰੇਦਾਰ, ਖਿੱਝਿਆ ਹੋਇਆ ਦੂਸਰਿਆਂ ਨੂੰ ਪੁੱਛਣ ਲੱਗਾ।

—ਤੇਰਾ ਨਾਂ ਕੀ ਏ?' ਦੂਸਰੇ ਪਹਿਰੇਦਾਰਾਂ ਵਿਚੋਂ ਇਕ ਨੇ ਪੁੱਛਿਆ।

—ਏਥੇ ਨਾਵਾਂ ਨੂੰ ਕੌਣ ਪੁੱਛਦਾ, ਭਾੜੇ ਦਾ ਟੱਟੂ ਆਖ ਲੈ।' ਇਕ ਹੋਰ ਬੋਲਿਆ।

—ਸਾਰੇ ਈ ਭਾੜੇ ਦੇ ਟੱਟੂ ਆਂ। ਉਂਜ ਮੇਰਾ ਨਾਂ, ਮਾਂ ਨੇ ਜਮਾਲਦੀਨ ਰੱਖਿਆ ਹੋਇਆ।'

—ਅੱਜ ਸ਼ਹਿਨਸ਼ਾਹ ਦੇ ਦਰਬਾਰੀ ਅਤੇ ਵੱਡੇ ਰੁਤਬਿਆਂ ਵਾਲੇ ਏਨੀਆਂ ਹਰਕਤਾਂ ਵਿਚ ਕਿਉਂ ਆਏ ਫਿਰਦੇ ਨੇ?' ਪਹਿਲੇ ਪਹਿਰੇਦਾਰ ਨੇ ਸੁੱਜੇ ਪੈਰਾਂ ਵਾਲੇ ਪਹਿਰੇਦਾਰ ਜਮਾਲਦੀਨ ਤੋਂ ਪੁੱਛਿਆ।

—ਸ਼ਹਿਨਸ਼ਾਹ ਕਸ਼ਮੀਰ ਤੋਂ ਪਰਤ ਆਇਆ ਹੋਣਾ।'

—ਸ਼ਹਿਨਸ਼ਾਹ ਤਾਂ ਅਜੇ ਰਾਹ ਵਿਚ ਈ ਏ। ਇਹ ਖੱਪ ਖ਼ਾਨਾ ਤੇ ਭੱਜ-ਦੌੜ ਤਾਂ ਅੱਧੀ ਰਾਤ ਤੋਂ ਲੱਗੀ ਹੋਈ ਏ।' ਤੀਸਰੇ ਪਹਿਰੇਦਾਰ ਨੇ ਦੱਸਿਆ।

—ਇਹ ਤਾਂ ਕੋਈ ਖ਼ਾਸ ਈ ਗੱਲ ਹੋਣੀ। ਇਕ ਤਾਂ ਇਹ ਚੌਧਰੀ, ਕੋਤਵਾਲ, ਬੜੇ ਚੰਦਰੇ ਨੇ, ਭੇਤ ਈ ਨਹੀਂ ਕੋਈ ਦੇਂਦੇ। ਹੁਣ ਅੰਦਰ ਭਾਵੇਂ ਕੋਈ ਕੈਦੀ ਹੋਵੇ ਤੇ ਭਾਵੇਂ ਨਾ ਹੋਵੇ, ਖੜ੍ਹੀ ਅੱਖ, ਖੜ੍ਹੀ ਲੱਤ ਪਹਿਰਾ ਦੇਣਾ ਪੈਣਾ ਈ। ਜੇ ਕੁਤਾਹੀ ਹੋ ਗਈ ਤਾਂ, 'ਘਾਣ ਬੱਚਾ ਕੋਹਲੂ।' ਆਖਦਿਆਂ ਜਮਾਲਦੀਨ ਨੇ ਆਪਣਾ ਹੱਥ ਇਉਂ ਘੁਮਾਇਆ, ਜਿਵੇਂ ਕੋਹਲੂ ਚਲਦਾ ਹੋਵੇ।

—ਜਮਾਲਦੀਨਾ ਅਗਲਿਆਂ ਸਾਹ ਵੀ ਨਹੀਂ ਕੱਢਣ ਦੇਣਾ।'

—ਓਹ ਜਣਿਆਂ, ਦੱਸ ਤਾਂ ਦੇਹ, ਹੋਇਆ ਕੀ ਏ, ਸਾਰਿਆਂ ਨੇ ਗੱਲਾਂ ਗੱਲਾਂ 'ਚ ਮੇਰਾ ਮੂਤਰ ਕੱਢ ਛੱਡਣੈ।'

—ਜਦ ਪਤਾ ਚੱਲ ਗਿਆ, ਅੰਦਰ ਕਿਹੜੀ ਬਲਾ ਕੈਦ ਈ, ਤੈਨੂੰ ਹਾਜਤ ਪੈ ਜਾਣੀ ਏ।'

ਸਾਰੇ ਭਾਵੇਂ ਦੁੱਖੀ ਸਨ, ਪਰ ਇਸ ਗੱਲ ਤੇ ਉਹ ਫਿੱਕਾ ਜਿਹਾ ਹੱਸ ਪਏ।

—ਦੱਸ ਤਾਂ ਸਹੀ, ਗੱਲ ਕੀ ਏ? ਕਿਉਂ ਤਰਾਹ ਪਿਆ ਕੱਢਨੈਂ। ਮੈਨੂੰ ਤਾਂ ਅੱਧੀਂ ਰਾਤੀਂ ਉਠਾਲ ਕੇ ਏਥੇ ਖੜ੍ਹਾ ਕਰ ਦਿੱਤਾ ਤੇ ਹੁਕਮ ਚਾੜ੍ਹਿਆ—'ਅੱਖ ਨਹੀਂ ਝਮਕਣੀ, ਨਹੀਂ ਤਾਂ.........।'

—ਨਹੀਂ ਤਾਂ ਘਾਣ ਬੱਚਾ ਕੋਹਲੂ।' ਆਖਦਿਆਂ ਜਮਾਲਦੀਨ ਨੇ ਫਿਰ ਹੱਸਣ ਦਾ ਯਤਨ ਕੀਤਾ, ਪਰ ਉਸਨੂੰ ਹਾਸਾ ਨਾ ਆਇਆ ਤੇ ਉਹ ਆਪਣੇ ਸੁੱਜੇ ਪੈਰਾਂ ਵੱਲ ਵੇਖਣ ਲੱਗਾ।

—ਆਹੋ ਸਾਡੇ ਨਾਲ ਇਵੇਂ ਹੋਣੀ ਏ। 'ਘਾਣ ਬੱਚਾ ਕੋਹਲੂ' ਤਾਂ ਅਸਾਂ ਲਈ ਏ, ਆਪ ਤਾਂ ਹਾਕਮ ਰੰਨਾਂ ਦੀ ਗੋਦ ਵਿਚ ਸੌਂ ਗਏ ਹੋਣੇ ਨੀ।'

—ਹਾਕਮਾਂ ਨੂੰ ਸੌਣ ਦਾ ਹੱਕ ਏ। ਗੱਲ ਈ ਏਦਾਂ ਦੀ ਹੋਈ ਏ।'

—ਬਾਂਦਰੀ ਨੇ ਮੁੰਡਾ ਜੰਮ ਦਿੱਤਾ ਈ ?'

—ਏਸਤੋਂ ਵੀ ਅੱਗੇ ਦੀ ਗੱਲ ਏ।

—ਰਾਵੀ ਪੁੱਠੀ ਵਗ ਤੁਰੀ ਏ ?'

—ਏਸਤੋਂ ਵੀ ਪਰ੍ਹੇ।'

—ਕਿਲ੍ਹੇਦਾਰ ਦੇ ਪੂਛਲ ਉੱਗ ਆਈ ਏ ?'

—ਏਸਤੋਂ ਵੀ ਪਰ੍ਹੇ।'

—ਮੇਰੇ ਸਬਰ ਨੂੰ ਤੌਖਲਾ ਨਾ ਲਾ ਜਣਿਆ, ਜੋ ਵੀ ਤੂੰ ਹੈਂ ਵੇਂ। ਬੁਝਾਰਤਾਂ ਨਾ ਪਾ, ਦੱਸ ਹੋਇਆ ਕੀ ਏ ?' ਜਮਾਲਦੀਨ ਖਿੱਝ ਗਿਆ।

—ਦੁੱਲਾ ਭੱਟੀ ਤੇ ਉਹਦੇ ਬੰਦੇ ਏਥੇ ਬੰਦੀਖ਼ਾਨੇ ਵਿਚ ਸੁੱਟੇ ਨੀ।'

—ਦੁੱਲਾ ਫੜੀਚ ਗਿਆ ?' ਜਮਾਲਦੀਨ ਦੀ ਲੇਰ ਨਿਕਲ ਗਈ।

—ਹੌਲੀ ਬੋਲ ਮਰਦੂਦਾ। ਏਥੇ ਉਹਦੇ ਬੰਦੇ ਭੇਸ ਬਦਲ ਕੇ ਫਿਰਦੇ ਹੋਏ ਫੇਰ ?'

—ਹਾਂ,......ਸਾਰਾ ਪਿੱਟਣਾ ਇਹ ਈ।' ਜਮਾਲਦੀਨ ਦੀਆਂ ਡਰ ਨਾਲ ਅੱਖਾਂ ਫੈਲ ਗਈਆਂ।

—ਏਸੇ ਲਈ ਤਾਂ ਹਾਕਮ ਆਖ ਗਏ ਨੀ, ਖੜ੍ਹੀ ਅੱਖ, ਖੜ੍ਹੀ ਲੱਤ ਪਹਿਰਾ ਦੇਣਾ ਈ, ਨਹੀਂ ਤਾਂ..... ।'

—ਘਾਣ ਬੱਚਾ ਕੋਹਲੂ।' ਜਮਾਲਦੀਨ ਕਾਹਲੀ ਨਾਲ ਬੋਲਿਆ।

ਸਾਰੇ ਪਹਿਰੇਦਾਰ ਫੇਰ ਉਖੜਿਆ ਜਿਹਾ ਹਾਸਾ ਹੱਸੇ।

—ਘਾਣ ਬੱਚਾ ਕੋਹਲੂ ਤਾਂ ਹੋਣਾ ਈ ਹੋਇਆ ਜਮਾਲਦੀਨਾ। ਰਾਹਕ ਹੋ ਕੇ ਮਾਰਨੇ ਧਾੜੇ ਤੇ ਮੱਥੇ ਲਾਵਣੇ ਬਾਦਸ਼ਾਹੀਆਂ ਨਾਲ।'

—ਬਾਦਸ਼ਾਹ ਦੀ ਬੋਲੀ ਬੋਲਦਾ ਪਿਐਂ ਬਦਬਖ਼ਤਾ। ਤੂੰ ਹੁਣ......।'

ਜਮਾਲਦੀਨ ਪਤਾ ਨਹੀਂ ਕੀ ਆਖਣ ਲੱਗਾ ਸੀ। ਨਿਜਾਮੁਦੀਨ ਆਪਣੇ ਖ਼ਾਸ ਹਿਫ਼ਾਜਤੀ ਦਸਤੇ ਨਾਲ ਬੰਦੀਖ਼ਾਨੇ ਵੱਲ ਆ ਨਿਕਲਿਆ। ਉਸਦੇ ਨਾਲ ਲਾਹੌਰ ਦਾ ਦੀਵਾਨ ਅਤੇ ਕੋਤਵਾਲ ਵੀ ਸਨ।

ਦੇਖਦਿਆਂ ਹੀ ਪਹਿਰੇਦਾਰਾਂ ਅੰਦਰਲੇ ਸਾਹ ਅੰਦਰ ਹੀ ਰੋਕ ਲਏ ਤੇ ਸਾਵਧਾਨ ਹੋ ਗਏ।

ਜਾਗਦੇ ਓ ਨਾਂ ਖੰਜੀਰੋ ?' ਨਿਜਾਮੁਦੀਨ ਦੇ ਮੂੰਹ ਵਿਚੋਂ ਜਿਵੇਂ ਅੱਗ ਨਿਕਲੀ।

—ਜਾਗਨੇ ਆਂ ਹਜ਼ੂਰ।' ਸਾਰੇ ਪਹਿਰੇਦਾਰ ਅੱਧੇ ਝੁਕ ਗਏ।'

—ਕੁਤਾਹੀ ਹੋ ਗਈ ਤਾਂ ਜਾਣਨੇ ਓਂ ਨਾਂ ?' ਨਿਜਾਮੁਦੀਨ ਘੁਰਕਿਆ।

—ਜਾਣਨੇ ਆਂ ਹਜ਼ੂਰ।' ਪਹਿਰੇਦਾਰ ਫੇਰ ਝੁਕ ਗਏ।



—ਮਿਰਜ਼ਾ ਸਾਹਬ।' ਕੋਤਵਾਲ ਨਿਜਾਮੁਦੀਨ ਨੂੰ ਇਸ਼ਾਰੇ ਨਾਲ ਇਕ ਪਾਸੇ ਲੈ ਗਿਆ।

—ਜਨਾਬੇ ਅਲੀ ਗੱਲ ਇਹ ਵੇ, ਦੁੱਲੇ ਨੂੰ ਬਹੁਤੀ ਦੇਰ ਬੰਦੀਖ਼ਾਨੇ ਵਿਚ ਰੱਖਣਾ ਠੀਕ ਨਹੀਂ।' ਕੋਤਵਾਲ ਨੇ ਧੀਮੀ ਸੁਰ ਵਿਚ ਕਿਹਾ।

—ਹੁਣ ਤਾਂ ਉਹ ਸੰਗਲਾਂ ਨਾਲ ਨੂੜਿਆ ਹੋਇਆ ਏ, ਫੇਰ ਵੀ ਡਰਨਾ ਏਂ ?' ਮਿਰਜ਼ੇ ਦੇ ਬੋਲਾਂ ਵਿਚ ਹੰਕਾਰ ਸੀ।

—ਤੁਸੀਂ ਬੇਹਤਰ ਜਾਣਨੇ ਓਂ। ਉਂਜ ਇਹ ਗਰੋਹ ਬੜਾ ਅੱਖੜ ਈ। ਇਹਨਾਂ ਦਾ ਦਾਅ ਪੈ ਗਿਆ, ਕੀ ਪਤਾ ਕਦ ਬੰਦੀਖਾਨੇ 'ਚੋਂ ਫਰਾਰ ਹੋ ਜਾਣ।'

—ਕੀ ਆਖਣਾ ਚਾਹੁੰਨਾ ਏਂ ?' ਨਿਜਾਮੁਦੀਨ ਕੋਤਵਾਲ ਦੀਆਂ ਅੱਖਾਂ ਵਿਚ ਝਾਕਿਆ।

—ਸ਼ਾਮਾਂ ਪੈਣ ਤੋਂ ਪਹਿਲਾਂ, ਫਰਦ-ਜੁਰਮ ਲਾਕੇ, ਕਾਜ਼ੀ ਹੋਰਾਂ ਪਾਸੋਂ ਫੈਸਲਾ ਲਓ।'

—ਸ਼ਹਿਨਸ਼ਾਹ ਲਾਹੌਰ ਵਿਚ ਨਹੀਂ ਏ।'

—ਤਾਂ ਕੀ ਹੋਇਆ ?'

—ਦੀਵਾਨ ਆਖਦਾ ਏ, ਸ਼ਹਿਨਸ਼ਾਹ ਬਾਝੋਂ ਫੈਸਲਾ ਲੈਣਾ ਤੇ ਫਿਰ ਤਾਮੀਲ ਕਰਨਾ ਮੁਨਾਸਬ ਨਹੀਂ ਹੈ। ਇਕ ਦਿਨ ਦੀ ਗੱਲ ਏ। ਸ਼ਹਿਨਸ਼ਾਹ ਰਸਤੇ ਵਿਚ ਏ। ਕੱਲ੍ਹ ਪੁੱਜ ਜਾਣਾ।'

—ਦੀਵਾਨ ਆਪਣੀ ਥਾਂ ਸਹੀ ਏ। ਪਰ ਆਪ ਦੁੱਲੇ ਭੱਟੀ ਨੂੰ ਨਹੀਂ ਜਾਣਦੇ। ਪਤਾ ਨਹੀਂ ਇਹ ਕਿਹੜੀ ਮਿੱਟੀ ਦਾ ਬਣਿਆ ਹੋਇਆ ਏ। ਦੇਹ ਵੇਖੀ ਜੇ ਨਾ..... ?'

—ਹਾਂ ਵੇਖਿਆ ਏ। ਮੈਂ ਹੀ ਲੈ ਕੇ ਆਇਆ ਸੰਗਲਾਂ ਨਾਲ ਨਰੜ ਕੇ। ਘੋੜਿਆਂ ਦੇ ਪਿੱਛੇ ਬੰਨ੍ਹ ਕੇ।' ਮਿਰਜ਼ੇ ਨੇ ਘ੍ਰਿਣਾ ਨਾਲ ਕਿਹਾ।

—ਇਕ ਵਾਰ ਦੀਵਾਨ ਬਹਾਦਰ ਨੂੰ ਵੀ ਵਿਖਾ ਲਉ। ਦੋ ਗਜ਼ ਤੋਂ ਵੀ ਲੰਮਾ ਗੱਭਰੂ ਸੰਗਲਾਂ 'ਚ ਨੂੜਿਆ ਵੀ, ਬੰਦੀਖ਼ਾਨੇ ਵਿਚ ਕਿਵੇਂ ਸ਼ੇਰ ਵਾਂਗ ਬੁਕਦਾ ਏ।'

—ਹੁਣ ਓਹਦੀ ਦਹਾੜ ਮਰ ਗਈ ਏ ਕੋਤਵਾਲ ਸਾਹਬ।'

—ਸਿਪਾਹ-ਸਾਲਾਰ ਸਾਹਬ, ਤੁਸਾਂ ਫਿਰ ਦੁੱਲੇ ਨੂੰ ਸਮਝਿਆ ਹੀ ਨਹੀਂ। ਮੈਂ ਜਾਣਨਾ, ਉਹ ਮੁਗਲ-ਸੱਤਾ ਦੀਆਂ ਅੱਖਾਂ ਵਿਚ ਰਾਵੀ ਦੀ ਰੇਤ ਵਾਂਗ ਰੜਕਦਾ ਏ ਤੇ ਸ਼ਹਿਨਸ਼ਾਹ ਦੀ ਸਰਦਾਰੀ ਕਬੂਲਣ ਤੋਂ ਨਾਬਰ ਏ। ਪਰ ਉਹ.........।'

—ਕੋਤਵਾਲ, ਜਿੰਨੀ ਕੁ ਦੁਨੀਆਂ ਮੈਂ ਵੇਖੀ ਏ ਤੇ ਜੰਗਾਂ ਲੜੀਆਂ ਨੀ, ਏਨਾ ਕੁ ਤਾਂ ਸਮਝਨਾ ਜਿਹੜਾ ਸਖ਼ਸ਼ ਸ਼ਹਿਨਸ਼ਾਹ ਦੀ ਪਰਵਾਹ ਨਹੀਂ ਕਰਦਾ, ਉਸਦੇ ਦਸਤੂਰ-ਕਾਨੂੰਨ ਨੂੰ ਨਹੀਂ ਮੰਨਦਾ। ਉਸਨੂੰ ਨਿਜਾਮ ਦੇ ਅਸੂਲਾਂ ਦੀ ਪਰਵਾਹ ਨਹੀਂ, ਉਹ ਮਮੂਲੀ ਤਾਂ ਨਹੀਂ ਹੋ ਸਕਦਾ। ਇਕ ਵਾਰ ਤਾਂ ਉਸਨੇ ਮੇਰੇ ਜਿਹੇ ਸਿਪਾਹ-ਸਾਲਾਰ ਨੂੰ ਵੀ ਵਖ਼ਤ ਪਾ ਦਿੱਤਾ ਸੀ।'

—ਕੋਈ ਖ਼ਾਸ ਗੱਲ ਏ ?' ਦੀਵਾਨ ਪੁੱਛਦਾ ਹੋਇਆ ਉਹਨਾਂ ਵੱਲ ਆਇਆ।

—ਏਡੀ ਵੀ ਕੋਈ ਖ਼ਾਸ ਨਹੀਂ।' ਕਹਿੰਦਿਆਂ ਕੋਤਵਾਲ ਹੱਸਿਆ।

—ਦੀਵਾਨ ਸਾਹਬ, ਕੋਤਵਾਲ ਆਖਦਾ ਪਿਐ। ਸ਼ਹਿਨਸ਼ਾਹ ਨੂੰ ਉਡੀਕਣ ਦੀ ਕੋਈ ਲੋੜ ਨਹੀਂ। ਦੁੱਲੇ ਨੂੰ ਤੁਰੰਤ..... ।'

—ਕੋਤਵਾਲ ਤਾਂ ਇਹ ਵੀ ਆਖ ਸਕਦਾ ਏ, ਸ਼ਹਿਨਸ਼ਾਹ ਦੀ ਵੀ ਕੋਈ ਲੋੜ ਨਹੀਂ। ਏਨੀ ਲਿਆਕਤ ਤਾਂ ਹੈ ਇਹਦੇ ਵਿਚ। ਹਕੂਮਤ ਸੰਭਾਲ ਸਕਦਾ ਏ।'

—ਦੀਵਾਨ ਸਾਹਬ ਮੇਰੀ ਹੱਤਕ ਕਰ ਰਹੇ। ਨੇ।' ਕੋਤਵਾਲ ਵੱਟ ਖਾ ਗਿਆ।

—ਮੈਂ ਆਪ ਦੀ ਵਡਿਆਈ ਕਰ ਰਿਹਾ ਕੋਤਵਾਲ ਸਾਹਬ। ਵਡਿਆਈ ਤਾਂ ਮੈਨੂੰ

ਸਿਪਾਹ-ਸਾਲਾਰ ਦੀ ਵੀ ਕਰਨੀ ਬਣਦੀ ਏ, ਜਿਹੜੇ ਹਾਲਾਤਾਂ ਵਿਚ ਇਹ ਦੁੱਲੇ ਭੱਟੀ ਔਰ ਉਸਦੇ ਸਾਥੀਆਂ ਨੂੰ ਪਕੜ ਲਿਆਏ।' ਦੀਵਾਨ ਸਾਹਬ ਮਿਰਜ਼ੇ ਵੱਲ ਭੇਦ-ਭਰਿਆ ਝਾਕਿਆ।

—ਦੀਵਾਨ ਸਾਹਬ ਆਪ ਨੂੰ ਮੇਰੀ ਬਹਾਦਰੀ ਉਪਰ ਸ਼ੱਕ ਏ ?'

ਦੀਵਾਨ ਸਿਰਫ ਹੱਸਿਆ, ਫਿਰ ਉਸਨੇ ਆਖਿਆ—'ਸਾਨੂੰ ਸ਼ਹਿਨਸ਼ਾਹ ਦੀ ਉਡੀਕ ਕਰ ਲੈਣੀ ਚਾਹੀਦੀ ਏ। ਚਲੋ, ਸੂਬੇਦਾਰ ਬਹਾਦਰ ਪਾਸੋਂ ਸਲਾਹ ਲੈਂਦੇ ਆਂ।'

ਤੁਰਨ ਲੱਗਿਆਂ, ਨਿਜਾਮੁਦੀਨ ਨੇ ਪਹਿਰੇਦਾਰਾਂ ਉਪਰ ਫਿਰ ਰੋਹਬ ਪਾਇਆ:

—ਜਾਗਦੇ ਰਹਿਣਾ ਈ, ਖਬਰਦਾਰ ਰਹਿਣਾ ਈ, ਨਹੀਂ ਤਾਂ ਕੋੜਿਆ ਨਾਲ ਚਮੜੀ ਉਤਰਵਾ ਦਿਆਂਗਾ।'

ਦੀਵਾਨ ਸਾਹਬ, ਮਿਰਜ਼ਾ, ਕੋਤਵਾਲ ਅਤੇ ਉਹਨਾਂ ਦਾ ਹਿਫ਼ਾਜ਼ਤੀ ਦਸਤਾ ਮੁੜ ਪਏ। ਕੋਤਵਾਲ ਨੇ ਫਿਰ ਆਖਿਆ—'ਕਾਜ਼ੀ ਸਾਹਬ ਨੂੰ ਬੁਲਾ ਘੱਤੋ। ਉਸਦੇ ਪਾਸ ਵੀ ਕੋਈ ਮਨਸੂਬਾ ਹੋਣਾ ਈ। ਦੁੱਲਾ ਭੱਟੀ ਜਦ ਤੱਕ ਜੀਂਦਾ ਏ, ਇਹ ਸਾਡੀਆਂ ਤਰੱਕੀਆਂ ਦਾ ਸ਼ਰੀਕ ਏ। ਇਸ ਰੋੜੇ ਨੂੰ ਰਾਹ ਵਿਚੋਂ ਹਟਾਣਾ ਪੈਣਾ ਈ ਜਨਾਬ।'

ਕੋਤਵਾਲ ਦੀ ਗੱਲ ਦਾ ਕਿਸੇ ਜਵਾਬ ਨਹੀਂ ਦਿੱਤਾ।

—ਮੈਂ ਸੂਬਾ ਲਾਹੌਰ ਨਾਲ ਗੱਲ ਕਰ ਲਵਾਂ।' ਆਖ ਕੇ ਦੀਵਾਨ ਉਹਨਾਂ ਤੋਂ ਵੱਖ ਹੋਕੇ ਤੁਰ ਗਿਆ।

* * * *

ਦੁੱਲੇ ਨੂੰ ਸੁਰਤ ਆਈ ਤਾਂ ਆਪਣੇ ਆਪ ਨੂੰ ਸੰਗਲਾਂ ਵਿਚ ਬੱਧਾ ਤੇ ਬੰਦੀਖ਼ਾਨੇ ਵਿਚ ਸੁਟਿਆ ਵੇਖ ਕੇ ਦਹਾੜਿਆ—'ਧੋਖਾ ਕੀਤਾ ਈ ਕਮੀਨਿਆਂ, ਭਰਾ ਬਣ ਕੇ ਭਰਾ ਮਾਰ ਕੀਤੀ ਊ।' ਉਹ ਛਟਪਟਾਇਆ। ਲੱਤਾਂ ਬਾਹਾਂ ਮਾਰਨ ਦਾ ਯਤਨ ਕੀਤਾ। ਹੋਰ ਜ਼ਖ਼ਮੀ ਹੋ ਗਿਆ। ਗੁੱਸੇ ਅਤੇ ਰੋਹ ਵਿਚ ਸੰਗਲਾਂ ਨੂੰ ਚੱਕ ਮਾਰੇ। ਪੈਰ ਪਟਕੇ। ਦੰਦਾਂ ਵਿਚੋਂ ਲਹੂ ਨਿਕਲ ਆਇਆ। ਗਿੱਟਿਆਂ ਉਪਰ ਵੀ ਲਹੂ ਸਿੰਮਿਆ। ਬੇਬਸ ਹੋਇਆ, ਉਹ ਰੋਣਹਾਕਾ ਹੋ ਗਿਆ।

.....ਮਾਂ ਪਤਾ ਨਹੀਂ ਤੂੰ ਕਿਥੇ ਹੋਵੇਂਗੀ। ਮੈਂ ਤੈਨੂੰ ਆਖਿਆ ਸੀ ਮਾਂ, ਇਹ ਦੋ ਜੀਭਾਂ ਵਾਲੇ ਸੱਪ ਨੇ। ਇਹਨਾਂ ਕਦੀ ਨਾ ਕਿਸੇ ਦਾ ਪੁੱਤਰ ਬਣਨਾ, ਨਾ ਕਿਸੇ ਦਾ ਮਿੱਤਰ ਬਣਨਾ। ਮੈਨੂੰ ਏਹਦੀ ਸਿਰੀ ਫੇਹ ਲੈਣ ਦੇਂਦੀ। ਤੂੰ ਆਖਦੀ ਰਹੀ, ਇਹਨੂੰ ਪੈਰੀਂ ਡਿੱਗੇ ਨੂੰ ਨਾ ਮਾਰ। ਹੁਣ ਏਸ ਕੁੱਤੇ ਨੇ ਮੈਨੂੰ ਧੋਖੇ ਨਾਲ ਸੱਪਾਂ ਭਰੇ ਖੂਹ ਵਿਚ ਸੁੱਟ ਦਿੱਤਾ। ਪਤਾ ਨਹੀਂ ਮੇਰੇ ਬੇਲੀ ਕਿਥੇ ਹੋਣਗੇ। ਉਹ ਕਿਸੇ ਹੋਰ ਕੋਠੜੀ ਵਿਚ ਸੰਗਲਾਂ ਨਾਲ ਜਕੜੇ ਪਏ ਹੋਣਗੇ। ਤੂੰ ਏਸੇ ਖੰਜੀਰ ਦੀ ਪਛਾਣ ਨਹੀਓਂ ਕੀਤੀ ਮਾਂ। ਤੇਰਾ ਦੁੱਲਾ ਤਾਂ ਆਪਣੇ ਸਿਰ ਚੜ੍ਹੇ ਕਰਜ਼ੇ ਲਾਂਹਦਾ ਈ ਠੱਗਿਆ ਗਿਆ। ਭੁਗਤਣਾ ਵੀ ਹੁਣ ਮੈਨੂੰ ਈ ਪੈਣਾ ਏ। ਬਾਜ਼ੀ ਪੁੱਠੀ ਪਾ ਦਿੱਤੀ ਊ ਮਾਂ। ਦੁੱਲਾ ਤਾਂ ਸ਼ਹਿ ਦੇ ਕੇ ਵੀ ਮਾਤ ਖਾ ਗਿਆ। ਤੂੰ ਵੱਡਾ ਜੂਆ ਖੇਡ ਬੈਠੀ ਏ ਮਾਂ। ਤੂੰ ਆਪਣੇ ਹੱਥੀਂ ਅਸਾਂ ਨੂੰ ਮੁਗਲਾਂ ਦੀ ਝੋਲੀ ਪਾ ਦਿੱਤਾ ਈ ਮਾਂ। ਅਸੀਂ ਜੀਂਦੇ ਜੀ ਏਹਨਾਂ ਦੇ ਹੱਥ ਨਹੀਂ ਸੀ ਆਵਣਾ। ਮੈਦਾਨ ਵਿਚ ਤਾਂ ਅਸੀਂ ਇਹਨਾਂ ਦੇ ਘੋੜਿਆਂ, ਹਾਥੀਆਂ, ਤੋਪਾਂ ਦੀ ਪਰਵਾਹ ਨਹੀਂ ਸੀ ਕੀਤੀ। ਮਾਂ ਇਹ ਸੱਪ ਤੇਰੇ ਪੈਰੀਂ ਆ ਡਿੱਗਾ ਸੀ। ਤੂੰ ਤਾਂ ਮੈਨੂੰ ਉਜੜੀ ਪਿੰਡੀ ਦਾ ਮੁੱਲ ਵੀ ਨਾ ਵਸੂਲਣ ਦਿੱਤਾ। ਇਹਨਾਂ ਕੁੱਤਿਆਂ, ਸਾਡੀਆਂ ਹਵੇਲੀਆਂ ਸਾਡੇ ਘਰ, ਸਾਡੇ ਮਾੜੀਆਂ ਥੇਹ ਕਰ ਛੱਡੀਆਂ। ਸਾਡੀਆਂ ਫਸਲਾਂ ਸੜ-ਸੁੱਕ ਜਾਣੀਆਂ। ਭੋਏਂ ਬੰਜਰ ਹੋ ਜਾਣੀ.....। ਪਿੰਡੀ



ਤਾਂ ਵੈਣ ਪਾਂਦੀ ਪਈ ਹੋਣੀ ਏ। ਚੰਗਾ ਹੁੰਦਾ ਤੇਰੇ ਪੈਰੀਂ ਡਿੱਗੇ ਮਰਦੂਦ ਦਾ ਸਿਰ ਲਾਹ ਦੇਂਦਾ। ਐਵੇਂ ਤੇਰੇ ਦੁੱਧ ਦਾ ਕਰਜ਼ ਲਾਂਹਦਾ ਰਿਹਾ।......ਅਸੀਂ ਤਾਂ ਆਪਣੀਆਂ ਬਣੀਆਂ ਨਬੇੜ ਲੈਣੀਆਂ ਨੀ। ਦੁੱਲੇ ਦਾ ਸਿਰ ਕਦੀ ਨਹੀਂ ਸੀ ਨਿਵਿਆ ਮਾਂ। ਹੁਣ ਤਾਂ ਦੁੱਲੇ ਦੇ ਮੋਢਿਆਂ ਉਪਰ ਸਿਰ ਹੀ ਨਹੀਂ ਰਿਹਾ।.....ਦੁੱਲਾ ਫੇਰ ਛਟਪਟਾਇਆ, ਸੰਗਲ ਖਿੱਚੇ, ਖੜਕਾਏ। ਗਿੱਟੇ ਜ਼ਖ਼ਮੀ ਕਰ ਲਏ..... ਲਲਕਾਰਿਆ ਤੇ ਦਾਹੜੀ ਮਾਰੀ...... ।'

—ਇਕ ਵਾਰ ਖੋਹਲ ਕੇ ਤਾਂ ਵੇਖ ਕੁੱਤੇ ਦਿਆ ਤੁਖ਼ਮਾ। ਧੋਖੇਬਾਜ਼ਾ, ਪਲ ਪਲ ਚੋਲਾ ਬਦਨ ਵਾਲਿਆ ਖਬੀਸਾ.....।' ਲੱਤਾਂ, ਬਾਹਾਂ ਤੁੜਾਉਂਦਾ ਦੁੱਲਾ, ਖੱਸੀ ਕਰਨ ਲਈ ਬੱਧੇ ਸਾਂਢ ਵਾਂਗ ਅੜਿੰਗਿਆ।

ਪਹਿਰੇਦਾਰ ਡਰਦੇ ਡਰਦੇ ਕੋਠੜੀ ਦੇ ਦਰਵਾਜ਼ੇ ਵੱਲ ਆਏ।

—ਅਸਾਂ 'ਤੇ ਰਹਿਮ ਕਰ ਭਰਾਵਾ। ਅਸਾਂ ਨੌਕਰੀਆਂ ਵੀ ਕਰਨੀਆਂ। ਬੰਦੀਖ਼ਾਨੇ ਵਿਚ ਬੋਲਣ ਦੀ ਮਨਾਹੀ ਏ।'

—ਉਹ ਆਪਣੀ ਧੀ ਦਾ ਖ਼ਸਮ ਥੁੱਕ ਕੇ ਚੱਟਣ ਵਾਲਾ ਸੂਅਰ ਮਿਰਜ਼ਾ ਕਿਥੇ ਈ ?' ਦੁੱਲੇ ਨੇ ਸੰਗਲ ਖੜਕਾਉਂਦਿਆਂ ਪੁੱਛਿਆ।

—ਉਦੋਂ ਹੀ ਬੰਦੀਖ਼ਾਨੇ ਵੱਲ ਕੁਝ ਦਰਬਾਰੀ ਆਉਂਦੇ ਦਿਸੇ। ਪਹਿਰੇਦਾਰ ਫੁਰਤੀ ਨਾਲ ਪਿਛਾਂਹ ਹੱਟ ਕੇ, ਹੁਸ਼ਿਆਰ ਹੋਕੇ, ਪਹਿਰੇ ਉਪਰ ਡਟ ਗਏ।

## 48.

ਸ਼ਾਹੀ ਕਿਲ੍ਹੇ ਦੇ ਬਾਹਰ, ਰਾਵੀ ਦੇ ਕੰਢੇ 'ਤੇ ਸ਼ਾਹ ਹੁਸੈਨ, ਉਹਦਾ ਮੁਰੀਦ ਮਾਧੋ ਲਾਲ ਅਤੇ ਹੋਰ ਉਹੋ ਜਿਹੇ ਫ਼ੱਕਰ ਲੋਕ ਵਜਦ ਵਿਚ ਆਏ ਨੱਚਣ ਲੱਗੇ ਹੋਏ ਸਨ। ਉਹਨਾਂ ਦੁਆਲੇ ਆਉਣ ਜਾਣ ਵਾਲਿਆਂ ਦੀ ਭੀੜ ਜੁੜ ਰਹੀ ਸੀ।

ਮੈਨੂੰ ਅੰਬੜੀ ਜੋ ਆਖਦੀ ਕੱਤ ਨੀ,
ਮੈਨੂੰ ਭੋਲੀ ਜੋ ਆਖਦੀ ਕੱਤ ਨੀ,
...........
...........
ਮੈਂ ਪੱਛੀ ਨੂੰ ਮਾਰਾਂ ਲੱਤ ਨੀਂ,
ਮੈਂ ਪੱਛੀ ਨੂੰ ਮਾਰਾਂ ਲੱਤ ਨੀ.......

ਆਵਾਜ਼ ਕੰਧਾਂ ਤੋਂ ਪਾਰ ਕਿਲ੍ਹੇ ਦੇ ਅੰਦਰ ਤੱਕ ਸੁਣਦੀ ਸੀ।

—ਓ ਜਣਿਆਂ।' ਦੁੱਲੇ ਨੇ ਦਰਵਾਜ਼ੇ ਦੇ ਲਾਗੇ ਆਣਕੇ ਪਹਿਰੇਦਾਰ ਨੂੰ ਹਾਕ ਮਾਰੀ।

ਪਹਿਰੇਦਾਰ ਡਰ ਗਿਆ। ਇਧਰ ਉਧਰ ਦੇਖਦਿਆਂ ਫੁਸਫਸਾਇਆ—'ਕਿਉਂ ਮੇਰੇ ਕੋੜੇ ਵੱਜਣ ਦਾ ਸਬੱਬ ਬਣਨਾ ਏਂ ? ਬੰਦੀਖ਼ਾਨੇ ਵਾਲਿਆਂ ਨਾਲ ਪਹਿਰੇਦਾਰਾਂ ਨੂੰ ਬੋਲਣ ਦੀ ਮਨਾਹੀ ਏ।'

—ਬਾਹਰ ਸਾਈਂ ਫਿਰਦਾ ਏ, ਉਹਨੂੰ ਏਧਰ ਬੁਲਾ ਸਕਨਾ ਏਂ ?'

—ਕਿਉਂ ਮੇਰਾ ਘਾਣ ਬੱਚਾ ਕੋਹਲੂ ਕਰਾਣਾ ਈ। ਸ਼ਹਿਰ ਵਿਚ ਮਨਾਦੀ ਹੁੰਦੀ ਪਈ ਏ ਬਾਦਸ਼ਾਹ ਵਲੋਂ, ਜਿਹੜਾ ਵੀ ਕੋਈ ਦੁੱਲੇ ਨੂੰ ਵੇਖਣ ਆਏਗਾ, ਉਸਨੂੰ ਵੀ ਬੰਦੀਖ਼ਾਨੇ ਸੁੱਟ ਦੇਣਾ ਈ।' ਆਖ ਕੇ ਪਹਿਰੇਦਾਰ ਜਮਾਲਦੀਨ ਪਰ੍ਹਾਂ ਹੋ ਗਿਆ। ਉਸਨੇ ਦੂਸਰੇ ਪਹਿਰੇਦਾਰਾਂ ਨੂੰ ਇਸ਼ਾਰੇ ਨਾਲ ਆਪਣੇ ਕੋਲ ਬੁਲਾਇਆ—'ਇਹ ਦੁੱਲਾ ਗੱਲਾਂ ਕਰਨੋਂ ਬਾਜ਼ ਨਹੀਂ ਆਂਦਾ। ਜੇ ਕਿਸੇ ਵੇਖ ਲਿਆ ਤਾਂ....।'

—ਘਾਣ ਬੱਚਾ ਕੋਹਲੂ।' ਦੂਸਰਿਆਂ ਨੇ ਜਮਾਲਦੀਨ ਨੂੰ ਛੇੜਿਆ।

ਦੁੱਲਾ ਲਾਚਾਰ ਦਰਵਾਜ਼ੇ ਦੀਆਂ ਸੀਖਾਂ ਫੜਕੇ ਖਿੱਚਣ ਲਗਾ, ਝੰਜੋੜਨ ਲੱਗਾ। ਉੱਚੀ ਉੱਚੀ ਬੋਲਣ ਲੱਗਾ। ਕਦੇ ਅਕਬਰ ਨੂੰ, ਕਦੇ ਨਿਜਾਮੁਦੀਨ ਨੂੰ ਗਾਲ੍ਹਾਂ ਦੇਣ ਲੱਗਾ।

ਸਾਈਂ ਅਜੇ ਵੀ ਕਿਲ੍ਹੇ ਦੀਆਂ ਕੰਧਾਂ ਤੋਂ ਪਾਰ ਨੱਚੀ ਜਾ ਰਿਹਾ ਸੀ।

* * * *

ਕੋਤਵਾਲ ਆਪਣੇ ਸਿਪਾਹੀਆਂ ਨਾਲ ਸ਼ਹਿਰ ਵੱਲੋਂ ਕਿਲ੍ਹੇ ਵੱਲ ਆ ਰਿਹਾ ਸੀ। ਰਾਵੀ ਕੰਢੇ ਭੀੜ ਵੇਖਕੇ ਤੇ ਫਿਰ ਨੇੜੇ ਆਉਣ ਤੇ ਸਾਈਂ ਹੁਸੈਨ ਨੂੰ ਵੇਖ ਕੇ ਉਸਨੇ ਦਬਕਾ ਮਾਰਿਆ;



—ਏ ਸਾਂਈਂ ਮੀਆਂ, ਨੱਠ ਜਾ ਏਧਰੋਂ, ਸ਼ਹਿਨਸ਼ਾਹ ਦੀ ਸਵਾਰੀ ਆਣ ਵਾਲੀ ਏ।'

ਸ਼ਾਹ ਹੁਸੈਨ ਇਕ ਪਲ ਰੁਕਿਆ। ਕੋਤਵਾਲ ਵੱਲ ਝਾਕਿਆ, ਫਿਰ ਮਸਤ ਹੋਕੇ ਗਾਉਣ ਲੱਗਾ;

ਵੱਡੇ ਉੱਚੇ ਮਹਿਲ ਉਸਾਰਿਓ,
ਗੋਰ ਨਿਮਾਣੀ ਘਰੁ ਵੋ,
ਇਥੇ ਰਹਿਣਾ ਨਾਹੀ,
ਕੋਈ ਬਾਤ ਚੱਲਣ ਦੀ ਕਰ ਵੋ.....ਏਥੇ ਰਹਿਣਾ ਨਾਹੀਂ.......

—ਸਾਂਈਂ ਮੈਂ ਆਖਿਆ ਈ ਨੱਠ ਜਾ ਏਧਰੋਂ।' ਕੋਤਵਾਲ ਨੇ ਸ਼ਾਹ ਹੁਸੈਨ ਦੀ ਬਾਂਹ ਫੜਕੇ ਝਟਕਾ ਦਿੱਤਾ।

ਸ਼ਾਹ ਹੁਸੈਨ ਰੁਕ ਗਿਆ—'ਤੂੰ ਬਾਦਸ਼ਾਹ ਦਾ ਮੋਹਰਾ ਵੇਂ, ਮੈਂ ਅੱਲਾਹ ਦਾ ਮੋਹਰਾ ਵਾਂ। ਤੈਨੂੰ ਬਾਦਸ਼ਾਹ ਹੁਕਮ ਕਰਦਾ ਏ, ਬੰਦੇ ਫੜ ਕੇ ਕਬਰੀਂ ਪਾ। ਮੈਨੂੰ ਅੱਲਾਹ ਹੁਕਮ ਕਰਦਾ ਏ, ਨੱਚ ਤੇ ਸੁੱਤਿਆਂ ਨੂੰ ਜਗਾ।'

—ਤੇ ਮੈਨੂੰ ਹੁਕਮ ਈ ਬਾਦਸ਼ਾਹ ਦਾ, ਸੁੱਤਿਆਂ ਨੂੰ ਜਗਾਂਵਦੇ ਪਏ ਨੇ ਜਿਹੜੇ, ਉਹਨਾਂ ਨੂੰ ਬੰਦੀਖ਼ਾਨੇ ਪਾ।' ਆਖਦਿਆਂ ਕੋਤਵਾਲ ਨੇ ਸ਼ਾਹ ਹੁਸੈਨ ਦੀ ਬਾਂਹ ਨੂੰ ਹੋਰ ਮਰੋੜਾ ਦਿੱਤਾ। —'ਤੈਨੂੰ ਇਲਮ ਈ ਅੰਦਰ ਕੌਣ ਬੰਦਾ ਡੱਕਿਆ ਏ ?'

—ਦਰਵੇਸ਼ਾਂ ਨੂੰ ਤਸੀਹੇ ਦੇਣਿਆਂ, ਕਿਥੇ ਭਰੇਂਗਾ ?'

—ਜਦ ਉਹ ਵੇਲਾ ਆਇਆ, ਦੇਖਾਂਗੇ।'

—ਕੋਈ ਵੱਡਾ ਬੰਦਾ ਫੜ ਲਿਆ ਈ— ?'

—ਤੈਨੂੰ ਪਤਾ ਏ, ਅੰਦਰ ਦੁੱਲਾ ਬੰਦੀਖ਼ਾਨੇ ਸੁੱਟਿਆ ਈ।'

—ਤੂੰ ਦੱਸੀ ਤੇ ਜਾਨਾਂ ਏਂ। ਅੱਲਾਹ ਦੇ ਬੰਦਿਆਂ ਨੂੰ ਪਤਾ ਹੁੰਦਾ ਏ।' ਸ਼ਾਹ ਹੁਸੈਨ ਨੇ ਕਿਹਾ।

—ਕੀ ਪਤਾ ਹੁੰਦਾ ਏ ?'

—ਏਹੀ ਦੁੱਲਾ ਅੰਦਰ ਈ।'

—ਆਹੋ।' ਕੋਤਵਾਲ ਨੇ ਹੰਕਾਰ ਨਾਲ ਕਿਹਾ।

—ਮੈਨੂੰ ਦੁੱਲੇ ਦੀਆਂ ਰਮਜ਼ਾਂ ਦਾ ਪਤਾ ਵੇ।'

—ਕੁਫ਼ਰ ਆਖਦਾ ਏਂ ਸਾਈਆਂ। ਉਸਦੀਆਂ ਰਮਜ਼ਾਂ ਤਾਂ ਅੱਲਾਹ ਵੀ ਨਹੀਂ ਜਾਣਦਾ।'

—ਅੱਲਾਹ ਵੀ ਜਾਣਦਾ ਏ ਤੇ ਮੈਂ ਵੀ ਜਾਣਨਾ ਵਾਂ।'

—ਸਹੀ ਗੱਲ ਏ ?'

—ਪੱਕੀ।'

—ਸਾਨੂੰ ਵੀ ਦੱਸ ਫੇਰ।' ਕੋਤਵਾਲ ਨੇ ਕੁਝ ਨਰਮ ਪੈਂਦਿਆਂ ਕਿਹਾ।

—ਪਹਿਲਾਂ ਸਾਈਂ ਦੀ ਬਾਂਹ ਤਾਂ ਛੱਡ।'

ਕੋਤਵਾਲ ਨੇ ਝੱਟ ਬਾਂਹ ਛੱਡ ਦਿੱਤੀ।

—ਦੱਸ ਖਾਂ ਭਲਾ ਕੀ ਜਾਣਨਾ ਏਂ ?' ਕੋਤਵਾਲ ਨੇ ਮੀਸਣਾ ਬਣ ਕੇ ਪੁੱਛਿਆ।

—ਦੁੱਲੇ ਨਾਲ ਮੁਲਾਕਾਤ ਕਰਾਵੇਂ ਤਾਂ.....।'

—ਬਾਦਸ਼ਾਹ ਨੇ ਦੁੱਲੇ ਨਾਲ ਮਿਲਣ ਦੀ ਮਨਾਹੀ ਕੀਤੀ ਏ।'

—ਠੀਕ ਏ ਫਿਰ ਰੱਬ ਰਾਖਾ।' ਆਖ ਕੇ ਸ਼ਾਹ ਹੁਸੈਨ ਫਿਰ ਗਾਉਂਣਾ ਗਾਉਂਦਾ ਤੁਰ ਪਿਆ;

ਵੱਡੇ ਉੱਚੇ ਮਹਿਲ ਉਸਾਰਿਓ......

ਗੋਰ ਨਿਮਾਣੀ ਘਰ ਵੋ........।

ਕੋਤਵਾਲ ਕੁਝ ਪਲ ਵੇਂਹਦਾ ਰਿਹਾ, ਫਿਰ ਇਕ ਸਿਪਾਹੀ ਸਾਈਂ ਨੂੰ ਰੋਕਣ ਲਈ ਭੇਜਿਆ।

ਜਦ ਸਾਈਂ ਮੁੜਿਆ ਤਾਂ ਕੋਤਵਾਲ ਨੇ ਕਿਹਾ—'ਦੁੱਲੇ ਦੀਆਂ ਰਮਜ਼ਾਂ ਦੱਸੇਂਗਾ ਤਾਂ ਆ ਮਿਲਾਵਾਂ ਸਾਈਂ ਲੋਕਾ।'

—ਅਸਾਂ ਦੇ ਲਾਗੇ ਕੋਈ ਨਾ ਆਵੇ।' ਸ਼ਾਹ ਹੁਸੈਨ ਨੇ ਸ਼ਰਤ ਰੱਖੀ।

—ਮਨਜ਼ੂਰ ਈ।'

ਤੇ ਕੋਤਵਾਲ ਸ਼ਾਹ ਹੁਸੈਨ ਨੂੰ ਨਾਲ ਲੈ ਕੇ ਕਿਲ੍ਹੇ ਦੇ ਦਰਵਾਜ਼ੇ ਦੀ ਬਾਰੀ ਵਿਚੋਂ ਅੰਦਰ ਲੰਘ ਗਿਆ।

* * * *

ਗਿੱਟਿਆਂ ਤੱਕ ਝੂਲਦੇ ਖੁੱਥੜ ਜਿਹੇ ਲਾਲ ਚੋਲੇ ਵਿਚ, ਕੋਤਵਾਲ ਦੇ ਇਸ਼ਾਰੇ 'ਤੇ ਸ਼ਾਹ ਹੁਸੈਨ ਦੁੱਲੇ ਵਾਲੀ ਕੋਠੜੀ ਵੱਲ ਤੁਰ ਪਿਆ। ਪਹਿਰੇਦਾਰਾਂ ਤੁਰੰਤ ਸ਼ਾਹ ਹੁਸੈਨ ਘੇਰ ਲਿਆ, ਪਰ, ਦੂਰ ਖੜ੍ਹੇ ਕੋਤਵਾਲ ਨੇ ਪੁਕਾਰ ਕੇ ਇਸ਼ਾਰਾ ਕੀਤਾ ਲੰਘ ਜਾਣ ਲਈ ਤਾਂ ਪਹਿਰੇਦਾਰ ਅਦਬ ਨਾਲ ਸਿਰ ਝੁਕਾਕੇ ਪਿਛਾਂਹ ਹਟ ਗਏ।

—ਹਾਕਮਾਂ ਦੀਆਂ ਚਾਲਾਂ ਵਿਚ ਫਸ ਗਿਉਂ ਨਾ ਦੁੱਲਿਆ ?' ਨੇੜੇ ਹੁੰਦਿਆਂ ਹੀ ਸਾਈਂ ਨੇ ਫ਼ਿਕਰ ਨਾਲ ਕਿਹਾ।

—ਇਹਨਾਂ ਕੁੱਤਿਆਂ ਸਿਰੇ ਦੀ ਠੱਗੀ ਮਾਰੀ ਊ ਸਾਈਂ ਲੋਕਾ। ਭਰਾ ਬਣਾਕੇ ਦਗ਼ਾ ਕੀਤਾ ਈ। ਆਪ ਤੇ ਮਿਰਜ਼ਾ ਲੱਧੀ ਮਾਂ ਦੇ ਪੈਰੀਂ ਢਹਿ ਪਿਆ। ਅੱਲਾਹ ਦੇ ਨਾਂ 'ਤੇ ਮੇਰੀ ਜਾਨ ਬਖ਼ਸ਼ੀ ਕਰਾ ਤੇ ਮੈਂ ਕੀ ਕਰਦਾ, ਮਾਂ ਤੋਂ ਬਾਹਰਾ ਕਿਵੇਂ ਹੁੰਦਾ ?' ਦੁੱਲੇ ਦੇ ਚਿਹਰੇ ਦਾ ਦੁੱਖ ਸਾਈਂ ਤੋਂ ਦੇਖਿਆ ਨਹੀਂ ਗਿਆ।

—ਦੁੱਲਿਆ ਮੈਂ ਤੈਨੂੰ ਆਖਿਆ ਸਾਈ, ਸੁਲਤਾਨ ਦੇ ਬੰਦੀਖ਼ਾਨੇ ਦੀਆਂ ਕੰਧਾਂ ਬੜੀਆਂ ਉੱਚੀਆਂ ਨੀ।'

—ਮੈਨੂੰ ਦੁੱਖ ਏਥੇ ਉੱਚੀਆਂ ਕੰਧਾਂ ਅੰਦਰ ਆਣ ਦਾ ਨਹੀਂ ਏ। ਦੁੱਖ ਤਾਂ ਹੈ ਇਹਨਾਂ ਮਰਦੂਦਾਂ ਦਗ਼ਾ ਕੀਤਾ ਈ ਮੇਰੇ ਨਾਲ। ਲੜਾਈ ਵਿਚ ਹਾਰ ਜਾਂਦਾ ਫੜਿਆ ਜਾਂਦਾ ਕੋਈ ਰੰਜ ਨਹੀਂ ਸੀ। ਜਿੱਤ ਹਾਰ ਤਾਂ ਇਕ ਧਿਰ ਦੀ ਹੋਣੀ ਹੁੰਦੀ ਏ। ਪਰ.....'

—ਮੈਂ ਸਭ ਜਾਣ ਲਿਆ ਈ ਦੁੱਲਿਆ।' ਸਾਈਂ ਦੇ ਬੋਲਾਂ ਵਿਚ ਦੁੱਖ ਸੀ।

—ਪਿੰਡੀ ਦੇ ਹਾਲ ਦਾ ਕੋਈ ਪਤਾ ਈ ਸਾਈਂ ?'

—ਪਿੰਡੀ ਦਾ ਹਾਲ ਤਾਂ ਪਿੰਡੀ ਜਾਕੇ ਈ ਪਤਾ ਲਗਸੀ ਦੁੱਲਿਆ। ਉਂਜ ਸੁਣਿਆ ਏ, ਉੱਜੜ ਗਈ ਏ ਪਿੰਡੀ। ਘਰ ਘਰ ਵੈਣ ਪਏ ਹੋਏ ਨੀ।'

—ਮੇਰੇ ਜੀਂਦੇ ਜੀਂਦੇ ਇਕ ਵਾਰ ਪਤਾ ਤਾਂ ਕਰ ਆ ਸਾਈਂ ਲੋਕਾ, ਨਹੀਂ ਤਾਂ ਮਰਨ ਲੱਗਿਆਂ ਸੁਰਤ ਪਿੰਡੀ ਵੱਲ ਈ ਰਹਿਣੀ ਏਂ।'



—ਮੈਂ ਤਾਂ ਕੱਲ੍ਹ ਈ ਲਗਾ ਜਾਨਾਂ, ਪਰ ਇਹਨਾਂ ਦਾ ਕੀ ਭਰੋਸਾ ਏ, ਮੇਰੇ ਮੁੜਦਿਆਂ ਤੱਕ ਤੂੰ ਏਥੇ ਹੋਵੇ ਨਾ ਹੋਵੇ।'

—ਓ ਭਲੇ ਬੰਦਿਆ, ਏਥੇ ਬਹੁਤੀਆਂ ਗੱਲਾਂ ਕਰਨ ਦੀ ਮਨਾਹੀ ਏ। ਉਹਨਾਂ ਝੱਟ ਮੇਰੀ ਨੌਕਰੀ ਨੂੰ ਲੱਤ ਮਾਰਨੀ ਏ ਤੇ ਉਪਰੋਂ ਮੁਸੀਬਤ ਇਹ ਪੈਣੀ ਏ, ਫੜਕੇ ਮੈਨੂੰ ਬੰਦੀਖਾਨੇ ਵਿਚ ਤੁੰਨ ਦੇਣਾ। ਫਰਦ ਲਾਣੀ ਊ, ਤੇਰੀ ਦੁੱਲੇ ਨਾਲ ਕੋਈ ਮਿਲੀ-ਭੁਗਤ ਹੋਣੀ। ਅੱਲਾਹ ਵਾਸਤੇ ਆਪਣੇ ਰਾਹ ਪਉ ਫ਼ਕੀਰ ਮੀਆਂ ਤੇ ਮੈਨੂੰ ਸੁਰਖ਼ਰੂ ਹੋਣ ਦੇ। ਕੋਈ ਵੱਡਾ ਅਹਿਲਕਾਰ ਜਾਂ ਸਰਕਾਰ ਆ ਗਈ ਤਾਂ ਜਮਾਲਦੀਨ ਦਾ ਹੋ ਜਾਣਾ.....ਘਾਣ ਬੱਚਾ ਕੋਹਲੂ।'

—ਦੁੱਲਿਆ ਤੇਰਾ ਪਹਿਰੇਦਾਰ ਤਾਂ ਕੋਤਵਾਲ ਤੋਂ ਵੀ ਡਾਹਢਾ ਹੋਇਆ ਖੜ੍ਹਾ, ਵੇਖਨੇ ਆਂ ਹਸ਼ਰ ਦਿਹਾੜਾ ਕਦ ਦਾ ਏ। ਮੈਂ ਪਿੰਡੀ ਜਾ ਆਵਾਂ ਦੁੱਲਿਆ ਮੇਲ ਹੋਣਗੇ ਤਾਂ ਖ਼ਬਰ ਵੀ ਮਿਲਸੀ।'

—ਸਾਈਂ ਲੋਕਾਂ ਦੁੱਲੇ ਨੂੰ ਮਰਨ ਦਾ ਰੰਜ ਨਹੀਂ। ਮਰਨਾ ਤੇ ਹੈ ਇਕ ਦਿਨ। ਹਸ਼ਰ ਦਿਹਾੜਾ ਤਾਂ ਹਰ ਇਕ 'ਤੇ ਆਣਾ ਏ। ਰੰਜ ਇਹ ਵੇ, ਇਹਨਾਂ ਮੇਰੇ ਹੱਥ ਪੈਰ ਧੋਖੇ ਨਾਲ ਬੰਨ੍ਹੇ ਨੇ। ਮਰਨਾ ਹੈ ਸੀ ਤਾਂ ਜੰਗ ਦਾ ਮੈਦਾਨ ਵਿਚ ਇਹਨਾਂ ਮੁਗਲਾਂ ਨੂੰ ਲਲਕਾਰਕੇ ਮਰਦਾ। ਇਹਨਾਂ ਕੋਈ ਮਰਦਾਨਗੀ ਵਿਖਾਈ ਏ ?' ਦੁੱਲਾ ਗੁੱਸੇ ਵਿਚ ਕਚੀਚੀਆਂ ਲੈਣ ਲੱਗਾ।

—ਅੱਲਾਹ ਬੇਲੀ ਦੁੱਲਿਆ। ਜੀਂਦਾ ਰਿਹਾ ਤਾਂ ਫ਼ਕੀਰ ਸਾਈਂ ਦੀ ਉਡੀਕ ਰੱਖੀਂ।'

—ਸ਼ਾਹ ਹੁਸੈਨ ਵਾਪਸ ਮੁੜਿਆ ਤਾਂ ਕੋਤਵਾਲ ਪ੍ਰੇਤ ਵਾਂਗ ਸਾਹਮਣੇ ਆ ਪ੍ਰਗਟ ਹੋਇਆ।

—ਸਾਈਂ ਮੀਆਂ ਬਾਹਰ ਜਾਣ ਦੀ ਏਨੀ ਕਾਹਲ ਵੀ ਕੀ ਕਰਨੀ ਹੋਈ, ਜ਼ਰਾ ਏਧਰ ਤਾਂ ਆ ਇਕ ਪਾਸੇ।'

ਕੋਤਵਾਲ ਦੇ ਸਿਪਾਹੀ ਸ਼ਾਹ ਹੁਸੈਨ ਦੇ ਪਿੱਛੇ ਆ ਖੜ੍ਹੇ।

—ਫ਼ਕੀਰਾਂ ਨੂੰ ਕੈਦ ਕਰਨ ਲੱਗਾ ਵੇਂ ?' ਸ਼ਾਹ ਹੁਸੈਨ ਹੱਸਿਆ।

—ਕੋਤਵਾਲ ਨੇ ਜੀਭ ਟੁੱਕੀ—'ਅੱਲਾਹ ਦੇ ਬੰਦਿਆਂ ਦੀ ਹੱਤਕ, ਅੱਲਾਹ ਦੀ ਹੱਤਕ ਹੁੰਦੀ ਏ ਹੁਸੈਨ ਮੀਆਂ। ਮੈਂ ਤਾਂ ਏਹੀ ਪੁਛਣਾ ਏ, ਕੀ ਰਮਜ਼ਾਂ ਹਾਸਲ ਹੋਈਆਂ ?'

—ਰਮਜ਼ਾਂ ਤਾਂ ਅਜੇ ਬੜੀਆਂ ਹਾਸਲ ਹੋਣੀਆਂ ਨੇ। ਬਾਰ ਦੇ ਜਿੰਨੇ ਬਾਗ਼ੀ ਨੇ ਸਭ ਦੀ ਫਰਿਸਤ ਬਣ ਜਾਣੀ ਏਂ।'

—ਤੇ ਆ ਫਿਰ ਦਰਜ ਕਰ ਲਈਏ।'

—ਏਨੀ ਕਾਹਲ ਵੀ ਕੀ ਕਰਨੀ ਹੋਈ ?' ਸ਼ਾਹ ਹੁਸੈਨ ਕੋਤਵਾਲ ਦੀ ਬੋਲੀ ਬੋਲ ਕੇ ਫਿਰ ਹੱਸਿਆ।

—ਅੰਦਰ ਹੋਣ ਦੀ ਸਲਾਹ ਤਾਂ ਨਈਂ ਸਾਈਂ ?' ਕੋਤਵਾਲ ਨੇ ਅੱਖਾਂ ਵਿਖਾਈਆਂ।

—ਫ਼ਕੀਰ ਲੋਕ, ਜਿਹੇ ਬਾਹਰ ਤਿਹੇ ਅੰਦਰ। ਅੱਲਾ ਦਾ ਨਾਮ ਈ ਲੈਣਾ ਏ।'

—ਮੈਂ ਤਾਂ ਮਜ਼ਾਕ ਕਰਦਾ ਪਿਆ ਸਾਂ।' ਕੋਤਵਾਲ ਨੇ ਪੈਂਤੜਾ ਬਦਲਿਆ।

—ਫਕੀਰਾਂ ਨੂੰ ਪਤਾ ਹੁੰਦਾ ਵੇ, ਸਰਕਾਰ ਕਿਥੋਂ ਬੋਲਦੀ ਪਈ ਏ। ਸੁਣ, ਕੰਨ ਏਧਰ ਕਰ, ਦੁੱਲੇ ਆਖਿਆ ਈ, ਮੇਰਾ ਸਿਰ ਘੁੰਮਿਆਂ ਹੋਇਆ ਵੇ। ਬਾਦਸ਼ਾਹ ਦੀ ਫ਼ੌਜ ਦੇ, ਉਹ ਕੀ ਨਾਂ ਪਿਆ ਦੱਸਦਾ ਸੀ...., ਹਾਂ ਮਿਰਜ਼ਾ, ਉਹਨੇ ਪਤਾ ਨਹੀਂ ਸ਼ਰਾਬ ਵਿਚ ਕੀ ਘੋਲਿਆ

ਸਾਈ, ਸਿਰ ਟਿਕਾਣਿਓਂ ਹਿੱਲ ਗਿਆ ਈ। ਦੋ ਤਿੰਨ ਦਿਨਾਂ ਦੀ ਮੁਹਲਤ ਮਿਲ ਜਾਏ ਤਾਂ ਫਰਿਸਤ ਬਣ ਜਾਣੀ ਏਂ।'

—ਕੋਈ ਠੱਗੀ ਤਾਂ ਨਹੀਂ ਮਾਰਦਾ ਸਾਈਂ ਲੋਕਾ ?'

—ਮੈਂ ਕੋਈ ਸਰਕਾਰ ਵਾਂ, ਠੱਗੀ ਮਾਰਾਂਗਾ।'

—ਇਹਨੂੰ ਵੀ ਸੁੱਟੋ ਇਕ ਕੋਠੜੀ ਵਿਚ। ਇਹ ਫ਼ਕੀਰਾਂ ਦੀ ਜ਼ਾਤ ਵਿਚੋਂ ਨਈਂ ਜਾਪਦਾ।' ਕੋਤਵਾਲ ਭੜਕ ਉੱਠਿਆ।

ਫਕੀਰਾਂ ਦੀ ਬੋਲੀ ਸਮਝ ਨਿਦਾਨਾਂ, ਘਰ ਕਿਥੇ ਈ ਸਮਝ ਨਿਦਾਨਾਂ। ਮੈਂ ਆਖਿਆ ਸਾਈ, ਫਕੀਰ ਅੱਲਾ ਨਾਲ ਤਾਂ ਠੱਗੀ ਮਾਰ ਸਕਦੇ ਨੇ, ਅੱਲਾਹ ਦੇ ਬੰਦਿਆਂ ਨਾਲ ਨਹੀਂ......।' ਉਹ ਗਾਉਣ ਲੱਗ ਪਿਆ;

ਘਰ ਕਿਥੇ ਈ ਸਮਝ ਨਿਦਾਨਾਂ,
ਫੱਕਰਾਂ ਦੀ ਬੋਲੀ ਸਮਝ ਨਿਦਾਨਾਂ
ਕਦੀ ਸਮਝ ਨਿਦਾਨਾਂ.......।

—ਰੁਕ।' ਕੋਤਵਾਲ ਨੇ ਦਬਕਾਇਆ।

ਸਾਈਂ ਰੁਕ ਗਿਆ।

—ਦੋ ਦਿਨ ਲਾਹੌਰ ਨਹੀਂ ਛੱਡਣਾ।'

—ਕਦੀ ਆਖਦਾ ਏਂ ਰਾਵੀ ਤੋਂ ਏਧਰ ਨਹੀਂ ਆਣਾ, ਕਦੀ ਆਖਨਾ ਏਂ ਲਾਹੌਰ ਨਹੀਂ ਛੱਡਣਾ। ਤੇਰੀ ਇਕ ਜੀਭ ਏ ਕਿ ਦੋ ?'

—ਜਦ ਤੱਕ ਦੁੱਲਾ ਬਾਗ਼ੀਆਂ ਦੀਆਂ ਰਮਜ਼ਾਂ ਬਾਹਰ ਨਹੀਂ ਕੱਢਦਾ ਤੂੰ ਕਿਧਰੇ.....।'

—ਠੀਕ ਏ, ਮੈਨੂੰ ਤਿੰਨ ਦਿਨ ਦੀ ਮੁਹਲਤ ਦੇਹ।'

—ਆਪਣੇ ਆਪ ਏਧਰ ਆ ਵੰਞੀ, ਨਹੀਂ ਤਾਂ ਅਸਾਂ ਨੂੰ ਲਿਆਉਣਾ ਆਂਵਦਾ ਈ।'

ਕਿਲ੍ਹੇ ਤੋਂ ਬਾਹਰ ਜਾਂਦਾ ਸ਼ਾਹ ਹੁਸੈਨ ਗਾਉਣ ਲੱਗਾ;

ਆਪ ਕਮੀਨਾ ਤੇਰੀ ਅਕਲ ਕਮੀਨੀ,....
ਕਉਣ ਕਹੈ ਤੂੰ ਦਾਨਾ।
ਇਹਨੀਂ ਰਾਹੀਂ ਜਾਂਦੇ ਡਿਠੜੇ,
ਮੀਰ ਮਲਕੁ ਸੁਲਤਾਨਾ।.........

ਤੇ ਉਹ ਕਿਲ੍ਹੇ ਤੋਂ ਬਾਹਰ ਨਿਕਲ ਆਇਆ।



## 49.

ਅਚਾਨਕ ਮੌਸਮ ਖਰਾਬ ਹੋ ਜਾਣ ਕਾਰਨ, ਸ਼ਹਿਨਸ਼ਾਹ ਅਕਬਰ ਨੂੰ ਰਾਹ ਵਿਚ ਹੀ ਦੋ ਦਿਨ ਪੜਾਅ ਕਰਨਾ ਪਿਆ। ਪਿੱਛੇ ਕਸ਼ਮੀਰ ਵਿਚ ਤਾਂ ਭਾਰੀ ਬਰਫ਼ਬਾਰੀ ਹੋ ਗਈ ਸੀ। ਠੰਢੀ ਯਖ਼ ਹਵਾ ਦੇ ਨਾਲ ਗੜ੍ਹੇ ਵੀ ਪਏ। ਸ਼ਾਹੀ ਕਾਫ਼ਲੇ ਵਿਚ ਹਾਥੀਆਂ ਤੋਂ ਤਿਲਕਵੀਆਂ ਥਾਵਾਂ ਉਪਰ ਚੱਲਣਾ ਮੁਸ਼ਕਲ ਹੋ ਗਿਆ ਸੀ।

ਜਦ ਖ਼ਬਰ ਲਾਹੌਰ ਪੁੱਜੀ ਤਾਂ ਸੂਬਾ ਲਾਹੌਰ ਨੇ ਦੀਵਾਨ ਨੂੰ ਬੁਲਾਕੇ ਮਸ਼ਵਰਾ ਕੀਤਾ—'ਅਸਾਂ ਨੂੰ ਦੁੱਲਾ ਭੱਟੀ ਦਾ ਕੰਮ ਮੁਕਾ ਲੈਣਾ ਚਾਹੀਦਾ ਏ। ਖਤਰਨਾਕ ਅਪਰਾਧੀ ਨੂੰ ਏਨੀ ਦੇਰ ਬੰਦੀਖ਼ਾਨੇ ਵਿਚ ਰੱਖਣਾ ਅਕਲਮੰਦੀ ਨਹੀਂ ਹੈ।'

—ਸਜ਼ਾ ਤਾਮੀਲ ਕਰਨ ਲਈ ਤਾਂ ਸ਼ਹਿਨਸ਼ਾਹ ਦੀ ਰਜ਼ਾਮੰਦੀ ਲਾਜ਼ਮੀ ਏ।' ਦੀਵਾਨ ਨੇ ਸ਼ਾਹੀ ਮਰਿਯਾਦਾ ਤੋਂ ਜਾਣੂ ਕਰਵਾਇਆ।

—ਪਹਿਲਾਂ ਸਜ਼ਾ ਤੱਕ ਤਾਂ ਪਹੁੰਚੀਏ। ਤਦ ਤੱਕ ਸ਼ਹਿਨਸ਼ਾਹ ਆ ਪੁੱਜਣਗੇ।'

—ਜੋ ਮੁਨਾਸਬ ਸਮਝੋ ਕਰੋ।' ਦੀਵਾਨ ਨੇ ਢਿੱਲੀ ਜਿਹੀ ਸਹਿਮਤੀ ਜ਼ਾਹਰ ਕੀਤੀ।

ਕਿਲ੍ਹੇ ਦੇ ਅੰਦਰ ਹੀ ਦੁੱਲੇ ਦਾ ਮੁਕੱਦਮਾ ਸੁਣਨ ਲਈ ਉਚੇਚਾ ਪ੍ਰਬੰਧ ਹੋਣ ਲੱਗਾ। ਸਭਨਾਂ ਦਰਬਾਰੀਆਂ, ਅਮੀਰਾਂ, ਵਜ਼ੀਰਾਂ ਨੂੰ ਜਿਹੜੇ ਲਾਹੌਰ ਵਿਚ ਸਨ, ਗੁਪਤ ਸੱਦੇ ਭੇਜ ਦਿੱਤੇ ਗਏ। ਆਮ ਲੋਕਾਂ ਦਾ ਦਾਖਲਾ ਮੁਕੰਮਲ ਰੋਕ ਦਿੱਤਾ ਗਿਆ। ਨਿਰਧਾਰਤ ਕੀਤੇ ਸਮੇਂ ਅਨੁਸਾਰ ਸਾਰਿਆਂ ਨੇ ਆਪਣੀਆਂ ਆਪਣੀਆਂ ਥਾਂਵਾਂ ਮੱਲ ਲਈਆਂ। ਸੂਬੇਦਾਰ, ਮਨਸਬਦਾਰ, ਸਿਪਾਹ-ਸਾਲਾਰ, ਦਰਬਾਰੀ, ਕੋਤਵਾਲ ਕਿੱਲ੍ਹੇਦਾਰ ਸਭ ਹਾਜ਼ਰ ਸਨ।

ਕਚਿਹਰੀ ਅਜੇ ਲੱਗੀ ਨਹੀਂ ਸੀ।

ਕਾਜ਼ੀ ਦੀ ਉਡੀਕ ਹੋ ਰਹੀ ਸੀ।

ਬਹੁਤੇ ਦਰਬਾਰੀ ਅਤੇ ਹਾਜ਼ਰ ਵਿਅਕਤੀ ਦੁੱਲੇ ਦੀ ਇਕ ਝਲਕ ਵੇਖਣ ਲਈ ਉਤਾਵਲੇ ਸਨ। ਉਧਰ ਬੰਦੀਖ਼ਾਨੇ ਦੀਆਂ ਕੋਠੜੀਆਂ ਵਿਚ ਸੀਖਾਂ ਪਿੱਛੇ ਡੱਕੇ ਕੈਦੀ ਡਰੇ ਡਰੇ ਕਿਲ੍ਹੇ ਅੰਦਰ ਹੁੰਦੀਆਂ ਹਰਕਤਾਂ ਤਾੜ ਰਹੇ ਸਨ। ਪਤਾ ਨਹੀਂ ਕੀ ਹੋਵਣ ਵਾਲਾ ਹੈ। ਅੱਜ ਇਹ ਸਾਰੇ ਕਿਉਂ ਜੁੜ ਬੈਠੇ ਹਨ ? ਸਾਨੂੰ ਬਾਹਰ ਕੱਢ ਕੇ ਸੂਲੀ ਚਾੜ੍ਹਨਾ ਈ ਜਾਂ ਧਰਤੀ 'ਚ ਗੱਡ ਕੇ ਕੁੱਤੇ ਛੱਡਣੇ ਨੀ।.......

ਇਧਰ ਇਕ ਦੂਸਰੇ ਨਾਲ ਗੱਲੀਂ ਪਏ ਦਰਬਾਰੀ, ਵਜ਼ੀਰ ਅਚਾਨਕ ਚੁੱਪ ਹੋ ਗਏ।

ਕਾਜ਼ੀ ਮੁਹੀਓਦੀਨ ਘੁਮੰਡੀ ਤੋਰ ਤੁਰਦਾ ਆਪਣੀ ਕੁਰਸੀ ਵੱਲ ਵਧਿਆ ਤਾਂ ਸਭਨਾਂ ਨੇ ਖੜ੍ਹੇ ਹੋਕੇ ਬਾ-ਅਦਬ ਸਲਾਮਾਂ ਕੀਤੀਆਂ।

—ਕਾਜ਼ੀ ਨੇ, ਹਾਜ਼ਰ ਸਖਸ਼ੀਅਤਾਂ ਉਪਰ ਸਰਸਰੀ ਨਿਗਾਹ ਪਾਈ। ਫਿਰ ਦਰਬਾਰੀ ਵਕੀਲ ਵੱਲ ਤੱਕਿਆ। ਉਹ ਫਰਜ਼ੀ ਸਲਾਮ ਕਰਦਾ ਅੱਗੇ ਵਧਿਆ;

—ਅਲੀ ਜਾਹ, ਇਜਾਜ਼ਤ ਹੋਵੇ ਤਾਂ.....।'

—ਹਾਂ ਮੁਲਜ਼ਮਾਂ ਨੂੰ ਹਾਜ਼ਰ ਕੀਤਾ ਜਾਵੇ।' ਕਾਜ਼ੀ ਨੇ ਵਕੀਲ ਨੂੰ ਟੋਕਦਿਆਂ ਹੁਕਮ ਸੁਣਾਇਆ।

ਨਾਲ ਹੀ ਕੋਤਵਾਲ ਨੇ ਇਸ਼ਾਰਾ ਕੀਤਾ। ਕੁਝ ਸਿਪਾਹੀ ਤੇਜ਼ੀ ਨਾਲ ਬੰਦੀਖ਼ਾਨੇ ਦੀਆਂ ਕੋਠੜੀਆਂ ਵੱਲ ਦੌੜੇ।

ਦਰਬਾਰੀਆਂ ਵਿਚ ਉਤੇਜਨਾ ਆ ਗਈ। ਕਈ ਤਾਂ ਪੂਰੇ ਸਾਵਧਾਨ ਹੋਕੇ ਬੈਠ ਗਏ। ਸਾਰੇ ਇਕ-ਟੱਕ ਉਧਰ ਵੇਖਣ ਲੱਗੇ, ਜਿਧਰੋਂ ਮੁਲਜ਼ਮ ਆਉਣੇ ਸਨ।

ਕੁਝ ਦੇਰ ਬਾਅਦ ਸਿਪਾਹੀ, ਸੰਗਲਾਂ ਵਿਚ ਨਰੜੇ, ਦੁੱਲਾ ਭੱਟੀ ਅਤੇ ਰਮਜ਼ੇ ਨੂੰ ਲੈ ਆਏ।

ਆਰਜ਼ੀ ਵਿਸ਼ੇਸ਼ ਕਚਹਿਰੀ ਵਿਚ ਪੂਰਾ ਸਨਾਟਾ ਸੀ

ਦੁੱਲਾ ਹੈਰਾਨ ਸੀਃ ਪਿਰਥਾ, ਰੂੜਾ, ਸਦੀਕ, ਗਾਹਣਾ ਤੇ ਹੋਰ ਕਿਧਰ ਗਏ ਸਾਰੇ ? ਇਹ ਕਤਲ ਤਾਂ ਨਹੀਂ ਕਰ ਦਿੱਤੇ.... ? ਕੀ ਪਤਾ ਮੌਕਾ ਵੇਖਕੇ.....। ਉਹ ਰਮਜ਼ੇ ਵੱਲ ਝਾਕਿਆ ਉਸਦਾ ਮੂੰਹ-ਮੱਥਾ ਦੱਸ ਰਿਹਾ ਸੀ, ਕਸਾਈਆਂ ਨੇ ਇਸ ਉਪਰ ਬਹੁਤ ਜ਼ੁਲਮ ਕੀਤੇ ਹੋਣੇ।.....

ਚੋਬਦਾਰ ਨੇ ਬਹੁਤ ਹੀ ਹੁਸ਼ਿਆਰ ਮੁਦਰਾ ਵਿਚ ਅਦਬ ਨਾਲ ਕੁਰਾਨ ਸ਼ਰੀਫ਼ ਪਹਿਲਾਂ ਆਪਣੇ ਮੱਥੇ ਨੂੰ ਛੁਹਾਇਆ ਫਿਰ ਕਾਜ਼ੀ ਅੱਗੇ ਪੇਸ਼ ਕੀਤਾ।

ਕਾਜ਼ੀ ਨੇ ਖੜ੍ਹੇ ਹੋਕੇ ਆਪਣੇ ਦੋਵੇਂ ਹੱਥ ਕੁਰਾਨ ਸ਼ਰੀਫ ਉਪਰ ਰੱਖਕੇ ਕਸਮ ਚੁੱਕੀ।

"ਮੈਂ ਮਹੀਓਦੀਨ ਇਬਰ ਸਫੀਓਦੀਨ ਕਾਜ਼ੀ ਇਲਕ ਜ਼ਾਤ ਪਾਕ ਇਲਹਾਮੀ ਕਿਤਾਬ ਦੀ ਸਹੁੰ ਚੁੱਕ ਕੇ ਆਖਨਾ ਵਾਂ। ਮੈਂ ਹਰ ਹਾਲ, ਹਰ ਦਮ ਨਿਆਂ ਕਰੇਸਾਂ। ਕਿਸੇ ਦਬਾਅ ਅੱਗੇ ਨਾ ਲਿਫਸਾਂ। ਕਿਸੇ ਲੋਭ ਅੱਗੇ ਨਾ ਥਿੜਸਾਂ।' ਆਖ ਕੇ ਕਾਜ਼ੀ ਨੇ ਹੱਥ ਪਿਛਾਂਹ ਕਰ ਲਏ। ਫਿਰ ਝੱਟ ਹੁਕਮ ਦਿੱਤਾ;

—ਮੁਕੱਦਮਾ ਪੇਸ਼ ਕੀਤਾ ਜਾਵੇ।'

ਦਰਬਾਰੀ ਵਕੀਲ ਅੱਗੇ ਆਇਆ।

—ਅਲੀ ਜਾ-ਇਜਾਜ਼ਤ ਹੋਵੇ ਤਾਂ ਮੈਂ ਮੁਲਜ਼ਮਾਂ ਦੇ ਨਾਂ ਪੇਸ਼ ਕਰਾਂ ?'

—ਇਜਾਜ਼ਤ ਹੈ।' ਆਖਦਿਆਂ ਕਾਜ਼ੀ ਨੇ ਹੱਥ ਖੜ੍ਹਾ ਕਰਕੇ ਸਭਨਾਂ ਨੂੰ ਚੁੱਪ ਰਹਿਣ ਦਾ ਇਸ਼ਾਰਾ ਕੀਤਾ।

ਦਰਬਾਰੀ ਵਕੀਲ ਫਰਿਸਤ ਪੜ੍ਹਨ ਲੱਗਾਃ

—ਪਹਿਲਾ ਮੁਲਜ਼ਮ, ਦੁੱਲਾ ਭੱਟੀ ਵਲਦ ਫਰੀਦ ਭੱਟੀ, ਕੌਮ ਭੱਟੀ, ਸਕਨਾ ਸਾਂਦਲ ਬਾਰ, ਹਜ਼ੂਰ ਦੇ ਸਾਹਮਣੇ ਪੇਸ਼ ਹੈ। ਦੂਸਰਾ ਮੁਲਜ਼ਮ, ਰਮਜ਼ਾ ਵਲਦੀਅਤ ਨਾ ਮਲੂਮ, ਕੌਮ ਨਾ ਮਾਲੂਮ, ਸਕਨਾ ਸਾਂਦਲ ਬਾਰ, ਹਜ਼ੂਰ ਦੇ ਸਾਹਮਣੇ ਹਾਜ਼ਰ ਹੈ। ਤੀਸਰਾ ਮੁਲਜ਼ਮ ਰੂੜਾ, ਕੌਮ ਜੱਟ, ਵਲਦੀਅਤ ਨਾ ਮਾਲੂਮ, ਸਕਨਾ ਸਾਂਦਲ ਬਾਰ, ਮੁਲਜ਼ਮ ਮਫਰੂ ਹੈ। ਚੌਥਾ ਮੁਲਾਜ਼ਮ ਪਿਰਥਾ, ਵਲਦੀਅਤ ਨਾ ਮਲੂਮ ਕੌਮ ਜੱਟ ਸਿੱਖ, ਸਕਨਾ ਸਾਂਦਲ ਬਾਰ, ਮੁਲਜ਼ਮ ਮਫਰੂਰ ਹੈ। ਪੰਜਵਾਂ ਗਾਹਣਾ, ਵਲਦੀਅਤ ਨਾ ਮਾਲੂਮ ਕੌਮ ਲੁਹਾਰ-ਹਿੰਦੂ, ਮੁਲਜ਼ਮ ਮਫਰੂਰ ਹੈ। ਹੋਰ ਵੀ ਮੁਲਜ਼ਮ ਨੇ, ਸਦੀਕ, ਲਹਿਣਾ, ਸ਼ੱਲਾ, ਫੱਤੂ ਜਾਤ ਮਰਾਸੀ ਸਾਰੇ ਮਫਰੂਰ ਨੇ। ਅਲੀ ਜਾਹ ਇਜਾਜ਼ਤ ਹੋਵੇ ਤਾਂ ਹਾਜ਼ਰ ਮੁਲਜ਼ਮਾਂ ਦੀ ਫਰਦ ਜੁਰਮ ਪੇਸ਼ ਕਰਾਂ ?'

—ਇਜ਼ਾਜਤ ਹੈ।' ਕਾਜ਼ੀ ਕੁਰਸੀ ਉਪਰ ਸਿੱਧਾ ਹੋਕੇ ਬੈਠ ਗਿਆ।

—ਅਲੀ ਜਾਹ, ਦੁੱਲਾ ਭੱਟੀ ਵਲਦ ਫਰੀਦ ਖਾਨ ਭੱਟੀ ਨੇ, ਸਾਂਦਲ ਬਾਰ ਵਿਚ



ਸ਼ਹਿਨਸ਼ਾਹ ਦੀ ਹਕੂਮਤ ਦੇ ਖ਼ਿਲਾਫ ਬਗਾਵਤ ਕੀਤੀ ਹੋਈ ਏ। ਏਸ ਬਾਗ਼ੀ ਨੇ ਬਾਰ ਦੇ ਬਸ਼ਿੰਦਿਆਂ ਨੂੰ ਸਰਕਾਰੀ ਮਾਮਲਾ ਦੇਣ ਤੋਂ ਇਨਕਾਰੀ ਕੀਤਾ ਹੋਇਆ ਏ। ਰਾਵੀ ਔਰ ਝਨਾਂ ਦੇ ਦਰਮਿਆਨ ਦਾ ਇਲਾਕਾ ਹੁਣ ਲਗਾਨ ਦੇਣ ਤੋਂ ਨਾਬਰ ਏ ਹੁਣ ਇਹ ਬਗਾਵਤ ਹੋਰ ਪਿੰਡਾਂ ਵਿਚ ਵੀ ਫੈਲ ਗਈ ਏ ਤੇ ਅੱਗੋਂ ਹੋਰ ਫੈਲਣ ਦਾ ਵੱਡਾ ਖ਼ਤਰਾ ਏ।'......

.......ਦੂਸਰਾ ਜੁਰਮ ਏ, ਇਹ ਬਾਗ਼ੀ ਦੁੱਲਾ ਭੱਟੀ ਵਲਦ ਫਰੀਦ ਭੱਟੀ ਸਰਕਾਰੀ ਵਪਾਰੀਆਂ ਔਰ ਸ਼ਾਹੂਕਾਰਾਂ ਨੂੰ ਲੁੱਟਦਾ ਏ। ਉਹਨਾਂ ਦਾ ਮਾਲ ਲੁੱਟਕੇ ਗਰੀਬਾਂ ਵਿਚ ਤਕਸੀਮ ਕਰ ਦਿੰਦਾ ਏ। ਇਸਤਰ੍ਹਾਂ ਕਰਕੇ ਇਹ ਅਵਾਮ ਅੰਦਰ ਬਾਦਸ਼ਾਹ ਵਿਰੁਧ ਨਫ਼ਰਤ ਦੇ ਬੀਜ ਪਿਆ ਬੋਂਦਾ ਏ।........

......ਤੀਸਰਾ ਜੁਰਮ ਇਹ ਵੇ, ਦੁੱਲਾ ਭੱਟੀ ਲੁੱਕ-ਛਿੱਪਕੇ ਸ਼ਾਹੀ ਸੈਨਾ ਉਪਰ ਹਮਲੇ ਕਰਦਾ ਏ। ਇਸਨੇ ਸੈਂਕੜੇ ਸਿਪਾਹੀ ਕੋਹ ਘੱਤੇ ਨੇ।

.....ਚੌਥਾ ਜੁਰਮ ਏ, ਏਸ ਧਾੜਵੀ ਦੁੱਲੇ ਭੱਟੀ ਨੇ, ਬੱਗਾ ਮਲਕੀਰਾ ਨਾਂ ਦੇ ਵਪਾਰੀ ਨੂੰ ਪਹਿਲਾਂ ਲੁੱਟਿਆ ਤੇ ਫਿਰ ਉਸਦਾ ਸਿਰ ਕਲਮ ਕਰਕੇ ਬਾਦਸ਼ਾਹ ਨੂੰ ਤੋਹਫ਼ੇ ਦੇ ਰੂਪ ਵਿੱਚ ਭੇਂਟ ਕਰਨ ਦੀ ਗੁਸਤਾਖ਼ੀ ਕੀਤੀ। ਇਹ ਵਾਕਿਆ ਲਾਹੌਰ ਤਖ਼ਤ ਦੇ ਦਰਬਾਰੀਆਂ ਨੂੰ ਮਾਲੂਮ ਏ।

......ਪੰਜਵਾਂ ਜੁਰਮ, ਇਸਨੇ ਮੇਧੇ ਸ਼ਾਹੂਕਾਰ ਨੂੰ ਲੁੱਟਿਆ ਏ।'

......ਛੇਵਾਂ ਜੁਰਮ ਇਹ ਈ, ਇਸਨੇ ਅਲੀ ਸੌਦਾਗਰ ਦੇ ਪੰਜ ਸੌ ਘੋੜੇ ਖੋਹ ਲਏ ਸਨ ਜੋ ਉਹ ਕੰਧਾਰ ਤੋਂ ਖਰੀਦ ਕਰਕੇ ਬਾਦਸ਼ਾਹ ਲਈ ਲੈ ਕੇ ਆ ਰਿਹਾ ਸੀ।

......ਹੋਰ ਵੀ ਬਥੇਰੇ ਜੁਰਮ ਨੇ, ਕਦੀ ਕਿਸੇ ਦੇ ਮਵੇਸ਼ੀ ਖੋਹਲ ਲੈਂਦਾ ਏ। ਕਦੀ ਪਟਵਾਰੀ ਕਾਨੂੰਗੋ ਨੂੰ ਬੇਇਜ਼ਤ ਕਰਕੇ ਪਿੰਡੋਂ ਕੱਢ ਦੇਂਦਾ ਏ। ਕਦੀ ਪਿੰਡੀ ਦੇ ਚੌਧਰੀਆਂ ਦੀਆਂ ਪੱਗਾਂ ਉਛਾਲਦਾ ਏ। ਪਿੰਡੀ ਦੇ ਲਾਗਿਓਂ ਹੀ ਇਕ ਪਿੰਡ ਦੇ ਚੌਧਰੀਆਂ ਦੀ ਦੁਖ਼ਤਰ ਨੂਰਾਂ ਨੂੰ ਧੱਕੇ ਨਾਲ ਆਪਣੇ ਘਰ ਵਸਾ ਲਿਆ ਈ।......

.......ਦੂਸਰੇ ਮੁਲਜ਼ਮ, ਰਮਜ਼ਾ, ਰੂੜਾ, ਪਿਰਥਾ, ਗਾਹਣਾ ਲੁਹਾਰ ਤੇ ਹੋਰ ਵੀ ਜਿਹੜੇ ਏਹਦੇ ਨਾਲ ਨੇ, ਉਹ ਵੀ ਦੁੱਲਾ ਭੱਟੀ ਜਿੰਨੇ ਹੀ ਦੋਸ਼ੀ ਹੈਨ। ਇਹ ਤਾਂ ਖ਼ੁਦਾ ਦੀ ਮਿਹਰ ਹੋ ਗਈ, ਸਿਪਾਹ-ਸਾਲਾਰ-ਏ-ਆਜ਼ਮ ਮਿਰਜ਼ਾ ਨਿਜਾਮੁਦੀਨ ਖਾਂ ਬਹਾਦਰ ਨੇ ਦੁੱਲਾ ਭੱਟੀ ਔਰ ਉਸਦੇ ਸਾਥੀ ਬੰਦੀ ਬਣਾ ਲਏ, ਨਹੀਂ ਤਾਂ ਇਹ ਸਾਰੇ ਸ਼ਾਹੀ ਤਖ਼ਤ ਨਾਲ ਟੱਕਰ ਲੈਣ ਦੇ ਮਨਸੂਬੇ ਘੜਦੇ ਪਏ ਸਨ। ਅਲੀ ਜਾਹ ਇਹ ਸਾਰੇ ਫੜੀਚ ਗਏ ਸਨ। ਪਿਰਥਾ ਜੱਟ, ਗਾਹਣਾ ਲੁਹਾਰ, ਰੂੜਾ ਜੱਟ ਔਰ ਸਦੀਕ.....ਵਗੈਰਾ ਰਸਤੇ ਵਿਚੋਂ ਹੀ ਚਕਮਾ ਦੇ ਕੇ ਫਰਾਰ ਹੋ ਗਏ। ਨਹੀਂ ਤਾਂ ਸਿਪਾਹ-ਸਲਾਰ-ਏ-ਆਜ਼ਮ ਨੇ ਸ਼ਹਿਨਸ਼ਾਹ ਨੂੰ ਕਸ਼ਮੀਰ ਤੋਂ ਮੁੜਦਿਆਂ ਸਭ ਤੋਂ ਵੱਡਾ ਤੋਹਫਾ ਭੇਟ ਕਰਨਾ......।'

—ਇਹਨਾਂ ਗੱਲਾਂ ਦਾ ਮੁਕੱਦਮੇ ਨਾਲ ਕੋਈ ਤਾਅਲੁੱਕ ਨਹੀਂ ਹੈ।' ਕਾਜ਼ੀ ਨੇ ਇਤਰਾਜ਼ ਕੀਤਾ।

—ਖ਼ਿਮਾ ਕਰਨਾ ਅਲੀਜਾਹ—।' ਆਖਦਾ ਦਰਬਾਰੀ ਵਕੀਲ ਸਿਰ ਝਕਾਕੇ ਚੁੱਪ ਹੋ ਗਿਆ।

—ਜਿਹੜੇ ਫਰਦ ਜੁਰਮ ਲਾਏ ਨੀ, ਹਕੂਮਤ ਕੋਲ ਇਹਨਾਂ ਦਾ ਕੋਈ ਸਬੂਤ ਹੈ ਵੇ ?' ਕਾਜ਼ੀ ਨੇ ਪੁੱਛਿਆ।

—ਇਹ ਸਾਰੇ ਸਬੂਤ ਹਾਸਲ ਕੀਤੇ ਨੇ ਅਲੀਜਾਹ, ਤਾਂ ਹੀ ਫਰਦ-ਜੁਰਮ ਤਿਆਰ ਕੀਤੀ ਏ।'

—ਗਵਾਹ ਹੈਗੇ ਨੇ ?'

—ਹਜ਼ੂਰ ਜੁਰਮ ਏਨੇ ਨੰਗੇ ਚਿੱਟੇ ਨੇ, ਗਵਾਹਾਂ ਦੀ ਲੋੜ ਈ ਕਾਈ ਨਹੀਂ।'

—ਲੋੜ ਹੈ ਗਵਾਹਾਂ ਦੀ। ਕਚਹਿਰੀ ਦਾ ਦਸਤੂਰ ਏ।' ਕਾਜ਼ੀ ਨੇ ਸਖ਼ਤੀ ਨਾਲ ਕਿਹਾ।

—ਅਲੀ ਜਾਹ, ਏਸ ਮੁਕੱਦਮੇ ਦਾ ਫੈਸਲਾ ਜਿੰਨੀ ਜਲਦੀ ਹੋਵੇ, ਉਨਾਂ ਹੀ ਹਕੂਮਤ ਦੇ ਹੱਕ ਵਿਚ ਏ। ਦੁੱਲੇ ਭੱਟੀ ਨੇ ਹਕੂਮਤ ਦੇ ਵਿਰੁਧ ਏਨੇ ਬਾਗ਼ੀ ਪੈਦਾ ਕਰ ਦਿੱਤੇ ਨੀ, ਹੁਣ ਤਾਂ ਇਹ ਸਾਡੇ ਵਿਹੜਿਆਂ ਵਿਚ ਵੜ੍ਹੇ ਬੈਠੇ ਨੀ। ਅੱਜ ਵੀ ਕੇ ਪਤਾ ਏਥੇ……।' ਦਰਬਾਰੀ ਵਕੀਲ ਕਚਿਹਰੀ ਵਿਚ ਬੈਠੇ ਮੁਹਤਬਰਾਂ ਵੱਲ ਝਾਕਦਾ ਚੁੱਪ ਹੋ ਗਿਆ।

ਕੁਝ ਦਰਬਾਰੀਆਂ ਦੇ ਚਿਹਰੇ ਬਿਨਾਂ ਮਤਲਬ ਤੋਂ ਡਰ ਨਾਲ ਪੀਲੇ ਪੈ ਗਏ। ਕੀ ਪਤਾ ਕਿਸਦਾ ਨਾਂ ਲੈ ਦਵੇ, ਜਾਂ ਕਿਸ ਉਪਰ ਸ਼ੱਕ ਹੋਵੇ। ਇਹ ਹਾਕਮ ਕੰਨਾਂ ਦੇ ਕੱਚੇ ਹੁੰਦੇ ਨੇ,…. ਸੋਚਦੇ ਕਈ ਏਥੋਂ ਚਲੇ ਜਾਣ ਦੀਆਂ ਤਰਕੀਬਾਂ ਸੋਚਣ ਲੱਗੇ।

—ਤੈਨੂੰ ਗਵਾਹਾਂ ਦੀ ਲੋੜ ਨਹੀਂ ਏ ?' ਕਾਜ਼ੀ ਨੇ ਦਰਬਾਰੀ ਵਕੀਲ ਵਲੋਂ ਤਸੱਲੀ ਕਰਨੀ ਚਾਹੀ।

—ਅਲੀ ਜਾਹ, ਏਸ ਮੁਕੱਦਮੇ ਲਈ ਮੈਨੂੰ ਗਵਾਹਾਂ ਦੀ ਲੋੜ ਨਹੀਂ।' ਆਖਕੇ ਦਰਬਾਰੀ ਵਕੀਲ ਨੇ, ਕਾਗਜ਼ਾਂ ਦਾ ਪੁਲੰਦਾ ਕਾਜ਼ੀ ਅੱਗੇ ਰੱਖ ਦਿੱਤਾ।

ਕੁਝ ਦੇਰ ਕਾਗਜ਼ਾਂ ਉਪਰ ਨਜ਼ਰ ਮਾਰਨ ਤੋਂ ਬਾਅਦ, ਕਾਜ਼ੀ ਨੇ ਸਭਨਾਂ ਵੱਲ ਝਾਕਦਿਆਂ ਪੁੱਛਿਆ—'ਇਹਨਾਂ ਮੁਜਰਿਮਾਂ, ਬਾਰੇ ਹਾਜ਼ਰੀਨ ਨੇ ਕੁਝ ਆਖਣਾ ਈ ?'

ਮਿਰਜ਼ਾ ਨਿਜਾਮੁਦੀਨ ਖੜ੍ਹਾ ਹੋਕੇ ਸਲਾਮ ਕਰਦਿਆਂ ਕਹਿਣ ਲੱਗਾ;

—ਕਾਜ਼ੀ ਸਾਹਬ, ਏਥੇ ਇਕ ਫ਼ਕੀਰ ਸਾਈਂ ਫਿਰਦਾ ਈ। ਕੀ ਨਾਂ ਏ, ਹੁਸੈਨ ਕਿ ਸ਼ਾਹ ਹੁਸੈਨ। ਉਹ ਅਵਾਮ ਨੂੰ ਹਕੂਮਤ ਵਿਰੁਧ ਭੜਕਾਂਦਾ ਈ। ਉਹਦੇ ਬੋਲਾਂ ਵਿਚੋਂ ਬਗਾਵਤ ਦੀ ਬੂਅ ਆਂਦੀ ਏ। ਨੱਥ ਪਾਓ ਉਸ ਨੂੰ ਹਜ਼ੂਰ। ਮਾੜੇ ਬੰਦਿਆਂ ਨਾਲ ਉਹਦਾ ਵੱਡਾ ਸਲੂਕ ਈ। ਵੱਡੀ ਗੱਲ ਇਹ ਵੇ, ਓਹਦੀ ਦੁੱਲੇ ਨਾਲ ਕੋਈ ਸਾਂਢ ਗਾਂਢ ਏ।'

—ਅਸਾਂ ਦੇਖਿਆ ਈ ਉਹ ਫ਼ਕੀਰ। ਏਥੇ ਲਾਹੌਰ ਦੀਆਂ ਗਲੀਆਂ ਵਿਚ ਨੱਚਦਾ ਗਾਂਵਦਾ ਫਿਰਦਾ ਹੁੰਦਾ ਏ ਸ਼ੌਦਾਈਆਂ ਵਾਂਗਰਾਂ। ਅਸਾਂ ਨੂੰ ਤਾਂ ਕੋਈ ਸ਼ੱਕ ਨਹੀਂ ਪਿਆ, ਮਾੜਿਆਂ ਬੰਦਿਆਂ ਨਾਲ ਉਹਦਾ ਵੱਡਾ ਸਲੂਕ ਈ।'

—ਅਲੀਜਾਹ, ਉਹਦੇ ਵਿਚੋਂ ਤਾਂ ਦੁੱਲਾ ਭੱਟੀ ਦੀ ਬੂ ਆਂਦੀ ਏ।'

—ਉਹ ਤਾਂ ਫ਼ੱਕਰ ਲੋਕ ਏ, ਅੱਲਾਹ ਦਾ ਬੰਦਾ।' ਕਾਜ਼ੀ ਆਖਿਆ।

—ਏਸ ਗੱਲ ਤੇ ਨਾ ਜਾਓ ਹਜ਼ੂਰ। ਉਹ ਦੁੱਲੇ ਭੱਟੀ ਦਾ ਬੰਦਾ ਈ ਨਹੀਂ ਏ, ਦੁੱਲਾ ਭੱਟੀ ਦੀ ਜੀਭ ਏ। ਆਖਦਾ ਏ, ਬਾਦਸ਼ਾਹਾਂ ਨੂੰ ਅੱਲਾਹ ਨਹੀਂ ਭੇਜਦਾ, ਇਹ ਜ਼ੋਰ-ਜ਼ੁਲਮ ਨਾਲ ਬਣਦੇ ਨੀ। ਜਿਸ ਹੱਥ ਡਾਂਗ ਏ, ਓਹੀ ਬਾਦਸ਼ਾਹ ਏ।'

ਨਿਜਾਮੁਦੀਨ ਦੀ ਗੱਲ ਸੁਣਕੇ ਸਾਰੇ ਪਾਸੇ ਚੁੱਪ ਛਾ ਗਈ।

ਸਿਰਫ਼ ਦੁੱਲੇ ਅਤੇ ਰਮਜ਼ੇ ਦੇ ਸੰਗਲਾਂ ਦੀ ਆਵਾਜ਼ ਚੁੱਪ ਤੋੜਦੀ ਸੀ।

ਵੇਖਣ ਨੂੰ ਦੁੱਲਾ ਪਹਿਲਾਂ ਨਾਲੋਂ ਹੌਸਲੇ ਵਿਚ ਸੀ, ਉਹ ਸੋਚ ਰਿਹਾ ਸੀ,—ਜੇ ਪਿਰਥਾ, ਗਾਹਣਾ, ਸਦੀਕ ਤੇ ਮੇਰੇ ਹੋਰ ਰੂੜੇ ਵਰਗੇ ਸਾਥੀ ਨਹੀਂ ਫੜੇ ਗਏ ਤਾਂ ਜੰਗ ਅਜੇ ਮੁੱਕੀ ਨਹੀਂ



ਏ। ਅਸੀਂ ਮੁਗਲਾਂ ਨੂੰ ਵਖ਼ਤ ਪਾਈ ਰੱਖਾਂਗੇ।…ਮਾਂ ਲੱਧੀ ਫੁੱਲਰਾਂ ਬੱਚੇ ਸਲਾਮਤ ਹੋਣਗੇ ? ਨੂਰਾਂ ਨੂੰ ਖ਼ਬਰ ਹੋ ਗਈ ਹੋਣੀ ਏ, ਮੈਂ ਧੋਖੇ ਨਾਲ ਫੜਿਆ ਗਿਆ ਹਾਂ……।

ਕਾਜ਼ੀ ਦੀ ਆਵਾਜ਼ ਨਾਲ ਦੁੱਲੇ ਦੀ ਸੋਚ ਭੰਗ ਹੋ ਗਈ।

—ਕਚਿਹਰੀ ਵਿਚ ਜੁੜੇ ਅਮੀਰ ਵਜ਼ੀਰ, ਦਰਬਾਰੀ ਕੀ ਇਹ ਖਵਾਹਿਸ਼ ਰਖਦੇ ਨੇ, ਸਾਈਂ ਹੁਸੈਨ ਨੂੰ ਪਕੜ ਲਿਆ ਜਾਵੇ ?' ਕਾਜ਼ੀ ਨੇ ਪੁੱਛਿਆ।

—ਅਲੀ ਜਾਹ ਕੀ ਸੋਚਦੇ ਨੇ ?' ਇਕ ਦਰਬਾਰੀ ਨੇ ਪੁੱਛਿਆ।

—ਅਸਾਂ ਨੂੰ ਤਾਂ ਉਹ ਅੱਲਾਹ ਦਾ ਬੰਦਾ ਜਾਪਦਾ ਏ।'

ਨਿਜਾਮੁਦੀਨ ਖੜ੍ਹਾ ਹੋ ਕੇ ਫਿਰ ਬੋਲਨ ਲੱਗਾ,—'ਹਜ਼ੂਰ ਇਹ ਦੁੱਲੇ ਭੱਟੀ ਨਾਲ ਮਿਲਿਆ ਹੋਇਆ ਈ। ਜਿਸ ਦਿਨ ਮੈਂ ਪਿੰਡੀ ਉੱਪਰ ਚੜ੍ਹਾਈ ਕੀਤੀ ਸਾਈ, ਇਹ ਹੁਸੈਨ ਉਦੋਂ ਵੀ ਦੁੱਲੇ ਭੱਟੀ ਕੋਲ ਠਹਿਰਿਆ ਹੋਇਆ ਸੀ। ਜੇ ਦੁੱਲਾ ਪਕੜਿਆ ਨਾ ਜਾਂਦਾ, ਇਹਨਾਂ ਦੋਹਾਂ ਰਲ ਕੇ ਮੁਗਲ ਹਕੂਮਤ ਦੇ ਪੈਰਾਂ ਹੇਠੋਂ ਜ਼ਮੀਨ ਪੋਲੀ ਕਰ ਛੱਡਣੀ ਸੀ। ਦੁੱਲਾ ਬਾਹਰੋਂ ਜ਼ੋਰ ਲਾਂਦਾ ਪਿਆ ਸੀ, ਤੇ ਉਸਨੇ ਤਕੜੀ ਫੌਜ ਜੋੜ ਰੱਖੀ ਸੀ। ਇਹ ਹੁਸੈਨਾ ਬੰਦੇ ਨੂੰ ਅੰਦਰੋਂ ਤੋੜਦਾ ਈ ਤੇ ਇਹਦਾ ਮੁਰਸ਼ਦ ਪਿੰਡੀ ਲਾਗੇ ਡੇਰਾ ਲਾਈ ਬੈਠਾ ਏ ਸ਼ਾਹ ਬਹਿਲੋਲ ਦਰਿਆਈ। ਉਹ ਬਾਦਸ਼ਾਹ ਨਾਲ ਕਿਸੇ ਗਲੋਂ ਨਾਰਾਜ਼ ਏ ਤੇ ਲਾਹੌਰ ਛੱਡ ਗਿਆ ਏ। ਸਾਡੇ ਕੋਲ ਪੱਕੀ ਇਤਲਾਹ ਏ ਇਹ ਤਿੰਨੋ ਜਣੇ ਮਿਲਕੇ ਲੋਕਾਂ ਨੂੰ ਅੰਦਰੋਂ ਬਾਹਰੋਂ ਤਖ਼ਤ ਦੇ ਵਿਰੁਧ ਬਗਾਵਤ ਕਰਨ ਲਈ ਤਿਆਰ ਕਰਨ ਲੱਗੇ ਹੋਏ ਨੇ। ਇਹ ਤਿਕੜੀ ਲਾਹੌਰ ਦਰਬਾਰ ਲਈ ਭਿਆਨਕ ਖਤਰੇ ਵਾਲੀ ਏ ਅਲੀਜਾਹ। ਇਹ ਆਖਦੇ ਨੇ, ਬਾਰ ਦੇ ਲੋਕ, ਆਜੜੀ, ਰਾਹਤ ਤੇ ਹੋਰ ਕੰਮੀਂ ਕਮਾਣ ਜੇ 'ਕੱਠੇ ਹੋ ਵੰਞਣ ਤਾਂ ਸ਼ਹਿਨਸ਼ਾਹ ਤੇ ਉਹਦੀਆਂ ਫੌਜਾਂ ਨੂੰ ਅੱਗੇ ਲਾ ਲੈਣ।'

—ਅਸਾਂ ਨੂੰ ਇਹ ਗੱਲਾਂ ਸੱਚ ਨਹੀਂ ਜਾਪਦੀਆਂ। ਅਸਾਂ ਨੂੰ ਤਾਂ ਲਗਦਾ ਏ ਸਾਈਂ ਦਾ ਸਿਰ ਤਵਾਜਨੋਂ ਉੱਕ ਗਿਆ ਹੋਇਆ। ਇਹਦਾ ਜ਼ਿਹਨ ਲੀਹੋਂ ਲਹਿ ਵੰਝਿਆ ਏ।' ਕਾਜ਼ੀ ਨੇ ਆਪਣੀ ਦਲੀਲ ਦਿੱਤੀ।

—ਹਜ਼ੂਰ ਇਜਾਜ਼ਤ ਹੋਵੇ ਤਾਂ ਅਰਜ਼ ਕਰਾਂ ?' ਇਕ ਹੋਰ ਦਰਬਾਰੀ ਉਠਿਆ।

—ਕਾਜ਼ੀ ਨੇ ਸਿਰ ਹਿਲਾ ਕੇ ਸਹਿਮਤੀ ਦਿੱਤੀ।

—ਮੈਨੂੰ ਸ਼ੱਕ ਏ ਹਜ਼ੂਰ, ਇਹ ਸਾਈਂ ਦੁੱਲੇ ਭੱਟੀ ਦਾ ਜਸੂਸ ਏ। ਦੋ ਤਿੰਨ ਦਿਨ ਪਹਿਲਾਂ ਹੀ ਉਹ ਦੁੱਲੇ ਭੱਟੀ ਨੂੰ ਮਿਲਕੇ ਗਿਆ ਏ। ਉਸਨੂੰ ਕਿਲ੍ਹੇ ਅੰਦਰ ਆਵਣ ਦੀ ਇਜਾਜ਼ਤ ਕਿਸਨੇ ਦਿੱਤੀ ? ਅਗਰ ਫ਼ਕੀਰ ਨੂੰ ਫੜ ਕੇ ਕਚਿਹਰੀ ਵਿਚ ਪੇਸ ਕੀਤਾ ਜਾਵੇ, ਕੋਈ ਸਾਜ਼ਿਸ਼ ਬੇ-ਨਕਾਬ ਹੋ ਸਕਦੀ ਏ।'

—ਸ਼ੱਕ-ਸ਼ੁਬਾਹ ਵਾਜਬ ਏ। ਹਕੂਮਤ ਦੇ ਖ਼ੈਰ-ਖਾਹ ਬੰਦਿਆਂ ਨੂੰ ਸ਼ੱਕ-ਸ਼ੁਬਾਹ ਕਰਨ ਦਾ ਹੱਕ ਏ। ਸਿਪਾਹ-ਸਾਲਾਰ-ਏ-ਆਜ਼ਮ ਆਪਣੇ ਸਿਪਾਹੀਆਂ ਨੂੰ ਕਹੋ, ਸਾਈਂ ਹੁਸੈਨ ਉਪਰ ਕਰੜੀ ਨਿਗਾਹ ਰੱਖਣ। ਇਹਤਿਆਤ ਰਹੇ, ਸਾਈਂ ਨੂੰ ਇਹਨਾਂ ਗੱਲਾਂ ਦੀ ਕੰਨਸੋਅ ਨਹੀਂ ਮਿਲਣੀ ਚਾਹੀਦੀ।……ਕਿਸੇ ਹੋਰ ਮੁਹਤਬਰ ਨੇ ਕੁਝ ਆਖਣਾ ਈ ?' ਕਾਜ਼ੀ ਨੇ ਫੇਰ ਸਭਨਾਂ ਵੱਲ ਨਿਗਾਹ ਮਾਰਦਿਆਂ ਪੁੱਛਿਆ।

ਸਾਰੇ ਚੁੱਪ ਰਹੇ।

—ਕਾਜ਼ੀ ਕੁਝ ਪਲ ਕਿਸੇ ਦੇ ਵੀ ਬੋਲਣ ਦੀ ਉਡੀਕ ਕਰਦਾ ਰਿਹਾ, ਫਿਰ ਖ਼ੁਦ ਬੋਲਿਆ;

—ਹੁਣ ਅਸੀਂ ਮੁਲਜ਼ਮਾਂ ਨੂੰ ਸਫਾਈ ਦਾ ਮੌਕਾ ਦੇਵਣਾ ਏ। ਉਹ ਆਪਣੀ ਹਿਫਾਜ਼ਤ ਲਈ ਕੁਝ ਆਖਣਾ ਚਾਹਵਣ ਤਾਂ ਇਜਾਜ਼ਤ ਏ।

ਕਾਜ਼ੀ ਦਾ ਇਸ਼ਾਰਾ ਪਾਕੇ ਚੋਬਦਾਰ ਦੁੱਲਾ ਭੱਟੀ ਕੋਲ ਕੁਰਾਨ ਸਰੀਫ ਲੈ ਕੇ ਗਿਆ ਤਾਂ ਦੁੱਲੇ ਨੇ ਸਹੁੰ ਚੁੱਕਣ ਤੋਂ ਸਿਰ ਫੇਰ ਦਿੱਤਾ।

—ਮੈਂ ਏਸ ਅਦਾਲਤ ਨੂੰ ਨਹੀਂ ਮੰਨਦਾ। ਮੈਂ ਬਾਦਸ਼ਾਹ ਦੀ ਕਚਿਹਰੀ ਦੇ ਅਸੂਲਾਂ 'ਤੇ ਥੁੱਕਨਾਂ ਵਾਂ। ਏਸ ਮਿਰਜ਼ਾ ਖ਼ਾਨ ਨੇ ਅਸਾਂ ਨਾਲ ਧ੍ਰੋਹ ਕੀਤਾ ਏ। ਹੁਣ ਵੀ ਅਸਾਂ ਨੂੰ ਨਿਆਂ ਮਿਲਣ ਦੀ ਕੋਈ ਆਸ ਨਹੀਂ ਏ। ਤੁਸਾਂ ਦਾ ਇਹ ਸਿਪਾਹ-ਸਾਲਾਰ ਦਗ਼ਾਬਾਜ਼ ਈ। ਏਸ ਨੇ ਮੇਰੀ ਮਾਂ ਦੇ ਪੈਰੀਂ ਸਿਰ ਰੱਖ ਕੇ ਆਪਣੀ ਜਾਨ ਦੀ ਭੀਖ ਮੰਗੀ ਸਾਈ। ਮੈਂ ਇਸਨੂੰ ਬਖ਼ਸ਼ ਦਿੱਤਾ। ਇਸਨੇ ਅਸਾਂ ਨਾਲ ਸਿਰੇ ਦਾ ਧੋਖਾ ਕੀਤਾ। ਫੇਰ ਵੀ ਹਕੂਮਤ ਸਾਨੂੰ ਖ਼ਤਰਨਾਕ ਸਮਝਦੀ ਏ ਤਾਂ ਫਾਹੇ ਲਾ ਸਕਦੀ ਏ। ਅਸੀਂ ਧਾਅੜੇ ਸੂਰਮੇ ਵਾਂਗ ਜਾਨ ਬਖਸ਼ੀ ਲਈ ਭੀਖ ਨਹੀਂ ਮੰਗਾਂਗੇ।' ਦੁੱਲੇ ਨੇ ਰੋਸ ਜ਼ਾਹਰ ਕਰਨ ਲਈ ਸੰਗਲ ਖੜਕਾਏ।

—ਕੁਝ ਹੋਰ ਆਖਣਾ ਈ ?' ਕਾਜ਼ੀ ਨੇ ਪੁੱਛਿਆ।

—ਮੈਂ ਜੋ ਆਖਣਾ ਸੀ, ਆਖ ਦਿੱਤਾ ਈ।'

—ਦੂਸਰਾ ਮੁਲਜ਼ਮ ਆਪਣੀ ਸਫਾਈ ਵਿਚ ਕੁਝ ਆਖਣਾ ਚਾਹੁੰਦਾ ਏ ?' ਕਾਜ਼ੀ ਨੇ ਰਮਜ਼ੇ ਵੱਲ ਝਾਕਦਿਆਂ ਪੁੱਛਿਆ।

—ਜੋ ਆਖਣਾ ਸੀ ਦੁੱਲੇ ਭੱਟੀ ਆਖ ਦਿੱਤਾ ਈ। ਮੇਰਾ ਵੀ ਬਿਆਨ ਉਹੀ ਏ।' ਰਮਜ਼ਾ ਰੁੱਖਾ ਜਿਹਾ ਬੋਲਿਆ।

—ਇਹ ਬਾਦਸ਼ਾਹ ਦੀ ਕਚਿਹਰੀ ਏ। ਏਥੇ ਹਰ ਇਕ ਨੂੰ ਆਪਣੀ ਗੱਲ ਆਖਣ ਦਾ ਹੱਕ ਏ। ਇਸ ਤੋਂ ਪਿਛੋਂ ਜ਼ਿਲਾਲਾ-ਏ-ਇਲਾਹੀ ਦੇ ਹੁਕਮਾਂ ਅਨੁਸਾਰ ਫੈਸਲਾ ਸੁਣਾਇਆ ਜਾਣਾ ਈ।' ਕਾਜ਼ੀ ਨੇ ਦੁੱਲੇ ਨੂੰ ਹੋਰ ਮੌਕਾ ਦਿੰਦਿਆਂ ਕਿਹਾ।

—ਦੁੱਲਾ ਭੱਟੀ ਤੇਰੀਆਂ ਬਾਦਸ਼ਾਹੀਆਂ ਤੋਂ ਬਾਹਰ ਏ। ਦੁੱਲਾ ਔਰ ਦੁੱਲੇ ਦੇ ਬੰਦਿਆਂ ਦੀ ਆਪਣੀ ਭੋਏਂ ਵੇ। ਉਥੇ ਤੇਰੇ ਸ਼ਹਿਨਸ਼ਾਹ ਦਾ ਦਖ਼ਲ ਨਹੀਂ ਏ। ਦੁੱਲਾ ਨਾ ਆਪ ਮੁਕੱਦਮਾ ਸੁਣਦਾ ਈ ਤੇ ਨਾ ਆਪ ਫੈਸਲਾ ਕਰਦਾ ਈ ਉਥੇ ਫੈਸਲੇ ਬਾਰ ਦੇ ਲੋਕ ਕਰਦੇ ਨੇ। ਅਸੀਂ ਲਾਹੌਰ ਦੀ ਬਾਦਸ਼ਾਹੀ ਨੂੰ ਨਹੀਂ ਮੰਨਦੇ। ਬੰਦੀਖ਼ਾਨੇ ਦੀਆਂ ਕੰਧਾਂ ਅੰਦਰ ਤੇਰਾ ਬਾਦਸ਼ਾਹ ਅਸਾਂ ਨੂੰ ਫਾਂਸੀ ਚਾੜ੍ਹ ਸਕਦਾ ਏ, ਪਰ ਉਹ ਸਾਡੀਆਂ ਖਾਹਸ਼ਾਂ ਨੂੰ ਸੰਗਲ ਨਹੀਂ ਮਾਰ ਸਕਦਾ।'

—ਤੂੰ ਸ਼ਹਿਨਸ਼ਾਹ-ਏ-ਹਿੰਦ ਨੂੰ ਨਹੀਂ ਮੰਨਦਾ ?' ਕਾਜ਼ੀ ਨੇ ਅੱਖਾਂ ਚੜ੍ਹਾਉਂਦਿਆਂ ਪੁੱਛਿਆ।

—ਮੈਂ ਖ਼ੁਦਾ ਤੋਂ ਬਿਨਾ ਹੋਰ ਕਿਸੇ ਨੂੰ ਸ਼ਹਿਨਸ਼ਾਹ ਨਹੀਂ ਮੰਨਦਾ। ਨਾ ਉਸਦੀ ਸਰਕਾਰ ਨੂੰ ਮੰਨਦਾ ਹਾਂ।'

—ਹੁਣ ਹਰ ਜਣਾ-ਖਣਾ ਆਪਣੀ ਸਰਕਾਰ ਬਣਾਏਗਾ ?' ਕਾਜ਼ੀ ਬੌਖਲਾ ਗਿਆ।

—ਹਰ ਜਣਾ ਖਣਾ ਨਹੀਂ ਕਾਜ਼ੀ ਸਾਹਬ, ਸਾਂਦਲ ਬਾਰ ਦੇ ਲੋਕ। ਸਾਂਦਲ ਬਾਰ ਦੇ ਸੂਰਮੇ ਤੇ ਉਹਨਾਂ ਵਿਚੋਂ ਖ਼ਾਸ ਕਰਕੇ ਦੁੱਲੇ ਦੇ ਬੰਦੇ ਆਪਣੀ ਸਰਕਾਰ ਆਪ ਬਨਾਣਗੇ। ਇਥੇ



ਨਾ ਗੋਲੀਆਂ ਹੋਣਗੀਆਂ, ਨਾ ਜੰਗਾਂ ਹੋਣਗੀਆਂ ਨਾ ਫਾਂਸੀਆਂ। ਨਾ ਤੇਰੇ ਵਾਂਗ ਗੈਰ-ਅਸੂਲਾਂ ਦੀਆਂ ਅਦਾਲਤਾਂ, ਨਾ ਬਰਬਾਦੀ ਨਾ ਤਬਾਹੀ, ਨਾ ਡੰਡੇ ਦੀ ਹਕੂਮਤ......।'

ਦੁੱਲੇ ਦੀਆਂ ਗੱਲ ਸੁਣਕੇ ਦਰਬਾਰੀ ਵਕੀਲ ਗੁੱਸੇ ਵਿਚ ਉੱਠ ਖੜ੍ਹਾ ਤੇ ਹੱਥ ਖੜ੍ਹਾ ਕਰਕੇ ਦੁੱਲੇ ਨੂੰ ਉਸਨੇ ਰੋਕਿਆ।

—ਅਲੀਜਾਹ ਇਹ ਦੁੱਲਾ ਭੱਟੀ ਬੜਾ ਬੇਲਿਹਾਜ ਮੁਲਜ਼ਮ ਏ। ਇਹ ਨਾ ਬਾਦਸ਼ਾਹ ਦੀ ਪਰਵਾਹ ਕਰਦਾ ਏ, ਨਾ ਫੌਜ ਦੀ। ਏਡਾ ਖ਼ਤਰਨਾਕ ਏ, ਜਦੋਂ ਦਾ ਬੰਦੀਖ਼ਾਨੇ ਪਾਇਆ ਏ ਕਿਸੇ ਪਹਿਰੇਦਾਰ ਨੇ ਅੱਖ ਨਹੀਓਂ ਲਾਈ। ਅਸਾਂ ਦੇ ਬਹੁਤੇ ਸਿਪਾਹੀ ਤਾਂ ਦੁੱਲੇ ਦੇ ਪਰਛਾਵੇਂ ਤੋਂ ਹੀ ਜੂਨ ਵਟਾ ਜਾਂਦੇ ਨੇ। ਦੁੱਲਾ ਭੱਟੀ ਕੀ ਏ ਤੇ ਏਸ ਦੇ ਮਨਸੂਬੇ ਕੀ ਨੇ, ਹਜ਼ੂਰ ਨੇ ਵੇਖ ਸੁਣ ਹੀ ਲਿਆ ਏ। ਆਫਰੀਨ ਏ ਸਿਪਾਹ-ਸਾਲਾਰ ਤੇ ਜਿਸਨੇ ਇਸਨੂੰ ਬੰਨ੍ਹ ਲਿਆਂਦਾ ਈ।'

—ਆਫਰੀਨ ਨਹੀਂ,ਲਾਹਣਤ ਏ ਏਸ ਸੂਰਮੇ ਉਪਰ।' ਦੁੱਲਾ ਨਿਜਾਮੁਦੀਨ ਵੱਲ ਕੌੜ ਨਾਲ ਝਾਕਿਆ। ਮਿਰਜ਼ਾ ਨੀਵੀਂ ਪਾ ਗਿਆ। —'ਏਸ ਨੇ ਅਸਾਂ ਨਾਲ ਠੱਗੀ ਮਾਰੀ ਏ। ਏਹ ਏਡਾ ਬਹਾਦਰ ਈ ਤਾਂ ਮੇਰੇ ਨਾਲ ਦੋ ਹੱਥ ਕਰਕੇ ਵੇਖ ਲਏ। ਮੇਰੇ ਸੰਗਲ ਵੀ ਬੱਧੇ ਰਹਿਣ ਏਦਾਂ ਈ। ਮੈਂ ਲਲਕਾਰਨਾ ਵਾਂ, ਅਦਾਲਤ ਸੁਣਦੀ ਏ।'

—ਇਹ ਬਾਦਸ਼ਾਹ ਦੀ ਕਚਿਹਰੀ ਏ, ਤੇਰੀ ਬਾਰ ਨਹੀਂ। ਮੁਲਜ਼ਮ ਨੂੰ ਕੋਈ ਹੱਕ ਹਾਸਲ ਨਹੀਂ ਇਸ ਤਰ੍ਹਾਂ ਦੀਆਂ ਬੇ-ਅਦਬ ਗੱਲਾਂ ਕਰਨ ਦਾ। ਏਸ ਤਰ੍ਹਾਂ ਦੀ ਫਿਰ ਹਮਾਕਤ ਕੀਤੀ ਤਾਂ ਮੈਂ ਜੀਭ ਛਿਕਵਾ ਦਿਆਂਗਾ।' ਕਾਜ਼ੀ ਨੇ ਧਮਕੀ ਦਿੱਤੀ।

—ਕਾਜ਼ੀ ਸਾਹਬ, ਖ਼ੁਦ ਆਖਨਾਂ ਏ, ਏਥੇ ਆਪਣੀ ਗੱਲ ਕਰਨ ਦਾ ਹੱਕ ਏ, ਖ਼ੁਦ ਈ ਆਖਨਾ ਏਂ ਬੋਲਣ 'ਤੇ ਜੀਭ ਛਿੱਕ ਦੇਣੀ ਊ। ਹਰ ਮੁਗਲ ਈ ਦੋ ਜੀਭਾਂ ਲਈ ਫਿਰਦਾ ਏ ?'

ਦੁੱਲੇ ਦੀਆਂ ਗੱਲਾਂ ਸੁਣਕੇ ਕਾਜ਼ੀ ਤੜਪ ਉਠਿਆ। ਕੋਤਵਾਲ ਵੱਲ ਝਾਕਿਆ। ਕੋਤਵਾਲ ਸਮਝ ਗਿਆ, ਉਸਨੇ ਝੱਟ ਚਾਰ ਸਿਪਾਹੀਆਂ ਨੂੰ ਦੁੱਲੇ ਦੇ ਪਿੱਛੇ ਖੜ੍ਹਨ ਲਈ ਇਸ਼ਾਰਾ ਕੀਤਾ।

—ਦੁੱਲੇ ਨੂੰ ਤੇਰੇ ਸਿਪਾਹੀਆਂ ਦਾ ਭੈਅ ਨਹੀਂ। ਬਾਰ ਦੀ ਪਿੰਡੀ ਉੱਜੜ ਗਈ ਏ ਇਹਦਾ ਦਾ ਰੰਜ ਨਹੀਂ। ਮੇਰੇ ਲੋਕ ਖੁੰਬਾਂ ਵਾਂਗ ਉਗਦੇ ਨੇ ਤੇ ਜਿੰਨਾ ਚਿਰ ਬਾਰ ਵਿਚ ਇਕ ਵੀ ਪੱਗ ਬੰਨਣ ਵਾਲਾ ਜੀਂਦਾ ਏ, ਉਹ ਤਖ਼ਤ ਲਾਹੌਰ ਨਾਲ ਲੜਨ-ਮਰਣ ਲਈ ਤਿਆਰ ਰਹੇਗਾ। ਬਾਰ ਵਿਚ ਅਜੇ ਬੜੇ ਦੁੱਲੇ ਜੀਂਦੇ ਨੀ।'

ਸੂਬੇਦਾਰ ਅਮੀਰ ਖਿਜਰ ਖਾਂ ਬਹਾਦਰ ਇਕ ਦਮ ਗੁੱਸੇ ਵਿਚ ਤਮਤਮਾਇਆ ਉਠ ਖੜ੍ਹਾ ਹੋਇਆ,—'ਕਾਜ਼ੀ ਸਾਹਬ ਇਹਨੂੰ ਕਹੋ ਆਪਣੀ ਜੀਭ ਨੂੰ ਬੰਨ੍ਹ ਮਾਰੇ। ਮੈਂ ਕੁਝ ਆਖਣ ਦੀ ਇਜਾਜ਼ਤ ਮੰਗਨਾਂ ਵਾਂ।'

—ਇਜਾਜ਼ਤ ਏ।' ਕਾਜ਼ੀ ਨੇ ਇਸ਼ਾਰੇ ਨਾਲ ਦੁੱਲੇ ਨੂੰ ਚੁੱਪ ਰਹਿਣ ਲਈ ਹਦਾਇਤ ਕੀਤੀ।

—ਕਾਜ਼ੀ ਸਾਹਬ, ਸ਼ਹਿਨਸ਼ਾਹ, ਮੰਜ਼ਿਲੋਂ-ਮੰਜ਼ਿਲ ਨੇੜੇ ਪਿਆ ਢੁੱਕਦਾ ਏ। ਅਸਾਂ ਨੂੰ ਫੈਸਲਾ ਕਰ ਲੈਣਾ ਚਾਹੀਦਾ ਏ। ਬਹੁਤਾ ਅਦਬ ਅਦਾਬ ਵਿਚ ਨਾ ਪਓ। ਇਹ ਜਾਂਗਲੀ ਲੋਕ ਅਦਾਲਤਾਂ ਦੇ ਦਸਤੂਰ ਅਸਲੂ ਜਾਣਦੇ ਵੀ ਨਹੀਓਂ। ਇਹਨਾਂ ਨੂੰ ਧਾੜਿਆਂ ਤੋਂ ਬਿਨਾਂ ਹੋਰ ਕੁਝ ਆਂਵਦਾ ਵੀ ਨਈਂ। ਇਹ ਲੋਕ ਜਾਂ ਮਰਨਾ ਜਾਣਦੇ ਨੇ ਮਰਨਾ। ਇਹਨਾਂ ਦੇ ਜਿਗਰੇ ਵਧ ਗਏ ਨੀ। ਸ਼ਹਿਨਸ਼ਾਹ ਨੂੰ ਇਹ ਸਮਝਦੇ ਮੰਨਦੇ ਨਹੀਂ। ਇਹ ਸਮਝਦੇ ਹੈਨ, ਬਾਦਸ਼ਾਹ

ਅਸਾਂ ਤੋਂ ਭੈਅ ਖਾਂਦਾ ਏ। ਮੈਨੂੰ ਯਾਦ ਏ ਇਕ ਵਾਰ ਬਾਦਸ਼ਾਹ ਨੇ ਆਖਿਆ ਸਈ......, ਇਹ ਬਾਰ ਦੇ ਲੋਕ ਨਿੱਕੇ ਮੋਟੇ ਧੜਵੈਲ ਹੈਗੇ ਨੇ। ਕਰਨ ਪਏ ਲੁੱਟਾਂ ਮਾਰਾਂ। ਅਸਾਂ ਲਈ ਕਰਨ ਵਾਲੇ ਹੋਰ ਵੱਡੇ ਕੰਮ ਪਏ ਨੇ। ਕਾਬਲ ਫਤਿਹ ਕਰਨਾ ਈ, ਕਸ਼ਮੀਰ ਫਤਿਹ ਕਰਨਾ ਈ। ਪਰ ਹੁਣ ਇਹਨਾਂ ਧਾੜਵੀਆਂ ਦੇ ਇਰਾਦੇ ਜਾਣਕੇ ਲਗਦਾ ਏ, ਅਸਾਂ ਤੋਂ ਕੁਤਾਹੀ ਹੋਈ ਏ। ਅਸਾਂ ਗ਼ਲਤ ਅਨੁਮਾਨ ਲਾਇਆ ਏ। ਇਹ ਧਾੜਵੀ ਨਹੀਂ ਹੈਗੇ। ਇਹ ਲੋਕ ਤਾਂ ਸ਼ਹਿਨਸ਼ਾਹ ਦੇ ਨਿਜ਼ਾਮ ਦੇ ਸਭ ਤੋਂ ਵੱਡੇ ਵੈਰੀ ਨੇ। ਲੁੱਕ-ਛਿੱਪ ਕੇ ਧਾੜੇ ਮਰਨਾ ਤਾਂ ਏਹਨਾਂ ਦਾ ਢੰਗ ਏ। ਅਸਲ ਵਿਚ ਇਹਨਾਂ ਦੀ ਅੱਖ ਤਖ਼ਤ ਲਾਹੌਰ ਉੱਪਰ ਏ। ਇਹ ਦੁੱਲਾ ਤਾਂ ਮੁਗਲ ਨਿਜ਼ਾਮ ਦੀਆਂ ਥੰਮ੍ਹੀਆਂ ਡੇਗਣ ਡਿਹਾ ਏ। ਇਹ ਦੁੱਲਾ ਤਾਂ ਬਾਦਸ਼ਾਹ ਦੇ ਦੀਨ ਤੋਂ ਵੀ ਨਾਬਰ ਏ। ਅਲੀ ਜਾਹ, ਹੁਣ ਗੱਲ ਏਨੀ ਵਧ ਗਈ ਏ, ਸਾਂਦਲ ਬਾਰ ਦੇ ਹਰ ਪਿੰਡ ਵਿਚੋਂ ਦੁੱਲਾ ਭੱਟੀ ਦੇ ਬੰਦਿਆਂ ਦੀ ਬੋਅ ਆਵਣ ਲੱਗੀ ਏ।'

—ਹੁਣ ਏਥੇ ਤਕਰੀਰਾਂ ਕਰਨ ਦਾ ਵੇਲਾ ਨਹੀਓਂ। ਕੋਤਵਾਲ ਜਾਂ ਸਿਪਾਹ- ਸਾਲਾਰ-ਏ ਆਜ਼ਮ ਕੁਝ ਆਖਣਾ ਚਾਹਵਦੇ ਹੋਣ ਤਾਂ ਆਖਣ।' ਕਾਜ਼ੀ ਦੇ ਬੋਲਾਂ ਵਿਚ ਹਾਕਮਾਨਾ ਲਹਿਜ਼ਾ ਸੀ।

ਕੋਤਵਾਲ ਉੱਠ ਖੜ੍ਹਾ।

—ਅਲੀ ਜਾਹ, ਫ਼ੱਕਰ ਲੋਕ ਸਾਈਂ ਹੁਸੈਨ ਲਈ, ਤਖਤ ਸ਼ਹਿਨਸ਼ਾਹ, ਅੱਲਾਹ ਔਰ ਲੋਕ ਸਭ ਇਕ ਨੇ। ਉਹ ਸਭਨਾਂ ਵਲੋਂ ਬੇਪਰਵਾਹ ਏ। ਉਸ ਲਈ ਕੋਈ ਫੁਰਮਾਨ ਜਾਰੀ ਕਰੋ, ਜੇ ਉਹ ਏਸੇ ਤਰ੍ਹਾਂ.....।'

ਕਾਜ਼ੀ ਨੇ ਟੋਕਿਆ—'ਏਸ ਤੋਂ ਅੱਗੇ ਕੁਝ ਨਹੀਂ ਆਖਣਾ।'.....ਤੇ ਉਸਨੇ ਹੱਥ ਦੇ ਇਸ਼ਾਰੇ ਨਾਲ ਕੋਤਵਾਲ ਨੂੰ ਚੁੱਪ ਕਰਵਾ ਦਿੱਤਾ।—'ਉਹ ਫ਼ਕੀਰ ਬੰਦਾ ਏ ਉਸਨੂੰ ਨਾ ਕਿਸੇ ਨਾਲ ਵੈਰ ਏ ਨਾ, ਦੋਸਤੀ ਏ। ਲੋਕ ਸਾਈਂ ਦੀਆਂ ਗੱਲਾਂ ਦਾ ਮਤਲਬ ਆਪਣੇ ਢੰਗ ਨਾਲ ਕਢਦੇ ਪਏ ਨੇ। ਮੈਨੂੰ ਯਕੀਨ ਏ, ਉਹ ਅਸਲ ਦਾ ਸਾਈਂ ਲੋਕ ਏ। ਉਹਦੇ ਬੋਲ ਸਾਡੇ ਅਦਬ ਦਾ ਵੱਡਾ ਸਰਮਾਇਆ ਨੇ। ਮੁਗਲ ਕੌਮ ਨੂੰ ਹੁਸੈਨ ਉਪਰ ਮਾਣ ਕਰਨਾ ਚਾਹੀਦਾ ਏ। ਉਹ ਜਿਧਰ ਜਾਂਵਦਾ ਏ, ਜੋ ਆਖਦਾ ਏ, ਸ਼ਾਇਰੀ ਕਰਦਾ ਏ, ਉਸ ਉੱਪਰ ਕੋਈ ਬੰਦਸ਼ ਨਹੀਂ ਏ। ਸ਼ਹਿਨਸ਼ਾਹ ਵਲੋਂ ਉਸਨੂੰ ਪੂਰੀ ਖੁਲ੍ਹ ਏ। ਉਹ ਤਾਂ ਥਾਂ ਥਾਂ ਤੋਂ ਮੰਗ ਕੇ ਟੁੱਕ ਖਾਂਦਾ ਏ। ਮੁਗਲ ਹਕੂਮਤ ਨੂੰ ਉਸ ਕੋਲੋਂ ਕੀ ਖ਼ਤਰਾ ਹੋ ਸਕਦਾ ਏ ? ਬੱਸ ਹੁਣ ਕੋਈ ਹੋਰ ਬਿਆਨਬਾਜ਼ੀ ਨਹੀਂ ਹੋਵੇਗੀ। ਹੁਣ ਤਾਂ ਮਸਲਾ ਫੈਸਲੇ ਦਾ ਈ।'

—ਅਸੀਂ ਫੈਸਲਾ ਸੁਣਨ ਲਈ ਕਾਹਲੇ ਹਾਂ ਕਾਜ਼ੀ ਸਾਹਬ।' ਇਕ ਦਰਬਾਰੀ ਨੇ ਖੜ੍ਹੇ ਹੁੰਦਿਆਂ ਅਦਬ ਨਾਲ ਕਿਹਾ।

ਕਾਜ਼ੀ ਕੁਝ ਦੇਰ ਹੱਥ ਵਿਚ ਫੜੇ ਕਾਗ਼ਜ਼ਾਂ ਦਾ ਥੱਬਾ ਇਧਰੋਂ ਉਧਰ ਪਲਟਕੇ ਪੜ੍ਹਨ ਦਾ ਵਿਖਾਵਾ ਕਰਦਾ ਰਿਹਾ। ਫਿਰ ਕਾਗਜ਼ ਇਕ ਪਾਸੇ ਰੱਖ ਕੇ ਸਭਨਾਂ ਵੱਲੇ ਮੁਖ਼ਾਤਿਬ ਹੁੰਦਿਆਂ, ਦੁੱਲੇ ਅਤੇ ਰਮਜ਼ੇ ਵੱਲ ਝਾਕ ਕੇ ਬੋਲਣ ਲੱਗਾ;

—ਦੁੱਲਾ ਭੱਟੀ ਔਰ ਉਸਦੇ ਬੰਦੇ ਸ਼ਹਿਨਸ਼ਾਹ ਦੀ ਹਕੂਮਤ ਦੇ ਸ਼ਰੀਕ ਨੇ। ਹੁਣ ਸ਼ਹਿਨਸ਼ਾਹ ਦੀ ਰਿਆਇਆ ਨੂੰ ਇਲਮ ਹੋ ਗਿਆ ਏ, ਦੁੱਲਾ ਭੱਟੀ ਆਪਣੇ ਅੰਦਰ ਏਡਾ ਹਨੇਰ ਲੁਕਾਈ ਫਿਰਦਾ ਏ। ਦੁੱਲੇ ਦਾ ਵੱਡਾ ਦੋਸ਼ ਇਹ ਈ, ਇਸਨੇ ਸਿੱਧੇ ਸਾਦੇ ਮਿਹਨਤ-ਕਸ਼ ਲੋਕਾਂ ਨੂੰ ਵਰਗਲਾ ਕੇ, ਉਹਨਾਂ ਦੇ ਹੱਥਾਂ ਵਿਚ ਹਥਿਆਰ ਦੇ ਛੱਡੇ ਨੇ। ਦੁੱਲਾ ਭੱਟੀ ਨੇ ਬਾਰ



ਦੇ ਲੋਕਾਂ ਨੂੰ ਹਕੂਮਤ ਦੇ ਬਾਗ਼ੀ ਔਰ ਮੁਲਕ-ਧ੍ਰੋਹੀ ਬਣਾ ਦਿੱਤਾ ਏ। ਹਕੂਮਤ ਲਈ ਦੁੱਲਾ ਭੱਟੀ ਔਰ ਇਸਦੇ ਬੰਦੇ ਵੱਡਾ ਖ਼ਤਰਾ ਈ। ਇਹ ਲੋਕ ਮੈਂ ਸਮਝਨਾਂ, ਇਹਨਾਂ ਨੂੰ ਬਾਗ਼ੀ, ਧਾੜਵੀ ਆਖਣਾ ਵਧੇਰੇ ਮੁਨਾਸਿਬ ਏ, ਕਿਸੇ ਵੇਲੇ ਵੀ ਲਾਹੌਰ ਉੱਪਰ ਚੜ੍ਹਾਈ ਕਰਕੇ, ਬਾਦਸ਼ਾਹ ਲਈ ਨਵੀਂ ਮੁਸੀਬਤ ਖੜ੍ਹੀ ਕਰ ਸਕਦੇ ਨੇ। ਇਹ ਜੁਰਤ ਬਹੁਤ ਵੱਡਾ ਗੁਨਾਹ ਏ ਤੇ ਨਾ ਕਾਬਿਲ-ਏ- ਬਰਦਾਸ਼ਤ ਏ। ਚੁੰਨਾ-ਚਿ ਫੈਸਲਾ, ਮੁਕੱਦਮਾ ਸਰਕਾਰ ਬਨਾਮ ਦੁੱਲਾ ਭੱਟੀ ਵਲਦ ਫ਼ਰੀਦ ਭੱਟੀ ਵਲਦ ਸਾਂਦਲ ਭੱਟੀ, ਕੁਲ ਗਵਾਹੀਆਂ ਨੂੰ ਘੋਖ ਪਰਖ ਕਰਕੇ, ਕੁੱਲ ਸਬੂਤ ਭਾਲ ਕੇ, ਮੈਂ ਕਾਜ਼ੀ ਮਹੀਓਦੀਨ ਵਲਦ ਸਫੀਓਦੀਨ ਕਾਜ਼ੀ ਇਲਤ-ਜ਼ਾਤ, ਏਸ ਨਤੀਜੇ 'ਤੇ ਪੁੱਜਿਆ ਹਾਂ....ਮੁਲਜ਼ਮ ਦੁੱਲਾ ਭੱਟੀ, ਉੱਪਰ ਜੋ ਜੁਰਮ ਲਾਏ ਹਨ, ਸਾਰੇ ਸਾਬਤ ਹੁੰਦੇ ਹਨ। ਹਕੂਮਤ ਵਾਸਤੇ ਔਰ ਮੁਲਕ ਵਾਸਤੇ, ਏਥੋਂ ਦੀ ਵਸਨੀਕਾਂ ਵਾਸਤੇ, ਦੀਨ ਇਲਮ, ਈਮਾਨ ਔਰ ਤਹਿਜ਼ੀਬ ਵਾਸਤੇ, ਦੁੱਲੇ ਭੱਟੀ ਦਾ ਜਿਉਂਦਾ ਰਹਿਣਾ ਵੱਡਾ ਖ਼ਤਰਾ ਏ। ਲਿਹਾਜ਼ਾ ਦੁੱਲੇ ਭੱਟੀ ਨੂੰ ਸਜ਼ਾ-ਏ-ਮੌਤ ਦਿੱਤੀ ਜਾਂਦੀ ਏ, ਜੋ ਲਾਹੌਰ ਦੀ ਖ਼ਲਕਤ ਦੇ ਰੂ-ਬਰੂ ਮੈਦਾਨ-ਏ ਨਖਾਸ ਵਿਚ ਸੂਲੀ ਉੱਪਰ ਚਾੜ੍ਹ ਕੇ ਦਿੱਤੀ ਜਾਵੇਗੀ, ਤਾਂ ਜੋ ਲੋਕਾਂ ਦਿਆਂ ਦਿਲਾਂ ਅੰਦਰ ਦੁੱਲਾ ਦਾ ਖ਼ੌਫ ਤੇ ਬੇ-ਯਕੀਨੀ ਨਿਕਲ ਵੰਞੇ।'.....

ਸਾਰੇ ਦਰਬਾਰੀ, ਅਮੀਰ ਵਜ਼ੀਰ ਤੇ ਹੋਰ ਖਾਮੋਸ਼ ਬੈਠੇ, ਬੁੱਤ ਬਣੇ ਸੁਣ ਰਹੇ ਸਨ। ਕਈਆਂ ਨੇ ਤਾਂ ਆਪਣੇ ਸਾਹ ਵੀ ਰੋਕੇ ਹੋਏ ਸਨ।

—ਦੂਜਾ ਮੁਜਰਿਮ......' ਕਾਜ਼ੀ ਦਾ ਫੁਰਮਾਨ ਜ਼ਾਰੀ ਰਿਹਾ.....'ਰਮਜ਼ਾ ਵਲਦ ਨਾ-ਮੂਲਮ ਏਸ ਨੂੰ ਪੰਜਾਬ ਦੀ ਧਰਤੀ ਤੋਂ ਜਲਾਵਤਨ ਕਰ ਦਿੱਤਾ ਜਾਂਦਾ ਏ। ਰਮਜ਼ਾ ਨੂੰ ਜੀਂਵਦੇ ਜੀ ਏਧਰ ਪੰਜਾਬ ਵੱਲ ਆਵਣ ਦੀ ਮਨਾਹੀ ਏ। ਸਿਪਾਹ-ਸਾਲਾਰ-ਏ-ਆਜ਼ਮ ਅਤੇ ਕੋਤਵਾਲ ਦੇ ਸਿਪਾਹੀ ਆਪਣੀ ਨਿਗਰਾਨੀ ਹੇਠ ਰਮਜ਼ਾ ਨੂੰ ਦਿਨ ਚੜ੍ਹੇ ਸਾਰ ਬੰਦੀਖ਼ਾਨੇ ਵਿਚੋਂ ਲੈ ਵੰਞਣਗੇ ਔਰ ਪੰਜਾਬ ਦੀ ਧਰਤੀ ਤੋਂ ਬਾਹਰ ਕੱਢ ਆਵਣਗੇ। ਅਗਰ ਰਮਜ਼ਾ, ਪੰਜਾਬ ਵੱਲ ਆਵਣ ਦੀ ਜੁਅਰਤ ਕਰੇਗਾ ਤਾਂ ਉਸਦਾ ਸਿਰ ਕਲਮ ਕਰ ਦਿੱਤਾ ਜਾਏਗਾ। ਜ਼ਿਲਾਲਾਹੇ-ਇਲਾਹੀ ਸ਼ਹਿਨ ਸ਼ਾਹ-ਏ-ਹਿੰਦ ਮਹਾਨ ਅਕਬਰ ਦੇ ਲਾਹੌਰ ਪੁੱਜਦਿਆਂ ਹੀ, ਦੁੱਲੇ ਭੱਟੀ ਨੂੰ ਖ਼ਲਕਤ ਦੇ ਰੂ-ਬ-ਰੂ ਸੂਲੀ ਚਾੜ੍ਹਿਆ ਜਾਵੇ। ਲਾਹੌਰ ਵਿਚ ਅਮਨ ਅਮਾਨ ਰੱਖਣ ਦਾ ਕੰਮ ਕੋਤਵਾਲ ਔਰ ਸਿਪਾਹ-ਸਾਲਾਰ-ਏ ਆਜ਼ਮ ਦਾ ਏ।'.....

ਕਾਜ਼ੀ ਚੁੱਪ ਹੋ ਗਿਆ ਤੇ ਉਸਨੇ ਆਪਣੀ ਕਲਮ ਤੋੜ ਦਿੱਤੀ।

ਫਿਰ ਕੁਝ ਪਲ ਬਾਅਦ ਬੋਲਿਆ—'ਅਦਾਲਤ ਬਰਖ਼ਾਸਤ।' ਤੇ ਕੁਰਸੀ ਉਪਰੋਂ ਉੱਠ ਖੜ੍ਹਾ।

ਸਾਹਮਣੇ ਬੈਠੇ ਬੁੱਤਾਂ ਵਿਚ ਵੀ ਅਚਾਨਕ ਹਰਕਤ ਹੋਈ ਤੇ ਉਠਕੇ ਸਲਾਮਾਂ ਕਰਨ ਲੱਗੇ।

ਦੁੱਲਾ ਅਤੇ ਰਮਜ਼ਾ ਇਕ ਦੂਜੇ ਵੱਲ ਡਾਹਢੇ ਪਰਛਤਾਵੇ ਅਤੇ ਦੁੱਖ ਨਾਲ ਝਾਕੇ। ਰਮਜ਼ੇ ਆਖਿਆ ਉੱਚੀ ਆਵਾਜ਼ ਵਿਚ—'ਦੁੱਲੇ ਭਰਾ ਤੂੰ ਏਸ ਸੂਅਰ ਨੂੰ ਆਪਣਾ ਭਰਾ ਆਖਿਆ ਸਈ ?' ਉਹ ਨਿਜਾਮੁਦੀਨ ਵੱਲ ਕੌੜ ਨਾਲ ਝਾਕਿਆ।

ਉਦੋਂ ਹੀ ਕੁਝ ਸਿਪਾਹੀ ਉਹਨਾਂ ਨੂੰ ਬੰਦੀਖਾਨੇ ਵੱਲ ਖਿੱਚ ਕੇ ਲੈ ਜਾਣ ਲੱਗੇ।

## 50.

ਕਾਜ਼ੀ ਦਾ ਫੈਸਲਾ, ਲਾਹੌਰ ਦੀਆਂ ਗਲੀਆਂ ਵਿਚੋਂ ਦੀ ਹੁੰਦਾ ਮੂੰਹੋਂ-ਮੂੰਹ ਚੜ੍ਹਦਾ, ਸਾਂਦਲ ਬਾਰ ਤੱਕ ਫੈਲ ਗਿਆ। ਲੋਕ ਡਰਨ ਦੀ ਥਾਵੇਂ ਲਾਹੌਰ ਵੱਲ ਚੱਲ ਪਏ।

ਲਾਹੌਰ ਦੀਆਂ ਗਲੀਆਂ ਵਿਚ ਤਾਂ ਢੰਡੋਰਾ ਪਿਟਿਆ ਜਾਣ ਲੱਗਾ।

'ਬਾ-ਹੁਕਮ ਸ਼ਹਿਨਸ਼ਾਹ-ਏ-ਹਿੰਦ, ਲਾਹੌਰ ਦੇ ਵਾਸੀਆਂ ਨੂੰ ਇਕ ਖ਼ਾਸ ਖੁਸ਼ੀ ਦੀ ਖ਼ਬਰ ਸੁਣਾਈ ਜਾਂਦੀ ਏ। ਸਾਂਦਲ ਬਾਰ ਦੇ ਬਾਗ਼ੀ, ਧਾੜਵੀ, ਲੁਟੇਰੇ ਦੁੱਲਾ ਭੱਟੀ ਨੂੰ ਮੈਦਾਨ-ਏ-ਨਖ਼ਾਸ ਵਿਚ, ਸ਼ਹਿਨਸ਼ਾਹ ਦੇ ਲਾਹੌਰ ਪੁੱਜਣ ਤੇ, ਉਸੇ ਦਿਨ ਪਿਛਲੇ ਪਹਿਰ, ਸ਼ਰੇ-ਆਮ ਸੂਲੀ ਉਪਰ ਚਾੜ੍ਹਿਆ ਜਾਵੇਗਾ। ਇਹ ਤਮਾਸ਼ਾ ਵੇਖਣ ਵਾਲਾ ਹੋਵੇਗਾ।

ਢੰਡੋਰਚੀ ਦੁਆਲੇ ਲੋਕਾਂ ਅਤੇ ਬਾਲਾਂ ਦੀ ਭੀੜ ਜੁੜਨ ਲੱਗੀ। ਉਹ ਜਿਧਰ ਵੀ ਜਾਂਦਾ, ਰਿੱਛ ਵਾਲੇ ਮਦਾਰੀ ਵਾਂਗ ਭੀੜ ਉਸਦੇ ਪਿੱਛੇ ਹੁੰਦੀ।

ਲਾਹੌਰ ਦੀ ਇਕ ਸੜਕ ਕਿਨਾਰੇ, ਸ਼ਾਹ ਹੁਸੈਨ ਤੇ ਮਾਧੋ ਲਾਲ ਬਾਦਸ਼ਾਹ ਦਾ ਐਲਾਨ ਸੁਣਕੇ ਗਾਉਣ ਤੇ ਨੱਚਣ ਲੱਗੇ;

ਕਦੀ ਸਮਝ ਨਿਦਾਨਾ,
ਘਰ ਕਿਥੇ ਈ ਸਮਝ ਨਿਦਾਨਾ।
ਆਪ ਕਮੀਨਾ ਤੇਰੀ ਅਕਲ ਕਮੀਨੀ,
ਕਉਣ ਕਹੇ ਤੂੰ ਦਾਨਾ,
ਇਹਨੀਂ ਰਾਹੀਂ ਜਾਂਦੇ ਡਿਠੜੇ,
ਮੀਰ ਮਲਕੁ ਸੁਲਤਾਨਾ!.....ਕਦੀ ਸਮਝ ਨਿਦਾਨਾ.....ਘਰ ਕਿਥੇ ਈ....

ਢੰਡੋਰਚੀ ਆਪਣਾ ਢੰਡੋਰਾ ਪਿੱਟ ਰਿਹਾ ਸੀ। ਸ਼ਾਹ ਹੁਸੈਨ ਤੇ ਮਾਧੋ ਲਾਲ ਆਪਣੇ ਰੰਗ ਵਿਚ ਆਏ ਹੋਏ ਸਨ। ਭੀੜ ਦੋਵੀਂ ਪਾਸੀਂ ਜੁੜਨ ਲੱਗੀ।

ਕਿਲ੍ਹੇ ਵਾਲੇ ਪਾਸਿਓਂ ਕੁਝ ਸਿਪਾਹੀ ਆਏ ਤੇ ਉਹਨਾਂ ਸ਼ਾਹ ਹੁਸੈਨ ਨੂੰ ਘੇਰਾ ਪਾ ਲਿਆ।

—ਸਾਈਂ ਲੋਕਾ, ਕੋਤਵਾਲ ਸਾਹਬ ਤੈਨੂੰ ਕੱਲ੍ਹ ਦਾ ਲੱਭਦਾ ਪਿਐ।' ਇਕ ਸਿਪਾਹੀ ਨੇ ਰੋਹਬ ਨਾਲ ਬੈਂਤ ਦਾ ਡੰਡਾ ਧਰਤੀ ਉਪਰ ਮਾਰ ਕੇ ਖੜਕਾਇਆ।

—ਹੁਣ ਤਾਂ ਮੇਰੇ ਕੋਲ ਖਰਬੂਜ਼ੇ ਮੁੱਕ ਗਏ ਨੇ।' ਸ਼ਾਹ ਹੁਸੈਨ ਹੱਸਿਆ।

—ਕਿਹੜੇ ਖਰਬੂਜ਼ੇ ?' ਸਾਰੇ ਸਿਪਾਹੀ ਹੈਰਾਨ ਹੋਏ।

—ਧਾਅਡੇ ਕੋਤਵਾਲ ਨੂੰ ਮੁੰਡਾ ਦੇਵਣ ਵਾਲੇ।'

—ਸਰਕਾਰੀ ਬੰਦਿਆਂ ਨੂੰ ਮਖੌਲ ਕਰਨਾ ਏਂ ? ਕੋਤਵਾਲ ਦਾ ਹੁਕਮ ਏ, ਫ਼ਕੀਰ ਜਿਥੇ ਵੀ ਮਿਲੇ, ਚੁੱਕ ਲਿਆਓ। ਹੁਣ ਦੱਸ, ਆਪਣੇ ਪੈਰੀਂ ਜਾਣਾ ਏ ਕਿ.....।'



—ਮਾਧੋ ਮੇਰੇ ਅਜ਼ੀਜ ਤੂੰ ਏਥੇ ਈ ਬਹਿ ਰਹੁ, ਮੈਂ ਝੱਟ-ਬਿੰਦ 'ਚ ਮੁੜ ਆਣਾ ਈ।' ਤੇ ਸ਼ਾਹ ਹੁਸੈਨ ਸਿਪਾਹੀਆਂ ਦੇ ਪਿੱਛੇ ਹੋ ਤੁਰਿਆ।

****

ਸ਼ਾਹ ਹੁਸੈਨ ਨੂੰ ਵੇਖਦਿਆਂ ਹੀ ਕੋਤਵਾਲ ਨੇ ਮੁੱਛਾਂ ਨੂੰ ਤਾਅ ਦਿੰਦਿਆਂ ਦਬਕਾ ਮਾਰਿਆ,—'ਫ਼ੱਕਰ ਲੋਕਾ, ਹਾਕਮਾਂ ਨੂੰ ਵੀ ਚਕਮਾ।'

ਸ਼ਾਹ ਹੁਸੈਨ ਮਚਲਾ ਬਣਕੇ ਗਾਉਣ ਲੱਗਾ;

ਨੀ ਸਈਓ ਅਸੀਂ ਨੈਣਾਂ ਦੇ ਆਖੇ ਲੱਗੇ
ਜਿਨ੍ਹਾਂ ਪਾਕ ਨਿਗਾਹਾਂ ਹੋਈਆਂ.......

—ਬੰਦ ਕਰ ਸਾਈਂ ਲੋਕਾ।' ਕੋਤਵਾਲ ਘੁਰਕਿਆ।

ਸ਼ਾਹ ਹੁਸੈਨ ਝੱਟ ਰੁਕ ਗਿਆ।

—ਤੈਂ ਆਖਿਆ ਸੀ, ਦੋ ਦਿਨ ਠਹਿਰ ਕੇ ਦੁੱਲੇ ਦਾ ਸਿਰ ਟਿਕਾਣੇ ਆ ਵੰਞੇਗਾ ਤੇ ਫਿਰ ਬਾਗੀਆਂ ਦੇ ਨਾਵਾਂ ਦੀ ਫਰਿਸਤ.....

ਮਲਾਮਤ ਏ ਫਕੀਰਾਂ ਨੂੰ, ਮੈਂ ਤੇ ਭੁੱਲ ਬੈਠਾਂ। ਚਾਹੇਂ ਤਾਂ ਏਸ ਮਲੰਗ ਨੂੰ ਵੀ ਦੁੱਲੇ ਭੱਟੀ ਦੇ ਨਾਲ ਈ ਸੂਲੀ ਚਾੜ੍ਹ ਛੱਡ। ਮਿਜ਼ਾਜੀ ਬੰਦਿਆਂ ਵਾਂਗਰਾਂ ਯਾਦ ਵੀ ਨਹੀਂ ਰਹਿੰਦਾ। ਆਖਕੇ ਸ਼ਾਹ-ਹੁਸੈਨ ਲਾਪਰਵਾਹੀ ਨਾਲ ਸਿਰ ਖੁਰਕਣ ਲੱਗਾ।

ਯਾਦ ਕਰਾਵਣਾ ਤਾਂ ਸਾਨੂੰ ਖੂਬ ਆਂਵਦਾ ਈ। ਨੀਂਦ ਵਿਚ ਪਿਆ ਬੰਦਾ ਵੀ ਨਹੀਂ ਭੁੱਲਦਾ ਸਾਈਂ ਲੋਕਾ।' ਕੋਤਵਾਲ ਨੇ ਫਿਰ ਮੁੱਛਾਂ ਨੂੰ ਤਾਅ ਦਿੱਤਾ।

—ਉੱਚੇ ਮਰਾਤਬੇ 'ਤੇ ਬੈਠਾ ਏਂ ਸਰਕਾਰ, ਜੋ ਮਰਜ਼ੀ ਪਿਆ ਆਖ। ਉਚਾਈ ਉਪਰ ਬੈਠਿਆਂ ਦੇ ਬੋਲਣ ਦਾ ਮੁੱਲ ਹੁੰਦਾ ਵੇ। ਉੱਚੇ ਥਾਂ ਖੜੋਤਾ ਬੰਦਾ, ਨਿੱਕਾ ਜਿਹਾ ਰੋੜਾ ਵੀ ਪਾਣੀ ਵਿਚ ਸੁੱਟਦਾ ਏ ਤਾਂ ਬਹੁਤ ਪਾਣੀ ਹਿਲਾਉਂਦਾ ਵੇ। ਤੇਰੇ ਆਖਣ ਦਾ ਵਜ਼ਨ ਏ। ਅਸਾਂ ਫ਼ਕੀਰਾਂ ਤਾਂ ਅੱਲਾਹ ਦਾ ਨਾਮ ਈ ਰਾਵਣਾ ਏ, ਜਾਗਦਿਆਂ ਰਾਵੀਏ ਚਾਹੇ ਨੀਂਦਰੀਂ ਪਏ ਰਾਵੀਏ। ਇਕ ਗੱਲ ਏ, ਜੇ ਕਹਵੇਂ ਤਾਂ ਦੁੱਲੇ ਪਾਸੋਂ ਹੁਣ ਬਾਗੀਆਂ ਦੀਆਂ ਰਮਜ਼ਾਂ ਕੱਢ ਲੈਨੇ ਆਂ। ਏਹੀ ਵੇਲਾ ਈ, ਬਾਹਰ ਤੇ ਢੰਡੋਰਾ, ਪਿੱਟਦਾ ਪਿਆ ਤੇਰਾ ਬੰਦਾ, ਦੁੱਲੇ ਨੂੰ ਸੂਲੀ ਚਾੜ੍ਹ ਦੇਣਾ ਈ, ਵੇਲਾ ਖੁੰਝ ਗਿਆ ਤਾਂ ਬਾਗ਼ੀਆਂ ਦੀਆਂ ਰਮਜ਼ਾਂ ਵਿਚ ਨਾਲ ਈ ਸੂਲੀ ਚੜ੍ਹ ਜਾਣੀਆਂ।

ਕੋਤਵਾਲ ਸੋਚੀਂ ਪੈ ਗਿਆ।

—ਹਾਂ ਤੇਰਾ ਸੋਚਣਾ ਬਣਦਾ ਈ।' ਸ਼ਾਹ ਹੁਸੈਨ ਹੱਸਿਆ।

—ਕਿਉਂ ਭਲਾ ?' ਕੋਤਵਾਲ ਹੈਰਾਨ ਹੋਇਆ।

—ਉੱਚੇ ਰੁਤਬਿਆਂ ਵਾਲਿਆਂ ਔਰ ਮਹਿਲਾਂ ਨੇ ਸੋਚਣਾ ਹੁੰਦਾ ਈ।'

—ਸੋਚਨਾਂ ਪਿਆਂ, ਕਾਜ਼ੀ ਨੇ ਫਾਂਸੀ ਲੱਗੇ ਬੰਦੇ ਨਾਲ ਮਿਲਣ ਦੀ ਮਨਾਹੀ ਕੀਤੀ ਏ।'

—ਕਾਜ਼ੀ ਦੇ ਆਖੇ ਲੱਗ ਜਾਂ ਸਾਈ ਦੇ ਆਖੇ ਲੱਗ ਜੇ ਕੋਈ ਫੈਸਲਾ ਨਹੀਂ ਪਿਆ ਹੁੰਦਾ ਤਾਂ ਜਾਣਦੇ ਮੈਨੂੰ।' ਸਾਈਂ ਉਠ ਕੇ ਤੁਰ ਪਿਆ।

ਕੋਤਵਾਲ ਵੀ ਫੁਰਤੀ ਨਾਲ ਉਠਿਆ। ਸਾਈਂ ਨੂੰ ਅੱਗੇ ਹੋ ਕੇ ਵਲ ਲਿਆ;

—ਚੱਲ ਆ ਸਾਈਂ ਲੋਕਾ।'

ਤੇ ਦੋਵੇਂ ਕਿਲ੍ਹੇ ਦੇ ਅੰਦਰ ਬੰਦੀਖ਼ਾਨੇ ਵੱਲ ਤੁਰ ਪਏ।

* * * *

ਬੰਦੀਖ਼ਾਨੇ ਦੀ ਕੋਠੜੀ ਵਿਚ ਦੁੱਲਾ ਭੱਟੀ ਦੁਆਲੇ ਸਖ਼ਤ ਪਹਿਰਾ ਸੀ। ਕੋਠੜੀ ਦੇ ਅੰਦਰ ਵੀ ਉਸਨੂੰ ਬੇੜੀਆਂ ਪਾਈਆਂ ਹੋਈਆਂ ਸਨ। ਸਾਈਂ ਸ਼ਾਹ-ਹੁਸੈਨ ਨੂੰ ਵੇਖ ਕੇ ਕੋਤਵਾਲ ਦੇ ਇਸ਼ਾਰੇ 'ਤੇ ਪਹਿਰੇਦਾਰ ਥੋੜ੍ਹਾ ਪਿਛਾਂਹ ਹਟ ਗਏ।

ਸਾਈਂ ਨੂੰ ਵੇਖਦਿਆਂ ਹੀ ਦੁੱਲਾ ਕਾਹਲੀ ਨਾਲ ਉਠਕੇ ਸੀਖਾਂ ਵਾਲੇ ਦਰਵਾਜ਼ੇ ਕੋਲ ਆਇਆ ਤੇ ਉਸ ਵੱਲ ਬੇਬਸੀ ਨਾਲ ਤੱਕਣ ਲੱਗਾ।

—ਕੁੱਤਿਆਂ ਬੜੇ ਤਸੀਹੇ ਦਿੱਤੇ ਨੀ ਦੁੱਲਿਆ ?' ਪੁਛਦਿਆਂ ਸਾਈਂ ਦਾ ਚਿਹਰਾ ਪੀੜਾਂ ਨਾਲ ਭਰ ਗਿਆ।

—ਤਸੀਹਿਆਂ ਦੀ ਪੀੜ ਨਾਲੋਂ, ਠੱਗੀ ਨਾਲ ਫੜੀਚੇ ਜਾਣ ਦੀ ਵਧੇਰੇ ਪੀੜ ਏ ਸਾਈਂ ਲੋਕਾ। ਪਿੰਡੀ ਦਾ ਹਾਲ ਸੁਣਾ।' ਦੁੱਲੇ ਨੇ ਆਪਨੇ ਜ਼ਖ਼ਮ ਛੁਪਾਉਂਦਿਆਂ ਪੁੱਛਿਆ।

—ਪਿੰਡੀ ਉੱਜੜ ਗਈ ਏ ਦੁੱਲਿਆ। ਪਿੰਡੀ ਦਾ ਮੌਲਵੀ ਤੇ ਚੌਧਰੀ ਏਥੇ ਲਾਹੌਰ ਆਏ ਹੋਏ ਨੇ। ਉਹਨਾਂ ਨੂੰ ਤੇਰੀ ਸਜ਼ਾ ਦਾ ਪਤਾ ਚੱਲ ਗਿਆ ਏ। ਤੇਰੀ ਮਾਉਂ ਲੱਧੀ ਆਪਨੇ ਪੇਕੜੇ ਵੰਞ ਗਈ ਏ। ਨੂਰਾ ਅਜੇ ਵੀ ਗੁੰਮ ਏ। ਮੇਹਰ ਖਾਨ ਤੇ ਫਕੀਰ ਹੋਇਆ ਫਿਰਦਾ ਏ। ਉਸਨੇ ਚੋਲਾ ਪਾ ਲਿਆ ਈ।'

—ਤੇ ਫੁੱਲਰਾਂ ਮੇਰੀ ਬੀਵੀ, ਸਲੇਮੋ ਬਖ਼ਤੋ ਮੇਰੀਆਂ ਧੀਆਂ ਮੇਰੀ ਨੂੰਹ ?'

—ਤੇਰੀ ਬੇਗ਼ਮ ਵੀ ਆਪਣੀਆਂ ਧੀਆਂ ਅਰ ਨੂੰਹ ਨੂੰ ਲੈ ਕੇ ਪਿੰਡੀ ਛੱਡ ਗਈ ਏ।'

—ਬਾਰ ਦੇ ਲੋਕਾਂ ਦਾ ਕੀ ਹਾਲ ਏ ?' ਦੁੱਲੇ ਨੇ ਦੁੱਖੀ ਹੋ ਕੇ ਪੁੱਛਿਆ।

—ਏਨਾ ਦੁੱਖੀ ਨਾ ਹੋ ਦੁੱਲਿਆ। ਬਾਜ਼ੀ ਅਜੇ ਹੱਥੋਂ ਗਈ ਨਹੀਂ। ਪਿੰਡੀ ਵਿਚ ਤੇਰੀਆਂ ਗੱਲਾਂ ਹੁੰਦੀਆਂ ਨੇ। ਅੱਲਾਹ ਤੇਰੇ ਨਾਲ ਏ। ਸਮਾਂ ਆਵੇਗਾ। ਪਿਰਥਾ, ਰੂੜਾ, ਸਦੀਕ ਗਾਹਣਾ ਤੇ ਹੋਰ ਤੇਰੇ ਬੰਦੇ ਫਿਰ ਝਿੜੀ ਵਿਚ ਜੁੜਨ ਲੱਗੇ ਨੀ।......'

ਸੁਣਦਿਆਂ ਹੀ ਦੁੱਲੇ ਦੀਆਂ ਅੱਖਾਂ ਚਮਕ ਉਠੀਆਂ। ਉਸਦੇ ਮੂੰਹੋਂ ਆਪ ਮੁਹਾਰੇ ਨਿਕਲ ਗਿਆ—'ਸਾਈਂ ਬਾਬਾ' ਤੇ ਉਸਨੇ ਜੋਸ਼ ਵਿਚ ਆਕੇ ਸੀਖਾਂ ਨੂੰ ਪਾਏ ਸਾਈਂ ਦੇ ਹੱਥ ਘੁੱਟ ਲਏ।

ਸਾਈਂ ਕਹਿੰਦਾ ਗਿਆ—'ਦੁੱਲਿਆ ਪਿੰਡੀ 'ਚ ਇਕ ਤੇਰਾ ਨਾਂ ਵਸਦਾ ਪਿਆ ਏ, ਬਾਕੀ ਸਭ ਥੇਹ ਹੋ ਗਿਆ। ਇਕ ਵੇਲਾ ਆਵੇਗਾ, ਲੋਕ ਤੇਰੀਆਂ ਵਾਰਾਂ ਗਾਣਗੇ ਦੁੱਲਿਆ, ਕੁੜੀਆਂ ਤੇਰੇ ਨਾਂ ਦੇ ਗੀਤ ਬਨਾਣਗੀਆਂ। ਇਹ ਅੱਲਾਹ ਦਾ ਬੰਦਾ ਆਖਦਾ ਈ। ਹੁਣ ਅਫਵਾਹ ਈ, ਪਿੰਡੀ ਦੇ ਚੌਧਰੀਆਂ ਵੀ ਲਾਹੌਰ ਦਰਬਾਰ ਵਿਚ ਬੈਠਣ ਦਾ ਹੱਕ ਹਾਸਲ ਕਰ ਲਿਆ ਏ। ਬਾਦਸ਼ਾਹ ਏਹਤਰ੍ਹਾਂ ਦੀਆਂ ਖੇਡਾਂ ਖੇਡਦਾ ਰਹਿਣਾ। ਹਕੂਮਤ ਸੋਚਦੀ ਏ। ਦੁੱਲੇ ਨੇ ਮੁਗਲਾਂ ਦੇ ਹੜ੍ਹ ਨੂੰ ਬੰਨ੍ਹ ਮਾਰਿਆ ਹੋਇਆ ਸੀ ਤੇ ਹੁਣ ਬੰਨ੍ਹ ਰੁੜ੍ਹ ਗਿਆ ਈ। ਪਰ ਲੋਕ ਨਹੀਂ ਸੋਚਦੇ ਦੁੱਲਿਆ, ਉਹ ਫਿਰ 'ਕੱਠੇ ਹੋਣ ਲੱਗੇ ਨੀ। ਤੂੰ ਏਨਾ ਘਾਬਰ ਨਾ।'

—ਸਾਈਂ ਬਾਬਾ ਮੈਂ ਏਸ ਗੱਲੋਂ ਨਈਂ ਘਬਰਾਂਦਾ, ਮੈਂ ਫੜੀਚ ਗਿਆ ਵਾਂ। ਮੈਂ ਤਾਂ ਘਬਰਾਨਾਂ ਵਾਂ, ਮੇਰੀ ਮੌਤ ਦੇ ਨਾਲ ਈ, ਲੋਕਾਂ ਅੰਦਰਲਾ ਰੋਹ ਨਾ ਮਰ ਜਾਏ।'



—ਦੁੱਲਿਆ ਮੈਂ, ਵੇਖ ਆਇਆਂ, ਲੋਕ ਜੀਂਦੇ ਪਏ ਨੇ। ਤੂੰ ਲੋਕਾਂ ਦੇ ਸਾਹੀਂ ਜੀਵੇਂਗਾ। ਸਾਂਦਲ ਬਾਰ, ਦੁੱਲੇ ਦੇ ਨਾਂ 'ਤੇ ਵਸਦੀ ਰਹੇਗੀ। ਦੁੱਲਿਆ ਤੇਰੇ ਨਾਲ ਮੇਰਾ ਇਹ ਆਖ਼ਰੀ ਮੇਲਾ ਈ। ਕੋਤਵਾਲ ਏਥੇ ਕਿਧਰੇ ਈ ਮੇਰੀ ਤਾਕ ਵਿਚ ਏ। ਤਕੜਾ ਰਹੀਂ ਦੁੱਲਿਆ। ਮੇਰਾ ਮੁਰਸ਼ਦ ਬਹਿਲੋਲ ਸ਼ਾਹ ਦਰਿਆਈ ਆਖਿਆ ਕਰਦਾ ਏ, ਨਗਰ ਢਹਿ ਜਾਣ, ਦੁਰਗ ਢਹਿ ਜਾਣ, ਬੰਦੇ ਦਾ ਸਾਹਸ ਨਹੀਂ ਢਹਿਣਾ ਚਾਹੀਦਾ। ਖ਼ੁਦਾ ਤੈਨੂੰ ਜਨਤ ਨਸੀਬ ਕਰੇ। ਜਿਹੜੇ ਬੰਦੇ ਲੋਕਾਂ ਦੇ ਮਨਾਂ ਵਿਚ ਵਸ ਜਾਣ, ਉਹ ਜਨਤ ਈ ਹੁੰਦੀ ਏ ਦੁੱਲਿਆ। ਬਾਦਸ਼ਾਹੀਆਂ ਘੱਟੇ ਵਿਚ ਰਲ ਜਾਣੀਆਂ ਨੇ, ਦੁੱਲਿਆਂ ਜਿਉਂਦੇ ਰਹਿਣਾ। ਰੱਬ ਰਾਖਾ, ਅੱਲਾਹ ਬੇਲੀ....।'

ਤੇ ਸ਼ਾਹ ਹੁਸੈਨ ਗਾਉਣ ਲੱਗਾ।

ਮਾਏ ਨੀ ਮੈਂ ਕੈਨੂੰ ਆਖਾਂ,
ਦਰਦ ਵਿਛੋੜੇ ਦਾ ਹਾਲ,
ਮਾਏ ਨੀ ਮੈਂ ਕੈਨੂੰ ਆਖਾਂ

ਸ਼ਾਹ ਹੁਸੈਨ ਗਾਉਂਦਾ ਤੁਰ ਪਿਆ ਤਾਂ ਕੋਤਵਾਲ ਪਿੱਛੇ ਆ ਲੱਗਿਆ....

—ਫੇਰ ਚਕਮਾ ਦੇਣ ਲੱਗਾ ਏਂ ਸਰਕਾਰ ਨੂੰ ?'

ਸ਼ਾਹ ਹੁਸੈਨ ਰੁਕਿਆ। ਪਿੱਛੇ ਮੁੜਕੇ ਵੇਂਹਦਿਆਂ ਹੀ ਫਿਰ ਗਾਉਣ ਲੱਗਾ....

ਮਾਏ ਨੀ ਮੈਂ ਕੈਨੂੰ ਆਖਾਂ,
ਦਰਦ ਵਿਛੋੜੇ ਦਾ ਹਾਲ,

—ਮੈਨੂੰ ਆਖ' ਕੋਤਵਾਲ ਅੱਗੇ ਹੋ ਕੇ ਹੱਸਿਆ।

ਸ਼ਾਹ ਹੁਸੈਨ ਵੀ ਹੱਸਣ ਲੱਗਾ ਕੋਤਵਾਲ ਹੈਰਾਨ ਹੋਇਆ, ਸਾਈਂ ਦੀਆਂ ਅੱਖਾਂ ਭਰੀਆਂ ਹੋਈਆਂ ਸਨ।

—ਫੱਕਰ ਸਾਈਂ ਇਹ ਕੀ ? ਆ ਕੋਤਵਾਲੀ ਚੱਲੀਏ। ਉਥੇ ਬਾਗ਼ੀਆਂ ਦੀ ਫਰਿਸਤ ਬਨਾਣੀ ਏ।'

ਸ਼ਾਹ ਹੁਸੈਨ, ਕੋਤਵਾਲ ਦੀਆਂ ਅੱਖਾਂ ਵਿਚ ਤੱਕਣ ਲੱਗਾ।

—ਹੁਣ ਤਾਂ ਦੁੱਲੇ ਦਾ ਸਿਰ ਟਿਕਾਣੇ ਆ ਗਿਆ ਹੋਣਾ ?' ਕੋਤਵਾਲ ਨੇ ਪੁੱਛਿਆ।

—ਸਰਕਾਰ ਜੀ, ਦੁੱਲਾ ਭੱਟੀ ਤਾਂ ਕੁਝ ਬਹੁਤਾ ਈ ਟਿਕਾਣੇ ਸਿਰ ਹੋ ਗਿਆ ਏ।'

—ਆ ਫਿਰ।'

ਕੋਤਵਾਲ ਤੇ ਸ਼ਾਹ ਹੁਸੈਨ ਕੋਤਵਾਲੀ ਵੱਲ ਤੁਰ ਪਏ।

* * * *

ਕੋਤਵਾਲੀ ਪੁੱਜਦਿਆਂ ਹੀ, ਕੋਤਵਾਲ ਨੇ ਇਕ ਸਿਪਾਹੀ ਨੂੰ ਹੁਕਮ ਦਿੱਤਾ;

—ਕਲਮ ਦਵਾਤ ਔਰ ਕਾਗਦ ਲਿਆ।' ਤੇ ਉਸਨੇ ਸਾਈਂ ਸ਼ਾਹ-ਹੁਸੈਨ ਨੂੰ ਮੇਜ਼ ਦੇ ਦੂਜੇ ਪਾਸੇ ਆਪਨੇ ਸਾਹਮਣੇ ਬੈਠਣ ਲਈ ਕਿਹਾ।

—ਕੋਤਵਾਲ ਲਿਖਣ ਲੱਗਾ—'ਮੈਂ ਸ਼ਾਹ ਹੁਸੈਨ ਵਲਦ...., ਉਹ ਸ਼ਾਹ ਹੁਸੈਨ ਵੱਲ ਝਾਕਿਆ।

—ਵਲਦ ਸ਼ੇਖ ਉਸਮਾਨ ਜ਼ਾਤ ਜੁਲਾਹਾ ਸਾਕਨ ਲਾਹੌਰ,.......ਹੋਰ ਵੀ ਕੁਝ ਪੁੱਛਣਾ ਈ ?'

ਕੋਤਵਾਲ ਲਿਖਦਾ ਗਿਆ।

—ਹੁਣ ਬਾਗ਼ੀਆਂ ਦੇ ਨਾਂ ਲਿਖਵਾ, ਤੇਰਾ ਬਿਆਨ ਦਰਜ਼ ਹੋਣਾ ਈ।'

—ਕੋਤਵਾਲ ਸਾਹਬ, ਇਹ ਫ਼ੱਕਰ ਬੰਦਾ ਦੋ ਦਿਨ ਬਾਰ ਵਿਚ ਘੁੰਮਦਾ ਰਿਹਾ ਵੇ। ਹਰ ਪਿੰਡ ਦੇ ਹਰ ਘਰ ਗਿਆ ਵੇ। ਪਹਿਲੇ ਗਿਆ, ਇਕ ਗੱਭਰੂ ਹੈ ਸੀ ਘਰ ਵਿਚ ਪਤਾ ਚੱਲਿਆ ਇਹ ਬਾਗੀ ਏ। ਮੈਂ ਨਾਂ ਤੇ ਵਲਦੀਅਤ ਪੁੱਛੀ, ਉਸ ਆਖਿਆ, 'ਦੁੱਲਾ ਪੁੱਤ ਫਰੀਦ ਦਾ।' ਦੂਸਰੇ ਘਰ ਗਿਆ। ਉਹ ਉਜੜੇ ਘਰ ਨੂੰ ਠੀਕ ਕਰਨ ਲੱਗੇ ਹੋਏ ਸਨ। ਉਹਨਾਂ ਦੇ ਗੱਭਰੂ ਨੂੰ ਨਾਂ ਪੁੱਛਿਆ, ਵਲਦੀਅਤ ਪੁੱਛੀ, ਉਸ ਵੀ ਆਖਿਆ, 'ਦੁੱਲਾ ਪੁੱਤ ਫਰੀਦ ਦਾ।' ਤੀਸਰੇ ਘਰ ਗਿਆ, ਉਥੇ ਵੀ ਜੋ ਮਿਲਿਆ, ਉਸ ਕਿਹਾ, —'ਦੁੱਲਾ ਪੁੱਤ ਫਰੀਦ ਦਾ।' ਚੌਥੇ ਘਰ ਗਿਆ......।'

—ਉਥੇ ਵੀ ਕਿਸੇ ਗੱਭਰੂ ਨੇ ਆਖਿਆ, ਦੁੱਲਾ ਪੁੱਤ ਫਰੀਦ ਦਾ।' ਕੋਤਵਾਲ ਵੱਢ ਖਾਣੇ ਹਲਕੇ ਕੁੱਤੇ ਵਾਂਗ ਸਾਈਂ ਨੂੰ ਪਿਆ।

—ਕੀ ਕਹਾਂ ਸਰਕਾਰ ਜੀ, ਪਿੰਡਾਂ ਦਾ ਹਾਲ ਈ ਇਹ ਹੋ ਗਿਆ ਏ। ਗੱਭਰੂ ਮੁੰਡਿਆਂ ਨੇ ਆਪਣੇ ਨਾਂ ਵਟਾ ਲਏ ਨੇ। ਹਰ ਕੋਈ 'ਦੁੱਲਾ ਪੁੱਤ ਫਰੀਦ ਦਾ' ਬਣਿਆ ਫਿਰਦਾ ਏ।'

—ਓਏ ਕਰਾਮਾਤੀ ਇਧਰ ਆਵੀਂ ਜਰਾ।' ਕੋਤਵਾਲ ਨੇ ਪਹਿਰੇ ਉਪਰ ਖੜ੍ਹੇ ਕਰਾਮਤ ਅਲੀ ਸਿਪਾਹੀ ਨੂੰ ਹਾਕ ਮਾਰੀ। ਕੋਤਵਾਲ ਕਰਾਮਤ ਅਲੀ ਨੂੰ ਹਰ ਸਮੇਂ ਕਰਾਮਾਤੀ ਆਖ ਕੇ ਈ ਬੁਲਾਂਦਾ ਸੀ। ਟਿੱਚਰ ਨਾਲ।

ਕਰਾਮਤ ਅਲੀ ਨੇ ਤੀਰ ਵਾਂਗ ਅੰਦਰ ਆਕੇ ਸਲਾਮ ਠੋਕੀ।

—ਸਾਈਂ ਨੂੰ ਲਈ ਜਾ ਅੰਦਰ ਤੇ ਲੰਮਿਆਂ ਪਾ। ਇਹਦੇ ਅੰਦਰੋਂ ਦੁੱਲਾ ਕੱਢਣਾ ਈ ਅੱਜ।'

ਕਰਾਮਤ ਅਲੀ ਨੇ ਸਾਈਂ ਦੀ ਬਾਂਹ ਫੜਕੇ ਉਠਾ ਲਿਆ।

—ਸਮਝ ਪੈਂਦੀ ਊ ਨਾ ?' ਕੋਤਵਾਲ ਨੇ ਪੁੱਛਿਆ।

—ਸਮਝ ਪੈਂਦੀ ਏ ਸਰਕਾਰ। ਇਕ ਗੱਲ ਦੱਸਣਾ; ਦੁੱਲਾ ਮੂੰਹ ਰਾਹੀਂ ਬਾਹਰ ਖਿੱਚਣਾ ਈ ਕਿ.....।'

—ਲਈ ਜਾ ਇਹਨੂੰ, ਸਮਝਦਾ ਏ।' ਕੋਤਵਾਲ ਹੱਸਿਆ ਤਾਂ ਉਸਦੀਆਂ ਮੁੱਛਾਂ ਨੱਚਣ ਲੱਗੀਆਂ।

ਅੰਦਰ ਵੱਲ ਜਾਂਦਾ ਸ਼ਾਹ ਹੁਸੈਨ ਗਾਉਣ ਲੱਗਾ;

ਸੋਈ ਕੰਮ ਵਿਚਾਰੁ ਕੇ ਕੀਜੀਐ ਜੀ,<br>
ਜਾ ਤੇ ਅੰਤੁ ਨਹੀਂ ਪਛੁਤਾਵਣਾ,<br>
ਕਹੈ ਸ਼ਾਹ ਹੁਸੈਨ ਸੁਣਾਇਕੇ,<br>
ਅਸਾਂ ਖਾਕ ਦੇ ਨਾਲ ਸਮਾਵਣਾ।....<br>
ਜਾ ਤੇ ਅੰਤੁ ਨਹੀਂ ਪਛੁਤਾਵਣਾ.......

ਕਰਾਮਾਤ ਅਲੀ ਸਾਈਂ ਨੂੰ ਅੰਦਰ ਵੱਲ ਖਿੱਚ ਕੇ ਲੈ ਗਿਆ। ਦੂਸਰੇ ਸਿਪਾਹੀ ਅਤੇ ਕੋਤਵਾਲ ਦੇ ਮਤਾਹਿਤ ਅਚੰਭੇ ਨਾਲ ਸਾਈਂ ਵੱਲ ਵੇਖਣ ਲੱਗੇ।



ਸਾਈਂ ਗਾਉਂਦਾ ਰਿਹਾ:

ਅਸਾਂ ਖ਼ਾਕ ਦੇ ਨਾਲ ਸਮਾਵਣਾ......<br>
ਅਸਾਂ ਖ਼ਾਕ ਦੇ ਨਾਲ ਸਮਾਵਣਾ.....।

ਕੋਤਵਾਲ ਕੁਝ ਦੇਰ ਸ਼ਾਹ ਹੁਸੈਨ ਦੀ ਆਵਾਜ਼ ਸੁਣਦਾ ਰਿਹਾ। ਉਸਨੇ ਫਿਰ ਪੁਕਾਰਿਆ—'ਓਏ ! ਕਰਾਮਾਤੀ।'

ਕਰਾਮਤ ਅਲੀ ਦੌੜਿਆ ਆਇਆ।

—ਛੱਡ ਪਰ੍ਹੇ ਉਹਨੂੰ। ਜਾਣ ਦੇਹ। ਇਹ ਸਾਈਂ ਫ਼ੱਕਰ ਅੱਲਾ ਦਾ ਬੰਦਾ ਏ। ਅਸਾਂ ਨੂੰ ਹੋਰ ਕੰਮ ਨੇ। ਮੈਦਾਨ-ਏ-ਨਖਾਸ਼ ਦਾ ਜਾਇਜ਼ਾ ਲੈਣਾ ਏ। ਸੂਲੀ ਤਿਆਰੀ ਕਰਨੀ ਏ। ਜਦ ਦੁੱਲਾ ਨਹੀਂ ਰਹੇਗਾ, ਬਾਕੀ ਦੁੱਲਿਆਂ ਨਾਲ ਵੀ ਸਿੱਝ ਲਵਾਂਗੇ।

ਕੁਝ ਦੇਰ ਬਾਅਦ ਸ਼ਾਹ ਹੁਸੈਨ ਗਾਉਂਦਾ ਬਾਹਰ ਵੱਲ ਜਾ ਰਿਹਾ ਸੀ;

ਆਪੇ ਮਾਰੇ ਤੇ ਆਪ ਜੀਵਾਲੇ<br>
ਅਜ਼ਰਾਈਲ ਬਹਾਨਾ।<br>
ਕਹੈ ਹੁਸੈਨ ਫ਼ਕੀਰ ਸਾਈਂ ਦਾ,<br>
ਬਿਨ ਮਸਲਤ ਉਠ ਜਾਣਾ......

## 51.

ਚੇਤਰ ਦਾ ਮਹੀਨਾ। ਸੰਨ 1589 ਦਾ ਇਕ ਦਿਨ।

ਲਾਹੌਰ ਵਿਚ ਦਰਬਾਰੀ, ਅਹਿਲਕਾਰ, ਕਰਮਚਾਰੀ ਸਭ ਹੱਥਾਂ ਪੈਰਾਂ ਵਿਚ ਆਏ ਫਿਰਦੇ ਸਨ। ਸੜਕਾਂ ਸਾਫ਼ ਹੋ ਰਹੀਆਂ ਸਨ। ਮੌਸਮ ਵਿਚ ਗਰਮੀ ਨਾ ਹੋਣ ਦੇ ਬਾਵਜੂਦ ਮਸ਼ਕਾਂ ਨਾਲਾ ਸੜਕਾਂ ਧੋਤੀਆਂ ਜਾ ਰਹੀਆਂ ਸਨ। ਹਰ ਪਾਸੇ ਪਹਿਰਾ ਵਧਾ ਦਿੱਤਾ ਗਿਆ ਸੀ। ਜ਼ੁਹਰ* ਦੀ ਨਮਾਜ਼ ਦਾ ਵੇਲਾ ਹੋਣ ਲੱਗਾ ਸੀ। ਮਸਜਿਦਾਂ ਅੰਦਰੋਂ ਬਾਗਾਂ ਦੀਆਂ ਆਵਾਜ਼ਾਂ ਸੁਣਨ ਲੱਗੀਆਂ ਸਨ।

ਕਿਲ੍ਹੇ ਵੱਲ ਜਾਂਦੀ ਮੁੱਖ ਸੜਕ ਦੇ ਅਹਿਮ ਮੋੜ 'ਤੇ ਮਸ਼ਾਲਾਂ ਬਾਲ ਦਿੱਤੀਆਂ ਗਈਆਂ। ਸ਼ਹਿਨਸ਼ਾਹ-ਏ-ਹਿੰਦ ਦਾ ਕਾਫ਼ਲਾ ਲਾਹੌਰ ਪੁੱਜ ਚੁੱਕਿਆ ਸੀ ਤੇ ਕਿਸੇ ਵੀ ਵੇਲੇ ਸ਼ਹਿਰ ਅੰਦਰ ਦਾਖ਼ਲ ਹੋ ਸਕਦਾ ਸੀ। ਸਿਪਾਹੀ, ਫੌਜਦਾਰ, ਕੋਤਵਾਲ ਸਭ ਹੁਸ਼ਿਆਰ, ਖ਼ਬਰਦਾਰ ਹੋ ਗਏ। ਬਾਦਸ਼ਾਹ ਦੇ ਲੰਘਣ ਵਾਲੇ ਰਸਤਿਆਂ ਉਪਰੋਂ ਗੰਦ-ਮੰਦ ਅਤੇ ਭੀਖ ਮੰਗੇ ਫ਼ਕੀਰਾਂ ਨੂੰ, ਦਰਵੇਸ਼ਾਂ ਨੂੰ ਹਟਾ ਦਿੱਤਾ ਗਿਆ ਸੀ। ਹਰ ਦੁਕਾਨਦਾਰ ਨੂੰ ਆਪਣੀਆਂ ਦੁਕਾਨਾਂ ਦੇ ਬਾਹਰ ਰੌਸ਼ਨੀਆਂ ਕਰ ਕੇ ਰੱਖਣ ਦਾ ਹੁਕਮ ਸੀ।

ਕੁਝ ਦੇਰ ਬਾਅਦ ਨਗਾਰੇ ਦੀ ਆਵਾਜ਼ ਸੁਣਨ ਲੱਗੀ।

ਸ਼ਾਹੀ ਕਾਫ਼ਲਾ, ਗਾਜੇ-ਵਾਜਿਆਂ ਨਾਲ ਲਾਹੌਰ ਅੰਦਰ ਦਾਖ਼ਲ ਹੋਇਆ। ਦੁਕਾਨਦਾਰ, ਗਾਹਕ ਦੁਕਾਨਾਂ ਵਿਚੋਂ ਉੱਠਕੇ ਬਾਹਰ ਆ ਕੇ ਅੱਧੇ ਝੁਕੇ ਖਲੋ ਗਏ। ਬਜ਼ਾਰਾਂ ਵਿਚੋਂ ਦੀ ਲੰਘਦਾ ਕਾਫ਼ਲਾ ਕਿਲ੍ਹੇ ਦੇ ਵੱਡੇ ਦਰਵਾਜ਼ੇ ਅੰਦਰ ਗੁੰਮ ਹੁੰਦਾ ਗਿਆ। ਇਹ ਘੜੀ ਅਮਨ ਅਮਾਨ ਨਾਲ ਲੰਘ ਗਈ। ਕਿਸੇ ਦੇ ਕੋੜੇ ਨਹੀਂ ਵੱਜੇ। ਕਿਸੇ ਨੂੰ ਫੜਕੇ ਬੰਦੀਖ਼ਾਨੇ ਨਹੀਂ ਸੁੱਟਿਆ। ਕਿਸੇ ਨਾਲ ਧੱਕਾ-ਮੁੱਕੀ ਨਹੀਂ ਹੋਈ। ਲੋਕਾਂ ਨੇ ਸੁੱਖ ਦਾ ਸਾਹ ਲਿਆ।

ਪਰ ਸ਼ਹਿਨਸ਼ਾਹ ਅਕਬਰ ਨੂੰ ਚੈਨ ਨਹੀਂ ਸੀ। ਉਹ ਬੜਾ ਅਵਾਜ਼ਾਰ ਸੀ। ਉਸ ਨੂੰ ਸੂਬਾ ਲਾਹੌਰ ਨੇ, ਕੋਤਵਾਲ ਨੇ ਅਤੇ ਨਿਜਾਮੁਦੀਨ ਹੋਰਾਂ ਨੇ ਮੁਲਾਕਾਤਾਂ ਕਰਕੇ ਪਿੰਡੀ ਉੱਪਰ ਚੜ੍ਹਾਈ ਕਰਨ ਤੋਂ ਲੈ ਕੇ ਦੁੱਲਾ-ਭੱਟੀ ਦੇ ਫੜਨ ਤੱਕ ਤੇ ਹੁਣ ਉਸ ਨੂੰ ਸਜ਼ਾ ਸੁਣਾਏ ਜਾਣ ਤੱਕ ਦੇ ਸਾਰੇ ਵੇਰਵੇ ਤਫ਼ਸੀਲ ਨਾਲ ਦੱਸ ਦਿੱਤੇ ਸਨ।

ਸਾਰੇ ਅਹਿਲਕਾਰ ਹੈਰਾਨ ਅਤੇ ਬੇਚੈਨ ਸਨ ? ਸ਼ਹਿਨਸ਼ਾਹ ਨੂੰ ਉਹਨਾਂ ਵਲੋਂ ਕੀਤੀ ਕਾਰਵਾਈ ਉਪਰ ਖੁਸ਼ ਹੋਣਾ ਚਾਹੀਦਾ ਸੀ। ਸ਼ਹਿਨਸ਼ਾਹ ਦਾ ਹੁਕਮ ਵੀ ਸੀ ਦੁੱਲੇ ਨੂੰ ਜੀਂਵਦਿਆਂ ਫੜਨਾ ਏ। ਅਸਾਂ ਇਹ ਕਰ ਵਿਖਾਇਆ ਏ। ਬਾਦਸ਼ਾਹ ਨੇ ਅਸਾਂ ਨੂੰ ਜਗੀਰਾਂ, ਰੁਤਬੇ ਔਰ ਤੋਹਫ਼ੇ ਬਖਸ਼ਣੇ ਸਨ। ਪਰ ਸ਼ਹਿਨਸ਼ਾਹ ਤਾਂ ਬੜੇ ਪ੍ਰੇਸ਼ਾਨ ਹੋ ਗਏ। ਦੁੱਲੇ ਨੂੰ ਬੰਦੀ ਬਣਾ ਕੇ ਅਸਾਂ ਕੋਈ ਕੁਤਾਹੀ ਤਾਂ ਨਹੀਂ ਕਰ ਬੈਠੇ ? ਬਾਦਸ਼ਾਹ ਦੇ ਇਸ ਅਨੋਖੇ ਵਤੀਰੇ ਕਾਰਨ ਸਾਰੇ ਚਿੰਤਤ ਸਨ।

---

* ਸੂਰਜ ਢਲਣ ਦੇ ਨਾਲ



ਉਧਰ ਅਕਬਰ ਆਪਣੇ ਤੌਰ ਤੇ ਦੁੱਖੀ ਅਤੇ ਫਿਕਰਮੰਦ ਸੀ। ਉਹ ਚਾਹੁੰਦਾ ਸੀ, ਅਗਰ ਦੁੱਲਾ, ਇਕ ਵਾਰ ਉਸਦੇ ਸਾਹਮਣੇ ਆਕੇ ਸਿਰ ਝੁਕਾ ਕੇ ਮੁਆਫ਼ੀ ਮੰਗ ਲਵੇ ਤਾਂ ਉਹ ਝੱਟ ਦੁੱਲੇ ਨੂੰ ਖ਼ਿਮਾ ਕਰ ਦੇਵੇ। ਸਿਰਫ਼ ਖ਼ਿਮਾ ਹੀ ਨਾ ਕਰੇ ਕੁਝ ਜਗੀਰਾਂ ਵੀ ਬਖਸ਼ ਦੇਵੇ। ਪਰ ਨਿਜਾਮੁਦੀਨ ਔਰ ਕੋਤਵਾਲ ਤਾਂ ਬੜਾ ਕੁਝ ਹੋਰ ਆਖਦੇ ਨੇ। ਅਸਾਂ ਨੇ ਸੋਚਿਆ ਸੀ, ਦੁੱਲਾ ਮੌਤ ਦੇ ਭੈਅ ਤੋਂ ਝੁੱਕ ਜਾਏਗਾ ਆਪਣੀ ਹਯਾਤੀ ਦੀ ਭੀਖ ਮੰਗੇਗਾ। ਪਰ ਇਹ ਤਾਂ ਜਿਸ ਤਰ੍ਹਾਂ ਅਸੀਂ ਚਾਹਿਆ ਸੀ, ਨਹੀਂ ਹੋ ਰਿਹਾ। ਦੁੱਲਾ ਕਿਸ ਮਿੱਟੀ ਦਾ ਬਣਿਆ ਹੋਇਆ ? ਜਿਸ ਤਰ੍ਹਾਂ ਉਹ ਫਾਂਸੀ ਚੜ੍ਹ ਰਿਹਾ, ਉਸਨੇ ਤਾਂ ਲੋਕਾਂ ਦੇ ਦਿਲਾਂ 'ਚ, ਮਨਾਂ 'ਚ ਜਿਉਂਦਿਆਂ ਹੋ ਜਾਣਾ। ਇਹ ਤਾਂ ਮੇਰੀ ਬਾਦਸ਼ਾਹੀ ਨੂੰ ਫਿਟਕਾਰ ਏ। ਲਾਹਣਤ ਏ। ਕੋਈ ਆਪਣੀ ਮੌਤ ਪਿਛੋਂ ਵੀ ਜੀ ਪਵੇ, ਇਹ ਬਹੁਤ ਵੱਡੀ ਗੱਲ ਏ। ਲੋਕ ਉਸਦੀ ਬਹਾਦਰੀ ਦੀਆਂ, ਸੂਰਮਗਤੀ ਦੀਆਂ ਗੱਲਾਂ ਕਰਨਗੇ। ਲੋਕਾਂ ਸ਼ਹਿਨਸ਼ਾਹ-ਏ-ਹਿੰਦ ਨੂੰ ਭੁੱਲ ਜਾਣਾ ਤੇ ਦੁੱਲਾ ਉਹਨਾਂ ਦੇ ਚੇਤਿਆਂ ਵਿਚ ਵਸ ਜਾਣਾ।.......

ਦੁੱਖੀ ਹੋਇਆ ਅਕਬਰ, ਪਹਿਰੇਦਾਰ ਨੂੰ ਬੁਲਾਕੇ ਕੋਤਵਾਲ ਨੂੰ ਤੁਰੰਤ ਹਾਜ਼ਰ ਹੋਣ ਲਈ ਆਖਦਾ ਹੈ।

...............

ਪਹਿਰੇਦਾਰ ਦੀ ਗੱਲ ਸੁਣਦਿਆਂ ਹੀ ਕੋਤਵਾਲ ਘਬਰਾ ਗਿਆ।......ਅਸੀਂ ਸਾਰੇ ਸ਼ਹਿਨਸ਼ਾਹ ਨੂੰ ਮਿਲ ਤਾਂ ਆਏ ਹਾਂ। ਇਲਾਕੇ ਦੀਆਂ ਤਮਾਮ ਘਟਨਾਵਾਂ ਬਾਰੇ ਵੀ ਇਤਲਾਹ ਕਰ ਦਿੱਤੀ ਹੋਈ ਏ। ਮੈਂ ਤਾਂ ਹਮੇਸ਼ਾ ਉਹੀਓ ਕੰਮ ਕੀਤਾ ਏ, ਜਿਸ ਨਾਲ ਸਰਕਾਰ ਦੇ ਹੱਥ ਪੱਕੇ ਹੋਵਣ। ਕਿਸੇ ਨੇ ਚੁਗਲੀ ਤਾਂ ਨਹੀਂ ਖਾਧੀ ? ਕਸ਼ਮੀਰੋਂ ਪਰਤੇ ਸ਼ਹਿਨਸ਼ਾਹ ਦਾ ਵਤੀਰਾ ਕੁਝ ਸ਼ੱਕੀ ਜਾਪਦਾ ਏ।.......ਇਹ ਸੋਚਦਾ ਤੇ ਅੰਦਰੋਂ ਕੰਬਦਾ ਕੋਤਵਾਲ ਪਹਿਰੇਦਾਰ ਨਾਲ ਤੁਰ ਪਿਆ।

ਸ਼ਹਿਨਸ਼ਾਹ ਦੇ ਸਾਹਮਣੇ ਹੁੰਦਿਆਂ ਈ, ਕੋਤਵਾਲ ਨੇ ਇਸ ਤਰ੍ਹਾਂ ਝੁਕ ਕੇ ਸਲਾਮ ਆਖੀ, ਸਿਰ ਧਰਤੀ ਉਪਰ ਲੱਗ ਗਿਆ।

—ਦੁੱਲਾ ਭੱਟੀ ਨੂੰ ਕਦ ਸੂਲੀ ਚਾੜ੍ਹਿਆ ਜਾਣਾ ਏ ?' ਅਕਬਰ ਨੇ ਪੁੱਛਿਆ।

—ਜਹਾਂ ਪਨਾਹ ਕੱਲ੍ਹ ਦੁਪਹਿਰ ਤੋਂ ਬਾਅਦ।'

—ਸ਼ਹਿਰ ਵਿਚ ਕੋਈ ਗੜਬੜ ਤਾਂ ਨਹੀਂ ਹੋਵੇਗੀ ?'

—ਹਜ਼ੂਰ ਗਸ਼ਤ ਵਧਾ ਦਿੱਤੀ ਗਈ ਏ। ਹਰ ਪਾਸੇ ਅਮਨ-ਅਮਾਨ ਰਹੇਗਾ।'

—ਦੁੱਲੇ ਨੂੰ ਮਾਫ਼ੀ ਮੰਗਣ ਦਾ ਮੌਕਾ ਦਿੱਤਾ ਗਿਆ ਸੀ ?'

—ਦਿੱਤਾ ਗਿਆ ਸੀ ਹਜ਼ੂਰ। ਕਾਜ਼ੀ ਗਵਾਹ ਏ।'

—ਕੀ ਆਖਿਆ ਦੁੱਲੇ ਨੇ ?'

—ਮਾਫ਼ੀ ਮੰਗਣ ਲਈ ਰਾਜ਼ੀ ਨਹੀਂ ਏ।'

—ਮੈਂ ਪੁੱਛਦਾ ਕੀ ਆਖਿਆ ਸੀ ?' ਅਕਬਰ ਨੇ ਖਿੱਝ ਕੇ ਪੁੱਛਿਆ।

—ਹਜ਼ੂਰ ਆਖਦਾ ਏ, ਜਦ ਤੱਕ ਤਖ਼ਤ ਲਾਹੌਰ ਵਿਚ ਬਾਦਸ਼ਾਹ ਏ, ਬਾਰ ਵਿਚ ਦੁੱਲਾ ਭੱਟੀ ਏ, ਮਾਫ਼ੀ ਕਾਹਦੀ ਮੰਗਣੀ ?'—ਕੋਤਵਾਲ ਅਜੇ ਵੀ ਅੱਧਾ ਝੁਕਿਆ ਖੜ੍ਹਾ ਸੀ।

ਬਾਦਸ਼ਾਹ ਸੋਚੀਂ ਪੈ ਗਿਆ।

ਕੁਝ ਦੇਰ ਬਾਅਦ ਅਕਬਰ ਨੇ ਕਿਹਾ—'ਤੂੰ ਦੁੱਲੇ ਨੂੰ ਇਕ ਵਾਰ ਫਿਰ ਪੁਛਣਾ ਏ,

ਸ਼ਹਿਨਸ਼ਾਹ-ਏ-ਹਿੰਦ, ਦੁੱਲੇ ਨੂੰ ਮਾਰਨਾ ਨਹੀਂ ਚਾਹੁੰਦੇ, ਅਗਰ ਉਹ ਜ਼ਿੰਦਗੀ ਲਈ ਭੀਖ ਮੰਗੇ ਤਾਂ ਸ਼ਹਿਨਸ਼ਾਹ ਜ਼ਿੰਦਗੀ ਬਖਸ਼ ਸਕਦੇ ਨੇ। ਇਹਤਿਆਤ ਰਹੇ, ਇਹ ਗੱਲ ਰੁਤਬੇ ਦੇ ਰੋਹਬ ਨਾਲ ਨਹੀਂ ਪੁੱਛਣੀ, ਹਲੀਮੀ ਨਾਲ ਪੁੱਛਣੀ ਏ, ਇਸ ਤਰ੍ਹਾਂ ਜ਼ਾਹਰ ਕਰਨਾ ਏ, ਬਾਦਸ਼ਾਹ ਨੂੰ ਦੁੱਲੇ ਨਾਲ ਹਮਦਰਦੀ ਏ।'

—ਏਵੇਂ ਹੋਵੇਗਾ ਹਜ਼ੂਰ।' ਕੋਤਵਾਲ ਹੋਰ ਝੁਕ ਗਿਆ।'

—ਜਾ ਸਕਦਾ ਏਂ।'

ਕੋਤਵਾਲ ਸਲਾਮ ਕਰਕੇ ਮੁੜਿਆ ਤਾਂ ਅਕਬਰ ਨੇ ਫਿਰ ਰੋਕ ਲਿਆ;

—ਇਕ ਗੱਲ ਹੋਰ ਏ, ਅਗਰ ਦੁੱਲਾ ਮੁਆਫ਼ੀ ਮੰਗਣ ਲਈ ਰਾਜ਼ੀ ਨਹੀਂ ਹੁੰਦਾ ਤਾਂ ਤੇਰਾ ਕੰਮ ਈ, ਸੂਲੀ ਚੜ੍ਹਨ ਤੋਂ ਪਹਿਲਾਂ ਦੁੱਲਾ ਭੱਟੀ ਜੋ ਵੀ ਆਖ਼ਰੀ ਖ਼ਵਾਹਿਸ਼ ਆਪਣੇ ਮੂੰਹੋਂ ਕੱਢਦਾ ਏ ਉਸਦਾ ਹਰਫ਼ ਹਰਫ਼ ਤਹਿਰੀਰ ਕਰਕੇ ਅਸਾਂ ਤੱਕ ਪੁੱਜਦਾ ਕਰਨਾ ਏ। ਨਾ ਰੱਤੀ ਘੱਟ ਕਰਨਾ ਏ ਨਾ ਮਾਸ਼ਾ ਵਧਾਣਾ ਏ। ਦੁੱਲੇ ਭੱਟੀ ਦੇ ਆਖ਼ਰੀ ਬੋਲ ਅਸੀਂ ਜਾਨਣਾ ਚਾਹਵਾਂਗੇ।'

—ਜੀ ਹਜ਼ੂਰ, ਆਪਦੇ ਹੁਕਮ ਦੀ ਸਹੀ ਤਾਮੀਲ ਹੋਵੇਗੀ।'

—ਤੇ ਉਹ ਸਾਈਂ ਏਥੇ ਲਾਹੌਰ ਵਿਚ ਈ ਘੁੰਮਦਾ ਏ ?'

—ਲਾਹੌਰ ਵਿਚ ਈ ਏ ਜਹਾਂ ਪਨਾਹ।'

—ਕੀ ਨਾਮ ਈ ਉਸਦਾ ?'

—ਹਜ਼ੂਰ ਸ਼ਾਹ ਹੁਸੈਨ।'

—ਉਸਨੂੰ ਲੱਭ, ਅਸੀਂ ਮਿਲਣਾ ਚਾਹਵਨੇ ਆਂ, ਅੱਜ ਹੀ ਕਿਸੇ ਵੇਲੇ, ਜਦ ਮਿਲੇ।'

—ਜੀ ਹਜ਼ੂਰ।' ਕੋਤਵਾਲ ਕੁਝ ਪਲ ਉਵੇਂ ਝੁਕਿਆ ਖੜ੍ਹਾ ਰਿਹਾ, ਫਿਰ ਪਿਛਲੇ ਕਦਮੀਂ ਬਾਹਰ ਨਿਕਲ ਗਿਆ।

ਸ਼ਹਿਨਸ਼ਾਹ ਹੋਰ ਵਧੇਰੇ ਫ਼ਿਕਰਾਂ ਵਿਚ ਘਿਰ ਗਿਆ। ਏਨੀਆਂ ਫੌਜਾਂ, ਤਜ਼ਰਬੇਕਾਰ ਜੰਗੀ ਸੈਨਾਪਤੀ, ਫੌਜਦਾਰਾਂ ਵਲੋਂ ਦੁੱਲੇ ਭੱਟੀ ਨੂੰ ਹਰਾਉਣਾ, ਫੜਕੇ ਕੈਦ ਕਰਨਾ, ਸੂਲੀ ਚਾੜ੍ਹ ਦੇਣਾ, ਕੋਈ ਮਾਅਰਕੇਬਾਜ਼ੀ ਨਹੀਂ ਹੈ। ਅਸੀਂ ਤਾਂ ਚਾਹੁੰਦੇ ਸਾਂ ਕਿਸੇ ਤਰ੍ਹਾਂ ਬਗਾਵਤ ਦਾ ਬੀਅ ਨਾਸ ਹੋ ਜਾਵੇ। ਅਸੀਂ ਤਾਂ ਘਰ ਘਰ ਦੁੱਲੇ ਬੀਜ ਆਏ ਆਂ। ਹੁਣ ਦੁੱਲੇ ਨੂੰ ਸੂਲੀ ਚਾੜ੍ਹ ਕੇ ਵੀ ਇਹ ਜੰਗ ਜਿੱਤੀ ਨਹੀਂ ਜਾਣੀ। ਕੋਤਵਾਲ ਨੇ ਦੱਸਿਆ ਏ, ਬਾਰ ਵਿਚ ਤਾਂ ਹਰ ਕੋਈ ਆਖਦਾ ਏ,—'ਦੁੱਲਾ ਪੁੱਤ ਫਰੀਦ ਦਾ।' ਦੁੱਲਾ ਬੰਦੀਖ਼ਾਨੇ ਪੈ ਕੇ, ਸੰਗਲਾਂ ਵਿਚ ਬੱਧਾ ਵੀ ਆਪਣੀ ਖ਼ੁਦਦਾਰੀ ਸਾਂਭੀ ਬੈਠਾ ਏ। ਸਾਨੂੰ ਪਤਾ ਏ, ਉਹ ਅਸਾਂ ਅੱਗੇ ਨਹੀਂ ਝੁਕੇਗਾ। ਉਹ ਸੂਲੀ ਚੜ੍ਹ ਜਾਏਗਾ। ਇਸ ਮੌਤ ਵਿਚ ਵੀ ਉਸਦੀ ਜ਼ਿੰਦਗੀ ਏ। ਅਸਾਂ ਦੀ ਖਵਾਹਿਸ਼ ਸੀ, ਅਸੀਂ ਦੁੱਲੇ ਦੀਆਂ ਅੱਖਾਂ ਵਿਚ ਮੌਤ ਦੀ ਦਹਿਸ਼ਤ ਵੇਖੀਏ। ਉਹ ਅਸਾਂ ਦੇ ਪੈਰਾਂ ਉਪਰ ਡਿੱਗੇ ਤੇ ਕੁਝ ਸਾਹਵਾਂ ਲਈ ਤਰਲੇ ਲਏ। ਅਸੀਂ ਉਸਨੂੰ ਮਾਰਨਾ ਨਹੀਂ ਚਾਹੁੰਦੇ, ਪਰ ਸਾਡੀ ਇੱਛਾ ਏ ਉਸਨੂੰ ਮਰਨ ਦੀ ਪੀੜ ਦਾ ਅਹਿਸਾਸ ਹੋਵੇ।......ਪਰ ਅਸੀਂ ਜਾਣਨੇ ਆਂ'— ਅਕਬਰ ਡਾਢਢੀ ਉਦਾਸੀ ਵਿਚ ਸੋਚਣ ਲੱਗਾ—'ਦੁੱਲਾ ਐਸਾ ਕੁਝ ਵੀ ਨਹੀਂ ਕਰੇਗਾ। ਉਹ ਮਰਦਾ ਮਰਦਾ ਹੋਇਆ ਵੀ ਹਰ ਪਲ ਜਿਉਂਦਾ ਜਿਉਂਦਾ ਮਰੇਗਾ। ਮੁਗਲ ਹਕੂਮਤ ਦਾ ਭੈਅ, ਸੂਲੀ ਉਪਰ ਲਟਕਣ ਦਾ ਡਰ ਆਖ਼ਰੀ ਪਲਾਂ ਵਿਚ ਵੀ ਦੁੱਲੇ ਨੂੰ ਜਿਉਣ ਤੋਂ ਵੱਖ ਨਹੀਂ ਕਰ ਸਕੇਗਾ। ਏਸ ਤੋਂ ਵੱਡੀ ਇਕ ਨਿਜ਼ਾਮ ਦੀ ਨਾਮੋਸ਼ੀ ਕੀ ਹੋ ਸਕਦੀ ਹੈ, ਇਕ ਬਾਗ਼ੀ ਫਾਂਸੀ ਉਪਰ ਲਟਕਿਆ ਵੀ ਨਿਜ਼ਾਮ ਨੂੰ ਅੱਖਾਂ ਵਿਖਾਵੇ।



......ਅਕਬਰ ਨੂੰ ਤ੍ਰੇਲੀਆਂ ਆ ਗਈਆਂ। ਉਸ ਤਾੜੀਆਂ ਮਾਰ ਕੇ ਪੁਕਾਰਿਆ;

—ਕੋਈ ਹੈ ?'

ਪਹਿਰੇਦਾਰ ਫੁਰਤੀ ਨਾਲ ਅੰਦਰ ਆਕੇ ਅੱਧਾ ਝੁੱਕ ਗਿਆ।

—ਸ਼ੇਖੂ ਬਾਬਾ ਨੂੰ ਕਹੋ ਸ਼ਹਿਨਸ਼ਾਹ ਯਾਦ ਫਰਮਾਉਂਦੇ ਨੇ।'

—ਹਜ਼ੂਰ ਉਹ ਆਪਣੀ ਅਰਾਮਗਾਹ ਵਿਚ ਨੇ।'

—ਕੋਤਵਾਲ ਨੂੰ ਖ਼ਬਰ ਕਰੋ, ਤੁਰੰਤ ਮਿਲੇ।

ਪਹਿਰੇਦਾਰ ਉਵੇਂ ਝੁਕਿਆ ਝੁਕਿਆ ਬਾਹਰ ਨਿਕਲ ਗਿਆ।

* * * *

ਕੋਤਵਾਲ ਨੇ ਆਖ਼ਰ ਸ਼ਾਹ ਹੁਸੈਨ ਨੂੰ ਲੱਭ ਹੀ ਲਿਆ।

ਕਿਲ੍ਹੇ ਅੰਦਰ ਸ਼ਹਿਨਸ਼ਾਹ ਅਤੇ ਸ਼ਾਹ-ਹੁਸੈਨ ਦੋਵੇਂ ਆਹਮੋ-ਸਾਹਮਣੇ ਖੜ੍ਹੇ ਸਨ। ਅੱਖਾਂ ਵਿਚ ਅੱਖਾਂ ਪਾਕੇ ਦੇਖਦੇ ਹੋਏ।

—ਕੀ ਵੇਖਨਾਂ ਏਂ ਸਾਈਂ ਲੋਕਾ ?' ਬਾਦਸ਼ਾਹ ਨੇ ਪੁੱਛਿਆ।

—ਵੇਖਨਾਂ ਪਿਆਂ, ਮੇਰੇ ਸਾਹਮਣੇ ਉਹ ਬੰਦਾ ਖੜ੍ਹਾ ਈ, ਜਿਸ ਪੂਰੀ ਹਿੰਦ ਫਤਿਹ ਕਰ ਲਈ ਊ ਤੇ ਫੇਰ ਵੀ ਭੁੱਖਾ ਈ।'

—ਤੇ ਮੇਰੇ ਸਾਹਮਣੇ ਇਕ ਫਕੀਰ ਖੜ੍ਹਾ ਈ, ਜਿਹੜਾ ਸਦਾ ਭੁੱਖਾ ਦਿਸਦਾ ਈ।'

—ਨਾ ਏਸ ਤਰ੍ਹਾਂ ਨਹੀਂ, ਤੇਰੇ ਸਾਹਮਣੇ ਇਕ ਫ਼ੱਕਰ ਖੜ੍ਹਾ ਈ, ਜਿਸਨੇ ਆਪਣਾ ਅੰਦਰ ਫਤਿਹ ਕਰ ਲਿਆ ਈ ਤੇ ਮੇਰਾ ਮੁਰਸ਼ਦ ਸਾਈਂ ਬਹਿਲੋਲ ਆਖਦਾ ਈ, ਜਿਸ ਅੰਦਰ ਫਤਿਹ ਕਰ ਲਿਆ, ਉਸਦੀਆਂ ਵਾਸ਼ਨਾਵਾਂ, ਖਾਹਸ਼ਾਂ, ਭੁੱਖਾਂ ਸਦਾ ਲਈ ਮਿਟ ਗਈਆਂ।'

—ਸੁਣਿਆ ਏ ਤੂੰ ਬੰਦਿਆਂ ਨੂੰ ਬਾਗ਼ੀ ਬਣਾਂਦਾ ਫਿਰਦਾ ਏ ?' ਬਾਦਸ਼ਾਹ ਪੈਂਤੜਾ ਬਦਲਿਆ।

—ਕੰਨ ਕੱਚੇ ਹੋਣ ਤਾਂ ਬੜਾ ਸੁਣਦਾ ਨੇ।'

—ਅਸਾਂ ਕੀ ਪੁੱਛਿਆ ਈ ?'

—ਮੈਂ ਠੀਕ ਦੱਸਿਆ ਏ।'

—ਤੂੰ ਕਿਸ ਪਾਸੇ ਦਾ ਏਂ ?'

—ਬਾਦਸ਼ਾਹ ਮੈਂ ਤੇਰੀਆਂ ਰਮਜ਼ਾਂ ਜਾਣਨਾ ਵਾਂ। ਖੁਲ੍ਹ ਕੇ ਆਖ, ਸਾਈਂ ਲੋਕਾਂ ਨਾਲ ਉਹਲਾ ਨਹੀਂ ਕਰਨਾ।'

—ਤੂੰ ਤਖ਼ਤ ਵੱਲ ਦਾ ਏ ਜਾਂ ਬਾਹਰ ਦੇ ਲੋਕਾਂ ਵੱਲ ਦਾ ਏਂ ? ਹੋਰ ਵੀ ਆਖਾਂ ਤਾਂ ਦੁੱਲੇ ਵੱਲ ਦਾ— ?'

—ਮੈਂ ਤਾਂ ਭੁੱਖਿਆਂ ਵੱਲ ਦਾ ਹਾਂ, ਦੁੱਖੀ ਲੋਕਾਂ ਵੱਲ ਦਾ ਹਾਂ।' ਸਾਂਈਂ ਆਖਿਆ।

—ਤੂੰ ਸ਼ਹਿਨਸ਼ਾਹ ਨੂੰ ਚਾਹੁੰਦਾ ਏਂ ਜਾਂ ਦੁੱਲੇ ਭੱਟੀ ਨੂੰ ?'

—ਮੈਂ ਐਸੇ ਬੰਦਿਆਂ ਨੂੰ ਚਾਂਹਦਾ ਵਾਂ, ਜਿਹੜੇ ਸਭ ਨੂੰ ਟੁੱਕੜ ਦੇਣ, ਕੁੱਲੀ ਦੇਣ, ਜੁੱਲੀ ਦੇਣ।'

—ਬਾਰ ਦੇ ਲੋਕਾਂ ਬਗਾਵਤ ਕਿਉਂ ਕੀਤੀ ਹੈ ?'

—ਭੁੱਖੇ ਲੋਕ ਬਗਾਵਤ ਕਰਦੇ ਨੇ।'

—ਤੂੰ ਵੇਖਦਾ ਨਹੀਂ ਅਸੀਂ ਕਿੰਨੇ ਭਲੇ ਕੰਮ ਵੀ ਕੀਤੇ ਹੋਏ ਨੇ ?'

—ਬਾਹਰ ਬੰਦਾ ਓਸ ਵੇਲੇ ਵੇਖਦਾ ਏ, ਜਦ ਅੰਦਰੋਂ ਵਿਹਲਾ ਹੋਵੇ।

—ਅੰਦਰੋਂ ਵਿਹਲਾ ਕਦ ਹੁੰਦਾ ਏ ?' ਬਾਦਸ਼ਾਹ ਨੂੰ ਬਹਿਸ ਵਿਚ ਅਨੰਦ ਆਉਣ ਲੱਗਾ।

—ਜਦ ਬਾਹਰ ਸਾਰਾ ਵਰਤਾਰਾ ਉਸਦੀ ਮਰਜ਼ੀ ਅਨੁਸਾਰ ਹੋਵੇ।' ਸਾਈਂ ਆਖਿਆ।

—ਬਾਦਸ਼ਾਹ ਹਰ ਇਕ ਦੀ ਮਰਜ਼ੀ ਕਿਵੇਂ ਪੂਰੀ ਕਰ ਸਕਦਾ ਏ ?'

—ਮਨ 'ਤੇ ਫਤਿਹ ਹਾਸਲ ਕਰਕੇ। ਆਪਣੇ ਅਮਲਾਂ ਨਾਲ। ਦਰਿਆ ਸੁੱਕ ਜਾਵੇ ਤਾਂ ਸੋਮੇ-ਚਸ਼ਮੇ ਉਸਨੂੰ ਫਿਰ ਭਰ ਦੇਂਦੇ ਨੇ। ਜੇ ਸੋਮੇ ਹੀ ਸੁੱਕ ਜਾਣ ਤਾਂ......ਦਰਿਆ ਕੀ ਕਰੇ ? ਤੇਰੇ ਸੋਮੇਂ ਸੁੱਕ ਗਏ ਨੇ ਸੁਲਤਾਨਾ। ਮੇਰਾ ਮੁਰਸ਼ਦ ਆਖਦਾ ਹੁੰਦਾ ਵੇ, ਜਾਣਨਾ ਏ ਨਾਂ ਮੇਰੇ ਮੁਰਸ਼ਦ ਨੂੰ, ਜੋ ਤੇਰੇ ਨਾਲ ਖ਼ਫਾ ਹੋਕੇ ਪਿੰਡੀ ਤੋਂ ਪਰ੍ਹਾਂ ਜਾ ਬੈਠਾ ਏ,.....ਆਖਦਾ ਏ ਜੇ ਸਰੀਰ ਥੱਕ ਜਾਏ ਤਾਂ ਮਨ ਉਸਨੂੰ ਹਲਕਾ ਕਰ ਦੇਂਦਾ ਏ, ਜੇ ਮਨ ਹੀ ਥੱਕ ਜਾਏ ਤਾਂ.......? ਤੇਰਾ ਮਨ ਵੀ ਥੱਕਿਆ ਹੋਇਆ ਏ, ਤੇਰੇ ਸੋਮੇਂ ਵੀ, ਸੁੱਕਣ ਲੱਗੇ ਨੀ।......ਏਸੇ ਲਈ ਥਾਂ ਥਾਂ ਬਗਾਵਤਾਂ ਹੁੰਦੀਆਂ ਨੇ—।'

—ਹਕੂਮਤਾਂ ਚਲਾਉਣੀਆਂ ਏਨੀਆਂ ਸੌਖੀਆਂ ਨਹੀਂ ਸਾਈਂ। ਬਾਗੀਆਂ ਦੇ ਸਿਰ ਕੁਚਲੇ ਬਿਨਾਂ ਹਕੂਮਤਾਂ ਨਹੀਂ ਚਲਦੀਆਂ।'

—ਚਲਦੀਆਂ ਨੇ ਸੁਲਤਾਨ। ਭੁੱਲਦਾ ਏਂ, ਹਕੂਮਤਾਂ ਬਿਨਾਂ ਸਿਰ ਕੁਚਲਿਆਂ ਵੀ ਚਲਦੀਆਂ ਨੇ। ਲੜਾਈਆਂ ਮਿੱਠੀਆਂ ਬਣਾਈਆਂ ਜਾਣ। ਮਾਂ ਆਪਣੇ ਬੱਚਿਆਂ ਨਾਲ ਲੜਦੀ ਏ ਨਾ ? ਘੂਰਦੀ ਵੀ ਏ, ਲਾਡ ਵੀ ਕਰਦੀ ਏ। ਹਕੂਮਤ ਆਖਦੀ ਏ ਸਭ ਨੂੰ ਸਿਪਾਹੀ ਬਣਾ ਘੱਤੋ। ਸਾਈਂ ਲੋਕ ਆਖਦੇ ਨੇ, ਸਭ ਨੂੰ ਪੜ੍ਹਨੇ ਪਾਉ, ਤਾਲੀਮ ਦਿਉ। ਹਕੂਮਤਾਂ ਕਿਲ੍ਹੇ-ਦੁਰਗ ਵਧਾਣਾ ਚਾਹਦੀਆਂ ਨੇ। ਅਸੀਂ ਮਦਰਸੇ ਵਧਾਣਾ ਚਾਂਹਨੇ ਆਂ......। ਲੋਕਾਂ ਦੇ ਸਰੀਰਾਂ ਉਪਰ ਨਹੀਂ ਮਨਾਂ ਉਪਰ ਹਕੂਮਤ ਕਰੋ.....।'

ਅਕਬਰ ਖਾਮੋਸ਼ ਹੋਇਆ, ਸ਼ਾਹ-ਹੁਸੈਨ ਦੇ ਨੂਰੀ ਚਿਹਰੇ ਵੱਲ ਤੱਕਦਾ ਹੀ ਰਹਿ ਗਿਆ।.....ਮੈਂ ਤਾਂ ਇਸਨੂੰ ਭਿੱਖ-ਮੰਗਾ ਫ਼ਕੀਰ ਈ ਸਮਝਦਾ ਪਿਆ ਸਾਂ। ਇਹ ਫ਼ੱਕਰ ਤਾਂ ਹਯਾਤੀ ਔਰ ਹਕੂਮਤ ਦੇ ਡੂੰਘੇ ਰਹੱਸ ਜਾਣਦਾ ਹੈ। ਅਸੀਂ ਤਾਂ ਸੋਚਿਆ ਸੀ ਇਹ ਦੁੱਲੇ ਨੂੰ ਖ਼ਿਮਾ ਮੰਗਣ ਲਈ ਰਾਜ਼ੀ ਕਰ ਲਏਗਾ.....।

—ਸਾਈਂ ਨੂੰ ਏਥੇ ਕਿਸ ਲਈ ਤਲਬ ਕੀਤਾ ਏ ?' ਬਾਦਸ਼ਾਹ ਨੂੰ ਸੋਚੀਂ ਪਿਆ ਵੇਖ ਕੇ ਸ਼ਾਹ-ਹੁਸੈਨ ਨੇ ਪੁੱਛਿਆ।

—ਅਸੀਂ ਦੁੱਲੇ ਨੂੰ ਫਾਂਸੀ ਚਾੜ੍ਹਨਾ ਨਹੀਂ ਚਾਹੁੰਦੇ ਸਾਈਂ।' ਜੇ ਉਹ......।'

—ਤੇਰੀ ਈਨ ਮੰਨ ਲਏ।' ਸ਼ਾਹ ਹੁਸੈਨ ਵਿਚੋਂ ਹੀ ਬੋਲਿਆ।

—ਹਾਂਅ।' ਬਾਦਸ਼ਾਹ ਨੇ ਸਿਰ ਹਿਲਾਇਆ।

—ਭੁੱਲਦਾ ਏਂ। ਤੂੰ ਦੁੱਲੇ ਨੂੰ ਸਮਝਿਆ ਹੀ ਨਹੀਂ ਸੁਲਤਾਨਾ। ਉਹ ਵੱਖਰੀ ਮਿੱਟੀ ਦਾ ਬਣਿਆ ਹੋਇਆ ਏ। ਇਹ ਮਿੱਟੀ ਕੁੱਟਿਆਂ ਨਹੀਂ ਭੁਰਦੀ। ਉਹ ਫਾਂਸੀ 'ਤੇ ਲਟਕਿਆ ਵੀ ਜੀਵੇਗਾ। ਵੇਖ ਲੈਣਾ.....।'

—ਇਹ ਗੱਲਾਂ ਕਰਦਿਆਂ, ਤੈਨੂੰ ਸ਼ਹਿਨਸ਼ਾਹ ਦੇ ਕਹਿਰ ਦਾ ਡਰ ਨਹੀਂ— ?'



—ਮੇਰੇ ਲਈ ਇਹ ਗੱਲਾਂ ਬਹੁਤ ਪਿਛਾਂਹ ਰਹਿ ਗਈਆਂ ਨੇ ਸੁਲਤਾਨਾ। ਜਿਹੜੇ ਦੂਸਰਿਆਂ ਲਈ ਸਾਹ ਲੈਂਦੇ ਨੇ, ਉਹਨਾਂ ਮਰਨ ਤੋਂ ਕੀ ਡਰਨਾ ਹੋਇਆ। ਉਹ ਆਪਣੇ ਪੈਰੀਂ ਨਹੀਂ ਤੁਰਦੇ ਸੁਲਤਾਨਾ ਉਹ ਤਾਂ ਸਗੋਂ ਹਲਕੇ ਖੰਭਾਂ 'ਤੇ ਉੱਡਦੇ ਨੇ। ਤੈਨੂੰ ਬੜਾ ਕੁਝ ਖੁੱਸਣ ਦਾ ਡਰ ਹੋਵੇਗਾ। ਅਸਾਂ ਪਾਸ ਤਾਂ ਗੰਵਾਣ ਲਈ ਕੁਝ ਹੈ ਈ ਨਹੀਂ......।'

—ਜਾ ਸਕਦਾ ਏਂ ਸਾਈਂ।' ਬਾਦਸ਼ਾਹ ਦੇ ਚਿਹਰੇ ਉਪਰ ਪਰੇਸ਼ਾਨੀ ਹੋਰ ਵੱਧ ਗਈ।

—ਜਾਣ ਤੋਂ ਪਹਿਲਾਂ ਇਕ ਗੱਲ ਆਖਨਾ ਵਾਂ। ਤੂੰ ਜਿੰਨੇ ਬੰਦੇ, ਸੂਹੀਏ, ਮੁਖ਼ਬਰ ਬਾਗੀਆਂ ਪਿਛੇ ਲਾਈ ਰੱਖਨਾ ਏਂ। ਸਾਈਂ ਲੋਕਾਂ ਪਿੱਛੇ ਲਾਈ ਰੱਖਨਾ ਏਂ। ਇਹਨਾਂ ਨੂੰ ਭੋਏਂ ਅੰਦਰ ਲੁਕੀਆਂ ਨਿਆਮਤਾਂ ਲੱਭਣ ਲਈ ਲਾ ਛੱਡ। ਜਿੰਨਾ ਜ਼ੋਰ ਤੂੰ ਕਿੱਲ੍ਹੇ ਅਤੇ ਫੌਜਾਂ ਬਨਾਣ ਤੇ ਲਗਾਨਾ ਏ, ਧਨ ਖਰਚਦਾ ਏਂ, ਬਾਰਾਂ ਦੀਆਂ ਬੇ-ਅਬਾਦ ਪਈਆਂ ਜ਼ਮੀਨਾਂ ਨੂੰ ਅਬਾਦ ਕਰਨ ਲਈ ਖਰਚ, ਫੇਰ ਵੇਖ, ਹਿੰਦ ਦੇ ਲੋਕ ਤੈਨੂੰ ਧਰਤੀ 'ਤੇ ਉਤਰਿਆ ਖ਼ੁਦਾ ਆਖਣਗੇ।' ਸਾਈਂ ਕੁਝ ਪਲ ਖੜ੍ਹਾ ਹੋ ਕੇ ਬਾਦਸ਼ਾਹ ਦੀਆਂ ਅੱਖਾਂ ਵਿਚ ਝਾਕਦਾ ਰਿਹਾ ਸਿੱਧਾ। ਫਿਰ ਬਾਹਰ ਚਲਿਆ ਗਿਆ।

ਅਕਬਰ ਡੂੰਘੀਆਂ ਸੋਚਾਂ ਵਿਚ ਲਹਿ ਗਿਆ।

ਕੱਲ੍ਹ ਦੁੱਲਾ ਭੱਟੀ ਨੂੰ ਫਾਂਸੀ ਚਾੜ੍ਹਨ ਦਾ ਦਿਨ ਹੈ.......

## 52.

ਲਾਹੌਰ ਪੁੱਜ ਕੇ, ਰਾਤ ਭਰ ਆਰਾਮ ਕਰ ਲੈਣ ਤੋਂ ਬਾਅਦ ਵੀ ਅਕਬਰ ਬਹੁਤ ਥੱਕਿਆ ਮਹਿਸੂਸ ਕਰ ਰਿਹਾ ਸੀ। ਸੂਬਾ ਲਾਹੌਰ, ਕਾਜ਼ੀ ਅਤੇ ਕੋਤਵਾਲ ਨੇ ਵੱਖ-ਵੱਖ ਮੁਲਾਕਾਤਾਂ ਵਿਚ ਦੁੱਲਾ ਭੱਟੀ ਨੂੰ ਬੰਦੀ ਬਨਾਉਣ ਤੋਂ ਲੈ ਕੇ ਫਾਂਸੀ ਦੀ ਸਜ਼ਾ ਸੁਨਾਉਣ ਤੱਕ ਵਧਾ-ਚੜ੍ਹਾ ਕੇ ਵੇਰਵੇ ਦੱਸੇ ਸਨ। ਬਾਦਸ਼ਾਹ ਨੂੰ ਖ਼ੁਸ਼ ਹੋਣਾ ਚਾਹੀਦਾ ਸੀ। ਪਰ ਦਿਨ ਚੜ੍ਹਦਿਆਂ ਹੀ ਉਹ ਵਧੇਰੇ ਪਰੇਸ਼ਾਨ ਹੋ ਗਏ। ਸ਼ਾਹੀ ਹਕੀਮ ਬੁਲਾਇਆ ਗਿਆ।

ਰਸਤੇ ਦਾ ਪਲ ਪਲ ਰੰਗ ਵਟਾਉਂਦਾ ਮੌਸਮ, ਕਦੇ ਮੀਂਹ, ਕਦੇ ਧੁੱਪ, ਕਦੇ ਗੜ੍ਹੇ ਤੇ ਲਗਾਤਾਰ ਹਾਥੀ ਦੇ ਹੌਦੇ ਵਿਚ ਬੈਠਣਾ। ਉੱਬੜ-ਖਾਬੜ ਰਸਤੇ। ਹਕੀਮ ਨੇ ਪੂਰੀ ਜਾਂਚ ਪਰਖ ਕਰਨ ਪਿਛੋਂ ਕਿਹਾ;

—ਜਿਸਮਾਨੀ ਤੌਰ 'ਤੇ ਹਜ਼ੂਰ ਬਿਲਕੁਲ ਤੰਦਰੁਸਤ ਨੇ।'

—ਕੁਝ ਵੀ ਅੱਛਾ ਨਹੀਂ ਲੱਗ ਰਿਹਾ।' ਅਕਬਰ ਨੇ ਘੋਰ ਉਦਾਸੀ ਵਿਚ ਕਿਹਾ।

—ਖ਼ਿਮਾ ਕਰਨਾ, ਹਜ਼ੂਰ ਦਾ ਮਨ ਬੀਮਾਰ ਏ, ਮਨ ਪਰੇਸ਼ਾਨ ਏ, ਮਨ ਥੱਕ ਗਿਆ ਏ। ਇਕੋ ਇਕ ਇਲਾਜ ਏ। ਸ਼ਿਕਾਰ ਪਰ ਨਿਕਲੋ, ਖੇਡ ਤਮਾਸ਼ੇ ਕਰਵਾਓ, ਨਾਚ ਗਾਣਾ ਕਰਵਾਓ। ਹਜ਼ੂਰ ਚੰਗੇ ਭਲੇ ਹੋ ਜਾਣਗੇ।' ਹਕੀਮ ਨੇ ਮਸ਼ਵਰਾ ਦਿੱਤਾ।

—ਇਹ ਸਭ ਕਿਵੇਂ ਮੁਨਾਸਬ ਏ। ਉਧਰ ਬਾਗ਼ੀ ਦੁੱਲੇ ਨੂੰ ਸੂਲੀ ਚਾੜ੍ਹਨ ਦੀਆਂ ਤਿਆਰੀਆਂ ਨੇ ਤੇ ਏਧਰ ਮੈਂ ਨਾਚ ਗਾਣੇ, ਸ਼ਿਕਾਰ-ਰੰਗ ਤਮਾਸ਼ੇ, ਇਹ ਨਹੀਂ ਹੋ ਸਕਣਾ।

—ਯਤਨ ਕਰੋ ਹਜ਼ੂਰ, ਕੁਝ ਦਿਨ ਹਕੂਮਤ ਦੇ ਭਾਰ ਤੋਂ ਫਾਰਗ਼ ਰਹੋ। ਫਾਇਦਾ ਹੋਵੇਗਾ।' ਆਖ ਕੇ ਹਕੀਮ ਨੇ ਇਜਾਜ਼ਤ ਲੈ ਲਈ।

..................

ਕਾਜ਼ੀ ਅਤੇ ਕੋਤਵਾਲ ਚਾਹੁੰਦੇ ਸਨ, ਸ਼ਹਿਨਸ਼ਾਹ ਖ਼ੁਦ ਸੂਲੀ ਦਾ ਅਮਲ ਵੇਖਣ। ਪਰ ਅਕਬਰ ਆਪਣੀ ਆਰਾਮਗਾਹ ਅਤੇ ਕਿਲ੍ਹੇ ਤੋਂ ਬਾਹਰ ਜਾਣ ਲਈ ਰਾਜ਼ੀ ਨਹੀਂ ਹੋਇਆ।

ਲਾਹੌਰ ਦੇ ਮੈਦਾਨ-ਏ-ਨਖ਼ਾਸ ਵਿਚ ਸੂਲੀ ਤਿਆਰ ਕਰ ਦਿੱਤੀ ਗਈ। ਲਾਹੌਰ ਦੀਆਂ ਗਲੀਆਂ ਬਜ਼ਾਰਾਂ ਵਿਚ ਢੰਡੋਰਚੀ ਹਰ ਰੋਜ਼ ਵਾਂਗ ਦੁੱਲਾ ਭੱਟੀ ਦੇ ਸੂਲੀ ਉਪਰ ਲਟਕਾਉਣ ਦਾ ਢੰਡੋਰਾ ਪਿੱਟੀ ਜਾ ਰਿਹਾ ਸੀ। ਅੱਜ ਵਾਧਾ ਇਹ ਸੀ ਢੰਡੋਰਚੀ ਕਹਿ ਰਿਹਾ ਸੀ—'ਅੱਜ ਸੂਰਜ ਛਿੱਪਣ ਤੋਂ ਪਹਿਲਾਂ, ਦੁੱਲਾ ਭੱਟੀ ਨੂੰ ਫਾਂਸੀ ਉਪਰ ਲਟਕਾਇਆ ਜਾਏਗਾ।

ਸ਼ਹਿਰ ਅਤੇ ਪਿੰਡਾਂ ਦੇ ਲੋਕ ਟੋਲੀਆਂ ਵਿਚ, ਇਹ ਅਜਬ ਵਰਤਾਰਾ ਵੇਖਣ ਲਈ, ਨਖਾਸ਼ ਮੰਡੀ ਵਿਚ ਜੁੜਨ ਲੱਗੇ ਸਨ।

—ਦੁਪਹਿਰਾਂ ਹੋਈਆਂ ਤੇ ਸੂਰਜ ਢਲਾਣ ਵੱਲ ਲਹਿਣ ਲੱਗਾ।

ਵਕਤ ਰੀਂਗ ਰਿਹਾ ਸੀ। ਲੋਕਾਂ ਭਾਣੇ ਤਾਂ ਵੇਲਾ ਜੜ੍ਹ ਹੋ ਗਿਆ ਸੀ।

ਕਾਜ਼ੀ ਕੋਤਵਾਲ ਸਿਪਾਹ-ਸਾਲਾਰ, ਦਰਬਾਰੀ, ਚੌਧਰੀ ਸਭ ਅਗੜ-ਪਿੱਛੜ ਪਹੁੰਚਣ



ਲੱਗੇ। ਇਹਨਾਂ ਦੇ ਬੈਠਣ ਲਈ ਵਿਸ਼ੇਸ਼ ਹਿਫਾਜ਼ਤੀ ਪ੍ਰਬੰਧ ਸੀ। ਚੁਫੇਰੇ ਗੋਲ ਚੱਕਰ ਦੇ ਵੱਡੇ ਦਾਇਰੇ ਵਿਚ ਲੋਕਾਂ ਦਾ ਹਜੂਮ ਬੜੀ ਉਤਸਕਤਾ ਅਤੇ ਧੜਕਦੇ ਦਿਲਾਂ ਨਾਲ ਸੂਲੀ ਵੱਲ ਤੱਕ ਰਿਹਾ ਸੀ। ਮੌਸਮ ਵਿਚ ਏਨੀ ਤਪਸ਼ ਤਾਂ ਨਹੀਂ ਸੀ। ਪਰ ਲੋਕਾਂ ਦੇ ਮਨਾਂ ਅੰਦਰ ਹਕੂਮਤ ਦੇ ਇਸ ਫੈਸਲੇ ਪ੍ਰਤੀ ਨਫ਼ਰਤ ਰੋਹ ਅਤੇ ਗੁੱਸੇ ਦੀ ਤਪਸ਼ ਵਧਦੀ ਜਾ ਰਹੀ ਸੀ।

ਚੁਫੇਰੇ ਰੌਲੇ ਦਾ ਆਲਮ ਸੀ। ਸਿਪਾਹੀਆਂ ਦੇ ਬਾਰ ਬਾਰ ਵਰਜਣ ਦੇ ਬਾਵਜੂਦ ਲੋਕ ਤਰ੍ਹਾਂ ਤਰ੍ਹਾਂ ਦੀਆਂ ਗੱਲਾਂ ਕਰ ਰਹੇ ਸਨ। ਅਫਵਾਹਾਂ ਫੈਲਾ ਰਹੇ ਸਨ।

ਹਵਾ ਸਹਿਮੀ ਸਹਿਮੀ ਵਗ ਰਹੀ ਸੀ।

ਗੱਡੀ ਫਾਂਸੀ ਉਪਰ ਹੌਲੀ ਹੌਲੀ ਝੂਲਦਾ ਰੱਸਾ ਆਪਣੇ ਫਰਜ਼ ਤੋਂ ਨਾਬਰ ਜਾਪਦਾ ਸੀ।

ਲੋਕ ਮਨਾਂ ਵਿਚ ਬੜਾ ਖੌਰੂ ਪੈ ਰਿਹਾ ਸੀ। ਉਹਨਾਂ ਨੂੰ ਲਗਦਾ ਸੀ, ਨਖਾਸ਼ ਮੰਡੀ ਵਿਚ ਗੱਡੀ ਸੂਲੀ ਚੁਫੇਰੇ ਤੱਕ ਰਹੀ ਜੇ। ਕਈ ਵਾਰ ਬੇ-ਜਾਨ ਚੀਜ਼ਾਂ ਵੀ ਸਾਹ ਲੈਂਦੇ ਪ੍ਰਾਣੀਆਂ ਵਾਂਗ ਵੇਖਦੀਆਂ ਹਨ। ਜਿਵੇਂ ਕਬਰਾਂ ਮਨੁੱਖਾਂ ਨੂੰ, ਭੁਚਾਲ ਸ਼ਹਿਰਾਂ ਨੂੰ, ਤੂਫਾਨ ਝੱਖੜ, ਹਨੇਰੀਆਂ ਜਹਾਜ਼ਾਂ ਬੇੜੀਆਂ ਨੂੰ ਅੱਗ ਜੰਗਲਾਂ ਨੂੰ।

ਫਿਰ ਲੋਕਾਂ ਵੇਖਿਆ, ਕਾਜ਼ੀ ਨੇ ਕੋਤਵਾਲ ਵਲ ਕੋਈ ਇਸ਼ਾਰਾ ਕੀਤਾ ਸੀ ਤੇ ਕੋਤਵਾਲ ਨੇ ਅਗਲੇ ਪਲ ਹੀ ਗਰਜ਼ ਕੇ ਕਿਹਾ—'ਦੋਸ਼ੀ ਨੂੰ ਪੇਸ਼ ਕਰੋ।'

—ਲੋਕਾਂ ਦਾ ਰੌਲਾ ਅਚਾਨਕ ਰੁਕ ਗਿਆ। ਜਿਵੇਂ ਸੈਂਕੜੇ ਹਜ਼ਾਰ ਅਦਿੱਖ ਹੱਥਾਂ ਨੇ ਉਹਨਾਂ ਦੇ ਮੂੰਹ ਬੰਦ ਕਰ ਦਿੱਤੇ ਹੋਣ ਜਾਂ ਉਹਨਾਂ ਦੇ ਮੂੰਹਾਂ ਵਿਚੋਂ ਇਕਦਮ ਜੀਭਾਂ ਖਿੱਚ ਲਈਆਂ ਹੋਣ।

—ਸਿਪਾਹੀਆਂ ਦੇ ਤਕੜੇ ਪਹਿਰੇ ਹੇਠ, ਦੁੱਲਾ ਭੱਟੀ ਸੰਗਲਾਂ ਵਿਚ ਜਕੜਿਆ, ਹੋਇਆ, ਸੂਲੀ ਵਾਲੀ ਜਗ੍ਹਾ ਵੱਲ ਲਿਆਂਦਾ ਜਾਣ ਲੱਗਾ। ਲੋਕਾਂ ਨੇ ਵੇਖਿਆ, ਉਸ-ਦੀਆਂ ਬਾਹਾਂ ਅਤੇ ਚਿਹਰੇ ਉਪਰ ਜ਼ਖ਼ਮਾਂ ਦੇ ਨਿਸ਼ਾਨ ਸਨ। ਭਾਵੇਂ ਉਹ ਕੁਝ ਲੰਗੜਾ ਕੇ ਤੁਰਦਾ ਸੀ, ਪਰ ਉਸਦੀਆਂ ਅੱਖਾਂ ਵਿਚ ਅੱਗ ਉਵੇਂ ਦੀ ਉਵੇਂ ਬਲਦੀ ਸੀ। ਉਸਦੀ ਸ਼ਮਲੇ ਵਾਗੀ ਪੱਗ ਕੁਝ ਢਿੱਲੀ ਅਤੇ ਢੰਗ ਨਾਲ ਬੱਧੀ ਹੋਈ ਨਹੀਂ ਸੀ। ਪਰ ਦੁੱਲੇ ਦੀਆਂ ਮੁੱਛਾਂ ਦੇ ਕੁੰਢ ਢਿੱਲੇ ਨਹੀਂ ਸਨ ਪਏ।

ਲੋਕ ਸਾਹ ਰੋਕੀ ਇਹ ਮੰਜਰ ਵੇਖ ਰਹੇ ਸਨ।

ਕੋਤਵਾਲ ਨੇ ਸਿਪਾਹੀਆਂ ਨੂੰ ਇਸ਼ਾਰਾ ਕੀਤਾ ਤਾਂ ਉਹਨਾਂ ਦੁੱਲੇ ਨੂੰ ਸੂਲੀ ਲਾਗੇ ਲੈ ਜਾ ਖੜ੍ਹਾ ਕੀਤਾ।

ਜਦ ਦੁੱਲਾ ਸੂਲੀ ਲਾਗੇ ਖੜ੍ਹਿਆ ਤਾਂ ਉਸਦਾ ਸਿਰ ਸੂਲੀ ਨਾਲੋਂ ਦੋ ਗਿੱਠਾਂ ਉੱਪਰ ਲੰਘ ਗਿਆ। ਜੱਲਾਦ ਨੇ ਝੱਟ ਕਾਜ਼ੀ ਵੱਲ ਵੇਖਦਿਆਂ ਤੇ ਰਜ਼ਾਮੰਦੀ ਲੈਂਦਿਆਂ ਸੂਲੀ ਦੇ ਰੱਸੇ ਨੂੰ ਦੁੱਲੇ ਦੇ ਸਾਵਾਂ ਕਰ ਦਿੱਤਾ।

ਖ਼ਲਕਤ ਪਹਿਲਾਂ ਵਾਂਗ ਹੀ ਸਾਹ ਰੋਕੀ ਖੜ੍ਹੀ ਵੇਖਦੀ ਰਹੀ।

ਹੁਣ ਕਾਜ਼ੀ ਅੱਗੇ ਆਇਆ। ਇਕ ਪਲ ਦੁੱਲੇ ਵਲ ਤੇ ਫਿਰ ਲੋਕਾਂ ਵੱਲ ਵੇਖਿਆ: ਤੇ ਐਲਾਨ ਕਰਨ ਲੱਗਾ;

......ਹਰ ਆਮ ਖ਼ਾਸ ਨੂੰ ਇਲਮ ਹੋ ਜਾਣਾ ਚਾਹੀਦਾ ਏ, ਜਿਹੜਾ ਬਸ਼ਿੰਦਾ ਵੀ ਸ਼ਹਿਨਸ਼ਾਹ-ਏ-ਹਿੰਦ ਮਹਾਨ ਜਲਾਲੁਦੀਨ ਅਕਬਰ ਦੇ ਖਿਲਾਫ਼ ਬਗਾਵਤ ਕਰਨ ਦੀ ਜੁਅਰਤ ਕਰੇਗਾ। ਹਕੂਮਤ ਦੇ ਅਸੂਲਾਂ, ਕਾਇਦੇ-ਕਾਨੂੰਨ ਤੋਂ ਨਾਬਰ ਹੋਣ ਦੀ ਹਿਮਾਕਤ

ਕਰੇਗਾ, ਉਸਦਾ ਹਸ਼ਰ, ਦੁੱਲਾ ਭੱਟੀ ਵਲਦ ਫਰੀਦ ਭੱਟੀ ਸਾਕਨ ਪਿੰਡੀ ਜੈਸਾ ਹੋਵੇਗਾ। ਸੂਲੀ ਉਪਰ ਲਟਕਣ ਤੋਂ ਪਹਿਲਾਂ ਸ਼ਹਿਨਸ਼ਾਹ-ਏ-ਹਿੰਦ ਦੀ ਖਵਾਹਿਸ਼ ਏ, —ਦੁੱਲਾ ਭੱਟੀ ਨੂੰ ਆਖ਼ਰੀ ਮੌਕਾ ਦਿੱਤੇ ਜਾਵੇ। ਅਗਰ ਦੁੱਲਾ ਭੱਟੀ ਆਪਣੀਆਂ ਗ਼ਲਤੀਆਂ ਲਈ ਸ਼ਹਿਨਸ਼ਾਹ ਤੋਂ ਖ਼ਿਮਾ ਮੰਗ ਲਵੇ ਤਾਂ ਸ਼ਹਿਨਸ਼ਾਹ ਇਸਨੂੰ ਮੁਆਫ਼ ਕਰ ਸਕਦੇ ਹਨ। ਕੋਤਵਾਲ ਨੂੰ ਹੁਕਮ ਏ, ਦੁੱਲਾ ਭੱਟੀ ਦੇ ਸੰਗਲ ਖੋਹਲ ਦਿੱਤੇ ਜਾਣ ਔਰ ਇਸਦੇ ਦੋਵੇਂ ਹੱਥ ਪਿੱਛੇ ਕਰਕੇ ਨੂੜ ਦਿੱਤੇ ਜਾਣ।'

ਸਿਪਾਹੀ ਤੁਰੰਤ ਹੁਕਮ ਦੀ ਤਾਮੀਲ ਵਿਚ ਰੁੱਝ ਗਏ।

—ਦੁੱਲਾ ਭੱਟੀ ਆਪਣੀ ਆਖ਼ਰੀ ਖਵਾਹਿਸ਼ ਦੱਸ ਸਕਦਾ ਏ।' ਕਾਜ਼ੀ ਨੇ ਫਿਰ ਆਖਿਆ।

—ਦੁੱਲਾ ਭੱਟੀ ਨੇ ਆਪਣਾ ਸਿਰ ਝਟਕ ਕੇ ਟੇਢੀ ਹੋਈ ਪੱਗ ਨੂੰ ਸਿੱਧੀ ਕਰਨ ਦਾ ਯਤਨ ਕੀਤਾ। ਫਿਰ ਚੁਫੇਰੇ ਜੁੜੀ ਲੋਕਾਂ ਦੀ ਭੀੜ ਵੱਲ ਧਿਆਨ ਨਾਲ ਵੇਖਿਆ।

—ਲੋਕਾਂ ਨੇ ਅੱਖਾਂ ਝਮਕਣੀਆਂ ਵੀ ਰੋਕ ਲਈਆਂ।

ਦੁੱਲੇ ਨੇ ਫਿਰ ਸਿਰ ਨੂੰ ਝਟਕਾ ਦੇ ਕੇ ਪੱਗ ਰੁਖ ਸਿਰ ਕਰਨ ਦਾ ਯਤਨ ਕੀਤਾ ਫਿਰ ਸਭਨਾਂ ਨੂੰ ਦੁੱਲੇ ਭੱਟੀ ਦੀ ਆਵਾਜ਼ ਸੁਣਾਈ ਦਿੱਤੀ।

—ਮੇਰੇ ਲੋਕੋ, ਮੇਰੇ ਭਰਾਓ, ਅਕਬਰ ਦੇ ਕਰਿੰਦੇ ਨੇ ਮੇਰੀ ਆਖ਼ਰੀ ਖਾਹਿਸ਼ ਪੁੱਛੀ ਏ। ਲਾਹੌਰ ਦੇ ਵਸਣ ਵਾਲਿਓ ਤੇ ਮੇਰੀ ਸਾਂਦਲ ਬਾਰ ਦੇ ਜਣਿਓਂ, ਜੇ ਸੁਣਦੇ ਪਏ ਓਂ ਤਾਂ ਤੁਸੀਂ ਆਪਣੀ ਹੋਣੀ ਦੇ ਆਪ ਮਾਲਕ ਜੇ। ਮੈਂ ਅਕਬਰ ਨੂੰ ਬਾਦਸ਼ਾਹ ਨਹੀਂ ਮੰਨਦਾ। ਧਾੜਵੀ ਮੈਂ ਨਹੀਂ ਆਂ, ਧਾੜਵੀ ਇਹ ਨੇ। ਅਸੀਂ ਆਪਣੀ ਭੋਏਂ ਦੇ ਖ਼ੁਦ ਮਾਲਕ ਆਂ। ਅਸੀਂ ਮੁਸ਼ੱਕਤ ਕਰਨੇ ਆਂ, ਫ਼ਸਲਾਂ ਸਾਡੀਆਂ ਨੇ। ਅਨਾਜ ਸਾਡਾ ਏ। ਭੋਏਂ ਰਾਹਕਾਂ ਦੀ ਏ, ਮਰਜ਼ੀ ਵੀ ਰਾਹਕਾਂ ਦੀ ਏ। ਅਸੀਂ ਮਾਮਲਾ ਦੇਈਏ ਚਾਹੇ ਨਾ ਦੇਈਏ। ਅੱਜ ਦੁੱਲੇ ਨੂੰ ਸੂਲੀ ਚਾੜ੍ਹਕੇ ਇਹ ਸਮਝਦੇ ਹੋਣੇ ਨੇ, ਹੁਣ ਕੋਈ ਅਕਬਰ ਨੂੰ ਅੱਖਾਂ ਨਹੀਂ ਵਿਖਾਏਗਾ। ਪਰ ਉਸਨੂੰ ਜਾਣ ਲੈਣਾ ਚਾਹੀਦਾ ਹੈ, ਦੁੱਲਿਆਂ ਨਹੀਂ ਮਰਨਾ। ਇਹਨਾਂ ਬਾਦਸ਼ਾਹਾਂ ਦੀਆਂ ਧੌਣਾਂ ਉਪਰ ਗੋਡੇ ਰੱਖਦਿਆਂ ਰਹਿਣਾ। ਜਿੰਨਾਂ ਚਿਰ ਬਾਰ ਵਿਚ ਇਕ ਵੀ ਪੱਗ ਬੰਨ੍ਹਣ ਵਾਲਾ ਏ, ਉਹ ਆਪਣੀ ਭੋਏਂ ਲਈ ਲੜੇਗਾ। ਅਕਬਰ ਨੂੰ ਇਲਮ ਹੋ ਜਾਣਾ ਚਾਹੀਦਾ ਏ, ਬਾਰ ਦੇ ਵਾਸੀਆਂ ਨੂੰ ਮੌਤ ਦਾ ਡਰ-ਭੈਅ ਨਹੀਂ ਹੈਗਾ। ਕਾਜ਼ੀ ਔਰ ਅਕਬਰ ਜਾਣ ਲੈਣ, ਜਿਹੜੀਆਂ ਅੱਖਾਂ ਤਲਵਾਰ ਦੀ ਚਮਕ ਵੇਲੇ ਤੇ ਏਹਨਾਂ ਦੀਆਂ ਤੋਪਾਂ ਦੇ ਗੋਲਿਆਂ ਦੀ ਖੜਾਕ ਵੇਲੇ ਲਈਂ ਝਮਕਦੀਆਂ, ਉਹ ਆਪਣੀ ਮੌਤ ਤੋਂ ਨਹੀਂ ਤ੍ਰਭਕਦੀਆਂ। ਬਾਰ ਦੀਆਂ ਕਿੱਕਰਾਂ ਤੇ ਨਿੰਮਾਂ ਦੀ ਕੌੜ ਕਦੇ ਨਹੀਂ ਮਰੇਗੀ। ਅਕਬਰ ਕਾਤਲ ਏ, ਕਸਾਈ ਏ। ਉਹਦੀ ਹਕੂਮਤ ਠੱਗੀ ਅਰ ਧੋਖੇ ਦੀ ਹਕੂਮਤ ਏ। ਬਾਰ ਦੇ ਲੋਕ ਐਸੇ ਬਾਦਸ਼ਾਹ ਦੀ ਹਕੂਮਤ ਉਪਰ ਥੁੱਕਦੇ ਨੇ। ਬਾਦਸ਼ਾਹ ਆਂਦੇ ਰਹਿਣਗੇ, ਬਾਦਸ਼ਾਹ ਜਾਂਦੇ ਰਹਿਣਗੇ। ਦੁੱਲੇ ਦੀ ਭੋਏਂ, ਬਾਰ ਦੀ ਭੋਏਂ, ਲੋਕਾਂ ਦੇ ਮਨਾਂ ਵਿਚ ਜਿਉਂਦੀ ਰਹਿਣੀ ਏਂ। ਮੈਂ ਚਲਾ ਜਾਣਾ ਏ, ਪਰ ਬਾਦਸ਼ਾਹ ਦੇ ਸਿਰ ਵਿਚ ਦੁੱਲੇ ਦੀ ਦਹਿਸ਼ਤ ਬਣੀ ਰਹਿਣੀ ਏ ਤੇ ਉਸਦੀ ਰਾਤਾਂ ਦੀ ਨੀਂਦਰ ਉੱਡ ਜਾਣੀ ਏ।......ਤੇ ਇਕ ਗੱਲ ਮੈਂ ਕਾਜ਼ੀ ਨੂੰ ਆਖਨਾਂ, ਬਾਰ ਦੀ ਧਰਤੀ ਵਿਚ ਤੂਤ ਹੁੰਦੇ ਨੇ ਤੇ ਬਾਰ ਦੇ ਗੱਭਰੂ ਵੀ ਤੂਤ ਨੇ, ਅਕਬਰ ਜਿੰਨਾ ਸਾਨੂੰ ਵੱਢ੍ਹੇਗਾ ਅਸੀਂ ਉਹਨਾਂ ਹੀ ਫੈਲਰਨਾ ਏ। ਹੁਣ ਕਾਜ਼ੀ ਮੀਆਂ ਸੂਲੀ ਦਾ ਰੱਸਾ



ਵੇਲੇ ਸਿਰ ਖਿਚਵਾ ਕੇ ਆਪਣਾ ਕੰਮ ਨਬੇੜੇ, ਮੇਰੇ ਲੋਕਾਂ ਵੇਲੇ ਨਾਲ ਆਪਣੇ ਆਪਣੇ ਘਰੀਂ ਪਰਤਣਾ ਏ।'.....

ਠੀਕ ਇਸ ਵੇਲੇ ਲੋਕਾਂ ਦੀ ਭੀੜ ਵਿਚੋਂ ਸ਼ਾਹ ਹੁਸੈਨ ਅੱਗੇ ਆਕੇ ਉੱਚੀ ਉੱਚੀ ਗਾਉਂਦਾ ਨੱਚਣ ਲੱਗਾ;

ਜਿਨਾਂ ਪਾਕ ਨਿਗਾਹਾਂ ਹੋਈਆਂ,
ਸੇ ਕਹੀਂ ਨਾ ਜਾਂਦੇ ਠੱਗੇ।
ਕਾਲੇ ਪੱਟ ਨਾ ਚੜ੍ਹੇ ਸਫੈਦੀ,
ਕਾਗੁ ਨਾ ਥੀਂਦੇ ਬੱਗੇ,
ਸ਼ਾਹ ਹੁਸੈਨ ਸ਼ਹਾਦਤ ਪਾਇਨ,
ਜੋ ਮਰਨ ਮਿੱਤਰਾਂ ਦੇ ਅੱਗੇ।.....
ਕਾਗ ਨਾ ਥੀਂਦੇ ਬੱਗੇ......

ਕੋਤਵਾਲ ਦਹਾੜਿਆ—'ਫੜੋ ਇਹਨੂੰ—।'

ਕੁਝ ਸਿਪਾਹੀ ਦੌੜ ਕੇ ਗਏ ਤੇ ਸਾਈਂ ਸ਼ਾਹ-ਹੁਸੈਨ ਨੂੰ ਫੜਕੇ ਇਕ ਪਾਸੇ ਲੈ ਗਏ। ਸ਼ਾਹ ਹੁਸੈਨ ਅਚਾਨਕ ਕਰੋਧੀ ਹੋ ਗਿਆ, ਜਿਵੇਂ ਉਸਦੇ ਦਿਮਾਗ਼ ਦਾ ਤਵਾਜ਼ਨ ਹਿੱਲ ਗਿਆ ਹੋਵੇ,—ਇਹ ਸੁਲਤਾਨ ਦੋਜ਼ਖ਼ ਵਿਚ ਸੜੇਗਾ, ਇਸਦੇ ਕੀੜੇ ਪੈ ਜਾਣਗੇ ਇਹ ਤਰੱਕ ਜਾਏਗਾ.....'

ਕੋਤਵਾਲ ਨੇ ਕਾਹਲੀ ਨਾਲ ਜਾਕੇ ਉਸਦੇ ਮੂੰਹ ਉਪਰ ਹੱਥ ਰੱਖ ਦਿੱਤਾ। ਦੋ ਹੋਰ ਸਿਪਾਹੀਆਂ ਨੇ ਉਸਨੂੰ ਹੇਠਾਂ ਸੁੱਟ ਲਿਆ। ਕੋਤਵਾਲ ਆਪੇ ਤੋਂ ਬਾਹਰ ਹੋਇਆ ਗੁੱਸੇ ਵਿਚ ਬੋਲਿਆ;

—ਜੇ ਮੇਰੇ ਵੱਸ ਹੋਵੇ ਨਾਂ ਤਾਂ ਤੇਰੇ ਪਿੱਛੇ ਕਿੱਲਾ ਠੁਕਵਾਕੇ ਮਰਵਾ ਦਿਆਂ ਤੈਨੂੰ।' ਤੇ ਨਾਲ ਹੀ ਸਾਈਂ ਦੀ ਗਿੱਚੀ ਵਿਚ ਧੌਲ ਮਾਰੀ।

ਆਪਣੇ ਆਪ ਨੂੰ ਸੰਭਾਲਦਾ, ਗਿੱਚੀ ਪਲੋਸਦਾ ਸ਼ਾਹ ਹੁਸੈਨ ਹੌਲੀ ਜਿਹੀ ਬੋਲਿਆ,

—ਕੋਤਵਾਲਾ, ਕੀ ਪਤਾ ਮੇਰੇ ਤੋਂ ਪਹਿਲਾਂ, ਕਿੱਲਾ ਤੇਰੇ ਪਿੱਛੇ ਹੀ ਠੁਕ ਜਾਏ।'

—ਦੂਰ ਲੈ ਜਾਓ ਇਹਨੂੰ ਏਥੋਂ।'

ਸਿਪਾਹੀ ਉਸ ਨੂੰ ਘੜੀਸ ਕੇ ਨਖਾਸ-ਮੰਡੀ ਤੋਂ ਦੂਰ ਲੈ ਜਾਣ ਲੱਗੇ।

ਜਦ ਸਾਈਂ ਸ਼ਾਹ ਹੁਸੈਨ ਨੂੰ ਘੜੀਸਿਆ ਜਾ ਰਿਹਾ ਸੀ, ਭੀੜ ਵਿਚ ਅਚਾਨਕ ਰੌਲਾ ਪੈ ਗਿਆ। ਪਤਾ ਨਹੀਂ ਭੀੜ ਵਿਚੋਂ ਕਿਸ ਨੇ, ਕਿਸ ਨੂੰ ਪੱਥਰ ਮਾਰਿਆ। ਹਰ ਪਾਸਿਉਂ ਪੱਥਰ ਪੈਣ ਲੱਗੇ। ਲੋਕ ਇਧਰ ਉੱਧਰ ਨੱਠਣ ਲੱਗੇ। ਉਦੋਂ ਹੀ ਮਿਰਜ਼ਾ ਨਿਜਾਮੁਦੀਨ ਨੇ ਕਾਜ਼ੀ ਦੇ ਕੰਨ ਵਿਚ ਕੁਝ ਆਖਿਆ। ਕਾਜ਼ੀ ਨੇ ਜੱਲਾਦ ਵੱਲ ਤੱਕਿਆ ਜਿਹੜਾ ਕਦੋਂ ਦਾ ਕਾਜ਼ੀ ਦੇ ਇਸ਼ਾਰੇ ਦੀ ਉਡੀਕ ਵਿਚ ਸੀ।

ਅਚਾਨਕ ਲੋਕਾਂ ਵਿਚ ਹਾਹਾਕਾਰ ਮੱਚ ਉੱਠੀ।

ਹਵਾ ਵਿਚ ਲਟਕਦੀ ਦੁੱਲੇ ਭੱਟੀ ਦੀ ਦੇਹ ਲੋਕਾਂ ਤੋਂ ਵੇਖੀ ਨਈਂ ਗਈ। ਕਿਸੇ ਆਪਣੀ ਪੱਗ ਦੇ ਲੜ ਨਾਲ, ਕਿਸੇ ਆਪਣੀਆਂ ਬਾਹਾਂ ਨਾਲ, ਕਿਸੇ ਨੇ ਆਪਣੇ ਹੱਥਾਂ ਨਾਲ ਅੱਖਾਂ ਬੰਦ ਕਰ ਲਈਆਂ।

ਪੱਥਰਾਂ ਦਾ ਮੀਂਹ ਫੇਰ ਵਰ੍ਹ ਪਿਆ।

ਘਬਰਾਏ ਅਤੇ ਭੈ-ਭੀਤ ਹੋਏ ਅਹਿਲਕਾਰ ਹਿਫਾਜ਼ਤੀ ਥਾਂਵਾਂ ਵੱਲ ਦੌੜੇ। ਦੌੜਦਿਆਂ ਇਕ ਪੱਥਰ ਕਾਜ਼ੀ ਦੀ ਕੁਲ੍ਹੇ ਵਾਲੀ ਪਗੜੀ 'ਤੇ ਆ ਲੱਗਾ ਤਾਂ ਪਗੜੀ ਦੂਰ ਜਾ ਡਿੱਗੀ ਤੇ ਇਧਰ ਉਧਰ ਦੌੜਦੇ ਲੋਕਾਂ ਦੇ ਪੈਰਾਂ ਹੇਠ ਮਧੋਲੀ ਗਈ।

ਸੂਰਜ ਸਾਂਦਲ ਬਾਰ ਵਲੋਂ ਉਦੈ ਹੋਣ ਲਈ, ਲਾਹੌਰ ਦੇ ਪੱਛਮ ਵੱਲ ਹੌਲੀ ਹੌਲੀ ਬਿਲਕੁਲ ਹੇਠਾਂ ਲਹਿ ਗਿਆ।

ਲਾਹੌਰ ਉਪਰ ਸੁਰਮਈ ਹਨੇਰੇ ਦੀ ਚਾਦਰ ਤਣਦੀ ਗਈ।

****

ਬਾਗ਼ੀ ਲੋਕਾਂ ਨੂੰ ਸਬਕ ਸਿਖਾਉਣ ਲਈ, ਦੁੱਲਾ-ਭੱਟੀ ਦੀ ਦੇਹ ਨੂੰ ਅਗਲੇ ਦਿਨ ਦੁਪਹਿਰ ਤੱਕ ਸੂਲੀ ਉਪਰ ਲਟਕਦੀ ਰੱਖਣ ਦਾ ਹੁਕਮ ਸੁਣਾਇਆ ਗਿਆ।

ਕਿਲ੍ਹੇ ਅੰਦਰ ਅਕਬਰ ਦਰਬਾਰ ਲਗਾਕੇ ਕੱਲ੍ਹ ਦੀ ਘਟਨਾ ਦਾ ਅੱਖੀਂ ਡਿੱਠਾ ਹਾਲ ਸੁਣਨ ਲਈ ਕਾਹਲਾ ਸੀ।

ਅਲੀ ਕੋਤਵਾਲ ਨੂੰ ਤਲਬ ਕੀਤਾ ਗਿਆ।

ਅਮੀਰ, ਵਜ਼ੀਰ ਦਰਬਾਰੀ ਸਭ ਹਾਜ਼ਰ ਸਨ।

—ਅਸਾਂ ਤੈਨੂੰ ਪੂਰੀ ਕਾਰਵਾਈ ਦਾ ਲਫ਼ਜ਼-ਬ-ਲਫਜ਼ ਦਰਜ ਕਰਦੇ ਰਹਿਣ ਲਈ ਆਖਿਆ ਸੀ ?' ਸ਼ਹਿਨਸ਼ਾਹ ਨੇ ਪੁੱਛਿਆ।

—ਹਜ਼ੂਰ ਦੇ ਹੁਕਮ ਦੀ ਪੂਰੀ ਤਾਮੀਲ ਕੀਤੀ ਏ। ਇਜਾਜ਼ਤ ਹੋਵੇ ਤਾਂ......।

ਇਜਾਜ਼ਤ ਏ।'

ਤੇ ਕੋਤਵਾਲ ਅੱਖਰ ਅੱਖਰ ਬਿਆਨ ਕਰਨ ਲੱਗਾ। ਹੂ-ਬ-ਹੂ। ਅਕਬਰ ਕਮੀਨਾ ਏ, ਕਸਾਈ ਏ, ਕਾਤਲ ਏ, ਠੱਗ ਏ, ਇਹ ਦੋਜ਼ਖ਼ ਵਿਚ ਸੜੇਗਾ, ਕੀੜੇ ਪੈਣਗੇ, ਤਰੱਕ ਜਾਵੇਗਾ......।

ਜਿਵੇਂ ਜਿਵੇਂ ਅਕਬਰ ਸੁਣਦਾ ਗਿਆ, ਤਿਵੇਂ ਤਿਵੇਂ ਉਸਦੇ ਤੇਵਰ ਰੰਗ ਵਟਾਉਂਦੇ ਗਏ। ਦਰਬਾਰੀਆਂ ਡਰ ਅਤੇ ਅਚੰਭੇ ਨਾਲ ਮੂੰਹ ਅੱਡ ਲਏ।

ਕੋਤਵਾਲ ਨੂੰ ਟੋਕਦਾ ਅਕਬਰ ਅਚਾਨਕ ਗਰਜਿਆ;

—ਦੁੱਲਾ ਭੱਟੀ ਔਰ ਸਾਈਂ ਜੋ ਆਖਿਆ ਈ, ਅਸਾਂ ਦੀ ਗੈਰ ਹਾਜ਼ਰੀ ਵਿਚ ਆਖਿਆ ਈ। ਏਸ ਮਰਦੂਦ ਨੇ ਜੋ ਆਖਿਆ ਈ ਸਾਰਾ ਕੁਝ ਅਸਾਂ ਦੀ ਹਾਜ਼ਰੀ ਵਿਚ ਆਖਿਆ ਈ। ਇਹ ਸਜ਼ਾ ਦਾ ਹੱਕਦਾਰ ਏ। ਸਜ਼ਾ ਇਹ ਈ, ਇਸਦੀ ਪਿੱਠ ਵਿਚ ਕਿੱਲਾ ਠੋਕ ਕੇ ਜਹੱਨਮ ਪੁੱਜਦਾ ਕਰ ਦਿਉ। ਲੈ ਜਾਓ ਇਸਨੂੰ।'

ਤੇ ਦੁਪਹਿਰੋਂ ਬਾਅਦ ਜਦ ਲਾਹੌਰ ਉਪਰੋਂ ਸੂਰਜ ਢਲਣ ਲੱਗਾ ਸੀ, ਲਾਹੌਰ ਦੇ ਲੋਕਾਂ ਨੇ ਦੋ ਜਨਾਜ਼ੇ ਕਬਰਸਤਾਨ ਵੱਲ ਜਾਂਦੇ ਵੇਖੇ।

ਇਕ ਦੁੱਲਾ ਭੱਟੀ ਦਾ ਸੀ ਦੂਸਰਾ ਅਲੀ ਕੋਤਵਾਲ ਦਾ।



## 53.

ਦੁੱਲੇ ਦੀ ਮਾਂ ਲੱਧੀ ਦੀ ਹਵੇਲੀ ਦੇ ਵੱਡੇ ਬੂਹੇ ਨੂੰ ਜੰਦਰਾ ਵੱਜਾ ਵੇਖ ਕੇ ਪਿੰਡੀ ਦੇ ਲੋਕ ਹੈਰਾਨ ਰਹਿ ਗਏ।..........ਇੱਕ ਦਿਨ ਪਹਿਲਾਂ ਤੱਕ ਉਹ ਏਥੇ ਸੀ। ਫੁੱਲਰਾਂ......ਕੁੜੀਆਂ, ਨੂਰੇ ਦੀ ਸੱਜ ਵਿਆਹੀ ਨਾਰ ਕਿਧਰ ਗਏ ਹੋਏ ਸਾਰੇ..........

ਪਿੰਡੀ ਦੀਆਂ ਰੌਣਕਾਂ ਰੁੱਸ ਗਈਆਂ ਸਨ, ਪਰ ਪਿੰਡੀ ਅਜੇ ਸਾਹ ਲੈਂਦੀ ਸੀ। ਪਿਰਥੇ ਦੇ ਭਰਾ ਦਾ ਲੜਾਈ ਵਿਚ ਗੁੱਟ ਵੱਢਿਆ ਗਿਆ ਸੀ। ਕਾਲੇ ਆਜੜੀ ਦਾ ਅੱਧਾ ਇੱਜੜ ਮੁਗਲ ਫੌਜੀਆਂ ਦੇ ਢਿੱਡਾਂ ਵਿਚ ਪੈ ਗਿਆ ਹੋਇਆ ਸੀ। ਹਾਜ਼ੀ ਚਿਰਾਗ਼ਦੀਨ ਦਾ ਪੋਤਰਾ ਲੱਭਦਾ ਨਹੀਂ ਸੀ ਪਿਆ। ਹਵੇਲੀ ਰਾਮ ਹਲਵਾਈ ਦਾ ਬੁੱਧ ਰਾਮ ਵੀ ਕਿਧਰੇ ਗੁੰਮ ਸੀ। ਪਿੰਡੀ ਦੀਆਂ ਗਲੀਆਂ ਵਿਚੋਂ ਕਿਸੇ ਦੀ ਵੀ ਲੋਥ ਨਹੀਂ ਸੀ ਲੱਭੀ।

ਭਾਵੇਂ ਪਿੰਡੀ ਦੇ ਕੁਝ ਘਰ ਨਾਰਾਜ਼ ਸਨ, ਦੁੱਲੇ ਕਾਰਨ ਪਿੰਡੀ ਫੇਰ ਉੱਜੜ ਗਈ ਸੀ। ਬਹੁਤ ਲੋਕ ਮਾਰੇ ਗਏ ਸਨ, ਕੁਝ ਜ਼ਖਮੀ ਸਨ, ਕੁਝ ਅਪਾਹਜ ਹੋ ਗਏ ਸਨ। ਤਾਂ ਵੀ ਲੋਕ ਅੰਮਾਂ ਲੱਧੀ ਕੋਲ ਹਾਅ ਦਾ ਨਾਅਰਾ ਮਾਰਨ ਆਉਣ ਲੱਗੇ। ਏਨਾ ਕੁਝ ਹੋ ਜਾਣ ਦੇ ਬਾਵਜੂਦ, ਹਾਜੀ ਚਿਰਾਗ਼ਦੀਨ ਦੇ ਯਤਨਾਂ ਨਾਲ ਲੋਕਾਂ ਦੇ ਮਨਾਂ ਵਿਚ ਦੁੱਲੇ ਪ੍ਰਤੀ ਹਮਦਰਦੀ ਪੈਦਾ ਹੋ ਗਈ।

ਉੱਜੜੇ ਘਰਾਂ ਦੇ ਠੰਢੇ ਚੁਲ੍ਹਿਆਂ ਵਿਚ ਫਿਰ ਅੱਗ ਬਲਣ ਲੱਗ ਪਈ। ਪਿੰਡੀ ਦੇ ਚੌਧਰੀ, ਦੁੱਲੇ ਦੇ ਰੂ-ਪੋਸ਼ ਹੋਏ ਸਾਥੀਆਂ ਤੋਂ ਡਰਦੇ ਅਜੇ ਵੀ ਲਾਹੌਰ ਡੇਰੇ ਲਾਈ ਬੈਠੇ ਸਨ ਤੇ ਜ਼ੋਰ ਪਾ ਰਹੇ ਸਨ, ਦੁੱਲੇ ਦੇ ਬਾਕੀ ਟੱਬਰ ਨੂੰ ਵੀ ਫੜ ਲਿਆ ਜਾਵੇ ਤੇ ਪਿੰਡੀ ਵਿਚ ਪੱਕੇ ਤੌਰ ਤੇ ਚੌਂਕੀ ਬਿਠਾ ਦਿੱਤੀ ਜਾਵੇ।

ਹੁਣ ਬੂਹੇ ਨੂੰ ਜੰਦਰਾ ਵੱਜਾ ਵੇਖਕੇ ਕੁਝ ਤਾਂ ਸੋਚਦੇ ਸਨ ਕੀ ਪਤਾ ਬਾਦਸ਼ਾਹ ਦੇ ਸਿਪਾਹੀ ਇਹਨਾਂ ਨੂੰ ਵੀ ਫੜਕੇ ਲਾਹੌਰ ਲੈ ਗਏ ਹੋਣ। ਗੁਆਂਢ ਦੇ ਲੋਕ ਆਪਨੇ ਘਰਾਂ ਦੀਆਂ ਛੱਤਾਂ ਉਪਰ ਚੜ੍ਹਕੇ ਲੱਧੀ ਦੀ ਹਵੇਲੀ ਦੇ ਵਿਹੜੇ ਵਿਚ ਝਾਕਦੇ। ਸੁੱਕੇ ਪੱਤੇ ਕੱਖ ਕਾਨ ਜ਼ਰਾ ਕੁ ਆਈ ਹਵਾ ਤੋਂ ਵਿਹੜੇ ਵਿਚ ਇਧਰ ਉਧਰ ਪਾਗਲਾਂ ਵਾਂਗ ਭਟਕਦੇ ਫਿਰਦੇ ਦਿਸਦੇ।.......ਉਹ ਦੁੱਖੀ ਹੁੰਦੇ; ਭੱਟੀਆਂ ਦਾ ਖ਼ਾਨਦਾਨ ਈ ਜੜੋਂ ਉਖੜ ਗਿਆ ਏ। ਕਦੇ ਏਸ ਵਿਹੜੇ ਵਿਚ ਰੌਣਕਾਂ ਹੁੰਦੀਆਂ ਸਨ। ਕਦੇ ਮੇਹਰੂ ਦੇ ਬੇਲੀ ਨਸ਼ੇ ਵਿਚ ਕਲਾ-ਬਾਜ਼ੀਆਂ ਲਾਉਂਦੇ ਸਨ, ਕਦੇ ਸਲੇਮੋ-ਬਖਤੋ ਅਤੇ ਸਹੇਲੀਆਂ ਰਲ ਮਿਲ ਕਤਦੀਆਂ ਕਢਦੀਆਂ ਗੀਤ ਗਾਉਂਦੀਆਂ ਸਨ........, ਲੋਕ ਝੂਰਦੇ, ਅਕਬਰ ਨੂੰ ਗਾਲ੍ਹਾਂ ਕੱਢਦੇ ਤੇ ਆਪਨੇ ਕੰਮੀਂ ਰੁੱਝ ਜਾਂਦੇ।

ਹਾਜ਼ੀ ਚਿਰਾਗ਼ਦੀਨ ਬਹੁਤਾ ਉਦਾਸ ਹੋ ਜਾਂਦਾ, ਮੋਇਆਂ ਨੂੰ ਯਾਦ ਕਰਦਾ ਦਰਿਆ ਵੱਲ ਨਿਕਲ ਜਾਂਦਾ। ਦੂਰੋਂ ਝਿੜੀ ਦਿੱਸਦੀ........ਹੁਣ ਏਥੇ ਰਾਤਾਂ ਦੇ ਹਨੇਰਿਆਂ ਵਿਚ ਮੇਲੇ ਨਹੀਂ ਲਗਣੇ। ਹੁਣ ਖੂਹ 'ਤੇ ਵੱਡੇ ਦੇਗੇ ਵਿਚ ਗੋਸ਼ਤ ਨਹੀਂ ਪੱਕਣਾ ਨਾ ਹੀ ਕਿਸੇ ਨੇ ਕਿਸੇ

ਗ਼ਰੀਬ ਸੁੰਦਰੀ ਦੇ ਸਿਰ 'ਤੇ ਸਾਲੂ ਦੇਣਾ ਈ। ਹੁਣ ਪਿੰਡੀ ਦੀਆਂ ਗਲੀਆਂ ਵਿਚੋਂ ਦੀ ਉੱਚਾ ਲੰਮਾ ਸੁਨੱਖਾ ਬੰਦਾ ਸ਼ਮਲੇ ਵਾਲੀ ਪੱਗ ਬੰਨ੍ਹ ਕੇ ਘੋੜੇ ਤੇ ਚੜ੍ਹ ਕੇ, ਹੱਥਾਂ ਵਿਚ ਲੰਮਾ ਨੇਜ਼ਾ ਲੈ ਕੇ ਨਹੀਂ ਲੰਘਣਾ........ਸੋਚਦਿਆਂ ਹਾਜੀ ਬਾਬਾ ਦੀਆਂ ਬੁੱਢੀਆਂ ਅੱਖਾਂ ਵਿਚ ਪਾਣੀ ਤੈਰ ਆਇਆ ਤੇ ਉਹ ਭਰੀਆਂ ਅੱਖਾਂ ਨਾਲ ਝਨਾਂ ਦੇ ਵਗਦੇ ਪਾਣੀਆਂ ਵੱਲ ਵੇਖਣ ਲੱਗਾ।

* * * *

ਪਿੰਡੀ ਵਿਚ ਚੌਕੀ ਬਿਠਾ ਦਿੱਤੀ ਗਈ। ਸਿਪਾਹੀ ਹਰ ਪਿੰਡੀ ਵਾਸੀ ਉਪਰ ਧੌਂਸ ਜਮਾਉਣ ਲੱਗੇ। ਹਾਜੀ ਚਿਰਾਗ਼ਦੀਨ ਨੇ ਘਰੋਂ ਨਿਕਲਣਾ ਹੀ ਬੰਦ ਕਰ ਦਿੱਤਾ।

ਪਿੰਡੀ ਵਿਚ ਇਕ ਵਾਰ ਫਿਰ ਸਹਿਮ ਛਾ ਗਿਆ। ਔਰਤਾਂ ਅਤੇ ਕੁੜੀਆਂ ਡਰੀਆਂ ਡਰੀਆਂ ਵੇਲਾ ਵਿਚਾਰ ਕੇ ਹੀ ਬਾਹਰ ਅੰਦਰ ਜਾਂਦੀਆਂ। ਉਹ ਆਂਢ-ਗੁਆਂਢ ਘਰਾਂ ਵਿਚ ਹੀ ਜੁੜ ਬੈਠਦੀਆਂ। ਕੋਈ ਕੱਤਦੀ ਕੋਈ ਚਾਦਰ ਕੱਢਦੀ, ਕੋਈ ਸਿਰਹਾਨਿਆਂ ਉੱਪਰ ਫੁੱਲ ਬੂਟੇ ਬਣਾਉਂਦੀ, ਕੋਈ ਫੁੱਲਕਾਰੀ ਕੱਢਦੀ।

ਇਕ ਦਿਨ ਮਾਈ ਬਰਕਤਾਂ ਦੇ ਘਰ ਮਰਦ ਨਹੀਂ ਸਨ। ਗਲੀ ਦੀਆਂ ਸਾਰੀਆਂ ਕੁੜੀਆਂ ਨਸੀਰਾਂ ਕੋਲ ਜੁੜੀਆਂ ਹੋਈਆਂ ਸਨ। ਕੁੜੀ ਸੁੱਖੋ ਦਾ ਭਰਾ, ਮੁਗਲਾਂ ਦੇ ਹੱਲੇ ਵੇਲੇ ਮਾਰਿਆ ਗਿਆ ਸੀ। ਸੁੱਖੋ ਚਾਦਰ ਕੱਢਦੀ ਹੌਲੀ ਹੌਲੀ ਗਾਉਣ ਲੱਗੀ;

ਸੁੰਦਰ ਮੁੰਦਰੀਏ ਹੋ
ਤੇਰਾ ਕੌਣ ਵਿਚਾਰਾ ਹੋ
ਦੁੱਲਾ ਭੱਟੀ ਵੀਰਾ ਹੋ,
ਦੁੱਲੇ ਧੀ ਵਿਆਹੀ ਹੋ..............

ਸੁੱਖੋ ਦੇ ਨਾਲ ਦੂਸਰੀਆਂ ਕੁੜੀਆਂ ਵੀ ਗਾਉਣ ਲੱਗੀਆਂ। ਫਿਰ ਨਸੀਰਾਂ ਨੇ ਵੈਣ ਪਾਉਣ ਵਾਲਿਆਂ ਵਾਂਗ ਲੰਮੀ ਹੇਕ ਕੱਢੀ:

ਬਾਹਰ ਉੱਤਰੇ ਕੁੱਤੇ ਮੁਗਲੇਟੜੇ ਦਿੱਤੀ ਬੈਠੇ ਨੇ ਮੁੱਛਾਂ ਨੂੰ ਤਾਅ ਵੇ,
ਤੂੰ ਕਿਥੇ ਐਂ ਵੇ ਦੁੱਲਿਆ ਵੀਰਨਾ, ਤੇਰਾ ਜੱਗ ਤੇ ਰਹਿਸੀ ਆ ਨਾਂ ਵੇ........
ਵੇ ਤੇਰੀ ਪਿੰਡੀ ਉੱਜੜ ਗਈ ਵੀਰਨਾ, ਮੈਂ ਸੱਚੀਆਂ ਦਿਆਂ ਸੁਣਾ ਵੇ.........

ਗਾਉਂਦੀ ਨਸੀਰਾਂ ਦਾ ਗਲਾ ਭਰ ਆਇਆ ਤੇ ਗੋਡਿਆਂ ਵਿਚ ਮੂੰਹ ਦੇ ਕੇ ਹੁਬਕੀਂ ਹੁਬਕੀਂ ਰੋਣ ਲੱਗੀ। ਉਸਦੇ ਨਾਲ ਦੂਸਰੀਆਂ ਵੀ ਰੋਣ ਲੱਗ ਪਈਆਂ।

ਰੋਂਦਿਆਂ ਰੋਂਦਿਆਂ ਇਕ ਕੁੜੀ ਨੇ ਦੂਸਰੀਆਂ ਨੂੰ ਕਿਹਾ—'ਅੜੀਓ! ਆਹ ਵੇਖੋ।'

ਕੁੜੀਆਂ ਨੇ ਅੱਖਾਂ ਪੂੰਝਦਿਆਂ ਉਸਦੇ ਕੱਢੇ ਸਿਰਹਾਣੇ ਵੱਲ ਵੇਖਿਆ:

ਘੋੜੇ ਉੱਪਰ ਇਕ ਜਣਾ ਉੱਚਾ ਸ਼ਮਲਾ ਛੱਡੀ, ਹੱਥ ਵਿਚ ਲੰਮਾ ਨੇਜਾ ਫੜੀ ਇਸ ਤਰ੍ਹਾਂ ਬੈਠਾ ਸੀ, ਜਿਵੇਂ ਵੈਰੀ ਉੱਪਰ ਵਾਰ ਕਰਨ ਲੱਗਾ ਹੋਵੇ।

ਕਿਸੇ ਕਿਹਾ—'ਇਹ ਤਾਂ ਵੀਰ ਦੁੱਲਾ ਈ।' ਦੂਸਰੀ ਕਿਹਾ—'ਇਹ ਚਾਚਾ ਦੁੱਲਾ ਈ।'

ਤੇ ਸਿਰਹਾਣੇ ਉਪਰ ਧਾਗਿਆਂ ਦੀ ਕਢਾਈ ਕੀਤੇ ਦੁੱਲਾ-ਭੱਟੀ ਨੂੰ ਪੋਲੇ ਹੱਥਾਂ ਨਾਲ ਛੋਹਦੀਆਂ ਕੁੜੀਆਂ ਫਿਰ ਅੱਖਾਂ ਭਰ ਆਈਆਂ।

* * * *



ਪਿੰਡੀ ਛੱਡਣ ਤੋਂ ਪਹਿਲਾਂ, ਲੱਧੀ ਦਰਿਆ ਦੇ ਕੰਢੇ ਕੰਢੇ ਨੂਰਾਂ ਨੂੰ ਵੇਖਣ ਗਈ ਸੀ। ਸਾਰੀ ਰਾਤ ਉਹ ਨੂਰਾਂ ਬਾਰੇ ਸੋਚਦੀ ਰਹੀ ਸੀ।—ਏਹ ਨਿਕਰਮੀ ਤਾਂ ਦੋਹਾਂ ਜਹਾਨਾਂ ਤੋਂ ਗਈ। ਏਹਦਾ ਕੀ ਕਸੂਰ? ਫੁੱਲਰਾਂ ਤੋਂ ਡਰਦੀ ਇਹਨੂੰ ਹਵੇਲੀ ਨਹੀਂ ਸਾਂ ਰੱਖ ਸਕਦੀ। ਹੁਣ ਤਾਂ......, ਹਵੇਲੀ ਵੀ ਉੱਜੜ ਗਈ ਤੇ ਫੁੱਲਰਾਂ ਵੀ ਉੱਜੜ ਗਈ। ਹੁਣ ਕਾਹਦਾ ਰੋਸਾ।......

ਤੇ ਦਿਨ ਚੜ੍ਹਦੇ ਹੀ ਲੱਧੀ ਨੂਰਾਂ ਵੱਲ ਤੁਰ ਪਈ ਸੀ।

ਇਕ ਤੋਂ ਘਰ ਬਾਰੇ ਤਸੱਲੀ ਕਰ ਲਈ। ਪਰ ਬਾਹਰੋਂ ਕੁੰਡਾ ਵੱਜਾ ਹੋਇਆ ਸੀ। ਪੁੱਛਿਆ—'ਉਸ ਆਖਿਆ, ਪਤਾ ਨਹੀਂ ਮਾਈ, ਇਹ ਕੁੰਡਾ ਤਾਂ ਪੰਜ-ਛੇ ਦਿਨਾਂ ਤੋਂ ਵੱਜਾ ਹੋਇਆ ਏ।'

ਲੱਧੀ ਦੇ ਜਿਵੇਂ ਕਿਸੇ ਨੇ ਰਹਿੰਦੇ ਪ੍ਰਾਣ ਵੀ ਕੱਢ ਲਏ ਹੋਣ। ਉਹ ਬੰਦ ਬੂਹੇ ਦੇ ਬਾਹਰ ਹੀ ਬੈਠ ਗਈ ਸੀ ਤੇ ਹੰਝੂ ਵਹਾਉਣ ਲੱਗੀ ਸੀ।

ਹੁਣ ਉਸਦਾ ਏਥੇ ਕੀ ਸੀ। ਪਿੰਡੀ ਅਤੇ ਸੁੰਨੀ ਹਵੇਲੀ ਵਿਚ ਉਸਦਾ ਜੀ ਘਬਰਾਉਂਦਾ ਸੀ। ਹਵੇਲੀ ਵਿਚ ਉਸਨੂੰ ਸਾਹ ਲੈਣਾ ਔਖਾ ਹੋ ਗਿਆ। ਹਵੇਲੀ ਦੀ ਹਰ ਨੁੱਕਰ ਵਿਚੋਂ, ਕਮਰਿਆਂ ਵਿਚੋਂ, ਵਿਹੜੇ ਵਿਚੋਂ, ਕਦੇ ਮੇਹਰੂ ਦੀਆਂ, ਕਦੇ ਦੁੱਲੇ ਦੀਆਂ ਕਦੇ ਨੂਰੇ ਦੀਆਂ ਆਵਾਜ਼ਾਂ ਸੁਣਦੀਆਂ। ਰਾਤ ਵੇਲੇ ਉਸਨੂੰ ਲਗਦਾ, ਜਿਵੇਂ ਕੋਈ ਵਿਹੜੇ ਵਿਚ ਖੜ੍ਹਾ ਹੋਵੇ। ਉਹ ਡੈਂਬਰੀ ਹੋਈ ਇਧਰ ਉਧਰ ਵੇਖਦੀ। ਉੱਠ ਕੇ ਪਿੱਛੇ ਜਾਂਦੀ, ਜਣਾ ਹੋਰ ਪਾਸੇ ਤੁਰ ਪੈਂਦਾ। ਉਹ ਸਿਰ ਦੇ ਵਾਲ ਖੋਂਹਦੀ। ਉਸਦਾ ਚੀਕਾਂ ਮਾਰਨ ਨੂੰ ਜੀ ਕਰਦਾ।........ਇਸ ਤਰ੍ਹਾਂ ਤਾਂ ਮੈਂ ਕਮਲੀ ਹੋ ਜਾਊਂ.....। ਕਿੰਨਾ ਕੁ ਚਿਰ ਪਰਛਾਵਿਆਂ ਪਿਛੇ ਨੱਠਦੀ ਰਹੂੰ।

ਅਗਲੇ ਦਿਨ ਲੌਢੇ ਵੇਲੇ ਪਤਾ ਨਹੀਂ ਲੱਧੀ ਦੇ ਮਨ ਵਿਚ ਕੀ ਆਇਆ। ਉਹ ਅੰਬਾਂ ਦੀ ਝਿੜੀ ਵੱਲ ਤੁਰ ਪਈ।

ਅਸਮਾਨ ਪੂਰਾ ਸਾਫ਼ ਸੀ। ਗੂੜ੍ਹੀ ਨੀਲੱਤਣ ਵਾਲਾ। ਮੌਸਮ ਪੂਰਾ ਖੁਲ੍ਹ ਗਿਆ ਸੀ। ਕਣਕਾਂ ਕਿਧਰੇ ਕਿਧਰੇ ਸੁਨਹਿਰੀ ਭਾਅ ਮਾਰਨ ਲੱਗੀਆਂ ਸਨ। ਲੱਧੀ ਬਿਨਾਂ ਕਿਸੇ ਵੱਲ ਵੇਖੇ ਤੁਰਦੀ ਗਈ। ਸਿਰ ਉਪਰ ਅੱਧੋਰਾਣੀ ਜਿਹੀ ਚਿੱਟੀ ਚਾਦਰ ਅੱਧੇ ਮੱਥੇ ਨੂੰ ਢੱਕ ਰਹੀ ਸੀ ਤੇ ਚਾਦਰ ਦੇ ਦੋਵੇਂ ਲੜ ਮੋਢਿਆਂ ਤੋਂ ਪਿੱਛੇ ਸੁੱਟੇ ਹੋਏ ਸਨ।

ਝਿੜੀ ਨੇ ਲੱਧੀ ਨੂੰ ਵੇਖਦਿਆਂ ਹੀ ਜਿਵੇਂ ਧਾਹ ਮਾਰੀ ਹੋਵੇ। ਲੱਧੀ ਨੂੰ ਏਵੇਂ ਲੱਗਿਆ ਤੇ ਉਸਦੀਆਂ ਅੱਖਾਂ ਆਪ ਮੁਹਾਰੇ ਡੁਲ੍ਹ ਪਈਆਂ।

ਝਿੜੀ ਅੰਦਰ ਪਲਾਤਾ ਪਲਾਤਾ ਹਨੇਰਾ ਸੀ। ਪੰਛੀ ਆਪਣੇ ਘਰਾਂ ਨੂੰ ਮੁੜਨ ਲੱਗ ਪਏ ਸਨ। ਲੱਧੀ ਵੀਰਾਨ ਹੋਈ ਝਿੜੀ ਦੇ ਸੁੱਕੇ ਪੱਤਿਆਂ ਉੱਪਰ ਤੁਰਦੀ ਖੂਹ ਵਾਲੇ ਥੜ੍ਹੇ ਕੋਲ ਪੁੱਜ ਗਈ। ਉਹ ਹੈਰਾਨ ਰਹਿ ਗਈ।

ਥੜ੍ਹੇ ਉਪਰ ਬੈਠਾ ਕੋਈ ਗੋਡਿਆਂ 'ਚ ਸਿਰ ਦੇਈ ਸਿਸਕ ਰਿਹਾ ਸੀ।

ਲੱਧੀ ਠਠੰਬਰ ਗਈ। ਕੁਝ ਪਲ ਖੜ੍ਹੀ ਰਹੀ। ਅਜੇ ਸੰਘਣਾ ਹਨੇਰਾ ਨਹੀਂ ਸੀ ਹੋਇਆ। ਏਨਾਂ ਤਾਂ ਜਾਣ ਗਈ, ਕੋਈ ਔਰਤ ਹੈ। ਪਰ ਸੁੰਨੀ ਝਿੜੀ ਵਿਚ ਏਸ ਵੇਲੇ, ਕੌਣ ਹੋਈ? ਹੌਲੀ ਜਿਹੀ ਪੁੱਛਿਆ,—'ਕੌ-ਅ-ਣ?'

ਔਰਤ ਤ੍ਰੱਭਕ ਕੇ ਲੱਧੀ ਵੱਲ ਝਾਕੀ। ਫਿਰ ਜਿਵੇਂ ਉਸਨੂੰ ਕੋਈ ਭੂਤ-ਚੜੇਲ ਦਿਸ ਪਈ ਹੋਵੇ। ਉਹ ਛਾਲ ਮਾਰਕੇ ਥੜ੍ਹੇ ਤੋਂ ਉੱਤਰੀ ਤੇ ਨੱਠਦੀ ਝਿੜੀ ਵਿਚੋਂ ਨਿਕਲ ਗਈ।

ਲੱਧੀ ਪਿੱਛੇ ਦੌੜੀ—'ਨੀ ਨੂਰਾਂ, ਨੀ ਮੇਰੀਏ ਧੀਏ, ਨੀ ਰੁਕ ਜਾ ਨੀ। ਹੁਣ ਆਪਾਂ ਸਾਰੀਆਂ ਸਿਰੋਂ ਨੰਗੀਆਂ ਨੀ ਧੀਏ.........।'

ਪਰ ਨੂਰਾਂ ਨਹੀਂ ਰੁਕੀ। ਉਹ ਝਨਾਂ ਦੇ ਉੱਤਰ ਵਲ ਦੌੜ ਗਈ।

ਲੱਧੀ ਕੁਝ ਦੂਰ ਤੱਕ ਆਵਾਜ਼ਾਂ ਦਿੰਦੀ ਪਿਛੇ ਗਈ। ਫਿਰ ਥੱਕ ਕੇ ਖਲੋ ਗਈ। ਗੋਡੇ ਲਾਕੇ ਹੇਠਾਂ ਬਹਿ ਗਈ ਤੇ ਪੱਟਾਂ 'ਤੇ ਦੁਹੱਥੜ ਮਾਰ ਕੇ ਪਿੱਟੀ,—'ਨੀ ਮੈਂ ਕੀਹਨੂੰ ਕੀਹਨੂੰ ਮੋੜ ਕੇ ਲਿਆਵਾਂ।

ਉਸਦੀਆਂ ਭੁੱਬਾਂ ਨਿਕਲ ਗਈਆਂ। ਝਨਾਂ ਦਾ ਵਹਿੰਦਾ ਪਾਨੀ ਵੀ ਲੱਧੀ ਨਾਲ ਮਿਲਕੇ ਰੋਣ ਲੱਗਾ।

****

ਲੱਧੀ ਚਨਿਓਟ ਆਪਣੇ ਭਰਾਵਾਂ ਕੋਲ ਆ ਗਈ। ਫੁੱਲਰਾਂ ਪਹਿਲਾਂ ਹੀ ਆਪਣੀਆਂ ਧੀਆਂ ਅਤੇ ਨੂੰਹ ਲੈ ਕੇ ਪੇਕੀਂ ਤੁਰ ਗਈ ਸੀ।

ਕਦੇ ਘੁੱਗ ਵਸਦੀ ਹਵੇਲੀ ਅਤੇ ਪਿੰਡੀ, ਮੂੰਹ ਅੱਡੀ ਖੜ੍ਹੀ ਲੱਧੀ ਨੂੰ ਵੇਖਦੀ ਹੀ ਰਹਿ ਗਈ। ਜਿਵੇਂ ਪੁੱਛਿਆ ਹੋਵੇ—'ਅੰਮਾਂ ਸਾਨੂੰ ਕਿਸ ਆਸਰੇ ਛੱਡ ਚੱਲੀ ਏਂ ? ਲੱਧੀ ਨੂੰ ਮਹਿਸੂਸ ਹੋਇਆ ਸੀ, ਜਿਵੇਂ ਪਿੰਡੀ ਦੀ ਭੋਏਂ ਉਸਨੂੰ ਚਨਿਓਟ ਤੱਕ ਹਾਕਾਂ ਮਾਰਦੀ ਰਹੀ ਹੋਵੇ। ਉਹ ਭਰੀਆਂ ਅੱਖਾਂ ਨਾਲ ਪਿੱਛੇ ਭਉਂ ਕੇ ਵੇਖਦੀ ਤੇ ਅੱਖਾਂ ਪੂੰਝਕੇ ਅਗਾਂਹ ਤੁਰ ਪੈਂਦੀ ਸੀ।

ਚਨਿਓਟ ਆਕੇ ਲੱਧੀ ਭਰਾਵਾਂ ਦੇ ਸਾਹਮਣੇ ਬਹੁਤਾ ਨਹੀਂ ਆਉਂਦੀ। ਮਨ ਅੰਦਰ ਝੋਰਾ ਹੈ, ਛੋਟਾ ਭਰਾ ਜਲਾਲ ਖਾਂ ਜੇ ਪਿੰਡੀ ਮੁਗਲਾਂ ਨਾਲ ਜੰਗ ਕਰਨ ਨਾ ਜਾਂਦਾ ਤਾਂ.....। ਭਰਾ ਵੀ ਭੈਣ ਸਾਹਮਣੇ ਨਹੀਂ ਜਾਂਦੇ। ਸਾਹਮਣੇ ਹੁੰਦਿਆਂ ਈ ਲੱਧੀ ਵਿਚ ਜਿਵੇਂ ਪੌਣ ਆ ਜਾਂਦੀ ਹੋਵੇ, ਉਹ ਅਵਾ-ਤਵਾ ਬੋਲਣ ਲਗਦੀ। ਭਰਾ ਸਮਝਦੇ ਹਨ, ਪਹਿਲਾਂ ਸਹੁਰਾ ਗਿਆ, ਫੇਰ ਖਾਵੰਦ, ਵੱਡੇ ਪੁੱਤਰ, ਫੇਰ ਦੁੱਲਾ, ਪੋਤਰਾ ਨੂਰਾ.....ਕੀ ਕਰੇ ਲੱਧੀ ? ਉਸਦੇ ਵੱਸ ਵਿਚ ਥੋੜ੍ਹਾ ਈ ਏ.........।

ਲੱਧੀ ਘਰ ਇਕੱਲੀ ਹੁੰਦੀ ਤਾਂ ਉਹ ਧਾਹ ਮਾਰਕੇ ਦੁਹੱਥੜ ਪਿੱਟਦੀ—'ਵੇ ਪੁੱਤਰੋ, ਮੈਂ ਕਿਸ ਆਸਰੇ ਜੀਵਾਂ ? ਤੇਰੀ ਬਾਰ ਦੀ ਭੋਏਂ ਕੀਹਨੂੰ 'ਵਾਜਾਂ ਮਾਰੇ ਵੇ ਦੁੱਲੇ ਪੁੱਤਰਾ। ਉੱਜੜ ਗਏ ਤੇਰੇ ਖੂਹ ਤੇ ਅੰਬ ਟਾਹਲੀਆਂ ਵੇ.....। ਤੈਨੂੰ ਵਰਜਦੀ ਰਹੀ, ਲਾਹੌਰ ਦੀ ਕੂਟ ਨਾ ਜਾਈਂ ਵੇ ਪੁੱਤਰਾ......।' ਲੱਧੀ ਰੋ ਰੋ ਹਾਲੋਂ ਬੇਹਾਲ ਹੋ ਜਾਂਦੀ। ਕਦੇ ਉਹ ਆਪਣੇ ਆਪ ਨਾਲ ਗੱਲਾਂ ਕਰਨ ਲਗਦੀ। ਕਦੇ ਕੰਧਾਂ ਨਾਲ, ਕਦੇ ਮੱਝਾਂ, ਗਾਵਾਂ ਨਾਲ, ਕਦੇ ਘੋੜੀਆਂ ਨਾਲ ਕਦੇ ਬਾਲਾਂ ਨਾਲ।

ਭਰਾ ਸਮਝਦੇ ਸਨ। ਉਸਨੂੰ ਰੋਕਦੇ ਟੋਕਦੇ ਨਾ। ਚਲੋ ਏਸ ਤਰ੍ਹਾਂ ਆਪਣਾ ਮਨ ਤਾਂ ਹੌਲਾ ਕਰਦੀ ਏ।.........

****

ਚਨਿਓਟ ਆਇਆਂ ਲੱਧੀ ਨੂੰ ਤਿੰਨ ਮਹੀਨੇ ਹੋ ਚੱਲੇ ਸਨ।

ਇਕ ਵਾਰ ਲੱਧੀ ਨੇ ਝਕਦਿਆਂ ਆਪਣੇ ਭਰਾਵਾਂ ਨੂੰ ਕਿਹਾ—'ਕੋਈ ਜਣਾ ਪਿੰਡੀ ਦੀ ਖ਼ਬਰ ਤਾਂ ਲਿਆਓ—।'



—ਹੁਣ ਕੀ ਏ ਆਪਣਾ ਪਿੰਡੀ 'ਚ ?' ਭਰਾਵਾਂ ਆਖਿਆ।

—ਫੁੱਲਰਾਂ ਦੀ ਖ਼ੈਰ-ਸੁੱਖ ਦਾ ਵੀ ਪਤਾ ਨਹੀਂ। ਉਥੇ ਦੁੱਲੇ ਦੇ ਪੁੱਤਰ ਨੇ ਮੇਰਾ ਜਹਾਨ ਤੇ ਕਮਾਲ ਨੂਰੇ ਦੀ ਵਹੁਟੀ ਏ—।' ਕਦੇ ਉਹਨਾਂ ਦਾ..........।'

—ਤੈਨੂੰ ਦੱਸਿਆ ਨਹੀਂ, ਉਹਨਾਂ ਆਖਿਐ, ਅੰਮਾਂ ਹੁਣ ਜਹਾਨ ਤੇ ਕਮਾਲ ਨੂੰ ਭੁੱਲ ਜਾਏ। ਅਸੀਂ ਇਹਨਾਂ ਨੂੰ ਪਿੰਡੀ ਨਹੀਂ ਵਖਾਣੀ। ਫੁੱਲਰਾਂ ਜਾਂਦੀ ਏ ਜਾਏ, ਨੂਰੇ ਦੀ ਵਹੁਟੀ ਜਾਂਦੀ ਏ ਜਾਏ। ਕੁੜੀਆਂ ਦੀ ਮਰਜ਼ੀ ਵੀ ਨਹੀਂ ਚੱਲਣ ਦੇਣੀ, ਏਹ ਏਥੇ ਹੀ ਰਹਿਣਗੀਆਂ।'

ਲੱਧੀ ਚੁੱਪ ਰਹਿ ਗਈ। ਕੀ ਬੋਲੇ ? ਅੰਦਰੋਂ ਉਠਿਆ ਹਾਉਕਾ ਵੀ ਕਿਧਰੇ ਅੰਦਰੇ ਹੀ ਮਰ ਗਿਆ। ਹੌਲੀ ਜਿਹੀ ਬੋਲੀ—'ਉਹ ਸੱਚ ਈ ਆਖਦੇ ਨੇ ਵੀਰਾ, ਹੁਣ ਤਾਂ ਮੇਰਾ ਕਿਧਰੇ ਵੀ ਕੁਝ ਨਹੀਂ। ਪਰ ਮੈਂ ਕਿਸ ਆਸਰੇ ਜੀਵਾਂ—।' ਉਹ ਰੋਣ ਲੱਗ ਪਈ।

ਇਕ ਦਿਨ ਓਪਰਾ ਜਿਹਾ ਬੰਦਾ ਚਨਿਓਟ ਆਕੇ ਪੁੱਛਣ ਲੱਗਾ;

—ਦੁੱਲੇ ਭੱਟੀ ਦੇ ਮਾਮਿਆਂ ਦਾ ਘਰ ਏਹੀਓ ਵੇ ?'

—ਕਿਥੋਂ ਆਇਆ ਏਂ ਭਰਾ ?' ਦੁੱਲੇ ਦੇ ਮਾਮੇ ਜੰਗ ਖਾਂ ਨੇ ਪੁੱਛਿਆ।

—ਮੈਂ ਦੁੱਲੇ ਭੱਟੀ ਦੇ ਸਹੁਰਿਆਂ ਤੋਂ ਆਇਆ ਵਾਂ। ਨਾਈ ਆਂ ਪਿੰਡ ਦਾ।'

—ਕੋਈ ਕੰਮ ਆਇਆ ਵੇਂ ?' ਜੰਗ ਖਾਂ ਨੂੰ ਸ਼ੱਕ ਪਈ, ਕੀ ਪਤਾ ਲਾਹੌਰੋਂ ਕੋਈ ਜਾਸੂਸ ਨਾ ਆਇਆ ਹੋਵੇ।

—ਅੰਮਾਂ ਲੱਧੀ ਨੂੰ ਮਿਲਣਾ ਵੇ।' ਨਾਈ ਨੇ ਕਿਹਾ।

—ਉਹ ਵੱਲ ਨਹੀਂ ਏ। ਅਸਾਂ ਨੂੰ ਆਖ ਕੀ ਆਖਣਾ ਈ।'

—ਦੁੱਲੇ ਦੀ ਬੇਗ਼ਮ ਨੇ ਅੰਮਾਂ ਲੱਧੀ ਨੂੰ ਸੱਦ ਘੱਲਿਆ ਈ। ਆਖਿਆ ਈ ਖਲੀ-ਖਲੋਤੀ ਆ ਕੇ ਮਿਲੇ।'

—ਅਸੀਂ ਤੈਨੂੰ ਪਛਾਣਦੇ ਨਹੀਂ, ਜੇ ਸੁਨੇਹਾ ਠੀਕ ਉਧਰੋਂ ਈ ਆਇਆ ਏ ਤਾਂ ਜੀ ਸਕਦੇ ਬਹੁ। ਅੰਨ ਪਾਣੀ ਖਾ। ਅਸੀਂ ਤੇਰੇ ਮਗਰ ਈ ਲਗੇ ਆਵਾਂਗੇ। ਅਗਰ ਸੱਚ ਨਾ ਹੋਇਆ, ਫੇਰ.........।'

—ਮਾਲਕ ਓਂ। ਇਲਾਕੇ ਦੇ ਸਰਦਾਰ ਓਂ। ਕੋਈ ਬੰਦਾ ਏਡੀ ਹਮਾਕਤ ਕਿਵੇਂ ਕਰ ਸਕਦਾ ਏ। ਅਸਾਂ ਦਾ ਪੁਸ਼ਤਾਂ ਤੋਂ ਈ ਰੁਜ਼ਗਾਰ ਏ।'

—ਠੀਕ ਏ, ਠੀਕ ਏ। ਕੀ ਕਰੀਏ, ਵੇਲਾ ਈ ਏਦਾਂ ਦਾ ਬਣ ਗਿਆ ਏ। ਪੁਣ ਛਾਣ ਕਰਨੀ ਪੈਂਦੀ ਏ। ਤੂੰ ਅੰਨ ਪਾਣੀ ਲੈ ਤੇ ਵੇਲੇ ਨਾਲ ਪੈਂਡੇ ਪਉ। ਅਸੀਂ ਵੀ ਪੁੱਜ ਜਾਵਾਂਗੇ।' ਆਖ ਕੇ ਜੰਗ ਖਾਂ ਆਪਣੀ ਭੈਣ ਲੱਧੀ ਨੂੰ ਮਿਲਣ ਲਈ ਉੱਠ ਖੜ੍ਹਾ।

## 54.

ਲੱਧੀ ਬੈਲ ਗੱਡੀ ਵਿਚ ਬੈਠੀ, ਫੁੱਲਰਾਂ ਦੇ ਪੇਕੇ ਪਿੰਡ ਨੂੰ ਜਾ ਰਹੀ ਸੀ। ਜੰਗ ਖਾਂ ਅਤੇ ਉਸਦੇ ਨਾਲ ਦੋ ਹੋਰ ਬੰਦੇ ਘੋੜਿਆਂ ਉਪਰ ਸਨ। ਬੜੀ ਮੁਸ਼ਕਲ ਨਾਲ ਜੰਗ ਖਾਂ ਨੇ ਲੱਧੀ ਨੂੰ ਜਾਣ ਲਈ ਮਨਾਇਆ ਸੀ। ਉਸਨੇ ਤਾਂ ਸਾਫ਼ ਆਖ ਦਿੱਤਾ ਸੀ—'ਪਿੰਡੀ ਛੱਡਣ ਲੱਗਿਆਂ ਮੈਂ ਸਭ ਸਾਕ-ਸਕੀਰੀਆਂ-ਲਿਹਾਜ਼ਾਂ ਛੱਡ ਆਈ ਆਂ। ਮੈਨੂੰ ਹੁਣ ਕਿਧਰੇ ਨਾ ਖੜੋ। ਬਾਕੀ ਸਾਹ ਏਥੇ ਈ ਪੂਰੇ ਕਰ ਲੈਣ ਦਿਓ। ਉਹਨਾਂ ਨੇ ਆਖਿਆ ਵੀ ਏ, ਲੱਧੀ ਹੁਣ ਏਧਰ ਨਾ ਝਾਕੇ।'

ਜੰਗ ਖਾਂ ਨੇ ਜ਼ੋਰ ਪਾਇਆ। ਭਰਜਾਈਆਂ ਸਮਝਾਇਆ ਤੇ ਹੁਣ ਲੱਧੀ, ਗੱਡੇ ਵਿਚ ਬੈਠੀ, ਹਿਚਕੋਲੇ ਖਾਂਦੀ, ਪਤਾ ਨਹੀਂ ਕਿਹੜਿਆਂ ਵਹਿਣਾ ਵਿਚ ਵਹੀ ਜਾਂਦੀ ਸੀ.......ਕੀ ਆਖਣਾ ਹੋਣਾ ਫੁੱਲਰਾਂ ? ਨੂਰਾ ਤੇ ਨਹੀਂ ਆ ਗਿਆ ਕਿਧਰੋਂ ?.......ਕੁੜੀਆਂ ਦੇ ਨਿਕਾਹ ਨਾ ਕਰਨੇ ਹੋਵਣ ? ਕੀ ਪਤਾ ਜਹਾਨ ਤੇ ਕਮਾਲ ਨੂੰ ਪਿੰਡੀ ਭੇਜਣ ਲਈ ਰਾਜ਼ੀ ਹੋ ਗਏ ਹੋਣ।

ਲੱਧੀ ਉਦੋਂ ਹੀ ਸੁਰਤ ਵਿਚ ਆਈ ਜਦ ਬੈਲ-ਗੱਡੀ ਫੁੱਲਰਾਂ ਦੇ ਦਰਾਂ ਵਿਚ ਜਾ ਖੜ੍ਹੀ।

ਲੱਧੀ ਉੱਤਰੀ। ਵੇਲਿਆਂ ਦੇ ਪੇਜੇ ਦੀ ਪਿੰਜੀ ਹੋਈ। ਤੂੰਬਾ ਤੂੰਬਾ ਹੋਈ ਉਹ ਬੂਹੇ ਦੀ ਚੌਖਟ ਫੜਕੇ ਖੜ੍ਹ ਗਈ। ਅੰਦਰ ਲੰਘਣ ਦੀ ਸੱਤਿਆ ਹੀ ਨਹੀਂ ਸੀ। ਉਹ ਡਿੱਗਣ ਲੱਗੀ, ਏਨੇ ਵਿਚ ਬਖਤੋ ਅਤੇ ਸਲੇਮੋਂ ਅੰਦਰੋਂ ਚਾਂਗਾ ਮਾਰਦੀਆਂ ਉਸਨੂੰ ਆ ਚਿੰਬੜੀਆਂ। ਲੱਧੀ ਤਾਂ ਪਹਿਲਾਂ ਹੀ ਭਰੀ ਫਿੱਸੀ ਪਈ ਸੀ, ਉਸ ਕੋਲੋਂ ਕਿਥੋਂ ਕਾਬੂ ਰੱਖ ਹੋਇਆ।

ਰੋਂਦੀ ਫੁੱਲਰਾਂ ਵੀ ਆਕੇ ਕੁੜੀਆਂ ਨੂੰ ਅੰਮਾਂ ਤੋਂ ਵੱਖ ਕਰਨ ਲੱਗੀ। ਪਰ ਕੁੜੀਆਂ ਨੇ ਅੰਮਾਂ ਨੂੰ ਛੱਡਿਆ ਨਹੀਂ। ਸਾਰਾ ਟੱਬਰ ਰੋਣ ਬਹਿ ਗਿਆ। ਆਂਢ ਗੁਆਂਢੋਂ ਔਰਤਾਂ ਵੀ ਆ ਗਈਆਂ। ਜਹਾਨ ਤੇ ਕਮਾਲ ਇਕ ਪਾਸੇ ਠਠੰਬਰੇ ਖੜ੍ਹੇ ਰਹੇ।

ਮਾਮਿਆਂ ਨੂੰ ਮਿਲਣ ਲਈ ਬੰਦੇ ਵੀ ਆਏ।

ਆਖਰ ਕੁੜੀ ਨੂੰ ਤੋੜ ਕੇ ਅੰਮਾਂ ਨਾਲੋਂ ਲਾਹਿਆ। ਫਿਰ ਫੁੱਲਰਾਂ ਵੀ ਲੱਧੀ ਨੂੰ ਗਲੇ ਮਿਲੀ। ਲੱਧੀ ਫਿਰ ਰੋਣ ਲੱਗ ਪਈ।

—ਬੱਸ ਕਰ ਅੰਮਾਂ ਸਾਰੀ ਹਯਾਤੀ ਰੋਣਾ ਈ ਏ।' ਫੁੱਲਰਾਂ ਚੁੱਪ ਕਰਾਇਆ।

ਲੱਧੀ ਕਿੰਨੀ ਦੇਰ ਪੱਲੂ ਨਾਲ ਮੂੰਹ ਢੱਕ ਕੇ ਬੈਠੀ ਰਹੀ। ਬਾਰ ਬਾਰ ਅੱਖਾਂ ਪੂੰਝਦੀ ਰਹੀ। ਫਿਰ ਕੁਝ ਸਹਿਜ ਹੋਈ, ਪੁੱਛਿਆ,—ਤੂੰ ਸੁਨੇਹਾ ਘੱਲਿਆ ਸੀ ਧੀਏ ? '

—ਹਾਂਅ ਅੰਮਾ, ਸਮਝ ਨਹੀਂ ਪੈਂਦੀ ਕੀ ਕਰਾਂ ?' ਫੁੱਲਰਾਂ ਦਾ ਹਾਉਕਾ ਨਿਕਲ ਗਿਆ।

—ਅੰਮਾਂ ਤੈਥੋਂ ਸਲਾਹ ਲੈਣੀ ਏ ਇਕ, ਤਾਂ ਸੱਦਿਆ ਈ।'



—ਮੈਂ ਸਲਾਹਵਾਂ ਦੇਣ ਜੋਗੀ ਕਿਥੇ ਰਹੀ ਧੀਏ। ਮੇਰੀਆਂ ਤਾਂ ਖੁੱਸ ਗਈਆਂ ਸਰਦਾਰੀਆਂ।' ਲੱਧੀ ਫੇਰ ਰੋਣ ਲੱਗ ਪਈ।

—ਰੋ ਨਾ ਅੰਮਾਂ।'

—ਤੂੰ ਆਖ ਪੁੱਤ ਕੀ ਆਖਣਾ ਈ। ਰੋਣਾ ਤਾਂ ਹੁਣ ਕਬਰਾਂ ਤੱਕ ਨਾਲ ਈ ਜਾਣਾ।'

—ਫੁੱਲਰਾਂ ਨੇ ਇਧਰ ਉਧਰ ਵੇਖਿਆ। ਬਖ਼ਤੋ ਸਲੇਮੋ ਚੁੱਲ੍ਹੇ-ਚੌਂਕੇ ਵਿਚ ਰੁੱਝ ਗਈਆਂ ਸਨ। ਉਸਨੇ ਹੌਲੀ ਜਿਹੀ ਕਿਹਾ—'ਅੰਮਾਂ ਨੂਰੇ ਦੀ ਵਹੁਟੀ ਦੇ ਦਿਨ ਚੜ੍ਹੇ ਹੋਏ ਨੀ।'

ਲੱਧੀ ਕੁਝ ਦੇਰ ਫੁੱਲਰਾਂ ਦੇ ਚਿਹਰੇ ਵੱਲ ਤੱਕਦੀ ਰਹੀ। ਫਿਰ ਹੌਲੀ ਹੌਲੀ ਉਸਦੀਆਂ ਅੱਖਾਂ ਵਿਚ ਅਨੋਖੀ ਚਮਕ ਆਉਣ ਲੱਗੀ।

—ਕਦ ਤੋਂ ਧੀਏ ?' ਲੱਧੀ ਨੇ ਹੌਸਲੇ ਨਾਲ ਪੁੱਛਿਆ।

—ਸਾਢੇ ਤਿੰਨ ਚਾਰ ਮਹੀਨੇ ਹੋ ਚੱਲੇ ਨੀ ਅੰਮਾਂ।' ਦਸਦਿਆਂ ਫੁੱਲਰਾਂ ਲੱਧੀ ਦੀਆਂ ਅੱਖਾਂ ਵਿਚ ਝਾਕੀ।

—ਕਿਥੇ ਈ ਮੇਰੀ ਧੀ ?'

—ਅੰਦਰ ਈ। ਸੰਗਦੀ ਏ। ਰੋਈ ਵੀ ਜਾਂਦੀ ਏ।'

—ਲੱਧੀ ਉੱਠੀ ਤੇ ਉਸਨੇ ਅੰਦਰ ਜਾਕੇ ਨੂਰੇ ਦੀ ਵਹੁਟੀ ਨੂੰ ਬੁਕਲ ਵਿਚ ਲੈ ਲਿਆ। ਫੁੱਲਰਾਂ ਵੀ ਪਿੱਛੇ ਜਾ ਖੜ੍ਹੀ। ਲੱਧੀ ਗਲ ਨਾਲ ਲੱਗੀ ਰੋਂਦੀ ਵਹੁਟੀ ਨੂੰ ਚੁੱਪ ਕਰਾਉਂਦੀ ਰਹੀ ਤੇ ਉਸਦੇ ਸਿਰ ਤੇ ਪਿਆਰ ਨਾਲ ਹੱਥ ਵੀ ਫੇਰਦੀ ਰਹੀ।

ਲੱਧੀ ਦੇ ਜ਼ਿਹਨ ਵਿਚ ਸਾਰਾ ਕੁਝ ਪੁੱਠਾ ਘੁੰਮਣ ਲੱਗਾ। ਜਦ ਦੁੱਲੇ ਦੇ ਅੱਬਾ ਨੂੰ ਫਾਹੇ ਲਾਇਆ ਸੀ ਤਾਂ ਦੁੱਲਾ ਚਾਰ ਮਹੀਨਿਆਂ ਬਾਅਦ ਜੰਮਿਆ ਸੀ। ਨੂਰੇ ਦੀ ਵਹੁਟੀ ਨੂੰ ਬੁਕਲ ਵਿਚ ਲਈ ਬੈਠੀ ਲੱਧੀ ਨੂੰ ਜਾਪਿਆ,—ਜਿਵੇਂ ਉਸਦੀ ਬੁੱਕਲ ਵਿਚ ਅੱਜ ਇਕ ਹੋਰ ਲੱਧੀ ਬੈਠੀ ਹੋਵੇ। ਲੱਧੀ ਨੇ ਆਪਣੇ ਅੰਦਰ ਨਾਲ ਝੱਟ ਇੱਕ ਫੈਸਲਾ ਕਰ ਲਿਆ।

—ਫੁੱਲਰਾਂ ਧੀਏ, ਆਪਾਂ ਪਿੰਡੀ ਜਾਣਾ ਈ, ਤਿਆਰੀ ਕਰ।'

—ਕਦੋਂ ਅੰਮਾਂ ?' ਫੁੱਲਰਾਂ ਨੇ ਹੈਰਾਨੀ ਨਾਲ ਪੁੱਛਿਆ।

—ਕਦੋਂ ਕੀ ਧੀਏ। ਹੁਣੇ। ਬੈਲ ਗੱਡੀ ਤਾਂ ਬਾਹਰ ਖਲੋਤੀ ਏ।'

ਸਾਰੇ ਹੈਰਾਨ ਸਨ। ਇਕਦਮ ਲੱਧੀ ਨੂੰ ਇਹ ਕੀ ਹੋ ਗਿਆ। ਬੈਲ ਗੱਡੀ ਵਿਚ ਉਹ ਮੁਰਦਿਆਂ ਵਾਂਗ ਬੈਠੀ ਆਈ ਸੀ।

—ਅੰਮਾਂ, ਸਲੇਮੋ, ਬਖਤੋ..... ?' ਫੁੱਲਰਾਂ ਨੇ ਝਿਜਕਦਿਆਂ ਪੁੱਛਿਆ।

—ਉਹ ਵੀ ਨਾਲ ਚੱਲਣਗੀਆਂ ਧੀਏ। ਜੇ ਉਹਨਾਂ ਦਾ ਜੀ ਕੁਝ ਦਿਨ ਰਹਿਣ ਨੂੰ ਕਰਦਾ ਏ ਤਾਂ ਫੇਰ ਸਦਵਾ ਲਵਾਂਗੇ।'

—ਤੇ ਮੇਰੇ ਜਹਾਨ ਤੇ ਕਮਾਲ ?' ਪੁੱਛਦਿਆਂ ਫੁੱਲਰਾਂ ਆਪਣੇ ਭਰਾਵਾਂ ਵੱਲ ਝਾਕੀ।

—ਫੁੱਲਰਾਂ ਤੂੰ ਜੋ ਮਰਜ਼ੀ ਪਈ ਕਰ ਤੇ ਅੰਮਾਂ ਜੋ ਪਈ ਕਰੇ। ਅਸੀਂ ਸਾਕਾਂ ਦਾ ਲਿਹਾਜ਼ ਕਰਨੇ ਆਂ। ਪਰ ਇਕ ਗੱਲ ਸਾਡੀ ਪੱਕੀ ਊ, ਜਹਾਨ ਤੇ ਕਮਾਲ ਏਥੇ ਈ ਰਹਿਣਗੇ। ਏਥੇ ਈ ਵੱਡੇ ਹੋਣਗੇ, ਅਸਾਂ ਪਿੰਡੀ ਦੀ ਮਿੱਟੀ ਦਾ ਪਾਹ ਨਹੀਂ ਚੜ੍ਹਣ ਦੇਣਾ ਏਹਨਾਂ ਛੋਹਰਾਂ ਨੂੰ। ਨੂਰੇ

ਦੀ ਵਹੁਟੀ ਜਾਣਾ ਚਾਹੁੰਦੀ ਏ ਜਾਏ.....। ਇਹ ਆਖ਼ਰੀ ਗੱਲ ਈ ਇਹਦੇ ਬਾਰੇ ਕੋਈ ਹੋਰ ਗੱਲ ਨਹੀਂ ਕਰਨੀ ਤੇ ਅਸਾਂ ਸੁਣਨੀ ਵੀ ਨਹੀਂ.........।'

ਆਪਣੇ ਭਰਾਵਾਂ ਦੇ ਤੇਵਰ ਵੇਖਕੇ ਫੁੱਲਰਾਂ ਸਕਤੇ ਵਿਚ ਆ ਗਈ। ਕੀ ਕਹੇ, ਏਥੇ ਜੰਮੀ ਪਲੀ ਏ। ਬੇਵਾ ਹੋਈ ਨੂੰ ਵੀ ਸਾਂਭਿਆ ਏ। ਪਰ ਭਰਾਵਾਂ ਦੇ ਸਿਰ 'ਤੇ ਬੈਠਿਆਂ ਸਾਰੀ ਹਯਾਤੀ ਕਿਵੇਂ ਨਿਕਲੇਗੀ। ਉਸਨੇ ਝੱਟ ਫੈਸਲਾ ਲੈ ਗਿਆ। ਜਾਪਿਆ ਜਿਵੇਂ ਪਿੰਡੀ ਬੁਲਾਉਂਦੀ ਪਈ ਹੋਵੇ।

—ਭਾਈ ਜਾਨ ਮੈਂ ਅੰਮਾਂ ਨਾਲ ਜਾਣਾ ਈ। ਜਹਾਨ ਕਮਾਲ ਰੱਖੋ ਆਪਣੇ ਕੋਲ।'

ਤੇ ਫਿਰ ਫੁੱਲਰਾਂ ਦੇ ਪੇਕੇ ਉਸਨੂੰ ਤੇ ਨੂਰੇ ਦੀ ਵਹੁਟੀ ਨੂੰ ਤੋਰਨ ਦੀ ਤਿਆਰੀ ਵਿਚ ਰੁੱਝ ਗਏ।



## 55.

ਅੰਬਾਂ ਦੀ ਝਿੜੀ ਵੱਲੋਂ ਸਵੇਰ ਦਾ ਸੂਰਜ ਹੌਲੀ ਹੌਲੀ ਉਪਰ ਉਠਿਆ ਰੁੱਖਾਂ ਵਿਚੋਂ ਦੀ ਵਗਦੀ ਸਵੇਰ ਦੀ ਹਵਾ, ਜਿਵੇਂ ਕਿਸੇ ਦੀ ਉਡੀਕ ਵਿਚ ਡੂੰਘੇ ਸਾਹ ਲੈ ਰਹੀ ਸੀ। ਝਿੜੀ ਤੋਂ ਪਾਰ ਝਨਾਂ ਦੇ ਕੰਢਿਆਂ ਤੋਂ ਝਾੜੀਆਂ ਅਤੇ ਸਰਕੜਿਆਂ ਤੋਂ ਪਰ੍ਹੇ ਖੇਤਾਂ-ਪੈਲੀਆਂ ਵਿਚ ਲੋਕ ਆਪਣੇ ਨਿੱਤ ਦੇ ਕੰਮਾਂ ਵੱਲ ਨਿਕਲ ਪਏ ਸਨ।

ਕੋਈ ਜਣਾ ਝਿੜੀ ਵਿਚੋਂ ਦੀ ਸੁੱਕੇ ਪੱਤਿਆਂ ਉਪਰੋਂ ਦੀ ਤੁਰਦਾ ਸੁੰਨੇ ਪਏ ਖ਼ੂਹ ਅਤੇ ਖਾਲੀ ਥੜ੍ਹੇ ਵੱਲ ਵੇਖਦਾ ਠੰਢੇ ਸਾਹ ਭਰਦਾ ਲੰਘ ਗਿਆ। ਹਵਾ ਵਿਚ ਸੱਜਰੇ ਫੁੱਲਾਂ ਦੀ ਮਹਿਕ ਸੀ। ਸਾਰੀ ਝਿੜੀ ਸਾਂ ਸਾਂ ਕਰ ਰਹੀ ਸੀ। ਅਸਮਾਨ ਵਿਚ ਟਾਂਵੇ ਟਾਂਵੇ ਬੱਦਲ ਖਿੰਡੇ ਹੋਏ ਸਨ।

ਅਚਾਨਕ ਇਕ ਤੇਜ਼ ਬੁਲ੍ਹਾ ਆਇਆ ਤੇ ਸੁੱਕੇ ਪੱਤੇ ਹਵਾ ਵਿਚ ਉੱਡਦੇ ਪਹਿਲਾਂ ਉਪਰ ਵੱਲ ਉੱਠੇ ਫਿਰ ਇਧਰ ਉਧਰ ਖਿੰਡ ਗਏ।

ਪਿੰਡੀ ਉਪਰ ਸੂਰਜ ਚੜ੍ਹ ਆਇਆ ਸੀ।

ਪਿੰਡੀ ਦੇ ਲੋਕਾਂ ਨੇ ਅਚੰਭੇ ਨਾਲ ਵੇਖਿਆ, ਦੁੱਲੇ ਦੀ ਹਵੇਲੀ ਦਾ ਬੂਹਾ ਖੁਲ੍ਹਾ ਹੋਇਆ ਸੀ।

ਪੂਰੀ ਪਿੰਡੀ ਵਿਚ ਖ਼ਬਰ ਫੈਲ ਗਈ।

ਇਕ ਨਿੱਕੀ ਜਿਹੀ ਭੀੜ ਹਵੇਲੀ ਦੇ ਬਾਹਰ ਆ ਜੁੜੀ।

ਅੰਮਾਂ ਲੱਧੀ ਵਿਹੜੇ ਵਿਚੋਂ, ਝਾੜੂ ਨਾਲ ਕੱਖ-ਕਾਨ ਹੂੰਝ ਰਹੀ ਸੀ।

ਫੁੱਲਰਾਂ ਨੇ ਚੁੱਲ੍ਹੇ ਕੋਲ ਬਾਲਣ ਲੈ ਜਾ ਰੱਖਿਆ।

ਕੁੜੀਆਂ ਅਤੇ ਨੂਰੇ ਦੀ ਵਹੁਟੀ ਇਕ ਵੱਡਾ ਕੜਾਹਾ ਖਿੱਚ ਕੇ ਇਕ ਪਾਸੇ ਵੱਲ ਲੈ ਜਾਣ ਲੱਗੀਆਂ ਤਾਂ ਲੱਧੀ ਨੇ ਕਾਹਲੀ ਨਾਲ ਨੂਰੇ ਦੀ ਵਹੁਟੀ ਨੂੰ ਵਰਜਿਆ;

—ਨਾ ਧੀਏ, ਇਹਨਾਂ ਦਿਨਾਂ 'ਚ ਏਹ ਤਰ੍ਹਾਂ ਨਹੀਂ ਕੰਮ ਕਰੀਦਾ। ਤੈਨੂੰ ਪਤਾ ਈ ਨਾ, ਜਦ ਦੁੱਲੇ ਦਾ ਅੱਬਾ ਫਾਂਸੀ ਲਟਕਾਇਆ ਸਈ ਮੁਗਲੇਟਿਆਂ ਨੇ ਤਾਂ ਦੁੱਲਾ ਮੇਰੇ........।'

—ਜਾਣਨੀ ਆਂ ਅੰਮਾਂ। ਜਾਣਦੀ ਕਿਉਂ ਨੀ ?' ਵਹੁਟੀ ਸੰਗ ਕੇ ਨੀਵੀ ਪਾ ਲਈ।

—ਤਾਂ ਫੇਰ ? ਜਾਹ ਆਰਾਮ ਨਾਲ ਬਹੁ ਮੰਜੀ ਤੇ।' ਲੱਧੀ ਨੇ ਮੋਹ ਨਾਲ ਝਿੜਕਿਆ।

ਲੱਧੀ ਅੰਦਰ ਗਈ। ਇੱਕ ਨੁੱਕਰ ਵਿਚ ਤਲਵਾਰ ਪਈ ਵੇਖੀ। ਪਤਾ ਨਹੀਂ ਕੋਈ ਮੁਗਲ ਸਿਪਾਹੀ ਛੱਡ ਗਿਆ ਸੀ, ਮੇਹਰੂ ਦੀ ਹੈ, ਨੂਰੇ ਦੀ ਹੈ, ਜਾਂ ਦੁੱਲੇ ਦੀ। ਕੀ ਪਤਾ ਦੁੱਲੇ ਦੇ ਕਿਸੇ ਬੇਲੀ ਦੀ ਹੋਵੇ। ਲੱਧੀ ਕੁਝ ਪਲ ਤਲਵਾਰ ਵੱਲ ਵੇਖਦੀ ਰਹੀ ਫਿਰ ਚੁੱਕ ਲਈ। ਉਸਦੀ ਧਾਰ ਪਰਖੀ ਤੇ ਬਾਹਰ ਆਕੇ ਨੂਰੇ ਦੀ ਵਹੁਟੀ ਦੇ ਪੇਟ ਵੱਲ ਤੱਕਣ ਲੱਗੀ।

ਲੱਧੀ ਦੇ ਹੱਥ ਵਿਚ ਨੰਗੀ ਤਲਵਾਰ ਵੇਖ ਕੇ, ਚੌਂਕੇ ਵਿਚ ਖੜ੍ਹੀ ਫੁੱਲਰਾਂ ਘਬਰਾ ਗਈ।

ਲੱਧੀ ਨੇ ਅੱਖਾਂ ਮੀਟਦਿਆਂ ਡੂੰਘਾ ਸਾਹ ਲਿਆ ਤੇ ਸਿਰ ਪਿੱਛੇ ਵੱਲ ਸੁਟਦਿਆਂ ਮੂੰਹ ਅਸਮਾਨ ਵੱਲ ਚੁੱਕ ਕੇ ਦੁਆ ਕਰਨ ਲੱਗੀ

ਫੁੱਲਰਾਂ, ਸੇਲਮੋ, ਬਖ਼ਤੋ, ਵਹੁਟੀ ਚੁੱਪ ਚਾਪ ਖੜ੍ਹੀਆਂ ਅੰਮਾਂ ਵੱਲ ਵੇਖਣ ਲੱਗੀਆਂ।

ਕੁਝ ਦੇਰ ਬਾਅਦ ਲੱਧੀ ਆਪੇ ਵਿਚ ਆਈ ਤੇ ਬਰਾਮਦੇ ਵਿਚ ਜਾਕੇ ਤਲਵਾਰ ਕਿੱਲੀ ਉੱਪਰ ਟੰਗ ਦਿੱਤੀ।

ਫਿਰ ਵਹੁਟੀ ਵੱਲ ਆਈ। ਉਸਦੇ ਪੇਟ ਉਪਰ ਪੋਲਾ ਜਿਹਾ ਹੱਥ ਰੱਖਦਿਆਂ ਕਿਹਾ—'ਧੀਏ ਜਾਗਦੀ ਸੌਂਦੀ, ਤਲਵਾਰ ਵੱਲ ਤੱਕ ਲਿਆ ਕਰ।'

ਬਾਹਰ ਕੋਈ ਦਰਵੇਸ਼ ਸਾਈਂ ਗਾਉਂਦਾ ਲੰਘ ਰਿਹਾ ਸੀ।

ਤੇਰੇ ਸ਼ਹੁ ਆਵਣ ਦੀ ਵੇਰਾ,<br>
ਸੁੱਤੀ ਹੈ ਤਾਂ ਜਾਗ।<br>
ਤੇਰੇ ਸ਼ਹੁ ਆਵਣ ਦੀ ਵੇਰਾ,<br>
ਸੁੱਤੀ ਹੈਂ ਤਾਂ ਜਾਗ........।

ਉਦੋਂ ਹੀ ਬਾਹਰ ਖੜ੍ਹੀ ਲੋਕਾਂ ਦੀ ਭੜੀ ਵਿਚੋਂ ਦੀ ਲੰਘਦੀ ਇਕ ਔਰਤ ਵਿਹੜੇ ਵਿਚ ਆਣ ਖੜ੍ਹੀ।

ਲੱਧੀ ਅਗਾਂਹ ਹੋਈ ਤਾਂ ਔਰਤ ਧਾਂਹਾਂ ਮਾਰਦੀ ਲੱਧੀ ਦੀਆਂ ਬਾਹਾਂ ਵਿਚ ਆ ਡਿੱਗੀ। ਫੁੱਲਰਾਂ ਹੈਰਾਨ ਹੋਈ ਵੇਖਦੀ ਰਹਿ ਗਈ।

ਬਖਤੋ, ਸਲੇਮੋ ਤੇ ਵਹੁਟੀ ਇਕ ਦੂਸਰੀ ਵੱਲ ਝਾਕੀਆਂ......'ਇਹ ਕੌਣ ਏ ?'

ਫੁੱਲਰਾਂ ਜੇਰਾ ਕੀਤਾ, ਉਸ ਅੱਗੇ ਆਕੇ ਔਰਤ ਨੂੰ ਆਪਣੇ ਗਲ ਨਾਲ ਲਾਉਂਦਿਆਂ ਕਿਹਾ—'ਆ ਨੂਰਾਂ ਭੈਣੇ, ਹੁਣ ਤਾਂ ਆਪਾਂ ਦੋਵੇਂ ਸਿਰੋਂ ਨੰਗੀਆਂ ਵਾਂ।' ਫਿਰ ਉਸਨੇ ਕੁੜੀਆਂ ਨੂੰ ਦੱਸਿਆ—'ਇਹ ਵੀ ਧਾਅਡੀ ਮਾਂ ਏ।'

ਬਾਹਰ ਭੀੜ ਵਿਚੋਂ ਅੱਡੀਆਂ ਚੁੱਕ ਚੁੱਕ ਵੇਖਦਾ ਫੱਤੂ ਮਰਾਸੀ ਭਰੀਆਂ ਅੱਖਾਂ ਲਈ ਲੱਧੀ ਦੇ ਸਾਹਮਣੇ ਆਉਣ ਦਾ ਸਾਹਸ ਨਹੀਂ ਸੀ ਜੁਟਾ ਪਾ ਰਿਹਾ, ਨਹੀਂ ਤਾਂ ਉਹ ਦਸਦਾ, ਪਿਰਥਾ, ਰੂੜਾ, ਸਦੀਕ.....ਅੱਜ ਰਾਤੀਂ ਫੇਰ ਝਿੜੀ 'ਚ ਜੁੜਨਗੇ।..........

ਬਾਹਰ ਫਿਰਦੇ ਸਾਈਂ ਦੀ ਆਵਾਜ਼ ਅਜੇ ਵੀ ਹਵੇਲੀ ਦੇ ਵਿਹੜੇ ਤੱਕ ਸੁਣਦੀ ਸੀ।

ਸੁੱਤੀ ਹੈ ਤਾਂ ਜਾਗ,<br>
ਤੇਰੇ ਸ਼ਹੁ ਆਵਣ ਦੀ ਵੇਰਾ,<br>
ਸੁੱਤੀ ਹੈ ਤਾਂ ਜਾਗ।

—o—